# ਸਿਖਿਆ ਵਿਗਿਆਨ

ਲੇਖਕ :
ਲਾਲਜੀ ਰਾਮ ਸ਼ੁਕਲ
ਐਮ. ਏ., ਬੀ. ਟੀ.
ਮਨੋਵਿਗਿਆਨ ਅਧਿਆਪਕ, ਟੀਚਰਜ਼ ਟਰੇਨਿੰਗ ਕਾਲੇਜ
ਕਾਸ਼ੀ ਵਿਸ਼ਵਵਿਦਿਆਲਾ

ਪ੍ਰਕਾਸ਼ਕ
ਲਾਹੌਰ ਬੁਕ ਸ਼ਾਪ ਘੰਟਾ ਘਰ, ਲੁਧਿਆਣਾ

# ਵਿਸ਼ੈ ਸੂਚੀ

## ਪਹਿਲਾ ਪਰਕਰਨ

### ਵਿਸ਼ੇ ਪ੍ਰਵੇਸ਼

(੧—੩੩)

ਸਿਖਿਆ ਵਿਗਿਆਨ ਕੀ ਹੈ?—ਸਿਖਿਆ ਵਿਗਿਆਨ ਦੀ ਮਹੱਤਾ—ਸਿਖਿਆ ਵਿਗਿਆਨ ਦੀ ਵਿਸ਼ੇਸ਼ਤਾ—ਸਿਖਿਆ ਵਿਗਿਆਨ ਅਤੇ ਹੋਰ ਵਿਦਿਆਵਾਂ—ਵਿਸ਼ਾ ਵਿਸਥਾਰ—ਸਿਖਿਆ ਦੀ ਵਿਆਖਿਆ—ਸੰਗਤ ਤੇ ਨਿਯਮ ਬੱਧ ਸਿਖਿਆ—ਸਿਖਿਆ ਦਾ ਵਿਆਪਕ ਅਤੇ ਸਾਧਾਰਨ ਅਰਥ—ਸਿਖਿਆ ਦੀ ਲੋੜ—ਸਿਖਿਆ ਦੇ ਸਾਧਨ—ਬੱਚੇ ਦੀ ਕੁਦਰਤੀ ਸਿਖਿਆ—ਸਮਾਜਿਕ ਸਿਖਿਆ—ਸਹਿਜ ਸਿਖਿਆ ਦੇ ਸਾਧਨ—ਨਿਯਮ ਬੱਧ (ਵਿਧਾਨਿਕ) ਸਿਖਿਆ—ਸਿਖਿਆ ਦੇਣ ਵਾਲੇ ਅਤੇ ਲੈਣ ਵਾਲੇ ਦਾ ਸਬੰਧ—ਸਿਖਿਆ ਦੇਣ ਵਾਲੇ ਵਾਸਤੇ ਸਤਿਕਾਰ ਦੇ ਘਾਟੇ ਦੇ ਕਾਰਨ—ਸਿਖਿਆ ਅਤੇ ਕੌਮ ਉਸਾਰੀ।

## ਦੂਸਰਾ ਪਰਕਰਨ

### ਸਿਖਿਆ ਦਾ ਉਦੇਸ਼

(੩੪—੬੦)

ਹਾਲਾਤ ਅਨੁਸਾਰ ਢਾਲ ਲੈਣ ਦੇ ਗੁਣ ਦੀ ਪਰਾਪਤੀ—ਸੰਪੂਰਨ ਜੀਵਨ—ਆਚਰਣ ਉਸਾਰੀ—ਵਿਸ਼ੇਸ਼ ਸ਼ਖਸ਼ੀਅਤ ਦੀ ਉਸਾਰੀ—ਸਾਮਵਾਦ ਦਾ ਸਿਧਾਂਤ—ਸਿਖਿਆ ਵਿਚ ਵਿਕਾਸ ਵਾਦ—ਆਤਮ-ਪਛਾਣ (ਸ਼ਖਿਆਤ—ਕਾਰ) ਦਾ ਸਿਧਾਂਤ

## ਤੀਸਰਾ ਪਰਕਰਨ

### ਪਾਠ—ਕਰਮ

(੬੯—੯੩)

ਦੇਸ਼ ਕਾਲ ਅਨੁਸਾਰ ਪਾਠ-ਵਿਸ਼ਿਆਂ ਦਾ ਫਰਕ—ਪਾਠ ਵਿਸ਼ੇ ਦੀ ਚੋਣ ਸਬੰਧੀ ਪਰਚਲਤ ਸਿਧਾਂਤ—ਮਾਨਸਿਕ ਸ਼ਕਤੀਆਂ ਦੀ ਟ੍ਰੇਨਿੰਗ—ਜੀਵਨ ਵਿਚ ਕੰਮ ਆਉਣ ਵਾਲੀ ਸਿਖਿਆ—ਆਦਰਸ਼ ਵਾਦੀ-ਸਿਖਿਆ—ਰੇਮੰਟ ਅਨੁਸਾਰ ਪਾਠ-ਕਰਮ ਦੀ ਚੋਣ ਦੇ ਨਿਯਮ

## ਚੌਥਾ ਪਰਕਰਨ

### ਸਿੱਖਿਆ ਵਿਚ ਰੁਚਕ

(੮੪—੧੦੬)

[illegible]

## ਪੰਜਵਾਂ ਪਰਕਰਨ

### ਸਿਖਾਈ ਵਿਧੀ ਦੇ ਮੌਲਿਕ ਸਿਧਾਂਤ

(੧੦੭—੧੨੦)

[illegible]

## ਛੇਵਾਂ ਪਰਕਰਨ

### ਸਾਂਝਾ ਪਰਬੰਧ

(੧੨੧—੧੨੬)

[illegible]

## ਸਤਵਾਂ ਪਰਕਰਨ

### ਪਾਠ ਸਿਖਾਈ-ਵਿਧੀ

(੧੨੭—੧੩੩)

[illegible]

## ਅਠਵਾਂ ਪਰਕਰਨ

### ਪੜ੍ਹਾਈ ਕਰਾਉਣ ਦੇ ਸਾਧਨ

(੧੩੪—੧੫੩)

[illegible]

ਪਰਖ–ਪਰਦਰਸ਼ਨ ਸਮੱਗਰੀ–ਬਲਕ ਬੋਰਡ–ਨੋਟ ਬੁਕ–ਪਾਠ ਪੁਸਤਕ–ਵਾਰਤਾਲਾਪ ਅਤੇ ਐਕਟਿੰਗ–ਪੜ੍ਹਾਈ ਕਰਾਉਣ ਦੇ ਹੋਰ ਸਾਧਨ।

## ਨੌਵਾਂ ਪਰਕਰਨ

### ਸਿਖਿਆ ਵਿਚ ਨਵੀਂ ਦਰਿਸ਼ਟੀ

(੧੬੪–੧੭੫)

ਬੱਚਾ ਸਿਖਿਆ ਦੀ ਇਕਾਈ–ਯੋਗਤਾ ਅਨੁਸਾਰ ਸਿਖਿਆ–ਸਮੁੱਚੇ ਬੱਚੇ ਦੀ ਸਿਖਿਆ ਵਿਚ ਨਿਜੀ ਸਹਾਰਾ–ਮਿਲ ਕੇ ਕੰਮ ਕਰਨਾ–ਰਚਨਾਤਮਕ ਕੰਮਾਂ ਵਿਚ ਵਾਧਾ–ਸਿਖਿਆ ਵਿਚ ਘਰ ਅਤੇ ਸਮਾਜ ਦਾ ਵਾਤਾਵਰਨ–ਦਿਮਾਗੀ ਅਤੇ ਹਥ ਦੇ ਕੰਮ ਦਾ ਸਹਿਯੋਗ–ਸਿਖਿਆ ਵਿਚ ਸੁਤੰਤਰ ਜ਼ਬਤ–ਬਰਾਬਰੀ ਦੇ ਭਾਵ ਦਾ ਵਿਕਾਸ।

## ਦਸਵਾਂ ਪਰਕਰਨ

### ਨਵੇਂ ਸਿਖਿਆ ਢੰਗ

(੧੭੬––੨੦੨)

ਕਿੰਡਰ ਗਾਰਟਨ ਸਿਖਿਆ ਢੰਗ–ਮਾਂਟਸੋਰੀ ਸਿਖਿਆ ਢੰਗ ਦੇ ਮੌਲਿਕ ਸਿਧਾਂਤ–ਪ੍ਰਾਜੈਕਟ ਸਿਖਿਆ ਪਧਤੀ–ਡਾਲਟਨ ਸਿਖਿਆ ਪੱਧਤੀ।

## ਗਿਆਰ੍ਹਵਾਂ ਪਰਕਰਨ

### ਬੇਸਿਕ ਸਿਖਿਆ ਪ੍ਰਣਾਲੀ

(੨੦੩––੨੧੮)

ਬੇਸਿਕ ਸਿਖਿਆ ਪਰਣਾਲੀ ਦਾ ਅਰੰਭ–ਬੇਸਿਕ ਸਿਖਿਆ ਸਿਧਾਂਤ–ਬੇਸਿਕ ਸਿਖਿਆ ਪਰਣਾਲੀ ਦੇ ਦੋਸ਼।

## ਬਾਰ੍ਹਵਾਂ ਪਰਕਰਨ

### ਸਿਖਿਆ ਵਿਚ ਪਰੀਖਿਆ

(੨੧੩––੨੨੭)

ਪਰੀਖਿਆਵਾਂ ਦੀ ਲੋੜ–ਵਰਤਮਾਨ ਪਰੀਖਿਆਵਾਂ ਦੇ ਦੋਸ਼–ਬੁਧੀ ਮਾਪਕ ਪਰੀਖਿਆਵਾਂ ਦੇ ਦੋਸ਼–ਬੁੱਧੀ ਮਾਪਕ ਪਰੀਖਿਆਵਾਂ ਦੀ ਵਿਸ਼ੇਸ਼ਤਾਈ–ਉਸਤਾਦ ਦੀ ਰਾਏ ਦੀ ਮਹੱਤਾ–ਬੁੱਧੀ ਮਾਪਕ ਪ੍ਰੀਖਿਆਵਾਂ ਦੀ ਠੀਕ ਵਰਤੋਂ।

## ਚੌਥਾ ਪਰਕਰਨ

### ਸਿਖਿਆ ਵਿਚ ਜ਼ਬਤ

(੮੪—੧੦੬)

ਜ਼ਬਤ ਦਾ ਸਿਖਿਆ ਵਿਚ ਸਥਾਨ–ਸੁਭਾਵਕ ਜ਼ਬਤ–ਸਮਾਜਿਕ ਜ਼ਬਤ–ਜ਼ਬਤ ਦੇ ਉਪਾ–ਦੰਡ ਦੀ ਵਿਆਖਿਆ–ਦੰਡ ਬਾਰੇ ਹਰਬਰਟ ਸਪੇਂਸਰ ਦੇ ਵਿਚਾਰ–ਜ਼ਬਤ ਸੰਬੰਧੀ ਆਧੁਨਿਕ ਵਿਚਾਰ ।

## ਪੰਜਵਾਂ ਪਰਕਰਨ

### ਸਿਖਾਈ ਵਿਧੀ ਦੇ ਮੌਲਿਕ ਸਿਧਾਂਤ

(੧੦੭—੧੨੦)

ਵਿਧੀ–ਪੂਰਬਕ ਸਿਖਾਈ ਦਾ ਸਰੂਪ–ਸੁਯੋਗ ਸਿਖਿਆ ਵਿਧੀ ਦੇ ਨਿਯਮ–ਪੜ੍ਹਾਉਣਾ ਅਤੇ ਸੁਤੰਤਰ ਖੋਜ ।

## ਛੇਵਾਂ ਪਰਕਚਨ

### ਸਾਂਝਾ ਪਰਬੰਧ

(੧੨੧—੧੨੬)

ਪਾਠ-ਵਿਸ਼ਿਆਂ ਵਿਚ ਪਰਬੰਦ ਕਾਇਮ ਕਰਨ ਦੀ ਲੋੜ–ਸਾਂਝੇ ਕੰਮ ਦੀਆਂ ਕਿਸਮਾਂ–ਪਾਠ-ਵਿਸ਼ਿਆਂ ਦਾ ਸਾਂਝਾ ਸਬੰਧ ਅਤੇ ਕੇਂਦਰੀ ਕਰਨ ।

## ਸਤਵਾਂ ਪਰਕਰਨ

### ਪਾਠ ਸਿਖਾਈ-ਵਿਧੀ

(੧੨੭—੧੩੪)

ਸਿਖਾਈ ਇਕ ਕਲਾ–ਪਾਠ ਦੀ ਤਿਆਰੀ–ਪਾਠ ਦੀ ਸਿਖਾਈ–ਪਾਠ-ਸਿਖਾਈ ਵਿਧੀ ਦੀ ਠੀਕ ਵਰਤੋਂ ।

## ਅਠਵਾਂ ਪਰਕਰਨ

### ਪੜ੍ਹਾਈ ਕਰਾਉਣ ਦੇ ਸਾਧਨ

(੧੩੫—੧੬੩)

ਸਾਧਨਾਂ ਨੂੰ ਜਾਨਣ ਦੀ ਲੋੜ–ਸਾਧਨਾਂ ਦੀਆਂ ਕਿਸਮਾਂ–ਪ੍ਰਸ਼ਨ–ਵਿਆਖਿਆ–ਉੱਤਰਾਂ ਦੀ

ਪਰਖ-ਪਰਦਰਸ਼ਨ ਸਮੱਗਰੀ-ਬਲਕ ਬੋਰਡ-ਨੋਟ ਬੁਕ-ਪਾਠ ਪੁਸਤਕ-ਵਾਰਤਾਲਾਪ ਅਤੇ ਐਕਟਿੰਗ-ਪੜ੍ਹਾਈ ਕਰਾਉਣ ਦੇ ਹੋਰ ਸਾਧਨ ।

## ਨੌਵਾਂ ਪਰਕਰਨ

### ਸਿਖਿਆ ਵਿਚ ਨਵੀਂ ਦਰਿਸ਼ਟੀ

(੧੬੪-੧੭੫)

ਬੱਚਾ ਸਿਖਿਆ ਦੀ ਇਕਾਈ-ਯੋਗਤਾ ਅਨੁਸਾਰ ਸਿਖਿਆ-ਸਮੁੱਚੇ ਬੱਚੇ ਦੀ ਸਿਖਿਆ ਵਿਚ ਨਿਜੀ ਸਹਾਰਾ-ਮਿਲ ਕੇ ਕੰਮ ਕਰਨਾ-ਰਚਨਾਤਮਕ ਕੰਮਾਂ ਵਿਚ ਵਾਧਾ-ਸਿਖਿਆ ਵਿਚ ਘਰ ਅਤੇ ਸਮਾਜ ਦਾ ਵਾਤਾਵਰਨ-ਦਿਮਾਗੀ ਅਤੇ ਹਥ ਦੇ ਕੰਮ ਦਾ ਸਹਿਯੋਗ-ਸਿਖਿਆ ਵਿਚ ਸੁਤੰਤਰ ਜ਼ਬਤ-ਬਰਾਬਰੀ ਦੇ ਭਾਵ ਦਾ ਵਿਕਾਸ ।

## ਦਸਵਾਂ ਪਰਕਰਨ

### ਨਵੇਂ ਸਿਖਿਆ ਢੰਗ

(੧੭੬--੨੦੨)

ਕਿੰਡਰ ਗਾਰਟਨ ਸਿਖਿਆ ਢੰਗ-ਮਾਂਟਸੋਰੀ ਸਿਖਿਆ ਢੰਗ ਦੇ ਮੌਲਿਕ ਸਿਧਾਂਤ-ਪ੍ਰਾਜੈਕਟ ਸਿਖਿਆ ਪਧਤੀ-ਡਾਲਟਨ ਸਿਖਿਆ ਪੱਧਤੀ ।

## ਗਿਆਰ੍ਹਵਾਂ ਪਰਕਰਨ

### ਬੇਸਿਕ ਸਿਖਿਆ ਪ੍ਰਣਾਲੀ

(੨੦੩---੨੧੨)

ਬੇਸਿਕ ਸਿਖਿਆ ਪਰਣਾਲੀ ਦਾ ਅਰੰਭ-ਬੇਸਿਕ ਸਿਖਿਆ ਸਿਧਾਂਤ-ਬੇਸਿਕ ਸਿਖਿਆ ਪਰਣਾਲੀ ਦੇ ਦੋਸ਼ ।

## ਬਾਰ੍ਹਵਾਂ ਪਰਕਰਨ

### ਸਿਖਿਆ ਵਿਚ ਪਰੀਖਿਆ

(੨੧੩--੨੨੭)

ਪਰੀਖਿਆਵਾਂ ਦੀ ਲੋੜ-ਵਰਤਮਾਨ ਪਰੀਖਿਆਵਾਂ ਦੇ ਦੋਸ਼-ਬੁਧੀ ਮਾਪਕ ਪਰੀਖਿਆਵਾਂ ਦੇ ਦੋਸ਼-ਬੁੱਧੀ ਮਾਪਕ ਪਰੀਖਿਆਵਾਂ ਦੀ ਵਿਸ਼ੇਸ਼ਤਾਈ-ਉਸਤਾਦ ਦੀ ਰਾਏ ਦੀ ਮਹੱਤਾ-ਬੁੱਧੀ ਮਾਪਕ ਪਰੀਖਿਆਵਾਂ ਦੀ ਠੀਕ ਵਰਤੋਂ ।

## ਅੰਤਕਾ

( ੨੨੧–੨੩੪ )

(ੳ) ਪੰਜਾਬੀ ਪਾਠ-ਸੂਤਰ–(ਅ) ਇਤਿਹਾਸ ਦਾ ਪਾਠ-ਸੂਤਰ–(ੲ) ਰੇਖਾ-ਗਣਿਤ ਦਾ ਪਾਠ-ਸੂਤਰ ।

## ਸ਼ਬਦਾਵਲੀ

( ੨੩੫–੨੩੭ )

★

# ਸਿਖਿਆ ਵਿਗਿਆਨ

## ਪਹਿਲਾ ਪਰਕਰਨ

### ਵਿਸ਼ੈ ਪਰਵੇਸ਼

### ਸਿਖਿਆ ਵਿਗਿਆਨ ਕੀ ਹੈ ?

ਸਿਖਿਆ ਵਿਗਿਆਨ ਆਧੁਨਿਕ ਸਮੇਂ ਦਾ ਬੜੀ ਮਹੱਤਾ ਵਾਲਾ, ਅਧਿਅਨ ਕਰਨ ਯੋਗ ਵਿਸ਼ਾ ਹੈ। ਇਸ ਵਿਸ਼ੇ ਦੀ ਸਾਧਾਰਨ ਜਾਣਕਾਰੀ ਹਰ ਇਕ ਵਿਅਕਤੀ ਲਈ ਜ਼ਰੂਰੀ ਹੈ। ਸਮਾਜ ਦੀ ਉੱਨਤੀ ਦਾ ਆਧਾਰ 'ਸਿਖਿਆ' ਹੈ। ਹਰ ਵਿਅਕਤੀ ਸਦਾ ਆਪਣੇ ਤੋਂ ਘਟ ਯੋਗ ਸਾਥੀਆਂ ਨੂੰ ਸਿਖਿਆ ਦੇਣ ਦਾ ਕੰਮ ਕਰਦਾ ਰਹਿੰਦਾ ਹੈ। ਹਰ ਮਾਤਾ ਪਿਤਾ ਨੂੰ ਆਪਣੇ ਬਚਿਆਂ ਨੂੰ ਸਿਖਿਆ ਦੇਣੀ ਪੈਂਦੀ ਹੈ। ਸਕੂਲਾਂ ਵਿਚ ਭੇਜਣ ਤੋਂ ਪਹਿਲਾਂ ਮਾਤਾ ਪਿਤਾ ਹੀ ਬਚਿਆਂ ਦੀ ਸਿਖਾਈ ਦਾ ਕੰਮ ਕਰਦ ਹਨ। ਜਦੋਂ ਬੱਚੇ ਸਕੂਲ ਜਾਣ ਲਗ ਪੈਂਦੇ ਹਨ ਤਦ ਵੀ ਮਾਤਾ ਪਿਤਾ ਨੂੰ, ਘਰ ਵਿੱਚ, ਉਨ੍ਹਾਂ ਦੀ ਸਿਖਿਆ ਦਾ ਕੰਮ ਜਾਰੀ ਰਖਣਾ ਪੈਂਦਾ ਹੈ। ਮਾਤਾ ਪਿਤਾ ਦੀ ਸਹਾਇਤਾ ਬਿਨਾਂ ਬਚਿਆਂ ਦੀ ਸਕੂਲ ਦੀ ਸਿਖਾਈ ਅਧੂਰੀ ਹੀ ਰਹਿ ਜਾਂਦੀ ਹੈ।

ਅਸੀਂ ਆਪਣੇ ਸਾਥੀਆਂ ਨੂੰ ਵੀ ਆਪਣੇ ਵਿਚਾਰਾਂ ਅਤੇ ਵਰਤੋਂ ਵਿਹਾਰ ਰਾਹੀਂ ਸਿਖਿਆ ਦੇਂਦੇ ਰਹਿੰਦੇ ਹਾਂ। ਹਰ ਵਿਅਕਤੀ ਵਿਚ ਆਪਣੇ ਤੋਂ ਘਟ ਜਾਨਣ ਵਾਲੀਆਂ ਵਿਅਕਤੀਆਂ ਨੂੰ ਸਿਖਿਆ ਦੇਣ ਦੀ ਯੋਗਤਾ ਹੁੰਦੀ ਹੈ। ਇਸ ਕੰਮ ਨੂੰ ਹਰ ਵਿਅਕਤੀ ਸੌਖਾ ਹੀ ਕਰ ਲੈਂਦਾ ਹੈ। ਬੱਚੇ ਵੀ ਆਪਸ ਵਿਚ ਇਕ ਦੂਜੇ ਨੂੰ ਸਿਖਿਆ ਦਿੰਦੇ ਰਹਿੰਦੇ ਹਨ। ਉਹ ਕਦੇ ਕਦੇ ਆਪਣੇ ਸਾਥੀਆਂ ਨੂੰ ਸਿਖਿਆ ਦੇਣ ਵਿਚ ਇੰਨੀ ਯੋਗਤਾ ਵਿਖਾਉਂਦੇ ਹਨ ਜਿੰਨੀ ਕਿ ਬਹੁਤੇ ਬਾਲਗ ਲੋਕਾਂ ਵਿਚ ਵੀ ਨਹੀਂ ਵੇਖੀ ਜਾਂਦੀ।

ਸਮਾਜ ਵਿਚ ਕੁਝ ਲੋਕਾਂ ਸਿਖਿਆ ਨੂੰ ਆਪਣਾ ਵਿਹਾਰ ਵੀ ਬਣਾਇਆ ਹੋਇਆ ਹੈ। ਸਿਖਿਆ ਦੇਣ ਵਾਲੇ, ਉਸਤਾਦ, ਸਮਾਜ ਦਾ ਇਕ ਜ਼ਰੂਰੀ ਅੰਗ ਹਨ, ਅਤੇ ਉਨ੍ਹਾਂ ਦਾ ਇਹ ਕੰਮ ਬੜੀ ਮਹੱਤਾ ਵਾਲਾ ਹੈ। ਉਨ੍ਹਾਂ ਦੇ ਯਤਨਾਂ ਬਿਨਾਂ ਸਮਾਜ ਥੋੜੇ ਹੀ ਸਮੇਂ ਵਿਚ ਜੰਗਲੀ ਅਵਸਥਾ ਨੂੰ ਪਹੁੰਚ ਜਾਵੇ। ਉਸਤਾਦਾਂ ਸਦਕਾ ਹੀ ਮਨੁਖ ਸਮਾਜ ਵਿਚ ਮਨੁਖਤਾ ਦੀ ਪਦਵੀ ਲੈ ਰਿਹਾ ਹੈ।

ਸਿਖਿਆ ਵਿਗਿਆਨ ਦਾ ਮਨੋਰਥ ਸਿਖਿਆ ਦੇ ਕੰਮਾਂ ਨੂੰ ਸਰਲ ਅਤੇ ਉੱਤਮ ਬਣਾਉਣਾ ਹੈ। ਕੰਮ ਕਰਨ ਨਾਲ ਆਉਂਦਾ ਹੈ, ਗੱਲਾਂ ਕਰਨ ਨਾਲ ਨਹੀਂ ਆਉਂਦਾ। ਇਹ ਕਹਾਵਤ ਸੱਚੀ ਹੈ ਕਿ ਕੰਮ ਹੀ ਕੰਮ ਸਿਖਾਉਂਦਾ ਹੈ; ਪਰ ਇਹ ਵੀ ਤਜਰਬੇ ਵਿਚ ਆਈ

ਗਲ ਹੈ ਕਿ ਜੇ ਕੰਮ ਕਰਨ ਦਾ ਢੰਗ ਪਹਿਲਾਂ ਜਾਣ ਲਿਆ ਜਾਵੇ ਤਾਂ ਕੰਮ ਚੰਗੀ ਤਰ੍ਹਾਂ ਕੀਤਾ ਜਾ ਸਕਦਾ ਹੈ। ਸਿਆਣੇ ਕਹਿੰਦੇ ਹਨ "ਛਾਲ ਮਾਰਨ ਤੋਂ ਪਹਿਲਾਂ ਥਾਂ ਵਲ ਝਾਤ ਮਾਰ ਲੋ, ਇਹ ਕਹਾਵਤ ਸਾਨੂੰ ਕੰਮ ਕਰਨ ਤੋਂ ਪਹਿਲਾਂ ਉਸ ਕੰਮ ਦੇ ਕਰਨ ਦੀ ਵਿਧੀ ਜਾਣ ਲੈਣ ਦੀ ਲੋੜ ਦਸਦੀ ਹੈ। ਸਿਖਿਆ ਵਿਗਿਆਨ ਸਿਖਿਆ ਦਾ ਕੰਮ ਕਰਨ ਵਾਲਿਆਂ ਅਤੇ ਸਿਖਿਆ ਦੇ ਕੰਮ ਵਿਚ ਰੁਚੀ ਰਖਣ ਵਾਲੀਆਂ ਵਿਅਕਤੀਆਂ ਨੂੰ ਇਸ ਕੰਮ ਨੂੰ ਸੁਹਣੀ ਤਰ੍ਹਾਂ ਕਰਨ ਦਾ ਢੰਗ ਦਸਦਾ ਹੈ। ਜਿਸ ਤਰ੍ਹਾਂ ਅਧੁਨਿਕ ਮਲਾਹ ਲਈ ਜਹਾਜ਼ ਚਲਾਉਣ ਦੀ ਵਿਦਿਆ (ਸਾਇੰਸ ਆਫ ਨੇਵੀਗੇਸ਼ਨ) ਦੀ ਲੋੜ ਹੁੰਦੀ ਹੈ ਅਤੇ ਫੌਜ ਦੇ ਸਰਦਾਰ ਨੂੰ ਫੌਜੀ ਕਾਰਰਵਾਈਆਂ ਦੀ ਵਿਦਿਆ ਸਿਖਣ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਸਿਖਿਆ ਦੇਣ ਵਾਲੇ ਨੂੰ ਵੀ ਆਪਣੇ ਕੰਮ ਨੂੰ ਹੁਸ਼ਿਆਰੀ ਨਾਲ ਕਰਨ ਲਈ ਸਿਖਿਆ ਵਿਗਿਆਨ ਦੀ ਸਮਝ ਹੋਣੀ ਚਾਹੀਦੀ ਹੈ।

## ਸਿਖਿਆ ਵਿਗਿਆਨ ਦੀ ਮਹੱਤਾ

ਸਿਖਿਆ ਵਿਗਿਆਨ ਦਾ ਅਧਿਅਨ ਸਿਖਿਆ ਦੇਣ ਵਾਲੇ ਨੂੰ ਆਪਣੇ ਕੰਮ ਵਿਚ ਸਿਆਣਾ ਬਣਾਉਂਦਾ ਹੈ। ਸਾਡੇ ਦੇਸ਼ ਵਿਚ ਸਿਖਿਆ ਦੇਣ ਵਾਲੇ ਆਮ ਕਰ ਕੇ ਆਪਣੇ ਕੰਮ ਲਈ ਸਿਖਿਆ ਵਿਗਿਆਨ ਦੀ ਕੋਈ ਲੋੜ ਹੀ ਨਹੀਂ ਸਮਝਦੇ। ਉਹ ਟ੍ਰੇਨਿੰਗ ਕਾਲਜ ਜਾਂ ਸਕੂਲ ਵਿਚ ਬਤੀਤ ਕੀਤਾ ਸਮਾਂ ਵਿਅਰਥ ਗਿਆ ਸਮਝਦੇ ਸਨ। ਸਿਖਿਆ ਦੇ ਕੰਮ ਵਿਚ ਟਰੇਨਿੰਗ ਲੈਣਾ, ਸਿਖਿਆ ਵਿਗਿਆਨ ਅਤੇ ਇਸ ਨਾਲ ਸਬੰਧ ਰਖਣ ਵਾਲੇ ਹੋਰ ਵਿਸ਼ਿਆਂ ਦਾ ਅਧਿਅਨ ਕਰਨਾ, ਉਹ ਨਿਰਾ ਭਾਰ ਸਮਝਦੇ ਹਨ। ਅਜਿਹੇ ਸਿਖਿਆ ਦੇਣ ਵਾਲੇ ਟ੍ਰੇਨਿੰਗ ਸਕੂਲਾਂ ਜਾਂ ਕਾਲਜਾਂ ਵਿਚ ਰਹਿ ਕੇ ਕੋਈ ਖਾਸ ਲਾਭ ਨਹੀਂ ਉਠਾਉਂਦੇ। ਇਸ ਦਾ ਵੱਡਾ ਕਾਰਨ ਉਨ੍ਹਾਂ ਦੀ ਦਰਿਸ਼ਟੀ ਅਤੇ ਮਨ ਬਿਰਤੀ ਹੀ ਹੈ। ਉਹ ਸਮਝਦੇ ਹਨ ਕਿ ਸਿਖਿਆ ਦੇ ਕੰਮ ਲਈ ਨਾ ਕਿਸੇ ਵਿਗਿਆਨ ਦੀ ਲੋੜ ਹੈ ਨਾ ਟਰੇਨਿੰਗ ਦੀ। ਪਰ ਜੇ ਅਸੀਂ ਹੋਰਨਾਂ ਦੇਸਾਂ ਵਲ ਵੇਖੀਏ, ਜ਼ਿਥੇ ਸਿਖਿਆ ਦਾ ਕੰਮ ਮਨ ਲਾ ਕੇ ਕੀਤਾ ਜਾਂਦਾ ਹੈ ਅਤੇ ਜਿਥੇ ਸਿਖਿਆ ਕਰਕੇ ਹੀ ਰਾਸ਼ਟਰ ਉੱਨਤੀ ਕਰ ਰਹੇ ਹਨ, ਤਾਂ ਅਸੀਂ ਆਪਣੇ ਸਿਖਿਆ ਦੇਣ ਵਾਲਿਆਂ ਦੇ ਵਿਹਾਰ ਨੂੰ ਹੋਰ ਤਰ੍ਹਾਂ ਦਾ ਪਾਵਾਂਗੇ। ਉਹ ਲੋਕ ਸਿਖਿਆਂ ਦੇ ਕੰਮ ਇੰਨਾ ਮਹੱਤਾ ਤੋਂ ਖਾਲੀ ਨਹੀਂ ਸਮਝਦੇ ਕਿ ਕੋਈ ਵੀ ਵਿਅਕਤੀ ਬਿਨਾਂ ਕਿਸੇ ਤਰ੍ਹਾਂ ਦੀ ਟਰੇਨਿੰਗ ਲਏ ਕਰ ਸਕਦਾ ਹੋਵੇ। ਸਿਖਿਆ ਦੇ ਕੰਮ ਨੂੰ ਸੁਚੱਜੇ ਢੰਗ ਨਾਲ ਕਰਨ ਲਈ ਪਰਬੀਨ ਸਿਆਣਿਆਂ ਦੀ ਉਸੇ ਤਰ੍ਹਾਂ ਲੋੜ ਹੈ ਜਿਵੇਂ ਕਿਸੇ ਖਾਸ ਤਰ੍ਹਾਂ ਦੇ ਕਾਰਖਾਨੇ ਨੂੰ ਚਲਾਉਣ ਲਈ ਪਰਬੀਨ ਕਾਰੀਗਰਾਂ ਦੀ ਲੋੜ ਹੁੰਦੀ ਹੈ। ਛੋਟੇ ਬੱਚਿਆਂ ਦੀ ਸਿਖਿਆ ਲਈ ਤਾਂ ਸਿਖਿਆ ਵਿਗਿਆਨ ਦੇ ਅਧਿਅਨ ਦੀ ਅਤਿਅੰਤ ਲੋੜ ਹੈ। ਬੱਚੇ ਕਿੰਨੇ ਛੋਟੇ ਹੋਣ, ਉੱਨੀ ਹੀ ਔਖੀ ਉਨ੍ਹਾਂ ਦੀ ਸਿਖਲਾਈ ਹੁੰਦੀ ਹੈ। ਕਿੰਨੇ ਹੀ ਸਿਖਿਆ ਦੇਣ ਵਾਲੇ, ਸਿਖਿਆ ਵਿਗਿਆਨ ਦੀ ਸਮਝ ਨਾ ਹੋਣ ਕਰਕੇ, ਦਿਲੋਂ ਵਿਦਿਆਰਥੀਆਂ ਦਾ ਭਲਾ ਲੋਚਦੇ ਹੋਏ ਵੀ ਉਨ੍ਹਾਂ ਦਾ ਅਨਰਥ ਕਰ ਦੇਂਦੇ ਹਨ।

ਅਧੁਨਿਕ ਕਾਲ ਵਿਚ ਬੱਚੇ ਦੇ ਮਨ ਦਾ ਖਾਸ ਤਰ੍ਹਾਂ ਨਾਲ ਅਧਿਅਨ ਕੀਤਾ ਗਿਆ ਹੈ। ਬਚਿਆਂ ਦੀਆਂ ਰੁਚੀਆਂ ਅਤੇ ਯੋਗਤਾਵਾਂ ਨੂੰ ਸਮਝਣਾ ਸੋਖਾ ਕੰਮ ਨਹੀਂ ਹੈ। ਸਿਖਿਆ ਦੇਣ ਵਾਲਾ ਬਚਿਆਂ ਦੀਆਂ ਯੋਗਤਾਵਾਂ ਨੂੰ ਚੰਗੇ ਕੰਮਾਂ ਵਿਚ ਲਾ ਕੇ ਉਨ੍ਹਾਂ ਦਾ

ਵਾਧਾ ਕਰਨਾ ਲੋੜਦਾ ਹੈ ਅਤੇ ਉਨ੍ਹਾਂ ਦੀਆਂ ਰੁਚੀਆਂ ਨੂੰ ਇਸ ਤਰ੍ਹਾਂ ਮੋੜਦਾ ਹੈ ਜਿਸ ਨਾਲ ਉਨ੍ਹਾਂ ਦੀ ਸ਼ਖਸੀਅਤ ਦਾ ਵਿਕਾਸ਼ ਹੋਵੇ।

ਜਿਵੇਂ ਜਿਵੇਂ ਬਾਲ ਮਨੋ-ਵਿਗਿਆਨ ਦੀਆਂ ਖੋਜਾਂ ਰਾਹੀਂ ਬੱਚੇ ਦੇ ਮਾਨਸਿਕ ਕੰਮਾਂ ਬਾਰੇ ਸਾਡਾ ਗਿਆਨ ਵਧਦਾ ਜਾਂਦਾ ਹੈ, ਉਸੇ ਤਰ੍ਹਾਂ ਹੀ ਉਸਦੇ ਸਿਖਿਆ-ਢੰਗ ਵਿਚ ਤਬਦੀਲੀ ਆਉਂਦੀ ਜਾਂਦੀ ਹੈ। ਬੱਚਿਆਂ ਦੀ ਸਿਖਿਆ ਦਾ ਢੰਗ ਉਹ ਨਹੀਂ ਜਿਹੜਾ ਦੋ ਸਦੀਆਂ ਪਹਿਲਾਂ ਸੀ। ਜਿਹੜਾ ਸਿਖਿਆ ਦੇਣ ਵਾਲਾ ਪੁਰਾਣੇ ਢੰਗ ਨੂੰ ਬਚਿਆਂ ਦੇ ਪਾਠ ਯਾਦ ਕਰਾਉਣ ਲਈ ਵਰਤੋਂ ਵਿਚ ਲਿਆਉਂਦਾ ਹੈ ਉਹ ਮਨੋ-ਵਿਗਿਆਨ ਦੀਆਂ ਅਧੁਨਿਕ ਖੋਜਾਂ ਤੋਂ ਲਾਭ ਨਹੀਂ ਉਠਾਉਂਦਾ।

ਸਿਖਿਆ ਵਿਗਿਆਨ ਮਨੋ-ਵਿਗਿਆਨ ਦੀਆਂ ਨਵੀਆਂ ਖੋਜਾਂ ਨੂੰ ਧਿਆਨ ਵਿਚ ਰਖਕੇ ਸਿਖਿਆ ਦੇ ਕੰਮਾਂ ਵਿਚ ਨਵੇਂ ਨਵੇਂ ਸੁਝਾਓ ਦਿੰਦਾ ਰਹਿੰਦਾ ਹੈ। ਇਸ ਲਈ ਇਸ ਦਾ ਅਧਿਅਨ ਹਰ ਸਿਖਿਆ ਦੇਣ ਵਾਲੇ ਲਈ ਬੜਾ ਲੋੜੀਦਾ ਹੈ। ਬੱਚਿਆਂ ਨੂੰ ਉਨ੍ਹਾਂ ਦੀ ਹਾਲਤਾਂ ਅਨੁਸਾਰ ਕਿਹੜੇ ਕਿਹੜੇ ਵਿਸ਼ੇ ਪੜ੍ਹਾਏ ਜਾਣੇ ਚਾਹੀਦੇ ਹਨ, ਕਿਸ ਤਰਤੀਬ ਨਾਲ ਪੜ੍ਹਾਏ ਜਾਣੇ ਚਾਹੀਦੇ ਹਨ, ਅਤੇ ਕਿਹੜੇ ਢੰਗ ਵਰਤੋਂ ਵਿਚ ਲਿਆਉਣੇ ਚਾਹੀਦੇ ਹਨ, ਉਨ੍ਹਾਂ 'ਉਤੇ ਕਾਬੂ (ਕੰਟਰੋਲ) ਕਿਵੇਂ ਰੱਖਿਆ ਜਾ ਸਕਦਾ ਹੈ, ਕਿਸ ਤਰ੍ਹਾਂ ਦਾ ਕਾਬੂ ਉਨ੍ਹਾਂ ਲਈ ਲਾਭਦਾਇਕ ਹੋ ਸਕਦਾ ਹੈ ਆਦਿ ਵਿਸ਼ਿਆਂ ਦਾ ਗਿਆਨ ਸਿਖਿਆ-ਵਿਗਿਆਨ ਦੇ ਅਧਿਆਨ ਬਿਨਾਂ ਨਹੀਂ ਹੋ ਸਕਦਾ।

## ਸਿਖਿਆ-ਵਿਗਿਆਨ ਦੀ ਵਿਸ਼ੇਸ਼ਤਾ

ਸਿਖਿਆ-ਵਿਗਿਆਨ ਇਕ ਵਰਤੋਂ ਵਿਚ ਲਿਆਂਦਾ ਜਾ ਸਕਣ ਵਾਲਾ ਵਿਗਿਆਨ ਹੈ। ਇਸ ਵਿਗਿਆਨ ਦੇ ਅਧਿਅਨ ਦਾ ਮਨੋਰਥ ਸਿਖਿਆ ਦੇ ਕੰਮ ਵਿਚ ਨਿਪੁੰਨਤਾ ਪਰਾਪਤ ਕਰਨਾ ਹੈ। ਸਿਖਿਆ-ਵਿਗਿਆਨ ਨਿਰਾ ਵਿਚਾਰਨ ਵਾਲਾ ਵਿਸ਼ਾ ਨਹੀਂ ਹੈ। ਸਗੋਂ ਇਸ ਦੇ ਅਧਿਅਨ ਦੇ ਸਮੇਂ ਵਿਚ ਹੀ ਇਸਦੀ ਸਦਾ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ। ਇਸ ਦਾ ਅਧਾਰ ਹੀ ਕੰਮ ਹੈ। ਇਹ ਮੁਢ ਤੋਂ ਲੈ ਅੰਤ ਤਕ ਅਮਲ ਵਿਚ ਆਉਂਦਾ ਹੈ। ਜਿਹੜੇ ਵਿਅਕਤੀ ਸਿਖਿਆ ਦੇ ਕੰਮ ਵਿਚ ਲੱਗੇ ਹਨ ਉਹ ਇਸ ਦੇ ਅਧਿਅਨ ਦੀ ਮਹੱਤਾ ਨੂੰ ਉਨ੍ਹਾਂ ਲੋਕਾਂ ਦੇ ਟਾਕਰੇ ਤੇ ਜਿਹੜੇ ਸਿਖਿਆ ਦੇ ਕੰਮਾਂ ਵਿਚ ਨਹੀਂ ਪਏ, ਵਧੇਰੇ ਸਮਝ ਸਕਦੇ ਹਨ। ਬੱਚਿਆਂ ਨੂੰ ਪੜ੍ਹਾਉਂਦਿਆਂ, ਪੜ੍ਹਾਉਣ ਵਾਲਿਆਂ ਅੱਗੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆਉਂਦੀਆਂ ਹਨ, ਉਨ੍ਹਾਂ ਸਮੱਸਿਆਂਵਾਂ ਨੂੰ ਸੁਲਝਾਉਣ ਲਈ ਉਹ ਕਿਸੇ ਪਰਬੀਨ ਦੀ ਸਹਾਇਤਾ ਦੀ ਇੱਛਾ ਰਖਦੇ ਹਨ। ਅਜਿਹੇ ਲੋਕਾਂ ਨੂੰ ਹੀ ਸਿਖਿਆ-ਵਿਗਿਆਨ ਦਾ ਅਧਿਅਨ ਲਾਭਦਾਇਕ ਰਹਿੰਦਾ ਹੈ। ਸਿਖਿਆ-ਵਿਗਿਆਨ ਦਾ ਅਧਿਅਨ ਫਿਲਾਸਫੀ, ਅਰਥ ਵਿਗਿਆਨ, ਰਾਜਨੀਤੀ ਵਿਗਿਆਨ ਵਾਂਗ ਕਿਤਾਬਾਂ ਰਾਹੀਂ ਕਰਨਾ ਵਿਅਰਥ ਹੈ। ਇਸ ਤਰ੍ਹਾਂ ਦੇ ਅਧਿਅਨ ਨਾਲ ਸੁਬਕੀ ਜਾਣਕਾਰੀ ਹੋ ਸਕਦੀ ਹੈ। ਸਿਖਿਆ ਵਿਗਿਆਨ ਦੀ ਅਸਲੀ ਜਾਣਕਾਰੀ ਸਿੱਖਿਆ ਦਾ ਕੰਮ ਕਰਨ ਨਾਲ ਹੀ ਹੁੰਦੀ ਹੈ। ਜਦੋਂ ਤਕ ਸਿਖਿਆ ਵਿਗਿਆਨ ਦੇ ਦੱਸੇ ਕਿਸੇ ਸਿਧਾਂਤ ਨੂੰ ਸਿਖਿਆ ਦੇਣ ਵਾਲਾ ਆਪਣੇ ਸਿਖਿਆ ਦੇ ਕੰਮ ਵਿਚ ਵਰਤੋਂ ਵਿਚ ਨਹੀਂ ਲਿਆਉਂਦਾ, ਉਸਦੀ ਸਚਿਆਈ ਦੀ ਪਰਖ ਨਹੀਂ ਹੁੰਦੀ। ਰਟੇ ਹੋਏ ਸਿਧਾਂਤ ਵਿਅਰਥ ਸਿੱਧ ਹੁੰਦੇ ਹਨ, ਉਹ ਲੋੜ ਪੈਣ ਤੇ ਕੰਮ ਨਹੀਂ ਆਉਂਦੇ।

## ਸਿਖਿਆ ਵਿਗਿਆਨ ਅਤੇ ਹੋਰ ਵਿਦਿਆਵਾਂ

ਸਿਖਿਆ ਵਿਗਿਆਨ ਕੋਈ ਸੁਤੰਤਰ ਵਿਗਿਆਨ ਨਹੀਂ ਹੈ। ਸਿਖਿਆ ਵਿਗਿਆਨ ਇਕ ਪਾਸੇ ਫਿਲਾਸਫੀ ਹੈ ਅਤੇ ਦੂਜੇ ਪਾਸੇ ਵਿਗਿਆਨ। ਸਿਖਿਆ-ਵਿਗਿਆਨ ਜਦੋਂ ਸਿਖਿਆ ਦੇ ਨਿਸ਼ਾਨੇ ਦਾ ਵਰਣਨ ਕਰਦਾ ਹੈ ਤਾਂ ਇਹ ਫਿਲਾਸਫੀ ਬਣ ਜਾਂਦਾ ਹੈ ਅਤੇ ਜਦ ਇਹ ਸਿਖਿਆ ਦੀ ਵਿਧੀ ਉਤੇ ਵਿਚਾਰ ਕਰਦਾ ਹੈ ਤਾਂ ਵਿਗਿਆਨ ਬਣ ਜਾਂਦਾ ਹੈ। ਸਿਖਿਆ-ਵਿਗਿਆਨ ਦਾ ਵਿਸ਼ੇਸ਼ ਸਬੰਧ ਦੋ ਵਿਦਿਆਵਾਂ ਨਾਲ ਹੈ-ਨੀਤੀ ਵਿਦਿਆ ਅਤੇ ਮਨੋਵਿਗਿਆਨ।

**ਸਿਖਿਆ-ਵਿਗਿਆਨ ਅਤੇ ਨੀਤੀ ਵਿਦਿਆ** ਸਿਖਿਆ ਦਾ ਸਧਾਰਨ ਨਿਸ਼ਾਨਾ ਬਾਲਕ ਨੂੰ ਸੁਯੋਗ (ਸਿਆਣਾ) ਬਨਾਉਣਾ ਹੈ। ਅਸੀਂ ਸੁਯੋਗ ਵਿਅਕਤੀ ਕਿਸ ਨੂੰ ਕਹੀਏ, ਇਹ ਦਸਣਾ ਨੀਤੀ ਵਿਦਿਆ ਦਾ ਕੰਮ ਹੈ। ਸਮਾਜ ਦੇ ਆਗੂ ਜਿਹੋ ਜਿਹਾ ਆਪਣੇ ਜੀਵਨ ਦਾ ਆਦਰਸ਼ ਬਣਾਉਂਦੇ ਹਨ, ਉਸੇ ਅਨੁਸਾਰ ਬਚਿਆਂ ਨੂੰ ਸਿਖਿਆ ਦਿਤੀ ਜਾਂਦੀ ਹੈ। ਕਦੇ ਪਰਲੋਕ ਦੇ ਸੁਖ ਲਈ ਹੀ ਸਮਾਜ ਦੇ ਲੋਕ ਇੱਛਾ ਰਖਦੇ ਹਨ, ਸੰਸਾਰੀ ਜੀਵਨ ਉਨ੍ਹਾਂ ਲਈ ਭਾਰ ਪਰਤੀਤ ਹੁੰਦਾ ਹੈ। ਅਜਿਹੀ ਹਾਲਤ ਵਿਚ ਸਿਖਿਆ ਦਾ ਨਿਸ਼ਾਨਾ ਮਨੁਖ ਨੂੰ ਸੰਸਾਰੀ ਜੀਵਨ ਤੋਂ ਮੁਕਤ ਕਰਨਾ ਹੋ ਜਾਂਦਾ ਹੈ। ਸਮਾਜ ਦੇ ਪਰਧਾਨ ਸਿਖਿਆ ਦੇਣ ਵਾਲੇ ਭਿਖਸ਼ੂ ਜਾਂ ਸੰਨਿਆਸੀ ਲੋਕ ਹੁੰਦੇ ਹਨ। ਉਹ ਮੁਢ ਤੋਂ ਹੀ ਬੱਚੇ ਦੇ ਮਨ ਵਿਚ ਸੰਸਾਰ ਤੋਂ ਭੱਜ ਜਾਣ ਦੇ ਭਾਵ ਪੈਦਾ ਕਰ ਦਿੰਦੇ ਹਨ। ਬੱਚਿਆਂ ਨੂੰ ਕਥਾ ਕਹਾਣੀਆਂ ਹੀ ਅਜਿਹੀਆਂ ਸੁਣਾਈਆਂ ਜਾਂਦੀਆਂ ਹਨ ਜਿਸ ਨਾਲ ਉਨ੍ਹਾਂ ਨੂੰ ਧਨ ਦੌਲਤ ਦੇ ਜੋੜਨ ਦੀ ਥਾਂ ਅਧਿਆਤਮਕ ਉਨਤੀ ਵਲ ਲਗਨ ਲਗ ਜਾਵੇ।

ਕਦੇ ਕਦੇ ਸਮਾਜ ਦੇ ਆਗੂ ਸੰਸਾਰਿਕ ਉਨਤੀ ਨੂੰ ਹੀ ਜੀਵਨ ਦਾ ਵੱਡਾ ਨਿਸ਼ਾਨਾ ਮੰਨ ਲੈਂਦੇ ਹਨ। ਉਨ੍ਹਾਂ ਦਾ ਪਰਲੋਕ ਵਿਚ ਵਿਸ਼ਵਾਸ਼ ਹੀ ਨਹੀਂ ਹੁੰਦਾ। ਅਜਿਹੀਆਂ ਹਾਲਤਾਂ ਵਿਚ ਉਹ ਬੱਚੇ ਦੇ ਮਨ ਵਿਚ ਕਦੇ ਵੀ ਅਜਿਹੇ ਸੰਸਕਾਰ ਪੈਦਾ ਨਹੀਂ ਹੋਣ ਦੇਣਗੇ ਜਿਨ੍ਹਾਂ ਨਾਲ ਉਸ ਦਾ ਮਨ ਆਪਣੇ ਇਸ ਜੀਵਨ ਦੀਆਂ ਜ਼ਿਮੇਵਾਰੀਆਂ ਤੋਂ ਉਦਾਸ ਹੋਵੇ। ਪਰਲੋਕ ਦੀਆਂ ਗਲਾਂ ਕਰਨਾ, ਅਜਿਹੀ ਹਾਲਤ ਵਿਚ, ਸਮਾਜ ਵਿਰੁਧ ਬਗ਼ਾਵਤ ਮੰਨੀ ਜਾਵੇਗੀ। ਰੂਸ ਦੇ ਸਕੂਲਾਂ ਵਿਚ ਧਰਮ ਬਾਰੇ ਚਰਚਾ ਕਰਨੀ ਮਨ੍ਹਾਂ ਹੈ। ਸਾਮਵਾਦੀ ਵਿਚਾਰ ਅਨੁਸਾਰ ਧਰਮ ਮਨੁਖ ਨੂੰ ਸੰਸਾਰ ਵਲੋਂ ਉਪਰਾਮ ਕਰ ਦਿੰਦਾ ਹੈ। ਧਾਰਮਕ ਖਿਆਲਾਂ ਵਾਲੀ ਜਨਤਾ ਆਪਣੇ ਅਧਿਕਾਰਾਂ ਲਈ ਘੋਲ ਕਰਨ ਦੇ ਅਸਮਰੱਥ ਹੁੰਦੀ ਹੈ। ਉਹ ਡੋਰੀ ਭਾਗਾਂ ਉਤੇ ਛਡ ਦਿੰਦੀ ਹੈ। ਜਨਤਾ ਦੀ ਇਸ ਉਪਰਾਮਤਾ ਦਾ, ਸਮਾਜ ਦੇ ਚਲਾਕ ਲੋਕ, ਅਯੋਗ ਲਾਭ ਉਠਾਉਂਦੇ ਹਨ। ਉਹ ਉਨ੍ਹਾਂ ਦੀ ਮਿਹਨਤ ਤੇ ਡਾਕਾ ਮਾਰਦੇ ਹਨ। ਇਸ ਤਰ੍ਹਾਂ ਸਮਾਜ ਦੇ ਕੁਝ ਲੋਕੀਂ ਅਮੀਰ ਹੋ ਜਾਂਦੇ ਹਨ ਅਤੇ ਬਾਕੀ ਗਰੀਬ ਰਹਿ ਜਾਂਦੇ ਹਨ। ਇਸ ਕਰਕੇ ਧਰਮ ਦਾ ਪਰਚਾਰ ਹੋਣ ਦੇਣਾ ਹੀ ਭੈੜਾ ਹੈ। ਰੂਸ ਦੇ ਸਿਖਿਆ ਢੰਗ ਵਿਚ ਬੱਚੇ ਨੂੰ ਸਿਆਣਾ ਕਾਰੋਬਾਰੀ ਅਤੇ ਆਪਣੇ ਅਧਿਕਾਰਾਂ ਲਈ ਲੜਨ ਵਾਲਾ ਵਿਅਕਤੀ ਬਣਾਇਆ ਜਾਂਦਾ ਹੈ।

ਸਿਖਿਆ ਦਾ ਅਸਲ ਆਦਰਸ਼ ਕੀ ਹੋਣਾ ਚਾਹੀਦਾ ਹੈ? ਇਸ ਵਿਸ਼ੇ ਉਤੇ ਫਿਲਸਫੇ ਅਤੇ ਨੀਤੀ ਸ਼ਾਸਤਰ ਦੀ ਸਹਾਇਤਾ ਤੋਂ ਬਗੈਰ ਵਿਚਾਰ ਨਹੀਂ ਕੀਤਾ ਜਾ ਸਕਦਾ। ਨੀਤੀ ਸ਼ਾਸਤਰ ਦੇ ਵਿਚਾਰ ਬੱਚੇ ਨੂੰ ਕਾਬੂ ਰਖਣ ਦੇ ਪ੍ਰਸ਼ਨ ਨੂੰ ਹਲ ਕਰਨ ਵਿਚ ਵੀ ਸਹਾਇਤਾ ਦਿੰਦੇ ਹਨ। ਬੱਚੇ ਨੂੰ ਕਿਵੇਂ ਕਾਬੂ ਵਿਚ ਰਖਿਆ ਜਾਵੇ, ਉਸ ਨੂੰ

ਕਦੋਂ ਸਜ਼ਾ ਦਿਤੀ ਜਾਵੇ, ਇਸ ਸਵਾਲ ਦਾ ਠੀਕ ਠੀਕ ਉੱਤਰ ਦੇਣ ਲਈ ਜੀਵਨ ਦੇ ਨਿਸ਼ਾਨੇ ਬਾਰੇ ਵਿਚਾਰ ਕਰਨਾ ਜ਼ਰੂਰੀ ਹੁੰਦਾ ਹੈ। ਇਸੇ ਤਰ੍ਹਾਂ ਬੱਚੇ ਅਤੇ ਉਸਤਾਦ ਦੇ ਠੀਕ ਸਬੰਧ ਦਾ ਫਸਲਾ ਕਰਨਾ ਨੀਤੀ ਵਿਦਿਆ ਉਤੇ ਨਿਰਭਰ ਕਰਦਾ ਹੈ।

## ਸਿਖਿਆ ਵਿਗਿਆਨ ਅਤੇ ਮਨੋ ਵਿਗਿਆਨ

ਸਿਖਿਆ ਵਿਗਿਆਨ ਦਾ ਮਨੋਵਿਗਿਆਨ ਨਾਲ ਅਤਿ ਡੂੰਘਾ ਸਬੰਧ ਹੈ। ਮਨੋ ਵਿਗਿਆਨ ਮਨੁਖ ਦੇ ਮਾਨਸਿਕ ਕੰਮਾਂ ਦਾ ਅਧਿਅਨ ਹੈ। ਮਨੋ ਵਿਗਿਆਨ ਬੱਚੇ ਦੇ ਸੁਭਾ ਨੂੰ ਬਿਆਨ ਕਰਦਾ ਹੈ, ਉਸ ਦੀਆਂ ਯੋਗਤਾਵਾਂ ਦੀ ਖੋਜ ਕਰਦਾ ਹੈ ਅਤੇ ਉਸ ਦੀਆਂ ਵਿਸ਼ੇਸ਼ ਰੁਚੀਆਂ ਬਾਰੇ ਪਤਾ ਕਢਦਾ ਹੈ। ਬੱਚਿਆਂ ਦੀਆਂ ਵਿਸ਼ੇਸ਼ ਰੁਚੀਆਂ ਅਤੇ ਯੋਗਤਾਵਾਂ ਜਾਣੇ ਬਿਨਾਂ ਸਿਖਿਆ ਦਾ ਕੰਮ ਸੰਭਵ ਹੀ ਨਹੀਂ। ਮਨੋ ਵਿਗਿਆਨ ਪਤਾ ਕਢਦਾ ਹੈ ਕਿ ਬੱਚਿਆਂ ਨੂੰ ਫਲਾਨਾ ਵਿਸ਼ਾ ਪੜ੍ਹਾਉਣ ਵੇਲੇ ਕਿੰਨੇ ਚਿਰ ਵਿਚ ਥਕਾਵਟ ਪਰਤੀਤ ਹੋਣ ਲਗ ਪੈਂਦੀ ਹੈ। ਵਖ ਵਖ ਉਮਰ ਦੇ ਬੱਚੇ ਘਟ ਜਾਂ ਵਧ ਚਿਰ ਵਿਚ ਥਕਦੇ ਹਨ। ਮਾਨਸਿਕ ਥਕਾਵਟ ਵਿਸ਼ੇ ਦੇ ਗੁੰਝਲਦਾਰ ਅਤੇ ਸੁਆਦੀ ਹੋਣ ਉਤੇ ਨਿਰਭਰ ਹੁੰਦੀ ਹੈ। ਬੋਲੀ ਦੇ ਪਾਠ ਵਿਚ ਬੱਚੇ ਇੰਨੀ ਜਲਦੀ ਨਹੀਂ ਥਕਦੇ ਜਿੰਨੀ ਜਲਦੀ ਗਣਿਤ (ਹਿਸਾਬ) ਪੜ੍ਹਨ ਵੇਲੇ ਥੱਕ ਜਾਂਦੇ ਹਨ। ਕਈ ਵਾਰੀ ਬੱਚੇ ਵਿਚ ਕੋਈ ਵਿਸ਼ੇਸ਼ ਯੋਗਤਾ ਵਧੇਰੇ ਹੁੰਦੀ ਹੈ ਉਸ ਨੂੰ ਉਹ ਵਿਸ਼ਾ ਵਧੇਰੇ ਸੁਆਦੀ ਲਗਦਾ ਹੈ; ਅਜਿਹਾ ਬਾਲਕ ਉਸ ਵਿਸ਼ੇ ਨੂੰ ਪੜ੍ਹਨ ਵਿਚ ਜਲਦੀ ਨਹੀਂ ਥਕਦਾ। ਇਨ੍ਹਾਂ ਸਭ ਗਲਾਂ ਨੂੰ ਧਿਆਨ ਵਿਚ ਰਖਕੇ ਥਕਾਵਟ ਬਾਰੇ ਮਨੋ ਵਿਗਿਆਨਿਕ ਪ੍ਰਯੋਗ (ਤਜਰਬੇ) ਕੀਤੇ ਗਏ ਹਨ। ਸਿਖਿਆ ਦੇਣ ਵਾਲਿਆਂ ਲਈ ਇਨ੍ਹਾਂ ਪ੍ਰਯੋਗਾਂ ਦੇ ਸਿਟਿਆਂ ਨੂੰ ਜਾਨਣਾ ਜ਼ਰੂਰੀ ਹੈ। ਜਦ ਬਚਿਆਂ ਨੂੰ ਥਕਾਵਟ ਹੋ ਜਾਂਦੀ ਹੈ ਅਤੇ ਉਨ੍ਹਾਂ ਦਾ ਮਨ ਕਿਸੇ ਵਿਸ਼ੇ ਦੇ ਪੜ੍ਹਨ ਵਿਚ ਨਹੀਂ ਲਗਦਾ, ਉਸ ਵੇਲੇ ਉਸ ਵਿਸ਼ੇ ਨੂੰ ਪੜ੍ਹਾਈ ਜਾਣਾ ਵਿਅਰਥ ਹੀ ਨਹੀਂ ਸਗੋਂ ਹਾਨੀ ਕਾਰਕ ਹੁੰਦਾ ਹੈ। ਇਸ ਨਾਲ ਬਚਿਆਂ ਦੀ ਉਸ ਵਿਸ਼ੇ ਵਿਚ ਰੁਚੀ ਸਦਾ ਲਈ ਖਤਮ ਹੋ ਜਾਣ ਦਾ ਡਰ ਹੈ। ਕਿਸੇ ਵਿਸ਼ੇ ਦਾ, ਰੁਚੀ ਦੇ ਨਾ ਹੁੰਦਿਆਂ, ਬਚਿਆਂ ਨੂੰ ਪੜ੍ਹਾਈ ਜਾਣਾ, ਉਨ੍ਹਾਂ ਦੀ ਪ੍ਰਤਿਕਾ ਨੂੰ ਨਸ਼ਟ ਕਰਨਾ ਹੈ। ਬਚਿਆਂ ਦੀ ਪ੍ਰਤਿਕਾ ਆਪਣੇ ਆਪ ਵੁਰੇ ਕੰਮ ਕਰਨ ਨਾਲ ਵਧਦੀ ਹੈ। ਜ਼ੋਰੀਂ ਕੰਮ ਕਰਾਉਣ ਨਾਲ ਪ੍ਰਤਿਕਾ ਖਤਮ ਹੋ ਜਾਂਦੀ ਹੈ।

ਬਚਿਆਂ ਦੀ ਪੜ੍ਹਾਈ ਦਾ ਠੀਕ ਢੰਗ ਮਨੋ ਵਿਗਿਆਨ ਪ੍ਰਯੋਗਾਂ ਰਾਹੀਂ ਹੀ ਨਿਸਚੇ ਕੀਤਾ ਜਾ ਸਕਦਾ ਹੈ। ਪੜ੍ਹਾਉਣ ਦੇ ਢੰਗਾਂ ਵਿਚ ਜਿਹੜੀਆਂ ਇਨਕਲਾਬੀ ਤਬਦੀਲੀਆਂ ਆਈਆਂ ਹਨ, ਉਹ ਮਨੋ ਵਿਗਿਆਨ ਪ੍ਰਯੋਗਾਂ ਦਾ ਸਿੱਟਾ ਹਨ। ਘੋਟਾ ਲੁਆਉਣ ਦੀ ਥਾਂ, ਵਿਸ਼ੇ ਨੂੰ ਸਮਝਾਕੇ ਬਚਿਆਂ ਨੂੰ ਯਾਦ ਕਰਾਉਣਾ ਚੰਗਾ ਹੁੰਦਾ ਹੈ। ਸਾਡੇ ਦੇਸ਼ ਵਿਚ ਸਬਕ (ਪਾਠ) ਯਾਦ ਕਰਨ ਲਈ ਘੋਟੇ ਉੱਤੇ ਹੀ ਜ਼ੋਰ ਦਿਤਾ ਜਾਂਦਾ ਹੈ। ਯੂਰਪ ਵਿਚ ਵੀ ਲੇਟਿਨ ਅਤੇ ਗ੍ਰੀਕ ਬੋਲੀਆਂ ਇਸੇ ਢੰਗ ਨਾਲ ਪੜ੍ਹਾਈਆਂ ਜਾਂਦੀਆਂ ਸਨ। ਜਿਸ ਤਰ੍ਹਾਂ ਬਿਨਾ ਸਮਝੇ ਹੀ ਸਾਡੇ ਸੰਸਕ੍ਰਿਤ ਪੜ੍ਹਨ ਵਾਲੇ ਬੱਚੇ ਪਹਿਲਾਂ ਲਘੂ ਕੌਮੁਦੀ, ਅਸ਼ਟਾ ਧਿਆਈ, ਅਮਰ ਕੋਸ਼ ਆਦਿ ਯਾਦ ਕਰਨ ਦਾ ਸ਼ੌਕ ਕਰਦੇ ਹਨ, ਇਸੇ ਤਰ੍ਹਾਂ ਪੱਛਮ ਵਿਚ ਵੀ ਵਿਆਕਰਣ ਅਤੇ ਕਵਿਤਾ ਰੱਟ ਲੈਣ ਦਾ ਰਿਵਾਜ ਸੀ। ਇਸ ਤਰ੍ਹਾਂ ਘੋਟਾ ਲਾ ਲੈਣ ਨਾਲ ਉਨ੍ਹਾਂ ਬਚਿਆਂ ਨੂੰ ਹੀ ਲਾਭ ਹੁੰਦਾ ਹੈ ਜਿਨ੍ਹਾਂ ਦਾ ਚੇਤਾ ਚੰਗਾ ਹੋਵੇ

ਅਤੇ ਘੋਟਾ ਲਾਏ ਹੋਏ ਪਾਠ ਦਾ ਪਿਛੋਂ ਅਰਥ ਜਾਨਣ ਦਾ ਸ਼ੌਕ ਵੀ ਰਖਦੇ ਹੋਣ ਅਤੇ ਫਿਰ ਉਸ ਨੂੰ ਹੋਰ ਪੁਸਤਕਾਂ ਨੂੰ ਸਮਝਣ ਲਈ ਵਰਤੋਂ ਵਿਚ ਲਿਆਉਂਦੇ ਹੋਣ। ਪਰ ਬਹੁਤੇ ਵਿਦਿਆਰਥੀ ਇਸ ਟਿਕਾਣੇ ਪਹੁੰਚਣ ਤੋਂ ਪਹਿਲਾਂ ਹੀ ਪੜ੍ਹਾਈ ਛਡ ਦਿੰਦੇ ਹਨ। ਘੋਟਾ ਲਾ ਲਾ ਉਨ੍ਹਾਂ ਦਾ ਮਨ ਹੌਂਸਲਾ ਛਡ ਜਾਂਦਾ ਹੈ। ਦੋ ਚਾਰ ਸਾਲ ਪੜ੍ਹਾਈ ਕਰਨ ਪਿਛੋਂ ਉਹ ਅੱਗੇ ਚਲ ਹੀ ਨਹੀਂ ਸਕਦੇ। ਇਧਰੋਂ ਉਹ ਨਵਾਂ ਪਾਠ ਯਾਦ ਕਰਦੇ ਹਨ ਉਧਰੋਂ ਪੁਰਾਣਾ ਘੋਟਾ ਭੁਲ ਜਾਂਦਾ ਹੈ। ਅਜਿਹੇ ਬਚਿਆਂ ਦੀ ਸਾਰੀ ਮਿਹਨਤ ਵਿਅਰਥ ਜਾਂਦੀ ਹੈ। ਨਿਰਾਰਥਕ ਵਾਕਾਂ ਦੇ ਰਟਣ ਦਾ ਕੰਮ ਇਨਾ ਅਲੂਣਾਂ ਹੁੰਦਾ ਹੈ ਕਿ ਜਿਨ੍ਹਾਂ ਬਚਿਆਂ ਨੂੰ ਮੁੱਢ ਤੋਂ ਹੀ ਇਸ ਕੰਮ ਤੇ ਲਾ ਦਿਤਾ ਜਾਵੇ ਉਹ ਪੜ੍ਹਾਈ ਵਲੋਂ ਸਦਾ ਲਈ ਮੂੰਹ ਮੋੜ ਜਾਂਦੇ ਹਨ। ਇਸ ਲਈ ਹੁਣ ਮਨੋ ਵਿਗਿਆਨ ਦੇ ਪ੍ਰਯੋਗਾਂ ਦੇ ਅਧਾਰ ਉੱਤੇ ਬਚਿਆਂ ਨੂੰ ਪਾਠ ਸੁਆਦੀ ਬਣਾਕੇ ਪੜ੍ਹਾਉਣ ਦੀਆਂ ਨਵੀਆਂ ਨਵੀਆਂ ਵਿਧੀਆਂ ਦੀ ਕਾਢ ਹੋਈ ਹੈ।

ਬਚਿਆਂ ਨੂੰ ਕਾਬੂ ਵਿਚ ਰਖਣ ਲਈ ਇਕ ਹੀ ਢੰਗ ਵਰਤਿਆ ਜਾਂਦਾ ਸੀ–ਉਹ ਸੀ ਡੰਡੇ ਦਾ ਡਰ। ਇਸ ਨਾਲ ਜ਼ਰੂਰ ਉਹ ਕਾਬੂ ਵਿਚ ਰਖੇ ਜਾ ਸਕਦੇ ਹਨ ਪਰ ਇਸ ਨਾਲ ਬੱਚਿਆਂ ਦੀ ਇੱਛਾ ਸ਼ਕਤੀ ਨਿਰਬਲ ਹੋ ਜਾਂਦੀ ਹੈ। ਉਨ੍ਹਾਂ ਵਿਚ ਦਾਸ ਬਿਰਤੀ ਕੁਟ ਕੁਟ ਕੇ ਭਰ ਜਾਂਦੀ ਹੈ। ਉਹ ਆਪਣੇ ਪੈਰਾਂ ਤੇ ਖਲ੍ਹੋਨਾ ਨਹੀਂ ਸਿਖਦੇ । ਸਜ਼ਾ ਦੇ ਅਨੇਕ ਭੈੜੇ ਸਿਟਿਆਂ ਵਲ ਮਨੋ ਵਿਗਿਆਨ ਨੇ ਸਾਡਾ ਧਿਆਨ ਕਰਾਇਆ ਹੈ । ਇਸ ਲਈ ਸਿਖਿਆ ਵਿਗਿਆਨ ਦੇ ਪਰਬੀਨਾਂ ਨੇ ਸਿਖਿਆ ਦੇ ਕੰਮਾਂ ਵਿਚ ਅਤੇ ਬਚਿਆਂ ਨੂੰ ਕਾਬੂ ਵਿਚ ਰਖਣ ਲਈ ਨਵੇਂ ਨਵੇਂ ਢੰਗਾਂ ਦੀ ਕਾਢ ਕਢੀ ਹੈ । ਇਨ੍ਹਾਂ ਨਵੇਂ ਢੰਗਾਂ ਦੇ ਸਿਟਿਆਂ ਉਤੇ ਵੀ ਮਨੋ ਵਿਗਿਆਨਿਕ ਪ੍ਰਯੋਗ ਕੀਤੇ ਜਾਂਦੇ ਹਨ । ਮਨੋ-ਵਿਗਿਆਨਿਕ ਪ੍ਰਯੋਗਾਂ ਦੇ ਅਧਾਰ ਉਤੇ ਹੀ ਕਿਸੇ ਕਾਬੂ ਰਖਣ ਵਾਲੇ ਢੰਗ ਨੂੰ ਅਸੀਂ ਚੰਗਾ ਜਾਂ ਭੈੜਾ ਕਹਿ ਸਕਦੇ ਹਾਂ।

ਬਚਿਆਂ ਦੀਆਂ ਯੋਗਤਾਵਾਂ ਵਿਚ ਫਰਕ ਹੁੰਦੇ ਹਨ। ਇਨ੍ਹਾਂ ਫਰਕਾਂ ਦਾ ਪਤਾ ਮਨੋ ਵਿਗਿਆਨਿਕ ਪ੍ਰਯੋਗਾਂ ਰਾਹੀਂ ਦਸਿਆ ਜਾਂਦਾ ਹੈ। ਕਿਸੇ ਬਚੇ ਵਿਚ ਦਸਤਕਾਰੀ ਦੇ ਕੰਮ ਕਰਨ ਦੀ ਯੋਗਤਾ ਹੁੰਦੀ ਹੈ। ਕੋਈ ਬੌਧਿਕ ਕੰਮ ਚੰਗੀ ਤਰ੍ਹਾਂ ਕਰ ਸਕਦਾ ਹੈ, ਕੋਈ ਬੋਲੀ ਦਾ ਗਿਆਨ ਪ੍ਰਾਪਤ ਕਰਨ ਵਿਚ ਚੰਗੀ ਸਮਝ ਰਖਦਾ ਹੈ ਅਤੇ ਕੋਈ ਗਣਿਤ (ਹਿਸਾਬ) ਆਦਿ ਵਿਸ਼ਿਆਂ ਦੀ । ਮਨੋ ਵਿਗਿਆਨਿਕ ਪ੍ਰਯੋਗਾਂ ਰਾਹੀਂ ਬਚਿਆਂ ਦੀਆਂ ਯੋਗਤਾਵਾਂ ਦਾ ਪਤਾ ਕਰ ਕੇ ਹਰ ਬਾਲਕ ਨੂੰ ਉਸ ਦੀ ਯੋਗਤਾ ਦੇ ਅਨੁਸਾਰ ਸਿਖਿਆ ਦੇਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ । ਕੋਈ ਬੱਚਾ ਬੁਧੀ ਵਿਚ ਬੜਾ ਚਤਰ ਹੁੰਦਾ ਹੈ, ਕੋਈ ਸਾਧਾਰਨ ਅਤੇ ਕੋਈ ਕੋਈ ਮੋਟੀ ਬੁਧੀ ਰਖਦਾ ਹੈ। ਅਜਿਹੇ ਸਾਰੇ ਬਚਿਆਂ ਨੂੰ ਇਕੋ ਕਲਾਸ ਵਿਚ ਪੜ੍ਹਾਇਆ ਜਾਣਾ ਕਿਥੋਂ ਕੁ ਤਕ ਠੀਕ ਹੈ ? ਮਨੋ-ਵਿਗਿਆਨਿਕ ਖੋਜਾਂ ਦੇ ਸਿਟੇ ਵਜੋਂ ਬਚਿਆਂ ਦੀਆਂ ਜਮਾਤਾਂ ਵਿਚ ਵੀ ਬੜੀ ਤਬਦੀਲੀ ਹੋਈ ਹੈ । ਮੋਟੀ ਬੁਧੀ ਵਾਲੇ ਬਚਿਆਂ ਨੂੰ ਵਖਰੇ ਸਕੂਲਾਂ ਵਿਚ ਨਵੇਂ ਢੰਗਾਂ ਨਾਲ ਪੜ੍ਹਾਇਆ ਜਾਂਦਾ ਹੈ ਅਤੇ ਤੇਜ਼ ਬੁਧੀ ਵਾਲੇ ਬਚਿਆਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਵਖਰੀਆਂ ਜਮਾਤਾਂ ਵਿਚ ਰਖਿਆ ਜਾਂਦਾ ਹੈ। ਜਿਹੜਾ ਢੰਗ ਸਧਾਰਨ ਬਚਿਆਂ ਨੂੰ ਪੜ੍ਹਾਉਣ ਦਾ ਹੈ ਉਹ ਨਾ ਤੇ ਮੋਟੀ ਬੁਧੀ ਵਾਲੇ ਬਚਿਆਂ ਲਈ ਢੁਕਵਾਂ ਹੈ ਅਤੇ ਨਾ ਤੇਜ਼ ਬੁਧੀ ਵਾਲੇ ਬਚਿਆਂ ਲਈ।

ਵਿਸ਼ੇ ਨੂੰ ਜਾਂਚਣ ਤੋਂ ਬਿਨਾਂ ਅਸੀਂ ਵੇਖਾਂਗੇ ਕਿ ਮਨੋਵਿਗਿਆਨ ਦਾ ਸਿਖਿਆ

ਵਿਗਿਆਨ ਨਾਲ ਇੰਨਾ ਡੂੰਘਾ ਸਬੰਧ ਹੈ ਕਿ ਆਧੁਨਿਕ ਸਿਖਿਆ ਵਿਗਿਆਨ ਮਨੋਵਿਗਿਆਨ ਤੋਂ ਬਗੈਰ ਆਪਣੇ ਪੈਰਾਂ ਤੇ ਖੜ੍ਹ ਹੀ ਨਹੀਂ ਸਕਦਾ। ਇਧਰ ਸਿਖਿਆ ਵਿਗਿਆਨ ਸਬੰਧੀ ਪ੍ਰਯੋਗਾਂ ਨੇ ਵੀ ਮਨੋ ਵਿਗਿਆਨ ਦੀਆਂ ਖੋਜਾਂ ਵਿਚ ਸਹਾਇਤਾ ਕੀਤੀ ਹੈ। ਮਨੋ-ਵਿਗਿਆਨ ਦੀਆਂ ਅਧੁਨਿਕ ਕਾਲ ਦੀਆਂ ਮੌਲਿਕ ਖੋਜਾਂ ਦੋ ਹੀ ਖੇਤਰਾਂ ਵਿਚ ਹੋਈਆਂ ਹਨ—ਇਕ ਸਿਖਿਆ ਦੇ ਖੇਤਰ ਵਿਚ ਅਤੇ ਦੂਜੇ ਮਾਨਸਿਕ ਇਲਾਜ ਦੇ ਖੇਤਰ ਵਿਚ। ਜਿਥੋਂ ਤਕ ਸਿਖਿਆ ਵਿਗਿਆਨ ਦਾ ਸਬੰਧ ਹੈ, ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿਸ਼ੇ ਦੀ ਮੌਲਿਕ ਜਾਣਕਾਰੀ ਕਰਨਾ ਮਨੋਵਿਗਿਆਨ ਦੀ ਸਹਾਇਤਾ ਬਿਨਾਂ ਸੰਭਵ ਹੀ ਨਹੀਂ; ਅਤੇ ਇਸ ਵਿਸ਼ੇ ਦਾ ਅਧਿਐਨ ਮਨੋ ਵਿਗਿਆਨ ਵਿਚ ਰੁਚੀ ਰਖਣ ਵਾਲੇ ਵਿਅਕਤੀ ਲਈ ਸੌਖਾ ਤੇ ਚੰਗੀ ਤਰ੍ਹਾਂ ਸਮਝ ਵਿਚ ਆਉਣ ਵਾਲਾ ਬਣ ਜਾਂਦਾ ਹੈ।

## ਵਿਸ਼ਾ ਵਿਸਥਾਰ

ਸਿਖਿਆ ਵਿਗਿਆਨ ਸਿਖਿਆ ਦੀਆਂ ਉਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਅਧਿਆਨ ਕਰਦਾ ਹੈ ਜਿਹੜੀਆਂ ਕੌਮ ਦੇ ਬਚਿਆਂ ਨੂੰ ਸਿਖਿਆ ਦੇਣ ਵਾਲੀਆਂ ਵਿਅਕਤੀਆਂ ਅੱਗੇ ਆਉਂਦੀਆਂ ਹਨ। ਸਿਖਿਆ ਦਾ ਉਦੇਸ਼, ਸਿਖਿਆ ਦਾ ਪਸਾਰ ਕਰਨ ਵਾਲੇ ਸਾਧਨ, ਬੱਚੇ ਦਾ ਸੁਭਾਵ, ਵਖ ਵਖ ਸਿਖਿਆ ਢੰਗਾਂ ਦੀ ਮੌਲਿਕਤਾ, ਸਿਖਿਆ ਦੇ ਵਿਸ਼ੇ ਦੀ ਚੋਣ, ਸਿਖਿਆ ਦੇਣ ਦੇ ਕੰਮ ਦੇ ਮੌਲਿਕ ਨਿਯਮ, ਕਾਬੂ, ਸਰੀਰਕ ਸਿਖਿਆ ਦੇ ਸਿਧਾਂਤ, ਸਾਂਝੀ ਸਿਖਿਆ ਆਦਿ ਵਿਸ਼ਿਆਂ ਉੱਤੇ ਸਿਖਿਆ ਵਿਗਿਆਨ ਵਿਚ ਵਿਚਾਰ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ। ਇਸ ਪੁਸਤਕ ਵਿਚ ਬੋਲੀ, ਗਣਿਤ ਅਤੇ ਖੇਲਾਂ ਦੀ ਸਿਖਿਆ ਵਿਧੀ ਉਤੇ ਵੀ ਵਿਚਾਰ ਕੀਤਾ ਗਿਆ ਹੈ। ਮਨੋ-ਵਿਗਿਆਨ ਦੇ ਕੁਝ ਮੌਲਿਕ ਪ੍ਰਸ਼ਨਾਂ ਉਤੇ ਚਾਨਣ ਪਾਉਣਾ ਵੀ ਜ਼ਰੂਰੀ ਸਮਝਿਆ ਗਿਆ ਹੈ। ਬੱਚੇ ਦੀ ਮਾਨਸਿਕ, ਸਰੀਰਕ ਅਤੇ ਆਚਰਨ ਦੀ ਸਿਖਿਆ ਬਾਰੇ ਸਾਰੇ ਪ੍ਰਸ਼ਨਾਂ ਉਤੇ ਸਿਖਿਆ ਵਿਗਿਆਨ ਵਿਚ ਵਿਚਾਰ ਕਰਨਾ ਜ਼ਰੂਰੀ ਹੁੰਦਾ ਹੈ।

## ਸਿਖਿਆ ਦੀ ਵਿਆਖਿਆ

ਸਿਖਿਆ ਉਹ ਕੰਮ ਹੈ ਜਿਸ ਰਾਹੀਂ ਮਨੁਖ ਦੀਆਂ ਸ਼ਕਤੀਆਂ ਦਾ ਸਮੁਚਾ ਵਿਕਾਸ ਹੋਵੇ, ਅਤੇ ਜਿਸ ਕਰਕੇ ਉਹ ਸਭ ਤਰ੍ਹਾਂ ਦੀ ਪੂਰਨਤਾ ਪਰਾਪਤ ਕਰਨ ਦਾ ਯਤਨ ਕਰੇ। ਸਵਾਮੀ ਵਿਵੇਕ ਨੰਦ ਦੇ ਸ਼ਬਦਾਂ ਵਿਚ ਸਿਖਿਆ ਮਨੁੱਖ ਅੰਦਰ ਲੁਕੀਆਂ ਸ਼ਕਤੀਆਂ ਦਾ ਪਰਕਾਸ਼ਨ ਹੈ। ਬੱਚੇ ਵਿਚ ਅਨੇਕ ਤਰ੍ਹਾਂ ਦੀਆਂ ਸ਼ਕਤੀਆਂ ਪਾਈਆਂ ਜਾਂਦੀਆਂ ਹਨ; ਇਨ੍ਹਾਂ ਸ਼ਕਤੀਆਂ ਦਾ ਵਿਕਾਸ ਸਿਖਿਆ ਰਾਹੀਂ ਹੁੰਦਾ ਹੈ। ਸਿਖਿਆ ਦੀ ਅਣਹੋਂਦ ਵਿਚ ਇਹ ਸ਼ਕਤੀਆਂ ਪਰਗਟ ਹੀ ਨਹੀਂ ਹੁੰਦੀਆਂ। ਸਿਖਿਆ ਕਰਕੇ ਬੱਚਾ ਸੰਸਾਰ ਵਿਚ ਯੋਗ ਜੀਵਨ ਬਤੀਤ ਕਰਦਾ ਹੈ, ਉਹ ਸੰਸਾਰਿਕ ਗਿਆਨ ਪਰਾਪਤ ਕਰਦਾ ਹੈ ਅਤੇ ਉਹ ਹਾਲਤ ਦਾ ਦਾਸ ਹੋਣ ਦੀ ਥਾਂ ਉਸ ਉਤੇ ਜਿਤ ਪਰਾਪਤ ਕਰਦਾ ਹੈ। ਸਿਖਿਆ ਕਰਕੇ ਹਰ ਬੱਚਾ ਆਪਣੇ ਜੀਵਨ ਵਿਚ ਉਨ੍ਹਾਂ ਆਦਤਾਂ ਦਾ ਮਾਲਕ ਬਣ ਜਾਂਦਾ ਹੈ ਜਿਹੜੀਆਂ ਉਸ ਨੂੰ ਹਾਲਤ ਉਤੇ ਕਾਬੂ ਪਾਉਣ ਵਿਚ ਸਹਾਈ ਹੁੰਦੀਆਂ ਹਨ।

ਸਿਖਿਆ ਦੇ ਕੰਮ ਨੂੰ ਦੋ ਦ੍ਰਿਸ਼ਟੀਕੋਣਾਂ ਤੋਂ ਵੇਖਿਆ ਜਾ ਸਕਦਾ ਹੈ। ਇਕ ਪਾਸੇ ਬੱਚਿਆਂ ਦੀਆਂ ਯੋਗਤਾਵਾਂ ਦਾ ਵਿਕਾਸ ਹੈ ਅਥਵਾ ਉਨ੍ਹਾਂ ਦੀ ਸ਼ਖਸੀਅਤ ਦੀ ਪਕਾਈ ਹੈ,

ਅਤੇ ਦੂਜੇ ਪਾਸੇ ਉਨ੍ਹਾਂ ਨਵੇਂ ਸੰਸਕਾਰਾਂ ਨੂੰ ਮਨ ਵਿਚ ਭਰਨਾ ਹੈ ਜਿਹੜੇ ਜੀਵਨ ਨੂੰ ਸਫਲ ਬਣਾਉਂਦੇ ਹਨ । ਇਕ ਪੱਖ ਤੋਂ ਵੇਖਿਆ ਜਾਵੇ ਤਾਂ ਬੱਚਾ ਹੀ ਆਪਣੇ ਆਪ ਨੂੰ ਸਿਖਿਆ ਦੇਣ ਵਾਲਾ ਹੈ । ਸਿਖਿਆ ਦੇਣ ਵਾਲੇ ਦੀ ਸਿਖਲਾਈ ਦਾ ਬਸ ਇੰਨਾ ਹੀ ਮੰਤਵ ਹੈ ਕਿ ਬੱਚੇ ਦੀ ਸ੍ਵੈ-ਸਿਖਿਆ ਵਿਚ ਸਹਾਇਤਾ ਹੋ ਜਾਵੇ । ਦੂਜੇ ਪੱਖ ਤੋਂ ਸਿਖਿਆ ਦੇਣ ਵਾਲਾ ਬੱਚੇ ਦੀ ਸ਼ਖਸੀਅਤ ਘੜਨ ਵਾਲਾ ਹੈ, ਉਸ ਦੇ ਹੁਸ਼ਿਆਰੀ ਨਾਲ ਕੰਮ ਕਰਾਏ ਬਿਨਾਂ ਬੱਚਾ ਪਸ਼ੂ ਹੀ ਬਣਿਆ ਰਹੇਗਾ । ਸਿਖਿਆ ਦੇਣ ਵਾਲੇ ਦਾ ਬੱਚੇ ਦੀ ਸ਼ਖਸੀਅਤ ਦੀ ਉਸਾਰੀ ਕਰਨ ਦਾ ਕੰਮ ਬੜੀ ਮਹੱਤਾ ਵਾਲਾ ਹੈ । ਪਰ ਜਦ ਸਿਖਿਆ ਦੇਣ ਵਾਲਾ ਆਪਣੀ ਮਹੱਤਾ ਨੂੰ ਵਧੇਰੇ ਸਮਝੇ ਅਤੇ ਬੱਚੇ ਦੀ ਸ਼ਖਸੀਅਤ ਦੀ ਮਹੱਤਾ ਨੂੰ ਉੱਨਾ ਉੱਚਾ ਥਾਂ ਨਹੀਂ ਦਿੰਦਾ, ਤਾਂ ਉਹ ਬੱਚੇ ਨਾਲ ਅਨਰਥ ਕਰਦਾ ਹੈ । ਬੱਚੇ ਨੂੰ ਉਹੋ ਸਿਖਿਆ ਦਿਤੀ ਜਾ ਸਕਦੀ ਹੈ ਜਿਸ ਨੂੰ ਸਿਖਣ ਦੀ ਉਸ ਵਿਚ ਯੋਗਤਾ ਹੈ । ਜਿਸ ਸਿਖਿਆ ਲੈਣ ਲਈ ਬੱਚੇ ਦਾ ਮਨ ਤਿਆਰ ਨਹੀਂ; ਉਸ ਸਿਖਿਆ ਦਾ ਬੱਚੇ ਨੂੰ ਕਦੇ ਵੀ ਲਾਭ ਨਹੀਂ ਹੋ ਸਕਦਾ । ਅਧੁਨਿਕ ਕਾਲ ਵਿਚ ਨਵੇਂ ਸਿਖਿਆ-ਢੰਗ ਦਾ ਇਹ ਇਕ ਮੁਖ ਨਿਸ਼ਾਨ ਹੈ ਕਿ ਉਹ ਸਿਖਿਆ ਦੇਣ ਵਾਲਿਆਂ ਨੂੰ ਸਿਖਿਆ ਦੇ ਕੰਮ ਵਿਚ ਉਚਿਤ ਥਾਂ ਵਿਖਾਵੇ ਅਤੇ ਬੱਚੇ ਦੀ ਮਹੱਤਾ ਨੂੰ ਉਨ੍ਹਾਂ ਦੀਆਂ ਨਜ਼ਰਾਂ ਤੋਂ ਓਹਲੇ ਨਾ ਹੋਣ ਦੇਵੇ । ਸਿਖਿਆ ਨੂੰ ਆਤਮ ਵਿਕਾਸ ਦੇ ਰੂਪ ਵਿਚ ਵੇਖਣਾ ਹੀ ਠੀਕ ਹੈ । ਇਸ ਤਰ੍ਹਾਂ ਬਦੋ ਬਦੀ ਪੜ੍ਹਾਉਣ ਦਾ ਯਤਨ, ਜਿਸ ਨਾਲ ਕਿ ਬੱਚੇ ਦੀ ਸ਼ਖਸੀਅਤ ਨੂੰ ਭਾਰੀ ਸਟ ਵਜਦੀ ਹੈ, ਆਪਣੇ ਆਪ ਅਲੋਪ ਹੋ ਜਾਵੇਗਾ । ਬੱਚੇ ਨੂੰ ਉਹੋ ਸਿਖਿਆ ਦਿਤੀ ਜਾਵੇਗੀ ਜਿਸ ਲਈ ਉਸ ਦਾ ਮਨ ਤਿਆਰ ਹੋਵੇਗਾ ।

## ਸ੍ਵੈਗਤ ਤੇ ਨਿਯਮ ਬੱਧ ਸਿਖਿਆ

ਬੱਚੇ ਦੀ ਸਿਖਿਆ ਦੋ ਤਰ੍ਹਾਂ ਦੀ ਹੁੰਦੀ ਹੈ–ਇਕ ਸ੍ਵੈਗਤ ਤੇ ਦੂਜਾ ਯਤਨ ਮਈ । ਪਹਿਲੀ ਸਿਖਿਆ ਆਲੇ ਦੁਆਲੇ ਦੀ ਹਰ ਘਟਨਾ ਤੋਂ ਬੱਚੇ ਨੂੰ ਮਿਲਦੀ ਹੈ । ਜਿੰਨੇ ਲੋਕਾਂ ਦਾ ਮੇਲ ਬੱਚੇ ਨਾਲ ਹੁੰਦਾ ਹੈ ਉਹ ਸਾਰੇ ਬੱਚੇ ਨੂੰ ਸਿਖਿਆ ਦੇਣ ਵਾਲੇ ਹਨ । ਗੁੰਗੀ ਕੁਦਰਤ ਵੀ ਬੱਚੇ ਨੂੰ ਕਈ ਤਰ੍ਹਾਂ ਦੀ ਸਿਖਿਆ ਦੇਂਦੀ ਰਹਿੰਦੀ ਹੈ । ਬੱਚਾ ਜਦੋਂ ਦੀਵੇ ਦੀ ਲਾਟ ਵੱਲ ਆਪਣਾ ਹੱਥ ਵਧਾਉਂਦਾ ਹੈ ਅਤੇ ਆਪਣਾ ਹਥ ਸਾੜ ਲੈਂਦਾ ਹੈ ਤਾਂ ਫਿਰ ਉਹ ਦੀਵੇ ਦੀ ਲਾਟ ਨੂੰ ਵੇਖ ਕੇ ਆਪਣਾ ਹੱਥ ਅਗੇ ਨਹੀਂ ਵਧਾਉਂਦਾ । ਇਹ ਕੁਦਰਤ ਤੋਂ ਲਈ ਸਿਖਿਆ ਹੈ । ਬੱਚਾ ਆਪਣੇ ਤੋਂ ਵੱਡੇ, ਹਾਣੀ ਬਚਿਆਂ ਅਤੇ ਬਾਲਕ ਲੋਕਾਂ ਤੋਂ ਚਲਣਾ, ਬੋਲਣਾ, ਉਠਣਾ, ਬੈਠਣਾ ਅਤੇ ਰਹਿਣ ਸਹਿਣ ਦੇ ਢੰਗ ਸਿਖਦਾ ਹੈ । ਬੱਚੇ ਦੇ ਜੀਵਨ ਵਿਚ ਹਜ਼ਾਰਾਂ ਆਦਤਾਂ ਦੂਜਿਆਂ ਦੇ ਜੀਵਨ ਨੂੰ ਵੇਖ ਕੇ ਪੈ ਜਾਂਦੀਆਂ ਹਨ । ਇਹੋ ਆਦਤਾਂ ਉਸ ਨੂੰ ਜੀਵਨ ਘੋਲ ਵਿਚ ਸਹਾਇਕ ਹੁੰਦੀਆਂ ਹਨ । ਬੱਚੇ ਵਿਚ ਰੀਸ ਕਰਨ ਦੀ ਆਦਤ ਬੜੀ ਤਿੱਖੀ ਹੁੰਦੀ ਹੈ । ਇਸੇ ਆਦਤ ਕਰਕੇ ਉਹ ਦੂਜਿਆਂ ਕੋਲੋਂ ਅਨੇਕਾਂ ਚੰਗੀਆਂ ਬੁਰੀਆ ਗੱਲਾਂ ਸਿਖਦਾ ਹੈ। ਘਰ ਅਤੇ ਬਾਹਰ ਹਰ ਥਾਂ ਇਸੇ ਤਰ੍ਹਾਂ ਦੀ ਸਹਿਜ ਸਿਖਿਆ ਹੁੰਦੀ ਰਹਿੰਦੀ ਹੈ । ਇਸ ਸਿਖਿਆ ਨੂੰ ਬੇ-ਨਿਯਮੀ ਸਿਖਿਆ ਵੀ ਕਿਹਾ ਜਾਂਦਾ ਹੈ ।

ਦੂਜੀ ਕਿਸਮ ਦੀ ਸਿਖਿਆ ਯਤਨ ਸਦਕਾ ਹੁੰਦੀ ਹੈ । ਇਹ ਸਿਖਿਆ ਨਿਯਮ-ਬੱਧ ਬਣਾ ਕੇ ਦਿੱਤੀ ਜਾਂਦੀ ਹੈ । ਇਸ ਸਿਖਿਆ ਦੀ ਥਾਂ ਸਕੂਲ ਹੈ । ਨਿਯਮ-ਬੱਧ ਸਿਖਿਆ ਦਾ ਨਿਸ਼ਾਨਾ ਨਿਸਚਿਤ ਹੁੰਦਾ ਹੈ ਅਤੇ ਜਾਣ ਬੁਝ ਕੇ ਉਹ ਬੱਚੇ ਦੇ ਮਨ ਵਿਚ ਉਨ੍ਹਾਂ ਸੰਸਕਾਰਾਂ ਨੂੰ ਪਾਉਣਾ ਚਾਹੁੰਦੀ ਹੈ ਜਿਹੜੇ ਸਿਖਿਆ ਦੇਣ ਵਾਲਾ ਯੋਗ ਸਮਝਦਾ ਹੈ। ਇਹ ਪਹਿਲਾਂ ਹੀ

ਫੈਸਲਾ ਕਰ ਲਿਆ ਗਿਆ ਹੁੰਦਾ ਹੈ ਕਿ ਕਿਹੜੇ ਸੰਸਕਾਰਾਂ ਨੂੰ ਕਿਹੜੇ ਸਮੇਂ ਪਾਇਆ ਜਾਵੇ ਜਾਂ ਕਿਹੜੇ ਗਿਆਨ ਨੂੰ ਕਿਸ ਸਮੇਂ ਬਚਿਆਂ ਨੂੰ ਦਿਤਾ ਜਾਵੇ । ਨਿਯਮ-ਬੱਧ ਸਿਖਿਆ ਦਾ ਪ੍ਰੋਗਰਾਮ ਅਤੇ ਉਸ ਦਾ ਵਿਧਾਨ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਬਣਾਇਆ ਜਾਂਦਾ ਹੈ । ਦੇਸ਼ ਦੇ ਵਡੇ ਵਡੇ ਸਿਖਿਆ ਨੂੰ ਚਲਾਉਣ ਵਾਲੇ ਨਿਯਮ-ਬੱਧ ਸਿਖਿਆ ਦੇ ਪ੍ਰੋਗਰਾਮਾਂ ਦਾ ਫੈਸਲਾ ਕਰਦੇ ਹਨ ਅਤੇ ਉਨ੍ਹਾਂ ਢੰਗਾਂ ਦੀ ਖੋਜ ਕਰਦੇ ਹਨ ਜਿਨ੍ਹਾਂ ਨਾਲ ਸਿਖਿਆ ਦਾ ਕੰਮ ਸੌਖੀ ਤਰ੍ਹਾਂ ਹੋ ਸਕੇ । ਕਿੰਨੇ ਘੰਟੇ ਕੰਮ ਕਰਨਾ ਚਾਹੀਦਾ ਹੈ, ਬੱਚੇ ਨੂੰ ਕਿੰਨੇ ਘੰਟੇ ਪੜ੍ਹਨਾ ਚਾਹੀਦਾ ਹੈ, ਉਸ ਨੂੰ ਕਿਸ ਤਰ੍ਹਾਂ ਦੇ ਕਾਬੂ ਵਿਚ ਰਖਣਾ ਚਾਹੀਦਾ ਹੈ; ਕਿਸ ਢੰਗ ਨਾਲ ਪੜ੍ਹਾਉਣਾ ਚਾਹੀਦਾ ਹੈ, ਕਿੱਥੇ ਅਤੇ ਕਿਵੇਂ ਵਿਸ਼ੇ ਨੂੰ ਪੜ੍ਹਾਉਣਾ ਚਾਹੀਦਾ ਹੈ, ਇਨ੍ਹਾਂ ਸਭ ਪ੍ਰਸ਼ਨਾਂ ਦਾ ਉੱਤਰ ਨਿਯਮ-ਬੱਧ ਸਿਖਿਆ ਦੇਣ ਵਾਲੇ ਕੋਲ ਰਹਿੰਦਾ ਹੈ ।

ਉਪਰ ਦੱਸੀ ਦੋਹਾਂ ਤਰ੍ਹਾਂ ਦੀ ਸਿਖਿਆਵਾਂ ਬੱਚੇ ਦੀ ਸ਼ਖਸੀਅਤ ਦੇ ਵਿਕਾਸ ਲਈ ਜ਼ਰੂਰੀ ਹਨ । ਆਪਣੇ ਆਪ ਲਈ ਸਿਖਿਆ ਨਿਯਮ-ਬੱਧ ਸਿਖਿਆ ਵਿਚ ਸਹਾਇਕ ਹੁੰਦੀ ਹੈ । ਜਿਸ ਬੱਚੇ ਦੇ ਘਰ ਦੇ ਅਤੇ ਆਲੇ ਦੁਆਲੇ ਦੇ ਸੰਸਕਾਰ ਭਲੇ ਹੁੰਦੇ ਹਨ, ਉਹ ਸਕੂਲ ਦੀ ਸਿਖਿਆ ਦਾ ਵੀ ਵਧ ਤੋਂ ਵਧ ਲਾਭ ਉਠਾਉਂਦਾ ਹੈ । ਇਸੇ ਤਰ੍ਹਾਂ ਜਿਹੜਾ ਬੱਚਾ ਸਕੂਲ ਵਿਚ ਯੋਗ ਸਿਖਿਆ ਪਾਉਂਦਾ ਹੈ, ਉਹ ਕਿਸੇ ਵੀ ਆਲੇ ਦੁਆਲੇ ਵਿਚ ਰਹਿ ਕੇ ਕੁਝ ਨਾ ਕੁਝ ਨਵੀਂ ਸਿਖਿਆ ਲੈਂਦਾ ਰਹਿੰਦਾ ਹੈ । ਸਕੂਲ ਦਾ ਇਕ ਵੱਡਾ ਕੰਮ ਬੱਚੇ ਦੀਆਂ ਰੁਚੀਆਂ ਢਾਲਣਾ ਹੈ । ਜਿਸ ਬੱਚੇ ਦੀਆਂ ਰੁਚੀਆਂ ਚੰਗੀਆਂ ਹਨ, ਉਹ ਆਪਣੇ ਆਲੇ ਦੁਆਲੇ ਤੋਂ ਬਹੁਤ ਵਧ ਲਾਭ ਉਠਾਉਂਦਾ ਹੈ । ਕਿੰਨੇ ਹੀ ਅਮੀਰ ਘਰਾਂ ਦੇ ਬਚਿਆਂ ਦੇ ਹੱਥਾਂ ਵਿਚ ਕਈ ਤਰ੍ਹਾਂ ਦੇ ਖਤ-ਪਤਰ ਆਉਂਦੇ ਹਨ, ਪਰ ਯੋਗ ਸਿਖਿਆ ਦੇ ਨਾ ਹੋਣ ਕਰ ਕੇ, ਉਨ੍ਹਾਂ ਦਾ ਉਨ੍ਹਾਂ ਨੂੰ ਪੜ੍ਹਨ ਲਈ ਜੀਅ ਹੀ ਨਹੀਂ ਕਰਦਾ ।

ਜਦੋਂ ਘਰ ਅਤੇ ਸਕੂਲ ਦੇ ਵਾਤਾਵਰਨ ਵਿਚ ਵਿਰੋਧ ਹੁੰਦਾ ਹੈ ਤਾਂ ਸਿਖਿਆ ਦਾ ਕੰਮ ਚੰਗੀ ਤਰ੍ਹਾਂ ਨਹੀਂ ਹੋ ਸਕਦਾ। ਸਕੂਲ ਤੋਂ ਲਏ ਸੰਸਕਾਰਾਂ ਅਤੇ ਆਦਤਾਂ ਦੀ ਜਦੋਂ ਤਕ ਘਰ ਵਿਚ ਪਕਾਈ ਨਹੀਂ ਕਰਵਾਈ ਜਾਂਦੀ, ਉਹ ਛੇਤੀ ਹੀ ਖਤਮ ਹੋ ਜਾਂਦੀਆਂ ਹਨ । ਜਦ ਬੱਚਾ ਸਕੂਲ ਵਿਚ ਇਕ ਤਰ੍ਹਾਂ ਦੇ ਜ਼ਬਤ ਵਿਚ ਰਹਿੰਦਾ ਹੈ ਅਤੇ ਘਰ ਵਿਚ ਦੂਜੀ ਤਰ੍ਹਾਂ ਦੇ ਤਾਂ ਬੱਚੇ ਦੇ ਆਚਰਨਾਂ ਨੂੰ ਬਣਾਇਆ ਨਹੀਂ ਜਾ ਸਕਦਾ । ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜਦ ਸਕੂਲ ਅਤੇ ਘਰ ਵਿਚ ਇਕ ਸੇਧ ਅਤੇ ਸਹਾਇਤਾ ਦਾ ਭਾਵ ਨਹੀਂ ਰਹਿੰਦਾ ਤਾਂ ਬੱਚੇ ਦੀ ਸ਼ਖਸੀਅਤ ਦਾ ਸਮੁਚਾ ਵਿਕਾਸ ਨਹੀਂ ਹੁੰਦਾ । ਨਾ ਉਸ ਦਾ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਨਾ ਉਸਦੇ ਆਚਰਨ ਦੀ ਪਕਾਈ ।

## ਸਿਖਿਆ ਦਾ ਵਿਆਪਕ ਅਤੇ ਸਾਧਾਰਨ ਅਰਥ

ਸਿਖਿਆ ਉਹ ਕੰਮ ਹੈ ਜਿਸ ਨਾਲ ਕਿਸੇ ਤਰ੍ਹਾਂ ਵਿਅਕਤੀ ਦੇ ਜੀਵਨ ਦਾ ਵਿਕਾਸ ਹੋਵੇ ਅਥਵਾ ਜਿਸ ਨਾਲ ਉਹ ਆਪਣੇ ਬਾਹਰਲੇ ਆਲੇ ਦੁਆਲੇ ਉਤੇ ਜਿੱਤ ਪ੍ਰਾਪਤ ਕਰਨਾ ਸਿੱਖੇ । ਇਹ ਸਿਖਿਆ ਦਾ ਕੰਮ ਜੀਵਨ ਭਰ ਚਲਦਾ ਰਹਿੰਦਾ ਹੈ । ਬੱਚੇ ਦੇ ਪੈਦਾ ਹੋਣ ਤੋਂ ਲੈ ਕੇ ਉਸ ਦੇ ਜੀਵਨ ਦੇ ਅੰਤ ਤਕ ਜਿਹੜੇ ਸੰਸਕਾਰ ਉਸਦੇ ਮਨ ਤੇ ਪੈਂਦੇ ਹਨ ਅਤੇ ਜਿਨ੍ਹਾਂ ਤੋਂ ਉਹ ਆਪਣੀ ਜੀਵਨ ਯਾਤਰਾ ਵਧੇਰੇ ਸਫਲ ਬਣਾਉਂਦਾ ਹੈ, ਉਹ ਸਾਰੇ ਸੰਸਕਾਰ ਸਿਖਿਆ ਦੇ ਘੇਰੇ ਅੰਦਰ ਆਉਂਦੇ ਹਨ । ਇਸ ਤਰ੍ਹਾਂ ਦੀ ਸਿਖਿਆ ਸਕੂਲ ਘਰ ਅਤੇ ਹੋਰ ਸਾਰੀਆਂ ਦੂਜੀਆਂ ਥਾਵਾਂ ਤੇ ਹੁੰਦੀ ਰਹਿੰਦੀ ਹੈ । ਇਹ 'ਸਿਖਿਆ' ਸ਼ਬਦ ਦਾ ਵਿਆਪਕ ਅਰਥ ਹੈ ।

ਜਦ ਅਸੀਂ ਬੱਚੇ ਦੀ ਸਿਖਿਆ ਦਾ ਚਰਚਾ ਕਰਦੇ ਹਾਂ ਤਾਂ 'ਸਿਖਿਆ' ਸ਼ਬਦ ਦੀ ਵਰਤੋਂ ਇਸ ਵਿਆਪਕ ਅਰਥ ਵਿਚ ਨਹੀਂ ਕਰਦੇ। ਅਸੀਂ ਇਸਦੀ ਇਕ ਸੰਕੋਚਵੇਂ ਅਰਥ ਵਿਚ ਵਰਤੋਂ ਕਰਦੇ ਹਾਂ। ਇਸ ਅਰਥ ਅਨੁਸਾਰ ਸਿਖਿਆ ਦਾ ਕੰਮ ਜਾਣ ਬੁਝ ਕੇ ਅਜਿਹੇ ਸੰਸਕਾਰਾਂ ਨੂੰ ਬੱਚਿਆਂ ਦੇ ਮਨ ਵਿਚ ਪਾਉਣਾ ਹੈ ਜਿਨ੍ਹਾਂ ਨੂੰ ਬਾਲਗ ਲੋਗ ਬਚਿਆਂ ਦੇ ਜੀਵਨ ਲਈ ਲਾਭਦਾਇਕ ਸਮਝਦੇ ਹਨ। ਇਹ ਸਿਖਿਆ ਘਰ, ਮੰਦਰਾਂ ਅਤੇ ਸਕੂਲ ਵਿਚ ਖਾਸ ਨਿਯਮਾਂ ਅਨੁਸਾਰ ਦਿਤੀ ਜਾਂਦੀ ਹੈ। ਇਹੋ ਸਿਖਿਆ ਦਾ ਸਧਾਰਨ ਅਰਥ ਹੈ। ਇਸ ਅਰਥ ਵਿਚ ਸਿਖਿਆ ਦੇਣ ਵਾਲੇ ਬਚਿਆਂ ਦੀ ਸਿਖਿਆ ਲਈ ਜ਼ਿਮੇਵਾਰ ਹਨ। ਜਿਸ ਰਾਸ਼ਟਰ ਵਿਚ ਇਸ ਤਰ੍ਹਾਂ ਦੀ ਸਿਖਿਆ ਦਾ ਪਰਬੰਧ ਚੰਗਾ ਹੁੰਦਾ ਹੈ, ਉਸ ਰਾਸ਼ਟਰ ਦੇ ਲੋਕ ਉੱਨਤੀ ਕਰਨ ਵਾਲੇ ਹੁੰਦੇ ਹਨ। ਸਕੂਲਾਂ ਵਿਚ ਜਿਹੜਾ ਸਿਖਿਆ ਦਾ ਕੰਮ ਕੀਤਾ ਜਾਂਦਾ ਹੈ, ਉਹ ਜਾਣ ਬੁਝ ਕੇ ਅਤੇ ਨਿਯਮਬੱਧ ਹੋ ਕੇ ਕੀਤਾ ਜਾਂਦਾ ਹੈ।

ਇਥੇ ਸਿਖਿਆ ਸ਼ਬਦ ਦੇ ਵਿਗੜੇ ਹੋਏ ਅਰਥਾਂ ਤੋਂ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਸਾਡੇ ਸਧਾਰਨ ਸਿਖਿਆ ਦੇਣ ਵਾਲਿਆਂ ਨੇ ਸਿਖਿਆ ਦਾ ਅਰਥ ਖਾਸ ਤਰ੍ਹਾਂ ਦੀਆਂ ਪੁਸਤਕਾਂ ਪੜ੍ਹਾਉਣਾ ਮੰਨ ਲਿਆ ਹੈ। ਇਸ ਲਈ ਜਦੋਂ ਤਕ ਅਸੀਂ ਆਪਣੇ ਬਚਿਆਂ ਦਾ ਪੋਥੀ ਗਿਆਨ ਵਧਦਿਆਂ ਨਹੀਂ ਵੇਖਦੇ ਅਸੀਂ ਉਨ੍ਹਾਂ ਨੂੰ ਸਿਖਿਆ ਪ੍ਰਾਪਤ ਕਰਦੇ ਨਹੀਂ ਮੰਨਦੇ। ਸਾਡੇ ਦੇਸ਼ ਵਿਚ ਪੋਥੀ-ਗਿਆਨ ਸਿਖਿਆ ਦਾ ਤਤ ਹੀ ਨਹੀਂ ਸਗੋਂ ਸਭ ਕੁਝ ਬਣ ਗਿਆ ਹੈ। ਜਿਹੜਾ ਬੱਚਾ ਇਸ ਤਰ੍ਹਾਂ ਦੀ ਸਿਖਿਆ ਲੈਂਦਾ ਹੈ ਉਹ ਪੋਥੀ ਪੰਡਤ ਹੋ ਜਾਂਦਾ ਹੈ। ਉਸਨੂੰ ਭਾਂਤ ਭਾਂਤ ਦੀਆਂ ਗਲਾਂ ਤਾਂ ਯਾਦ ਹੋ ਜਾਂਦੀਆਂ ਹਨ ਪਰ ਉਹ ਵਿਹਾਰ ਵਿਚ ਹੁਸ਼ਿਆਰ ਨਹੀਂ ਹੁੰਦਾ। ਇਸੇ ਤਰ੍ਹਾਂ ਉਸ ਦੇ ਆਚਰਨ ਵਿਚ ਉਹ ਗੁਣ ਨਹੀਂ ਆਉਂਦੇ ਜਿਨ੍ਹਾਂ ਕਰਕੇ ਉਹ ਸੰਸਾਰ ਦੇ ਕੰਡਿਆਲੇ ਰਾਹਾਂ ਉੱਤੇ ਦ੍ਰਿੜ੍ਹਤਾ ਨਾਲ ਚਲ ਸਕੇ। ਸੱਚੀ ਸਿਖਿਆ ਚਾਹੇ ਉਹ ਸਕੂਲਾਂ ਵਿਚ ਦਿਤੀ ਗਈ ਹੋਵੇ ਜਾਂ ਉਨ੍ਹਾਂ ਤੋਂ ਬਾਹਰ, ਸਦਾ ਬੱਚੇ ਦੀਆਂ ਮਾਨਸਿਕ ਸ਼ਕਤੀਆਂ ਦਾ ਵਿਕਾਸ ਕਰਦੀ ਹੈ। ਉਹ ਉਸਨੂੰ ਪੁਸਤਕ-ਗਿਆਨ ਹੀ ਨਹੀਂ ਦਿੰਦੀ ਸਗੋਂ ਉਸਦੀ ਸੁਤੰਤਰ ਸੋਚਣ ਦੀ ਸ਼ਕਤੀ ਵਧਾਉਂਦੀ ਹੈ ਅਤੇ ਉਸਨੂੰ ਅਜੇਹੀਆਂ ਚੰਗੀਆਂ ਆਦਤਾਂ ਪਾਉਂਦੀ ਹੈ ਜਿਸ ਨਾਲ ਉਹ ਆਪਣੇ ਜੀਵਨ ਨੂੰ ਵਧ ਤੋਂ ਵਧ ਸਮਾਜ ਲਈ ਲੋੜੀਂਦਾ ਬਣਾ ਸਕੇ। ਬਚਿਆਂ ਦੀ ਬੁਧੀ ਦਾ ਵਾਧਾ ਅਤੇ ਉਨ੍ਹਾਂ ਦੇ ਆਚਰਨ ਦੀ ਉਸਾਰੀ ਇਹ ਸਿਖਿਆ ਦੇ ਕੰਮ ਦੇ ਵੱਡੇ ਅੰਗ ਹਨ। ਹਰ ਸਕੂਲ ਦਾ ਨਿਸ਼ਾਨਾ ਇਨ੍ਹਾਂ ਚੋਂ ਨਿਸ਼ਾਨਿਆਂ ਦੀ ਪ੍ਰਾਪਤੀ ਹੈ।

## ਸਿਖਿਆ ਦੀ ਲੋੜ

ਇਕ ਸਿਖਿਅਤ ਵਿਅਕਤੀ ਅੱਗੇ ਸਿਖਿਆ ਦੀ ਆਵਸ਼ਕਤਾ ਅਤੇ ਲੋੜ ਸਿਧ ਰਕਨ ਦਾ ਜਤਨ ਬੇਲੋੜਾ ਪਰਤੀਤ ਹੁੰਦਾ ਹੈ। ਸਿਖਿਆ ਪਰਾਪਤ ਕਰ ਲੈਣ ਕਰਕੇ ਹੀ ਪੜ੍ਹੇ ਲਿਖੇ ਬੰਦੇ ਦਾ ਸਮਾਜ ਵਿਚ ਅਣਪੜ੍ਹ ਬੰਦੇ ਦੇ ਟਾਕਰੇ ਤੇ ਵਧੇਰੇ ਆਦਰ ਸਤਿਕਾਰ ਹੈ। ਉਹ ਦੂਜੇ ਲੋਕਾਂ ਦੇ ਗੰਭੀਰ ਵਿਚਾਰਾਂ ਨੂੰ ਸਿਖਿਆ ਪੱਲੇ ਹੋਣ ਕਰਕੇ ਬੜੀ ਸੌਖ ਨਾਲ ਸਮਝ ਲੈਂਦਾ ਹੈ ਅਤੇ ਉਨ੍ਹਾਂ ਤੋਂ ਲਾਭ ਉਠਾਉਂਦਾ ਹੈ। ਸਿਖਿਆ ਦੀ ਅਣਹੋਂਦ ਨਾਲ ਮਨੁਖ ਕਿੰਨਾ ਦੀਨ ਹਾਲਤ ਵਿਚ ਰਹਿੰਦਾ ਹੈ ਅਤੇ ਸਿਖਿਆ ਹੋਣ ਕਰਕੇ ਉਹ ਕਿੰਨਾ ਸ਼ਕਤੀ ਸ਼ਾਲੀ ਬਣ ਜਾਂਦਾ ਹੈ, ਇਹ ਗਲ ਹੀ ਸਿਖਿਆ ਦੀ ਲੋੜ ਨੂੰ ਸਭ ਤੋਂ ਚੰਗੀ ਤਰ੍ਹਾਂ ਦਰਸਾਉਂਦੀ ਹੈ। ਸਿਖਿਆ ਤੋਂ ਹੀਣ ਮਨੁਖ ਪਸ਼ੂ ਸਮਾਨ ਮੰਨਿਆ ਗਿਆ ਹੈ ਅਤੇ ਸਿਖਿਆ ਲਏ ਹੋਏ ਮਨੁਖ ਦੀ ਤੁਲਣਾ

ਦੇਵਤਿਆਂ ਨਾਲ ਕੀਤੀ ਜਾਂਦੀ ਹੈ।

ਬੱਚੇ ਨੂੰ ਦੋ ਖਾਸ ਕਾਰਨਾਂ ਕਰਕੇ ਸਿਖਿਆ ਦੇਣਾ ਬੜਾ ਲੋੜੀਂਦਾ ਹੈ। ਜਦ ਅਸੀਂ ਪਸ਼ੂਆਂ ਦੇ ਬਚਿਆਂ ਨਾਲ ਮਨੁਖ ਦੇ ਬੱਚੇ ਦੀ ਤੁਲਨਾ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਬਾਲਕ ਪਸ਼ੂਆਂ ਦੇ ਬਚਿਆਂ ਦੇ ਟਾਕਰੇ ਵਧੇਰੇ ਨਿਆਸਰਾ ਹੈ। ਕੁਦਰਤ ਨੇ ਜਨਮ ਤੋਂ ਹੀ ਮਨੁਖ ਦੇ ਬੱਚੇ ਨੂੰ ਉੱਨਾ ਯੋਗ ਨਹੀਂ ਬਣਾਇਆ ਜਿੰਨਾ ਜਾਨਵਰਾਂ ਦੇ ਬਚਿਆਂ ਨੂੰ। ਜੇ ਤੁਸੀਂ ਦੋ ਦਿਨ ਦੇ ਬਤੱਖ ਦੇ ਬੱਚੇ ਨੂੰ ਪਾਣੀ ਵਿਚ ਪਾ ਦਿਉ ਤਾਂ ਉਹ ਤੁਰਤ ਤਰਨ ਲਗ ਪਵੇਗਾ। ਉਹ ਬਿਨਾਂ ਸਿਖਾਏ ਹੀ ਤਰ ਲੈਂਦਾ ਹੈ। ਇਸੇ ਤਰ੍ਹਾਂ ਮੁਰਗੀ ਦਾ ਬੱਚਾ ਪੈਦਾ ਹੁੰਦਿਆਂ ਹੀ ਕਿਸੇ ਵੀ ਚਿੱਟੀ ਚਿੱਟੀ ਛੋਟੀ ਚੀਜ਼ ਨੂੰ ਚੁੰਝਾਂ ਮਾਰਨ ਲੱਗ ਪੈਂਦਾ ਹੈ। ਇਸ ਤਰ੍ਹਾਂ ਉਹ ਆਪਣੀ ਖੁਰਾਕ ਨੂੰ ਪਛਾਣ ਲੈਂਦਾ ਹੈ। ਚਿੜੀਆਂ ਨੂੰ ਆਲ੍ਹਣਾ ਬਨਾਉਣਾ ਕੋਈ ਨਹੀਂ ਸਿਖਾਉਂਦਾ, ਪਰ ਆਂਡੇ ਦੇਣ ਦਾ ਸਮਾਂ ਜਦੋਂ ਆਉਂਦਾ ਹੈ ਤਾਂ ਸਾਰੀਆਂ ਚਿੜੀਆਂ ਸੁਰਖਿਅਤ ਥਾਂ ਉਤੇ ਆਲ੍ਹਣਾ ਪਾ ਲੈਂਦੀਆਂ ਹਨ। ਆਲ੍ਹਣਾ ਪਾਉਣ ਦੀ ਰੀਝ ਕੁਦਰਤ ਉਨ੍ਹਾਂ ਦੇ ਮਨ ਵਿਚ ਪੈਦਾ ਕਰਦੀ ਹੈ, ਅਤੇ ਨਾਲ ਹੀ ਬਿਨਾ ਕਿਸੇ ਦੀ ਸਹਾਇਤਾ ਦੇ ਆਲ੍ਹਣਾ ਬਨਾਉਣ ਦੀ ਯੋਗਤਾ ਵੀ ਦਿੱਤੀ ਹੈ। ਇਹ ਗਲ ਅਸੀਂ ਮਨੁਖ ਦੇ ਬੱਚੇ ਵਿਚ ਨਹੀਂ ਵੇਖਦੇ। ਬਿਨਾਂ ਸਿਖਾਏ ਮਨੁਖ ਦਾ ਬੱਚਾ ਕੁਝ ਵੀ ਕਰਨ ਦੇ ਯੋਗ ਨਹੀਂ ਹੁੰਦਾ। ਜੇ ਪਸ਼ੂਆਂ ਦੇ ਬਚਿਆਂ ਨੂੰ ਕੋਈ ਖਾਣ ਪੀਣ ਜਾਂ ਸਵੈ-ਰਖਿਆ ਦੀ ਸਿਖਿਆ ਨਾ ਦੇਵੇ ਉਹ ਆਪਣਾ ਖਾਣਾ ਦਾਣਾ ਆਪ ਢੂੰਡ ਲੈਂਦੇ ਹਨ ਅਤੇ ਸਵੈ-ਰਖਿਆ ਕਰ ਲੈਂਦੇ ਹਨ, ਪਰ ਮਨੁਖ ਦਾ ਬੱਚਾ ਕੁਝ ਵੀ ਨਹੀਂ ਕਰ ਸਕਦਾ। ਜੇ ਉਸ ਨੂੰ ਬਾਹਰੋਂ ਸਹਾਇਤਾ ਨਾ ਮਿਲੇ ਤਾਂ ਥੋੜ੍ਹੇ ਹੀ ਚਿਰ ਵਿਚ ਉਸਦਾ ਸਾਹ ਸਤ ਜਵਾਬ ਦੇ ਜਾਵੇ। ਇਸ ਲਈ ਬੱਚੇ ਦੇ ਵਿਕਾਸ ਲਈ ਹੀ ਨਹੀਂ ਸਗੋਂ ਉਸਦੇ ਜੀਉਣ ਮਾਤਰ ਲਈ ਸਿਖਿਆ ਬਹੁਤ ਜ਼ਰੂਰੀ ਹੈ।

ਜਿਹੜਾ ਬਾਲਕ ਸਿਖਿਆ ਦੀ ਅਣਹੋਂਦ ਕਰਕੇ ਪਸ਼ੂਆਂ ਦੇ ਬਚਿਆਂ ਤੋਂ ਵੀ ਨਿਆਸਰਾ ਰਹਿੰਦਾ ਹੈ ਉਹ ਸਿਖਿਆ ਲੈਕੇ ਜੀਵ ਮਾਤਰ ਦਾ ਰਾਜਾ ਬਣ ਜਾਂਦਾ ਹੈ। ਸਾਰੀ ਧਰਤੀ ਉਸ ਦੇ ਮਾਨਣ ਲਈ ਬਣ ਜਾਂਦੀ ਹੈ। ਉਹ ਸਿਖਿਆ ਦੀ ਸਹਾਇਤਾ ਨਾਲ ਬਾਕੀ ਦੇ ਜੀਵਾਂ ਉਤੇ ਰਾਜ ਕਰਨ ਦੇ ਸਮਰੱਥ ਹੋ ਜਾਂਦਾ ਹੈ। ਇਕ ਮਹੀਨੇ ਦਾ ਤੋਤੇ ਦਾ ਬੱਚਾ ਇਕ ਮਹੀਨੇ ਦੇ ਮਨੁਖ ਦੇ ਬੱਚੇ ਨਾਲੋਂ ਵਧੇਰੇ ਬੋਲ ਸਕਦਾ ਹੈ। ਉਹ ਮਨੁਖ ਦੀ ਬੋਲੀ ਦੀ ਨਕਲ ਕਰ ਲੈਂਦਾ ਹੈ। ਮਨੁਖ ਦਾ ਬੱਚਾ ਕੁਝ ਵੀ ਨਹੀਂ ਕਰ ਸਕਦਾ। ਪਰ ਜਿਥੇ ਤੋਤੇ ਦਾ ਬੱਚਾ ਜੀਵਨ ਭਰ ਵਿਚ ਦੋ ਚਾਰ ਸ਼ਬਦ ਬੋਲਣੇ ਹੀ ਸਿਖ ਸਕਦਾ ਹੈ ਅਤੇ ਉਨ੍ਹਾਂ ਦੇ ਅਰਥ ਤੋਂ ਵੀ ਅਣਜਾਣ ਰਹਿੰਦਾ ਹੈ, ਮਨੁਖ ਦਾ ਬੱਚਾ ਸੰਸਾਰ ਦੀਆਂ ਔਖੀਆਂ ਤੋਂ ਔਖੀਆਂ ਬੋਲੀਆਂ ਸਿਖ ਲੈਂਦਾ ਹੈ ਅਤੇ ਉਨ੍ਹਾਂ ਉਤੇ ਪੂਰਾ ਪੂਰਾ ਕਾਬੂ ਪਾ ਲੈਂਦਾ ਹੈ। ਇਹ ਚਮਤਕਾਰ ਸਿਖਿਆ ਦਾ ਹੀ ਹੈ।

ਬੱਚੇ ਨੂੰ ਸਿਖਿਆ ਦੀ ਲੋੜ ਇਸ ਲਈ ਵੀ ਹੈ ਕਿ ਕੋਈ ਵੀ ਪ੍ਰਾਪਤ ਗੁਣ ਵਿਰਸੇ ਵਿਚ ਪਿਤਾ ਤੋਂ ਪੁਤਰ ਤਕ ਨਹੀਂ ਅਪੜਦਾ। ਸਾਡੀਆਂ ਜਨਮ-ਜਾਤੀ ਦੀਆਂ ਯੋਗਤਾਵਾਂ ਹੀ ਪਰੰਪਰਾ ਕਰਕੇ ਪਿਤਾ ਤੋਂ ਪੁਤਰ ਕੋਲ ਅਪੜਦੀਆਂ ਹਨ। ਜੇ ਪਿਤਾ ਕੋਈ ਆਪਣੇ ਯਤਨਾਂ ਨਾਲ ਵਿਸ਼ੇਸ਼ ਗੁਣ ਪ੍ਰਾਪਤ ਕਰ ਲੈਂਦਾ ਹੈ ਤਾਂ ਉਸਦਾ ਲਾਭ ਉਸ ਦੇ ਪੁਤਰ ਨੂੰ ਨਹੀਂ ਹੁੰਦਾ। ਪੁੱਤਰ ਵਿਚ ਉਹ ਗੁਣ ਪੈਦਾ ਕਰਨ ਲਈ ਉਸ ਨੂੰ ਯੋਗ ਸਿਖਿਆ ਦੇਣੀ ਪੈਂਦੀ ਹੈ। ਕੋਈ ਵੀ ਆਚਰਨ ਵਿਚ ਪਾਇਆ ਜਾਂਦਾ ਗੁਣ ਜਾਂ ਵਿਦਿਆ ਦਾ ਗਿਆਨ ਹਰ ਵਿਅਕਤੀ ਕੋਲ ਉਸ ਦੇ ਆਪਣੇ ਯਤਨਾਂ ਨਾਲ ਹੀ ਆਉਂਦਾ ਹੈ।

ਜੇ ਕੋਈ ਵਿਅਕਤੀ ਯੋਗ ਯਤਨ ਨਾ ਕਰੇ ਤਾਂ ਭਾਵੇਂ ਉਸ ਦੇ ਵਡੇਰੇ ਕਿਨੇ ਵੀ ਚਲਣ ਵਾ ਅਤੇ ਵਿਦਿਵਾਨ ਕਿਉਂ ਨਾ ਹੋਣ, ਉਹ ਆਪ ਯੋਗ ਵਿਅਕਤੀ ਨਹੀਂ ਬਣੇਗਾ। ਸਿਖਿ ਦਾ ਨਿਸ਼ਾਨਾ ਹਰ ਵਿਅਕਤੀ ਨੂੰ ਆਪਣੀ ਯੋਗਤਾ ਵਧਾਉਣ ਵਲ ਲਾਉਣਾ ਹੈ। ਸਿਖਿ ਦੇ ਕੰਮ ਵਿਚ ਕਦੇ ਸੁਸਤੀ ਨਹੀਂ ਹੋਣੀ ਚਾਹੀਦੀ। ਹਰ ਪੀੜ੍ਹੀ ਦੇ ਲੋਕਾਂ ਦੀ ਸਿਖਿ ਚੰਗੀ ਤਰ੍ਹਾਂ ਹੁੰਦੀ ਰਹਿਣੀ ਚਾਹੀਦੀ ਹੈ। ਜੇ ਕਦੇ ਕਿਸੇ ਰਾਸ਼ਟਰ ਦੀ ਇਕ ਵੀ ਪੀੜ੍ਹ ਦੀ ਸਿਖਿਆ ਵਲੋਂ ਅਣਗਹਿਲੀ ਕਰ ਦਿਤੀ ਜਾਵ ਤਾਂ ਰਾਸ਼ਟਰ ਕਿੰਨਾ ਵੀ ਯੋਗ ਕਿਉ ਨਾ ਹੋਵੇ, ਜਾਂਗਲੀ ਅਵਸਥਾ ਨੂੰ ਪਹੁੰਚ ਜਾਵੇਗਾ। ਇਸ ਲਈ ਸਿਖਿਆ ਤੋਂ ਵਧੇ ਮਹੱਤਤਾ ਵਾਲਾ ਕੋਈ ਵੀ ਕੰਮ ਨਹੀਂ ਹੈ। ਹਰ ਵਿਅਕਤੀ ਦਾ ਇਹ ਧਰਮ ਹੈ ਕਿ ਉ ਦੂਸਰਿਆਂ ਦੀ ਸਿਖਿਆ ਵਿਚ ਸਹਾਇਤਾ ਕਰਦਾ ਰਹੇ। ਜਿਹੜਾ ਸਿਖਿਆ ਦੇਣ ਵਾਲ ਧਰਮ ਸਮਝ ਕੇ ਆਪਣੇ ਕੰਮ ਨੂੰ ਮਨ ਲਾ ਕੇ ਕਰਦਾ ਹੈ, ਉਸ ਤੋਂ ਵਧੇਰੇ ਪਵਿੱਤ ਜੀਵਨ ਕਿਸੇ ਹੋਰ ਵਿਅਕਤੀ ਦਾ ਨਹੀਂ। ਇਸੇ ਤਰ੍ਹਾਂ ਸਭ ਤੋਂ ਚੰਗੀ ਸਰਕਾਰ ਉਹੋ ਹੈ ਹੈ ਜਿਹੜੀ ਰਾਸ਼ਟਰ ਦੀ ਆਮਦਨ ਦਾ ਵਧੇਰੇ ਹਿੱਸਾ ਲੋਕਾਂ ਦੀ ਸਿਖਿਆ ਉਤੇ ਖਰਚ ਕਰਦੀ ਹੈ ਅਰਥਾਤ ਜਿਹੜੀ ਸਿਖਿਆ ਦੇ ਕੰਮ ਨੂੰ ਹੀ ਸਭ ਤੋਂ ਵਧ ਮਹੱਤਤਾ ਦੀ ਥਾਂ ਦਿੰਦੀ ਹੈ। ਯੂਨਾਨ ਦੇ ਪਰਸਿਧ ਫਿਲਾਸਫਰ ਪਲੇਟੋ ਦੇ ਮੱਤ ਅਨੁਸਾਰ ਕਿਸੇ ਸਰਕਾਰ ਦੀ ਹੋਂਦ ਦਾ ਅਧਾਰ ਅਖਲਾਕੀ ਸਿਖਿਆ ਹੈ। ਇਸ ਲਈ ਜਿਹੜੀ ਸਰਕਾਰ ਲੋਕਾਂ ਦੇ ਸਿਖਿਆ ਦੇ ਕੰਮ ਨੂੰ ਚੰਗੀ ਤਰ੍ਹਾਂ ਨਹੀਂ ਕਰਦੀ ਉਹ ਆਪਣੀ ਥਿਰਤਾ ਦੇ ਅਖਲਾਕੀ ਅਧਾਰ ਨੂੰ ਗੁਆ ਲੈਂਦੀ ਹੈ। ਜ਼ਾਲਮ ਜਾਂ ਵਿਦੇਸ਼ੀ ਸਰਕਾਰਾਂ ਆਮ ਕਰਕੇ ਸਿਖਿਆ ਦੇ ਕੰਮ ਵਲ ਅਣਗਹਿਲੀ ਕਰਦੀਆਂ ਹਨ। ਕਿੰਨੀਆਂ ਹੀ ਵਿਦੇਸ਼ੀ ਸਰਕਾਰਾਂ ਆਪਣੇ ਅਧੀਨ ਲੋਕਾਂ ਵਿਚ ਸਿਖਿਆ ਦੇ ਪਰਚਾਰ ਨੂੰ ਜਾਣ ਬੁਝ ਕੇ ਰੋਕਦੀਆਂ ਹਨ— ਕਿਉਂਕਿ ਉਨ੍ਹਾਂ ਦੀ ਹੋਂਦ ਦਾ ਅਧਾਰ ਹੀ ਲੋਕਾਂ ਦੀ ਬੇਸਮਝੀ ਹੈ। ਇਸ ਤਰ੍ਹਾਂ ਦਾ ਰਾਜ ਅਖਲਾਕੀ ਰਾਜ ਨਹੀਂ ਹੁੰਦਾ। ਅਧੁਨਿਕ ਕਾਲ ਵਿਚ ਇਸ ਤਰ੍ਹਾਂ ਦੇ ਸਾਰੇ ਰਾਜਾਂ ਨੂੰ ਖਤਮ ਕਰਨ ਦੀ ਲਹਿਰ ਸੰਸਾਰ ਵਿਚ ਚਲ ਰਹੀ ਹੈ।

## ਸਿਖਿਆ ਦੇ ਸਾਧਨ

ਬੱਚੇ ਦੀ ਸਿਖਿਆ ਕਈ ਤਰ੍ਹਾਂ ਦੀ ਹੁੰਦੀ ਹੈ। ਪਹਿਲਾਂ ਤਾਂ ਕੁਦਰਤ ਹੀ ਬੱਚੇ ਨੂੰ ਸਿਖਿਆ ਦੇਂਦੀ ਹੈ ਅਤੇ ਦੂਜੇ ਸਮਾਜ ਬੱਚੇ ਨੂੰ ਸਿਖਿਅਤ ਬਣਾਉਂਦਾ ਹੈ। ਕਿੰਨੇ ਹੀ ਸਿਖਿਆ ਵਿਗਿਆਨਕਾਂ ਨੇ ਪਹਿਲੀ ਕਿਸਮ ਦੀ ਸਿਖਿਆ ਨੂੰ ਇੰਨੀ ਮਹੱਤਾ ਦਿਤੀ ਹੈ ਕਿ ਉਹ ਸਮਾਜ ਰਾਹੀਂ ਦਿਤੀ ਸਿਖਿਆ ਨੂੰ ਬੱਚੇ ਦੀ ਮਾਨਸਿਕ ਵਿਕਾਸ ਵਿਚ ਰੋਕ ਪਾਉਣ ਵਾਲੀ ਸਿਖਿਆ ਮੰਨਣ ਲਗ ਪਏ ਹਨ। ਸੁਭਾਵਕ ਸਿਖਿਆ ਨੂੰ ਮਹੱਤਾ ਦੇਣ ਵਾਲੇ ਸਿਖਿਆ ਵਿਗਿਆਨੀ ਰੂਸੋ ਦਾ ਕਥਨ ਹੈ ਕਿ ਬਾਲਕ ਨੂੰ ਜਿੰਨੀ ਦੇਰ ਤਕ ਸਮਾਜਿਕ ਸਿਖਿਆ ਤੋਂ ਰੋਕਿਆ ਜਾਵੇ ਉਨਾ ਚੰਗਾ ਹੈ, ਉਸ ਨੂੰ ਕੁਦਰਤ ਤੋਂ ਆਪਣੇ ਆਪ ਸਿਖਿਆ ਪਰਾਪਤ ਕਰਨ ਦਿਉ। ਉਸ ਦਾ ਕਹਿਣਾ ਹੈ ਕਿ ਬੱਚੇ ਨੂੰ ਜਿਹੜੀ ਗਲ ਕਲ੍ਹ ਸਿਖਾ ਸਕਦੇ ਹੋ ਉਸ ਨੂੰ ਅੱਜ ਨਾ ਸਿਖਾਓ।

## ਬੱਚੇ ਦੀ ਕੁਦਰਤੀ ਸਿਖਿਆ

ਅਸਲ ਵਿਚ ਬੱਚਾ ਕੁਦਰਤ ਤੋਂ ਕਈ ਤਰ੍ਹਾਂ ਦੀ ਸਿਖਿਆ ਲੈਂਦਾ ਹੈ। ਜਿਸ ਤਰ੍ਹਾਂ

ਕੁਦਰਤ ਸੰਸਾਰ ਦੇ ਹਰ ਜੀਵਾਂ ਨੂੰ ਆਪਣੇ ਜੀਵਨ ਨਿਰਬਾਹ ਲਈ ਅਨੇਕ ਤਰ੍ਹਾਂ ਦੀ ਸਿਖਿਆ ਦਿੰਦੀ ਹੈ, ਉਸੇ ਤਰ੍ਹਾਂ ਉਹ ਬੱਚੇ ਨੂੰ ਵੀ ਕਈ ਤਰ੍ਹਾਂ ਦੀ ਸਿਖਿਆ ਦਿੰਦੀ ਹੈ । ਬੱਚਾ ਸੁਭਾਵਕ ਚੰਚਲ ਹੁੰਦਾ ਹੈ । ਇਸ ਚੰਚਲਤਾ ਕਰਕੇ ਉਹ ਸਦਾ ਨਵੀਆਂ ਗੱਲਾਂ ਸਿਖਦਾ ਰਹਿੰਦਾ ਹੈ । ਜਦੋਂ ਉਹ ਕੋਈ ਗਲਤੀ ਕਰਦਾ ਹੈ ਤਾਂ ਉਸ ਨੂੰ ਦੁਖ ਹੁੰਦਾ ਹੈ ਅਤੇ ਜਦ ਉਹ ਠੀਕ ਕੰਮ ਕਰਦਾ ਹੈ ਤਾਂ ਉਸ ਨੂੰ ਸੁਖ ਦਾ ਅਨੁਭਵ ਹੁੰਦਾ ਹੈ । ਇਸ ਤਰ੍ਹਾਂ ਬੱਚੇ ਦੇ ਜੀਵਨ ਵਿਚ ਜਿਹੜੇ ਕੰਮ ਲਾਭਦਾਇਕ ਨਹੀਂ ਹੁੰਦੇ, ਉਹ ਉਨ੍ਹਾਂ ਨੂੰ ਕਰਨਾ ਛਡ ਦੇਂਦਾ ਹੈ ਅਤੇ ਜਿਹੜੇ ਲਾਭਦਾਇਕ ਹੁੰਦੇ ਹਨ ਉਨ੍ਹਾਂ ਨੂੰ ਕਰਨ ਦੀ ਉਹ ਆਪਣੇ ਵਿਚ ਆਦਤ ਪਾਉਂਦਾ ਹੈ । ਇਹ ਕੁਦਰਤੀ ਸਿਖਿਆ ਦੁਖ ਅਤੇ ਸੁਖ ਦੀ ਪ੍ਰਤੀ-ਕਰਮ ਆਖੀ ਜਾਂਦੀ ਹੈ ।

ਇਕ ਬੱਚਾ ਖੇਡ ਰਿਹਾ ਹੈ । ਉਸ ਦੇ ਸਾਹਮਣੇ ਇਕ ਦੀਵਾ ਆਉਂਦਾ ਹੈ । ਜਦੋਂ ਉਹ ਦੀਵੇ ਦੀ ਲਾਟ ਵੇਖਦਾ ਹੈ ਤਾਂ ਉਸ ਵਲ ਖਿਚਿਆ ਜਾਂਦਾ ਹੈ । ਉਹ ਉਸ ਨੂੰ ਫੜਨਾ ਚਾਹੁੰਦਾ ਹੈ । ਜਦ ਉਹ ਆਪਣਾ ਹੱਥ ਲਾਟ ਕੋਲ ਲੈ ਜਾਂਦਾ ਹੈ ਤਾਂ ਉਸ ਨੂੰ ਬੜਾ ਦੁਖ ਪਹੁੰਚਦਾ ਹੈ । ਉਸ ਦੀ ਉਂਗਲੀ ਸੜ ਜਾਂਦੀ ਹੈ । ਉਸ ਨੂੰ ਬੜਾ ਦੁਖ ਪਰਤੀਤ ਹੁੰਦਾ ਹੈ । ਉਹ ਚੀਕ ਉਠਦਾ ਹੈ । ਹੁਣ ਜਦ ਵੀ ਬੱਚਾ ਦੀਵੇ ਦੀ ਲਾਟ ਨੂੰ ਵੇਖਦਾ ਹੈ ਉਹ ਉਸ ਵਲ ਖਿਚਿਆ ਜ਼ਰੂਰ ਜਾਂਦਾ ਹੈ ਪਰ ਉਸ ਦਾ ਪੁਰਾਣਾ ਤਜਰਬਾ ਦੀਵੇ ਦੀ ਲਾਟ ਨੂੰ ਫੜਨ ਤੋਂ ਰੋਕਦਾ ਹੈ । ਇਸ ਦੁਖ ਰਾਹੀਂ ਕੁਦਰਤ ਨੇ ਬੱਚੇ ਨੂੰ ਅੱਗ ਤੋਂ ਆਪਣੇ ਆਪ ਨੂੰ ਬਚਾਉਣ ਦੀ ਸਿਖਿਆ ਦੇ ਦਿੱਤੀ ਹੈ ।

ਬੱਚਾ ਜਨਮ ਤੋਂ ਕਿਸੇ ਘਰ ਆਏ ਤੋਂ ਡਰ ਪਰਤੀਤ ਨਹੀਂ ਕਰਦਾ ਪਰ ਉਸ ਦਾ ਕਦਰਤੀ ਤਜਰਬਾ ਉਸ ਨੂੰ ਸਿਖਾਉਂਦਾ ਹੈ ਕਿ ਸਾਰੇ ਘਰ ਆਉਣ ਵਾਲਿਆਂ ਉਤੇ ਵਿਸ਼ਵਾਸ਼ ਨਹੀਂ ਕਰਨਾ ਚਾਹੀਦਾ । ਇਸ ਲਈ ਉਹ ਘਰ ਆਉਣ ਵਾਲਿਆਂ ਤੋਂ ਹੁਸ਼ਿਆਰ ਹੋ ਜਾਂਦਾ ਹੈ ਤੇ ਕਿਸੇ ਦੇ ਭੁਲਾਉਣ ਵਿਚ ਸੌਖੀ ਤਰ੍ਹਾਂ ਨਹੀਂ ਆਉਂਦਾ । ਬੱਚਾ ਜਦ ਕੋਈ ਮੂੰਹ ਵਿਚ ਪਾਣ ਵਾਲੀ ਚੀਜ਼ ਵੇਖਦਾ ਹੈ ਤਾਂ ਉਸ ਨੂੰ ਚੁਕ ਕੇ ਮੂੰਹ ਵਿਚ ਪਾ ਲੈਂਦਾ ਹੈ । ਪਰ ਕਈ ਅਜੇਹੀਆਂ ਚੀਜ਼ਾਂ ਕੌੜੀਆਂ ਕਸੈਲੀਆਂ ਹੁੰਦੀਆਂ ਹਨ । ਜਿੰਨ੍ਹੀਆਂ ਨਾਲ ਉਸ ਦਾ ਮੂੰਹ ਸੜ ਜਾਂਦਾ ਹੈ । ਇਸ ਤਰ੍ਹਾਂ ਦੇ ਤਜਰਬਿਆਂ ਨਾਲ ਬੱਚਾ ਸੁਚੇਤ ਹੋ ਜਾਂਦਾ ਹੈ । ਹੁਣ ਉਹ ਸਭ ਚੀਜ਼ਾਂ ਨੂੰ ਮੂੰਹ ਵਿੱਚ ਨਹੀਂ ਪਾਉਂਦਾ । ਉਹ ਜਿਨ੍ਹਾਂ ਨੂੰ ਮਿੱਠਾ ਸਮਝਦਾ, ਉਨ੍ਹਾਂ ਨੂੰ ਹੀ ਮੂੰਹ ਵਿਚ ਪਾਉਂਦਾ ਹੈ ।

## ਸਮਾਜਿਕ ਸਿਖਿਆ

ਬੱਚੇ ਦੀ ਸਮਾਜ ਤੋਂ ਪਰਾਪਤ ਕੀਤੀ ਸਿਖਿਆ ਦੋ ਕਿਸਮ ਦੀ ਹੁੰਦੀ ਹੈ—ਇਕ ਨਿਯਮ-ਬੱਧ (ਵਿਧਾਨਿਕ) ਅਤੇ ਦੂਜੀ ਸਹਿਜ ਸਿਖਿਆ (ਅਵੈਧਾਨਿਕ) । ਦੋਹਾਂ ਹੀ ਤਰ੍ਹਾਂ ਦੀਆਂ ਸਿਖਿਆਵਾਂ ਬੱਚੇ ਦੇ ਮਾਨਸਿਕ ਵਿਕਾਸ ਲਈ ਜ਼ਰੂਰੀ ਹਨ । ਬੱਚੇ ਦੇ ਜੀਵਨ ਵਿਚ ਸਹਿਜ ਸਿਖਿਆ ਦਾ ਅਰੰਭ ਪਹਿਲਾਂ ਹੁੰਦਾ ਹੈ ਅਤੇ ਇਸ ਤਰ੍ਹਾਂ ਦੀ ਸਿਖਿਆ ਵਿਅਕਤੀ ਦੇ ਜੀਵਨ ਭਰ ਹੁੰਦੀ ਹੈ । ਬੱਚੇ ਦੀ ਨਿਯਮ-ਬੱਧ ਸਿਖਿਆ ਦਾ ਅਰੰਭ ਸਹਿਜ ਸਿਖਿਆ ਦੇ ਅਰੰਭ ਹੋਣ ਪਿਛੋਂ ਹੁੰਦਾ ਹੈ ਅਤੇ ਬਾਲਗ ਅਵਸਥਾ ਪਹੁੰਚਣ ਤਕ ਆਮ ਤੌਰ ਤੇ ਇਹ ਸਿਖਿਆ ਖਤਮ ਹੋ ਜਾਂਦੀ ਹੈ । ਸਹਿਜ ਸਿਖਿਆ ਅਤੇ ਨਿਯਮ-ਬੱਧ ਸਿਖਿਆ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ । ਸਹਿਜ ਸਿਖਿਆ ਕਦੇ ਕਦੇ ਨਿਯਮ ਬੱਧ ਸਿਖਿਆ ਦਾ ਹੀ ਰੂਪ ਧਾਰਨ ਕਰ ਲੈਂਦੀ ਹੈ । ਇਸੇ ਤਰ੍ਹਾਂ ਨਿਯਮ ਬੱਧ ਸਿਖਿਆ ਵਿਚ ਦੱਸੀਆਂ ਬਹੁਤ ਸਾਰੀਆਂ ਗੱਲਾਂ ਸਹਿਜ ਸਿਖਿਆ ਵਿਚ ਦੱਸੀਆਂ ਗਈਆਂ ਹੁੰਦੀਆਂ ਹਨ ।

ਸਹਿਜ ਸਿਖਿਆ ਬਿਨਾਂ ਖੇਚਲ ਕੀਤੇ ਬੱਚੇ ਨੂੰ ਆਪਣੇ ਆਪ ਹੁੰਦੀ ਹੈ, ਨਿਯਮ ਬੱਧ ਸਿਖਿਆ ਜਾਣ ਬੁਝ ਕੇ ਬੱਚੇ ਨੂੰ ਦਿਤੀ ਜਾਂਦੀ ਹੈ ਅਤੇ ਬੱਚਾ ਵੀ ਉਸ ਨੂੰ ਜਾਣ ਬੁਝ ਕੇ ਗ੍ਰਹਿਣ ਕਰਦਾ ਹੈ।

## ਸਹਿਜ ਸਿਖਿਆ ਦੇ ਸਾਧਨ

ਸਹਿਜ ਸਿਖਿਆ ਦੇ ਸਾਧਨ ਹੇਠ ਲਿਖੇ ਹਨ :—

੧. ਪਰਵਾਰ।

੨. ਧਾਰਮਕ ਇਕੱਠ।

੩. ਯਾਰ ਦੋਸਤ।

੪. ਸਭਾ-ਸੁਸਾਇਟੀ।

ਇਨ੍ਹਾਂ ਸਿਖਿਆ ਦੇ ਸਾਧਨਾਂ ਉਤੇ ਵਖ ਵਖ ਵਿਚਾਰ ਕਰਨਾ ਇਨ੍ਹਾਂ ਦੀ ਮੌਲਕਤਾ ਸਮਝਣ ਲਈ ਜ਼ਰੂਰੀ ਹੈ।

**ਪਰਵਾਰ ਰਾਹੀਂ ਸਿਖਿਆ :-** ਬੱਚੇ ਦਾ ਪਹਿਲਾ ਸਕੂਲ ਟੱਬਰ ਹੈ। ਜਿਹੜੀ ਸਿਖਿਆ ਬੱਚੇ ਨੂੰ ਮਾਂ ਦੀ ਗੋਦ ਵਿਚ ਮਿਲਦੀ ਹੈ ਉਹ ਚਿਰ ਰਹਿਣੀ ਹੈ। ਇੰਗਲੈਂਡ ਦੇ ਪਰਸਿਧ ਫਿਲਾਸਫਰ ਬਰਟਰੈਂਡ ਰਸਲ ਆਪਣੀ 'ਆਨ ਐਜੂਕੇਸ਼ਨ' ਨਾਮੀ ਪੁਸਤਕ ਵਿਚ ਬੱਚੇ ਦੀ ਸਿਖਿਆ ਦਾ ਅਰੰਭ ਕਾਲ ਉਸ ਦੀ ਇਕ ਸਾਲ ਦੀ ਉਮਰ ਦਸਦੇ ਹਨ। ਬੱਚੇ ਦੇ ਜੀਵਨ ਵਿਚ ਕਈ ਜਟੀਲੀਆਂ ਆਦਤਾਂ ਇਕ ਸਾਲ ਦੀ ਉਮਰ ਵਿਚ ਹੀ ਪੈ ਜਾਂਦੀਆਂ ਹਨ। ਬਹੁਤ ਸਾਰੀਆਂ ਮਾਵਾਂ ਬੱਚੇ ਨੂੰ ਹਰ ਵੇਲੇ ਗੋਦੀ ਵਿਚ ਹੀ ਰਖੀ ਰਖਦੀਆਂ ਹਨ। ਜਦੋਂ ਉਹ ਉਸ ਨੂੰ ਗੋਦੀ ਵਿਚੋਂ ਹੇਠਾਂ ਉਤਾਰਦੀਆਂ ਹਨ ਤਾਂ ਉਹ ਰੋਣ ਲਗ ਜਾਂਦਾ ਹੈ। ਇਸ ਤੇ ਮਾਂ ਦੁਖੀ ਹੁੰਦੀ ਹੈ ਅਤੇ ਉਸ ਨੂੰ ਫਿਰ ਗੋਦੀ ਵਿਚ ਲੈ ਲੈਂਦੀ ਹੈ। ਪਰ ਇਸ ਤਰ੍ਹਾਂ ਬੱਚੇ ਦੀ ਮਰਜ਼ੀ ਪੂਰੀ ਕਰਨ ਨਾਲ ਉਸ ਵਿੱਚ ਅੱਗੇ ਜ਼ਿਦ ਕਰਨ ਦੀ ਆਦਤ ਪੈ ਜਾਂਦੀ ਹੈ। ਜ਼ਿੱਦੀ ਬੱਚਾ ਦੂਜਿਆਂ ਦੇ ਔਖ ਦੀ ਪਰਵਾਹ ਨਹੀਂ ਕਰਦਾ, ਉਹ ਸਦਾ ਆਪਣੀ ਸੌਖ ਲਭਦਾ ਹੈ। ਉਹ ਸਵਾਰਥੀ ਵਿਅਕਤੀ ਬਣ ਜਾਂਦਾ ਹੈ। ਇਸ ਸਦਕਾ ਉਸ ਨੂੰ ਬਹੁਤ ਕਿਸਮ ਦੇ ਦੁਖ ਹੁੰਦੇ ਹਨ।

ਬਚਿਆਂ ਵਿਚ ਖਾਣ ਪੀਣ ਦੀਆਂ ਆਦਤਾਂ ਵੀ ਇਕ ਦੋ ਸਾਲ ਦੀ ਉਮਰ ਵਿਚ ਪਾਈਆਂ ਜਾ ਸਕਦੀਆਂ ਹਨ। ਜਦੋਂ ਬੱਚੇ ਨੂੰ ਵੇਲੇ ਸਿਰ ਖਾਣ ਨੂੰ ਦਿੱਤਾ ਜਾਂਦਾ ਹੈ ਤਾਂ ਉਹ ਹਰ ਵੇਲੇ ਖਾਣ ਨੂੰ ਨਹੀਂ ਰੋਂਦਾ ਰਹਿੰਦਾ। ਉਹ ਹੋਰ ਵੇਲੇ ਆਪਣਾ ਮਨ ਖੇਡ ਵਿਚ ਲਾਉਂਦਾ ਹੈ। ਕਿਸੇ ਵੀ ਬੱਚੇ ਨੂੰ ਤਿੰਨ ਜਾਂ ਚਾਰ ਘੰਟੇ ਦਾ ਫਰਕ ਪਾ ਕੇ ਖਾਣਾ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਵਿਚ ਖਾਣ ਨੂੰ ਨਹੀਂ ਦੇਣਾ ਚਾਹੀਦਾ। ਇਸ ਤਰ੍ਹਾਂ ਨਾ ਕਰਨ ਨਾਲ ਇਕ ਤਾਂ ਬੱਚੇ ਦੀ ਸਿਹਤ ਠੀਕ ਨਹੀਂ ਰਹਿੰਦੀ ਦੂਜੇ ਉਸ ਵਿਚ ਸੈਜ਼ਬਤ ਦੀ ਆਦਤ ਨਹੀਂ ਪੈਂਦੀ। ਬੱਚੇ ਵਿਚ ਸੈਜ਼ਬਤ ਦੀ ਆਦਤ ਉਸ ਦੇ ਬਾਲਪਣ ਵਿਚ ਪਾਈ ਜਾ ਸਕਦੀ ਹੈ। ਹਰ ਤਰ੍ਹਾਂ ਦੇ ਅਖਲਾਕ ਦਾ ਅਧਾਰ ਸਵੇਜ਼ਬਤ ਹੈ। ਜਿਸ ਬੱਚੇ ਵਿਚ ਇਸ ਦੀ ਘਾਟ ਰਹਿੰਦੀ ਹੈ, ਉਸ ਵਿਚ ਸਾਰੇ ਅਖਲਾਕੀ ਗੁਣਾਂ ਦੀ ਘਾਟ ਰਹਿੰਦੀ ਹੈ। ਸੈਜ਼ਬਤ ਪਹਿਲਾਂ ਖਾਣ ਪੀਣ ਦੀਆਂ ਆਦਤਾਂ ਵਿਚ ਆਉਂਦਾ ਹੈ, ਪਿਛੋਂ ਜਾ ਕੇ ਹੋਰ ਗੱਲਾਂ ਵਿਚ ਆਉਂਦਾ ਹੈ।

ਜਿਸ ਤਰ੍ਹਾਂ ਸੈਜ਼ਬਤ ਦੀ ਆਦਤ ਬੱਚਿਆਂ ਵਿਚ ਇਕ ਸਾਲ ਦੀ ਉਮਰ ਵਿਚ ਪਾਈ ਜਾ ਸਕਦੀ ਹੈ, ਇਸੇ ਤਰ੍ਹਾਂ ਉਨ੍ਹਾਂ ਦੀ ਬੀਰਤਾ ਜਾਂ ਕਾਇਰਤਾ ਦੀ ਆਦਤ ਇਕ ਦੋ

ਸਾਲ ਦੀ ਉਮਰ ਵਿਚ ਪਾਈ ਜਾ ਸਕਦੀ ਹੈ। ਕੋਈ ਵੀ ਬੱਚਾ ਜਨਮ ਤੋਂ ਨਾ ਬੀਰ ਹੁੰਦਾ ਹੈ ਨਾ ਕਾਇਰ। ਇਹ ਗੁਣ ਉਸ ਵਿਚ ਅਭਿਆਸ ਨਾਲ ਆਉਂਦੇ ਹਨ। ਜਿਹੋ ਜਿਹਾ ਬੱਚੇ ਦਾ ਅਭਿਆਸ ਹੁੰਦਾ ਹੈ ਉਹੋ ਜਿਹਾ ਉਹ ਵਿਅਕਤੀ ਬਣ ਜਾਂਦਾ ਹੈ। ਹਰ ਬੱਚੇ ਵਿਚ ਆਪਾ ਵਿਖਾਉਣ ਦੀ ਤੀਬਰ ਚਾਹ ਹੁੰਦੀ ਹੈ। ਜਦੋਂ ਬੱਚੇ ਨੂੰ ਆਪਣਾ ਆਪ ਵਿਖਾਉਣ ਦਾ ਸਮਾਂ ਮਿਲਦਾ ਹੈ ਅਤੇ ਉਸ ਨੂੰ ਆਪਾ ਵਿਖਾਉਣ ਦਾ ਉਤਸ਼ਾਹ ਮਿਲਦਾ ਹੈ ਤਾਂ ਉਹ ਬੀਰ ਮਰਦ ਬਣ ਜਾਂਦਾ ਹੈ। ਇਸ ਦੇ ਉਲਟ ਜਦ ਬੱਚੇ ਨੂੰ ਨਾ ਆਪਾ ਦਰਸਾਉਣ ਦਾ ਕੋਈ ਅਵਸਰ ਮਿਲਦਾ ਹੈ ਅਤੇ ਜੇ ਉਸ ਨੂੰ ਅਵਸਰ ਮਿਲਦਾ ਹੈ ਪਰ ਉਤਸ਼ਾਹ ਨਹੀਂ ਮਿਲਦਾ, ਤਾਂ ਉਹ ਕਾਇਰ ਹੋ ਜਾਂਦਾ ਹੈ। ਜਿਹੜੇ ਮਾਪੇ ਆਪਣੇ ਬੱਚੇ ਨੂੰ ਹਰ ਘੜੀ ਝਾੜ ਪਾਉਂਦੇ ਹਨ, ਝਟ ਰੌਲਾ ਪਾਉਣ ਉਤੇ ਝਿੜਕ ਝੰਬ ਦਿੰਦੇ ਹਨ, ਉਹ ਉਨ੍ਹਾਂ ਨੂੰ ਕਾਇਰ ਵਿਅਕਤੀ ਬਣਾਉਂਦੇ ਹਨ। ਬਚਪਣ ਦੇ ਸੰਸਕਾਰ ਬੱਚੇ ਦੇ ਅਚੇਤ ਮਨ ਵਿਚ ਥਾਂ ਬਣਾ ਲੈਂਦੇ ਹਨ। ਇਹ ਸੰਸਕਾਰ ਵਿਚਾਰਾਂ ਦੇ ਵਾਧੇ ਨਾਲ ਵੀ ਮਨ ਵਿਚੋਂ ਨਹੀਂ ਨਿਕਲਦੇ। ਜਿਨ੍ਹਾਂ ਗੱਲਾਂ ਨੂੰ ਵਿਅਕਤੀ ਸੋਚ ਵਿਚਾਰ ਕੇ ਗ੍ਰਹਿਣ ਕਰਦਾ ਹੈ, ਉਨ੍ਹਾਂ ਨੂੰ ਪਿਛੋਂ ਉਹ ਆਪਣੀ ਮਰਜ਼ੀ ਨਾਲ ਛਡ ਵੀ ਸਕਦਾ ਹੈ। ਪਰ ਜਿਨ੍ਹਾਂ ਗੱਲਾਂ ਨੂੰ ਉਹ ਸੋਚ ਸ਼ਕਤੀ ਦੇ ਪੈਦਾ ਹੋਣ ਤੋਂ ਪਹਿਲਾਂ ਗ੍ਰਹਿਣ ਕਰਦਾ ਹੈ, ਉਨ੍ਹਾਂ ਨੂੰ ਉਹ ਯਤਨ ਕਰਨ ਨਾਲ ਵੀ ਨਹੀਂ ਛਡ ਸਕਦਾ। ਇਹੋ ਕਾਰਨ ਹੈ ਕਿ ਕਈ ਸਿਆਣੇ ਲੋਕਾਂ ਵਿਚ ਹਿੰਮਤ ਦੀ ਘਾਟ ਪਾਈ ਜਾਂਦੀ ਹੈ। ਗਿਆਨ ਵਿਚ ਵਾਧਾ ਆਪਣੀ ਮਿਹਨਤ ਨਾਲ ਕੀਤਾ ਜਾ ਸਕਦਾ ਹੈ ਪਰ ਹਿੰਮਤ ਦੇ ਵਾਧੇ ਲਈ ਨਾ ਸਿਰਫ ਆਪਣੇ ਯਤਨਾਂ ਦੀ ਲੋੜ ਹੈ ਸਗੋਂ ਸਾਰੇ ਪਰਵਾਰ ਅਤੇ ਸਮਾਜ ਦੇ ਯਤਨਾਂ ਦੀ ਲੋੜ ਹੁੰਦੀ ਹੈ। ਹਿੰਮਤ ਚੇਤਨ ਮਨ ਦੀ ਚੀਜ਼ ਨਹੀਂ, ਇਹ ਮਨੁਖ ਦੇ ਅਚੇਤ ਮਨ ਦੀ ਚੀਜ਼ ਹੈ। ਅਚੇਤ ਮਨ ਦੇ ਸੰਸਕਾਰ ਹੌਲੀ ਹੌਲੀ ਬਣਦੇ ਹਨ ਅਤੇ ਉਨ੍ਹਾਂ ਵਿਚ ਹੌਲੀ ਹੌਲੀ ਹੀ ਤਬਦੀਲੀ ਆ ਸਕਦੀ ਹੈ। ਇਹ ਸੰਸਕਾਰ ਬੱਚੇ ਵਿਚ ਬਾਲਪਣ ਵਿਚ ਹੀ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਲਈ ਮਾਪਿਆਂ ਦਾ ਕਰਤਵ ਹੈ ਕਿ ਬੱਚਿਆਂ ਦੇ ਮਨ ਵਿਚ ਕਿਸੇ ਤਰ੍ਹਾਂ ਦੇ ਅਨੁਚਿਤ ਸੰਸਕਾਰਾਂ ਨੂੰ ਨਾ ਪੈਣ ਦੇਣ।

ਬੱਚਿਆਂ ਵਲ ਜਿਸ ਤਰ੍ਹਾਂ ਦਾ ਮਾਪਿਆਂ ਦਾ ਵਤੀਰਾ ਹੁੰਦਾ ਹੈ ਉਨ੍ਹਾਂ ਦਾ ਮਾਨਸਿਕ ਵਿਕਾਸ ਵੀ ਇਸੇ ਤਰ੍ਹਾਂ ਦਾ ਹੁੰਦਾ ਹੈ। ਮਾਪਿਆਂ ਦਾ ਵਤੀਰਾ ਬੱਚੇ ਦੇ ਆਲੇ ਦੁਆਲੇ ਇਕ ਖਾਸ ਤਰ੍ਹਾਂ ਦਾ ਮਾਨਸਿਕ ਵਾਤਾਵਰਨ ਪੈਦਾ ਕਰਦਾ ਹੈ। ਜੇ ਇਹ ਵਾਤਾਵਰਨ ਬੱਚੇ ਦੇ ਅਨੁਕੂਲ ਹੋਵੇ ਤਾਂ ਬੱਚੇ ਦਾ ਆਚਰਨ ਚੰਗਾ ਬਣਦਾ ਹੈ ਅਤੇ ਉਸ ਦੀ ਬੁਧੀ ਦਾ ਵਿਕਾਸ ਹੁੰਦਾ ਹੈ ਨਹੀਂ ਤਾਂ ਬੱਚਾ ਡਰੂ, ਹੈਂਕੜੀ ਅਤੇ ਮੋਟੀ ਬੁਧ ਦਾ ਵਿਅਕਤੀ ਬਣ ਜਾਂਦਾ ਹੈ।

ਬੱਚੇ ਲਈ ਉਚਿਤ ਮਾਨਸਿਕ ਵਾਤਾਵਰਨ ਪੈਦਾ ਕਰਨ ਲਈ ਮਾਤਾ ਪਿਤਾ ਨੂੰ ਸਿਖਿਅਤ ਹੋਣਾ ਜ਼ਰੂਰੀ ਹੈ। ਸਿਖਿਅਤ ਅਤੇ ਤੰਦਰੁਸਤ ਮਾਪਿਆਂ ਦੀ ਸੰਤਾਨ ਹੀ ਆਚਰਨ ਵਾਲੀ ਅਤੇ ਪਰ-ਉਪਕਾਰੀ ਹੁੰਦੀ ਹੈ। ਮੂਰਖ ਅਤੇ ਜਟੀਲੇ ਮਾਪਿਆਂ ਦੀ ਔਲਾਦ ਆਮ ਕਰਕੇ ਮੂਰਖ ਅਤੇ ਜਟੀਲੀ ਹੁੰਦੀ ਹੈ। ਇਸ ਲਈ ਜੇ ਕੋਈ ਰਾਜ ਬਚਿਆਂ ਨੂੰ ਸਿਖਿਅਤ ਬਣਾਉਣਾ ਚਾਹੁੰਦਾ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਉਨ੍ਹਾਂ ਦੇ ਮਾਪਿਆਂ ਨੂੰ ਯੋਗ ਸਿਖਿਆ ਦੇਵੇ।

ਖੋਟਿਆਂ ਭਾਗਾਂ ਨੂੰ ਭਾਰਤ ਵਰਸ਼ ਵਿਚ ਮਾਪਿਆਂ ਨੂੰ ਸੰਤਾਨ ਪਾਲਣੇ ਦੀ ਕਿਸੇ ਕਿਸਮ ਦੀ ਸਿਖਿਆ ਨਹੀਂ ਦਿਤੀ ਜਾਂਦੀ। ਇਸਦਾ ਸਿੱਟਾ ਇਹ ਹੈ ਕਿ ਦੂਜਿਆਂ ਦੇਸ਼ਾਂ ਨਾਲੋਂ ਰਾਜਸੀ, ਧਾਰਮਿਕ ਅਤੇ ਦੂਸਰੇ ਖੇਤਰਾਂ ਵਿਚ ਪਛੜਿਆ ਹੋਇਆ ਹੈ। ਸ਼ਿਵਾਜੀ ਵਰਗੇ ਬੀਰ

ਅਤੇ ਕਰਤੱਵ ਪਾਲਣ ਕਰਨ ਵਾਲੇ ਮਰਦ ਪੈਦਾ ਕਰਨ ਲਈ ਜੀਜਾ ਬਾਈ ਵਰਗੀਆਂ ਬੀਰ ਅਤੇ ਸਿਖਿਅਤ ਮਾਵਾਂ ਦੀ ਲੋੜ ਹੁੰਦੀ ਹੈ। ਦਾਈਆਂ ਦੇ ਥਣਾ ਤੋਂ ਦੁਧ ਚੁੰਘਣ ਵਾਲਾ ਜਾਂ ਡਰਪੋਕ ਅਤੇ ਮੂਰਖ ਮਾਵਾਂ ਰਾਹੀਂ ਪਾਲਿਆ ਗਿਆ ਬੱਚਾ ਰਾਸ਼ਟਰ ਦਾ ਉਧਾਰ ਕਰਨ ਵਾਲਾ ਵਿਅਕਤੀ ਨਹੀਂ ਹੋ ਸਕਦਾ। ਦਾਈਆਂ ਅਤੇ ਮੂਰਖ ਮਾਵਾਂ ਬੱਚੇ ਨੂੰ ਕਈ ਤਰ੍ਹਾਂ ਦੀਆਂ ਡਰ ਪੈਦਾ ਕਰਨ ਵਾਲੀਆਂ ਕਹਾਣੀਆਂ ਸੁਣਾ ਸੁਣਾ ਬਚਪਨ ਤੋਂ ਹੀ ਗਿੱਦੀ ਬਣਾ ਦਿੰਦੀਆਂ ਹਨ। "ਤੈਨੂੰ ਹਊਆ ਲੈ ਜਾਏਗਾ" "ਬਾਘੜ ਬਿੱਲਾ ਖਾ ਜਾਵੇਗਾ" "ਭੂਤ ਚੰਬੜ ਜਾਵੇਗਾ"-ਇਸ ਤਰ੍ਹਾਂ ਦੀਆਂ ਗੱਲਾਂ ਕਰ ਕਰ ਕੇ ਜਿਹੜੀਆਂ ਮਾਵਾਂ ਆਪਣੇ ਬੱਚਿਆਂ ਨੂੰ ਸੁਆਉਂਦੀਆਂ ਹਨ, ਉਹ ਉਨ੍ਹਾਂ ਦੇ ਮਨ ਨੂੰ ਇੰਨਾ ਕਮਜ਼ੋਰ ਕਰ ਦਿੰਦੀਆਂ ਹਨ, ਕਿ ਵੱਡਾ ਹੋ ਕੇ ਉਨ੍ਹਾਂ ਵਿਚ ਔਕੜਾਂ ਦਾ ਟਾਕਰਾ ਕਰਨ ਦਾ ਹੌਂਸਲਾ ਨਹੀਂ ਰਹਿੰਦਾ।

ਉਪਰ ਕਹੀ ਗਲ ਤੋਂ ਸਪਸ਼ਟ ਹੈ ਕਿ ਬੱਚੇ ਦੇ ਮਾਨਸਿਕ ਵਿਕਾਸ ਵਿਚ ਪਰਵਾਰ ਦੀ ਸਿਖਿਆ ਦਾ ਬੜਾ ਮੱਹਤਾ ਵਾਲਾ ਥਾਂ ਹੈ। ਬੱਚੇ ਦਾ ਬਚਪਨ ਪਰਵਾਰ ਵਿਚ ਬਤੀਤ ਹੁੰਦਾ ਹੈ। ਇਹ ਸਮਾਂ ਸ਼ਖਸੀਅਤ ਦੀ ਨੀਂਹ ਰਖਣ ਵਾਲਾ ਸਮਾਂ ਹੈ। ਇਸ ਲਈ ਪਰਵਾਰ ਰਾਹੀਂ ਸਿਖਿਆ ਬਹੁਤ ਹੀ ਮਹੱਤਾ ਵਾਲੀ ਹੈ।

**ਸੰਗੀ ਸਾਥੀਆਂ ਰਾਹੀਂ ਸਿਖਿਆ:**—ਪਰਵਾਰ ਰਾਹੀਂ ਸਿਖਿਆ ਜਿੰਨੀ ਮਹੱਤਾ ਵਾਲੀ ਹੁੰਦੀ ਹੈ ਉੱਨੀ ਹੀ ਮਹੱਤਾ ਵਾਲੀ ਸੰਗੀ ਸਾਥੀਆਂ ਦੁਆਰਾ ਸਿਖਿਆ ਹੁੰਦੀ ਹੈ। ਬੱਚੇ ਨੂੰ ਸਭ ਤੋਂ ਵਧੇਰੇ ਸਿਖਿਆ ਦੇਣ ਵਾਲਾ ਬੱਚੇ ਦਾ ਆਪਣਾ ਹਾਣੀ ਹੁੰਦਾ ਹੈ। ਬੱਚਾ ਆਪਣੇ ਸਾਥੀਆਂ ਨਾਲ ਖੇਲ੍ਹਦਾ ਹੈ, ਉਹ ਉਨ੍ਹਾਂ ਨਾਲ ਕਈ ਤਰ੍ਹਾਂ ਦੀ ਗਲ ਬਾਤ ਕਰਦਾ ਹੈ; ਉਹ ਆਪਣੇ ਭਾਵ ਉਨ੍ਹਾਂ ਅੱਗੇ ਰਖਦਾ ਹੈ ਅਤੇ ਉਨ੍ਹਾਂ ਦੇ ਭਾਵ ਜਾਨਣਾ ਚਾਹੁੰਦਾ ਹੈ, ਸਮਾਂ ਪੈਣ ਉੱਤੇ ਉਹ ਆਪਣੇ ਹਾਣੀਆਂ ਦੀ ਸਹਾਇਤਾ ਕਰਦਾ ਹੈ ਅਤੇ ਉਨ੍ਹਾਂ ਤੋਂ ਸਹਾਇਤਾ ਲੈਣ ਦੀ ਆਸ ਰਖਦਾ ਹੈ। ਉਹ ਉਨ੍ਹਾਂ ਵਰਗੇ ਕਪੜੇ ਪਾਉਂਦਾ ਹੈ ਅਤੇ ਦੂਜਿਆਂ ਨਾਲ ਵਰਤਾਰਾ ਕਰਨ ਲਗਿਆਂ ਇਸ ਗਲ ਦਾ ਖਿਆਲ ਰਖਦਾ ਹੈ ਕਿ ਉਸਦੇ ਸਾਥੀ ਕਿਹੋ ਜਿਹਾ ਵਰਤਾਰਾ ਕਰਦੇ ਹਨ। ਬੱਚਾ ਮਾਪਿਆਂ ਅੱਗੇ ਸੱਟ ਲਗਣ ਤੇ ਰੋ ਪੈਂਦਾ ਹੈ ਪਰ ਆਪਣੇ ਸਾਥੀਆਂ ਨਾਲ ਖੇਡਦਿਆਂ ਸੱਟ ਲਗਣ ਤੇ ਨਹੀਂ ਰੋਂਦਾ ਉਹ ਸਹਿਣ ਸ਼ਕਤੀ ਵਿਖਾਉਂਦਾ ਹੈ।

ਉਪਰ ਕਹੀਆਂ ਗਲਾਂ ਤੋਂ ਸਪਸ਼ਟ ਹੈ ਕਿ ਬੱਚਾ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਬੋਲੀ ਅਤੇ ਵਿਚਾਰਾਂ ਵਿਚ ਵਾਧਾ ਕਰਦਾ ਹੈ। ਸਾਥੀਆਂ ਰਾਹੀਂ ਉਸ ਵਿਚ ਕੰਮ ਦੀ ਸਮਰੱਥਾ ਆਉਂਦੀ ਹੈ ਅਤੇ ਉਸ ਦੇ ਆਚਰਨ ਦਾ ਵਿਕਾਸ ਹੁੰਦਾ ਹੈ। ਬਾਲਕ ਜਿੰਨਾ ਬਹੁਤਾ ਮਿਲਣ ਸਾਰ ਹੁੰਦਾ ਹੈ, ਜਿੰਨਾ ਉਸਦਾ ਮਨ ਸਾਥੀਆਂ ਵਿਚ ਲਗਦਾ ਹੈ, ਉੱਨਾ ਹੀ ਵਧੇਰੇ ਉਸ ਦੀ ਸ਼ਖਸੀਅਤ ਵਿਕਾਸ ਕਰਦੀ ਹੈ। ਦੂਜਿਆਂ ਤੋਂ ਵਖਰਾ ਵਖਰਾ ਰਹਿਣ ਵਾਲਾ ਬੱਚਾ ਚੁੱਪੂ ਬਣ ਜਾਂਦਾ ਹੈ। ਬਚਿਆਂ ਦੀ ਮਾਨਸਿਕ ਅਰੋਗਤਾ ਲਈ ਉਨ੍ਹਾਂ ਦਾ ਸਾਥੀਆਂ ਵਿਚ ਰਹਿਣਾ ਬੜਾ ਹੀ ਜ਼ਰੂਰੀ ਹੈ। ਬੱਚਾ ਬਚਿਆਂ ਵਿਚ ਰਹਿ ਕੇ ਕਈ ਤਰ੍ਹਾਂ ਦੇ ਉਸਾਰੂ ਕੰਮ ਕਰਦਾ ਹੈ। ਇਨ੍ਹਾਂ ਉਸਾਰੂ ਕੰਮਾਂ ਕਰਕੇ ਇਕ ਤਾਂ ਉਸ ਦੀ ਕੰਮ ਦੀ ਸਮਰੱਥਾ ਵਧਦੀ ਹੈ ਅਤੇ ਦੂਜੇ ਉਸ ਦੀਆਂ ਕਈ ਤਰ੍ਹਾਂ ਦੀਆਂ ਮਾਨਸਿਕ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਜਿਹੜੀਆਂ ਗੱਲਾਂ ਬੱਚਾ, ਬੱਚਿਆਂ ਵਿਚ ਰਹਿਕੇ, ਖੁਸ਼ੀ ਖੁਸ਼ੀ ਕਰਦਾ ਹੈ ਉਨ੍ਹਾਂ ਨੂੰ ਉਹ ਜਦ ਵਡਿਆਂ ਸਾਹਮਣੇ ਕਰਦਾ ਹੈ ਤਾਂ ਜਿਵੇਂ ਭਾਰ ਜਾਪਦਾ ਹੁੰਦਾ ਹੈ। ਬੱਚੇ ਦੇ ਮਾਨਸਿਕ ਵਿਕਾਸ ਲਈ ਉਤਸ਼ਾਹ ਵਧਾਉਣ ਦੀ ਬੜੀ ਲੋੜ ਹੈ। ਬੱਚੇ ਦੇ ਉਤਸ਼ਾਹ ਵਿਚ ਅਸਲ ਵਾਧਾ ਉਸਦੇ ਹਾਣੀ ਹੀ ਕਰ

ਸਕਦੇ ਹਨ।

ਜਦ ਬੱਚਾ ਸੱਤ ਅੱਠ ਸਾਲ ਦਾ ਹੋ ਜਾਂਦਾ ਹੈ ਤਾਂ ਉਸ ਵਿਚ ਦੂਜੇ ਬਚਿਆਂ ਦੇ ਸਾਥ ਵਿਚ ਰਹਿਣ ਦੀ ਚਾਹ ਪੈਦਾ ਹੋ ਜਾਂਦੀ ਹੈ। ਉਹ ਇਕੱਠਿਆਂ ਰਹਿ ਕੇ ਸਾਂਝੇ ਨਿਯਮਾਂ ਦੀ ਪਾਲਣਾ ਕਰਨਾ ਸਿਖਦਾ ਹੈ। ਉਹ ਦੂਜਿਆਂ ਦਾ ਹੁਕਮ ਮੰਨਣਾ ਅਤੇ ਦੂਜਿਆਂ ਤੇ ਹੁਕਮ ਚਲਾਉਣਾ ਸਿਖਦਾ ਹੈ। ਇਸ ਕਾਲ ਦੇ ਬੱਚੇ ਦੇ ਸਾਂਝੇ ਜੀਵਨ ਦੇ ਸੰਸਕਾਰ ਉਸ ਵਿਚ ਸਮਾਜਿਕ ਭਾਵ ਨੂੰ ਪੱਕਿਆਂ ਕਰਦੇ ਹਨ। ਬਾਲਕ ਜਿੰਨਾ ਵਧੇਰੇ ਭਾਈਚਾਰੇ ਦੀ ਰੁਚੀ ਆਪਣੀ ਬਾਲ ਅਵਸਥਾ ਵਿਚ ਪਰਗਟ ਕਰਦਾ ਹੈ ਉੱਨਾ ਹੀ ਉਹ ਵੱਡਾ ਹੋਕੇ ਸਮਾਜ ਸੇਵਾ ਕਰਨ ਵਾਲਾ ਬਣਦਾ ਹੈ। ਵਿਅਕਤੀ ਵਿਚ ਬਚਪਨ ਵਿਚ ਸਮਾਜਿਕ ਭਾਵ ਪੈਦਾ ਕੀਤੇ ਜਾ ਸਕਦੇ ਹਨ। ਜਿਸ ਵਿਅਕਤੀ ਦੇ ਬਚਪਨ ਵਿਚ ਸਮਾਜਕਤਾ ਦੇ ਭਾਵ ਪੱਕੇ ਨਹੀਂ ਹੁੰਦੇ ਉਹ ਆਪਣੀ ਬਾਲਗ ਉਮਰ ਵਿਚ ਵੀ ਸਵਾਰਥੀ, ਸਮਾਜ ਦੀ ਪਰਵਾਹ ਨਾ ਕਰਨ ਵਾਲਾ ਵਿਅਕਤੀ ਬਣ ਜਾਂਦਾ ਹੈ। ਅਜਿਹੇ ਵਿਅਕਤੀ ਨੂੰ ਕਈ ਤਰ੍ਹਾਂ ਦੇ ਮਾਨਸਿਕ ਰੋਗ ਘੇਰ ਲੈਂਦੇ ਹਨ। ਪੁਰਾਣੀਆਂ ਸਮਾਜ ਵਿਰੋਧੀ ਆਦਤਾਂ ਕਰਕੇ ਉਹ ਇਨ੍ਹਾਂ ਰੋਗਾਂ ਤੋਂ ਛੇਤੀ ਛੁਟਕਾਰਾ ਵੀ ਨਹੀਂ ਪਾ ਸਕਦਾ। ਅਧੁਨਿਕ ਮਨੋ-ਵਿਗਿਆਨ ਨੇ ਇਹ ਸਿੱਧ ਕੀਤਾ ਹੈ ਕਿ ਮਨੁਖ ਦੇ ਕਈ ਮਾਨਸਿਕ ਰੋਗਾਂ ਦਾ ਕਾਰਨ ਉਸ ਦੀ ਸਮਾਜਕ ਜੀਵਨ ਤੋਂ ਲਾ ਪਰਵਾਹੀ ਹੈ। ਜਦੋਂ ਮਾਨਸਿਕ ਰੋਗਾਂ ਤੋਂ ਦੁਖੀ ਵਿਅਕਤੀ ਫਿਰ ਤੋਂ ਸਮਾਜ ਵਿਚ ਆ ਮਿਲਦਾ ਤਾਂ ਉਸ ਦੇ ਮਾਨਸਿਕ ਰੋਗ ਨਸ਼ਟ ਹੋ ਜਾਂਦੇ ਹਨ।

ਇਸ ਲਈ ਬਚਿਆਂ ਵਿਚ ਸਮਾਜ-ਭਾਵ ਦਾ ਵਾਧਾ ਉਨ੍ਹਾਂ ਦੇ ਕਲਿਆਣ ਲਈ ਬੜਾ ਜ਼ਰੂਰੀ ਹੈ। ਇਸ ਨਾਲ ਨਾ ਕੇਵਲ ਬੱਚੇ ਦਾ ਬੋਧਿਕ ਵਿਕਾਸ ਹੁੰਦਾ ਹੈ ਸਗੋਂ ਉਸ ਦੇ ਆਚਰਨ ਦੀ ਪਕਾਈ ਵੀ ਹੁੰਦੀ ਹੈ ਅਤੇ ਉਹ ਮਾਨਸਿਕ ਰੋਗਾਂ ਤੋਂ ਬਚਿਆਂ ਰਹਿੰਦਾ ਹੈ। ਮਾਪਿਆਂ ਅਤੇ ਸਿਖਿਆ ਦੇਣ ਵਾਲਿਆਂ ਨੂੰ ਬਚਿਆਂ ਦੇ ਯਾਰਾਂ ਦੋਸਤਾਂ ਦੀਆਂ ਆਦਤਾਂ ਦਾ ਅਧਿਅਨ ਕਰਨਾ ਚਾਹੀਦਾ ਹੈ। ਬਚਿਆਂ ਦੇ ਸਾਥੀ ਅਜਿਹੇ ਹੋਣੇ ਚਾਹੀਦੇ ਹਨ ਜਿਨ੍ਹਾਂ ਤੋਂ ਉਹ ਯੋਗ ਸਿਖਿਆ ਲੈਣ। ਜਿਨ੍ਹਾਂ ਬਚਿਆਂ ਨੂੰ ਭੈੜੀਆਂ ਆਦਤਾਂ ਪੈ ਗਈਆਂ ਹੋਣ, ਉਨ੍ਹਾਂ ਤੋਂ ਦੂਸਰੇ ਬਚਿਆਂ ਨੂੰ ਵੱਖ ਰਖਣਾ ਜ਼ਰੂਰੀ ਹੈ। ਬਚਿਆਂ ਨੂੰ ਦੂਜੇ ਬਚਿਆਂ ਦੇ ਬੁਰੇ ਅਸਰ ਤੋਂ ਬਚਾਉਣ ਲਈ ਉਨ੍ਹਾਂ ਦੇ ਰਾਖਿਆਂ ਨੂੰ ਸੁਚੇਤ ਰਹਿਣਾ ਜ਼ਰੂਰੀ ਹੈ। ਪਰ ਇਸ ਹੁਸ਼ਿਆਰੀ ਦਾ ਅਰਥ ਇਹ ਨਾ ਹੋਵੇ ਕਿ ਸਾਰੇ ਬਾਲਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਵੇ ਅਤੇ ਉਨ੍ਹਾਂ ਨੂੰ ਇਕ ਦੂਜੇ ਨਾਲ ਮਿਲਣ ਹੀ ਨਾ ਦਿਤਾ ਜਾਵੇ। ਬਹੁਤੀ ਹੁਸ਼ਿਆਰੀ ਬਚਿਆਂ ਦੇ ਮਾਨਸਿਕ ਵਿਕਾਸ ਲਈ ਉੱਨੀ ਹੀ ਹਾਨੀਕਾਰਕ ਹੁੰਦੀ ਹੈ ਜਿੰਨੀ ਬਚਿਆਂ ਦੀ ਸਾਥੀਆਂ ਬਾਰੇ ਲਾਪਰਵਾਹੀ।

**ਧਾਰਮਕ ਸੰਸਥਾਵਾਂ ਰਾਹੀਂ ਸਿਖਿਆ :**—ਸਹਿਜ ਸਿਖਿਆ ਦਾ ਤੀਸਰਾ ਸਾਧਨ ਧਾਰਮਕ ਸੰਸਥਾਵਾਂ ਹਨ। ਧਾਰਮਕ ਸੰਸਥਾਵਾਂ ਵਿਚ ਜਿਹੜਾ ਹਰੀ ਕੀਰਤਨ, ਪੂਜਾ ਜਾਂ ਭਜਨ ਪਾਠ ਆਦਿ ਹੁੰਦਾ ਹੈ, ਉਸ ਤੋਂ ਵਿਅਕਤੀ ਦੀਆਂ ਭਾਵਨਾਵਾਂ, ਬੁਧੀ ਅਤੇ ਆਚਰਨ ਦਾ ਵਿਕਾਸ ਹੁੰਦਾ ਹੈ। ਧਾਰਮਕ ਸੰਸਥਾਵਾਂ ਵਿਅਕਤੀ ਦੀ ਅਖਲਾਕੀ ਸਿਖਿਆ ਦਾ ਬੜਾ ਸੁੰਦਰ ਸਾਧਨ ਹਨ। ਧਾਰਮਕ ਸੰਸਥਾਵਾਂ ਵਿਅਕਤੀ ਨੂੰ ਬਾਲਪਨ ਤੋਂ ਲੈ ਜੀਵਨ ਭਰ ਤਕ ਸਿਖਿਆ ਦਿੰਦੀਆਂ ਰਹਿੰਦੀਆਂ ਹਨ।

ਧਾਰਮਕ ਸੰਸਥਾਵਾਂ ਦੀ ਸਿਖਿਆ ਬਾਰੇ ਸੇਵਾ ਦੀ ਮੌਲਕਤਾ ਨੂੰ ਪਛਾਨਣਾ ਅੱਜ ਬੜਾ ਔਖਾ ਹੋ ਗਿਆ ਹੈ। ਆਧੁਨਿਕ ਕਾਲ ਵਿਚ ਸੰਸਾਰ ਵਿਚ ਸਕੂਲ ਅਤੇ ਕਾਲਜਾਂ ਦਾ ਬਹੁਤ ਪਰਚਾਰ ਹੋ ਗਿਆ ਹੈ। ਇਨ੍ਹਾਂ ਵਿਚ ਆਮ ਕਰ ਕੇ ਵਿਗਿਆਨਿਕ ਸਿਖਿਆ ਦਿਤੀ ਜਾਂਦੀ ਹੈ। ਵਿਗਿਆਨਿਕ ਵਿਚਾਰ ਪਦਾਰਥ-ਵਾਦੀ ਹਨ। ਇਸ ਲਈ ਸਾਨੂੰ ਜਿਹੜੀ ਸਿਖਿਆ ਇਨ੍ਹਾਂ ਸੰਸਥਾਵਾਂ ਰਾਹੀਂ ਮਿਲਦੀ ਹੈ ਉਹ ਵੀ ਪਦਾਰਥ ਵਾਦੀ ਹੁੰਦੀ ਹੈ। ਪਦਾਰਥ-ਵਾਦੀ ਸਿਖਿਆ ਦੇ ਪਰਚਾਰ ਨਾਲ ਧਾਰਮਿਕ ਸਿਖਿਆ ਨੂੰ ਵਿਅਰਥ ਹੀ ਨਹੀਂ ਸਗੋਂ ਹਾਨੀਕਾਰਕ ਸਮਝਿਆ ਜਾਣ ਲੱਗਾ ਹੈ। ਪਦਾਰਥ-ਵਾਦੀ ਵਿਚਾਰ ਅਨੁਸਾਰ ਧਾਰਮਿਕ ਸਿਖਿਆ ਮਨੁਖ ਨੂੰ ਸੰਤੋਖ ਦਾ ਸਬਕ ਪੜ੍ਹਾਕੇ ਨਿੱਜੀ ਉੱਨਤੀ ਤੋਂ ਬੇਮੁਖ ਕਰ ਦਿੰਦੀ ਹੈ। ਸਾਮਵਾਦੀ ਵਿਚਾਰਧਾਰਾ ਅਨੁਸਾਰ ਧਰਮ ਜਨਤਾ ਲਈ ਅਫੀਮ ਹੈ।

ਪਰ ਜਦ ਅਸੀਂ ਧਰਮ ਦੇ ਮੁਢਲੇ ਪਰਚਾਰਕਾਂ ਦੇ ਉਦੇਸ਼ਾਂ ਅਤੇ ਧਾਰਮਿਕ ਸੰਸਥਾਵਾਂ ਦੇ ਪੁਰਾਣੇ ਕੰਮਾਂ ਵਲ ਨਜ਼ਰ ਮਾਰਦੇ ਹਾਂ ਤਾਂ ਅਸੀਂ ਧਾਰਮਿਕ ਸੰਸਥਾਵਾਂ ਦੀ ਮੌਲਕਤਾ ਨੂੰ ਮੰਨਣ ਤੋਂ ਨਾਂਹ ਨਹੀਂ ਕਰ ਸਕਦੇ। ਪੁਰਾਣੇ ਸਮੇਂ ਵਿਚ ਮਨੁਖ ਨੂੰ ਸਿਖਿਅਤ ਬਨਾਉਣ ਲਈ ਧਾਰਮਿਕ ਸੰਸਥਾਵਾਂ ਤੋਂ ਬਿਨਾਂ ਹੋਰ ਕੋਈ ਸਾਧਨ ਹੀ ਨਹੀਂ ਸਨ। ਧਰਮ ਗੁਰੂ ਹੀ ਸਮਾਜ ਨੂੰ ਸਭ ਗਲਾਂ ਦੀ ਸਿਖਿਆ ਦੇਣ ਵਾਲਾ ਹੁੰਦਾ ਸੀ। ਪੜ੍ਹਨ ਲਿਖਣ ਦਾ ਪਰਚਾਰ, ਸਮਾਜ ਦੇ ਨਿਯਮਾਂ ਦਾ ਗਿਆਨ ਅਤੇ ਸਮਾਜ ਵਿਚ ਸਭਯ ਜੀਵਨ ਦਾ ਪਸਾਰ ਉਸੇ ਰਾਹੀਂ ਹੁੰਦਾ ਸੀ। ਸਮਾਜ ਦੇ ਲੋਕ ਉਸ ਨੂੰ ਆਦਰ ਦੀ ਨਜ਼ਰ ਨਾਲ ਵੇਖਦੇ ਸਨ। ਅਤੇ ਉਸ ਦੇ ਆਚਰਨ ਦੇ ਗੁਣਾਂ ਨੂੰ ਆਪਣੇ ਜੀਵਨ ਵਿਚ ਵਸਾਉਣ ਦਾ ਯਤਨ ਕਰਦੇ ਸਨ।

ਪੱਠਾਂ ਅਤੇ ਮੰਦਰਾਂ ਵਿਚ ਬਚਿਆਂ ਨੂੰ ਕਈ ਤਰ੍ਹਾਂ ਦੀ ਸਿਖਿਆ ਮਿਲਦੀ ਸੀ। ਗਰੀਬਾਂ ਉਤੇ ਦਿਆ ਕਰਨਾ, ਦੁਖੀਆਂ ਦੀ ਸਹਾਇਤਾ ਕਰਨਾ, ਸਰਲਤਾ, ਅਹਿੰਸਾ, ਉਦਾਰਤਾ ਆਦਿ ਗੁਣ ਬੱਚੇ ਮੰਦਰਾਂ ਵਿਚ ਜਾਕੇ ਸਿਖਦੇ ਸਨ। ਭਜਨ ਅਤੇ ਹਰੀ ਕੀਰਤਨ ਸੁਣ ਕੇ ਬੱਚੇ ਦੇ ਮਨ ਵਿਚ ਕਈ ਸੁੰਦਰ ਭਾਵ ਆਉਂਦੇ ਹਨ ਅਤੇ ਉਨ੍ਹਾਂ ਦੀ ਬੁਧੀ ਦਾ ਵਿਕਾਸ ਹੁੰਦਾ ਹੈ। ਦੋ ਵਿਅਕਤੀਆਂ ਵਿਚ ਇਕ ਦੂਜੇ ਲਈ ਮਨ ਵਿਚ ਕਿੰਨੀ ਮੈਲ ਹੋਵੇ, ਧਾਰਮਿਕ ਸੰਸਥਾ ਵਿਚ ਪਹੁੰਚਦਿਆਂ ਹੀ ਉਹ ਮਨ ਦੀ ਮੈਲ ਨੂੰ ਦੂਰ ਕਰਨਾ ਚਾਹੁੰਦੇ ਹਨ। ਮੁਸਲਮਾਨਾਂ ਦੀ ਮਸਜਿਦ ਅਤੇ ਈਸਾਈਆਂ ਦਾ ਗਿਰਜਾ ਘਰ ਵਿਅਕਤੀ ਵਿਚ ਸਮਾਜਿਕ ਭਾਵ ਪੈਦਾ ਕਰਨ ਦੇ ਸਭ ਤੋਂ ਚੰਗੇ ਸਾਧਨ ਹਨ। ਸਮਾਜਿਕ ਭਾਵ ਇਕੱਠੇ ਰਹਿਣ, ਭਜਨ ਤਾਨ ਕਰਨ, ਉਠਣ ਬੈਠਣ ਨਾਲ ਹੁੰਦੇ ਹਨ। ਧਾਰਮਿਕ ਸੰਸਥਾਵਾਂ ਇਸ ਤਰ੍ਹਾਂ ਇਕੱਠੇ ਰਹਿਣ, ਉਠਣ ਬੈਠਣ, ਪੂਜਾ ਪਾਠ ਆਦਿ ਕਰਨ ਦਾ ਅਵਸਰ ਦਿੰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਉਹ ਸਮਾਜ ਉਤੇ ਬੜਾ ਉਪਕਾਰ ਕਰਦੀਆਂ ਹਨ। ਇਸ ਲਈ ਉਨ੍ਹਾਂ ਨੂੰ ਅਸੀਂ ਸਮਾਜਿਕ ਸਿਖਿਆ ਦਾ ਮੌਲਿਕ ਸਾਧਨ ਮੰਨ ਸਕਦੇ ਹਾਂ।

**ਸਭਾ ਸੁਸਾਇਟੀਆਂ ਰਾਹੀਂ ਸਿਖਿਆ :**—ਵਿਅਕਤੀ ਨੂੰ ਸਿਖਿਅਤ ਬਨਾਉਣ ਦਾ ਚੌਥਾ ਮੌਲਿਕ ਸਾਧਨ ਸਭਾ-ਸੁਸਾਇਟੀ ਹੈ। ਜਦੋਂ ਬੱਚਾ ਜੁਆ ਹੋ ਜਾਂਦਾ ਹੈ ਤਾਂ ਉਹ ਕਈ ਤਰ੍ਹਾਂ ਦੀਆਂ ਸਭਾ ਸੁਸਾਇਟੀਆਂ

ਦਾ ਮੈਂਬਰ ਬਨਣਾ ਚਾਹੁੰਦਾ ਹੈ । ਇਨ੍ਹਾਂ ਸਭਾਵਾਂ ਦੀ ਮੈਂਬਰੀ ਤੋਂ ਉਹ ਜੀਵਨ ਦੀਆਂ ਕਈ ਤਰ੍ਹਾਂ ਦੀਆਂ ਜ਼ਿਮੇਵਾਰੀਆਂ ਸੰਭਾਲਣਾ ਸਿਖਦਾ ਹੈ। ਸਭਾ ਦੇ ਦੂਜੇ ਮੈਂਬਰਾਂ ਨਾਲ ਗਲ ਬਾਤ ਰਾਹੀਂ ਉਸ ਦੀ ਵਾਕਫੀ ਵਧਦੀ ਹੈ। ਉਹ ਸੰਸਾਰ ਵਿਚ ਸਫਲ ਹੋਣ ਦੀਆਂ ਜੁਗਤੀਆਂ ਸਿਖਦਾ ਹੈ। ਵਿਅਕਤੀ ਜਿੰਨੀਆਂ ਵੀ ਵਧੇਰੇ ਸਭਾਵਾਂ ਦਾ ਮੈਂਬਰ ਰਹਿੰਦਾ ਹੈ ਅਤੇ ਉਨ੍ਹਾਂ ਵਿਚ ਮਨ ਲਾ ਕੇ ਕੰਮ ਕਰਨ ਦੀ ਇੱਛਾ ਕਰਦਾ ਹੈ ਉਹ ਉੱਨਾ ਹੀ ਸੁਸਿਖਿਅਤ ਕਿਹਾ ਜਾ ਸਕਦਾ ਹੈ ।

ਸਭਾ ਸੁਸਾਇਟੀਆਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ । ਸਭਾ ਸੁਸਾਇਟੀਆਂ ਦਾ ਉਦੇਸ਼ ਸਮਾਜ ਨੂੰ ਆਰਥਿਕ ਲਾਭ ਪਹੁੰਚਾਣਾ, ਸਰੀਰਕ ਸਿਖਿਆ ਦੇਣਾ, ਮੇਲਿਆਂ ਵਿਚ ਲੋਕਾਂ ਦੀ ਸਹਾਇਤਾ ਕਰਨਾ ਆਦਿ ਕੰਮ ਹੁੰਦਾ ਹੈ । ਅਜਿਹੀਆਂ ਹਰ ਤਰ੍ਹਾਂ ਦੀਆਂ ਸੰਸਥਾਵਾਂ ਵਿਅਕਤੀ ਨੂੰ ਸਿਖਿਆਵਾਂ ਦਿੰਦੀਆਂ ਹਨ। ਇਨ੍ਹਾਂ ਰਾਹੀਂ ਦਿਤੀ ਗਈ ਸਿਖਿਆ ਸਹਿਜ ਸਿਖਿਆ ਕਹੀ ਜਾਂਦੀ ਹੈ । ਇਹ ਸਿਖਿਆ ਵਿਅਕਤੀ ਨੂੰ ਬਗੈਰ ਜਤਨ ਦੇ ਹੁੰਦੀ ਹੈ।

## ਨਿਯਮਬੱਧ ਸਿਖਿਆ (ਵਿਧਾਨਿਕ ਸਿਖਿਆ)

ਨਿਯਮ ਬੱਧ ਸਿਖਿਆ ਅਥਵਾ ਵਿਧਾਨਿਕ ਸਿਖਿਆ ਉਹ ਸਿਖਿਆ ਹੈ ਜਿਹੜੀ ਬੱਚੇ ਨੂੰ ਸੋਚ ਵਿਚਾਰ ਕੇ ਦਿਤੀ ਜਾਂਦੀ ਹੈ। ਬੱਚਾ ਆਪ ਵੀ ਉਸਨੂੰ ਜਾਣ ਬੁਝ ਕੇ ਲੈਂਦਾ ਹੈ। ਇਹ ਸਿਖਿਆ ਬਗੈਰ ਯਤਨ ਦੇ ਨਹੀਂ ਹੁੰਦੀ। ਇਸ ਦੇ ਲਈ ਖਾਸ ਤਰ੍ਹਾਂ ਦੀਆਂ ਸੰਸਥਾਵਾਂ ਬਨਾਉਣੀਆਂ ਪੈਂਦੀਆਂ ਹਨ । ਇਹ ਸਿਖਿਆ ਨਿਸ਼ਚਤ ਸਮੇਂ ਉੱਤੇ ਨਿਯਮ ਅਨੁਸਾਰ ਦਿਤੀ ਜਾਂਦੀ ਹੈ। ਵਿਧਾਨਿਕ ਸਿਖਿਆ ਦੇ ਵੱਡੇ ਸਾਧਨ ਦੇਸ਼ ਵਿਚ ਫੈਲੀਆਂ ਸਿਖਿਆ ਸੰਸਥਾਵਾਂ ਹਨ। ਸਕੂਲ, ਕਾਲਜ, ਵਿਸ਼ਵ-ਵਿਦਿਆਲੇ, ਰਾਤ ਦੇ ਸਕੂਲ ਆਦਿ ਸੰਸਥਾਵਾਂ ਵਿਧਾਨਿਕ ਸਿਖਿਆ ਦੇ ਸਾਧਨ ਹਨ । ਵਿਧਾਨਿਕ ਸਿਖਿਆ ਸਧਾਰਨ ਤੌਰ ਤੇ ਰਾਜ ਵਲੋਂ ਜਨ ਸਧਾਰਨ ਨੂੰ ਦਿਤੀ ਜਾਂਦੀ ਹੈ । ਵਰਤਮਾਨ ਯੁਗ ਵਿਚ ਹਰ ਬੱਚੇ ਨੂੰ ਪ੍ਰਾਇਮਰੀ ਸਿਖਿਆ ਦੇਣਾ ਰਾਸ਼ਟਰ ਅਥਵਾ ਰਾਜ ਦਾ ਕਰਤੱਵ ਮੰਨਿਆ ਗਿਆ ਹੈ। ਸਾਰੇ ਸਭਯ ਰਾਸ਼ਟਰਾਂ ਵਿਚ ਬੱਚਿਆਂ ਨੂੰ ਜ਼ਰੂਰੀ ਅਰੰਭਕ ਵਿਦਿਆ ਦਿਤੀ ਜਾਂਦੀ ਹੈ। ਕਈਆਂ ਰਾਸ਼ਟਰਾਂ ਵਿਚ ਜ਼ਰੂਰੀ ਸਿਖਿਆ ਦਾ ਸਮਾਂ ਚੌਦਾਂ ਸਾਲਾਂ ਤਕ ਕਰ ਦਿੱਤਾ ਗਿਆ ਹੈ।

ਵਿਧਾਨਿਕ ਸਿਖਿਆ ਦਾ ਉਦੇਸ਼ ਬੱਚਿਆਂ ਨੂੰ ਉਸ ਗਿਆਨ ਦਾ ਦੇਣਾ ਹੈ ਜਿਹੜਾ ਸਮਾਜ ਨੂੰ ਅੱਗੇ ਲੈ ਜਾਣ ਲਈ ਅਤੇ ਵਿਅਕਤੀ ਨੂੰ ਆਪਣੀ ਜੀਵਕਾ ਕਮਾਉਣ ਲਈ ਬੜਾ ਜ਼ਰੂਰੀ ਹੈ। ਇਸ ਸਿਖਿਆ ਤੋਂ ਬਿਨਾਂ ਸਮਾਜ ਜਾਂਗਲੀ ਅਵਸਥਾ ਨੂੰ ਪਹੁੰਚ ਜਾਂਦਾ ਹੈ। ਸਿਖਿਆ ਖਾਸ ਨਿਯਮਾਂ ਅਨੁਸਾਰ ਅਤੇ ਖਾਸ ਤਰ੍ਹਾਂ ਦੀਆਂ ਸੰਸਥਾਵਾਂ ਵਿਚ ਦਿਤੀ ਜਾਂਦੀ ਹੈ। ਇਸ ਸਿਖਿਆ ਨੂੰ ਦੇਣ ਵਾਲੇ ਵਿਅਕਤੀ ਹੀ ਸਮਾਜ ਦੇ ਅਧਿਆਪਕ ਕਹੇ ਜਾਂਦੇ ਹਨ। ਸਮਾਜ ਵਿਚ ਜਿਸ ਤਰ੍ਹਾਂ ਹੋਰ ਪੇਸ਼ਿਆਂ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਅਧਿਆਪਕਾਂ ਦੀ ਲੋੜ ਹੁੰਦੀ ਹੈ । ਸਿਖਿਆ ਦੇਣ ਵਾਲਿਆਂ ਨੂੰ ਇਕ ਤਾਂ ਉਸ ਗਿਆਨ ਦੇ ਜਾਨਣ ਦੀ ਲੋੜ ਹੈ ਜਿਹੜਾ ਉਨ੍ਹਾਂ ਬਾਲਕਾਂ ਨੂੰ ਦੇਣਾ ਹੁੰਦਾ ਹੈ ਦੂਜੇ ਸਿਖਾਈ ਦੇ ਢੰਗ ਨੂੰ ਜਾਨਣ ਦੀ ਲੋੜ ਹੁੰਦੀ ਹੈ।

ਵਿਧਾਨਿਕ ਸਿਖਿਆ ਲਈ ਬੱਚੇ ਦੇ ਸੁਭਾ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਵਿਧਾਨਿਕ ਸਿਖਿਆ ਮਨੋਵਿਗਿਆਨ ਦੇ ਖਾਸੇ ਅਧਿਅਨਾਂ ਤੋਂ ਬਿਨਾਂ ਸੰਭਵ ਨਹੀਂ। ਵਿਧਾਨਿਕ

ਸਿਖਿਆ ਵਿਚ ਸਮੇਂ ਦੀ ਵੰਡ, ਪਾਠਕਰਮ, ਜ਼ਬਤ ਆਦਿ ਦੀ ਲੋੜ ਪੈਂਦੀ ਹੈ।

ਵਿਧਾਨਿਕ ਸਿਖਿਆ ਦਾ ਸਮਾਂ ਵੀ ਨਿਸਚਤ ਹੁੰਦਾ ਹੈ। ਇਸ ਸਮੇਂ ਵਿਚ ਬੱਚੇ ਸਭ ਕੰਮ ਛਡਕੇ ਸਿਖਿਆ ਲੈਣ ਵਿਚ ਲਗ ਜਾਂਦੇ ਹਨ। ਕੋਈ ਬੱਚੇ ਦਸ ਸਾਲ ਤਕ, ਕੋਈ ਚੋਦਾਂ ਸਾਲ ਤਕ ਅਤੇ ਕੋਈ ਬਾਲਗ਼ ਹੋਣ ਤਕ ਵਿਧਾਨਿਕ ਸਿਖਿਆ ਲੈਂਦੇ ਰਹਿੰਦੇ ਹਨ। ਇਸ ਤੋਂ ਪਿਛੋਂ ਉਹ ਜਿਸ ਕੰਮ ਦੇ ਯੋਗ ਹੁੰਦੇ ਹਨ ਜਾਂ ਜਿਸ ਕੰਮ ਲਈ ਉਹ ਸਿਖਿਆ ਲੈਂਦੇ ਰਹੇ ਹਨ, ਉਸ ਵਿਚ ਲਗ ਜਾਂਦੇ ਹਨ। ਬਹੁਤ ਸਾਰੇ ਬਾਲਕ ਰੋਟੀ ਕਮਾਉਂਦਿਆਂ ਵੀ ਵਿਧਾਨਿਕ ਸਿਖਿਆ ਲੈਂਦੇ ਰਹਿੰਦੇ ਹਨ। ਅਜਿਹੇ ਬਾਲਕਾਂ ਲਈ ਖਾਸ ਤਰ੍ਹਾਂ ਦੀਆਂ ਪਾਠਸ਼ਾਲਾਵਾਂ ਖੋਲ੍ਹਣ ਦੀ ਲੋੜ ਹੁੰਦੀ ਹੈ। ਸੰਸਾਰ ਦੇ ਸਭਯ ਦੇਸਾਂ ਵਿਚ ਮਿਹਨਤੀ ਲੋਕਾਂ ਦੇ ਲਾਭ ਲਈ ਕਈ ਤਰ੍ਹਾਂ ਦੀਆਂ ਸੰਸਥਾਵਾਂ ਬਣਾਈਆਂ ਗਈਆਂ ਹਨ ਜਿਥੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਵਿਹਲ ਸਮੇਂ ਆਪਣੇ ਕੰਮ ਨਾਲ ਸਬੰਧ ਰਖਣ ਵਾਲਿਆਂ ਵਿਸ਼ਿਆਂ ਦਾ ਅਧਿਆਨ ਕਰ ਸਕਦੇ ਹਨ ਅਤੇ ਇਸ ਤਰ੍ਹਾਂ ਆਪਣੇ ਜੀਵਨ ਵਿਚ ਉੱਨਤੀ ਕਰ ਸਕਦੇ ਹਨ।

## ਵਿਧਾਨਿਕ ਅਤੇ ਅਵੈਧਾਨਿਕ ਸਿਖਿਆ ਸੰਸਥਾਵਾਂ ਦੀ ਏਕਤਾ

ਵਿਧਾਨਿਕ ਅਤੇ ਅਵੈਧਾਨਿਕ ਸਿਖਿਆ ਸੰਸਥਾਵਾਂ ਅਰਥਾਤ ਸਿਖਿਆ ਦੇ ਸਾਧਨਾਂ ਵਿਚ ਏਕਤਾ ਹੋਣੀ ਸਿਖਿਆ ਦੇ ਕੰਮ ਵਿਚ ਪੂਰਨ ਸਫਲਤਾ ਪਰਾਪਤ ਕਰਨ ਲਈ ਬੜੀ ਜ਼ਰੂਰੀ ਹੈ। ਇਸ ਤਰ੍ਹਾਂ ਦੀ ਏਕਤਾ ਹੋਣ ਤੋਂ ਬਗੈਰ ਬੱਚੇ ਦੀ ਸਿਖਿਆ ਸੁਚੱਜੀ ਤਰ੍ਹਾਂ ਨਹੀਂ ਹੋ ਸਕਦੀ। ਇਸ ਦਾ ਭਾਵ ਇਹ ਹੈ ਕਿ ਬੱਚੇ ਦੇ ਘਰ ਦੇ ਵਾਤਾਵਰਨ ਅਤੇ ਸਕੂਲ ਦੇ ਵਾਤਾਵਰਨ ਵਿਚ ਇਕਸਾਰਤਾ ਹੋਣੀ ਬਹੁਤ ਜ਼ਰੂਰੀ ਹੈ। ਜਦ ਬੱਚੇ ਦੇ ਘਰ ਦਾ ਵਾਤਾਵਰਨ ਇਕ ਤਰ੍ਹਾਂ ਦਾ ਹੁੰਦਾ ਹੈ ਅਤੇ ਸਕੂਲ ਦਾ ਦੂਜੀ ਤਰ੍ਹਾਂ ਦਾ ਤਾਂ ਜਿਹੜੀ ਸਿਖਿਆ ਬੱਚੇ ਨੂੰ ਸਕੂਲ ਵਿਚ ਦਿਤੀ ਜਾਂਦੀ ਹੈ ਉਸਦਾ ਵਧੇਰੇ ਲਾਭ ਨਹੀਂ ਹੁੰਦਾ। ਬੱਚੇ ਸਕੂਲ ਵਿਚ ਪੰਜ ਛੇ ਘੰਟੇ ਹੀ ਰਹਿੰਦੇ ਹਨ। ਜਦ ਤਕ ਬੱਚੇ ਸਕੂਲ ਵਿਚ ਰਹਿੰਦੇ ਹਨ ਸਕੂਲ ਦੇ ਅਧਿਆਪਕ ਉਨ੍ਹਾਂ ਦੇ ਅਚਾਰ ਵਿਹਾਰ ਅਤੇ ਸਭ ਤਰ੍ਹਾਂ ਦੇ ਕੰਮਾਂ ਦੀ ਵੇਖ ਭਾਲ ਕਰਦੇ ਹਨ। ਪਰ ਜੇ ਬਚਿਆਂ ਦੇ ਘਰ ਦਾ ਵਾਤਾਵਰਨ ਸਕੂਲ ਦੇ ਵਾਤਾਵਰਨ ਤੋਂ ਉਲਟ ਹੋਵੇ ਤਾਂ ਉਨ੍ਹਾਂ ਦਾ ਸਕੂਲ ਤੋਂ ਸਿਖਿਆ ਗਿਆਨ ਵਿਅਰਥ ਹੋ ਜਾਂਦਾ ਹੈ।

ਮੰਨ ਲੋ ਸਕੂਲ ਵਿਚ ਬਚੇ ਨੂੰ ਸਫਾਈ ਦਾ ਪਾਠ ਪੜ੍ਹਾਇਆ ਗਿਆ ਹੈ। ਉਸ ਨੂੰ ਦਸਿਆ ਜਾਂਦਾ ਹੈ ਕਿ ਘਰ ਵਿਚ ਸਾਫ ਕਪੜੇ ਪਹਿਨਣੇ ਚਾਹੀਦੇ ਹਨ, ਜਿਸ ਕਮਰੇ ਵਿਚ ਸੌਂਦੇ ਹੋ ਉਸਦੀਆਂ ਬਾਰੀਆਂ ਖੁਲ੍ਹੀਆਂ ਰਖਣੀਆਂ ਚਾਹੀਦੀਆਂ ਹਨ, ਰੋਜ਼ ਇਸ਼ਨਾਨ ਕਰਕੇ ਰੋਟੀ ਖਾਣੀ ਚਾਹਦੀ ਹੈ, ਨਾਲੀਆਂ ਨੂੰ ਸਾਫ ਰਖਣਾ ਚਾਹੀਦਾ ਹੈ।

ਹੁਣ ਮੰਨ ਲੋ ਬੱਚੇ ਦੇ ਮਾਪੇ ਸਿਖਿਅਤ ਨਹੀਂ ਹਨ, ਇਸ ਲਈ ਉਨ੍ਹਾਂ ਵਿਚ ਘਰ ਦੀ ਸਫਾਈ ਰਖਣ ਦੀ ਕੋਈ ਰੁਚੀ ਹੀ ਨਹੀਂ ਹੈ। ਉਹ ਘਰ ਦੀਆਂ ਬਾਰੀਆਂ ਸੌਣ ਲਗਿਆਂ ਖੋਲ੍ਹਕੇ ਨਹੀਂ ਰਖਦੇ, ਉਹ ਰੋਜ਼ ਨ੍ਹਾਉਂਦੇ ਨਹੀਂ ਹਨ, ਤਾਂ ਬੱਚੇ ਦਾ ਸਕੂਲ ਤੋਂ ਪ੍ਰਾਪਤ ਕੀਤਾ ਗਿਆਨ ਨਿਰਾ ਸ਼ਬਦੀ ਗਿਆਨ ਹੀ ਰਹਿ ਜਾਵੇਗਾ। ਜਦ ਤਕ ਬੱਚੇ ਦੇ ਮਾਪੇ ਸਿਖਿਅਤ ਨਾ ਹੋਣ ਕੋਈ ਵੀ ਬੱਚਾ ਸਕੂਲ ਤੋਂ ਪ੍ਰਾਪਤ ਕੀਤੇ ਗਿਆਨ ਦਾ ਬਹੁਤਾ ਲਾਭ ਨਹੀਂ ਉਠਾ ਸਕਦਾ। ਜਿਹੜੀਆਂ ਗਲਾਂ ਬੱਚਾ ਸਕੂਲ ਤੋਂ ਸਿੱਖਦਾ ਹੈ ਉਨ੍ਹਾਂ ਨੂੰ ਮਨ ਵਿਚ ਪਕਿਆਂ ਕਰਨ ਲਈ ਘਰ ਵਿਚ ਉਨ੍ਹਾਂ ਦਾ ਅਭਿਆਸ ਕਰਨ ਅਤੇ ਉਨ੍ਹਾਂ ਉਤੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ।

ਇਕ ਹੀ ਵਾਰ ਸੁਣਨ ਜਾਂ ਸਮਝਣ ਨਾਲ ਕੋਈ ਗਿਆਨ ਮਨ ਵਿਚ ਨਹੀਂ ਬੈਠਦਾ। ਗਿਆਨ ਦੇ ਸੰਸਕਾਰਾਂ ਨੂੰ ਦ੍ਰਿੜ੍ਹ ਕਰਨ ਲਈ ਉਨ੍ਹਾਂ ਨੂੰ ਘੜੀ ਮੁੜੀ ਚੇਤੇ ਕਰਨ ਦੀ ਲੋੜ ਹੁੰਦੀ ਹੈ। ਇਹ ਯਾਦ ਘਰ ਹੀ ਕੀਤਾ ਜਾ ਸਕਦਾ ਹੈ। ਜੇ ਬੱਚੇ ਦੇ ਮਾਪੇ ਪੜ੍ਹੇ ਲਿਖੇ ਹੋਣ ਅਤੇ ਬੱਚੇ ਦੇ ਯਾਰ ਦੋਸਤ ਸਿਆਣੇ ਹੋਣ, ਤਾਂ ਬੱਚਾ ਸਕੂਲ ਤੋਂ ਲਏ ਗਿਆਨ ਉਤੇ ਮਨ ਵਿਚ ਵਿਚਾਰ ਕਰੇਗਾ ਅਤੇ ਉਥੋਂ ਦੀਆਂ ਸਿਖੀਆਂ ਗਲਾਂ ਦਾ ਅਭਿਆਸ ਕਰੇਗਾ। ਨਹੀਂ ਤਾਂ ਉਹ ਇਨ੍ਹਾਂ ਗਲਾਂ ਨੂੰ ਤੋਤੇ ਵਾਂਗ ਰਟ ਭਾਵੇਂ ਲਏ, ਆਪਣੇ ਜੀਵਨ ਵਿਚ ਉਨ੍ਹਾਂ ਤੋਂ ਮੌਲਿਕ ਲਾਭ ਨਹੀਂ ਉਠਾ ਸਕੇਗਾ।

ਸਕੂਲ ਦਾ ਪਾਠ ਕਰਮ ਬਣਾਉਣ ਵੇਲੇ ਸਿਖਿਆ ਦੇਣ ਵਾਲਿਆਂ ਨੂੰ ਇਹ ਧਿਆਨ ਰਖਣਾ ਜ਼ਰੂਰੀ ਹੈ ਕਿ ਬਚਿਆਂ ਦਾ ਕਿਹੜੇ ਕਿਹੜੇ ਵਿਸ਼ਿਆਂ ਨੂੰ ਸਿਖਣਾ ਲਾਭ-ਦਾਇਕ ਹੈ। ਜਿਸ ਬੱਚੇ ਦੇ ਘਰ ਕੋਈ ਖਾਸ ਤਰ੍ਹਾਂ ਦੀ ਕਾਰੀਗਰੀ ਹੁੰਦੀ ਹੈ ਉਸ ਨੂੰ ਉਸੇ ਤਰ੍ਹਾਂ ਦੀ ਸਿਖਿਆ ਦੇਣ ਨਾਲ ਅਥਵਾ ਅਜਿਹੀ ਸਿਖਿਆ ਦੇਣ ਨਾਲ ਜਿਹੜੀ ਉਸਨੂੰ ਘਰ ਦੇ ਕੰਮ ਵਿਚ ਸਹਾਇਕ ਹੈ, ਸਿਖਿਆ ਦਾ ਕੰਮ ਬਹੁਮੁੱਲਾ ਹੋ ਜਾਂਦਾ ਹੈ। ਕਿਸਾਨ ਦੇ ਬਾਲਕ ਨੂੰ ਵਾਹੀ ਖੇਤੀ ਦੀਆਂ ਗਲਾਂ ਦਸਣਾ ਅਤੇ ਕਾਰੀਗਰ ਦੇ ਬਾਲਕ ਨੂੰ ਕਾਰਗਰੀ ਦੀਆਂ ਗੱਲਾਂ ਸਮਝਾਉਣਾ ਲਾਭਦਾਇਕ ਹੈ। ਇਸ ਨਾਲ ਬਾਲਕ ਦੀ ਬੁਧੀ ਦਾ ਵਿਕਾਸ ਛੇਤੀ ਹੁੰਦਾ ਹੈ, ਦੂਜੇ ਜਿਹੜਾ ਗਿਆਨ ਉਸ ਨੂੰ ਮਿਲਦਾ ਹੈ ਉਹ ਵੀ ਉਸਦੇ ਲਾਭਦਾ ਹੁੰਦਾ ਹੈ।

ਇਥੇ ਇਹ ਧਿਆਨ ਰਖਣਾ ਜ਼ਰੂਰੀ ਹੈ ਕਿ ਜਿਸ ਦੇਸ਼ ਵਿਚ ਉਦਯੋਗਿਕ ਧੰਦਿਆਂ ਵਿਚ ਵਾਧਾ ਨਹੀਂ ਹੋਇਆ ਹੈ ਉਥੇ ਉਥੋਂ ਦੀਆਂ ਸਿਖਿਆ ਸੰਸਥਾਵਾਂ ਅਤੇ ਘਰ ਦੇ ਵਾਤਾਵਰਨ ਵਿਚ ਵਿਰੋਧ ਹੋਣਾ ਸੁਭਾਵਕ ਹੈ। ਅਸੀਂ ਜਦੋਂ ਵੀ ਬੱਚੇ ਨੂੰ ਉਦਯੋਗਿਕ ਸਿਖਿਆ ਦੇਵਾਂਗੇ ਉਹ ਉਸ ਨੂੰ ਨਵੀਂ ਹੀ ਜਾਪੇਗੀ ਅਤੇ ਉਸ ਦੇ ਘਰ ਦਾ ਵਾਤਾਵਰਨ ਇਸ ਸਿਖਿਆ ਦੇ ਉਲਟ ਹੋਵੇਗਾ। ਪਰ ਇਸ ਦੇ ਕਾਰਨ ਅਸੀਂ ਇਸ ਤਰ੍ਹਾਂ ਦੀ ਸਿਖਿਆ ਨੂੰ ਨਹੀਂ ਰੋਕਾਂਗੇ। ਜਿਥੋਂ ਤਕ ਸੰਭਵ ਹੋਵੇ ਘਰ ਦੇ ਵਾਤਾਵਰਨ ਤੋਂ ਸਹਾਇਤਾ ਲਈ ਜਾਣੀ ਚਾਹੀਦੀ ਹੈ। ਵਿਧਾਨਿਕ ਸਿਖਿਆ ਨੂੰ ਘਰ ਦੇ ਵਾਤਾਵਰਨ ਉਤੇ ਹੀ ਨਿਰਭਰ ਨਹੀਂ ਕਰ ਦੇਣਾ ਚਾਹੀਦਾ।

ਵਿਧਾਨਿਕ ਸਿਖਿਆ ਨਾ ਸਿਰਫ ਨਿੱਕੇ ਨਿੱਕੇ ਬਚਿਆਂ ਦੇ ਜੀਵਨ ਦੇ ਅਧਾਰ ਦਾ ਉਪਾ ਹੈ ਸਗੋਂ ਉਨ੍ਹਾਂ ਦੇ ਘਰ ਦੇ ਵਾਤਾਵਰਨ ਨੂੰ ਸੁਧਾਰਨ ਦਾ ਵੀ ਉਪਾ ਹੈ। ਵਿਧਾਨਿਕ ਸਿਖਿਆ ਰਾਹੀਂ ਹੀ ਘਰ ਦਾ ਵਾਤਾਵਰਨ ਸੁਧਾਰਿਆ ਜਾ ਸਕਦਾ ਹੈ। ਜਦ ਦੇਸ ਦੇ ਸਾਰੇ ਮਰਦ ਇਸਤਰੀਆਂ ਸਿਖਿਅਤ ਹੋ ਜਾਣਗੇ ਤਾਂ ਘਰ ਦੇ ਵਾਤਾਵਰਨ ਅਤੇ ਸਕੂਲ ਦੇ ਵਾਤਾਵਰਨ ਵਿਚ ਏਕਤਾ ਲਿਆਉਣਾ ਸਹਿਲ ਹੋ ਜਾਵੇਗਾ। ਜਦ ਤਕ ਇਹ ਸੰਭਵ ਨਹੀਂ ਉਦੋਂ ਤਕ ਘਰ ਦੇ ਵਾਤਾਵਰਨ ਤੋਂ ਜਿਹੜੀ ਵੀ ਸਹਾਇਤਾ ਹੋ ਸਕੇ ਉਸ ਨੂੰ ਸਕੂਲ ਦੇ ਅਧਿਆਪਕਾਂ ਨੂੰ ਲੈਣਾ ਚਾਹੀਦਾ ਹੈ।

ਬੱਚੇ ਦੀ ਸਿਖਿਆ ਸੁਚੱਜੀ ਤਰ੍ਹਾਂ ਕਰਨ ਲਈ ਇਹ ਜ਼ਰੂਰੀ ਹੈ ਕਿ ਸਿਖਿਆ ਦੇਣ ਵਾਲਾ ਹਰ ਬੱਚੇ ਦਾ ਨਿੱਜੀ ਅਧਿਅਨ ਕਰੇ। ਉਹ ਉਸ ਦੇ ਘਰ ਦੇ ਵਾਤਾਵਰਨ ਨੂੰ ਜਾਨਣ ਦੀ ਚਾਹ ਕਰੇ ਅਤੇ ਇਹ ਜਾਨਣ ਦੀ ਚਾਹ ਕਰੇ ਕਿ ਬੱਚੇ ਦੇ ਯਾਰ ਦੋਸਤ ਕਿਹੋ ਜਹੇ ਹਨ ਅਤੇ ਉਸ ਦੀ ਰੁਚੀ ਕਿਸ ਤਰ੍ਹਾਂ ਦੇ ਕੰਮਾਂ ਵਿਚ ਹੈ। ਇਨ੍ਹਾਂ ਗਲਾਂ ਦੇ ਜਾਣੇ ਬਿਨਾਂ ਸਿਖਿਆ ਦੇਣ ਵਾਲਾ ਬੱਚੇ ਨੂੰ ਸਿਖਿਅਤ ਨਹੀਂ ਬਣਾ ਸਕਦਾ। ਅਵਿਧਾਨਿਕ ਸਿਖਿਆ ਦੇ ਪਰਭਾਵ ਦਾ ਅਧਿਅਨ ਕਰਨ ਦਾ ਇਹੀ ਲਾਭ ਹੈ ਕਿ ਸਿਖਿਆ ਦੇਣ ਵਾਲਾ ਇਹ ਜਾਣ

ਲਵੇ ਕਿ ਬੱਚੇ ਦੀ ਸ਼ਖਸੀਅਤ ਬਣਾਉਣ ਵਿਚ ਨਿਰਾ ਉਸੇ ਦਾ ਹੱਥ ਨਹੀਂ ਹੈ। ਬੱਚੇ ਦੀ ਸ਼ਖਸੀਅਤ ਕਈ ਤਰ੍ਹਾਂ ਦੇ ਸੰਸਕਾਰਾਂ ਨਾਲ ਬਣਦੀ ਹੈ। ਜਦੋਂ ਤਕ ਇਨ੍ਹਾਂ ਸੰਸਕਾਰਾਂ ਦਾ ਧਿਆਨ ਸਿਖਿਆ ਦੇਣ ਵਾਲੇ ਨੂੰ ਨਹੀਂ ਹੋਵੇਗਾ, ਉਹ ਜਿਹੜੀ ਸਿਖਿਆ ਬਾਲਕ ਨੂੰ ਦੇਵੇਗਾ ਉਸ ਨਾਲ ਬਾਲਕ ਨੂੰ ਵਧੇਰੇ ਲਾਭ ਵੀ ਨਹੀਂ ਹੋਵੇਗਾ।

## ਸਿਖਿਆ ਦੇਣ ਵਾਲੇ ਅਤੇ ਸਿਖਿਆ ਲੈਣ ਵਾਲੇ ਦਾ ਸਬੰਧ

ਵਿਧਾਨਿਕ ਸਿਖਿਆ ਦੇਣ ਦੇ ਵੱਡੇ ਸਾਧਨ ਸਕੂਲ ਅਤੇ ਕਾਲਜ ਹਨ। ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਵਾਲੇ ਅਧਿਆਪਕ ਹੁੰਦੇ ਹਨ। ਇਸ ਲਈ ਰਾਸ਼ਟਰ ਦੇ ਬਚਿਆਂ ਨੂੰ ਪੜ੍ਹਾਉਣ ਲਿਖਾਉਣ ਦਾ ਭਾਰ ਅਧਿਆਪਕਾਂ ਉੱਤੇ ਹੈ। ਜੇ ਸਿਖਿਆ ਦੇਣ ਵਾਲੇ ਆਪਣੇ ਕਰ-ਤਵਾਂ ਨੂੰ ਸਾਵਧਾਨੀ ਨਾਲ ਕਰਨ ਤਾਂ ਇਕ ਡਿੱਗਾ ਹੋਇਆ ਰਾਸ਼ਟਰ ਵੀ ਉੱਨਤੀ ਦੀ ਸਿਖਰ ਤੇ ਪਹੁੰਚ ਸਕਦਾ ਹੈ ਅਤੇ ਜੇ ਸਿਖਿਆ ਦੇਣ ਵਾਲੇ ਅਣਗਹਿਲੀ ਕਰਨ ਤਾਂ ਉੱਨਤ ਰਾਸ਼ਟਰ ਵੀ ਜਾਂਗਲੀ ਅਵਸਥਾ ਨੂੰ ਪਹੁੰਚ ਜਾਵੇ।

ਸਿਖਿਆ ਦੇਣ ਵਾਲੇ ਆਪਣੇ ਕਰਤੱਵਾਂ ਨੂੰ ਤਾਂ ਹੀ ਠੀਕ ਤਰ੍ਹਾਂ ਨਿਭਾ ਸਕਦੇ ਹਨ ਜਦ ਉਹ ਆਪਣੇ ਜੀਵਨ ਦਾ ਇਕੋ ਹੀ ਉਦੇਸ਼ ਆਪਣੇ ਬਾਲਕਾਂ ਦੇ ਬਾਰੇ ਜਾਣਕਾਰੀ ਵਧਾਉਣਾ, ਉਨ੍ਹਾਂ ਦੀਆਂ ਯੋਗਤਾਵਾਂ ਨੂੰ ਜਾਨਣਾ, ਅਤੇ ਉਨ੍ਹਾਂ ਦੇ ਮਾਨਸਿਕ ਵਿਕਾਸ ਦੇ ਨਿਯਮਾਂ ਨੂੰ ਸਿਖਣਾ ਬਣਾ ਲੈਣ। ਰੂਸੋ ਵਿਦਵਾਨ ਦੇ ਹੇਠ ਲਿਖੇ ਕਥਨ ਨੂੰ ਹਰ ਸਿਖਿਆ ਦੇਣ ਵਾਲੇ ਨੂੰ ਸਦਾ ਧਿਆਨ ਵਿਚ ਰਖਣਾ ਚਾਹੀਦਾ ਹੈ–ਬਾਲਕ ਉਹ ਪੁਸਤਕ ਹੈ ਜਿਸ ਦਾ ਹਰ ਸਿਖਿਆ ਦੇਣ ਵਾਲੇ ਨੂੰ ਆਦਿ ਤੋਂ ਅੰਤ ਤਕ ਅਧਿਅਨ ਕਰਨਾ ਜ਼ਰੂਰੀ ਹੈ।

ਸਿਖਿਆ ਦੇਣ ਵਾਲੇ ਨੂੰ ਇਕ ਤਾਂ ਬਾਲ-ਮਨੋਵਿਗਿਆਨ ਦਾ ਕਾਫੀ ਗਿਆਨ ਪਰਾਪਤ ਕਰਨਾ ਅਤੇ ਸਿਖਿਆ ਦੇਣ ਦੀ ਵਿਧੀ ਦਾ ਜਾਨਣਾ ਜ਼ਰੂਰੀ ਹੈ, ਦੂਜੇ ਹਰ ਬੱਚੇ ਦੇ ਜੀਵਨ ਦੀ ਅਤੇ ਉਸ ਦੀਆਂ ਯੋਗਤਾਵਾਂ ਦੀ ਵਿਸ਼ੇਸ਼ਤਾ ਦਾ ਅਧਿਅਨ ਕਰਨਾ ਜ਼ਰੂਰੀ ਹੈ। ਬਾਲ-ਮਨੋਵਿਗਿਆਨ ਵਿਚ ਮਨ ਦੇ ਸਧਾਰਨ ਨਿਯਮਾਂ ਦਾ ਅਧਿਅਨ ਕੀਤਾ ਜਾਂਦਾ ਹੈ, ਪਰ ਸਿਖਿਆ ਦੇਣ ਵਾਲੇ ਨੂੰ ਇੱਨਾ ਹੀ ਗਿਆਨ ਕਾਫੀ ਨਹੀਂ ਹੈ। ਉਸ ਨੂੰ ਹਰ ਬੱਚੇ ਦੀ ਵਿਸ਼ੇਸ਼ਤਾ ਨੂੰ ਜਾਨਣਾ ਵੀ ਜ਼ਰੂਰੀ ਹੈ। ਸਿਖਿਆ ਦੇਣ ਵਾਲਾ ਕੋਈ ਵਿਗਿਆਨੀ ਨਹੀਂ, ਉਹ ਨਿਰਾ ਫਿਲਾਸਫਰ ਵੀ ਨਹੀਂ ਹੈ, ਉਹ ਤੇ ਇਕ ਕਲਾਕਾਰ ਹੈ। ਜਿਸ ਤਰ੍ਹਾਂ ਇਕ ਕਲਾਕਾਰ ਆਪਣੇ ਚਿਤਰ ਨੂੰ ਪੂਰਿਆਂ ਕਰਨ ਵਿਚ ਰੁਚੀ ਵਿਖਾਉਂਦਾ ਹੈ, ਅਥਵਾ ਜਿਵੇਂ ਇਕ ਕਵੀ ਕਵਿਤਾ ਬਣਾਉਣ ਲਗਿਆਂ ਆਪਣੀ ਨਿਜਤਾ ਨੂੰ ਗੁਆ ਲੈਂਦਾ ਹੈ, ਇਸੇ ਤਰ੍ਹਾਂ ਸੱਚਾ ਅਧਿਆਪਕ ਆਪਣੇ ਸ਼ਿਸ਼ ਦੇ ਨਵੇਂ-ਜੀਵਨ ਦੀ ਉਸਾਰੀ ਵਿਚ ਆਪਣੇ ਆਪ ਨੂੰ ਗੁਆ ਦਿੰਦਾ ਹੈ। ਉਸ ਦੀ ਮਿਹਨਤ ਦਾ ਇਨਾਮ ਇਕ ਨਵੇਂ ਜੀਵਨ ਦੀ ਉਸਾਰੀ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦਾ। ਸੱਚਾ ਗੁਰੂ ਆਪਣੇ ਸ਼ਿਸ਼ ਨੂੰ ਰਬ ਸਮਾਨ ਮੰਨਦਾ ਹੈ। ਹਰ ਬੱਚਾ ਪਰਮਾਤਮਾਂ ਦਾ ਅਵਤਾਰ ਹੈ। ਜਿਸ ਤਰ੍ਹਾਂ ਮੰਦਰ ਦਾ ਪੁਜਾਰੀ ਸਧਾਰਨ ਮੰਦਰਾਂ ਵਿਚ ਮੂਰਤੀਆਂ ਰਾਹੀਂ ਪਰਮਾਤਮਾਂ ਨੂੰ ਯਾਦ ਕਰਦਾ ਹੈ, ਇਸੇ ਤਰ੍ਹਾਂ ਇਕ ਗੁਰੂ ਵੀ ਆਪਣੇ ਸ਼ਿਸ਼ ਰਾਹੀਂ ਕ੍ਰਿਸ਼ਨ, ਰਾਮ ਆਦਿ ਨੂੰ ਧਿਆਉਂਦਾ ਹੈ।

ਸਿਖਿਆ ਦਾ ਕੰਮ ਬੜਾ ਧਾਰਮਕ ਹੈ। ਇਕ ਪਾਸੇ ਇਸ ਨਾਲ ਬਾਲਕ ਆਪਣੇ ਵਿਚ ਲੁਕੀਆਂ ਹੋਈਆਂ ਅਸਚਰਜ ਸ਼ਕਤੀਆਂ ਨੂੰ ਪਰਗਟ ਕਰਦਾ ਹੈ ਦੂਜੇ ਪਾਸੇ ਇਸ ਨਾਲ ਗੁਰੂ ਨੂੰ ਸ੍ਵੈ-ਸੋਝੀ ਹੁੰਦੀ ਹੈ।

[ ਜਿਹੜੇ ਸਿਖਿਆ ਦੇਣ ਵਾਲੇ ਸਿਖਿਆ ਦੇਣ ਦੇ ਕੰਮ ਵਿਚ ਕੇਵਲ ਬੱਚਿਆਂ ਦੇ ਜੀਵਨ ਦਾ ਸੁਧਾਰ ਅਥਵਾ ਉਨ੍ਹਾਂ ਦੇ ਮਾਨਸਿਕ ਵਿਕਾਸ ਨੂੰ ਵੇਖਦੇ ਹਨ, ਉਹ ਸਿਖਿਆ ਦੇ ਕੰਮ ਨੂੰ ਚੰਗੀ ਤਰ੍ਹਾਂ ਨਹੀਂ ਕਰਦੇ। ਸਿਖਿਆ ਦੇ ਕੰਮ ਵਿਚ ਸਿਖਿਆ ਦੇਣ ਵਾਲੇ ਦੀ ਅਸਲ ਆਪਣੀ ਸਿਖਿਆ ਹੁੰਦੀ ਹੈ। ਇਹ ਸਿਖਿਆ ਬੌਧਿਕ, ਹਾਰਦਿਕ ਅਤੇ ਅਧਿਆਤਮਿਕ ਹੁੰਦੀ ਹੈ। ਅਸੀਂ ਕਿਸੇ ਵੀ ਪਾਠ ਵਿਸ਼ੇ ਨੂੰ ਉਦੋਂ ਤਕ ਠੀਕ ਤਰ੍ਹਾਂ ਨਹੀਂ ਸਮਝਦੇ ਜਦੋਂ ਤਦ ਅਸੀਂ ਉਸ ਨੂੰ ਕਿਸੇ ਵਿਅਕਤੀ ਨੂੰ ਪੜ੍ਹਾ ਨਾ ਲਈਏ। ਵਿਦਿਆ ਹੋਰਨਾਂ ਪਦਾਰਥਾਂ ਵਾਂਗ ਨਹੀਂ ਜਿਹੜਾ ਦੇਣ ਨਾਲ ਘਟੇ, ਵਿਦਿਆ ਉਹ ਪਦਾਰਥ ਹੈ ਜਿਹੜਾ ਜਿੰਨਾ ਜ਼ਿਆਦਾ ਵੰਡਿਆ ਜਾਵੇ ਉੱਨਾ ਹੀ ਵਧਦਾ ਹੈ ਅਤੇ ਨਾ ਦੇਣ ਨਾਲ ਆਪਣੇ ਆਪ ਨਸ਼ਟ ਹੋ ਜਾਂਦਾ ਹੈ। ਜਦੋਂ ਅਸੀਂ ਆਪਣੇ ਵਿਚਾਰ ਦੂਜਿਆਂ ਅੱਗੇ ਪਰਗਟ ਕਰਦੇ ਹਾਂ ਤਾਂ ਉਹ ਸੁਚੱਜੀ ਵਿਉਂਤ ਵਿਚ ਆ ਜਾਂਦੇ ਹਨ, ਫਿਰ ਉਨ੍ਹਾਂ ਵਿਚਾਰਾਂ ਦੀ ਮੌਲਕਤਾ ਸਾਨੂੰ ਸਮਝ ਆਉਂਦੀ ਹੈ। ਆਪਣੇ ਗਿਆਨ ਨੂੰ ਦ੍ਰਿੜ੍ਹ ਕਰਨ ਦਾ ਸਾਧਨ ਉਸ ਨੂੰ ਕਿਸੇ ਸਿਆਣੇ ਸ਼ਿਸ਼ ਨੂੰ ਦੇਣਾ ਹੈ। ਇਸ ਤਰ੍ਹਾਂ ਵੇਖਿਆ ਜਾਵੇ ਤਾਂ ਗੁਰੂ ਨੂੰ ਅਸਲ ਸਿਖਿਆ ਦੇਣ ਵਾਲਾ ਉਸ ਦਾ ਸ਼ਿਸ਼ ਹੀ ਹੈ। ਇਕ ਸਿਆਣੇ ਸ਼ਿਸ਼ ਨੂੰ ਪਰਾਪਤ ਕਰ ਲੈਣਾ ਗੁਰੂ ਲਈ ਬੜੇ ਸੁਭਾਗ ਦੀ ਗੱਲ ਹੈ।

ਗੁਰੂ ਆਪਣੇ ਸ਼ਿਸ਼ ਦੀ ਸਦਾ ਭਲਿਆਈ ਚਾਹੁੰਦਾ ਹੈ। ਇਸ ਨਾਲ ਉਸ ਦੀ ਮਿਤਰਤਾ ਦੀ ਭਾਵਨਾ ਦਾ ਅਭਿਆਸ ਹੁੰਦਾ ਹੈ। ਇਸ ਅਭਿਆਸ ਨਾਲ ਗੁਰੂ ਦਾ ਮਨ ਸ਼ੁਧ ਹੁੰਦਾ ਹੈ ਅਤੇ ਉਸ ਵਿਚ ਕਈ ਤਰ੍ਹਾਂ ਦੀਆਂ ਸ਼ੁਭ ਇਛਾਵਾਂ ਪੈਦਾ ਹੁੰਦੀਆਂ ਹਨ। ਮਨ ਦੇ ਸ਼ੁਧ ਹੋਣ ਨਾਲ ਹੀ ਮਨੁਖ ਨੂੰ ਸ੍ਵੈ-ਸੋਝੀ ਹੁੰਦੀ ਹੈ। ਇਸੇ ਤਰ੍ਹਾਂ ਜਿਹੜਾ ਵਿਅਕਤੀ ਭਗਤੀ ਭਾਵ ਨਾਲ ਆਪਣੇ ਸ਼ਿਸ਼ ਨੂੰ ਸਾਰਾ ਗਿਆਨ ਦੇਣ ਦੀ ਇੱਛਾ ਕਰਦਾ ਹੈ ਉਸ ਦਾ ਇਕ ਤਾਂ ਗਿਆਨ ਪਰਪੱਕ ਹੋ ਜਾਂਦਾ ਹੈ ਦੂਜੇ ਉਸ ਦਾ ਅਧਿਆਤਮਿਕ ਵਿਕਾਸ ਹੁੰਦਾ ਹੈ। ਗੁਰੂ ਸ਼ਿਸ਼ ਨੂੰ ਸਿਖਿਆ ਦਿੰਦਾ ਹੈ ਪਰ ਇਸ ਸਿਖਿਆ ਦੇ ਕੰਮ ਨਾਲ, ਪਿਛੋਂ ਗੁਰੂ ਦੀ ਵੀ ਸਿਖਿਆ ਹੁੰਦੀ ਹੈ। ਜਿਹੜਾ ਵਿਅਕਤੀ ਆਪਣੇ ਜੀਵਨ ਵਿਚ ਮੌਲਿਕ ਸੁਧਾਰ ਕਰਨਾ ਚਾਹੁੰਦਾ ਹੈ ਉਸ ਨੂੰ ਅਭਿਮਾਨ ਰਹਿਤ ਹੋ ਕੇ, ਨਿਸ਼ਕਪਟ ਹੋ ਕੇ, ਸ਼ਰਧਾ ਭਾਵ ਨਾਲ ਬਚਿਆਂ ਨੂੰ ਸਿਖਿਆ ਦੇਣ ਦਾ ਕੰਮ ਕਰਨਾ ਚਾਹੀਦਾ ਹੈ।

ਸਿਖਿਆ ਦਾ ਕੰਮ ਬਹੁਤ ਕੁਝ ਮਾਨਸਿਕ ਇਲਾਜ ਕਰਨ ਵਾਲੇ ਦੇ ਕੰਮ ਵਰਗਾ ਹੈ। ਸਿਆਣਾ ਮਾਨਸਿਕ ਡਾਕਟਰ ਆਪਣੇ ਇਲਾਜ ਨਾਲ ਨਾ ਸਿਰਫ ਰੋਗੀ ਦਾ ਰੋਗ ਦੂਰ ਕਰਦਾ ਹੈ ਸਗੋਂ ਉਹ ਆਪਣਾ ਵੀ ਲਾਭ ਕਰਦਾ ਹੈ। ਜਿਸ ਤਰ੍ਹਾਂ ਉਸ ਦੇ ਇਲਾਜ ਨਾਲ ਰੋਗੀ ਦੀਆਂ ਮਾਨਸਿਕ ਗੁੰਝਲਾਂ ਖੁਲ੍ਹ ਜਾਂਦੀਆਂ ਹਨ, ਉਸੇ ਤਰ੍ਹਾਂ ਮਾਨਸਿਕ ਇਲਾਜ ਕਰਨ ਵਾਲੇ ਦੀਆਂ ਆਪਣੀਆਂ ਮਾਨਸਿਕ ਗੁੰਝਲਾਂ ਖੁਲ੍ਹ ਜਾਂਦੀਆਂ ਹਨ। ਉਸ ਦਾ ਮਨ ਸ਼ੁਧ ਹੋ ਜਾਂਦਾ ਹੈ ਅਤੇ ਉਸ ਨੂੰ ਸ੍ਵੈ-ਸੋਝੀ ਹੋ ਜਾਂਦੀ ਹੈ। ਇਕ ਸਿਖਿਆ ਦੇਣ ਵਾਲਾ ਵੀ ਇਸੇ ਤਰ੍ਹਾਂ ਦਾ ਲਾਭ ਆਪਣੇ ਬਾਲਕ ਨੂੰ ਸਿਖਿਅਤ ਕਰ ਕੇ ਪਰਾਪਤ ਕਰਦਾ ਹੈ।

## ਵਰਤਮਾਨ ਸਿਖਿਆ ਢੰਗ ਵਿਚ ਸਿਖਿਆ ਦੇਣ ਵਾਲੇ ਦਾ ਥਾਂ

ਸਿਖਿਆ ਦੇਣ ਵਾਲਾ, ਸਿਖਾਈ ਅਤੇ ਸ਼ਿਸ਼, ਇਹ ਤਿਕੜੀ ਹੈ ਜਿਸ ਵਿਚ ਸਿਖਿਆ ਦਾ ਕੰਮ ਹੁੰਦਾ ਹੈ। ਪੁਰਾਣੇ ਸਮੇਂ ਵਿਚ ਸਿਖਿਆ ਦੇਣ ਵਾਲੇ ਦਾ ਸਿਖਾਈ ਦੇ ਕੰਮ ਵਿਚ ਪਹਿਲਾ ਥਾਂ ਸੀ, ਅਜ ਸ਼ਿਸ਼ ਦਾ ਪਹਿਲਾ ਥਾਂ ਹੈ। ਜਿਵੇਂ ਜਿਵੇਂ ਸਮਾਜ ਵਿਚ ਸਿਖਿਆ

ਦਾ ਪਰਚਾਰ ਹੁੰਦਾ ਜਾਂਦਾ ਹੈ ਤਿਵੇਂ ਤਿਵੇਂ ਬੱਚੇ ਦੀ ਸਿਖਿਆ ਵਿਚ ਮਹੱਤਾ ਦੀ ਪਛਾਣ ਆਉਂਦੀ ਜਾਂਦੀ ਹੈ। ਪੁਰਾਣੇ ਸਮੇਂ ਵਿਚ ਬੱਚੇ ਵਿਚ ਸਿਖਿਆ ਦੇਣ ਵਾਲੇ ਲਈ ਬਜ਼ੁਰਗੀ ਦਾ ਭਾਵ ਪੈਦਾ ਕੀਤਾ ਜਾਂਦਾ ਸੀ। ਸ਼ਿਸ਼ ਆਪਣੇ ਆਪ ਨੂੰ ਗੁਰੂ ਦਾ ਪਰਛਾਵਾਂ ਸਮਝਦਾ ਸੀ, ਅਜ ਹਰ ਸ਼ਿਸ਼ ਆਪਣੇ ਗੁਰੂ ਨਾਲ ਬਰਾਬਰੀ ਦੀ ਵਰਤੋਂ ਕਰਦਾ ਹੈ ਅਤੇ ਉਸ ਨੂੰ ਇਸ ਤਰ੍ਹਾਂ ਦੀ ਵਰਤੋਂ ਕਰਨੀ ਸਿਖਾਈ ਵੀ ਜਾਂਦੀ ਹੈ। ਇੰਨਾ ਹੀ ਨਹੀਂ ਨਵਾਂ ਸਿਖਿਆ ਢੰਗ ਤਾਂ ਸਿਖਿਆ ਦੇਣ ਵਾਲੇ ਨੂੰ ਇਹ ਉਪਦੇਸ਼ ਦਿੰਦਾ ਹੈ ਕਿ ਉਹ ਬੱਚੇ ਨੂੰ ਆਦਰ ਦੀ ਨਜ਼ਰ ਨਾਲ ਵੇਖੇ, ਉਸਨੂੰ ਆਪਣਾ ਦਾਸ ਨਾ ਸਮਝੇ ਸਗੋਂ ਮਾਲਕ ਸਮਝੇ, ਬੱਚੇ ਦੇ ਜੀਵਨ ਦੀ ਸਫਲਤਾ ਸਿਖਿਆ ਦੇਣ ਵਾਲੇ ਦੀ ਸਫਲਤਾ ਹੈ। ਨਵਾਂ ਸਿਖਿਆ ਢੰਗ ਹਰ ਸਿਖਿਆ ਦੇਣ ਵਾਲੇ ਕੋਲੋਂ ਆਸ ਰਖਦਾ ਹੈ ਕਿ ਉਹ ਇਸ ਵਿਧੀ ਨਾਲ ਸਿਖਿਆ ਦੇਵੇ ਜਿਸ ਨਾਲ ਉਸ ਵਿਚ ਸਵੈ-ਸਨਮਾਨ ਦੇ ਭਾਵ ਪੈਦਾ ਹੋਣ ਅਤੇ ਉਹ ਆਪਣੇ ਗੁਰੂ ਤੋਂ ਅੱਗੇ ਵਧਣਾ ਚਾਹੇ। ਜਿਹੜਾ ਸਿਖਿਆ ਦੇਣ ਵਾਲਾ ਆਪਣੇ ਸ਼ਿਸ਼ਾਂ ਨੂੰ ਆਪਣੇ ਆਪ ਤੋਂ ਹੇਠਾਂ ਰਖਣਾ ਚਾਹੁੰਦਾ ਹੈ ਜਾਂ ਕਿਸੇ ਤਰ੍ਹਾਂ ਸ਼ਿਸ਼ਾਂ ਵਿਚ ਦਾਸਤਾ ਦੇ ਭਾਵ ਪੈਦਾ ਕਰਨਾ ਚਾਹੁੰਦਾ ਹੈ ਉਹ ਸਿਖਿਆ ਦੇ ਵਰਤਮਾਨ ਵਾਧੇ ਦੇ ਉਲਟ ਚਲਦੇ ਹਨ। ਅਜਿਹੇ ਸਿਖਿਆ ਦੇਣ ਵਾਲਿਆਂ ਨੂੰ ਜਲਦੀ ਹੀ ਆਪਣੀਆਂ ਮਨ ਬਿਰਤੀਆਂ ਨੂੰ ਬਦਲਣਾ ਪਵੇਗਾ ਜਾਂ ਫਿਰ ਸਿਖਿਆ ਦੇਣ ਦਾ ਕੰਮ ਛਡਣਾ ਪਵੇਗਾ।

ਹਰ ਵਿਅਕਤੀ ਵਿਚ ਦੂਜਿਆਂ ਤੇ ਆਪਣੀ ਪ੍ਰਭੁਤਾ ਜਮਾਉਣ ਦੀ ਇੱਛਾ ਹੁੰਦੀ ਹੈ। ਸਿਖਿਆ ਦੇਣ ਵਾਲੇ ਵੀ ਇਸ ਇੱਛਾ ਤੋਂ ਛੁਟੇ ਹੋਏ ਨਹੀਂ। ਫਿਰ ਉਹ ਆਪਣੇ ਆਪ ਤੋਂ ਉਮਰ ਅਤੇ ਬੁਧੀ ਵਿਚ ਛੋਟੇ ਵਿਅਕਤੀਆਂ ਉਤੇ ਹਕੂਮਤ ਕਰਦੇ ਹਨ। ਅਜਿਹੀ ਹਾਲਤ ਵਿਚ ਉਹ ਕਿਉਂ ਨਾ ਸਮਝਣ ਲਗ ਪੈਣ ਕਿ ਉਹ ਕੋਈ ਮਹਾਨ ਹਸਤੀ ਹਨ ਅਤੇ ਬੱਚਾ ਇਕ ਮਮੂਲੀ ਜੀਵ। ਇਸ ਤਰ੍ਹਾਂ ਦੀ ਮਨ ਬਿਰਤੀ ਦੇ ਬੜੇ ਭੈੜੇ ਸਿੱਟੇ ਹੁੰਦੇ ਹਨ। ਬੱਚਾ ਜਦ ਸਦਾ ਆਪਣੇ ਤੋਂ ਵਡਿਆਂ ਦੀ ਹਕੂਮਤ ਵਿਚ ਰਹਿਣ ਦਾ ਅਤੇ ਉਨ੍ਹਾਂ ਦੇ ਵਿਚਾਰਾਂ ਅਨੁਸਾਰ ਸੋਚਣ ਦਾ ਆਦੀ ਹੋ ਜਾਂਦਾ ਹੈ ਤਾਂ ਉਸ ਵਿਚ ਨਾ ਸਵੈ ਵਿਸ਼ਵਾਸ਼ ਪੈਦਾ ਹੁੰਦਾ ਹੈ ਅਤੇ ਨਾ ਸੁਤੰਤਰਤਾ ਦੀ ਮਨ ਬਿਰਤੀ ਹੀ। ਇਸ ਤਰ੍ਹਾਂ ਦਾ ਬੱਚਾ ਬਾਲਗ਼ ਹੋਕੇ, ਸੁਤੇ ਹੀ ਦੂਜਿਆਂ ਦੀ ਮਾਨਸਿਕ ਦਾਸਤਾ ਵਿਚ ਰਹਿੰਦਾ ਹੈ ਅਤੇ ਦੂਜਿਆਂ ਨੂੰ ਆਪਣੇ ਵਰਗਾ ਦਾਸ ਬਨਾਉਣਾ ਚਾਹੁੰਦਾ ਹੈ। ਇਸ ਤਰ੍ਹਾਂ ਦੀ ਮਨ ਬਿਰਤੀ ਹੀ ਤਾਨਾ ਸ਼ਾਹੀ ਦਾ ਅਧਾਰ ਹੁੰਦੀ ਹੈ। ਮਾਨਿਸਕ ਗੁਲਾਮੀ ਵਿਚ ਪਲੇ ਹੋਏ ਅਤੇ ਉਸ ਵਿਚ ਸਿਖਿਅਤ ਹੋਏ ਲੋਕ ਸੱਚੀ ਸੁਤੰਤਰਤਾ ਦੀ ਪਾਲਣਾ ਕਰਨ ਵਾਲੇ ਕਿਵੇਂ ਹੋ ਸਕਦੇ ਹਨ? ਜਿਨ੍ਹਾਂ ਲੋਕਾਂ ਨੂੰ ਆਪਣੇ ਬਚਪਣ ਵਿਚ ਸਵੈ ਅਧੀਨਤਾ ਦੇ ਅਨੰਦਾਂ ਤੇ ਤਜਰਬਾ ਨਹੀਂ ਹੋਇਆ ਉਹ ਵੱਡੇ ਹੋਕੇ ਨਾ ਤੇ ਉਸ ਅਨੰਦ ਨੂੰ ਪਛਾਣ ਸਕਦੇ ਹਨ ਅਤੇ ਨਾ ਉਨ੍ਹਾਂ ਦੇ ਮਨ ਵਿਚ ਉਸਨੂੰ ਪ੍ਰਾਪਤ ਕਰਨ ਲਈ ਤੀਬਰ ਇੱਛਾ ਪੈਦਾ ਹੁੰਦੀ ਹੈ।

## ਸਿਖਿਆ ਦੇਣ ਵਾਲੇ ਵਾਸਤੇ ਸਤਿਕਾਰ ਦੇ ਘਾਟੇ ਦੇ ਕਾਰਨ

**ਪੁਸਤਕਾਂ ਵਿਚ ਵਾਧਾ:**—ਪੁਰਾਣੀਆਂ ਸਿਖਿਆ ਪਰਨਾਲੀਆਂ ਦਾ ਨਿਸ਼ਾਨਾ ਬਚਿਆਂ ਨੂੰ ਰਾਜ ਦਾ ਆਗਿਆਕਾਰੀ ਸੇਵਕ ਬਨਾਉਣਾ ਸੀ। ਇਸ ਦੇ ਲਈ ਜ਼ਰੂਰੀ ਸੀ ਕਿ ਉਹ ਆਪਣੇ ਗੁਰੂ ਨੂੰ ਈਸ਼ਵਰ ਸਮਾਨ ਸਮਝਣ ਅਤੇ ਉਸ ਦੇ ਉਪਦੇਸ਼ ਦੀ, ਭਾਵੇਂ-ਉਹ ਸਮਝ ਵਿਚ ਆਵੇ ਭਾਵੇਂ ਨਾ, ਪਾਲਣਾ ਕਰਨ। ਜੋ ਕੁਝ ਗੁਰੂ ਜੀ ਆਖਦੇ ਸਨ ਉਸ ਨੂੰ ਸ਼ਿਸ਼ ਘੋਟ ਲੈਂਦਾ ਸੀ। ਉਸਦਾ ਅਰਥ ਸ਼ਿਸ਼ ਪਿਛੋਂ ਸਮਝਦਾ ਸੀ। ਗੁਰੂ ਦੀ ਦਸੀਆਂ ਗੱਲਾਂ ਵਿਚੋਂ ਇਕ

ਗੱਲ ਵੀ ਭੁਲਣੀ ਸ਼ਿਸ਼ ਲਈ ਬੜੀ ਹਾਨੀ ਕਾਰਕ ਹੁੰਦੀ ਸੀ।

ਗੁਰੂ ਦੀ ਮਹੱਤਾ ਦਾ ਇਕ ਕਾਰਨ ਪੁਸਤਕਾਂ ਦੀ ਘਾਟ ਸੀ। ਕਿਸੇ ਵੀ ਪੁਸਤਕ ਦੀ ਇਕ ਕਾਪੀ ਮਿਲਣੀ ਵੀ ਔਖੀ ਸੀ। ਜਦੋਂ ਤਕ ਛਾਪਣ ਦੀ ਕਲਾ ਦੀ ਕਾਢ ਨਾ ਹੋਈ ਅਤੇ ਛਾਪੇ ਖਾਨਿਆਂ ਦਾ ਪਸਾਰ ਨਾ ਹੋਇਆ ਉਦੋਂ ਤਕ ਗਿਆਨ ਦੀ ਪ੍ਰਾਪਤੀ ਦਾ ਸਾਧਨ ਗੁਰੂ ਬਿਨਾ ਹੋਰ ਕੋਈ ਨਹੀਂ ਸੀ। ਜਦੋਂ ਪੁਸਤਕਾਂ ਦਾ ਪਰਚਾਰ ਹੋ ਗਿਆ ਅਤੇ ਪੁਸਤਕਾਂ ਦੇ ਨਾਲ ਨਾਲ ਸਿਖਿਆ ਦਾ ਪਰਚਾਰ ਹੋਇਆ ਤਾਂ ਸੁਭਾਵਕ ਹੀ ਸ਼ਿਖਿਆ ਦੇਣ ਵਾਲੇ ਦੀ ਮੱਹਤਾ ਘਟ ਗਈ। ਪਹਿਲਾਂ ਗਿਆਨ ਨੂੰ ਯਾਦ ਰਖੀ ਰਖਣ ਲਈ ਘੋਟੇ ਦੀ ਜਿਹੜੀ ਲੋੜ ਹੁੰਦੀ ਸੀ ਉਹ ਵੀ ਹੁਣ ਨਾ ਰਹੀ। ਜਿਹੜਾ ਕੰਮ ਪਹਿਲਾਂ ਬਾਲਕਾਂ ਦੀ ਯਾਦ ਸ਼ਕਤੀ ਕਰਦੀ ਸੀ, ਉਹੋ ਕੰਮ ਹੁਣ ਪੁਸਤਕਾਂ ਕਰਨ ਲੱਗ ਪਈਆਂ। ਹੁਣ ਪੁਸਤਕਾਂ ਨੂੰ ਸਮਝਣਾ ਹੀ ਪੜ੍ਹਾਈ ਦਾ ਵੱਡਾ ਨਿਸ਼ਾਨਾ ਬਣ ਗਿਆ। ਸਿਖਿਆ ਦੇਣ ਵਾਲੇ ਦੀ ਲੋੜ ਹੁਣ ਪੁਸਤਕ ਨੂੰ ਸਮਝਾਉਣ ਤਕ ਹੀ ਰਹਿ ਗਈ। ਬੱਚੇ ਦਾ ਵਡਾ ਗੁਰੂ ਹੁਣ ਸਿਖਿਆ ਦੇਣ ਵਾਲਾ ਨਾ ਰਿਹਾ ਪੁਸਤਕ ਬਣ ਗਈ।

ਬੱਚੇ ਦੇ ਮਨ ਵਿਚ ਸਿਖਿਆਂ ਦੇਣ ਵਾਲੇ ਤੋਂ ਵਧੇਰੇ ਪੁਸਤਕ ਲਈ ਸ਼ਰਧਾ ਹੋ ਜਾਣਾ ਸੁਭਾਵਕ ਹੈ। ਸਿਖਿਆ ਦੇਣ ਵਾਲਾ ਜਿਸ ਗਲ ਨੂੰ ਦਸਦਾ ਹੈ ਉਸ ਗਲ ਨੂੰ ਪੁਸਤਕ ਹੋਰ ਵਧੇਰੇ ਸੁਹਣੇ ਢੰਗ ਨਾਲ ਦਸਦੀ ਹੈ। ਸਿਖਿਆ ਦੇਣ ਵਾਲਾ ਹਰ ਵੇਲੇ ਬੱਚੇ ਦੇ ਕੋਲ ਨਹੀਂ ਰਹਿ ਸਕਦਾ; ਪੁਸਤਕ ਬੱਚੇ ਦੇ ਕੋਲ ਹਰ ਵੇਲੇ ਰਹਿ ਸਕਦੀ ਹੈ। ਸਿਖਿਆ ਦੇਣ ਵਾਲੇ ਵਿਚ ਘਾਟੇ ਹੁੰਦੇ ਹਨ ਉਹ ਘਾਟੇ ਪੁਸਤਕਾਂ ਵਿਚ ਨਹੀਂ ਹੁੰਦੇ। ਪੁਸਤਕ ਨੂੰ ਪੜ੍ਹਕੇ ਜਿਵੇਂ ਬੱਚਾ ਗਿਆਨ ਪ੍ਰਾਪਤ ਕਰਦਾ ਹੈ ਉਸੇ ਤਰ੍ਹਾਂ ਸਿਖਿਆ ਦੇਣ ਵਾਲਾ ਗਿਆਨ ਪ੍ਰਾਪਤ ਕਰਦਾ ਹੈ। ਕਦੇ ਕਦੇ ਪ੍ਰਤਿਭਾ ਵਾਲਾ ਬੱਚਾ ਪੜ੍ਹਨ ਵਾਲੀ ਪੁਸਤਕ ਦੇ ਆਸ਼ੇ ਨੂੰ ਸਿਖਿਆ ਦੇਣ ਵਾਲੇ ਨਾਲੋਂ ਵਧੇਰੇ ਸਮਝ ਲੈਂਦਾ ਹੈ।

**ਪੱਤਰ-ਪੱਤਰਕਾਵਾਂ ਵਿਚ ਵਾਧਾ:**—ਅਧੁਨਿਕ ਕਾਲ ਵਿਚ ਪੱਤਰ ਪਤਰ-ਕਾਵਾਂ ਵਿਚ ਵਾਧਾ ਹੋ ਗਿਆ ਹੈ। ਇਸ ਨਾਲ ਵੀ ਸਿਖਿਆ ਦੇਣ ਵਾਲੇ ਦੀ ਮੱਹਤਾ ਘਟ ਗਈ ਹੈ। ਜਿਸ ਗਿਆਨ ਨੂੰ ਪਹਿਲਾਂ ਸਿਖਿਆ ਦੇਣ ਵਾਲਾ ਹੀ ਦੇ ਸਕਦਾ ਸੀ, ਉਹ ਗਿਆਨ ਹੁਣ ਪੱਤਰ ਪੱਤਰਕਾਵਾਂ ਤੋਂ ਮਿਲ ਜਾਂਦਾ ਹੈ। ਪੱਤਰ ਪੱਤਰਕਾਵਾਂ ਸਸਤੇ ਮੁਲ ਤੇ ਮਿਲ ਜਾਂਦੀਆਂ ਹਨ। ਇਸ ਲਈ ਸਿਖਿਆ ਦੇਣ ਵਾਲਿਆਂ ਦਾ ਮੁਲ ਵੀ ਉਨ੍ਹਾ ਹੀ ਹੁੰਦਾ ਹੈ ਜਿੰਨਾਂ ਪੱਤਰ ਪੱਤਰਕਾਵਾਂ ਦਾ। ਦੂਜੇ ਪੱਤਰ ਪਤਰਕਾਵਾਂ ਵਿਚ ਕਈ ਤਰ੍ਹਾਂ ਦੇ ਵਿਚਾਰ ਹੁੰਦੇ ਹਨ। ਉਨ੍ਹਾਂ ਵਿਚ ਕਿੰਨਿਆਂ ਹੀ ਸਿਧਾਂਤਾਂ ਦਾ ਖੰਡਨ ਮੰਡਨ ਵੇਖਿਆ ਜਾਂਦਾ ਹੈ। ਇਨ੍ਹਾਂ ਨਾਲ ਬਚਿਆਂ ਵਿਚ ਵਿਚਾਰਾਂ ਦੀ ਸੁਤੰਤਰਤਾ ਆਉਂਦੀ ਹੈ। ਜਦ ਕਿਸੇ ਵਿਅਕਤੀ ਵਿਚ ਵਿਚਾਰਾਂ ਦੀ ਸੁਤੰਤਰਤਾ ਆਉਂਦੀ ਹੈ ਤਾਂ ਅਸੀਂ ਉਸ ਤੋਂ ਇਹ ਆਸ ਨਹੀਂ ਕਰ ਸਕਦੇ ਕਿ ਉਹ ਲਕੀਰ ਦਾ ਫਕੀਰ ਹੋਵੇਗਾ ਜਾਂ ਕਿਸੇ ਵਿਅਕਤੀ ਦੀ ਗਲ ਨੂੰ ਬਿਨਾਂ ਸਮਝੇ ਬੁੱਝੇ ਮੰਨ ਲਵੇਗਾ।

**ਵਿਗਿਆਨਿਕ ਵਿਚਾਰ ਦਾ ਪਰਚਾਰ**—ਸਿਖਿਆ ਦੇਣ ਵਾਲੇ ਦੀ ਸਿਖਿਆ ਦੀ ਮਹੱਤਾ ਘਟਣ ਦਾ ਇਕ ਵੱਡਾ ਕਾਰਨ ਸੰਸਾਰ ਵਿਚ ਵਿਗਿਆਨਕ ਵਿਚਾਰਧਾਰਾ ਦਾ ਵਾਧਾ ਹੈ। ਇਸ ਦੇ ਨਾਲ ਮਨੁਖ ਵਿਚ ਦਲੀਲ, ਮਨਤਕ ਨਾਲ ਵਿਚਾਰ ਕਰਨ ਦੀ ਸ਼ਕਤੀ ਆਈ ਅਤੇ ਧਾਰਮਿਕ ਭਾਵਾਂ ਦੀ ਸੱਤਾ ਘਟ ਗਈ। ਪੁਰਾਣੇ ਸਮੇਂ ਵਿਚ ਸਿਖਿਆ

ਦਾ ਵੱਡਾ ਨਿਸ਼ਾਨਾ ਧਰਮ ਦੀਆਂ ਗਲਾਂ ਦਸਣਾ ਸੀ। ਧਰਮ ਦੀਆਂ ਗਲਾਂ ਵਿਚ ਦਲੀਲ ਨਾਲ ਵਿਚਾਰ ਕਰਨ ਦਾ ਵਾਧਾ ਨਹੀਂ ਹੁੰਦਾ। ਬਹੁਤ ਸਾਰੇ ਧਰਮਾਂ ਦਾ ਅਧਾਰ ਠਿਗ ਅੰਧ-ਵਿਸ਼ਵਾਸ਼ ਹੀ ਰਹਿੰਦਾ ਹੈ। ਫਿਰ ਧਰਮ ਦੇ ਚਲਾਉਣ ਵਾਲਿਆਂ ਦੇ ਨਿਸ਼ਾਨੇ ਨੂੰ ਧਰਮ ਦੇ ਪਰਚਾਰਕ ਆਪਣੇ ਅੱਗੇ ਠੀਕ ਤਰ੍ਹਾਂ ਨਹੀਂ ਰਖ ਸਕੇ। ਇਸ ਕਰਕੇ ਉਹ ਉਨ੍ਹਾਂ ਸਭਨਾਂ ਸਾਧਨਾਂ ਨੂੰ ਵਰਤੋਂ ਵਿਚ ਲਿਆਏ ਜਿਨ੍ਹਾਂ ਨਾਲ ਉਨ੍ਹਾਂ ਦੀ ਸਮਾਜ ਵਿਚ ਥਾਂ ਸੁਰਿਖ੍ਤ ਰਹੇ। ਧਰਮ ਵਿਚ, ਪਰਾਪਤ ਹੋਈ ਬਾਣੀ ਨੂੰ ਪਹਿਲਾ ਥਾਂ ਦਿੱਤਾ ਜਾਂਦਾ ਰਿਹਾ ਹੈ। ਇਸ ਕਰਕੇ ਧਰਮ ਪੁਸਤਕਾਂ ਦੀ ਥਾਂ ਪਹਿਲੇ ਨੰਬਰ ਤੇ ਰਹੀ ਅਤੇ ਧਰਮ ਉਪਦੇਸ਼ਕਾਂ, ਪੰਡਤਾਂ ਵਲ ਵੀ ਸ਼ਰਧਾ ਦਾ ਭਾਵ ਬਣਿਆ ਰਿਹਾ।

ਵਿਗਿਆਨਿਕ ਗਿਆਨ ਦੇ ਵਾਧੇ ਦੇ ਨਾਲ ਨਾਲ ਮਨੁਖ ਦੀਆਂ ਪੁਰਾਣੀਆਂ ਧਾਰਮਿਕ ਰਹਿਤਾਂ ਵਿਚਾਰਾਂ ਵਿਚ ਵੀ ਤਬਦੀਲੀ ਆ ਗਈ ਅਤੇ ਧਾਰਮਿਕ ਭਾਵਨਾਂ ਦੀ ਤਬਦੀਲੀ ਦੇ ਨਾਲ ਸਿਖਿਆ ਵਿਚ ਸਿਖਿਆ ਦੇਣ ਵਾਲੇ ਦੀ ਥਾਂ ਵੀ ਤਬਦੀਲ ਹੋ ਗਈ।

**ਸਿੱਖਿਆ ਦਾ ਇਕ ਵਿਹਾਰ ਬਣ ਜਾਣਾ:**—ਸਿਖਿਆ ਦੇਣ ਵਾਲੇ ਵਲ ਸ਼ਰਧਾ ਦੇ ਘਟਣ ਦਾ ਇਕ ਕਾਰਨ ਸਿਖਿਆ ਦੇ ਕੰਮ ਨੂੰ ਵਿਹਾਰ ਮੰਨ ਲੈਣਾ ਵੀ ਹੈ। ਪੁਰਾਣੇ ਸਮੇਂ ਦੇ ਪੰਡਿਤ ਲੋਕ ਨਾ ਤੇ ਵਡੀਆਂ ਵਡੀਆਂ ਤਨਖਾਹਾਂ ਦੀ ਆਸ ਰਖਦੇ ਸਨ ਅਤੇ ਨਾ ਉਹ ਵਿਦਿਆਰਥੀਆਂ ਕੋਲੋਂ ਭਾਰੀ ਫੀਸਾਂ ਲੈਂਦੇ ਸਨ। ਬਹੁਤ ਸਾਰੇ ਸਿਖਿਆ ਦੇਣ ਵਾਲੇ ਆਪਣੇ ਕੋਲੋਂ ਪੈਸੇ ਖਰਚ ਕੇ ਗੁਰੂ ਕੁਲਾਂ ਨੂੰ ਚਲਾਉਂਦੇ ਅਤੇ ਵਿਦਿਆਰਥੀਆਂ ਨੂੰ ਪਾਲਦੇ ਸਨ। ਹੁਣ ਅਜਿਹੇ ਸਿਖਿਆ ਦੇਣ ਵਾਲੇ ਤੇ ਸਿਖਿਆ ਦੇਣ ਵਾਲੀਆਂ ਥਾਵਾਂ ਦੀ ਕਲਪਣਾ ਕਰਨੀ ਵੀ ਔਖੀ ਹੈ। ਭਾਰਤ ਵਰਸ਼ ਦੇ ਪੁਰਾਣੇ ਸਮੇਂ ਦੇ ਗੁਰੂ ਆਪਣੇ ਸ਼ਿਸ਼ ਲਈ ਕਈ ਕੰਮ ਕਰਦੇ ਸਨ ਜਿਹੜੇ ਪਿਤਾ ਪੁਤਰ ਲਈ ਕਰਦਾ ਹੈ। ਪਿਤਾ ਪੁਤਰ ਨੂੰ ਗੁਰੂ ਕੁਲ ਵਿਚ ਗੁਰੂ ਨੂੰ ਸੌਂਪ ਕੇ ਆ ਜਾਂਦਾ ਸੀ। ਉਹ ਜਾਣਦਾ ਸੀ ਕਿ ਗੁਰੂ ਉਸ ਦੀ ਹਰ ਤਰ੍ਹਾਂ ਦੀ ਵੇਖ ਭਾਲ ਕਰੇਗਾ। ਅਸਲ ਵਿਚ ਗੁਰੂ ਕਰਦਾ ਵੀ ਇਸੇ ਤਰ੍ਹਾਂ ਸੀ। ਜਦ ਕਦੇ ਸ਼ਿਸ਼ ਬੀਮਾਰ ਹੋ ਜਾਂਦਾ ਤਾਂ ਉਹ ਸ਼ਿਸ਼ ਦੀ ਉਸੇ ਤਰ੍ਹਾਂ ਸੇਵਾ ਕਰਦਾ ਜਿਵੇਂ ਪਿਤਾ ਪੁਤਰ ਦੀ ਕਰਦਾ ਹੈ। ਪੁਰਾਣੇ ਸਮੇਂ ਦੇ ਗੁਰੂ ਨਾ ਤੇ ਕਿਸੇ ਸੰਸਥਾ ਕੋਲ ਨੌਕਰ ਰਹਿੰਦੇ ਸਨ ਅਤੇ ਨਾ ਕਿਸੇ ਰਾਜ ਦੇ। ਗੁਰੂ ਕੁਲ ਜਾਂ ਗੁਰੂ ਆਪਣਾ ਸੁਤੰਤਰ ਜੀਵਨ ਬਤੀਤ ਕਰਦੇ ਸਨ। ਜਿਸ ਵਿਅਕਤੀ ਨੂੰ ਕਿਸੇ ਦੂਸਰੇ ਅੱਗੇ ਹੱਥ ਨਹੀਂ ਅੱਡਣਾ ਪੈਂਦਾ, ਉਹ ਜ਼ਰੂਰ ਸਮਾਜ ਵਿਚ ਉੱਚੀ ਥਾਂ ਦਾ ਮਾਲਕ ਹੁੰਦਾ ਹੈ।

**ਸਿਖਿਆ ਦੇਣ ਵਾਲੇ ਦੀ ਆਮਦਨ ਵਿਚ ਕਮੀ:**—ਅਧੁਨਿਕ ਕਾਲ ਵਿਚ ਮਨੁਖ ਦੀ ਸਮਾਜ ਵਿਚ ਥਾਂ ਜਿੰਨੀ ਉਸ ਦੀ ਆਮਦਨ ਉਤੇ ਨਿਰਭਰ ਕਰਦੀ ਹੈ ਉਨੀ ਉਸ ਦੇ ਕੰਮ ਉਤੇ ਨਹੀਂ। ਪੁਰਾਣੇ ਸਮੇਂ ਵਿਚ ਸਿਖਿਆ ਦੇ ਕੰਮ ਨੂੰ ਸਭ ਤੋਂ ਉੱਚਾ ਤੇ ਸੁੱਚਾ ਸਮਝਿਆ ਜਾਂਦਾ ਸੀ। ਇਸ ਲਈ ਸਿਖਿਆ ਦੇਣ ਵਾਲੇ ਨੂੰ ਵਿਸ਼ੇਸ਼ ਆਦਰ ਦਿਤਾ ਜਾਂਦਾ ਸੀ। ਉਸ ਦੀ ਆਮਦਨ ਘਟ ਹੋਣ ਉਤੇ ਵੀ ਸਾਰੇ ਲੋਕ ਉਸ ਦਾ ਆਦਰ ਕਰਦੇ ਸਨ। ਇਕ ਤਾਂ ਉਹ ਸਮਾਜ ਦੇ ਬਚਿਆਂ ਨੂੰ ਸਿਖਿਆ ਦੇਣ ਵਾਲਾ ਹੁੰਦਾ ਸੀ ਦੂਜੇ ਉਹ ਬਾਲਕ ਲੋਕਾਂ ਦਾ ਧਰਮ ਗੁਰੂ। ਬਾਲਕਾਂ ਦੀ ਸ਼ਰਧਾ ਕਿਸੇ ਵਿਅਕਤੀ ਵਲ ਉਸੇ ਤਰ੍ਹਾਂ ਹੁੰਦੀ ਹੈ ਜਿਸ ਤਰ੍ਹਾਂ ਦੀ ਵੱਡੇ ਲੋਕਾਂ ਦੀ। ਜਿਸ ਵਿਅਕਤੀ ਦਾ ਆਦਰ ਬਾਲਕਾਂ ਦੇ ਪਿਤਾ ਕਰਦੇ ਹਨ, ਬਾਲਕ ਵੀ ਕਰਦੇ ਹਨ। ਅਧੁਨਿਕ ਕਾਲ ਵਿਚ ਸਿਖਿਆ ਦੇਣ ਵਾਲਾ ਬਾਲਗ ਲੋਕਾਂ ਦਾ ਧਰਮ

ਗੁਰੂ ਨਹੀਂ । ਇਸ ਲਈ ਉਸ ਦਾ ਆਦਰ ਉਸ ਦੀ ਉਮਰ ਉਤੇ ਨਿਰਭਰ ਹੈ । ਜਿਸ ਸਿਖਿਆ ਦੇਣ ਵਾਲੇ ਦੀ ਉਮਰ ਘਟ ਹੁੰਦੀ ਹੈ ਉਸ ਦਾ ਆਦਰ ਘਟ ਹੁੰਦਾ ਹੈ ਅਤੇ ਜਿਸ ਦੀ ਉਮਰ ਵਧੇਰੇ ਹੁੰਦੀ ਹੈ ਉਸ ਦਾ ਆਦਰ ਵਧੇਰੇ ਹੁੰਦਾ ਹੈ ।

ਪੱਛਮ ਵਿਚ ਸਿਖਿਆ ਦੇਣ ਵਾਲਾ ਆਪਣੇ ਆਪ ਨੂੰ ਦੂਸਰੇ ਮਿਹਨਤੀ ਲੋਕਾਂ ਵਾਂਗ ਇਕ ਤਨਖਾਹਦਾਰ ਨੌਕਰ ਸਮਝਦਾ ਹੈ ਅਤੇ ਉਹ ਆਪਣੀ ਤਨਖਾਹ ਵਧਾਉਣ ਲਈ ਉਸੇ ਤਰ੍ਹਾਂ ਯਤਨ ਕਰਦਾ ਹੈ ਜਿਸ ਤਰ੍ਹਾਂ ਦੇ ਹੋਰ ਮਜ਼ਦੂਰ । ਅਮਰੀਕਾ ਵਿਚ ਸਿਖਿਆ ਦੇਣ ਵਾਲੇ ਟਰੇਡ ਯੂਨੀਅਨਾਂ ਵਿਚ ਸ਼ਾਮਲ ਹੋ ਜਾਂਦੇ ਹਨ ਅਤੇ ਆਪਣੀਆਂ ਤਨਖਾਹਾਂ ਵਧਾਉਣ ਲਈ ਹੜਤਾਲਾਂ ਕਰਦੇ ਹਨ । ਸਿਖਿਆ ਦੇਣ ਵਾਲਿਆਂ ਦੇ ਸੰਘ ਉਸੇ ਤਰ੍ਹਾਂ ਦੇ ਹੁੰਦੇ ਹਨ ਜਿਸ ਤਰ੍ਹਾਂ ਦੇ ਅਜ ਕਲ ਮਜ਼ਦੂਰਾਂ ਦੇ ਸੰਘ ਹੁੰਦੇ ਹਨ । ਅਜਿਹੀ ਹਾਲਤ ਵਿਚ ਸਿਖਿਆ ਦੇਣ ਵਾਲੇ ਆਪਣੀ ਤਨਖਾਹ ਵਧਾਉਣ ਦੇ ਸਮਰੱਥ ਹੁੰਦੇ ਹਨ ਪਰ ਉਨ੍ਹਾਂ ਵਲ ਸ਼ਿਸ਼ਾਂ ਦਾ ਉਨਾ ਆਦਰ ਭਰਿਆ ਵਰਤਾਰਾ ਨਹੀਂ ਰਹਿੰਦਾ ਜਿੰਨਾ ਆਪਣੀ ਆਮਦਨ ਦੀ ਚਿੰਤਾ ਨਾ ਕਰਨ ਵਾਲੇ ਅਧਿਆਪਕਾਂ ਵਲ ਉਸ ਦੇ ਸ਼ਿਸ਼ਾਂ ਦਾ ਹੁੰਦਾ ਹੈ ।

**ਸਿਖਿਆ ਦੇਣ ਵਾਲੇ ਦਾ ਰਾਜ ਉੱਤੇ ਨਿਰਭਰ ਹੋਣਾ:—** ਆਧੁਨਿਕ ਕਾਲ ਵਿਚ ਸਿਖਿਆ ਦੇਣ ਵਾਲੇ ਦਾ ਰਾਜ ਉਤੇ ਨਿਰਭਰ ਹੋਣ ਦਾ ਇਕ ਬੜਾ ਭੈੜਾ ਸਿੱਟਾ ਨਿਕਲਿਆ ਹੈ । ਰਾਜ ਸਿਖਿਆ ਦੇਣ ਵਾਲੇ ਨੂੰ ਆਪਣੀ ਯੋਜਨਾ ਦਾ ਸਮਾਜ ਵਿਚ ਪਰਚਾਰ ਕਰਨ ਦਾ ਇਕ ਸਾਧਨ ਬਣਾ ਲੈਂਦਾ ਹੈ । ਇਸ ਕਰਕੇ ਸਿਖਿਆ ਦੇਣ ਵਾਲੇ ਵਿਚ ਕੋਈ ਮਾਨਸਿਕ ਸੁਤੰਤਰਤਾ ਨਹੀਂ ਰਹਿੰਦੀ । ਸਿਖਿਆ ਦੇਣ ਵਾਲੇ ਨੂੰ ਉਸੇ ਤਰ੍ਹਾਂ ਦੇ ਮੱਤ ਮਤਾਂਤਰਾਂ ਨੂੰ ਬੱਚੇ ਨੂੰ ਸਿਖਾਉਣਾ ਪੈਂਦਾ ਹੈ ਜਿਨ੍ਹਾਂ ਨੂੰ ਰਾਜ ਚਾਹੁੰਦਾ ਹੈ । ਜੇ ਉਹ ਅਜਿਹਾ ਨਹੀਂ ਕਰ ਸਕਦਾ ਤਾਂ ਉਸ ਨੂੰ ਆਪਣੀ ਰੋਟੀ ਤੋਂ ਹੱਥ ਧੋਣਾ ਪੈਂਦਾ ਹੈ । ਹੁਣ ਜੇ ਇਹ ਰਾਜ ਕਿਸੇ ਵਿਦੇਸ਼ੀ ਸਰਕਾਰ ਦਾ ਹੈ ਤਾਂ ਸਿਖਿਆ ਦੇਣ ਵਾਲੇ ਨੂੰ ਆਪਣੀ ਕੌਮ ਨਾਲ ਗ਼ਦਾਰੀ ਕਰਨੀ ਪੈਂਦੀ ਹੈ । ਜਿਨ੍ਹਾਂ ਗੱਲਾਂ ਦਾ ਸਿਖਿਆ ਦੇਣ ਵਾਲਾ ਬਚਿਆਂ ਵਿਚ ਪਰਚਾਰ ਕਰਨਾ ਕੌਮੀ ਹਿਤਾਂ ਦੇ ਵਿਰੁਧ ਸਮਝਦਾ ਹੈ, ਉਹੋ ਗੱਲਾਂ ਉਸ ਨੂੰ ਬਚਿਆਂ ਨੂੰ ਸਿਖਾਣੀਆਂ ਪੈਂਦੀਆਂ ਹਨ । ਪਹਿਲਾਂ ਤਾਂ ਸਿਖਿਆ ਦੇਣ ਵਾਲੇ ਨੂੰ ਆਪ ਇੰਨੀ ਯੋਗਤਾ ਨਹੀਂ ਰਹਿੰਦੀ ਕਿ ਉਹ ਸੱਚ ਅਤੇ ਝੂਠ; ਲਾਭਦਾਇਕ ਅਤੇ ਹਾਨੀਕਾਰਕ ਗੱਲਾਂ ਨੂੰ ਸਮਝ ਸਕੇ ; ਉਸ ਨੂੰ ਇਕੋ ਹੀ ਪੱਖ ਵਿਖਾਇਆ ਜਾਂਦਾ ਹੈ । ਇਸ ਲਈ ਉਹ ਜਿੰਨਾ ਜਾਣਦਾ ਹੈ ਉੱਨਾ ਹੀ ਉਹ ਬੱਚਿਆਂ ਨੂੰ ਦੱਸਦਾ ਹੈ । ਜੇ ਕਿਸੇ ਸਿਖਿਆ ਦੇਣ ਵਾਲੇ ਦੀ ਤਿੱਖੀ ਬੁੱਧੀ ਹੋਵੇ ਵੀ ਅਤੇ ਉਸ ਨੇ ਸੱਚੀ ਗਲ ਦੀ ਪਛਾਣ ਕਰ ਵੀ ਲਈ ਤਾਂ ਵੀ ਉਹ ਬਚਿਆਂ ਨੂੰ ਸੁਤੰਤਰਤਾ ਨਾਲ ਨਹੀਂ ਸਿਖਾ ਸਕਦਾ । ਅਜਿਹਾ ਸਿਖਿਆ ਦੇਣ ਵਾਲਾ ਸਮਾਜ ਦੇ ਲੋਕਾਂ ਦੇ ਆਦਰ ਦਾ ਪਾਤਰ ਕਿਵੇਂ ਹੋ ਸਕਦਾ ਹੈ । ਬੱਚੇ ਵੀ ਡਰ ਕਰਕੇ ਹੀ ਅਜਿਹੇ ਸਿਖਿਆ ਦੇਣ ਵਾਲੇ ਦਾ ਆਦਰ ਕਰਦੇ ਹਨ ।

ਸਿਖਿਆ ਵਿਚ ਸਿਖਿਆ ਦੇਣ ਵਾਲੇ ਦਾ ਥਾਂ ਜਾਂ ਉਸ ਵਲ ਸ਼ਰਧਾ ਬਾਰੇ ਜੋ ਕੁਝ ਉਪਰ ਕਿਹਾ ਗਿਆ ਹੈ ਉਸ ਤੋਂ ਇਹ ਭਰਮ ਪੈਦਾ ਹੋ ਸਕਦਾ ਹੈ ਕਿ ਸਿਖਿਆ ਦੇਣ ਵਾਲੇ ਦਾ ਸਮਾਜ ਵਿਚ ਪਹਿਲਾਂ ਵਾਲਾ ਕੋਈ ਮਹੱਤਾ ਵਾਲਾ ਥਾਂ ਨਹੀਂ ਹੈ । ਪਰ ਅਸਲ ਵਿਚ ਹਾਲਤ ਹੋਰ ਤਰ੍ਹਾਂ ਹੈ । ਅਜੋਕੇ ਸਮੇਂ ਵਿਚ ਪਹਿਲਾਂ ਨਾਲੋਂ ਸਮਾਜ ਨੂੰ ਸਿਖਿਆ ਦੀ ਵਧੇਰੇ ਲੋੜ ਹੈ । ਇਸ ਲਈ ਜਿਹੜਾ ਵਿਅਕਤੀ ਇਸ ਸਿਖਿਆ ਦਾ ਮੁਖ ਸਾਧਨ ਹੈ ਉਸ ਦੀ

ਮਹੱਤਾ ਵੀ ਪਹਿਲਾਂ ਨਾਲੋਂ ਵਧੇਰੇ ਹੋ ਗਈ । ਪੁਰਾਣੇ ਸਮੇਂ ਵਿਚ ਮਨੁਖ ਬਿਨਾਂ ਪੜ੍ਹ ਲਿਖਣ ਦੇ ਆਪਣਾ ਜੀਵਨ ਸੁਖ ਨਾਲ ਬਤੀਤ ਕਰ ਲੈਂਦਾ ਸੀ, ਪਰ ਅਜ ਇਹ ਸੰਭਵ ਨਹੀਂ ਜਿਹੜਾ ਵਿਅਕਤੀ ਜਿੰਨਾ ਵਧ ਸਿਖਿਅਤ ਹੁੰਦਾ ਹੈ ਉੱਨਾ ਹੀ ਉਸ ਦਾ ਸਮਾਜ ਵਿਚ ਜੀਵ ਖੀ ਰਹਿੰਦਾ ਹੈ। ਇਸੇ ਤਰ੍ਹਾਂ ਜਿਸ ਰਾਸ਼ਟਰ ਵਿਚ ਜਿੰਨੀ ਵਧੇਰੇ ਸਿਖਿਆ ਹੁੰਦੀ ਉਹ ਉੱਨਾ ਹੀ ਵਧੇਰੇ ਆਰਥਿਕ, ਸਮਾਜਿਕ ਅਤੇ ਰਾਜਸੀ ਉਨਤੀ ਕਰਦਾ ਹੈ। ਇ ਲਈ ਸਮਾਜ ਨੂੰ ਪਹਿਲਾਂ ਨਾਲੋਂ ਹੁਣ ਸਿਖਿਆ ਦੇਣ ਵਾਲੇ ਨੂੰ ਵਧੇਰੇ ਮਹੱਤ ਦੇਣਾ ਜ਼ਰੂਰੀ ਹੈ।

ਅਧੁਨਿਕ ਸਿਖਿਆ-ਪਰਨਾਲੀ ਵਿਚ ਸਿਖਿਆ ਦੇਣ ਵਾਲੇ ਵਲ ਸ਼ਿਸ਼ ਦੇ ਮਨ ਵਿਚ ਪਹਿਲਾਂ ਵਰਗਾ ਸ਼ਰਧਾ-ਭਾਵ ਤਾਂ ਪੈਦਾ ਨਹੀਂ ਕੀਤਾ ਜਾ ਸਕਦਾ ਪਰ ਉਸ ਦੀ ਲੋੜ ਵਲੋਂ ਲਾਪਰਵਾਹੀ ਵੀ ਨਹੀਂ ਦੱਸੀ ਜਾ ਸਕਦੀ। ਅਜ ਸਿਖਿਆ ਦਾ ਕੰਮ ਪਹਿਲਾਂ ਨਾਲੋਂ ਕਿਤੇ ਵੱਧ ਗੁੰਝਲਦਾਰ ਹੋ ਗਿਆ ਹੈ। ਜਿਸ ਤਰ੍ਹਾਂ ਅਧੁਨਿਕ ਕਾਲ ਵਿਚ ਹੋਰ ਕੰਮ ਦੇ ਕਰਨ ਲਈ ਉਸ ਕੰਮ ਦੇ ਪਰਬੀਨ ਆਦਮੀਆਂ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਸਿਖਿਆ ਦਾ ਕੰਮ ਕਰਨ ਲਈ ਵੀ ਅਜ ਸਿੱਖਿਆ ਦੇ ਪਰਬੀਨਾਂ ਦੀ ਲੋੜ ਹੈ। ਬਚਿਆਂ ਨੂੰ ਠੀਕ ਢੰਗ ਨਾਲ ਪੜ੍ਹਾਉਣ ਲਈ ਅਜ ਨਾ ਕੇਵਲ ਪੜ੍ਹਾਏ ਜਾਣ ਵਾਲੇ ਵਿਸ਼ੇ ਦਾ ਕਾਫੀ ਗਿਆਨ ਸਿਖਿਆ ਦੇਣ ਵਾਲੇ ਲਈ ਜ਼ਰੂਰੀ ਹੈ ਸਗੋਂ ਬਾਲ-ਮਨੋਵਿਗਿਆਨ ਅਤੇ ਪਾਠ ਦੀ ਸਿਖਾਈ ਕਰਾਉਣ ਦੀ ਵਿਧੀ ਦੇ ਵਖ ਵਖ ਢੰਗਾਂ ਨੂੰ ਜਾਨਣ ਦੀ ਵੀ ਲੋੜ ਹੈ। ਇਹ ਕੰਮ ਉਹ ਵਿਅਕਤੀ ਹੀ ਠੀਕ ਤਰ੍ਹਾਂ ਕਰ ਸਕਦਾ ਹੈ ਜਿਸ ਨੂੰ ਇਕ ਤਾਂ ਬੱਚੇ ਦੇ ਸੁਭਾਵ ਬਾਰੇ ਕਾਫੀ ਵਾਕਫੀ ਹੋਵੇ ਅਤੇ ਦੂਜੇ ਉਹ ਸਿਖਾਈ ਦੇ ਕੰਮ ਨੂੰ ਲਗਣ ਨਾਲ ਅਤੇ ਵਿਗਿਆਨਿ ਢੰਗ ਨਾਲ ਕਰਨਾ ਚਾਹੁੰਦਾ ਹੋਵੇ। ਇਸ ਦੇ ਲਈ ਬੜੇ ਧੀਰਜ ਅਤੇ ਉਤਸ਼ਾਹ ਦੀ ਲੋੜ ਹੈ। ਅਜ ਦੀ ਸਿਖਿਆ ਦਾ ਨਿਸ਼ਾਨਾ ਬੱਚੇ ਨੂੰ ਮਾਨਸਿਕ ਸੁਤੰਤਰਤਾ ਦੇਣੀ ਹੈ ਤਾਂ ਜੁ ਉਹ ਆਪਣੇ ਆਪ ਨੂੰ ਕਿਸੇ ਹੋਰ ਵਿਅਕਤੀ ਨਾਲੋਂ ਨੀਵਾਂ ਨਾ ਸਮਝੇ। ਅਜਿਹਾ ਬੱਚਾ ਹੀ ਪਰਜਾ-ਤੰਤਰ ਦਾ ਸੱਚਾ ਨਾਗਰਿਕ ਹੋ ਸਕਦਾ ਹੈ। ਪਰ ਇਹ ਬੜਾ ਹੀ ਔਖਾ ਕੰਮ ਹੈ ਬੱਚੇ ਨੂੰ ਸਜ਼ਾ ਦੇ ਡਰ ਨਾਲ ਪੜ੍ਹਾ ਲੈਣਾ ਸੌਖਾ ਹੈ ਪਰ ਉਸ ਨੂੰ ਪਿਆਰ ਨਾਲ ਅਤੇ ਉਸ ਦੀ ਮਾਨਸਿਕ ਸੁਤੰਤਰਤਾ ਨੂੰ ਸੱਟ ਲਾਉਣ ਤੋਂ ਬਿਨਾਂ ਪੜ੍ਹਾ ਲੈਣਾ ਬੜਾ ਔਖਾ ਹੈ। ਇਸ ਦੇ ਲਈ ਸਿਖਿਆ ਦੇਣ ਵਾਲੇ ਨੂੰ ਨਵੇਂ ਨਵੇਂ ਮਨੋਵਿਗਿਆਨਿਕ ਸਾਧਨ ਲਭਦੇ ਰਹਿਣਾ ਪਵੇਗਾ। ਅਮ-ਰੀਕਾ ਦੇ ਸਿਖਿਆ ਵਿਗਿਆਨਿਕ ਨਿਤ ਦਿਨ ਸਿਖਿਆ ਦੇ ਖੇਤਰ ਵਿਚ ਇਸ ਲਈ ਕਾਢ ਕਢ ਰਹੇ ਹਨ ਕਿ ਬੱਚਾ ਵੱਡਾ ਹੋ ਕੇ ਕੌਮ ਦੀਆਂ ਜ਼ਿਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾ ਸਕੇ। ਉਹ ਨਾ ਆਪਣੇ ਆਪ ਨੂੰ ਕਿਸੇ ਦਾ ਗੁਲਾਮ ਬਣਾ ਰੱਖੇ ਅਤੇ ਨਾ ਹੋਰਨਾਂ ਨੂੰ ਆਪਣਾ ਗੁਲਾਮ ਬਨਾਉਣਾ ਚਾਹੇ। ਬਗੈਰ ਯੋਗ ਸਿਖਿਆ ਦੇਣ ਵਾਲਿਆਂ ਦੇ ਇਹ ਉਦੇਸ਼ ਪਰਾਪਤ ਕਰਨਾ ਸੰਭਵ ਨਹੀਂ।

## ਸਿਖਿਆ ਅਤੇ ਕੌਮੀ ਉਸਾਰੀ

ਜਿਸ ਤਰ੍ਹਾਂ ਸਿਖਿਆ ਮਨੁਖ ਦੀ ਸਖਸੀਅਤ ਦੀ ਉਸਾਰੀ ਲਈ ਜ਼ਰੂਰੀ ਹੈ ਇ ਤਰ੍ਹਾਂ ਉਹ ਕੌਮ ਦੀ ਉਸਾਰੀ ਲਈ ਜ਼ਰੂਰੀ ਹੈ। ਜਿਹੜੀ ਕੌਮ ਸਿਖਿਆ ਵਿਚ ਪਛੜੀ ਰਹਿੰਦ ਹੈ ਉਹ ਸੱਭਿਅਤਾ ਵਿਚ ਵੀ ਉੱਨੀ ਪਛੜੀ ਰਹਿੰਦੀ ਹੈ। ਵਿਗਿਆਨ ਦੀਆਂ ਕਾਢਾਂ ਦ ਲਾਭ ਉਸੇ ਕੌਮ ਨੂੰ ਹੁੰਦਾ ਹੈ ਜਿਹੜੀ ਸਿਖਿਅਤ ਹੋਵੇ। ਸੰਸਾਰ ਦੇ ਵੱਡੇ ਵੱਡੇ ਦੇਸ਼ਾਂ ਵਿ

ਸਿਖਿਆ ਦਾ ਕੰਮ ਬੜੀ ਲਗਣ ਨਾਲ ਕੀਤਾ ਜਾਂਦਾ ਹੈ। ਰਾਜ ਆਪਣਾ ਇਹ ਕਰਤਵ ਸਮਝਦਾ ਹੈ ਕਿ ਰਾਸ਼ਟਰ ਦਾ ਹਰ ਵਿਅਕਤੀ ਸਿਖਿਅਤ ਹੋਵੇ। ਅਧੁਨਿਕ ਕਾਲ ਵਿਚ ਰਾਸ਼ਟਰ ਵਿਚ ਸਿਖਿਆ ਦੇ ਪਰਚਾਰ ਦੀ ਜਿੰਨੀ ਲੋੜ ਹੈ ਉੱਨੀ ਪਹਿਲਾਂ ਕਦੇ ਵੀ ਨਹੀਂ ਸੀ। ਵਰਤਮਾਨ ਸਮੇਂ ਵਿਚ ਸਿਖਿਆ ਦੀ ਮਹੱਤਾ ਵਧਣ ਦੇ ਹੇਠ ਲਿਖੇ ਕਾਰਨ ਹਨ——

(੧) ਸੁਤੰਤਰ ਵਿਚਾਰਾਂ ਦੇ ਵਾਧੇ ਦੀ ਲੋੜ।

(੨) ਸਮਾਜਿਕ ਭਾਵਾਂ ਦੇ ਪਰਚਾਰ ਦੀ ਲੋੜ।

(੩) ਫਿਰਕੂਪੁਣੇ ਨੂੰ ਦੂਰ ਕਰਨ ਦੀ ਲੋੜ।

(੪) ਪਰਜਾ ਤੰਤਰ-ਵਾਦ ਦੇ ਪਰਚਾਰ ਦੀ ਲੋੜ।

(੫) ਅਜੋਕੀਆਂ ਕਾਢਾਂ ਤੋਂ ਲਾਭ ਉਠਾਉਣ ਦੀ ਲੋੜ।

ਇਨ੍ਹਾਂ ਵਖ ਵਖ ਕਿਸਮ ਦੀਆਂ ਲੋੜਾਂ ਉਤੇ ਹੁਣ ਅਸੀਂ ਇਕ ਇਕ ਕਰਕੇ ਵਿਚਾਰ ਕਰਾਂਗੇ।

**ਵਿਚਾਰਾਂ ਦੀ ਸੁਤੰਤਰਤਾ**:—ਵਰਤਮਾਨ ਯੁਗ ਦਲੀਲ ਭਰੇ ਵਿਚਾਰਾਂ ਦਾ ਯੁਗ ਹੈ। ਵਰਤਮਾਨ ਯੁਗ ਵਿਚ ਅੰਧ ਵਿਸ਼ਵਾਸ਼ ਦੀ ਕੋਈ ਥਾਂ ਨਹੀਂ। ਜਿਸ ਰਾਸ਼ਟਰ ਵਿਚ ਜਿੰਨਾ ਅੰਧ ਵਿਸ਼ਵਾਸ਼ ਦਾ ਜ਼ੋਰ ਰਹਿੰਦਾ ਹੈ ਉੱਨਾ ਹੀ ਉਹ ਦੂਜਿਆਂ ਰਾਸ਼ਟਰਾਂ ਨਾਲੋਂ ਸਭਿਅਤਾ ਦੀਆਂ ਸਾਰੀਆਂ ਗਲਾਂ ਵਿਚ ਪਛੜਿਆ ਰਹਿੰਦਾ ਹੈ। ਮਨੁਖ ਵਿਚ ਸੁਤੰਤਰ ਵਿਚਾਰਾਂ ਦੀ ਸ਼ਕਤੀ ਸਿਖਿਆ ਨਾਲ ਹੀ ਆਉਂਦੀ ਹੈ। ਵਿਅਕਤੀ ਵਿਚ ਸੁਤੰਤਰ ਵਿਚਾਰ ਦੀ ਜਿੰਨੀ ਵਧ ਸ਼ਕਤੀ ਹੁੰਦੀ ਹੈ ਉੱਨ੍ਹਾ ਹੀ ਵਧੇਰੇ ਉਸ ਵਿਚ ਸ੍ਵੈਵਿਸ਼ਵਾਸ਼ ਹੁੰਦਾ ਹੈ। ਰਾਸ਼ਟਰ ਵਿਅਕਤੀਆਂ ਦਾ ਸਮੂਹ ਹੈ, ਜੇ ਕਿਸੇ ਰਾਸ਼ਟਰ ਦਾ ਇਕ ਇਕ ਵਿਅਕਤੀ ਸੁਤੰਤਰ ਵਿਚਾਰ ਕਰਨ ਦੀ ਯੋਗਤਾ ਰਖਦਾ ਹੈ ਤਾਂ ਅਜਿਹੇ ਰਾਸ਼ਟਰ ਦਾ ਦੂਜੇ ਰਾਸ਼ਟਰਾਂ ਦੇ ਅਧੀਨ ਰਹਿਣਾ ਅਰਥਾਤ ਉਸਦੀ ਗੁਲਾਮੀ ਵਿਚ ਰਹਿਣਾ ਅਸੰਭਵ ਹੁੰਦਾ ਹੈ। ਮਾਨਸਿਕ ਗੁਲਾਮੀ ਹੀ ਦੂਜੀਆਂ ਗੁਲਾਮੀਆਂ ਦਾ ਅਧਾਰ ਹੈ। ਜਿਸ ਵਿਅਕਤੀ ਨੇ ਮਾਨਸਿਕ ਸੁਤੰਤਰਤਾ ਦੇ ਅਨੰਦ ਦਾ ਸੁਆਦ ਲੈ ਲਿਆ ਹੋਵੇ ਉਹ ਕਿਸੇ ਹੋਰ ਤਰ੍ਹਾਂ ਦੀ ਪਰ ਅਧੀਨਤਾ ਵਿਚ ਰਹਿਣਾ ਪਸਿੰਦ ਨਹੀਂ ਕਰਦਾ। ਵੇਖਿਆ ਗਿਆ ਹੈ ਕਿ ਪਰਅਧੀਨ ਜ਼ਾਤੀਆਂ ਵਿਚ ਸਿਖਿਆ ਦਾ ਘਾਟਾ ਹੁੰਦਾ ਹੈ ਅਤੇ ਉਨ੍ਹਾਂ ਜਾਤੀਆਂ ਉਤੇ ਹਕੂਮਤ ਕਰਨ ਵਾਲੀ ਤਾਕਤ ਅਧੀਨ ਜਾਤੀ ਵਿਚ ਪਰਚਾਰ ਨਹੀਂ ਹੋਣ ਦਿੰਦੀ। ਡੱਚ ਲੋਕਾਂ ਨੇ ਇੰਡੋਨੇਸ਼ੀਆ ਵਿਚ ਸਿਖਿਆ ਦਾ ਪਰਚਾਰ ਨਹੀਂ ਹੋਣ ਦਿੱਤਾ। ਜਾਵਾ ਦੀ ਅਬਾਦੀ ਭਾਵੇਂ ਤਿੰਨ ਕਰੋੜ ਦੇ ਲਗ ਪਗ ਹੈ ਪਰ ਉੱਥੇ ਕੇਵਲ ਦੋ ਹਾਈ ਸਕੂਲ ਸਨ। ਭਾਰਤਵਰਸ਼ ਵਿਚ ਡੇਢ ਸੌ ਸਾਲ ਤੋਂ ਅੰਗਰੇਜ਼ ਰਾਜ ਕਰਦੇ ਰਹੇ ਪਰ ਗਿਆਂਰਾਂ ਪ੍ਰਤੀ ਸੈਂਕੜਾ ਤੋਂ ਵਧ ਲੋਕਾਂ ਵਿਚ ਪੜ੍ਹਾਈ ਨਾ ਹੋਈ। ੧੯੫੨ ਤੋਂ ਪਹਿਲਾਂ ਜਦ ਪੰਜਾਬ ਸੁਤੰਤਰ ਸੀ ਜਿਨੀਆਂ ਅਰੰਭਕ ਪਾਠਸ਼ਾਲਾਵਾਂ ਇਥੇ ਸਨ, ਅੰਗਰੇਜ਼ਾਂ ਦੇ ਸਮੇਂ ਨਹੀਂ ਸਨ। ਜਿਸ ਚਾਲ ਨਾਲ ਅੰਗਰੇਜ਼ਾਂ ਨੇ ਆਪਣ ਦੇਸ ਵਾਸੀਆਂ ਨੂੰ ਪੜ੍ਹਾਇਆ ਲਿਖਾਇਆ ਉਸ ਚਾਲ ਨਾਲ ਅਜਦੇ ਸਮੇਂ ਵੀ ਸਾਡੇ ਦੇਸ਼ ਨੂੰ ਪੜ੍ਹੇ ਲਿਖੇ ਬਣਾਉਣ ਲਈ ਤਿਆਰ ਨਹੀਂ ਸਨ। ਅਮਰੀਕਾ ਦੀ ਹਰ ਰਿਆਸਤ ਵਿਚ ਜਿੱਨਾ ਧਨ ਸਿਖਿਆ ਦੇ ਕੰਮ ਉੱਤੇ ਖਰਚ ਹੁੰਦਾ ਹੈ ਹੋਰ ਕਿਸੇ ਮਦ ਉਤੇ ਖਰਚ ਨਹੀਂ ਹੁੰਦਾ। ਭਾਰਤ ਵਰਸ਼ ਦੀਆਂ ਦੇਸੀ ਰਿਆਸਤਾਂ ਵਿਚ ਵੀ ਅੱਗੇ ਵਧੂ ਰਾਜ ਆਪਣਾ ਬਹੁਤਾ ਧਨ ਸਿਖਿਆ ਦੇ ਕੰਮਾਂ ਵਿਚ ਖਰਚ ਕਰਦੇ ਰਹੇ। ਟ੍ਰਾਵਨਕੋਰ ਅਤੇ ਕੁਚੀਨ ਰਾਜ ਵਿਚ ਨਾਗਰਿਕਾਂ ਦੀ ਸਿਖਿਆ ਦਾ ਵਿਸ਼ੇਸ਼ ਧਿਆਨ ਰਖਿਆ ਜਾਂਦਾ ਰਿਹਾ ਹੈ। ਇਸਦਾ ਸਿੱਟਾ ਇਹ ਸੀ ਕਿ

ਉਨ੍ਹਾਂ ਵਿਚ ਸੁਤੰਤਰਤਾ ਵਿਚਾਰ ਕਰਨ ਦੀ ਸ਼ਕਤੀ ਆ ਜਾਵੇਗੀ, ਫਿਰ ਜਨਤਾ ਆਪਣੇ ਅਧਿਕਾ ਲਈ ਰਾਜ ਵਿਚ ਝਗੜਾ ਕਰੇਗੀ।

ਸੁਤੰਤਰ ਵਿਚਾਰ ਧਾਰਮਿਕ ਅੰਧ ਵਿਸ਼ਵਾਸ ਦਾ ਵਿਰੋਧੀ ਹੁੰਦਾ ਹੈ। ਮਨੁ ਦੇ ਵਾਧੇ ਵਿਚ ਧਾਰਮਿਕ ਅੰਧ ਵਿਸ਼ਵਾਸ ਜਿੰਨੀ ਰੋਕ ਬਣਦੇ ਹਨ ਉੱਨੀ ਰੋਕ ਕੋਈ ਹੋ ਚੀਜ਼ ਨਹੀਂ ਬਣਦੀ। ਧਾਰਮਿਕ ਅੰਧ-ਵਿਸ਼ਵਾਸ ਹੀ ਬੇਮੁਹਾਰੇ ਰਾਜ ਦਾ ਅਧਾਰ ਹੁੰਦਾ ਹੈ। ਸੁਤੰਤਰ ਵਿਚਾਰ ਜਿਸ ਵੇਲੇ ਬੇ ਮੁਹਾਰਤਾ ਦਾ ਗੜ੍ਹ ਤੋੜ ਦਿੰਦਾ ਹੈ ਤਾਂ ਬੇ ਮੁਹਾਰੀ ਹਕੂਮ ਆਪਣੇ ਆਪ ਖਤਮ ਹੋ ਜਾਂਦੀ ਹੈ।

**ਸਮਾਜਿਕ ਭਾਵ :—** ਸਿਖਿਆ ਦੇ ਪਰਚਾਰ ਨਾਲ ਮਨੁਖ ਵਿਚ ਭਾਈਚਾ ਆਉਂਦਾ ਹੈ। ਉਸ ਵਿਚ ਉਚ ਨੀਚ ਦੇ ਭਾਵਾਂ ਦਾ ਅੰਤ ਹੋ ਜਾਂਦਾ ਹੈ, ਉਸ ਦਾ ਸਵਾਰਥਪਨ ਘਟ ਜਾਂਦਾ ਹੈ ਅਤੇ ਦੂਜਿਆਂ ਦੀ ਸੇਵਾ ਵਿਚ ਉਸ ਦਾ ਮਨ ਲੱਗਣ ਲਗ ਪੈਂਦਾ ਹੈ। ਵਿਅਕਤੀ ਦੇ ਬਚਪਣ ਵਿਚ ਜਿਹੜੇ ਸੰਸਕਾਰ ਉਸ ਦੇ ਮਨ ਉਤੇ ਉਕਰੇ ਜਾਂਦੇ ਹਨ, ਉਹ ਸਦਾ ਜੀਵਨ ਭਰ ਬਣੇ ਰਹਿੰਦੇ ਹਨ। ਜਿਹੋ ਜਹੀ ਆਦਤ ਬੱਚੇ ਨੂੰ ਛੋਟੀ ਉਮਰ ਵਿਚ ਪੈ ਜਾਂਦੀ ਹੈ ਉਹੋ ਆਦਤ ਉਸ ਦੇ ਵਡਿਆਂ ਹੋਣ ਤੇ ਵੀ ਨਾਲ ਨਿਭਦੀ ਹੈ। ਬਚਪਣ ਦੇ ਭਾਵਆਤਮਕ ਤਜਰਬਿਆਂ ਦਾ ਪਰਭਾਵ ਚਿਰ ਤਕ ਰਹਿੰਦਾ ਹੈ। ਬੱਚੇ ਪਾਠਸ਼ਾਲਾ ਵਿਚ ਇਕੱਠੇ ਬੈਠਦੇ, ਉਠਦੇ, ਰਲਕੇ ਕੰਮ ਕਰਦੇ ਖੇਲ੍ਹਦੇ ਹਨ। ਇਸ ਤਰ੍ਹਾਂ ਉਨ੍ਹਾਂ ਵਿਚ ਰਲ ਕੇ ਰਹਿਣ ਦੀ ਆਦਤ ਪੈ ਜਾਂਦੀ ਹੈ। ਫਿਰ ਉਨ੍ਹਾਂ ਨੂੰ ਇਕੱਲਿਆਂ ਰਹਿਣਾ ਭੈੜਾ ਲਗਦਾ ਹੈ। ਪਾਠਸ਼ਾਲਾ ਵਿਚ ਬਚਿਆਂ ਨੂੰ ਊਂਚ ਨੀਚ ਦਾ ਵਿਚਾਰ ਨਹੀਂ ਹੁੰਦਾ। ਇਸ ਲਈ ਜਦ ਸਿਖਿਅਤ ਬੱਚੇ ਵੱਡੇ ਹੁੰਦੇ ਹਨ ਤਾਂ ਉਹ ਅਜਿਹੇ ਵਿਚਾਰਾਂ ਦਾ ਵਾਧਾ ਪਸੰਦ ਨਹੀਂ ਕਰਦੇ। ਸਕੂਲ ਵਿਚ ਬੱਚਾ ਇਹੋ ਜਹੇ ਕੰਮ ਕਰਨਾ ਚਾਹੁੰਦਾ ਹੈ ਜਿਨ੍ਹਾਂ ਨਾਲ ਉਸ ਦੇ ਸਾਥੀ ਬੱਚੇ ਖੁਸ਼ ਹੋਣ। ਜਿਸ ਬੱਚੇ ਨੂੰ ਦੂਜੇ ਬੱਚੇ ਨੂੰ ਖੁਸ਼ ਰਖਣ ਦੀ ਆਦਤ ਪੈਂ ਜਾਂਦੀ ਹੈ ਉਹ ਸਮਾਜ ਦਾ ਸਿਆਣਾ, ਪਰਉਪਕਾਰੀ ਨਾਗਰਿਕ ਬਣਦਾ ਹੈ।

ਅਧੁਨਿਕ ਕਾਲ ਵਿਚ ਸਮਾਜਵਾਦ ਦਾ ਪਰਚਾਰ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਸਮਾਜ ਵਾਦ ਰੂੜ੍ਹੀ ਵਾਦ ਤੇ ਊਚ ਨੀਚ ਦੇ ਭਾਵਾਂ ਦਾ ਵਿਰੋਧੀ ਹੈ। ਇਸ ਲਈ ਨਵੇਂ ਯੁਗ ਵਿਚ ਜਿਹੜੇ ਵਿਅਕਤੀ ਆਪਣਾ ਜੀਵਨ ਸੁਖ ਨਾਲ ਬੀਤਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਪੜ੍ਹੇ ਲਿਖੇ ਹੋਣ ਦੀ ਬੜੀ ਲੋੜ ਹੈ। ਸਮਾਜਵਾਦ ਆਸ ਰਖਦਾ ਹੈ ਕਿ ਧਨੀ ਲੋਕ ਆਪਣੇ ਧਨ ਨੂੰ ਖੁਸ਼ੀ ਨਾਲ ਛਡਣ, ਉਹ ਆਪਣੀ ਮਿਹਨਤ ਨਾਲ ਆਪਣੀ ਰੋਟੀ ਕਮਾਉਣ, ਦੂਜਿਆਂ ਦੀ ਮਿਹਨਤ ਦੇ ਫਲ ਨੂੰ ਹੜਪ ਕੇਰਨ ਦਾ ਯਤਨ ਨਾ ਕਰਨ। ਇਸ ਤਰ੍ਹਾਂ ਦੀ ਮਨ-ਬਿਰਤੀ ਸਿਖਿਆ ਰਾਹੀਂ ਹੀ ਉਤਪਨ ਕੀਤੀ ਜਾ ਸਕਦੀ ਹੈ। ਜਿਸ ਤਰ੍ਹਾਂ ਗਰੀਬ ਲੋਕਾਂ ਵਿਚ ਆਪਣੇ ਅਧਿਕਾਰਾਂ ਲਈ ਲੜਨ ਦੀ ਭਾਵਨਾ ਸਿਖਿਆ ਦੇ ਪਰਚਾਰ ਨਾਲ ਹੀ ਪੈਦਾ ਹੁੰਦੀ ਹੈ, ਉਸੇ ਤਰ੍ਹਾਂ ਉਚਿਤ ਸਿਖਿਆ ਦੇ ਪਰਚਾਰ ਨਾਲ ਧਨੀ ਲੋਕਾਂ ਵਿਚ ਤਿਆਗ-ਭਾਵਨਾ ਆਉਂਦੀ ਹੈ।

**ਫਿਰਕੂਪੁਣੇ ਨੂੰ ਦੂਰ ਕਰਨਾ :—** ਸਿਖਿਆ ਦੇ ਪਰਚਾਰ ਨਾਲ ਫਿਰਕੂ-ਪੁਣਾ ਦੂਰ ਹੁੰਦਾ ਹੈ। ਮਨੁਖ ਸਮਾਜ ਦਾ ਪਹਿਲਾ ਅਧਾਰ ਜਾਤ-ਭਾਵਨਾ ਹੁੰਦਾ ਹੈ। ਇਕ ਹੀ ਜ਼ਾਤ ਦੇ ਲੋਕ ਆਪਣੇ ਆਪ ਵਿਚ ਏਕਤਾ ਦਾ ਅਨੁਭਵ ਕਰਦੇ ਹਨ, ਦੂਜੀਆਂ ਜਾਤੀ ਦੇ ਲੋਕਾਂ ਨੂੰ ਆਪਣੇ ਤੋਂ ਵਖਰੇ ਸਮਝਦੇ ਹਨ। ਸੁਤੰਤਰ ਵਿਚਾਰਾਂ ਦੇ ਉਜਾਗਰ ਹੋਣ ਨਾਲ

ਜਾਤੀ ਭਾਵਨਾ ਦੀ ਥਾਂ ਵਿਚਾਰਾਂ ਦੀ ਸਾਂਝ ਸਮਾਜਕ ਸੰਗਠਣ ਦਾ ਅਧਾਰ ਬਣਦੀ ਹੈ। ਜਿਸ ਰਾਸ਼ਟਰ ਵਿਚ ਜਿੰਨੀਆਂ ਵਧੇਰੇ ਸੁਤੰਤਰ ਵਿਚਾਰਾਂ ਉਤੇ ਅਧਾਰਿਤ ਸੰਸਥਾਵਾਂ ਹੁੰਦੀਆਂ ਹਨ, ਉਹ ਉੱਨਾ ਹੀ ਉੱਨਤੀ ਕਰਨ ਵਾਲਾ ਹੁੰਦਾ ਹੈ। ਰਾਸ਼ਟਰ ਦੀ ਉੱਨਤੀ ਜਾਤਾਂ ਦੇ ਆਪਸ ਵਿਚ ਮੇਲ ਜੋਲ ਅਤੇ ਰਲਣ ਮਿਲਣ ਨਾਲ ਹੁੰਦੀ ਹੈ। ਜਾਤ ਦੀਆਂ ਬੇੜੀਆਂ ਜਿੰਨੀਆਂ ਪੱਕੀਆਂ ਹੁੰਦੀਆਂ ਹਨ ਉੱਨੀ ਹੀ ਰਾਸ਼ਟਰ ਦੇ ਪਦਾਰਥਕ ਅਤੇ ਅਧਿਆਤਮਕ ਜੀਵਨ ਵਿਚ ਉਨਤੀ ਘਟ ਹੁੰਦੀ ਹੈ। ਭਾਰਤਵਰਸ਼ ਦੇ ਵਰਤਮਾਨ ਹਿੰਦੂ ਸਮਾਜ ਵਿਚ ਹਜ਼ਾਰਾਂ ਜਾਤਾਂ ਹਨ, ਇਨ੍ਹਾਂ ਵਿਚ ਆਪਸ ਵਿਚ ਵਿਰੋਧ ਇੰਨਾ ਹੈ ਕਿ ਔਖੇ ਵੇਲੇ ਉਹ ਰਲਕੇ ਸ੍ਵੈ-ਰਖਿਆ ਦਾ ਕੰਮ ਵੀ ਨਹੀਂ ਕਰ ਸਕਦੀਆਂ। ਇਹੋ ਕਾਰਨ ਹੈ ਕਿ ਸਾਡਾ ਦੇਸ਼ ਸਦੀਆਂ ਤਕ ਗੁਲਾਮ ਰਿਹਾ। ਸਿਖਿਆ ਦੇ ਪਰਚਾਰ ਨਾਲ ਹੀ ਭਾਵਾਂ ਵਿਚ ਉਦਾਰਤਾ ਪੈਦਾ ਕੀਤੀ ਜਾ ਸਕਦੀ ਹੈ। ਇਸ ਨਾਲ ਜਾਤ ਪਾਤ ਦੀਆਂ ਬੇੜੀਆਂ ਟੁਟ ਕੇ ਸਾਡਾ ਰਾਸ਼ਟਰ ਉੱਨਤੀ ਦੀ ਰਾਹ ਤੇ ਚਲ ਸਕਦਾ ਹੈ।

ਪੱਛੜੇ ਹੋਏ ਰਾਸ਼ਟਰਾਂ ਵਿਚ ਜਾਤ- ਤੋਂ ਬਿਨਾਂ ਧਾਰਮਿਕ ਵਿਸ਼ਵਾਸ਼ਾਂ ਦੀ ਸਾਂਝ ਵੀ ਸਮਾਜਿਕ ਸੰਸਥਾਵਾਂ ਦਾ ਅਧਾਰ ਹੁੰਦੀ ਹੈ। ਇਸ ਤਰ੍ਹਾਂ ਕਈ ਤਰ੍ਹਾਂ ਦੀਆਂ ਸੰਪਰਦਾਵਾਂ ਖੜੀਆਂ ਹੋ ਜਾਂਦੀਆਂ ਹਨ। ਜਿਸ ਤਰ੍ਹਾਂ ਇਕ ਜਾਤ ਦੇ ਲੋਕ ਆਪਣੇ ਆਪ ਨੂੰ ਉੱਚਾ ਅਤੇ ਦੂਜੀਆਂ ਜਾਤਾਂ ਦੇ ਲੋਕਾਂ ਨੂੰ ਨੀਵਾਂ ਸਮਝਦੇ ਹਨ ਇਸੇ ਤਰ੍ਹਾਂ ਹਰ ਫਿਰਕੇ ਦਾ ਵਿਅਕਤੀ ਆਪਣੇ ਆਪ ਨੂੰ ਉੱਚਾ ਅਤੇ ਦੂਸਰੇ ਫਿਰਕੇ ਦੇ ਵਿਅਕਤੀ ਨੂੰ ਨੀਵਾਂ ਸਮਝਦਾ ਹੈ। ਇੰਨਾ ਹੀ ਨਹੀਂ, ਦੋ ਫਿਰਕਿਆਂ ਵਿਚ ਇੰਨਾ ਵਿਰੋਧ ਤੇ ਘਿਰਨਾ ਰਹਿੰਦੀ ਹੈ ਕਿ ਉਹ ਦੂਜਿਆਂ ਦੀ ਉਨਤੀ ਨੂੰ ਰੋਕਣ ਲਈ ਆਪਣੀ ਗਿਰਾਵਿਟ ਵੀ ਕਰ ਲੈਂਦੇ ਹਨ। ਇਸ਼ ਤਰ੍ਹਾਂ ਦੀ ਹਾਲਤ ਦਾ ਕਾਰਨ ਜਨਤਾ ਵਿਚ ਸਿਖਿਆ ਦੀ ਅਨਹੋਂਦ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਜਿਨ੍ਹਾਂ ਲੋਕਾਂ ਵਿਚ ਸੁਤੰਤਰ ਵਿਚਾਰ ਕਰਨ ਦੀ ਸ਼ਕਤੀ ਨਹੀਂ ਹੁੰਦੀ ਉਹ ਲਕੀਰ ਦੇ ਫਕੀਰ ਰਹਿੰਦੇ ਹਨ। ਉਨ੍ਹਾਂ ਨੂੰ ਜੋ ਕੁਝ ਪੰਡਿਤ, ਪਾਦਰੀ, ਮੌਲਵੀ, ਮੁੱਲਾਂ ਸੁਝਾਓ ਦਿੰਦੇ ਹਨ ਉਹ ਉਸੇ ਨੂੰ ਆਪਣਾ ਕਰਤਵ ਮੰਨ ਲੈਂਦੇ ਹਨ। ਅੱਖਾਂ ਦੇ ਅੰਨ੍ਹਿਆਂ ਅਤੇ ਗੰਢ ਦੇ ਪੂਰੇ ਲੋਕਾਂ ਨੂੰ ਜਿਧਰ ਨੂੰ ਉਨ੍ਹਾਂ ਦੇ ਧਰਮ-ਪੁਜਾਰੀ ਲੈ ਜਾਂਦੇ ਹਨ ਉਹ ਉਧਰ ਹੀ ਤੁਰ ਪੈਂਦੇ ਹਨ। ਜੇ ਸਮਾਜ ਦੇ ਕਿਸੇ ਵਿਸ਼ੇਸ਼ ਵਿਅਕਤੀ ਵਿਚ ਇਨ੍ਹਾਂ ਦਾ ਵਿਰੋਧ ਕਰਨ ਦਾ ਹੌਂਸਲਾ ਹੋਇਆ ਤਾਂ ਉਹ ਸਮਾਜ ਦੇ ਹੋਰ ਅਸਿਖ ਲੋਕਾਂ ਦੀ ਸਹਾਇਤਾ ਨਾਲ ਉਸ ਨੂੰ ਕੁਚਲ ਦਿੰਦੇ ਹਨ। ਸਮਾਜ ਉਤੇ ਆਪਣੀ ਪ੍ਰਭੂਤਾ ਰਖਣ ਲਈ ਧਰਮ ਪੁਜਾਰੀ ਆਮ ਕਰਕੇ ਵਖ ਵਖ ਫਿਰਕਿਆਂ ਨੂੰ ਆਪਸ ਵਿਚ ਲੜਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਦੀਆਂ ਲੜਾਈਆਂ ਨਾਲ ਰਾਸ਼ਟਰ ਦੀ ਭੋਲੀ ਭਾਲੀ ਜਨਤਾ ਦਾ ਨੁਕਸਾਨ ਹੁੰਦਾ ਹੈ, ਪਰ ਚਲਾਕ ਲੋਕਾਂ ਦਾ ਕੰਮ ਬਣ ਜਾਂਦਾ ਹੈ। ਅਜਿਹੀ ਜਨਤਾ ਦੀ ਮਿਹਨਤ ਦਾ ਅਯੋਗ ਲਾਭ ਪੂੰਜੀਪਤੀ ਸਹਿਜੇ ਹੀ ਉਠਾ ਲੈਂਦੇ ਹਨ। ਬਿਦੇਸ਼ੀ ਲੋਕ ਵੀ ਅਜਿਹੀ ਜਨਤਾ ਨੂੰ ਸੌਖਿਆਂ ਗੁਲਾਮ ਬਣਾ ਲੈਂਦੇ ਹਨ। ਜਿਸ ਦੇਸ ਦੀ ਜਨਤਾ ਵਿਚ ਜਿੰਨਾ ਹੀ ਗੁੰਝਲਦਾਰ ਜਾਤ ਪਾਤ ਛੂਤ ਛਾਤ ਅਤੇ ਧਾਰਮਿਕ ਫ਼ਿਰਕਿਆਂ ਦਾ ਭੇਦ ਭਾਵ ਹੁੰਦਾ ਹੈ ਉੱਨੀ ਹੀ ਉਸ ਦੇਸ਼ ਦੀ ਜਨਤਾ ਦੁਖੀ ਅਤੇ ਪਰ ਅਧੀਨ ਰਹਿੰਦੀ ਹੈ। ਸਿਖਿਆ ਪਰਚਾਰ ਨਾਲ ਇਕ ਮਨੁਖ ਦੂਸਰੇ ਮਨੁਖ ਨੂੰ ਆਪਣੇ ਜਿਹਾ ਵਿਅਕਤੀ ਮੰਨਣ ਲਗ ਜਾਂਦਾ ਹੈ। ਉਹ ਦੂਸਰੇ ਵਿਅਕਤੀ ਦੀ ਸ਼ਖਸ਼ੀਅਤ ਦਾ ਉੱਨਾ ਹੀ ਆਦਰ ਕਰਨਾ ਸਿੱਖ ਲੈਂਦਾ ਹੈ ਜਿੰਨਾ ਕਿ ਦੂਸਰਿਆਂ ਕੋਲੋ ਉਹ ਆਪਣਾ ਆਦਰ ਚਾਹੁੰਦਾ ਹੈ। ਉਸਦਾ ਹਿਰਦਾ ਵਿਸ਼ਾਲ ਹੋ ਜਾਂਦਾ ਹੈ, ਉਸਨੂੰ ਸਾਰਾ ਰਾਸ਼ਟਰ ਆਪਣੇ ਪਰਵਾਰ ਜਿਹਾ ਹੀ ਪਰਤੀਤ ਹੁੰਦਾ ਹੈ। ਕਿਹਾ ਜਾਂਦਾ ਹੈ :—

*अयमेव परो वत्ति, गणना लघुचेतसाम्।
उदारचरितानां तु वसुधैव कुटुम्बकम्।

ਸਿਖਿਆ ਹੀ ਮਨੁਖ ਨੂੰ ਉਦਾਰ ਸੁਭਾ ਦਾ ਬਣਾਉਂਦੀ ਹੈ। ਜਿਸ ਨਾਲ ਉਹ ਸਮੁਚੇ ਸੰਸਾਰ ਵਿਚ ਮਿਤਰਤਾ ਦੀ ਭਾਵਨਾ ਪੈਦਾ ਕਰਨ ਦੇ ਸਮਰੱਥ ਹੁੰਦਾ ਹੈ। ਅਧੁਨਿਕ ਕਾਲ ਵਿਚ ਜਿੰਨੀ ਇਸ ਮਿਤਰਤਾ ਦੀ ਭਾਵਨਾ ਦੀ ਲੋੜ ਹੈ ਉਨੀ ਪਹਿਲਾਂ ਕਦੇ ਵੀ ਨਹੀਂ ਸੀ। ਸਿਖਿਆ ਕਰਕੇ ਇਕ ਤਾਂ ਸਮਾਜ ਦੀਆਂ ਵਖ ਵਖ ਸ਼੍ਰੇਣੀਆਂ ਅਤੇ ਦੂਜੇ ਇਕ ਰਾਸ਼ਟਰ ਦੇ ਦੂਜੇ ਰਾਸ਼ਟਰ ਨਾਲ ਮਿਤਰਤਾ ਦੀ ਸਾਂਝ ਪੈਦਾ ਹੁੰਦੀ ਹੈ।

**ਪਰਜਾ-ਤੰਤਰ-ਵਾਦ ਦਾ ਪਰਚਾਰ:**— ਵਰਤਮਾਨ ਪਰਜਾ-ਤੰਤਰ-ਵਾਦ ਦਾ ਯੁਗ ਹੈ। ਰਾਸ਼ਟਰ ਦੇ ਹਰ ਇਕ ਨਾਗਰਿਕ ਨੂੰ ਰਾਸ਼ਟਰ ਦੀਆਂ ਜ਼ਿਮੇਵਾਰੀਆਂ ਵਿਚ ਹੱਥ ਵਟਾਉਣਾ ਬੜਾ ਜ਼ਰੂਰੀ ਹੈ। ਪਰਜਾ-ਤੰਤਰ ਰਾਜ ਦੀ ਨੀਂਹ ਸਿਖਿਅਤ ਜਨਤਾ ਹੈ। ਜਦ ਅੰਗਰੇਜ਼ ਲੋਕਾਂ ਨੇ ਇੰਗਲੈਂਡ ਦੀ ਸਧਾਰਨ ਜਨਤਾ ਨੂੰ ਪਾਰਲੀਮੈਂਟ ਦੀ ਚੋਣ ਵਿਚ ਵੋਟ ਦਾ ਅਧਿਕਾਰ ਦਿੱਤਾ ਤਾਂ ਉਥੋਂ ਰਾਜਨੀਤੀ ਦੇ ਪਰਬੀਨਾਂ ਨੂੰ ਚਿੰਤਾ ਹੋਈ ਕਿ ਉਹ ਉਸ ਜਨਤਾ ਨੂੰ ਸਿਖਿਅਤ ਬਨਾਉਣ। ਉਨ੍ਹਾਂ ਸਿਖਿਆ ਬਾਰੇ ਕਈ ਅਜਿਹੇ ਢੰਗ ਕਢ ਜਿਨ੍ਹਾਂ ਨਾਲ ਕਿ ਰਾਸ਼ਟਰ ਦੀ ਸਾਰੀ ਸਧਾਰਨ ਜਨਤਾ ਪੜ੍ਹ ਲਿਖ ਜਾਵੇ। ਪੜ੍ਹੀ ਲਿਖੀ ਜਨਤਾ ਹੀ ਆਪਣੇ ਉਤੇ ਰਾਜ ਕਰ ਰਹੀ ਪਾਰਟੀ ਦੇ ਕੰਮਾਂ ਦੀ ਉਚਿਤ ਅਲੋਚਨਾ ਕਰ ਸਕਦੀ ਹੈ। ਅਜਿਹੀ ਜਨਤਾ ਦੀ ਅਲੋਚਨਾ ਦਾ ਡਰ ਹਾਕਮਾਂ ਨੂੰ ਰਹਿੰਦਾ ਹੈ। ਉਹ ਜਾਣਦੇ ਹਨ ਜਿਸ ਜਨਤਾ ਨੇ ਉਨ੍ਹਾਂ ਨੂੰ ਚੁਣਿਆ ਹੈ ਉਹ ਅਗਲੀਆਂ ਚੋਣਾਂ ਵਿਚ ਉਨ੍ਹਾਂ ਦੇ ਅਧਿਕਾਰਾਂ ਨੂੰ ਖੋਹ ਵੀ ਸਕਦੀਆਂ ਹਨ। ਜਦੋਂ ਤਕ ਜਨਤਾ ਪੜ੍ਹੀ ਲਿਖੀ ਨਹੀਂ ਹੁੰਦੀ ਤਦੋਂ ਤਕ ਉਹ ਕਿਸੇ ਰਾਜ ਨੂੰ, ਚਾਹੇ ਉਹ ਪਰਜਾ-ਤੰਤਰ ਹੋਵੇ ਤੇ ਚਾਹੇ ਤਾਨਾਸ਼ਾਹੀ, ਆਪਣਾ ਨਹੀਂ ਸਮਝਦੀ। ਉਹ ਜਿਧਰ ਕੋਈ ਲੈ ਜਾਵੇ ਭੇਡ ਬਕਰੀਆਂ ਵਾਂਗ ਚਲੀ ਜਾਂਦੀ ਹੈ। ਸਿਖਿਆ ਨਾਲ ਹੀ ਭਲੇ ਬੁਰੇ ਦੀ ਸਮਝ ਆਉਂਦੀ ਹੈ। ਜਿਸ ਰਾਸ਼ਟਰ ਵਿਚ ਸਿਖਿਆ ਦਾ ਪਰਚਾਰ ਨਹੀਂ ਉਸ ਵਿਚ ਜੇ ਪਰਜਾ-ਤੰਤਰ ਰਾਜ ਬਣ ਵੀ ਜਾਵੇ ਤਾਂ ਉਹ ਥੋੜੇ ਦਿਨਾਂ ਵਿਚ ਖਤਮ ਹੋ ਜਾਵੇਗਾ।

**ਅਜੋਕੀਆਂ ਕਾਢਾਂ ਤੋਂ ਲਾਭ:**—ਅਜੋਕਾ ਯੁਗ ਮਸ਼ੀਨ ਅਤੇ ਕਾਰਖਾਨਿਆਂ ਦਾ ਯੁਗ ਹੈ। ਇਹ ਯੁਗ ਵਿਗਿਆਨ ਦਾ ਯੁਗ ਹੈ। ਵਿਗਿਆਨ ਤੋਂ ਲਾਭ ਉਠਾਉਣ ਲਈ ਸਿਖਿਆ ਦੀ ਬੜੀ ਲੋੜ ਹੈ। ਜਿਹੜਾ ਰਾਸ਼ਟਰ ਦੂਸਰੇ ਰਾਸ਼ਟਰਾਂ ਤੋਂ ਕਾਢਾਂ ਤੋਂ ਲਾਭ ਉਠਾਉਣ ਵਿਚ ਜਿੰਨਾ ਪਛੜਿਆ ਰਹਿੰਦਾ ਹੈ ਉਨਤੀ ਦੀ ਦੌੜ ਵਿਚ ਵੀ ਉਹ ਪਛੜਿਆ ਰਹਿੰਦਾ ਹੈ। ਐਬੇਸੀਨੀਆ ਦਾ ਇਟਲੀ ਤੋਂ ਹਾਰ ਖਾ ਆਣ ਦਾ ਕਾਰਨ ਇਹ ਨਹੀਂ ਸੀ ਕਿ ਐਬੇਸੀਨੀਆ ਦੇ ਜੋਧੇ ਇਟਲੀ ਦੇ ਫੌਜੀਆਂ ਨਾਲੋਂ ਘਟ ਬਹਾਦਰ ਸਨ, ਸਗੋਂ ਉਸਦੇ ਹਾਰਨ ਦਾ ਕਾਰਨ ਵਿਗਿਆਨਿਕ ਹਥਿਆਰਾਂ ਦੀ ਘਾਟ ਸੀ। ਜਿਸ ਤਰ੍ਹਾਂ ਬਰੂਦ ਦੀ ਵਰਤੋਂ ਕਰਕੇ ਮੁਗਲ ਲੋਕਾਂ ਬਹਾਦਰ ਰਾਜਪੂਤਾਂ ਦੇ ਹੁੰਦਿਆਂ ਉਤਰੀ ਭਾਰਤ ਉੱਤੇ ਸੌਖੀ ਤਰ੍ਹਾਂ ਆਪਣਾ ਅਧਿਕਾਰ ਜਮਾ ਲਿਆ ਅਤੇ ਜਿਸ ਤਰ੍ਹਾਂ ਐਟਮ ਬੰਬ ਦੀ ਵਰਤੋਂ ਨਾਲ ਬਹਾਦਰ ਜਪਾਨੀਆਂ ਨੂੰ ਚਾਰ ਦਿਨਾਂ ਵਿਚ ਹੀ ਹਥਿਆਰ ਸੁਟਣ ਲਈ ਮਜਬੂਰ ਕਰ ਦਿੱਤਾ ਗਿਆ, ਇਸੇ ਤਰ੍ਹਾਂ ਵਿਗਿਆਨ ਦੀਆਂ ਨਵੀਆਂ ਕਾਢਾਂ ਦੀ ਸਹਾਇਤਾ ਨਾਲ ਕੋਈ ਵੀ ਰਾਸ਼ਟਰ ਬਹਾਦਰ ਤੋਂ ਬਹਾਦਰ ਰਾਸ਼ਟਰ

*ਇਹ ਆਪਣਾ ਹੈ ਅਥਵਾ ਪਰਾਇਆ ਹੈ; ਇਸ ਤਰ੍ਹਾਂ ਦੀ ਗਿਣਤੀ ਛੋਟੇ ਦਿਲ ਵਾਲੇ ਕਰਦੇ ਹਨ। ਉਦਾਰ ਸੁਭਾ ਵਾਲੇ ਮਨੁਖਾਂ ਲਈ ਤਾਂ ਸਾਰੀ ਧਰਤੀ ਹੀ ਪਰਵਾਰ ਹੈ।

ਨੂੰ ਆਪਣੇ ਅਧੀਨ ਕਰ ਸਕਦਾ ਹੈ। ਅਸਲ ਵਿਚ ਅਜੋਕੇ ਸਮੇਂ ਦਾ ਸੱਚਾ ਬਲ ਨਾ ਧਨ-ਬਲ ਹੈ ਨਾ ਜਨ-ਬਲ ਸਗੋਂ ਵਿਗਿਆਨ-ਬਲ ਹੈ। ਇਹ ਬਲ ਸਿਖਿਆ ਰਾਹੀਂ ਮਿਲਦਾ ਹੈ। ਇਸ ਲਈ ਰਾਸ਼ਟਰ ਦੇ ਹਰ ਵਿਅਕਤੀ ਦਾ ਕਰਤੱਵ ਹੈ ਕਿ ਆਪਣੇ ਰਾਸ਼ਟਰ ਨੂੰ ਉੱਨਤੀ ਕਰਨ ਵਾਲਾ ਬਨਾਉਣ ਲਈ ਸਿਖਿਆ ਦਾ ਜਿੰਨਾ ਪਰਚਾਰ ਕਰ ਸਕਦਾ ਹੋਵੇ ਕਰੇ।

ਅਧੁਨਿਕ ਮਸ਼ੀਨਰੀ ਅਤੇ ਕਾਰਖਾਨਿਆਂ ਵਿਚ ਕੰਮ ਕਰਨ ਲਈ ਸ਼ਰੀਰਕ ਮਿਹਨਤ ਦੀ ਇੰਨੀ ਲੋੜ ਨਹੀਂ ਹੈ। ਮਸ਼ੀਨਾਂ ਅਤੇ ਕਾਰਖਾਨਿਆਂ ਵਿਚ ਕੰਮ ਕਰਨ ਲਈ ਲੰਮੀ ਟ੍ਰੇਨਿੰਗ ਅਤੇ ਬੌਧਿਕ ਦੀ ਉੱਨਤੀ ਲੋੜ ਹੈ। ਮਸ਼ੀਨਾਂ ਦੀ ਸਹਾਇਤਾ ਨਾਲ ਜਿਹੜਾ ਕੰਮ ਸੌ ਮਜ਼ਦੂਰ ਦਿਨ ਭਰ ਵਿਚ ਕਰਦੇ ਸੀ ਉਹੋ ਇਕ ਮਜ਼ਦੂਰ ਇਕ ਘੰਟੇ ਵਿਚ ਕਰ ਦਿੰਦਾ ਹੈ। ਮਸ਼ੀਨਾਂ ਅਤੇ ਕਾਰਖਾਨਿਆਂ ਵਿਚ ਕੰਮ ਕਰਨ ਲਈ ਉਚਿਤ ਸਿਖਿਆ ਦੀ ਲੋੜ ਹੈ। ਨਿਤ ਦਿਨ ਮਸ਼ੀਨਾਂ ਅਤੇ ਕਾਰਖਾਨਿਆਂ ਵਿਚ ਨਵੀਆਂ ਕਾਢਾਂ ਕਢੀਆਂ ਜਾਂਦੀਆਂ ਹਨ। ਜਿਸ ਵਿਅਕਤੀ ਨੂੰ ਉਚਿਤ ਸਿਖਿਆ ਦਿੱਤੀ ਗਈ ਹੈ ਉਹੋ ਆਪਣੇ ਆਪ ਨੂੰ ਇਨ੍ਹਾਂ ਕਾਰਖਾਨਿਆਂ ਵਿਚ ਕੰਮ ਕਰਨ ਦੇ ਯੋਗ ਬਣਾ ਸਕਦਾ ਹੈ। ਇਸ ਲਈ ਇਸ ਦ੍ਰਿਸ਼ਟੀ ਤੋਂ ਵੀ ਜਨਤਾ ਵਿਚ ਸਿਖਿਆ ਦੇ ਪਰਚਾਰ ਦੀ ਬੜੀ ਲੋੜ ਹੈ।

# ਦੂਸਰਾ ਪਰਕਰਨ

## ਸਿੱਖਿਆ ਦਾ ਉਦੇਸ਼

ਸਿਖਿਆ ਦੇ ਜਾਣਕਾਰਾਂ ਸਿਖਿਆ ਦੇ ਵੱਖ ਵੱਖ ਉਦੇਸ਼ ਦੱਸੇ ਹਨ । ਕਿਸੇ ਦਾ ਖਿਆਲ ਹੈ ਕਿ ਸਿੱਖਿਆ ਦਾ ਮਨੋਰਥ ਆਚਰਨ ਦੀ ਉਸਾਰੀ ਹੈ ਅਤੇ ਕਿਸੇ ਦੇ ਖਿਆਲ ਵਿਚ ਸੁਖੀ ਜੀਵਨ, ਕਿਸੇ ਦੇ ਮੱਤ ਵਿਚ ਬੱਚੇ ਨੂੰ ਸਮਾਜ ਲਈ ਲੋੜੀਂਦਾ ਬਨਾਉਣਾ ਹੈ ਅਤੇ ਕਿਸੇ ਅਨੁਸਾਰ ਸ਼ਖਸੀਅਤ ਦੀ ਨਿਪੁੰਨਤਾ । ਸਿਖਿਆ ਦੇ ਉਦੇਸ਼, ਸਿਖਿਆ ਦੇ ਜਾਣਕਾਰਾਂ ਦੇ ਜੀਵਨ ਆਦਰਸ਼ ਅਨੁਸਾਰ ਵੱਖ ਵੱਖ ਮੰਨੇ ਗਏ ਹਨ । ਜਿਸ ਸਿਖਿਆ ਦੇ ਜਾਣਕਾਰ ਦੇ ਜੀਵਨ ਦਾ ਆਦਰਸ਼ ਆਧਆਤਮਕ ਉੱਨਤੀ ਰਿਹਾ ਹੈ ਉਸ ਨੇ ਸਿਖਿਆ ਵਿਚ ਆਚਰਨ ਦੀ ਉਸਾਰੀ ਨੂੰ ਪਰਧਾਨ ਥਾਂ ਦਿਤਾ ਹੈ ਅਤੇ ਜਿਸ ਸਿਖਿਆ ਦੇ ਜਾਣਕਾਰ ਦੇ ਜੀਵਨ ਦਾ ਉਦੇਸ਼ ਬਾਹਰ ਮੁਖੀ ਜਗਤ ਦੀ ਪੂਰਨਤਾ ਰਿਹਾ ਹੈ ਉਸ ਨੇ ਸਿਖਿਆ ਦਾ ਮੁਖ ਨਿਸ਼ਾਨਾ ਸੰਪੂਰਨ ਜੀਵਨ ਅਥਵਾ ਜੀਵਨ ਨੂੰ ਸੁਖੀ ਬਣਾਉਣਾ ਮੰਨਿਆ ਹੈ । ਜਿਸ ਵਿਦਵਾਨ ਦੇ ਖਿਆਲ ਵਿਚ ਜੀਵਨ ਦਾ ਨਿਸ਼ਾਨਾ ਸਮਾਜ ਦੀ ਭਲਿਆਈ ਹੈ, ਉਸ ਨੇ ਸਿਖਿਆ ਦਾ ਉਦੇਸ਼ ਸਮਾਜ ਸੇਵਕ ਵਿਅਕਤੀ ਪੈਦਾ ਕਰਨਾ ਦਸਿਆ । ਇਸੇ ਤਰ੍ਹਾਂ ਜਿਸ ਦੇ ਖਿਆਲ ਵਿਚ ਜੀਵਨ ਦਾ ਨਿਸ਼ਾਨਾ ਜੀਵਨ ਦੀ ਪੂਰਨਤਾ ਪਰਾਪਤ ਕਰਨਾ ਹੈ, ਉਸ ਅਨੁਸਾਰ ਸਿਖਿਆ ਦਾ ਉਦੇਸ਼ ਸ਼ਖਸੀਅਤ ਦੀ ਉਸਾਰੀ ਅਤੇ ਪੂਰਨਤਾ ਦੀ ਪਰਾਪਤੀ ਹੈ ।

**ਦੇਸ਼ ਕਾਲ ਦਾ ਸਿਖਿਆ ਦੇ ਉਦੇਸ਼ ਉਤੇ ਪਰਭਾਵ:**—ਸਿਖਿਆ ਦੇ ਉਦੇਸ਼ ਦੇਸ ਅਤੇ ਕਾਲ ਅਨੁਸਾਰ ਵੀ ਬਦਲਦੇ ਰਹਿੰਦੇ ਹਨ । ਜਿਹੋ ਜਿਹਾ ਵਾਤਾਵਰਨ ਕਿਸੇ ਦੇਸ਼ ਵਿਚ ਹੁੰਦਾ ਹੈ ਉਹੋ ਜਿਹਾ ਸਿਖਿਆ ਦਾ ਉਦੇਸ਼ ਬਣ ਜਾਂਦਾ ਹੈ । ਅਧੁਨਿਕ ਸਮੇਂ ਵਿਚ ਅਸੀਂ ਵੇਖਦੇ ਹਾਂ ਕਿ ਕਿਸੇ ਦੇਸ਼ ਵਿਚ ਸਮਾਜਵਾਦ ਨੂੰ ਉੱਚੀ ਥਾਂ ਦਿਤੀ ਜਾਂਦੀ ਹੈ ਅਤੇ ਕਿਸੇ ਵਿਚ ਫਾਸਿਜ਼ਮ ਨੂੰ ਪਰਧਾਨ ਥਾਂ ਮਿਲਦਾ ਹੈ । ਜਿਥੇ ਫਾਸਿਜ਼ਮ ਦਾ ਜ਼ੋਰ ਹੈ ਉਥੇ ਸਿੱਖਿਆ ਦਾ ਮਨੋਰਥ ਅਜਿਹੇ ਵਿਅਕਤੀ ਤਿਆਰ ਕਰਨਾ ਹੈ ਜਿਹੜੇ ਆਪਣੇ ਜੀਵਨ ਵਿਚ ਸੁਤੰਤਰ ਵਿਚਾਰਾਂ ਨੂੰ ਪਰਧਾਨ ਥਾਂ ਦੇਣ ਦੀ ਥਾਂ ਜ਼ਬਤ ਨੂੰ ਹੀ ਵਰਜ ਸਮਝਣ । ਜਿੱਥੇ ਸਮਾਜਵਾਦ ਦਾ ਵਾਤਾਵਰਨ ਹੈ, ਉਥੇ ਸਿਖਿਆ ਦਾ ਮੰਤਵ ਇਕ ਅਜਿਹੇ ਵਿਅਕਤੀ ਨੂੰ ਤਿਆਰ ਕਰਨਾ ਹੈ ਜਿਹੜਾ ਸਮਾਜ ਦੇ ਸਾਰੇ ਲੋਕਾਂ ਨੂੰ ਬਰਾਬਰ ਦਾ ਸਮਝੇ, ਜਿਹੜਾ ਆਪਣੇ ਵਿਚਾਰਾਂ ਅਤੇ ਅਮਲਾਂ ਵਿਚ ਊਚ ਨੀਚ ਦੇ ਫਰਕ ਨੂੰ ਹਰ ਤਰ੍ਹਾਂ ਮਿਟਾ ਦੇਵੇ । ਇਸੇ ਤਰ੍ਹਾਂ ਪਰਜਾ-ਤੰਤਰਵਾਦ ਦੇ ਮੰਨਣ ਵਾਲੇ ਦੇਸਾਂ ਦੇ ਸਿਖਿਆ ਦੇ ਸਿਧਾਂਤ ਤਾਨਾਸ਼ਾਹੀ ਦੇਸ਼ਾਂ ਦੇ ਸਿਧਾਤਾਂ ਤੋਂ ਵਖਰੇ ਹਨ । ਪਰਜਾ-ਤੰਤਰਵਾਦ ਅਜਿਹੇ ਨਾਗਰਿਕਾਂ ਨੂੰ ਤਿਆਰ ਕਰਨਾ ਚਾਹੁੰਦਾ ਹੈ ਜਿਹੜੇ ਆਪਣੇ ਨਾਗਰਿਕਤਾ ਦੇ ਅਧਿਕਾਰਾਂ ਦੀ ਚੰਗੀ ਵਰਤੋਂ ਕਰ ਸਕਣ ਅਤੇ ਜਿਹੜੇ ਸੁਤੰਤਰ ਵਿਚਾਰਾਂ ਨੂੰ ਆਪਣੇ ਜੀਵਨ ਵਿਚ ਥਾਂ ਦੇਣ । ਇਸ ਦੇ ਉਲਟ ਫਾਸਿਜ਼ਮ ਅਜਿਹੇ ਨਾਗਰਿਕਾਂ ਨੂੰ ਤਿਆਰ ਕਰਨਾ ਚਾਹੁੰਦਾ ਹੈ ਜਿਹੜੇ ਆਪਣੇ ਹਾਕਮਾਂ ਲਈ ਸ਼ਰਧਾ ਰਖਦੇ ਹੋਣ

ਅਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਨ ਲਈ ਸਦਾ ਤਿਆਰ ਰਹਿਣ । ਜਿਥੇ ਪਰਜਾ-ਤੰਤਰ ਵਿਅਕਤੀਆਂ ਲਈ ਸ਼ਰਧਾ ਘਟਾਉਂਦਾ ਹੈ ਉਥੇ ਫਾਸਿਜ਼ਮ ਇਸ ਤਰ੍ਹਾਂ ਦੀ ਸ਼ਰਧਾ ਨੂੰ ਵਧਾਉਂਦਾ ਹੈ ।

ਇਥੇ ਅਸੀਂ ਸਿਖਿਆ ਦੇ ਆਦਰਸ਼ਾਂ ਦਾ ਸੰਖੇਪ ਵਰਣਨ ਕਰਾਂਗੇ ਅਤੇ ਉਨ੍ਹਾਂ ਦੀ ਜਾਂਚ ਵੀ ਕਰਾਂਗੇ । ਸਿਖਿਆ ਦੇ ਆਦਰਸ਼ ਅਤੇ ਪਾਠ-ਵਿਸ਼ੇ ਵਿਚ ਡੂੰਘਾ ਸਬੰਧ ਹੈ । ਇਸ ਲਈ ਅੱਡ ਅੱਡ ਆਦਰਸ਼ਾਂ ਅਨੁਸਾਰ ਸਕੂਲਾਂ ਵਿਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਨੂੰ ਵਧ ਜਾਂ ਘਟ ਮਹੱਤਾ ਦਿਤੀ ਜਾਂਦੀ ਹੈ ।

## ਹਾਲਾਤ ਅਨੁਸਾਰ ਢਾਲ ਲੈਣ ਦੇ ਗੁਣ ਦੀ ਪਰਾਪਤੀ

**ਹਾਲਾਤ ਅਨੁਸਾਰ ਢਾਲ ਲੈਣ* ਦਾ ਸਿਧਾਂਤ :**—ਸਿਖਿਆ ਦਾ ਇਕ ਉਦੇਸ਼ ਇਹ ਮੰਨਿਆ ਜਾਂਦਾ ਹੈ ਕਿ ਮਨੁਖ ਆਪਣੇ ਆਪ ਨੂੰ ਹਾਲਤ ਅਨੁਸਾਰ ਢਾਲ ਲਵੇ । ਪ੍ਰਾਣੀ-ਸ਼ਾਸਤਰ ਅਨੁਸਾਰ ਜੀਵਨ ਦਾ ਵਿਕਾਸ ਹਾਲਤ ਅਨੁਸਾਰ ਢਾਲ ਲੈਣ ਵਿਚ ਹੈ । ਜੀਵ ਜਿੰਨਾ ਆਪਣੇ ਆਪ ਨੂੰ ਹਾਲਤ ਅਨੁਸਾਰ ਢਾਲ ਲੈਂਦਾ ਹੈ ਉਨ੍ਹਾਂ ਹੀ ਜੀਵਨ ਵਿਚ ਸਫਲ ਹੁੰਦਾ ਹੈ ।¶ ਇਸਦੇ ਉਲਟ ਜਿਸ ਜੀਵ ਦਾ ਜੀਵਨ ਆਪਣੀ ਬਾਹਰ ਮੁਖੀ ਹਾਲਤ ਦੇ ਅਨੁਕੂਲ ਨਹੀਂ ਉਹ ਖਤਮ ਹੋ ਜਾਂਦਾ ਹੈ । ਬਾਹਰਮੁਖੀ ਹਾਲਤ ਸਦਾ ਬਦਲਦੀ ਰਹਿੰਦੀ ਹੈ । ਸਿਖਿਆ ਦਾ ਇਕ ਵਡਾ ਮਨੋਰਥ ਇਹ ਮੰਨਿਆ ਗਿਆ ਹੈ ਕਿ ਮਨੁਖ ਇਨ੍ਹਾਂ ਬਦਲਦੇ ਹਾਲਾਂ ਅਨੁਸਾਰ ਆਪਣੇ ਜੀਵਨ ਵਿਚ ਉਚਿਤ ਤਬਦੀਲੀ ਲੈ ਆਵੇ ।

ਕੁਦਰਤ ਨੇ ਮਨੁਖ ਤੋਂ ਬਿਨਾਂ ਹਰ ਜੀਵ ਨੂੰ ਕੁਝ ਯੋਗਤਾਵਾਂ ਦਿੱਤੀਆਂ ਹਨ ਜਿਨ੍ਹਾਂ ਕਰ ਕੇ ਉਹ ਬਿਨਾਂ ਵਧੇਰੇ ਕਠਨਾਈ ਦੇ ਜੀਉਂਦਾ ਰਹਿ ਸਕਦਾ ਤੇ ਸੰਤਾਨ ਉਤਪਤੀ ਕਰ ਸਕਦਾ ਹੈ । ਪਸ਼ੂਆਂ ਅਤੇ ਕੀੜਿਆਂ ਮਕੌੜਿਆਂ ਦੇ ਸਰੀਰ ਦੀ ਬਨਾਵਟ ਅਤੇ ਉਨ੍ਹਾਂ ਦੇ ਪੱਠੇ ਜਨਮ ਤੋਂ ਹੀ ਅਜਿਹੇ ਹਨ ਕਿ ਉਹ ਬਿਨਾਂ ਸਿਖਿਆ ਤੋਂ ਬਾਹਰਲੇ ਸੰਸਾਰ ਵਿਚ ਚੰਗੀ ਤਰ੍ਹਾਂ ਆਪਣਾ ਜੀਵਨ ਬਤੀਤ ਕਰ ਸਕਦੇ ਹਨ । ਇਸੇ ਤਰ੍ਹਾਂ ਉਨ੍ਹਾਂ ਦੇ ਮਨ ਦੀ ਬਣਾਵਟ ਵੀ ਉਨ੍ਹਾਂ ਨੂੰ ਜਨਮ ਤੋਂ ਹੀ ਸੰਸਾਰ ਵਿਚ ਰਹਿਣ ਦੀਆਂ ਸਾਰੀ ਕਿਸਮ ਦੀਆਂ ਯੋਗਤਾਵਾਂ ਦੇ ਦਿੰਦੀ ਹੈ । ਉਨ੍ਹਾਂ ਦਾ ਜੀਵਨ ਆਮ ਕਰ ਕੇ ਉਨ੍ਹਾਂ ਦੀਆਂ ਮੁਢਲੀਆਂ ਬਿਰਤੀਆਂ ਰਾਹੀਂ ਹੀ ਚਲਾਇਆ ਜਾਂਦਾ ਹੈ । ਇਨ੍ਹਾਂ ਮੁਢਲੀਆਂ ਬਿਰਤੀਆਂ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਖਾਸ ਜ਼ਰੂਰੀ ਨਹੀਂ । ਇਹ ਗਲ ਮਨੁਖ ਦੇ ਬੱਚੇ ਬਾਰੇ ਠੀਕ ਨਹੀਂ ਹੈ । ਮਨੁਖ ਦਾ ਬੱਚਾ ਕੁਦਰਤ ਵਲੋਂ ਸਾਰੇ ਜਾਨਵਰਾਂ ਦੇ ਬਚਿਆਂ ਨਾਲੋਂ ਨਿਆਸਰਾ ਬਣਾਇਆ ਗਿਆ ਹੈ । ਉਸ ਦਾ ਜਨਮ ਸਮੇਂ ਸਰੀਰ ਅਤੇ ਮਨ ਬਿਲਕੁਲ ਨਿਰਬਲ ਹੁੰਦਾ ਹੈ । ਉਹ ਦੂਜਿਆਂ ਦੀ ਸਹਾਇਤਾ ਬਿਨਾਂ ਜੀ ਹੀ ਨਹੀਂ ਸਕਦਾ । ਤੁਸੀਂ ਬਤੱਖ ਦੇ ਬੱਚੇ ਨੂੰ ਪੈਦਾ ਹੋਣ ਸਾਰ ਪਾਣੀ ਵਿਚ ਪਾ ਦਿਉ ਉਹ ਤਰਨ ਲਗ ਪਵੇਗਾ । ਉਹ ਬਿਨਾਂ ਕਿਸੇ ਦੇ

---

*Adjustment to environment.

¶ Education may be tentatively defined, then, as the process by means of which the individual acquires experiences that will function in rendering more efficient his future action.

—Bagley, The Educative Process, Page 22.

ਸਿਖਾਏ ਆਪਣੀ ਖੁਰਾਕ ਢੂੰਡ ਲੈਂਦਾ ਹੈ। ਗਾਂ ਦਾ ਬੱਚਾ ਪੈਦਾ ਹੋਣ ਤੋਂ ਕੁਝ ਚਿਰ ਪਿ ਹੀ ਖੜਾ ਹੋਣ ਦਾ ਯਤਨ ਕਰਨ ਲਗ ਪੈਂਦਾ ਅਤੇ ਦੁਧ ਦੀ ਭਾਲ ਕਰਨ ਲਗ ਪੈਂਦਾ ਹੈ ਮਨੁਖ ਦਾ ਬੱਚਾ ਇਹ ਸਭ ਕੁਝ ਨਹੀਂ ਕਰ ਸਕਦਾ। ਉਹ ਹਰ ਗਲ ਦੂਸਰਿਆਂ ਸਿਖਾਏ ਤੇ ਹੀ ਸਿਖਦਾ ਹੈ। ਬਾਲਕ ਦੀਆਂ ਮੁਢਲੀਆਂ ਬਿਰਤੀਆਂ ਉਹੋ ਜਹੀਆਂ ਕੰ ਕਰਨ ਵਾਲੀਆਂ ਨਹੀਂ ਰਹਿੰਦੀਆਂ ਜਿਹੋ ਜਹੀਆਂ ਪਸ਼ੂਆਂ ਦੇ ਬਚਿਆਂ ਦੀਆਂ। ਇ ਲਈ ਜਿਥੇ ਪਸ਼ੂਆਂ ਦੇ ਬੱਚੇ ਆਪਣਾ ਜੀਵਨ ਮੁਢਲੀਆਂ ਬਿਰਤੀਆਂ ਰਾਹੀਂ ਚਤ ਸਕਦੇ ਹਨ ਉਥੇ ਬਾਲਕ ਅਜਿਹਾ ਨਹੀਂ ਕਰ ਸਕਦਾ। ਜਿੱਥੇ ਬਾਲਕ ਨੂੰ ਕੁਦਰਤ ਇੱਨ੍ਹਾਂ ਨਿਆਸਰਾ ਬਣਾਇਆ ਹੈ ਉਥੇ ਇਸ ਜੋਗ ਵੀ ਬਣਾਇਆ ਹੈ ਕਿ ਉਹ ਸੰਸਾਰ ਸਾਰੇ ਜੀਵਾਂ ਦਾ ਰਾਜਾ ਬਣ ਜਾਵੇ। ਬਾਲਕ ਵਿਚ ਇਸ ਤਰ੍ਹਾਂ ਰਾਜਾ ਬਨਣ ਦੀ ਬਿਰ ਸਿਖਿਆ ਰਾਹੀਂ ਆਉਂਦੀ ਹੈ। ਸਿਖਿਆ ਰਾਹੀਂ ਬਾਲਕ ਉਨ੍ਹਾਂ ਸਾਰੀਆਂ ਗੱਲਾਂ ਨੂੰ ਸਿਖਦ ਹੈ ਜਿਨ੍ਹਾਂ ਸਦਕਾ ਉਹ ਸਮਾਜ ਵਿਚ ਅਤੇ ਬਾਹਰਲੇ ਜਗਤ ਵਿਚ ਚੰਗੀ ਤਰ੍ਹਾਂ ਆਪਣ ਜੀਵਨ ਬਤੀਤ ਕਰਦਾ ਹੈ। ਇਸ ਲਈ ਸਿਖਿਆ ਦਾ ਸਭ ਤੋਂ ਵੱਡਾ ਉਦੇਸ਼ ਇਹ ਹੈ ਕਿ ਬਾਲਕ ਨੂੰ ਆਪਣੀ ਹਾਲਤ ਅਨੁਸਾਰ ਚਲਣ ਦੀ ਯੋਗਤਾ ਦੇਵੇ।

**ਇਸ ਸਿਧਾਂਤ ਦੀ ਤਰੁੱਟੀ** :- ਉੱਪਰ ਦੱਸਿਆ ਸਿਖਿਆ ਦਾ ਉਦੇ ਸਿਖਿਆ ਦੀ ਮਹੱਤਾ ਨੂੰ ਚੰਗੀ ਤਰ੍ਹਾਂ ਦਰਸਾਉਂਦਾ ਹੈ ਪਰ ਇਹ ਸਿਖਿਆ ਦੇ ਸਮੁੱਚੇ ਉਦੇ ਨੂੰ ਸਪਸ਼ਟ ਨਹੀਂ ਕਰਦਾ। ਸਿਖਿਆ ਦਾ ਉਦੇਸ਼ ਮਨੁਖ ਨੂੰ ਸੰਸਾਰ ਦੇ ਵਾਤਾਵਰਨ ਅਨੁਸਾ ਢਾਲ ਲੈਣ ਦੀ ਯੋਗਤਾ ਦੇ ਦੇਣਾ ਹੀ ਨਹੀਂ ਹੈ। ਇਸ ਤਰ੍ਹਾਂ ਦਾ ਉਦੇਸ਼ ਮਨੁਖ ਅ ਪਸ਼ੂਆਂ ਦੇ ਜੀਵਨ ਵਿਚ ਕੋਈ ਫਰਕ ਸਪਸ਼ਟ ਨਹੀਂ ਕਰਦਾ। ਪਸ਼ੂ ਵੀ ਆਪਣੇ ਜੀਵ ਨੂੰ ਕਿਸੇ ਤਰ੍ਹਾਂ ਵਾਤਾਵਰਨ ਅਨੁਸਾਰ ਢਾਲ ਲੈਂਦੇ ਹਨ। ਜੇ ਮਨੁਖ ਵੀ ਇਹੋ ਕੁਝ ਕ ਲੈਣ ਲੱਗਾ ਤਾਂ ਉਸ ਵਿਚ ਅਤੇ ਪਸ਼ੂ ਵਿਚ ਫਰਕ ਹੀ ਨਾ ਰਿਹਾ? ਪਸ਼ੂਆਂ ਵਿਚ ਉ ਅਧਿਆਤਮਿਕ ਸ਼ਕਤੀ ਨਹੀਂ ਹੈ ਜਿਹੜੀ ਮਨੁਖਾਂ ਵਿਚ ਹੈ। ਉਨ੍ਹਾਂ ਵਿਚ ਨਾ ਤੇ ਸੋਚ ਦੀ ਸ਼ਕਤੀ ਹੈ ਅਤੇ ਨਾ ਇੱਛਾ-ਸ਼ਕਤੀ। ਮਨੁਖ ਸੋਚਣ ਦੀ ਸ਼ਕਤੀ ਅਤੇ ਇੱਛਾ ਸ਼ਕ ਦੇ ਕਾਰਨ ਦੂਜਿਆਂ ਜੀਵਾਂ ਤੋਂ ਵਖਰਾ ਮੰਨਿਆ ਗਿਆ ਹੈ। ਉਸ ਕੋਲ ਦੂਜਿਆਂ ਜੀ ਵਾਂਗ ਸਰੀਰ ਜ਼ਰੂਰ ਹੈ, ਜਿਸ ਨੂੰ ਚੰਗੀ ਤਰ੍ਹਾਂ ਰਖਣਾ ਜੀਵਨ ਦੇ ਹਰ ਉਦੇਸ਼ ਦੀ ਪ੍ਰਾਪ ਲਈ ਬੜਾ ਜ਼ਰੂਰੀ ਹੈ। ਪਰ ਸ਼ਰੀਰ ਦੀ ਪਾਲਣਾ ਪੋਸਣਾ ਅਤੇ ਉਸ ਦਾ ਹੀ ਭਲ ਲੋਚਣਾ ਜੇ ਜੀਵਨ ਦਾ ਉਦੇਸ਼ ਬਣ ਜਾਵੇ ਤਾਂ ਉਹ ਸਫਲ ਜੀਵਨ ਨਹੀਂ ਕਿਹਾ ਜਾਵੇਗਾ ਮਨੁਖ ਦੇ ਜੀਵਨ ਦਾ ਅਸਲ ਵਿਕਾਸ ਉਸ ਦੇ ਵਿਚਾਰਾਂ ਅਤੇ ਇੱਛਾ-ਸ਼ਕਤੀ ਦੇ ਵਿਕਾ ਵਿਚ ਹੈ। ਇਸ ਲਈ ਸਿਖਿਆ ਦਾ ਵੱਡਾ ਉਦੇਸ਼, ਵਿਚਾਰ ਅਤੇ ਇੱਛਾ-ਸ਼ਕਤੀ ਵਿਕਾਸ ਹੋਣਾ ਚਾਹੀਦਾ ਹੈ। ਹਾਲਤ ਅਨੁਸਾਰ ਆਪਣਾ ਜੀਵਨ ਢਾਲਣਾ ਇਹ ਉਦੇ ਅਖਲਾਕੀ ਜੀਵਨ ਦੇ ਉਲਟ ਹੈ। ਅਖਲਾਕ ਵਾਲਾ ਜਾਂ ਧਾਰਮਿਕ ਵਿਅਕਤੀ ਉ ਨਹੀਂ ਜਿਹੜਾ ਸਦਾ ਹਾਲਤ ਅਨੁਸਾਰ ਆਪਣੇ ਆਪ ਨੂੰ ਬਦਲਦਾ ਰਹੇ ਸਗੋਂ ਉ ਵਿਅਕਤੀ ਨੂੰ ਅਸੀਂ ਅਖਲਾਕ ਵਾਲਾ ਅਤੇ ਧਾਰਮਿਕ ਆਖਦੇ ਹਾਂ ਜੋ ਹਾਲਤ ਉਤੇ ਜਿ ਪ੍ਰਾਪਤ ਕਰਨ ਦੀ ਚੇਸ਼ਟਾ ਕਰਦਾ ਹੈ। ਅਸੀਂ ਉਸ ਵਿਅਕਤੀ ਨੂੰ ਕਦੇ ਵੀ ਸਿਖਿਅ ਵਿਅਕਤੀ ਨਹੀਂ ਕਹਾਂਗੇ ਜਿਹੜਾ ਆਪਣੇ ਆਪ ਨੂੰ ਕਿਸੇ ਵੀ ਨਿਸਚਤ ਸਿਧਾਂਤ (ਅਸੂਲ ਅਨੁਸਾਰ ਨਹੀਂ ਚਲਾਉਂਦਾ, ਜਿਸ ਦੇ ਜੀਵਨ ਸਿਧਾਂਤ ਪਲ ਪਲ ਬਦਲਦੇ ਰਹਿੰਦੇ ਹਨ ਸਿਖਿਅਤ ਵਿਅਕਤੀ ਤਾਂ ਉਹ ਹੀ ਹੈ ਜਿਹੜਾ ਵਿਚਾਰ ਰਾਹੀਂ ਨਿਸਚਿਤ ਕੀਤੇ ਕਿ

ਇਕ ਸਿਧਾਂਤ ਉਤੇ ਹੀ ਟਿਕਦਾ ਹੈ ਅਤੇ ਹਾਲਤ ਦਿਆਂ ਝਟਕਿਆਂ ਨਾਲ ਡੋਲਦਾ ਨਹੀਂ। ਹਜ਼ਰਤ ਈਸਾ ਅਤੇ ਸਾਕਰਟੀਜ਼ (ਸੁਕਰਾਤ) ਕੀ ਇਸ ਲਈ ਅਮਰ ਨਹੀਂ ਹੋ ਗਏ ਕਿ ਉਨ੍ਹਾਂ ਹਾਲਤ ਦਾ ਟਾਕਰਾ ਕੀਤਾ ਅਤੇ ਆਪਣੇ ਆਪ ਨੂੰ ਹਾਲਤ ਅਨੁਸਾਰ ਨਾਂ ਬਦਲਿਆ। ਹਾਲਤ ਅਨੁਸਾਰ ਬਦਲ ਜਾਣ ਵਾਲੇ ਵਿਅਕਤੀ ਨੂੰ ਚਤਰ ਅਤੇ ਚਲਾਕ ਜ਼ਰੂਰ ਆਖਿਆ ਜਾ ਸਕਦਾ ਹੈ, ਪਰ ਉਹ ਅਖਲਾਕ ਵਾਲਾ ਅਤੇ ਧਾਰਮਿਕ ਵਿਅਕਤੀ ਕਦੇ ਵੀ ਨਹੀਂ ਆਖਿਆ ਜਾ ਸਕਦਾ। ਅਜਿਹੇ ਵਿਅਕਤੀ ਦਾ ਜੀਵਨ ਰੀਸ ਕਰਨ ਯੋਗ ਨਹੀਂ ਹੈ। ਜਿਸ ਸਮਾਜ ਵਿਚ ਇਸ ਤਰ੍ਹਾਂ ਦੇ ਵਿਅਕਤੀਆਂ ਦੀ ਬਹੁਲਤਾ ਹੁੰਦੀ ਹੈ ਉਹ ਸਮਾਜ ਬੇਨਿਯਮਾ, ਵਿਚਾਰ ਹੀਨ ਰਹਿੰਦਾ ਹੈ। ਉਸ ਦਾ ਖਤਮ ਹੋ ਜਾਣਾ ਬੜਾ ਸਹਿਲ ਹੈ। ਬਚਿਆਂ ਨੂੰ ਅਜਿਹੀ ਸਿਖਿਆ ਦੇਣੀ ਚਾਹੀਦੀ ਹੈ ਜਿਸ ਨਾਲ ਉਹ ਪੱਕੇ ਇਰਾਦੇ ਵਾਲੇ ਬਣਨ ਅਤੇ ਸਮਾਜ ਦਾ ਭਲਾ ਕਰਨ।

## ਸੰਪੂਰਨ ਜੀਵਨ*

ਇੰਗਲੈਂਡ ਦੇ ਪ੍ਰਸਿੱਧ ਵਿਦਵਾਨ ਹਰਬਰਟ ਸਪੈਂਸਰ ਨੇ ਸਿਖਿਆ ਦਾ ਉਦੇਸ਼ ਸੰਪੂਰਨ ਜੀਵਨ ਬਨਾਉਣਾ ਦਸਿਆ ਹੈ। ਹਰਬਰਟ ਸਪੈਂਸਰ ਇਕ ਵੱਡੇ ਫਿਲਾਸਫਰ ਅਤੇ ਸਮਾਜ ਵਿਗਿਆਨੀ ਸਨ ਪਰ ਉਹ ਪਦਾਰਥਵਾਦੀ ਸਨ। ਉਨ੍ਹਾਂ ਨੇ ਜੀਵਨ ਦੇ ਸਾਰੇ ਕੰਮਾਂ ਨੂੰ ਹੇਠ ਲਿਖੇ ਪੰਜਾਂ ਹਿਸਿਆਂ ਵਿਚ ਵੰਡਿਆ ਹੈ† :—

(੧) ਜੀਵਨ ਨੂੰ ਪਰਤੱਖ ਸੁਰਖਿਅਤ ਰਖਣ ਵਾਲੇ ਕੰਮ ੧।
(੨) ਜੀਵਨ ਨੂੰ ਅਪਰਤੱਖ ਰੂਪ ਵਿਚ ਸੁਰਖਿਅਤ ਰਖਣ ਵਾਲੇ ਕੰਮ ੨।
(੩) ਸੰਤਾਨ-ਰਖਿਆ ਸਬੰਧੀ ਕੰਮ ੩।
(੪) ਸਮਾਜ-ਰਖਿਆ ਸਬੰਧੀ ਕੰਮ ੪।
(੫) ਵਿਹਲ ਵੇਲੇ ਦੇ ਕੰਮ ੫।

ਮਨੁਖ ਹਰ ਪਲ ਉਪਰ ਲਿਖੇ ਕਿਸੇ ਨਾ ਕਿਸੇ ਕੰਮ ਵਿਚ ਲਗਿਆ ਰਹਿੰਦਾ ਹੈ। ਜਿਹੜੀ ਸਿਖਿਆ ਮਨੁਖ ਨੂੰ ਆਪਣੇ ਸੰਪੂਰਨ ਜੀਵਨ ਲਈ ਤਿਆਰ ਕਰਦੀ ਹੈ ਉਹ ਅਜਿਹੀ ਹੋਣੀ ਚਾਹੀਦੀ ਹੈ ਕਿ ਉਹ ਉਸ ਨੂੰ ਹਰ ਪਰਕਾਰ ਦੀ ਹਾਲਤ ਵਿਚ ਸਹਾਇਤਾ ਕਰੇ। ਬੱਚੇ ਨੂੰ ਸਕੂਲਾਂ ਵਿਚ ਉਹ ਵਿਸ਼ੇ ਪੜ੍ਹਾਏ ਜਾਣੇ ਚਾਹੀਦੇ ਹਨ ਜਿਹੜੇ ਉਸ ਨੂੰ ਹਰ ਤਰ੍ਹਾਂ ਦੇ ਜੀਵਨ ਦੇ ਕਾਰ ਵਿਹਾਰਾਂ ਲਈ ਯੋਗ ਬਨਾਉਣ। ਜੀਵਨ ਦੇ ਕਾਰ ਵਿਹਾਰਾਂ ਦੀ ਉਪਰਲੀ ਵੰਡ ਜਿਸ ਕਰਮ ਨਾਲ ਦਰਸਾਈ ਗਈ ਹੈ ਉਸੇ ਕਰਮ ਨਾਲ ਉਨ੍ਹਾਂ ਦੀ ਜੀਵਨ ਵਿਚ ਮਹੱਤਤਾ ਵੀ ਹੈ। ਪਹਿਲੀ ਕਿਸਮ ਦੇ ਕਾਰ ਵਿਹਾਰ ਜਿਹੜੇ ਪਰਤੱਖ ਰੂਪ

---

* Complete living.

† Spencer's Cotegories of Activities—

1. Activities of direct self-preservation.
2. Activities of indirect self-preservation.
3 Activities for the care of off spring.
4. Activities concerning welfare of society.
5. Activities that fill the leisure part of life.

ਵਿਚ ਜੀਵਨ ਦੀ ਰਖਿਆ ਵਾਸਤੇ ਹਨ, ਦੂਜੀ ਕਿਸਮ ਦੇ ਕਾਰ ਵਿਹਾਰਾਂ ਦੇ ਟਾਕਰੇ ਜਿਹੜੇ ਅਪਰਤੱਖ ਰੂਪ ਵਿਚ ਜੀਵਨ ਦੀ ਰਖਿਆ ਕਰਦੇ ਹਨ, ਵਧੇਰੀ ਮਹੱਤਾ ਵਾਲੇ ਹਨ। ਇਸੇ ਤਰ੍ਹਾਂ ਤੀਜੀ ਤਰ੍ਹਾਂ ਦੇ ਕਾਰ ਵਿਹਾਰ ਪਹਿਲੀ ਅਤੇ ਦੂਜੀ ਕਿਸਮ ਦੇ ਕਾਰ ਵਿਹਾਰਾਂ ਨਾਲੋਂ ਘਟੀਆ ਹਨ । ਸਭ ਤੋਂ ਘਟ ਮਹੱਤਾ ਦੇ ਕਾਰ ਵਿਹਾਰ ਉਹ ਹਨ ਜਿਹੜੇ ਵਿਹਲੇ ਵੇਲੇ ਹੁੰਦੇ ਰਹਿੰਦੇ ਹਨ । ਜਿਸ ਤਰ੍ਹਾਂ ਵਖ ਵਖ ਕਾਰ ਵਿਹਾਰਾਂ ਦੀ ਜੀਵਨ ਵਿਚ ਮਹੱਤਾ ਹੈ, ਉਸੇ ਤਰ੍ਹਾਂ ਉਨ੍ਹਾਂ ਦੀ ਮਹੱਤਾ ਬੱਚੇ ਦੀ ਸਿਖਿਆ ਵਿਚ ਹੋਣੀ ਚਾਹੀਦੀ ਹੈ। ਬੱਚੇ ਦੀ ਸਿਖਿਆ ਵਿਚ ਉਨ੍ਹਾਂ ਵਿਸ਼ਿਆਂ ਨੂੰ ਵਧੇਰੇ ਮਹੱਤਾ ਦੇਣੀ ਚਾਹੀਦੀ ਹੈ ਜਿਹੜੇ ਉਸ ਦੇ ਜੀਵਨ ਦੀ ਰਖਿਆ ਲਈ ਪਰਤੱਖ ਅਤੇ ਅਪਰਤੱਖ ਰੂਪ ਵਿਚ ਸਹਾਈ ਹਨ, ਉਨ੍ਹਾਂ ਦੀ ਨਹੀਂ ਜਿਹੜੇ ਉਸ ਦੇ ਵਿਹਲ ਸਮੇਂ ਕੰਮ ਆਉਂਦੇ ਹਨ ।

ਹਰਵਰਟ ਸਪੈਂਸਰ ਅਨੁਸਾਰ ਵਖ ਵਖ ਵਿਸ਼ਿਆਂ ਦੀ ਪੜ੍ਹਾਈ ਵਖ ਵਖ ਤਰ੍ਹਾਂ ਦੇ ਜੀਵਨ ਵਿਹਾਰਾਂ ਲਈ ਲੋੜੀਂਦੀ ਹੈ। ਪਰਤੱਖ ਰੂਪ ਵਿਚ ਜੀਵਨ ਦੀ ਰਖਿਆ ਲਈ ਫਿਜ਼ਾਲੋਜੀ (ਸਰੀਰਕ ਵਿਗਿਆਨ) ਅਤੇ ਹਾਈਜੀਅਨ (ਸੂਸਥ-ਵਿਗਿਆਨ) ਲਾਭਦਾਇਕ ਮੰਨੇ ਗਏ ਹਨ । ਅਪਰਤੱਖ ਰੂਪ ਵਿਚ ਜੀਵਨ ਰਖਿਆ ਲਈ ਭਾਸ਼ਾ ਵਿਗਿਆਨ ਦੀ ਜਾਣਕਾਰੀ, ਗਣਿਤ, ਭੂਗੋਲ, ਪਦਾਰਥ ਵਿਗਿਆਨ ਆਦਿ ਵਿਸ਼ੇ ਲੋੜੀਂਦੇ ਦੱਸੇ ਗਏ ਹਨ। ਬੱਚੇ ਦੀ ਰਖਿਆ ਸਬੰਧੀ ਵਿਸ਼ੇ ਬਾਲ-ਵਿਗਿਆਨ ਅਤੇ ਘਰੇਲੂ ਵਿਗਿਆਨ ਹਨ। ਸਮਾਜ ਕਲਿਆਣ ਬਾਰੇ ਪੜ੍ਹਾਈ ਲਈ ਵਿਸ਼ੇ ਇਤਿਹਾਸ, ਅਰਥ-ਸ਼ਾਸ਼ਤਰ, ਅਤੇ ਸਮਾਜ ਸ਼ਾਸ਼ਤਰ ਹਨ । ਵਿਹਲ ਵੇਲੇ ਦੇ ਕਾਰ ਵਿਹਾਰਾਂ ਲਈ ਵਿਸ਼ੇ ਚਿਤਰ ਕਲਾ, ਸੰਗੀਤ ਆਦਿ ਹਨ। ਸਪੈਂਸਰ ਦਾ ਕਥਨ ਹੈ ਕਿ ਬੱਚਿਆਂ ਦੀ ਸਿਖਿਆ-ਤਰਤੀਬ ਵਿਚ ਵਖ ਵਖ ਪੜ੍ਹਾਈ ਦੇ ਵਿਸ਼ਿਆਂ ਨੂੰ ਉਹੋ ਜਹੀ ਮਹੱਤਾ ਦੇਣੀ ਚਾਹੀਦੀ ਹੈ, ਜਿਹੋ ਜਹੀ ਉਸ ਨਾਲ ਸਬੰਧਤ ਕਾਰ ਵਿਹਾਰ ਨੂੰ ਮਹੱਤਾ ਜੀਵਨ ਵਿਚ ਹੈ। ਠੀਕ ਹੈ ਤਾਂ ਉਨ੍ਹਾਂ ਦੇ ਕਥਨ ਅਨੁਸਾਰ ਫਿਜ਼ਾਲੋਜੀ ਅਤੇ ਹਾਈਜੀਅਨ ਨੂੰ ਚਿਤਰ ਕਲਾ ਅਤੇ ਸੰਗੀਤ ਨਾਲੋਂ ਬਚਿਆਂ ਦੀ ਸਿਖਿਆ ਵਿਚ ਵਧੇਰੇ ਮਹੱਤਾ ਦੀ ਥਾਂ ਦੇਣੀ ਚਾਹੀਦੀ ਹੈ ।* ਇਸੇ ਤਰ੍ਹਾਂ ਸਾਹਿੱਤ ਨਾਲੋਂ ਪਦਾਰਥ ਵਿਗਿਆਨ ਨੂੰ ਵਧੇਰੇ ਮਹੱਤਾ ਵਾਲੀ ਥਾਂ ਮਿਲਣੀ ਚਾਹੀਦੀ ਹੈ, ਕਿਉਂਜੁ ਸਾਹਿੱਤ ਸਾਡੇ ਵਿਹਲ ਵੇਲੇ ਨਾਲ ਸਬੰਧ ਰਖਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਪੈਂਸਰ ਪਦਾਰਥ ਵਿਗਿਆਨ ਦਾ ਪੱਖੀ ਅਤੇ ਸਾਹਿੱਤ ਦਾ ਵਿਰੋਧੀ ਸੀ ।

**ਸਪੈਂਸਰ ਦੇ ਮੱਤ ਦੀ ਅਲੋਚਨਾ :—** ਸਪੈਂਸਰ ਦੀ ਪੂਰਨ ਜੀਵਨ ਦੀ ਕਲਪਣਾ ਅਸਲ ਵਿਚ ਤੰਗ ਜਹੀ ਸੀ। ਇਹ ਇਕ ਪਦਾਰਥ ਵਾਦੀ ਕਲਪਣਾ ਸੀ। ਇਸ ਲਈ ਅਸੀਂ ਉਸ ਦੀ ਸਿਖਿਆ ਯੋਜਨਾ ਵਿਚ ਉਨ੍ਹਾਂ ਵਿਸ਼ਿਆਂ ਦੀ ਮਹੱਤਾ ਭਰੀ ਥਾਂ ਨਹੀਂ ਵੇਖਦੇ ਜਿਹੜੇ ਮਨੁੱਖ ਦੀ ਅਧਿਆਤਮਿਕ ਉੱਨਤੀ ਕਰਨ ਵਾਲੇ ਹਨ । ਸਪੈਂਸਰ ਨੇ ਆਪਣੀ ਸਿਖਿਆ ਯੋਜਨਾ ਵਿਚ ਧਰਮ ਲਈ ਕੋਈ ਥਾਂ ਹੀ ਨਹੀਂ ਰੱਖਿਆ। ਇਸ ਲਈ ਹਰਵਰਟ ਸਪੈਂਸਰ ਦੀ ਸਿਖਿਆ ਪਰਨਾਲੀ ਅਨੁਸਾਰ ਸਿਖਿਅਤ ਬੱਚਾ ਕਾਰ

---

* "Music, painting, drawing and the like, since they occupy the leisure part of life, so should they occupy the leisure part of education"

—Spencer, Essay on Education.

ਵਿਹਾਰ ਵਿਚ ਸਿਆਣਾ ਤਾਂ ਭਾਵੇਂ ਬਣ ਜਾਵੇ ਪਰ ਉਹ ਅਧਿਆਤਮਕਤਾ ਤੋਂ ਖਾਲੀ ਹੋਵੇਗਾ। ਮਨੁਖ ਨੂੰ ਅਖਲਾਕ ਵਾਲਾ ਬਨਾਉਣ ਵਿਚ ਜਿੰਨਾ ਧਰਮ ਪਰਲੋਕ ਦਾ ਡਰ ਕੰਮ ਕਰਦਾ ਹੈ ਉੱਨਾ ਹੋਰ ਕਿਸੇ ਕਾਰਨ ਦਾ ਨਹੀਂ । ਜੇ ਮਨੁਖ ਨੂੰ ਕਿਸੇ ਤਰ੍ਹਾਂ ਦੀ ਅਖਲਾਕੀ ਜਾਂ ਧਾਰਮਿਕ ਸਿਖਿਆ ਨਾ ਦਿਤੀ ਜਾਵੇ ਤਾਂ ਉਹ ਸਮੁੱਚੇ ਤੌਰ ਤੇ ਸਵਾਰਥੀ ਵਿਅਕਤੀ ਬਣੇਗਾ । ਅਜਿਹਾ ਵਿਅਕਤੀ ਆਪਣੇ ਸੁਖ ਲਈ ਦੂਜਿਆਂ ਨੂੰ ਦੁਖ ਦੇਣ ਵਿਚ ਕਦੇ ਵੀ ਸੰਕੋਚ ਨਹੀਂ ਕਰੇਗਾ। ਧਰਮ ਉਪਦੇਸ਼ ਨਾਲ ਮਨੁਖ ਨੂੰ ਜਿਹੜੀ ਅਮਿਣਵੀਂ ਸ਼ਾਨਤੀ ਮਿਲਦੀ ਹੈ; ਉਸ ਤੋਂ ਵਾਂਜਿਆਂ ਰਹਿ ਜਾਵੇਗਾ।

ਹਰਵਰਟ ਸਪੈਂਸਰ ਨੇ ਕਲਾ ਅਤੇ ਸਾਹਿੱਤ ਨੂੰ ਜਿਹੜਾ ਸਧਾਰਨ ਥਾਂ ਦਿਤਾ ਹੈ ਉਹ ਵੀ ਸਿਖਿਆ ਦੇ ਸਰਬਉਚ ਉਦੇਸ਼ ਦੇ ਅਨਕੂਲ ਨਹੀਂ ਹੈ । ਜੇ ਸਿਖਿਆ ਦਾ ਉਦੇਸ਼ ਜੀਵਨ ਵਿਚ ਪੂਰਨਤਾ ਲਿਆਉਣਾ ਹੈ ਤਾਂ ਵਿਹਲੇ ਵੇਲੇ ਦੇ ਕਾਰ ਵਿਹਾਰਾਂ ਦੀ ਉੱਨੀ ਹੀ ਮਹੱਤਾ ਰਹਿਣੀ ਚਾਹੀਦੀ ਹੈ ਜਿੱਨੀ ਰੋਟੀ ਕਮਾਉਣ ਵਾਲੇ ਵਿਹਾਰ ਦੀ । ਜਿਹੜਾ ਮਨੁਖ ਧਨ ਕਮਾਉਣ ਦੇ ਕੰਮ ਵਿਚ ਹੀ ਸਿਆਣਾ ਬਣ ਜਾਂਦਾ ਹੈ ਅਤੇ ਵਿਹਲ ਨੂੰ ਚੰਗੀ ਤਰ੍ਹਾਂ ਬਤੀਤ ਕਰਨ ਨਹੀਂ ਜਾਣਦਾ ਉਸ ਦਾ ਮਨ ਘਾਬਰਿਆ ਰਹਿੰਦਾ ਹੈ । ਸੰਸਾਰ ਵਿਚ ਕਿਨਿਆਂ ਹੀ ਭੈੜਾਂ ਦਾ ਕਾਰਨ ਮਨੁਖਾਂ ਦਾ ਆਪਣੇ ਵਿਹਲ ਨੂੰ ਸੁਚੱਜੀ ਤਰ੍ਹਾਂ ਨਾ ਵਰਤ ਸਕਣਾ ਹੀ ਹੈ। ਵਿਹਲ ਦੇ ਸਮੇਂ ਸਾਡਾ ਮਨ ਕਈ ਤਰ੍ਹਾਂ ਦੇ ਉਪੱਦਰ ਖੜੇ ਕਰ ਦਿੰਦਾ ਹੈ। ਉਪੱਦਰਾਂ ਤੋਂ ਉਸ ਨੂੰ ਰੋਕਣ ਲਈ ਕਲਾ, ਸੰਗੀਤ ਅਤੇ ਸਾਹਿੱਤ ਅਤੀ ਲੋੜੀਂਦੇ ਹਨ। ਜਿਸ ਸਮਾਜ ਵਿਚ ਕਲਾ, ਸੰਗੀਤ ਅਤੇ ਸਾਹਿਤ ਦੀ ਘਾਟ ਰਹਿੰਦੀ ਹੈ, ਉਸ ਵਿਚ ਕਈ ਤਰ੍ਹਾਂ ਦੀ ਅਸ਼ਾਨਤੀ ਫੈਲੀ ਰਹਿੰਦੀ ਹੈ । ਇਸ ਲਈ ਕਲਾ ਅਤੇ ਸਾਹਿਤ ਦਾ ਅਭਾਵ ਜਾਂਗਲੀਪੁਣੇ ਦਾ ਸਬੂਤ ਮੰਨਿਆ ਜਾਂਦਾ ਹੈ । ਜਿਵੇਂ ਜਿਵੇਂ ਮਨੁਖ-ਸਮਾਜ ਕਲਾ ਅਤੇ ਸਾਹਿੱਤ ਤੋਂ ਬੇਮੁਖ ਹੁੰਦਾ ਜਾਂਦਾ ਹੈ ਉਹ ਸਮਝੋ ਮੁਕਣ ਤੇ ਆਇਆ ਹੈ । ਜੇ ਮਨੁਖ ਨੂੰ ਖਤਮ ਹੋਣ ਤੋਂ ਬਚਾਉਣਾ ਹੈ ਤਾਂ ਸਿਖਿਆ ਵਿਗਿਆਨਕਾਂ ਨੂੰ ਬਚਿਆਂ ਦੀ ਸਿਖਿਆ ਵਿਚ ਕਲਾ, ਸੰਗੀਤ ਅਤੇ ਸਾਹਿੱਤ ਨੂੰ ਮਹੱਤਾ ਵਾਲਾ ਥਾਂ ਦੇਣਾ ਚਾਹੀਦਾ ਹੈ।

ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਵੀ ਸਪੈਂਸਰ ਦੇ ਵਿਸ਼ਿਆਂ ਦੀ ਤਰਤੀਬ ਠੀਕ ਨਹੀਂ ਹੈ। ਸਿਖਿਆ ਦੇਣ ਵਾਲਿਆਂ ਨੂੰ ਸਦਾ ਬੱਚੇ ਦੀ ਰੁਚੀ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। ਬੱਚੇ ਦੀ ਰੁਚੀ ਫਿਜ਼ਿਆਲੋਜੀ (ਸਰੀਰ ਵਿਗਿਆਨ) ਅਤੇ ਹਾਈਜੀਅਨ ਵਿਚ ਇੰਨੀ ਨਹੀਂ ਹੋ ਸਕਦੀ ਜਿੰਨੀ ਕਿ ਸੰਗੀਤ ਅਤੇ ਸਾਹਿੱਤ ਵਿਚ । ਪਹਿਲੀ ਕਿਸਮ ਦੇ ਵਿਸ਼ੇ ਬਾਲਗ ਲੋਕਾਂ ਨੂੰ ਹੀ ਚੰਗੇ ਲਗ ਸਕਦੇ ਹਨ, ਬਚਿਆਂ ਨੂੰ ਨਹੀਂ, ਇਸ ਲਈ ਉਨ੍ਹਾਂ ਨੂੰ ਆਪਣੇ ਸੁਆਦ ਦੇ ਵਿਸ਼ਿਆਂ ਵਿਚ ਨਾ ਲਾ ਕੇ ਸਰੀਰ ਵਿਗਿਆਨ ਅਤੇ ਹਾਈਜੀਅਨ ਜਿਹੇ ਵਿਸ਼ੇ ਸਿਖਾਉਣਾ ਵਿਅਰਥ ਸਮਾਂ ਗੁਆਉਣਾ ਹੈ।

## ਆਚਰਨ ਉਸਾਰੀ

ਜਰਮਨੀ ਦੇ ਪਰਸਿਧ ਸਿਖਿਆ ਵਿਗਿਆਨਿਕ ਹਰਵਾਰਟ ਦੇ ਅਨੁਸਾਰ ਸਿਖਿਆ ਦਾ ਉਦੇਸ਼ ਆਚਰਨ ਦੀ ਉਸਾਰੀ ਹੈ । ਹਰਵਾਰਟ ਦਾ ਕਥਨ ਹੈ ਕਿ ਮਨੁੱਖ ਦਾ ਆਚਰਨ ਸੁੰਦਰ ਬਨਾਉਣਾ ਸਿਖਿਆ ਦਾ ਮਹਾਨ ਉਦੇਸ਼ ਹੈ ਅਤੇ ਆਚਰਨ ਸੁਧਾਰਨ ਲਈ ਉਸ

ਦੀ ਰੁਚੀ ਨੂੰ ਕਈ ਵਿਸ਼ਿਆਂ ਵਿਚ ਲਾਉਣਾ ਚਾਹੀਦਾ ਹੈ* । ਆਚਰਨ ਜੀਵਨ ਦੇ ਕਿਸੇ ਵਿਸ਼ੇਸ਼ ਭਾਗ ਨਾਲ ਸਬੰਧ ਨਹੀਂ ਰਖਦਾ ਸਗੋਂ ਸਮੁੱਚੇ ਜੀਵਨ ਨਾਲ ਸਬੰਧ ਰਖਦਾ ਹੈ। ਇਸ ਲਈ ਮਨੁਖ ਦੀ ਸਿਖਿਆ ਵੀ ਅਜਿਹੀ ਹੋਣੀ ਚਾਹੀਦੀ ਹੈ ਜਿਹੜੀ ਉਸ ਦੇ ਸਮੁਚੇ ਜੀਵਨ ਨਾਲ ਸਬੰਧ ਰੱਖੇ। ਜੀਵਨ ਦੇ ਹਰ ਪੱਖ ਵਿਚ ਅਖਲਾਕ ਦੀ ਝਲਕ ਹੋਣੀ ਚਾਹੀਦੀ ਹੈ। ਅਖਲਾਕੀ ਜੀਵਨ ਤੋਂ ਹੀ ਮਨੁਖ ਸੰਸਾਰ ਦਾ ਸਭ ਤੋਂ ਉੱਚਾ ਨਿਸ਼ਾਨਾ ਪਰਾਪਤ ਕਰ ਸਕਦਾ ਹੈ । ਸਿਖਿਆ ਦਾ ਅੰਤਮ ਆਦਰਸ਼ ਬਚਿਆਂ ਦਾ ਸਰੀਰਕ ਬਲ ਵਧਾਉਣਾ ਅਤੇ ਗਿਆਨ ਵਿਚ ਵਾਧਾ ਕਰਨਾ ਅਥਵਾ ਸੁੰਦਰ ਭਾਵਾਂ ਨੂੰ ਪੈਦਾ ਕਰਨਾ ਨਹੀਂ ਹੈ, ਸਗੋਂ ਮਜ਼ਬੂਤ ਅਤੇ ਸੁੰਦਰ ਆਚਰਨ ਦਾ ਬਨਾਉਣਾ ਹੈ। ਸੁੰਦਰ ਆਚਰਨ ਬਨਾਉਣ ਲਈ ਦੂਜੀਆਂ ਸਾਰੀਆਂ ਗਲਾਂ ਦੀ ਲੋੜ ਹੁੰਦੀ ਹੈ ਪਰ ਇਨ੍ਹਾਂ ਗਲਾਂ ਦੀ ਪਰਾਪਤੀ ਹੀ ਸਿਖਿਆ ਦਾ ਨਿਸ਼ਾਨਾ ਨਹੀਂ ਬਣ ਜਾਣਾ ਚਾਹੀਦਾ।

ਹਰਵਾਰਟ ਨੇ ਸਿਖਿਆ ਦਾ ਅੰਤਮ ਨਿਸ਼ਾਨਾ ਆਚਰਨ ਦੀ ਉਸਾਰੀ ਦਸਿਆ ਹੈ, ਪਰ ਉਸ ਦਾ ਨੇੜੇ ਦਾ ਨਿਸ਼ਾਨਾ ਮਨੁਖ ਦੀਆਂ ਰੁਚੀਆਂ ਦਾ ਵਾਧਾ ਤੇ ਵਿਕਾਸ ਕਰਨਾ ਦਸਿਆ ਹੈ । ਇਨ੍ਹਾਂ ਰੁਚੀਆਂ ਦਾ ਵਿਕਾਸ ਗਿਆਨ ਦੇ ਵਾਧੇ ਨਾਲ ਹੁੰਦਾ ਹੈ। ਜਿਸ ਵਿਅਕਤੀ ਦਾ ਜਿਹੋ ਜਿਹਾ ਗਿਆਨ ਹੈ ਉਸ ਦੀ ਉਸੇ ਤਰ੍ਹਾਂ ਦੀ ਰੁਚੀ ਹੁੰਦੀ ਹੈ। ਮੰਨ ਲੋ, ਕਿਸੇ ਵਿਅਕਤੀ ਨੂੰ ਨਾ ਆਪਣੇ ਦੇਸ਼ ਦੇ ਇਤਿਹਾਸ, ਨਾ ਭੂਗੋਲ, ਨਾ ਰਾਸ਼ਟਰ ਦੀਆਂ ਅਨੇਕ ਖੂਬੀਆਂ ਦਾ ਗਿਆਨ ਹੈ, ਅਜਿਹੇ ਵਿਅਕਤੀ ਤੋਂ ਕੀ ਅਸੀਂ ਆਸ ਰੱਖ ਸਕਦੇ ਹਾਂ ਕਿ ਉਹ ਦੇਸ਼ ਦੀ ਸੁਤੰਤਰਤਾ ਦੀ ਲੜਾਈ ਵਿਚ ਕੋਈ ਰੁਚੀ ਰਖੇਗਾ ? ਜਿਸ ਵਿਅਕਤੀ ਨੂੰ ਰਾਜਨੀਤੀ ਦਾ ਗਿਆਨ ਹੀ ਨਹੀਂ ਉਸ ਅਗੇ ਰਾਜਸੀ ਵਿਸ਼ਿਆਂ ਤੇ ਚਰਚਾ ਕਰਨਾ ਕੀ ਵਿਅਰਥ ਨਹੀਂ ਪਰਤੀਤ ਹੁੰਦਾ। ਸ਼ਤਰੰਜ ਦੇ ਖੇਲ ਦਾ ਗਿਆਨ ਰਖਣ ਵਾਲਾ ਵਿਅਕਤੀ ਉਸ ਖੇਲ ਵਿਚ ਰੁਚੀ ਵਿਖਾਉਂਦਾ ਹੈ। ਕ੍ਰਿਕਟ ਦਾ ਜਾਨਣ ਵਾਲਾ ਉਸੇ ਵਿਚ ਹੀ ਰੁਚੀ ਵਿਖਾਉਂਦਾ ਹੈ, ਇਸੇ ਤਰ੍ਹਾਂ ਸਮਾਜ ਬਾਰੇ ਗਿਆਨ ਰਖਣ ਵਾਲੇ ਵਿਅਕਤੀ ਦੇ ਹਿਰਦੇ ਵਿਚ ਸਮਾਜਿਕ ਕਾਰਰਵਾਈਆਂ ਬਾਰੇ ਰੁਚੀ ਰਹਿੰਦੀ ਹੈ। ਇਸੇ ਤਰ੍ਹਾਂ ਵਿਗਿਆਨਿਕ ਵਿਸ਼ੇ ਦੇ ਜਾਨਣ ਵਾਲੇ ਦੀ ਵਿਗਿਆਨਿਕ ਵਿਸ਼ੇ ਵਿਚ ਰੁਚੀ ਰਹਿੰਦੀ ਹੈ। ਮਨੁਖ ਦੀ ਜਿਹੋ ਜਿਹੀ ਰੁਚੀ ਹੁੰਦੀ ਹੈ ਉਹੋ ਜਿਹੇ ਉਸ ਦੇ ਕੰਮ ਹੁੰਦੇ ਹਨ। ਮਨੁਖ ਜਿਸ ਵਿਸ਼ੇ ਨੂੰ ਸਦਾ ਯਾਦ ਕਰਦਾ ਰਹਿੰਦਾ ਹੈ ਉਹ ਆਪਣੇ ਆਪ ਉਸ ਨੂੰ ਪਰਾਪਤ ਕਰਨ ਲਈ ਸੁਭਾਵਿਕ ਯਤਨ ਕਰਨ ਲੱਗ ਪੈਂਦਾ ਹੈ। ਸੱਚ ਹੈ; ਜਿਹੋ ਜਿਹੇ ਸਾਡੇ ਵਿਚਾਰ ਹੁੰਦੇ ਹਨ ਤਿਹੋ ਜਿਹੀ ਸਾਡੀ ਰੁਚੀ ਹੁੰਦੀ ਹੈ ਅਤੇ ਉਹੋ ਜਿਹਾ ਹੀ ਸਾਡਾ ਆਚਰਨ ਬਣ ਜਾਂਦਾ ਹੈ।

---

*"The circle of thought contains the store of that which by degrees can mount by steps of interest to diesire, and then by means of volition to action. The whole inner activity has its abode in the circle of thought. Here lies the initiative of life, the primal energy. The limits of the circle of thought are the limits of character. In the culture of the circle of thought, the main part of education lies".--Student's Herbart by Heyward.

ਹਰਵਾਰਟ ਦਾ ਕਥਨ ਹੈ ਕਿ ਮਨੁਖ ਦੇ ਸਭ ਤਰ੍ਹਾਂ ਦੇ ਆਚਰਨ ਦਾ ਸੋਮਾਂ ਵਿਚਾਰ ਹੀ ਹਨ। ਮਨੁਖ ਦੇ ਵਿਚਾਰਾਂ ਵਿਚ ਉਹ ਸ਼ਕਤੀ ਭਰੀ ਰਹਿੰਦੀ ਹੈ ਜਿਹੜੀ ਉਸ ਦੀ ਰੁਚੀ ਅਤੇ ਇੱਛਾ ਸ਼ਕਤੀ ਨਾਲ ਮਿਲ ਕੇ ਉਸ ਦੇ ਆਚਰਨ ਦਾ ਕਾਰਨ ਬਣ ਜਾਂਦੀ ਹੈ । ਮਨੁਖ ਦੇ ਬਾਹਰ ਮੁਖੀ ਕੰਮ ਉਸ ਦੇ ਮਨ ਅੰਦਰ ਦੇ ਕੰਮਾਂ ਦੇ ਸਮਾਨ ਹੀ ਹੁੰਦੇ ਹਨ । ਇਸ ਲਈ ਸਾਨੂੰ ਜਿਸ ਬੱਚੇ ਦਾ ਆਚਰਨ ਸੁੰਦਰ ਬਨਾਉਣਾ ਹੈ ਉਸ ਦੇ ਵਿਚਾਰਾਂ ਦਾ ਪਹਿਲਾਂ ਸੁਧਾਰ ਕਰਨਾ ਚਾਹੀਦਾ ਹੈ। ਹਰਵਾਰਟ ਦੇ ਕਹਿਣ ਅਨੁਸਾਰ ਬੱਚੇ ਨੂੰ ਕਈ ਤਰ੍ਹਾਂ ਦੇ ਵਿਸ਼ਿਆਂ ਦਾ ਗਿਆਨ ਕਰਾਉਣਾ ਚਾਹੀਦਾ ਹੈ ਜਿਸ ਨਾਲ ਉਹ ਜੀਵਨ ਦੇ ਕਈ ਕਾਰ ਵਿਹਾਰਾਂ ਵਿਚ ਚੰਗੀ ਤਰ੍ਹਾਂ ਹਿਸਾ ਲੈ ਸਕੇ। ਜਿਸ ਮਨੁਖ ਦੀ ਰੁਚੀ ਥੋੜੇ ਜਹੇ ਵਿਸ਼ਿਆਂ ਵਿਚ ਹੀ ਰਹਿੰਦੀ ਹੈ, ਉਹ ਉਨ੍ਹਾਂ ਦੀ ਅਣਹੋਂਦ ਵਿਚ ਪਸ਼ੂਆਂ ਵਰਗੇ ਕੰਮਾਂ ਜਾਂ ਆਲਸ ਵਿਚ ਸਮਾਂ ਬਤੀਤ ਕਰਦਾ ਹੈ। ਭੈੜੇ ਆਚਰਨ ਦਾ ਕਾਰਨ ਮਨ ਦਾ ਵਿਹਲ ਹੈ । ਜਿਸ ਵਿਅਕਤੀ ਨੂੰ ਸੰਸਾਰ ਦਾ ਗਿਆਨ ਨਹੀਂ ਅਤੇ ਜਿਸ ਦੀਆਂ ਰੁਚੀਆਂ ਗਿਣਵੀਆਂ ਹਨ ਉਹ ਆਪਣੀਆਂ ਥੋੜੀਆਂ ਜਿਹੀਆਂ ਰੁਚੀਆਂ ਦੀ ਅਣਹੋਂਦ ਹੋ ਜਾਣ ਨਾਲ ਪਸ਼ੂਆਂ ਵਰਗਾ ਜੀਵਨ ਬਤੀਤ ਕਰਨ ਲਗਦਾ ਹੈ* । ਇਸ ਲਈ ਹਰਵਾਰਟ ਦਾ ਇਹ ਮਹਾਨ ਕਥਨ ਹੈ ਕਿ ਮੂਰਖ ਮਨੁਖ ਕਦੇ ਵੀ ਸਦਾਚਾਰੀ ਨਹੀਂ ਹੋ ਸਕਦਾ† । ਗਿਆਨ ਦਾ ਵਾਧਾ ਅਤੇ ਸਦਾਚਾਰੀ ਇਕੋ ਹੀ ਚੀਜ਼ ਦੇ ਦੋ ਪੱਖ ਹਨ ।

ਹਰਵਾਰਟ ਦੇ ਕਥਨ ਅਨੁਸਾਰ ਬੱਚੇ ਨੂੰ ਸੰਸਾਰ ਦੇ ਹਰ ਇਕ ਵਿਸ਼ੇ ਦਾ ਗਿਆਨ ਕਰਾਉਣਾ ਚਾਹੀਦਾ ਹੈ। ਉਨ੍ਹਾਂ ਵਿਚੋਂ ਵੀ ਉਨ੍ਹਾਂ ਵਿਸ਼ਿਆਂ ਨੂੰ ਪਰਧਾਨ ਥਾਂ ਦੇਣਾ ਚਾਹੀਦਾ ਹੈ ਜਿਹੜੇ ਅਖਲਾਕੀ ਅਤੇ ਧਾਰਮਿਕ ਵਿਚਾਰਾਂ ਨਾਲ ਭਰੇ ਹੋਣ । ਇਸ ਮੱਤ ਅਨੁਸਾਰ ਸਾਹਿੱਤ ਅਤੇ ਇਤਿਹਾਸ ਨੂੰ ਬੱਚੇ ਦੇ ਸਿਖਿਆ ਕਰਮ ਵਿਚ ਪਰਧਾਨ ਥਾਂ ਮਿਲਣਾ ਚਾਹੀਦਾ ਹੈ। ਇਨ੍ਹਾਂ ਦੋਹਾਂ ਹੀ ਵਿਸ਼ਿਆਂ ਰਾਹੀਂ ਬੱਚੇ ਨੂੰ ਅਖਲਾਕੀ ਸਿਖਿਆ ਮਿਲਦੀ ਹੈ। ਇਤਿਹਾਸ ਗਿਆਨ ਦਾ ਉਹ ਨਿਚੋੜ ਹੈ, ਜਿਹੜਾ ਦਰਿਸ਼ਟਾਂਤਾਂ ਰਾਹੀਂ ਅਖਲਾਕੀ ਸਿਧਾਂਤਾਂ ਨੂੰ ਸਪਸ਼ਟ ਕਰਦਾ ਹੈ। ਭਲੇ ਕੰਮ ਦਾ ਸਿੱਟਾ ਭਲਾ ਹੁੰਦਾ ਹੈ ਅਤੇ ਬੁਰੇ ਕੰਮ ਦਾ ਬੁਰਾ—ਇਹ ਸਿਖਿਆ ਇਤਿਹਾਸ ਦਿੰਦਾ ਹੈ । ਸਾਹਿੱਤ ਤੋਂ ਵੀ ਅਜਿਹੀ ਸਿਖਿਆ ਮਿਲਦੀ ਹੈ। ਇਤਿਹਾਸ ਅਤੇ ਸਾਹਿੱਤ ਪੜ੍ਹਨ ਨਾਲ ਅਸੀਂ ਕਈ ਸਦਾਚਾਰੀ ਅਤੇ ਬਹਾਦਰ ਪੁਰਖਾਂ ਦੇ ਭਾਵਾਂ ਨੂੰ ਸਮਝਦੇ ਹਾਂ ਅਤੇ ਇਨ੍ਹਾਂ ਭਾਵਾਂ ਵਿਚ ਸਾਡਾ ਮਨ ਰੰਗਿਆ ਜਾਂਦਾ ਹੈ । ਸਾਡੀ ਰੁਚੀ ਉਹੋ ਜਿਹੀ ਹੋ ਜਾਂਦੀ ਹੈ। ਅਸੀਂ ਸਦਾਚਾਰ ਨਾਲ ਪਰੇਮ ਕਰਨਾ ਅਤੇ ਦੁਰਾਚਾਰ ਨਾਲ ਘਿਰਨਾ ਕਰਨਾ ਸਿਖਦੇ ਹਨ। ਸਾਡਾ ਆਚਰਨ ਵੀ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ। ਇਸ ਲਈ ਬਚਿਆਂ ਦੇ ਆਚਰਨ ਨੂੰ ਸੁੰਦਰ ਬਨਾਉਣ ਲਈ ਉਨ੍ਹਾਂ ਦੀ ਰੁਚੀ ਸਾਹਿਤ ਅਤੇ ਇਤਿਹਾਸ ਵਿਚ ਵਧਾਉਣਾ ਜ਼ਰੂਰੀ ਹੈ।

ਹਰਵਾਰਟ ਆਚਰਨ ਸੁਧਾਰ ਲਈ ਨਿਯਮ ਬੱਧ ਧਾਰਮਿਕ ਉਪਦੇਸ਼ ਨੂੰ ਇੰਨੀ ਮਹਾਨਤਾ ਨਹੀਂ ਦਿੰਦਾ। ਜਿਹੜਾ ਧਰਮ ਉਪਦੇਸ਼ ਕਿਸੇ ਵਿਸ਼ੇਸ਼ ਸਿਖਿਆ ਦੇ ਘੰਟੇ ਵਿਚ ਦਿਤਾ ਜਾਂਦਾ ਹੈ, ਉਸ ਨਾਲ ਬੱਚੇ ਦੇ ਅਖਲਾਕੀ ਜੀਵਨ ਵਿਚ ਵਧੇਰੇ ਸੁਧਾਰ ਹੋਣ ਦੀ ਆਸ

---

*"If inner assurance and intellectual interests are wanting, if the store of thought be meagre, then the ground lies empty for animal desires."

†"A stupid person cannot be virtuous".

ਵਿਚ ਜੀਵਨ ਦੀ ਰਖਿਆ ਵਾਸਤੇ ਹਨ, ਦੂਜੀ ਕਿਸਮ ਦੇ ਕਾਰ ਵਿਹਾਰਾਂ ਦੇ ਟਾ ਜਿਹੜੇ ਅਪਰਤੱਖ ਰੂਪ ਵਿਚ ਜੀਵਨ ਦੀ ਰਖਿਆ ਕਰਦੇ ਹਨ, ਵਧੇਰੀ ਮਹੱਤਾ ਵਾ ਹਨ। ਇਸੇ ਤਰ੍ਹਾਂ ਤੀਜੀ ਤਰ੍ਹਾਂ ਦੇ ਕਾਰ ਵਿਹਾਰ ਪਹਿਲੀ ਅਤੇ ਦੂਜੀ ਕਿਸਮ ਦੇ ਕਾ ਵਿਹਾਰਾਂ ਨਾਲੋਂ ਘਟੀਆ ਹਨ । ਸਭ ਤੋਂ ਘਟ ਮਹੱਤਾ ਦੇ ਕਾਰ ਵਿਹਾਰ ਉਹ ਹ ਜਿਹੜੇ ਵਿਹਲੇ ਵੇਲੇ ਹੁੰਦੇ ਰਹਿੰਦੇ ਹਨ । ਜਿਸ ਤਰ੍ਹਾਂ ਵਖ ਵਖ ਕਾਰ ਵਿਹਾਰਾਂ ਦੀ ਜੀਵ ਵਿਚ ਮਹੱਤਾ ਹੈ, ਉਸੇ ਤਰ੍ਹਾਂ ਉਨ੍ਹਾਂ ਦੀ ਮਹੱਤਾ ਬੱਚੇ ਦੀ ਸਿਖਿਆ ਵਿਚ ਹੋਣੀ ਚਾਹੀ ਹੈ। ਬੱਚੇ ਦੀ ਸਿਖਿਆ ਵਿਚ ਉਨ੍ਹਾਂ ਵਿਸ਼ਿਆਂ ਨੂੰ ਵਧੇਰੇ ਮਹੱਤਾ ਦੇਣੀ ਚਾਹੀਦੀ ਹ ਜਿਹੜੇ ਉਸ ਦੇ ਜੀਵਨ ਦੀ ਰਖਿਆ ਲਈ ਪਰਤੱਖ ਅਤੇ ਅਪਰਤੱਖ ਰੂਪ ਵਿਚ ਸਹਾ ਹਨ, ਉਨ੍ਹਾਂ ਦੀ ਨਹੀਂ ਜਿਹੜੇ ਉਸ ਦੇ ਵਿਹਲ ਸਮੇਂ ਕੰਮ ਆਉਂਦੇ ਹਨ ।

ਹਰਵਰਟ ਸਪੈਂਸਰ ਅਨੁਸਾਰ ਵਖ ਵਖ ਵਿਸ਼ਿਆਂ ਦੀ ਪੜ੍ਹਾਈ ਵਖ ਵ ਤਰ੍ਹਾਂ ਦੇ ਜੀਵਨ ਵਿਹਾਰਾਂ ਲਈ ਲੋੜੀਂਦੀ ਹੈ। ਪਰਤੱਖ ਰੂਪ ਵਿਚ ਜੀਵਨ ਦੀ ਰਖਿਆ ਲਈ ਫਿਜ਼ਾਲੋਜੀ (ਸਰੀਰਕ ਵਿਗਿਆਨ) ਅਤੇ ਹਾਈਜੀਅਨ (ਸੁਸਥ-ਵਿਗਿਆਨ) ਲਾਭਦਾਇਕ ਮੰਨੇ ਗਏ ਹਨ । ਅਪਰਤੱਖ ਰੂਪ ਵਿਚ ਜੀਵਨ ਰਖਿਆ ਲਈ ਭਾਸ਼ ਵਿਗਿਆਨ ਦੀ ਜਾਣਕਾਰੀ, ਗਣਿਤ, ਭੂਗੋਲ, ਪਦਾਰਥ ਵਿਗਿਆਨ ਆਦਿ ਵਿਸ਼ੇ ਲੋੜੀਂਦੇ ਦੱਸੇ ਗਏ ਹਨ । ਬੱਚੇ ਦੀ ਰਖਿਆ ਸਬੰਧੀ ਵਿਸ਼ੇ ਬਾਲ-ਵਿਗਿਆਨ ਅਤੇ ਘਰੇਲੂ ਵਿਗਿਆਨ ਹਨ । ਸਮਾਜ ਕਲਿਆਣ ਬਾਰੇ ਪੜ੍ਹਾਈ ਲਈ ਵਿਸ਼ੇ ਇਤਿਹਾਸ, ਅਰਥ-ਸ਼ਾਸ਼ਤਰ, ਅਤੇ ਸਮਾਜ ਸ਼ਾਸ਼ਤਰ ਹਨ । ਵਿਹਲ ਵੇਲੇ ਦੇ ਕਾਰ ਵਿਹਾਰਾਂ ਲਈ ਵਿਸ਼ੇ ਚਿਤਰ ਕਲਾ, ਸੰਗੀਤ ਆਦਿ ਹਨ । ਸਪੈਂਸਰ ਦਾ ਕਥਨ ਹੈ ਕਿ ਬੱਚਿਆਂ ਦੀ ਸਿਖਿਆ-ਤਰਤੀਬ ਵਿ ਵਖ ਵਖ ਪੜ੍ਹਾਈ ਦੇ ਵਿਸ਼ਿਆਂ ਨੂੰ ਉਹੋ ਜਹੀ ਮਹੱਤਾ ਦੇਣੀ ਚਾਹੀਦੀ ਹੈ, ਜਿਹੋ ਜਹ ਉਸ ਨਾਲ ਸਬੰਧਤ ਕਾਰ ਵਿਹਾਰ ਨੂੰ ਮਹੱਤਾ ਜੀਵਨ ਵਿਚ ਹੈ । ਠੀਕ ਹੈ ਤਾਂ ਉਨ੍ਹਾਂ ਦੇ ਕਥਨ ਅਨੁਸਾਰ ਫਿਜ਼ਾਲੋਜੀ ਅਤੇ ਹਾਈਜੀਅਨ ਨੂੰ ਚਿਤਰ ਕਲਾ ਅਤੇ ਸੰਗੀਤ ਨਾਲੋਂ ਬਚਿਆਂ ਦੀ ਸਿਖਿਆ ਵਿਚ ਵਧੇਰੇ ਮਹੱਤਾ ਦੀ ਥਾਂ ਦੇਣੀ ਚਾਹੀਦੀ ਹੈ ।* ਇਸੇ ਤਰ੍ਹਾਂ ਸਾਹਿੱਤ ਨਾਲੋਂ ਪਦਾਰਥ ਵਿਗਿਆਨ ਨੂੰ ਵਧੇਰੇ ਮਹੱਤਾ ਵਾਲੀ ਥਾਂ ਮਿਲਣੀ ਚਾਹੀਦੀ ਹੈ, ਕਿਉਂਜੁ ਸਾਹਿੱਤ ਸਾਡੇ ਵਿਹਲ ਵੇਲੇ ਨਾਲ ਸਬੰਧ ਰਖਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਪੈਂਸਰ ਪਦਾਰਥ ਵਿਗਿਆਨ ਦਾ ਪੱਖੀ ਅਤੇ ਸਾਹਿੱਤ ਦਾ ਵਿਰੋਧੀ ਸੀ ।

**ਸਪੈਂਸਰ ਦੇ ਮੱਤ ਦੀ ਅਲੋਚਨਾ :–** ਸਪੈਂਸਰ ਦੀ ਪੂਰਨ ਜੀਵਨ ਦੀ ਕਲਪਣਾ ਅਸਲ ਵਿਚ ਤੰਗ ਜਹੀ ਸੀ। ਇਹ ਇਕ ਪਦਾਰਥ ਵਾਦੀ ਕਲਪਣਾ ਸੀ। ਇਸ ਲਈ ਅਸੀਂ ਉਸ ਦੀ ਸਿਖਿਆ ਯੋਜਨਾ ਵਿਚ ਉਨ੍ਹਾਂ ਵਿਸ਼ਿਆਂ ਦੀ ਮਹੱਤਾ ਭਰੀ ਥਾਂ ਨਹੀਂ ਵੇਖਦੇ ਜਿਹੜੇ ਮਨੁੱਖ ਦੀ ਅਧਿਆਤਮਿਕ ਉੱਨਤੀ ਕਰਨ ਵਾਲੇ ਹਨ । ਸਪੈਂਸਰ ਨੇ ਆਪਣੀ ਸਿਖਿਆ ਯੋਜਨਾ ਵਿਚ ਧਰਮ ਲਈ ਕੋਈ ਥਾਂ ਹੀ ਨਹੀਂ ਰੱਖਿਆ। ਇਸ ਲਈ ਹਰਵਰਟ ਸਪੈਂਸਰ ਦੀ ਸਿਖਿਆ ਪਰਨਾਲੀ ਅਨੁਸਾਰ ਸਿਖਿਅਤ ਬੱਚਾ ਕਾਰ

---

* "Music, painting, drawing and the like, since they occupy the leisure part of life, so should they occupy the leisure part of education"

—Spencer, Essay on Education.

ਵਿਹਾਰ ਵਿਚ ਸਿਆਣਾ ਤਾਂ ਭਾਵੇਂ ਬਣ ਜਾਵੇ ਪਰ ਉਹ ਅਧਿਆਤਮਕਤਾ ਤੋਂ ਖਾਲੀ ਹੋਵੇਗਾ। ਮਨੁਖ ਨੂੰ ਅਖਲਾਕ ਵਾਲਾ ਬਨਾਉਣ ਵਿਚ ਜਿੰਨਾ ਧਰਮ ਪਰਲੋਕ ਦਾ ਡਰ ਕੰਮ ਕਰਦਾ ਹੈ ਉਨ੍ਹਾ ਹੋਰ ਕਿਸੇ ਕਾਰਨ ਦਾ ਨਹੀਂ। ਜੇ ਮਨੁਖ ਨੂੰ ਕਿਸੇ ਤਰ੍ਹਾਂ ਦੀ ਅਖਲਾਕੀ ਜਾਂ ਧਾਰਮਿਕ ਸਿਖਿਆ ਨਾ ਦਿਤੀ ਜਾਵੇ ਤਾਂ ਉਹ ਸਮੁੱਚੇ ਤੌਰ ਤੇ ਸਵਾਰਥੀ ਵਿਅਕਤੀ ਬਣੇਗਾ। ਅਜਿਹਾ ਵਿਅਕਤੀ ਆਪਣੇ ਸੁਖ ਲਈ ਦੂਜਿਆਂ ਨੂੰ ਦੁਖ ਦੇਣ ਵਿਚ ਕਦੇ ਵੀ ਸੰਕੋਚ ਨਹੀਂ ਕਰੇਗਾ। ਧਰਮ ਉਪਦੇਸ਼ ਨਾਲ ਮਨੁਖ ਨੂੰ ਜਿਹੜੀ ਅਮਿਣਵੀਂ ਸ਼ਾਨਤੀ ਮਿਲਦੀ ਹੈ; ਉਸ ਤੋਂ ਵਾਂਜਿਆਂ ਰਹਿ ਜਾਵੇਗਾ।

ਹਰਵਰਟ ਸਪੈਂਸਰ ਨੇ ਕਲਾ ਅਤੇ ਸਾਹਿੱਤ ਨੂੰ ਜਿਹੜਾ ਸਧਾਰਨ ਥਾਂ ਦਿਤਾ ਹੈ ਉਹ ਵੀ ਸਿਖਿਆ ਦੇ ਸਰਬਉਚ ਉਦੇਸ਼ ਦੇ ਅਨਕੂਲ ਨਹੀਂ ਹੈ। ਜੇ ਸਿਖਿਆ ਦਾ ਉਦੇਸ਼ ਜੀਵਨ ਵਿਚ ਪੂਰਨਤਾ ਲਿਆਉਣਾ ਹੈ ਤਾਂ ਵਿਹਲੇ ਵੇਲੇ ਦੇ ਕਾਰ ਵਿਹਾਰਾਂ ਦੀ ਉਨੀ ਹੀ ਮਹੱਤਾ ਰਹਿਣੀ ਚਾਹੀਦੀ ਹੈ ਜਿੰਨੀ ਰੋਟੀ ਕਮਾਉਣ ਵਾਲੇ ਵਿਹਾਰ ਦੀ। ਜਿਹੜਾ ਮਨੁਖ ਧਨ ਕਮਾਉਣ ਦੇ ਕੰਮ ਵਿਚ ਹੀ ਸਿਆਣਾ ਬਣ ਜਾਂਦਾ ਹੈ ਅਤੇ ਵਿਹਲ ਨੂੰ ਚੰਗੀ ਤਰ੍ਹਾਂ ਬਤੀਤ ਕਰਨ ਨਹੀਂ ਜਾਣਦਾ ਉਸ ਦਾ ਮਨ ਘਾਬਰਿਆ ਰਹਿੰਦਾ ਹੈ। ਸੰਸਾਰ ਵਿਚ ਕਿਨਿਆਂ ਹੀ ਭੈੜਾਂ ਦਾ ਕਾਰਨ ਮਨੁਖਾਂ ਦਾ ਆਪਣੇ ਵਿਹਲ ਨੂੰ ਸੁਚੱਜੀ ਤਰ੍ਹਾਂ ਨਾ ਵਰਤ ਸਕਣਾ ਹੀ ਹੈ। ਵਿਹਲ ਦੇ ਸਮੇਂ ਸਾਡਾ ਮਨ ਕਈ ਤਰ੍ਹਾਂ ਦੇ ਉਪੱਦਰ ਖੜੇ ਕਰ ਦਿੰਦਾ ਹੈ। ਉਪੱਦਰਾਂ ਤੋਂ ਉਸ ਨੂੰ ਰੋਕਣ ਲਈ ਕਲਾ, ਸੰਗੀਤ ਅਤੇ ਸਾਹਿੱਤ ਅਤੀ ਲੋੜੀਂਦੇ ਹਨ। ਜਿਸ ਸਮਾਜ ਵਿਚ ਕਲਾ, ਸੰਗੀਤ ਅਤੇ ਸਾਹਿਤ ਦੀ ਘਾਟ ਰਹਿੰਦੀ ਹੈ, ਉਸ ਵਿਚ ਕਈ ਤਰ੍ਹਾਂ ਦੀ ਅਸ਼ਾਨਤੀ ਫੈਲੀ ਰਹਿੰਦੀ ਹੈ। ਇਸ ਲਈ ਕਲਾ ਅਤੇ ਸਾਹਿਤ ਦਾ ਅਭਾਵ ਜਾਂਗਲੀਪੁਣੇ ਦਾ ਸਬੂਤ ਮੰਨਿਆ ਜਾਂਦਾ ਹੈ। ਜਿਵੇਂ ਜਿਵੇਂ ਮਨੁਖ-ਸਮਾਜ ਕਲਾ ਅਤੇ ਸਾਹਿੱਤ ਤੋਂ ਬੇਮੁਖ ਹੁੰਦਾ ਜਾਂਦਾ ਹੈ ਉਹ ਸਮਝੋ ਮੁਕਣ ਤੇ ਆਇਆ ਹੈ। ਜੇ ਮਨੁਖ ਨੂੰ ਖਤਮ ਹੋਣ ਤੋਂ ਬਚਾਉਣਾ ਹੈ ਤਾਂ ਸਿਖਿਆ ਵਿਗਿਆਨਕਾਂ ਨੂੰ ਬਚਿਆਂ ਦੀ ਸਿਖਿਆ ਵਿਚ ਕਲਾ, ਸੰਗੀਤ ਅਤੇ ਸਾਹਿੱਤ ਨੂੰ ਮਹੱਤਾ ਵਾਲਾ ਥਾਂ ਦੇਣਾ ਚਾਹੀਦਾ ਹੈ।

ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਵੀ ਸਪੈਂਸਰ ਦੇ ਵਿਸ਼ਿਆਂ ਦੀ ਤਰਤੀਬ ਠੀਕ ਨਹੀਂ ਹੈ। ਸਿਖਿਆ ਦੇਣ ਵਾਲਿਆਂ ਨੂੰ ਸਦਾ ਬੱਚੇ ਦੀ ਰੁਚੀ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। ਬੱਚੇ ਦੀ ਰੁਚੀ ਫਿਜ਼ਆਲੋਜੀ (ਸਰੀਰ ਵਿਗਿਆਨ) ਅਤੇ ਹਾਈਜੀਅਨ ਵਿਚ ਇੰਨੀ ਨਹੀਂ ਹੋ ਸਕਦੀ ਜਿੰਨੀ ਕਿ ਸੰਗੀਤ ਅਤੇ ਸਾਹਿੱਤ ਵਿਚ। ਪਹਿਲੀ ਕਿਸਮ ਦੇ ਵਿਸ਼ੇ ਬਾਲਗ ਲੋਕਾਂ ਨੂੰ ਹੀ ਚੰਗੇ ਲਗ ਸਕਦੇ ਹਨ, ਬਚਿਆਂ ਨੂੰ ਨਹੀਂ, ਇਸ ਲਈ ਉਨ੍ਹਾਂ ਨੂੰ ਆਪਣੇ ਸੁਆਦ ਦੇ ਵਿਸ਼ਿਆਂ ਵਿਚ ਨਾ ਲਾ ਕੇ ਸਰੀਰ ਵਿਗਿਆਨ ਅਤੇ ਹਾਈਜੀਅਨ ਜਿਹੇ ਵਿਸ਼ੇ ਸਿਖਾਉਣਾ ਵਿਅਰਥ ਸਮਾਂ ਗੁਆਉਣਾ ਹੈ।

## ਆਚਰਨ ਉਸਾਰੀ

ਜਰਮਨੀ ਦੇ ਪਰਸਿਧ ਸਿਖਿਆ ਵਿਗਿਆਨਿਕ ਹਰਵਾਰਟ ਦੇ ਅਨੁਸਾਰ ਸਿਖਿਆ ਦਾ ਉਦੇਸ਼ ਆਚਰਨ ਦੀ ਉਸਾਰੀ ਹੈ। ਹਰਵਾਰਟ ਦਾ ਕਥਨ ਹੈ ਕਿ ਮਨੁੱਖ ਦਾ ਆਚਰਨ ਸੁੰਦਰ ਬਨਾਉਣਾ ਸਿਖਿਆ ਦਾ ਮਹਾਨ ਉਦੇਸ਼ ਹੈ ਅਤੇ ਆਚਰਨ ਸੁਧਾਰਨ ਲਈ ਉਸ

ਦੀ ਰੁਚੀ ਨੂੰ ਕਈ ਵਿਸ਼ਿਆਂ ਵਿਚ ਲਾਉਣਾ ਚਾਹੀਦਾ ਹੈ* । ਆਚਰਨ ਜੀਵਨ ਦੇ ਕਿਸੇ ਵਿਸ਼ੇਸ਼ ਭਾਗ ਨਾਲ ਸਬੰਧ ਨਹੀਂ ਰਖਦਾ ਸਗੋਂ ਸਮੁੱਚੇ ਜੀਵਨ ਨਾਲ ਸਬੰਧ ਰਖਦਾ ਹੈ। ਇਸ ਲਈ ਮਨੁਖ ਦੀ ਸਿਖਿਆ ਵੀ ਅਜਿਹੀ ਹੋਣੀ ਚਾਹੀਦੀ ਹੈ ਜਿਹੜੀ ਉਸ ਦੇ ਸਮੁੱਚੇ ਜੀਵਨ ਨਾਲ ਸਬੰਧ ਰੱਖੇ । ਜੀਵਨ ਦੇ ਹਰ ਪੱਖ ਵਿਚ ਅਖਲਾਕ ਦੀ ਝਲਕ ਹੋਣੀ ਚਾਹੀਦੀ ਹੈ। ਅਖਲਾਕੀ ਜੀਵਨ ਤੋਂ ਹੀ ਮਨੁਖ ਸੰਸਾਰ ਦਾ ਸਭ ਤੋਂ ਉੱਚਾ ਨਿਸ਼ਾਨਾ ਪਰਾਪਤ ਕਰ ਸਕਦਾ ਹੈ । ਸਿਖਿਆ ਦਾ ਅੰਤਮ ਆਦਰਸ਼ ਬਚਿਆਂ ਦਾ ਸਰੀਰਕ ਬਲ ਵਧਾਉਣਾ ਅਤੇ ਗਿਆਨ ਵਿਚ ਵਾਧਾ ਕਰਨਾ ਅਥਵਾ ਸੁੰਦਰ ਭਾਵਾਂ ਨੂੰ ਪੈਦਾ ਕਰਨਾ ਨਹੀਂ ਹੈ, ਸਗੋਂ ਮਜ਼ਬੂਤ ਅਤੇ ਸੁੰਦਰ ਆਚਰਨ ਦਾ ਬਨਾਉਣਾ ਹੈ। ਸੁੰਦਰ ਆਚਰਨ ਬਨਾਉਣ ਲਈ ਦੂਜੀਆਂ ਸਾਰੀਆਂ ਗਲਾਂ ਦੀ ਲੋੜ ਹੁੰਦੀ ਹੈ ਪਰ ਇਨ੍ਹਾਂ ਗਲਾਂ ਦੀ ਪਰਾਪਤੀ ਹੀ ਸਿਖਿਆ ਦਾ ਨਿਸ਼ਾਨਾ ਨਹੀਂ ਬਣ ਜਾਣਾ ਚਾਹੀਦਾ ।

ਹਰਵਾਰਟ ਨੇ ਸਿਖਿਆ ਦਾ ਅੰਤਮ ਨਿਸ਼ਾਨਾ ਆਚਰਨ ਦੀ ਉਸਾਰੀ ਦਸਿਆ ਹੈ, ਪਰ ਉਸ ਦਾ ਨੇੜੇ ਦਾ ਨਿਸ਼ਾਨਾ ਮਨੁਖ ਦੀਆਂ ਰੁਚੀਆਂ ਦਾ ਵਾਧਾ ਤੇ ਵਿਕਾਸ ਕਰਨਾ ਦਸਿਆ ਹੈ । ਇਨ੍ਹਾਂ ਰੁਚੀਆਂ ਦਾ ਵਿਕਾਸ ਗਿਆਨ ਦੇ ਵਾਧੇ ਨਾਲ ਹੁੰਦਾ ਹੈ । ਜਿਸ ਵਿਅਕਤੀ ਦਾ ਜਿਹੋ ਜਿਹਾ ਗਿਆਨ ਹੈ ਉਸ ਦੀ ਉਸੇ ਤਰ੍ਹਾਂ ਦੀ ਰੁਚੀ ਹੁੰਦੀ ਹੈ। ਮੰਨ ਲੋ, ਕਿਸੇ ਵਿਅਕਤੀ ਨੂੰ ਨਾ ਆਪਣੇ ਦੇਸ਼ ਦੇ ਇਤਿਹਾਸ, ਨਾ ਭੂਗੋਲ, ਨਾ ਰਾਸ਼ਟਰ ਦੀਆਂ ਅਨੇਕ ਖੂਬੀਆਂ ਦਾ ਗਿਆਨ ਹੈ, ਅਜਿਹੇ ਵਿਅਕਤੀ ਤੋਂ ਕੀ ਅਸੀਂ ਆਸ ਰੱਖ ਸਕਦੇ ਹਾਂ ਕਿ ਉਹ ਦੇਸ਼ ਦੀ ਸੁਤੰਤਰਤਾ ਦੀ ਲੜਾਈ ਵਿਚ ਕੋਈ ਰੁਚੀ ਰਖੇਗਾ ? ਜਿਸ ਵਿਅਕਤੀ ਨੂੰ ਰਾਜਨੀਤੀ ਦਾ ਗਿਆਨ ਹੀ ਨਹੀਂ ਉਸ ਅਗੇ ਰਾਜਸੀ ਵਿਸ਼ਿਆਂ ਤੇ ਚਰਚਾ ਕਰਨਾ ਕੀ ਵਿਅਰਥ ਨਹੀਂ ਪਰਤੀਤ ਹੁੰਦਾ । ਸ਼ਤਰੰਜ ਦੇ ਖੇਲ ਦਾ ਗਿਆਨ ਰਖਣ ਵਾਲਾ ਵਿਅਕਤੀ ਉਸ ਖੇਲ ਵਿਚ ਰੁਚੀ ਵਿਖਾਉਂਦਾ ਹੈ । ਕ੍ਰਿਕਟ ਦਾ ਜਾਨਣ ਵਾਲਾ ਉਸੇ ਵਿਚ ਹੀ ਰੁਚੀ ਵਿਖਾਉਂਦਾ ਹੈ, ਇਸੇ ਤਰ੍ਹਾਂ ਸਮਾਜ ਬਾਰੇ ਗਿਆਨ ਰਖਣ ਵਾਲੇ ਵਿਅਕਤੀ ਦੇ ਹਿਰਦੇ ਵਿਚ ਸਮਾਜਿਕ ਕਾਰਰਵਾਈਆਂ ਬਾਰੇ ਰੁਚੀ ਰਹਿੰਦੀ ਹੈ । ਇਸੇ ਤਰ੍ਹਾਂ ਵਿਗਿਆਨਿਕ ਵਿਸ਼ੇ ਦੇ ਜਾਨਣ ਵਾਲੇ ਦੀ ਵਿਗਿਆਨਿਕ ਵਿਸ਼ੇ ਵਿਚ ਰੁਚੀ ਰਹਿੰਦੀ ਹੈ । ਮਨੁਖ ਦੀ ਜਿਹੋ ਜਿਹੀ ਰੁਚੀ ਹੁੰਦੀ ਹੈ ਉਹੋ ਜਿਹੇ ਉਸ ਦੇ ਕੰਮ ਹੁੰਦੇ ਹਨ । ਮਨੁਖ ਜਿਸ ਵਿਸ਼ੇ ਨੂੰ ਸਦਾ ਯਾਦ ਕਰਦਾ ਰਹਿੰਦਾ ਹੈ ਉਹ ਆਪਣੇ ਆਪ ਉਸ ਨੂੰ ਪਰਾਪਤ ਕਰਨ ਲਈ ਸੁਭਾਵਿਕ ਯਤਨ ਕਰਨ ਲੱਗ ਪੈਂਦਾ ਹੈ । ਸੱਚ ਹੈ; ਜਿਹੋ ਜਿਹੇ ਸਾਡੇ ਵਿਚਾਰ ਹੁੰਦੇ ਹਨ ਤਿਹੋ ਜਿਹੀ ਸਾਡੀ ਰੁਚੀ ਹੁੰਦੀ ਹੈ ਅਤੇ ਉਹੋ ਜਿਹਾ ਹੀ ਸਾਡਾ ਆਚਰਨ ਬਣ ਜਾਂਦਾ ਹੈ ।

---

*"The circle of thought contains the store of that which by degrees can mount by steps of interest to diesire, and then by means of volition to action. The whole inner activity has its abode in the circle of thought. Here lies the initiative of life, the primal energy. The limits of the circle of thought are the limits of character. In the culture of the circle of thought, the main part of education lies".--Student's Herbart by Heyward.

ਹਰਵਾਰਟ ਦਾ ਕਥਨ ਹੈ ਕਿ ਮਨੁਖ ਦੇ ਸਭ ਤਰ੍ਹਾਂ ਦੇ ਆਚਰਨ ਦਾ ਸੋਮਾਂ ਵਿਚਾਰ ਹੀ ਹਨ। ਮਨੁਖ ਦੇ ਵਿਚਾਰਾਂ ਵਿਚ ਉਹ ਸ਼ਕਤੀ ਭਰੀ ਰਹਿੰਦੀ ਹੈ ਜਿਹੜੀ ਉਸ ਦੀ ਰੁਚੀ ਅਤੇ ਇੱਛਾ ਸ਼ਕਤੀ ਨਾਲ ਮਿਲ ਕੇ ਉਸ ਦੇ ਆਦਰਨ ਦਾ ਕਾਰਨ ਬਣ ਜਾਂਦੀ ਹੈ। ਮਨੁਖ ਦੇ ਬਾਹਰ ਮੁਖੀ ਕੰਮ ਉਸ ਦੇ ਮਨ ਅੰਦਰ ਦੇ ਕੰਮਾਂ ਦੇ ਸਮਾਨ ਹੀ ਹੁੰਦੇ ਹਨ। ਇਸ ਲਈ ਜਾਨੂੰ ਜਿਸ ਬੱਚੇ ਦਾ ਆਚਰਨ ਸੁੰਦਰ ਬਨਾਉਣਾ ਹੈ ਉਸ ਦੇ ਵਿਚਾਰਾਂ ਦਾ ਪਹਿਲਾਂ ਸੁਧਾਰ ਕਰਨਾ ਚਾਹੀਦਾ ਹੈ। ਹਰਵਾਰਟ ਦੇ ਕਹਿਣ ਅਨੁਸਾਰ ਬੱਚੇ ਨੂੰ ਕਈ ਤਰ੍ਹਾਂ ਦੇ ਵਿਸ਼ਿਆਂ ਦਾ ਗਿਆਨ ਕਰਾਉਣਾ ਚਾਹੀਦਾ ਹੈ ਜਿਸ ਨਾਲ ਉਹ ਜੀਵਨ ਦੇ ਕਈ ਕਾਰ ਵਿਹਾਰਾਂ ਵਿਚ ਚੰਗੀ ਤਰ੍ਹਾਂ ਹਿਸਾ ਲੈ ਸਕੇ। ਜਿਸ ਮਨੁਖ ਦੀ ਰੁਚੀ ਥੋੜੇ ਜਹੇ ਵਿਸ਼ਿਆਂ ਵਿਚ ਹੀ ਰਹਿੰਦੀ ਹੈ, ਉਹ ਉਨ੍ਹਾਂ ਦੀ ਅਣਹੋਂਦ ਵਿਚ ਪਸ਼ੂਆਂ ਵਰਗੇ ਕੰਮਾਂ ਜਾਂ ਆਲਸ ਵਿਚ ਸਮਾਂ ਬਤੀਤ ਕਰਦਾ ਹੈ। ਭੈੜੇ ਆਚਰਨ ਦਾ ਕਾਰਨ ਮਨ ਦਾ ਵਿਹਲ ਹੈ। ਜਿਸ ਵਿਅਕਤੀ ਨੂੰ ਸੰਸਾਰ ਦਾ ਗਿਆਨ ਨਹੀਂ ਅਤੇ ਜਿਸ ਦੀਆਂ ਰੁਚੀਆਂ ਗਿਣਵੀਆਂ ਹਨ ਉਹ ਆਪਣੀਆਂ ਥੋੜੀਆਂ ਜਿਹੀਆਂ ਰੁਚੀਆਂ ਦੀ ਅਣਹੋਂਦ ਹੋ ਜਾਣ ਨਾਲ ਪਸ਼ੂਆਂ ਵਰਗਾ ਜੀਵਨ ਬਤੀਤ ਕਰਨ ਲਗਦਾ ਹੈ*। ਇਸ ਲਈ ਹਰਵਾਰਟ ਦਾ ਇਹ ਮਹਾਨ ਕਥਨ ਹੈ ਕਿ ਮੂਰਖ ਮਨੁਖ ਕਦੇ ਵੀ ਸਦਾਚਾਰੀ ਨਹੀਂ ਹੋ ਸਕਦਾ†। ਗਿਆਨ ਦਾ ਵਾਧਾ ਅਤੇ ਸਦਾਚਾਰੀ ਇਕੋ ਹੀ ਚੀਜ਼ ਦੇ ਦੋ ਪੱਖ ਹਨ।

ਹਰਵਾਰਟ ਦੇ ਕਥਨ ਅਨੁਸਾਰ ਬੱਚੇ ਨੂੰ ਸੰਸਾਰ ਦੇ ਹਰ ਇਕ ਵਿਸ਼ੇ ਦਾ ਗਿਆਨ ਕਰਾਉਣਾ ਚਾਹੀਦਾ ਹੈ। ਉਨ੍ਹਾਂ ਵਿਚੋਂ ਵੀ ਉਨ੍ਹਾਂ ਵਿਸ਼ਿਆਂ ਨੂੰ ਪਰਧਾਨ ਥਾਂ ਦੇਣਾ ਚਾਹੀਦਾ ਹੈ ਜਿਹੜੇ ਅਖਲਾਕੀ ਅਤੇ ਧਾਰਮਿਕ ਵਿਚਾਰਾਂ ਨਾਲ ਭਰੇ ਹੋਣ। ਇਸ ਮੱਤ ਅਨੁਸਾਰ ਸਾਹਿਤ ਅਤੇ ਇਤਿਹਾਸ ਨੂੰ ਬੱਚੇ ਦੇ ਸਿਖਿਆ ਕਰਮ ਵਿਚ ਪਰਧਾਨ ਥਾਂ ਮਿਲਣਾ ਚਾਹੀਦਾ ਹੈ। ਇਨ੍ਹਾਂ ਦੋਹਾਂ ਹੀ ਵਿਸ਼ਿਆਂ ਰਾਹੀਂ ਬੱਚੇ ਨੂੰ ਅਖਲਾਕੀ ਸਿਖਿਆ ਮਿਲਦੀ ਹੈ। ਇਤਿਹਾਸ ਗਿਆਨ ਦਾ ਉਹ ਨਿਚੋੜ ਹੈ, ਜਿਹੜਾ ਦਰਿਸ਼ਟਾਂਤਾਂ ਰਾਹੀਂ ਅਖਲਾਕੀ ਸਿਧਾਂਤਾਂ ਨੂੰ ਸਪਸ਼ਟ ਕਰਦਾ ਹੈ। ਭਲੇ ਕੰਮ ਦਾ ਸਿੱਟਾ ਭਲਾ ਹੁੰਦਾ ਹੈ ਅਤੇ ਬੁਰੇ ਕੰਮ ਦਾ ਬੁਰਾ—ਇਹ ਸਿਖਿਆ ਇਤਿਹਾਸ ਦਿੰਦਾ ਹੈ। ਸਾਹਿੱਤ ਤੋਂ ਵੀ ਅਜਿਹੀ ਸਿਖਿਆ ਮਿਲਦੀ ਹੈ। ਇਤਿਹਾਸ ਅਤੇ ਸਾਹਿੱਤ ਪੜ੍ਹਨ ਨਾਲ ਅਸੀਂ ਕਈ ਸਦਾਚਾਰੀ ਅਤੇ ਬਹਾਦਰ ਪੁਰਖਾਂ ਦੇ ਭਾਵਾਂ ਨੂੰ ਸਮਝਦੇ ਹਾਂ ਅਤੇ ਇਨ੍ਹਾਂ ਭਾਵਾਂ ਵਿਚ ਸਾਡਾ ਮਨ ਰੰਗਿਆ ਜਾਂਦਾ ਹੈ। ਸਾਡੀ ਰੁਚੀ ਉਹੋ ਜਿਹੀ ਹੋ ਜਾਂਦੀ ਹੈ। ਅਸੀਂ ਸਦਾਚਾਰ ਨਾਲ ਪਰੇਮ ਕਰਨਾ ਅਤੇ ਦੁਰਾਚਾਰ ਨਾਲ ਘਿਰਨਾ ਕਰਨਾ ਸਿਖਦੇ ਹਨ। ਸਾਡਾ ਆਚਰਨ ਵੀ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ। ਇਸ ਲਈ ਬਚਿਆਂ ਦੇ ਆਚਰਨ ਨੂੰ ਸੁੰਦਰ ਬਨਾਉਣ ਲਈ ਉਨ੍ਹਾਂ ਦੀ ਰੁਚੀ ਸਾਹਿਤ ਅਤੇ ਇਤਿਹਾਸ ਵਿਚ ਵਧਾਉਣਾ ਜ਼ਰੂਰੀ ਹੈ।

ਹਰਵਾਰਟ ਆਚਰਨ ਸੁਧਾਰ ਲਈ ਨਿਯਮ ਬੱਧ ਧਾਰਮਿਕ ਉਪਦੇਸ਼ ਨੂੰ ਇੰਨੀ ਮਹਾਨਤਾ ਨਹੀਂ ਦਿੰਦਾ। ਜਿਹੜਾ ਧਰਮ ਉਪਦੇਸ਼ ਕਿਸੇ ਵਿਸ਼ੇਸ਼ ਸਿਖਿਆ ਦੇ ਘੰਟੇ ਵਿਚ ਦਿਤਾ ਜਾਂਦਾ ਹੈ, ਉਸ ਨਾਲ ਬੱਚੇ ਦੇ ਅਖਲਾਕੀ ਜੀਵਨ ਵਿਚ ਵਧੇਰੇ ਸੁਧਾਰ ਹੋਣ ਦੀ ਆਸ

---

*"If inner assurance and intellectual interests are wanting, if the store of thought be meagre, then the ground lies empty for animal desires."

†"A stupid person cannot be virtuous".

ਨਹੀਂ। ਇਸ ਤਰ੍ਹਾਂ ਦੇ ਧਰਮ ਉਪਦੇਸ਼ ਨਾਲ ਬੱਚੇ ਦੇ ਮਨ ਵਿਚ ਇਹ ਝੂਠੀ ਧਾਰਨਾ ਜਾਂਦੀ ਹੈ ਕਿ ਧਾਰਮਿਕ ਆਚਰਨ ਅਤੇ ਅਖਲਾਕ ਜੀਵਨ ਦੇ ਕਿਸੇ ਖਾਸ ਪੱਖ ਨਾ ਸਬੰਧ ਰਖਦੇ ਹਨ। ਉਨ੍ਹਾਂ ਦਾ ਸਬੰਧ ਸਮੁੱਚੇ ਜੀਵਨ ਨਾਲ ਨਹੀਂ। ਇਸ ਤਰ੍ਹਾਂ ਦੀ ਝੂਠੀ ਧਾਰ ਹੀ ਕਈ ਤਰ੍ਹਾਂ ਦੇ ਦੁਰਾਚਾਰਾਂ ਦਾ ਕਾਰਨ ਬਣਦੀ ਹੈ। ਬੱਚੇ ਨੂੰ ਧਰਮ ਅਤੇ ਅਖਲਾਕ ਇ ਢੰਗ ਨਾਲ ਸਿਖਾਇਆ ਜਾਣਾ ਚਾਹੀਦਾ ਹੈ ਜਿਸ ਨਾਲ ਉਹ ਸਮਝ ਲਵੇ ਕਿ ਸਾਰਾ ਜੀਵ ਹੀ ਧਰਮ-ਸਰੂਪ ਹੈ। ਬੱਚੇ ਨੂੰ ਅਖਲਾਕ ਅਤੇ ਧਰਮ ਦਾ ਉਪਦੇਸ਼ ਸਿਖਿਆ ਦੇ ਹਰ ਵਿਸ਼ੇ ਦ ਅਧਿਅਨ ਕਰਨ ਸਮੇਂ ਹੋਣਾ ਚਾਹੀਦਾ ਹੈ। ਮਨੁਖ ਦਾ ਹਰ ਕੰਮ ਜਿਹੜਾ ਉਤਮ ਬੁਧੀ ਨਾਲ ਕੀਤਾ ਜਾਂਦਾ ਹੈ, ਉਸਦਾ ਅਖਲਾਕੀ ਉਧਾਰ ਕਰਦਾ ਹੈ ਅਤੇ ਉਸਦੇ ਆਚਰਨ ਨੂੰ ਸੁੰਦ ਬਣਾਉਂਦਾ ਹੈ। ਸਿਖਿਆ ਦੇਣ ਵਾਲੇ ਨੂੰ ਚਾਹੀਦਾ ਹੈ ਕਿ ਬੱਚਿਆਂ ਵਿਚ ਹਰ ਵਿਸ਼ੇ ਨੂੰ ਮਨ ਲਾਕੇ ਅਧਿਅਨ ਕਰਨ ਦੀ ਆਦਤ ਪਾਵੇ। ਇਸ ਤਰ੍ਹਾਂ ਨਾ ਕੇਵਲ ਉਨ੍ਹਾਂ ਦੇ ਗਿਆ ਵਿਚ ਵਾਧਾ ਹੋਵੇਗਾ ਸਗੋਂ ਉਨ੍ਹਾਂ ਦੇ ਆਚਰਨ ਦਾ ਸੁਧਾਰ ਵੀ ਹੋਵੇਗਾ।

**ਹਰਵਰਟ ਦੇ ਸਿਧਾਂਤ ਤੇ ਅਲੋਚਨਾ :-** ਸਿਖਿਆ ਦਾ ਉਦੇਸ਼ ਆਚਰਨ ਦੀ ਉਸਾਰੀ ਦਸਕੇ ਹਰਵਾਰਟ ਨੇ ਸਮਾਜ ਦੀ ਭਾਰੀ ਸੇਵਾ ਕੀਤੀ ਹੈ। ਜਿਸ ਸਿਖਿਆ ਦਾ ਉਦੇਸ਼ ਆਚਰਨ ਦੀ ਉਸਾਰੀ ਨਹੀਂ ਹੈ, ਉਹ ਅਧੂਰੀ ਹੈ। ਜਦ ਸਿਖਿਆ ਰਾਹੀਂ ਮਨੁਖ ਦੀਆਂ ਦੂਜੀਆਂ ਯੋਗਤਾਵਾਂ ਤਾਂ ਵਧ ਜਾਂਦੀਆਂ ਹਨ ਪਰ ਉਸ ਨਾਲ ਉਸਦੇ ਆਚਰਨ ਨੂੰ ਬਲ ਨਹੀਂ ਮਿਲਦਾ, ਤਾਂ ਉਹ ਉਨ੍ਹਾਂ ਯੋਗਤਾਵਾਂ ਨਾਲ ਆਪਣਾ ਕਲਿਆਣ ਕਰਨ ਦੀ ਥਾਂ ਨਾਸ ਕਰ ਲੈਂਦਾ ਹੈ। ਆਚਰਨ ਹੀਨ ਵਿਦਵਾਨ ਮਨੁਖ ਪਸੂ ਤੋਂ ਵੀ ਬੁਰਾ ਹੈ। ਜਦ ਮਨੁਖ ਆਪਣੇ ਗਿਆਨ ਅਤੇ ਸਰੀਰਕ ਬਲ ਦੀ ਵਰਤੋਂ ਆਪਣੇ ਸਵਾਰਥਾਂ ਦੀ ਪੂਰਤੀ ਲਈ ਕਰਨ ਲੱਗ ਜਾਂਦਾ ਹੈ ਤਾਂ ਉਹ ਦੂਜਿਆਂ ਦਾ ਕਈ ਤਰ੍ਹਾਂ ਦਾ ਵਿਗਾੜ ਕਰਦਾ ਹੈ। ਜਿਸ ਸਮਾਜ ਵਿਚ ਅਜਿਹੇ ਲੋਕਾਂ ਦੀ ਬਹੁਲਤਾ ਹੁੰਦੀ ਹੈ, ਉਸ ਵਿਚ ਈਰਖਾ, ਦਵੇਖ, ਘਿਰਨਾ ਦੇ ਵਿਚਾਰਾਂ ਦਾ ਘਾਟਾ ਨਹੀਂ ਰਹਿੰਦਾ। ਇਸਦਾ ਸਿੱਟਾ ਇਹ ਹੁੰਦਾ ਹੈ ਕਿ ਸਮਾਜ ਵਿਚ ਕਈ ਤਰ੍ਹਾਂ ਦੇ ਲੜਾਈ ਝਗੜੇ ਬਣੇ ਰਹਿੰਦੇ ਹਨ। ਇਹ ਲੜਾਈ ਝਗੜੇ ਮਨੁਖ ਦੇ ਜੀਵਨ ਨੂੰ ਵਿਕਸਤ ਹੋਣ ਦੀ ਥਾਂ ਨਾਸ ਕਰ ਦਿੰਦੇ ਹਨ। ਮਨੁਖ ਲੜਾਈ ਝਗੜੇ ਦੀ ਹਾਲਤ ਵਿਚ ਆਪਣੀ ਕਮਾਈ ਦਾ ਲਾਭ ਆਪ ਨਹੀਂ ਲੈ ਸਕਦਾ। ਇਹੋ ਕਾਰਨ ਹੈ ਕਿ ਕੋਈ ਪਦਾਰਥ ਵਾਦੀ ਰਾਸ਼ਟਰ ਸੁਖੀ ਨਹੀਂ ਰਹਿ ਸਕਦਾ। ਜਿਸ ਰਾਸ਼ਟਰ ਦੀ ਸਿਖਿਆ ਦਾ ਉਦੇਸ਼ ਇਹ ਹੈ ਕਿ ਬੱਚੇ ਨੂੰ ਇਸ ਤਰ੍ਹਾਂ ਦੀ ਯੋਗਤਾ ਦੇ ਦਿਤੀ ਜਾਵੇ ਜਿਸ ਨਾਲ ਉਹ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰ ਲਵੇ ਜਾਂ ਆਪਣਾ ਅਧਿਕਾਰ ਦੂਜਿਆਂ ਉਤੇ ਚੰਗੀ ਤਰ੍ਹਾਂ ਜਮਾ ਲਵੇ, ਉਹ ਰਾਸ਼ਟਰ ਸਭ ਤਰ੍ਹਾਂ ਦੇ ਸੰਸਾਰਿਕ ਸੁਖ ਹੁੰਦਿਆਂ ਹੋਇਆਂ ਵੀ ਨਾਸ ਹੋਣ ਵਾਲਾ ਹੈ। ਅਧਿਆਤਮਿਕ ਜੀਵਨ ਦੀ ਪਕਿਆਈ ਦੇ ਬਿਨਾਂ ਨਾ ਤੇ ਸੰਸਾਰਿਕ ਸੁਖਾਂ ਦੀ ਚੰਗੀ ਤਰ੍ਹਾਂ ਵਰਤੋਂ ਕੀਤੀ ਜਾ ਸਕਦੀ ਹੈ ਨਾ ਅੰਦਰਲੀ ਸ਼ਾਂਤੀ ਪਰਾਪਤ ਕੀਤੀ ਜਾ ਸਕਦੀ ਹੈ। ਆਚਰਨ ਦੀ ਉਸਾਰੀ ਅਧਿਆਤ-ਮਿਕਤਾ ਪਰਾਪਤ ਕਰਨ ਦੀ ਕੁੰਜੀ ਹੈ।

ਹਰਵਰਟ ਜਿਹੇ ਸਿਖਿਆ ਸ਼ਾਸ਼ਤਰੀਆਂ ਨੇ ਹੀ ਜਰਮਨ ਰਾਸ਼ਟਰ ਦੀ ਕਾਇਆਂ ਬਦਲ ਦਿੱਤੀ। ਜਿਥੇ ਜਰਮਨ ਰਾਸ਼ਟਰ ਅਠਾਰਵੀਂ ਸਦੀ ਵਿਚ ਇਕ ਤੀਜੇ ਦਰਜੇ ਦਾ ਰਾਸ਼ਟਰ ਮੰਨਿਆਂ ਜਾਂਦਾ ਸੀ ਉਥੇ ਇਨ੍ਹਾਂ ਮਹਾਨ ਸਿਖਿਆ ਵੇਤਾਵਾਂ ਦੇ ਯਤਨ ਨਾਲ ਉਹ ਉਨਵੀਂ ਸਦੀ ਵਿਚ ਪਹਿਲੇ ਦਰਜੇ ਦਾ ਰਾਸ਼ਟਰ ਮੰਨਿਆ ਜਾਣ ਲੱਗਾ। ਹਰਵਰਟ ਦੀ

ਸਿਖਿਆ ਨੇ ਜ਼ਰਮਨੀ ਦੇ ਵਿਦਿਵਾਨਾਂ ਉਤੇ ਡੂੰਘਾ ਅਸਰ ਪਾਇਆ ਹੈ। ਇਸ ਦ ਸਿੱਟੇ ਵਜੋਂ ਜਰਮਨੀ ਦੇ ਵਿਦਿਆਲਿਆਂ ਵਿਚ ਸਭ ਤਰ੍ਹਾਂ ਦੇ ਵਿਸ਼ਿਆਂ ਦੀ ਸਿਖਿਆ ਬੜੇ ਉਤਸ਼ਾਹ ਨਾਲ ਦਿੱਤੀ ਜਾਣ ਲੱਗੀ। ਦੇਸ਼ ਦੇ ਸਾਰੇ ਹਿਤੈਸ਼ੀਆਂ ਨੇ ਜਨਤਾ ਨੂੰ ਸਿਖਿਅਤ ਕਰਨਾ ਆਪਣਾ ਪਰਮ ਕਰਤੱਵ ਬਣਾ ਲਿਆ ਅਤੇ ਬੱਚੇ ਧਾਰਮਿਕ ਬੁਧੀ ਤੋਂ ਪਰੇਰਿਤ ਹੋ ਕੇ ਸਭ ਤਰ੍ਹਾਂ ਦੇ ਵਿਸ਼ਿਆਂ ਦੇ ਅਧਿਅਨ ਵਿਚ ਲੱਗ ਗਏ। ਜਰਮਨੀ ਦੇ ਸਮਾਜ-ਸੁਧਾਰਕਾਂ ਨੇ ਇਹ ਸਮਝ ਲਿਆ ਕਿ ਰਾਸ਼ਟਰ ਨੂੰ ਉੱਚਾ ਚੁਕਣ ਦਾ ਕੋਈ ਸਾਧਨ ਹੈ ਤਾਂ ਉਹ ਸਿਖਿਆ ਹੈ। ਸਟਾਈਨ, ਫਾਨ, ਹਮਵੋਲਟ ਅਤੇ ਦੂਜੇ ਰਾਜਨੀਤੀ ਵੇਤਾਵਾਂ ਨੇ ਸਿਖਿਆ ਵਿਗਿਆਨਿਕਾਂ ਦੀ ਰੀਸ ਕੀਤੀ ਅਤੇ ਆਪਣੇ ਦੇਸ਼ ਦੇ ਲੋਕਾਂ ਵਿਚ ਉਹ ਅਸਚਰਜ ਤਬਦੀਲੀਆਂ ਲੈ ਆਂਦੀਆਂ ਜਿਸ ਨਾਲ ਜਰਮਨੀ ਸਭ ਤਰ੍ਹਾਂ ਦੀਆਂ ਵਿਦਿਆਵਾਂ ਵਿਚ ਸੰਸਾਰ ਦਾ ਆਗੂ ਬਣ ਗਿਆ।

ਹਰਵਰਟ ਨੇ ਜਿਹੜੀ ਸਿਖਿਆ ਪਰਨਾਲੀ ਜਰਮਨੀ ਨੂੰ ਦਿੱਤੀ ਉਸ ਦਾ ਪਰਚਾਰ ਹੌਲੀ ਹੌਲੀ ਸੰਸਾਰ ਭਰ ਵਿਚ ਹੋ ਗਿਆ। ਸਿਖਿਆ ਦੇਣ ਵਾਲਿਆਂ ਨੂੰ ਖਾਸ ਤਰ੍ਹਾਂ ਦੀ ਟ੍ਰੇਨਿੰਗ ਦੀ ਲੋੜ ਹੈ—ਇਹ ਗਲ ਹਰਵਰਟ ਨੇ ਹੀ ਸੰਸਾਰ ਨੂੰ ਦੱਸੀ। ਸੰਸਾਰ ਦਾ ਸਭ ਤੋਂ ਪਹਿਲਾ ਟ੍ਰੇਨਿੰਗ ਕਾਲਜ ਹਰਵਰਟ ਦਾ ਬਣਾਇਆ ਹੋਇਆ ਹੈ।

## ਵਿਸ਼ੇਸ਼ ਸ਼ਖਸੀਅਤ ਦੀ ਉਸਾਰੀ

ਇੰਗਲੈਂਡ ਦੇ ਪਰਸਿਧ ਸਿਖਿਆ ਵਿਗਿਆਨਿਕ ਟੀ. ਪੀ. ਨਨ ਦਾ ਕਥਨ ਹੈ ਕਿ ਸਿਖਿਆ ਦੀ ਮਹੱਤਤਾ ਵਿਸ਼ੇਸ਼ ਤਰ੍ਹਾਂ ਦੀ ਸ਼ਖਸ਼ੀਅਤ ਦੀ ਉਸਾਰੀ‡ ਵਿਚ ਹੋਣੀ ਚਾਹੀਦਾ ਹੈ। ਹਰ ਵਿਅਕਤੀ ਵਿਚ ਜਨਮ ਤੋਂ ਹੀ ਵਿਸ਼ੇਸ਼ ਕਿਸਮ ਦੀਆਂ ਯੋਗਤਾਵਾਂ ਹੁੰਦੀਆਂ ਹਨ। ਇਨ੍ਹਾਂ ਯੋਗਤਾਵਾਂ ਨੂੰ ਵਿਕਸਤ ਕਰਨਾ ਅਤੇ ਉਨ੍ਹਾਂ ਨੂੰ ਪੂਰਨਤਾ ਤਕ ਪਹੁੰਚਾਉਣਾ ਸਿਖਿਆ ਦਾ ਕੰਮ ਹੈ। ਕਿਸੇ ਵਿਅਕਤੀ ਵਿਚ ਸੰਗੀਤ ਦੀ ਯੋਗਤਾ ਹੈ ਤੇ ਕਿਸੇ ਵਿਚ ਗਣਿਤ ਦੀ, ਕਿਸੇ ਵਿਚ ਦਸਤਕਾਰੀ ਦੀ ਯੋਗਤਾ ਹੈ ਤੇ ਕਿਸੇ ਵਿਚ ਕਵਿਤਾ ਰਚਨ ਦੀ ਜਾਂ ਵਿਗਿਆਨ ਅਧਿਅਨ ਕਰਨ ਦੀ। ਸਿਖਿਆ ਦੇਣ ਵਾਲੇ ਦਾ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਉਹ ਹਰ ਬੱਚੇ ਦੀ ਯੋਗਤਾ ਅਨੁਸਾਰ ਸਿਖਿਆ ਦੇਵੇ†। ਜਨਮ ਤੋਂ ਗਾਉਣ ਲਈ ਪਰਾਪਤ ਕੀਤੀ ਯੋਗਤਾ ਵਾਲੇ ਵਿਅਕਤੀ ਨੂੰ ਗਣਿਤ ਵਿਚ

---

‡Development of Individuality.

†Educational efforts must, it would seem, be limited to securing for every one the conditions under which individuality is most completely developed--that is, to enabling him to make his original contribution to the varigated whole of life, as free, full and as truly characteristic as his nature permits; the form of contribution being left to the individual as something which each must, in living and by living, forge out for himself"—
T. P. Nunn--Education: Its Data and First Principles P. 6.

ਪਰਬੀਨ ਨਹੀਂ ਬਣਾਇਆ ਜਾ ਸਕਦਾ । ਇਸੇ ਤਰ੍ਹਾਂ ਗਣਿਤ ਵਿਚ ਪਰਬੀਨਤਾ ਰਖਣ ਵਾਲੇ ਨੂੰ ਸੰਗੀਤ ਦੇ ਪੱਲੇ ਪਾਉਣ ਦੀ ਇੱਛਾ ਕਰਨਾ ਉਸ ਦੀ ਸ਼ਕਤੀ ਨੂੰ ਵਿਅਰਥ ਗੁਆਉਣਾ ਹੈ ਬੱਚੇ ਦੀ ਜਿਸ ਵਿਸ਼ੇ ਵਿਚ ਰੁਚੀ ਹੋਵੇ ਉਸ ਨੂੰ ਉਸ਼ ਪਾਸੇ ਹੀ ਵਧਣ ਲਈ ਉਤਸ਼ਾਹ ਦੇਣਾ ਚਾਹੀਦਾ ਹੈ । ਹਰ ਵਿਅਕਤੀ ਸੰਸਾਰ ਦੀ ਕੁਝ ਨਾ ਕੁਝ ਭਲਿਆਈ ਕਰ ਹੀ ਸਕਦਾ ਹੈ। ਸੰਸਾਰ ਵਿਚ ਕਈ ਕਿਸਮ ਦੇ ਕਾਰ ਵਿਹਾਰ ਹੁੰਦੇ ਹਨ ਅਤੇ ਉਨ੍ਹਾਂ ਕਾਰ ਵਿਹਾਰਾਂ ਲਈ ਕਈ ਕਿਸਮ ਦੇ ਲੋਕਾਂ ਦੀ ਲੋੜ ਹੁੰਦੀ ਹੈ । ਵਿਅਕਤੀ ਦੀ ਜਿਸ ਕੰਮ ਵਿਚ ਯੋਗਤਾ ਚੰਗੀ ਹੈ ਉਹ ਆਪਣੀ ਯੋਗਤਾ ਅਨੁਸਾਰ ਸੰਸਾਰ ਵਿਚ ਆਪਣੇ ਆਪ ਕਿਸੇ ਕੰਮ ਨੂੰ ਲੱਭ ਲਵੇਗਾ । ਇਸ ਤਰ੍ਹਾਂ ਦਾ ਜੀਵਨ ਜਿਹੜਾ ਵਿਅਕਤੀ ਬਤੀਤ ਕਰੇਗਾ ਉਹੋ ਜੀਵਨ ਸੁਖੀ ਹੋਵੇਗਾ । ਕਿਸੇ ਵਿਅਕਤੀ ਨੂੰ ਮਜਬੂਰ ਕਰਕੇ ਕਿਸੇ ਕੰਮ ਵਿਚ ਲਾਉਣਾ ਉਸ਼ ਨਾਲ ਅਨਿਆਇ ਕਰਨਾ ਹੈ। ਹਰ ਵਿਅਕਤੀ ਨੂੰ ਇਸ ਤਰ੍ਹਾਂ ਦੀ ਸਿਖਿਆ ਮਿਲਣੀ ਚਾਹੀਦੀ ਹੈ ਜਿਸ ਨਾਲ ਉਹ ਆਪਣੀ ਰੁਚੀ ਅਨੁਸਾਰ ਜੀਵਨ ਦੇ ਕਿਸੇ ਵਿਸ਼ੇਸ਼ ਕੰਮ ਵਿਚ ਲੱਗ ਜਾਵੇ ਅਤੇ ਉਸ ਨੂੰ ਆਪਣੀ ਰੁਚੀ ਦੇ ਉਲਟ ਕਿਸੇ ਕਾਰ ਵਿਹਾਰ ਨੂੰ ਨਾ ਕਰਨਾ ਪਵੇ ।

ਟੀ. ਪੀ. ਨਨ ਹਰਵਰਟ ਦੇ ਸਿਖਿਆ ਸਿਧਾਂਤ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ। ਉਸਦਾ ਕਥਨ ਹੈ ਕਿ ਸਿਖਿਆ ਦਾ ਆਦਰਸ਼ ਆਚਰਨ ਦੀ ਉਸਾਰੀ ਦੱਸਕੇ ਹਰਵਰਟ ਨੇ ਕੋਈ ਨਿਸਚਤ ਸਿਖਿਆ ਦਾ ਪ੍ਰੋਗ੍ਰਾਮ ਨਹੀਂ ਦਸਿਆ । ਆਚਰਨ ਆਪ ਇਕ ਧੁੰਦਲੇ ਅਰਥਾਂ ਵਾਲਾ ਸ਼ਬਦ ਹੈ । ਕਿਹੜੀਆਂ ਗਲਾਂ ਦੇ ਮੇਲ ਨਾਲ ਆਚਰਨ ਦਾ ਸਰੂਪ ਬਣਦਾ ਹੈ ਅਤੇ ਕਿਨ੍ਹਾਂ ਨਾਲ ਨਹੀਂ, ਇਸ ਵਿਸ਼ੇ ਉਤੇ ਸੰਸਾਰ ਦੇ ਨੀਤੀ ਵਿਦਿਆ ਦੇ ਪਰਬੀਨਾਂ ਅਤੇ ਧਰਮ ਸ਼ਾਸ਼ਤਰ ਦੇ ਵਿਦਿਵਾਨਾਂ ਦਾ ਇਕ ਮੱਤ ਨਹੀਂ । ਫਿਰ ਆਚਰਨ ਤਾਂ ਵਖ ਵਖ ਰੁਚੀਆਂ ਵਾਲੇ ਲੋਕਾਂ ਦਾ ਇਕ ਹੀ ਹੋ ਸਕਦਾ ਹੈ । ਇਕ ਗਣਿਤ ਪਰਬੀਨ ਇੰਜੀਨੀਅਰ, ਰਾਜਨੀਤੀ ਵੇਤਾ ਅਤੇ ਦੁਕਾਨਦਾਰ ਸਾਰੇ ਆਚਰਨ ਵਾਲੇ ਹੋ ਸਕਦੇ ਹਨ । ਸਿਖਿਆ ਦਾ ਉਦੇਸ਼ ਆਚਰਨ ਦੀ ਉਸਾਰੀ ਮੰਨਕੇ ਅਸੀਂ ਇਹ ਫੈਸਲਾ ਕਿਵੇਂ ਕਰਾਂਗੇ ਕਿ ਕਿਹੜੇ ਬੱਚੇ ਨੂੰ ਗਣਿਤ ਦੀ ਸਿਖਿਆ ਦਿੱਤੀ ਜਾਵੇ, ਕਿਹੜੇ ਨੂੰ ਇੰਜੀਨੀਅਰ ਦੀ, ਕਿਹੜੇ ਨੂੰ ਰਾਜਨੀਤੀ ਦੀ ਅਤੇ ਕਿਹੜੇ ਨੂੰ ਵਿਪਾਰ ਦੀ । ਹਰ ਵਿਅਕਤੀ ਆਪਣਾ ਕੰਮ ਕਰਕੇ ਹੀ ਪੂਰਨਤਾ ਪਰਾਪਤ ਕਰਦਾ ਹੈ । ਇਹ ਆਪਣਾ ਕੰਮ ਕਿਹੜਾ ਹੈ, ਇਸ ਗਲ ਨੂੰ ਦਸਣਾ ਸਿਖਿਆ ਦੇਣ ਵਾਲੇ ਦਾ ਕੰਮ ਹੈ, ਅਤੇ ਬੱਚੇ ਦੀਆਂ ਸੁਭਾਵਕ ਯੋਗਤਾਵਾਂ ਵਿਚ ਪੂਰਨਤਾ ਪਰਾਪਤ ਕਰਨ ਵਿਚ ਸਹਾਇਤਾ ਦੇਣਾ ਸਿਖਿਆ ਦਾ ਪਰਮ ਉਦੇਸ਼ ਹੋਣਾ ਚਾਹੀਦਾ ਹੈ । ਹਰਵਰਟ ਨੇ ਰੁਚੀ ਦੀ ਵਿਲਖਣਤਾ ਵਲ ਵਿਸ਼ੇਸ਼ ਧਿਆਨ ਨਹੀਂ ਦਿੱਤਾ । ਇਹ ਉਸਦੇ ਸਿਖਿਆ ਸਿਧਾਂਤਾਂ ਵਿਚ ਵਿਸ਼ੇਸ਼ ਘਾਟਾ ਹੈ । ਅਧੁਨਿਕ ਮਨੋਵਿਗਿਆਨ ਦੀਆਂ ਖੋਜਾਂ ਤੋਂ ਪਤਾ ਚਲਦਾ ਹੈ ਕਿ ਵਖ ਵੱਖ ਕਿਸਮ ਦੇ ਬੱਚਿਆਂ ਵਿਚ ਵਖ ਵਖ ਕਿਸਮ ਦੀਆਂ ਯੋਗਤਾਵਾਂ ਜਨਮ ਤੋਂ ਹੀ ਮਿਲੀਆਂ ਹੁੰਦੀਆਂ ਹਨ। ਬੁਧੀ-ਮਾਪ ਦੇ ਤਜਰਬਿਆਂ ਤੋਂ ਪਤਾ ਚਲਿਆ ਹੈ ਕਿ ਬਚਿਆਂ ਵਿਚ ਬੁਧੀ ਦਾ ਫਰਕ ਜਨਮ ਜਾਤ ਤੋਂ ਹੀ ਹੁੰਦਾ ਹੈ । ਕਿਸੇ ਬਾਲਕ ਵਿਚ ਤਿਖੀ ਬੁਧੀ ਹੁੰਦੀ ਹੈ ਅਤੇ ਕਿਸੇ ਵਿਚ ਮੋਟੀ । ਕਿਸੇ ਬੱਚੇ ਵਿਚ ਯੋਗਤਾ ਮਾਨਸਿਕ ਕੰਮ ਕਰਨ ਦੀ ਵਧੇਰੇ ਹੁੰਦੀ ਹੈ ਕਿਸੇ ਵਿਚ ਸਰੀਰਕ। ਇਨ੍ਹਾਂ ਬੁਧੀ ਦੇ ਫਰਕਾਂ ਅਤੇ ਯੋਗਤਾਵਾਂ ਨੂੰ ਧਿਆਨ ਵਿਚ ਨਾ ਰਖਕੇ ਕੋਈ ਸਿਖਿਆ ਕਰਮ ਬਨਾਉਣਾ ਇਕ ਵੱਡੀ ਭੁਲ ਹੈ । ਅਜਿਹਾ ਕਰਨ ਨਾਲ ਨਾ ਤੇ ਕਿਸੇ ਵਿਅਕਤੀ ਦਾ ਜੀਵਨ

ਸੁਖੀ ਹੋ ਸਕਦਾ ਹੈ ਅਤੇ ਨਾ ਸਮਾਜ ਦੀ ਹੀ ਉੱਨਤੀ ਹੋ ਸਕਦੀ ਹੈ ।*

ਟੀ. ਪੀ. ਨਨ ਸਿਖਿਆ ਵਿਚ ਸਮਾਜ-ਵਾਦ ਦੇ ਵਿਰੋਧੀ ਅਤੇ ਵਿਅਕਤੀ-ਵਾਦ ਦੇ ਪੱਖੀ ਹਨ । ਸਮਾਜ-ਵਾਦ ਦੇ ਸਧਾਂਤ ਅਨੁਸਾਰ ਹਰ ਬੱਚੇ ਨੂੰ ਸਿਮਾਜ ਦੀਆਂ ਲੋੜਾਂ ਅਨੁਸਾਰ ਸਿਖਿਆ ਮਿਲਣੀ ਚਾਹੀਦੀ ਹੈ । ਸਮਾਜ ਦੀਆਂ ਲੋੜਾਂ ਵਖ ਵਖ ਸਮੇਂ ਵਖ ਵਖ ਹੁੰਦੀਆਂ ਹਨ । ਬਚਿਆਂ ਦੀ ਸਿਖਿਆ ਰਾਹੀਂ ਸਮਾਜ ਦੀਆਂ ਇਨ੍ਹਾਂ ਲੋੜਾਂ ਦੀ ਪਰਤੀ ਕੀਤੀ ਜਾਣੀ ਚਾਹੀਦੀ ਹੈ । ਹਰ ਵਿਅਕਤੀ ਦਾ ਜੀਵਨ ਸਮਾਜ ਲਈ ਹੈ ਅਤੇ ਜਿਥੋਂ ਤਕ ਵਿਅਕਤੀ ਸਮਾਜ ਦਾ ਭਲਾ ਕਰਦਾ ਹੈ ਉਥੋਂ ਤਕ ਹੀ ਉਸ ਦਾ ਜੀਵਨ ਗੁਣਕਾਰੀ ਹੈ । ਜਿਸ ਵਿਅਕਤੀ ਦੇ ਜੀਵਨ ਤੋਂ ਸਮਾਜ ਨੂੰ ਕੋਈ ਲਾਭ ਨਹੀਂ ਉਸ ਦਾ ਸੰਸਾਰ ਵਿਚ ਜੀਵਨ ਵਿਅਰਥ ਹੈ । ਕਿਸੇ ਵੀ ਵਿਅਕਤੀ ਨੂੰ ਅਜਿਹੀ ਸਿਖਿਆ ਨਹੀਂ ਦੇਣੀ ਚਾਹੀਦੀ ਜਿਸ ਨਾਲ ਉਹ ਸਮਾਜ ਦਾ ਧਿਆਨ ਰਖਣਾ ਛਡ ਦੇਵੇ ਜਾਂ ਜਿਸ ਨਾਲ ਉਹ ਆਪਣੀ ਹੀ ਉੱਨਤੀ ਦੀ ਇੱਛਾ ਰੱਖੇ । ਸਮਾਜ-ਵਾਦ ਅਨੁਸਾਰ ਇਕ ਅਜਿਹੇ ਫਿਲਾਸਫਰ ਦਾ ਜੀਵਨ ਜਿਹੜਾ ਪਰਲੋਕ ਦੇ ਵਿਚਾਰਾਂ ਵਿਚ ਮਗਨ ਰਹਿੰਦਾ ਹੈ, ਵਿਅਰਥ ਹੈ । ਮਨੁਖ ਨੂੰ ਸਦਾ ਸਮਾਜ ਦੇ ਭਲੇ ਵਾਲੇ ਕੰਮਾਂ ਵਿਚ ਲੱਗਿਆ ਰਹਿਣਾ ਚਾਹੀਦਾ ਹੈ ਅਤੇ ਇਸਦੀ ਸਿਖਿਆ ਬੱਚੇ ਨੂੰ ਅਰੰਭ ਤੋਂ ਹੀ ਦੇਣੀ ਚਾਹੀਦੀ ਹੈ । ਨਿਰਾ ਬਚਿਆਂ ਦੀਆਂ ਯੋਗਤਾਵਾਂ ਦਾ ਵਿਕਾਸ ਕਰਨਾ ਹੀ ਸਿਖਿਆ ਦਾ ਉਦੇਸ਼ ਨਹੀਂ ਹੋਣਾ ਚਾਹੀਦਾ । ਬਚਿਆਂ ਵਿਚ ਉਨ੍ਹਾਂ ਯੋਗਤਾਵਾਂ ਦਾ ਵਿਕਾਸ ਕਰਨਾ ਚਾਹੀਦਾ ਹੈ ਜਿਨ੍ਹਾਂ ਦੀ ਲੋੜ ਸਮਾਜ ਨੂੰ ਹੈ ।

ਸਿਖਿਆ ਦੇ ਉਪਰ ਲਿਖੇ ਸਿਧਾਂਤ ਦਾ ਖੰਡਨ ਟੀ. ਪੀ. ਨਨ ਕਰਦਾ ਹੈ । ਨਨ ਨੇ ਹੇਠ ਲਿਖੀਆਂ ਦਲੀਲਾਂ ਸਿਖਿਆ ਵਿਚ ਸਮਾਜਵਾਦ ਦੇ ਖੰਡਨ ਅਤੇ ਵਿਅਕਤੀ-ਵਾਦ ਦੇ ਪੱਖ ਵਿਚ ਦਿਤੀਆਂ ਹਨ :--

ਸੰਸਾਰ ਵਿਚ ਜਿਹੜੀ ਵੀ ਚੰਗੀ ਚੀਜ਼ ਆਉਂਦੀ ਹੈ ਉਹ ਕਿਸੇ ਨਾ ਕਿਸੇ ਵਿਅਕਤੀ ਦੇ ਸੁਤੰਤਰ ਯਤਨਾਂ ਨਾਲ ਆਉਂਦੀ ਹੈ ।† ਜਿਥੋਂ ਤਕ ਵਿਅਕਤੀ ਆਪਣੇ ਕੰਮਾਂ ਵਿਚ ਸੁਤੰਤਰ ਰਹਿੰਦਾ ਹੈ ਉਹ ਸੰਸਾਰ ਦਾ ਅਸਲ ਭਲਾ ਕਰ ਸਕਦਾ ਹੈ । ਇਸ ਦਾ ਭਾਵ ਇਹ ਨਹੀਂ ਕਿ ਮਨੁਖ ਨੂੰ ਸਮਾਜ ਬਾਰੇ ਆਪਣੇ ਕਰਤੱਵਾਂ ਨੂੰ ਜੀਵਨ ਵਿਚ ਘਟੀਆ ਥਾਂ ਦੇਣੀ ਚਾਹੀਦੀ ਹੈ । ਉਪਰ ਕਿਹਾ ਸਿਧਾਂਤ ਮਨੁਖ ਦੇ ਵਿਕਾਸ ਵਿਚ ਸਮਾਜਿਕ ਚਲਤ ਰਿਵਾਜਾਂ ਅਤੇ ਧਰਮ ਨੂੰ ਮਹੱਤਾ ਵਾਲਾ ਥਾਂ ਦਿੰਦਾ ਹੈ । ਅਸਲ ਵਿਚ ਮਨੁਖ ਦੀ

---

* "In short the claims of society upon its members are best satisfied, not when each is made as like his fellows as possible, but when, he values himself as the inheritor of the gifts and surroundings that are focussed in him and which it is his business to raise to their highest power"—Nunn. Education: Its Data and First Principles—P. 8.

† "Nothing good enters into the human world except in and through the free activities of individual men and women"

—Education : Its Data and First Principles—P. 5.

ਸ਼ਖਸ਼ੀਅਤ ਦਾ ਵਿਕਾਸ ਸਮਾਜ ਦੀ ਸਹਾਇਤਾ ਬਿਨਾਂ ਸੰਭਵ ਹੀ ਨਹੀਂ ਹੈ । ਮਨੁ ਸਮਾਜ ਬਾਰੇ ਆਪਣੀਆਂ ਜ਼ਿਮੇਵਾਰੀਆਂ ਨੂੰ ਚੁਕ ਕੇ ਹੀ ਵਿਕਸਤ ਜੀਵਨ ਪਰਾਪਤ ਕਰ ਹੈ। ਉਸ ਦੇ ਜੀਵਨ ਦੇ ਆਦਰਸ਼ ਅਤੇ ਜੀਵਨ ਦੇ ਕਾਰ ਵਿਹਾਰਾਂ ਲਈ ਵਿਉਤਬ ਦੂਸਰਿਆਂ ਕੋਲੋਂ ਹੀ ਮਿਲਦਾ ਹੈ । ਇੱਨਾ ਹੁੰਦਿਆਂ ਵੀ ਇਹ ਗੱਲ ਸੱਚ ਹੈ ਕਿ ਹ ਮਨੁਖ ਦੇ ਜੀਵਨ ਦਾ ਵਿਸ਼ੇਸ਼ ਮੁੱਲ ਹੈ । ਉਸਦਾ ਜੀਵਨ ਦੂਜਿਆਂ ਦੇ ਜੀਵਨ ਨਾਲੋ ਵਿਲੱਖਣ ਹੈ ਅਤੇ ਉਸ ਦੇ ਜੀਵਨ ਦੇ ਆਦਰਸ਼ ਉਸ ਦੇ ਆਪਣੇ ਆਦਰਸ਼ ਹਨ । ਜਿਸ ਸਮਾਜ ਵਿਚ ਵਿਅਕਤੀ ਦੇ ਇਨ੍ਹਾਂ ਆਦਰਸ਼ਾਂ ਦੀ ਪੂਰਤੀ ਲਈ ਲੋੜੀਂਦਾ ਵਾਤਾਵਰਨ, ਸਿਖਿਆ ਅਤੇ ਉਤਸ਼ਾਹ ਨਹੀਂ ਮਿਲਦਾ, ਉਹ ਸਮਾਜ ਵਿਅਕਤੀ ਦੀ ਵਿਸ਼ੇਸ਼ ਕਿਸਮ ਦੀ ਭਲਿਆਈ ਕਰਨ ਦੀ ਯੋਗਤਾ ਤੋਂ ਵਾਂਜਿਆ ਰਹਿੰਦਾ ਹੈ।

ਸਮਾਜ ਨੂੰ ਹਰ ਵਿਅਕਤੀ ਤੋਂ ਸੇਵਾ ਲੈਣ ਦਾ ਅਧਿਕਾਰ ਹੈ । ਇਕ ਤਰ੍ਹਾਂ ਵੇਖਿਆ ਜਾਵੇ ਤਾਂ ਵਿਅਕਤੀ ਦਾ ਜੀਵਨ ਸਮਾਜ ਦਾ ਦਿਤਾ ਹੋਇਆ ਹੈ । ਜਦ ਅਸੀਂ ਸੰਸਾਰ ਵਿਚ ਆਉਂਦੇ ਹਾਂ ਤਾਂ ਸਾਡਾ ਮਨ ਨੰਗਾ ਹੁੰਦਾ ਹੈ ਜਿਵੇਂ ਕਿ ਸਾਡਾ ਸਰੀਰ। ਜਿਸ ਤਰ੍ਹਾਂ ਸਮਾਜ ਸਾਡੇ ਸਰੀਰ ਨੂੰ ਰੋਕਦਾ ਤੇ ਉਸ ਦੀ ਪਾਲਣਾ ਕਰਦਾ ਹੈ, ਉਸੇ ਤਰ੍ਹਾਂ ਸਾਡੇ ਮਨ ਵਿਚ ਅਨੇਕ ਤਰ੍ਹਾਂ ਦੇ ਸੰਸਕਾਰ ਸਮਾਜ ਵਿਚੋਂ ਹੀ ਪੈਂਦੇ ਹਨ ਅਤੇ ਇਸ ਵਿਚ ਸਭ ਤਰ੍ਹਾਂ ਦੀਆਂ ਯੋਗਤਾਵਾਂ ਦਾ ਵਾਧਾ ਸਮਾਜ ਰਾਹੀਂ ਹੀ ਹੁੰਦਾ ਹੈ । ਇਸ ਲਈ ਸਮਾਜ ਦੇ ਉਪਕਾਰ ਦਾ ਬਦਲਾ ਲਾਹੁਣਾ ਹਰ ਇਕ ਵਿਅਕਤੀ ਦਾ ਕਰਤੱਵ ਹੈ । ਪਰ ਇਸ ਦਾ ਇਹ ਅਰਥ ਨਹੀਂ ਸਮਝ ਲੈਣਾ ਚਾਹੀਦਾ ਕਿ ਸਮਾਜ ਨੂੰ ਅਧਿਕਾਰ ਹੈ ਕਿ ਉਹ ਜਿਸ ਵਿਅਕਤੀ ਨੂੰ ਜਿਸ ਕੰਮ ਵਿਚ ਲਾਉਣਾ ਚਾਹੇ, ਲਾਵੇ । ਔਕੜ ਸਮੇਂ ਇਸ ਤਰ੍ਹਾਂ ਦਾ ਪਰਬੰਧ ਬੇਲੋੜਾ ਨਹੀਂ; ਪਰ ਸਧਾਰਨ ਸਮੇਂ ਵਿਚ ਇਸ ਤਰ੍ਹਾਂ ਦਾ ਪਰਬੰਧ ਹੋ ਜਾਣਾ ਵਿਅਕਤੀ ਨਾਲ ਅਨਿਆਇ ਕਰਨਾ ਹੈ । ਸਮਾਜ ਦੀ ਸਭ ਤੋਂ ਅੱਛੀ ਸੇਵਾ ਤਾਂ ਹੀ ਵਿਅਕਤੀ ਕਰ ਸਕਦਾ ਹੈ ਜੇ ਉਸ ਦੀਆਂ ਵਿਸ਼ੇਸ਼ ਯੋਗਤਾਵਾਂ ਦਾ ਚੰਗੀ ਤਰ੍ਹਾਂ ਵਿਕਾਸ ਹੋਵੇ ਅਤੇ ਉਨ੍ਹਾਂ ਯੋਗਤਾਵਾਂ ਨਾਲ ਉਹ ਸਮਾਜ ਦੀ ਸੇਵਾ ਕਰੇ ।

ਮਨੁਖ ਦੇ ਜੀਵਨ ਦਾ ਆਦਰਸ਼ ਹੀ ਸੁਤੰਤਰਤਾ ਪਰਾਪਤ ਕਰਨਾ ਹੈ। ਸੁਤੰਤਰਤਾ ਤੋਂ ਬਿਨਾਂ 'ਭਲਾ' 'ਬੁਰਾ' ਅਖਲਾਕ ਦੀਆਂ ਨਜ਼ਰਾਂ ਵਿਚ ਕੋਈ ਅਰਥ ਨਹੀਂ ਰਖਦੇ । ਪਰ-ਅਧੀਨ ਮਨੁਖ ਦਾ ਕੋਈ ਅਖਲਾਕੀ ਜੀਵਨ ਨਹੀਂ । ਜਿਸ ਮਨੁਖ ਨੇ ਆਪਣੀ ਸੁਤੰਤਰਤਾ ਗੁਆ ਲਈ ਉਸ ਨੇ ਸਭ ਕੁਝ ਗੁਆ ਲਿਆ । ਸੁਤੰਤਰ ਮਨੁਖ ਹੀ ਆਪਣੇ ਜੀਵਨ ਨੂੰ ਭਲਾ ਜਾਂ ਬੁਰਾ ਬਣਾ ਸਕਦਾ ਹੈ । ਅਜੇਹੇ ਹੀ ਮਨੁਖ ਨੂੰ ਚੰਗੇ ਜਾਂ ਬੁਰੇ ਗੁਣਾਂ ਵਾਲਾ ਕਿਹਾ ਜਾ ਸਕਦਾ ਹੈ । ਪਰ-ਅਧੀਨ ਹੋਕੇ ਜਿਹੜਾ ਮਨੁਖ ਭਲੇ ਕੰਮ ਵੀ ਕਰਦਾ ਹੈ ਉਸ ਨਾਲ ਉਸ ਦੀ ਕੋਈ ਅਧਿਆਤਮਿਕ ਉਨਤੀ ਨਹੀਂ ਹੁੰਦੀ । ਆਚਰਨ ਦੀ ਉਸਾਰੀ ਜਾਂ ਅਧਿਆਤਮਿਕ ਉੱਨਤੀ ਲਈ ਸੁਤੰਤਰਤਾ ਬੜੀ ਜ਼ਰੂਰੀ ਹੈ।

ਸਮਾਜ ਨੂੰ ਚਾਹੀਦਾ ਹੈ ਕਿ ਉਹ ਵਿਅਕਤੀ ਦੇ ਅਧਿਆਤਮਿਕ ਜੀਵਨ ਦੀ ਇਸ ਲੋੜ ਉਤੇ ਸੱਟ ਨਾ ਮਾਰੇ। ਜਿੱਨੇ ਕਿਸੇ ਸਮਾਜ ਦੇ ਵਿਅਕਤੀ ਸੁਤੰਤਰ ਹਨ ਸਾਨੂੰ ਉਸ ਨੂੰ ਉੱਨਾ ਹੀ ਵਿਕਸਤ ਮੰਨਣਾ ਪਵੇਗਾ । ਅਜਿਹੇ ਹੀ ਸਮਾਜ ਵਿਚ ਅਸਲ ਸੁੱਚੇ ਆਚਰਨ ਵਾਲੇ ਵਿਅਕਤੀ ਹੋ ਸਕਦੇ ਹਨ। ਜਦ ਵਿਅਕਤੀ ਸੁੱਚੇ ਆਚਰਨ ਦਾ ਹੁੰਦਾ ਹੈ ਤਾਂ ਉਹ ਸੁਭਾਵਕ ਹੀ ਆਪਣੇ ਕੰਮਾਂ ਨਾਲ ਸਮਾਜ ਦਾ ਭਲਾ ਕਰਦਾ ਹੈ । ਉਸ ਦਾ ਹਰ

ਕੰਮ, ਭਾਵੇਂ ਉਹ ਸਮਾਜ ਦੀ ਭਲਿਆਈ ਦੇ ਨਿਸ਼ਾਨੇ ਨੂੰ ਅੱਗੇ ਰਖ ਕੇ ਕੀਤਾ ਹੋਵੇ ਭਾਵੇਂ ਨਾ, ਸਮਾਜ ਦਾ ਕਲਿਆਣ ਕਰਦਾ ਹੈ। ਇਕ ਕਵੀ ਵਲ ਧਿਆਨ ਕਰੋ। ਕਵੀ ਜਿਸ ਵੇਲੇ ਕਵਿਤਾ ਲਿਖਦਾ ਹੈ, ਸਮਾਜ ਦੀ ਭਲਿਆਈ ਦਾ ਧਿਆਨ ਉਸ ਦੇ ਮਨ ਵਿਚ ਨਹੀਂ ਹੁੰਦਾ। ਕਵਿਤਾ ਲਿਖਣ ਦਾ ਕਾਰਨ ਨਿੱਜੀ ਸ਼ਾਂਤੀ ਪਰਾਪਤ ਕਰਨਾ ਹੁੰਦਾ ਹੈ, ਪਰ ਉਹ ਕਵਿਤਾ ਸਮਾਜ ਦੇ ਕਈ ਵਿਅਕਤੀਆਂ ਦੇ ਮਨ ਵਿਚ ਸ਼ਾਂਤੀ ਪਹੁੰਚਾਉਂਦੀ ਹੈ ਅਤੇ ਇਸ ਤਰ੍ਹਾਂ ਸਮਾਜ ਦਾ ਭਲਾ ਕਰਦੀ ਹੈ। ਜੇ ਕਵੀ ਨੂੰ ਕਿਹਾ ਜਾਵੇ ਕਿ ਸਮਾਜ ਦੇ ਭਲੇ ਲਈ ਫਲਾਣੀ ਕਿਸਮ ਦੀ ਕਵਿਤਾ ਲਿਖੇ ਤਾਂ ਕੀ ਉਹ ਸੱਚੀ ਕਵਿਤਾ ਲਿਖਣ ਵਿਚ ਸਮਰੱਥ ਹੋਵੇਗਾ। ਇਥੇ ਐਮਰਸਨ ਦਾ ਇਹ ਕਥਨ ਲਿਖਣ ਯੋਗ ਹੈ ਕਿ ਜਿਹੜਾ ਮਨੁਖ ਆਪਣੇ ਆਪ ਲਈ ਹੀ ਕੁਝ ਲਿਖਦਾ ਹੈ ਉਹ ਅਨੰਤਕਾਲ ਦੀ ਜਨਤਾ ਲਈ ਲਿਖਦਾ ਹੈ*।

ਸਿਖਿਆ ਵਿਚ ਵੀ ਇਹ ਸੁਤੰਤਰਤਾ ਦਾ ਆਦਰਸ਼ ਚਲਦਾ ਰਹਿਣਾ ਚਾਹੀਦਾ ਹੈ। ਜਿਸ ਪਾਸੇ ਬੱਚੇ ਦੀਆਂ ਬਿਰਤੀਆਂ ਲੈ ਜਾਣ ਉਸੇ ਪਾਸੇ ਉਸ ਨੂੰ ਜਾਣ ਦੇਣਾ ਚਾਹੀਦਾ ਹੈ। ਸੁਤੰਤਰ ਵਾਤਾਵਰਣ ਤੋਂ ਬਿਨਾਂ ਬੱਚੇ ਦੀ ਸ਼ਖਸੀਅਤ ਦਾ ਪੂਰਨ ਵਿਕਾਸ ਹੋਣਾ ਸੰਭਵ ਨਹੀਂ। ਉਸ ਦੀ ਕੁਦਰਤ ਤੋਂ ਪਾਈ ਪ੍ਰਤਿਭਾ ਤਾਂ ਹੀ ਚਮਤਕਾਰ ਵਿਖਾ ਸਕਦੀ ਹੈ ਜੇ ਉਸ ਨੂੰ ਆਪਣੀ ਰੁਚੀ ਅਨੁਸਾਰ ਅਨੇਕ ਵਿਸ਼ਿਆਂ ਨੂੰ ਪੜ੍ਹਨ ਦੀ ਖੁਲ੍ਹ ਹੋਵੇ, ਉਸ ਨੂੰ ਆਪਣੇ ਭਾਵ ਸਪਸ਼ਟ ਕਰਨ ਵਿਚ ਰੋਕ ਨਾ ਪਵੇ ਅਤੇ ਸਕੂਲ ਦਾ ਜ਼ਬਤ ਇੱਨਾ ਕਰੜਾ ਨਾ ਹੋਵੇ ਕਿ ਬੱਚਾ ਉਸ ਕਰਕੇ ਸੁਤੰਤਰਤਾ ਨਾਲ ਕੰਮ ਨਾ ਕਰ ਸਕੇ।

ਉਪਰ ਦਸਿਆ ਸਿਖਿਆ ਦਾ ਸਿਧਾਂਤ ਬਚਿਆਂ ਨੂੰ ਅਜ਼ਾਦੀ ਦੇਣ ਵਾਲਾ ਨਹੀਂ ਹੈ। ਬਚਿਆਂ ਨੂੰ ਉੱਨੀ ਹੀ ਸੁਤੰਤਰਤਾ ਦਿਤੀ ਜਾ ਸਕਦੀ ਹੈ ਜਿਸ ਦੀ ਉਹ ਭਲੀ ਵਰਤੋਂ ਕਰ ਸਕਣ। ਕਿਸੇ ਵੀ ਬੱਚੇ ਨੂੰ ਆਪਣੀ ਸਿਖਿਆ ਲਈ ਜ਼ਿਮੇਵਾਰ ਨਹੀਂ ਬਣਾਇਆ ਜਾ ਸਕਦਾ। ਬੱਚੇ ਦੀ ਸਿਖਿਆ ਦੀ ਜ਼ਿਮੇਵਾਰੀ ਸਿਖਿਆ ਦੇਣ ਵਾਲੇ ਨੂੰ ਬੱਚੇ ਨੂੰ ਬਾਰ ਬਾਰ ਦਸਣਾ ਪਵੇਗਾ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ। ਉਸ ਨੂੰ ਕੁਰਾਹੇ ਜਾਣ ਤੋਂ ਵੀ ਸਿਖਿਆ ਦੇਣ ਵਾਲੇ ਨੂੰ ਬਚਾਉਣਾ ਪਵੇਗਾ। ਬੱਚੇ ਨੂੰ ਸੰਸਾਰ ਦਾ ਗਿਆਨ ਮਿਣਵਾਂ ਜਿਹਾ ਹੀ ਰਹਿੰਦਾ ਹੈ। ਇਸ ਲਈ ਉਹ ਆਪਣੀ ਕਰਣੀ ਦੇ ਕੁਦਰਤੀ ਸਿਟਿਆਂ ਨੂੰ ਸਮਝਣ ਤੋਂ ਅਸਮਰਥ ਵੀ ਹੁੰਦਾ ਹੈ। ਸਿਖਿਆ ਦੇਣ ਵਾਲੇ ਨੂੰ ਚਾਹੀਦਾ ਹੈ ਕਿ ਜਦ ਬੱਚਾ ਕਿਸੇ ਅਜਿਹੇ ਰਾਹ ਪੈ ਜਾਵੇ ਜਿਸ ਨਾਲ ਉਸ ਦੀ ਆਪਣੀ ਹਾਨੀ ਹੋਣ ਦਾ ਡਰ ਹੈ ਤਾਂ ਉਹ ਉਸ ਨੂੰ ਉਸ ਰਾਹ ਤੋਂ ਰੋਕੇ। ਪਰ ਇਸ ਦਾ ਭਾਵ ਇਹ ਵੀ ਨਹੀਂ ਕਿ ਬੱਚੇ ਦਾ ਜੀਵਨ ਕਈ ਤਰ੍ਹਾਂ ਦੀਆਂ ਰਸਮਾਂ ਰੋਕਾਂ ਨਾਲ ਭਰ ਦਿਤਾ ਜਾਵੇ। ਬੱਚੇ ਨੂੰ ਇਕ ਘੇਰੇ ਅੰਦਰ ਤਜਰਬੇ ਕਰਨ ਅਤੇ ਸਚਿਆਈ ਨੂੰ ਨਿੱਜੀ ਤਜਰਬੇ ਰਾਹੀਂ ਜਾਨਣ ਦਾ ਅਵਸਰ ਵੀ ਦੇਣਾ ਚਾਹੀਦਾ ਹੈ। ਦੂਜੇ, ਸਿਖਿਆ ਦੇਣ ਵਾਲੇ ਨੂੰ ਇਹ ਵੀ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਕਿਸੇ ਵਿਸ਼ੇਸ਼ ਬਾਲਕ ਲਈ ਜੋ ਕੁਝ ਲਾਭਕਾਰੀ ਹੈ ਉਹ ਪੂਰਨ ਤੌਰ ਤੇ ਜਾਣਦਾ ਹੈ। ਜਦੋਂ ਤਕ ਬੱਚੇ ਦਾ ਕਿਸੇ ਤਰ੍ਹਾਂ ਦਾ ਸ੍ਵੈਪਰਗਟਾਵਾ ਸਮਾਜਿਕ ਭਲੇ ਦਾ ਵਿਰੋਧੀ ਨਾ ਹੋਵੇ, ਉਸ ਨੂੰ ਇਸ ਤਰ੍ਹਾਂ ਦੇ ਸ੍ਵੈ-ਪਰਗਟਾਵੇ ਦਾ ਅਵਸਰ ਦੇਣਾ ਚਾਹੀਦਾ ਹੈ। ਕੀ ਅਸੀਂ ਸੰਸਾਰ ਦੇ

---

* He who writes to himself writes to an eternal public.

ਇਤਿਹਾਸ ਵਿਚ ਨਹੀਂ ਵੇਖਦੇ ਕਿ ਜਿਸ ਗਲ ਨੂੰ ਸਮਾਜ ਦੇ ਸਧਾਰਨ ਲੋਕ ਸਮਾਜ ਲਈ ਭੈੜਾ ਸਮਝਦੇ ਸਨ ਉਹੋ ਸਮਾਜ ਦੇ ਲਾਭ ਦੀ ਸਿਧ ਹੋਈ। ਜਦੋਂ ਕੋਈ ਨਵਾਂ ਪ੍ਰਤਿਭਾ ਵਾਲਾ ਕਵੀ ਆਪਣੀ ਕਵਿਤਾ ਕਿਸੇ ਨਵੇਂ ਢੰਗ ਨਾਲ ਗੁੰਦਦਾ ਹੈ ਅਤੇ ਜਦ ਉਹ ਸੰਸਾਰ ਦੇ ਸਾਹਮਣੇ ਆਉਂਦੀ ਹੈ ਤਾਂ ਉਸ ਦਾ ਵਿਰੋਧ ਹਰ ਪਿਛਾਂਹ ਖਿੱਚੂ ਸਾਹਿੱਤਕਾਰ ਕਰਦਾ ਹੈ, ਪਰ ਵੇਖਿਆ ਜਾਂਦਾ ਹੈ ਕਿ ਕੁਝ ਸਮੇਂ ਪਿਛੋਂ ਉਹੋ ਕਵਿਤਾ ਮਨੁਖਾਂ ਦੇ ਮਨ ਮੱਲ ਲੈਂਦੀ ਹੈ, ਅਤੇ ਜਿਸ ਕਵਿਤਾ ਨੂੰ ਕਦੇ ਸਾਹਿੱਤ ਦੇ ਪੰਡਿਤ ਬੇ ਲੋੜੀ ਸਿੱਧ ਕਰਦੇ ਸਨ ਉਹੋ ਕਵਿਤਾ ਸੰਸਾਰ ਦਾ ਸਭ ਤੋਂ ਵਧ ਭਲਾ ਕਰਦੀ ਹੈ। ਜਿਸ ਤਰ੍ਹਾਂ ਸਾਹਿੱਤ ਦੇ ਅਲੋਚਕ ਨਵੀਂ ਕਵਿਤਾ ਦੇ ਗੁਣਾਂ ਦੋਸ਼ਾਂ ਨੂੰ ਪੂਰਨ ਤੌਰ ਤੇ ਜਾਨਣ ਤੋਂ ਅਸਮਰਥ ਹੁੰਦੇ ਹਨ, ਇਸੇ ਤਰ੍ਹਾਂ ਸਿਖਿਆ ਦੇਣ ਵਾਲਾ ਵੀ ਬੱਚਿਆਂ ਨੇ ਨਵੀਂ ਤਰ੍ਹਾਂ ਨਾਲ ਆਪਣੀ ਸ਼ਖਸੀਅਤ ਦੇ ਪਰਗਟਾਵੇ ਦੇ ਚੰਗੇ ਬੁਰੇ ਹੋਣ ਨੂੰ ਪੂਰੀ ਤਰ੍ਹਾਂ ਜਾਨਣ ਦੇ ਸਮਰਥ ਨਹੀਂ। ਸਾਹਿੱਤ ਅਲੋਚਕ ਅਤੇ ਸਿਖਿਆ ਦੇਣ ਵਾਲਾ ਦੋਵੇਂ ਸਧਾਰਨ ਤੌਰ ਤੇ ਪਿਛਾਂਹ ਖਿੱਚੂ ਹੁੰਦੇ ਹਨ, ਜੇ ਉਨ੍ਹਾਂ ਦੇ ਪਿਛਾਂਹ ਖਿਚੂ ਪੁਣੇ ਨੂੰ ਮਨ ਮਰਜ਼ੀ ਕਰਨ ਦਿਤੀ ਜਾਵੇ ਤਾਂ ਨਾ ਕਿਸੇ ਨਵੀਂ ਤਰ੍ਹਾਂ ਦੇ ਸਾਹਿੱਤ ਨੂੰ ਬਨਾਉਣ ਵਾਲਾ ਹੋਵੇਗਾ ਅਤੇ ਨਾ ਕੋਈ ਪ੍ਰਤਿਭਾ ਵਾਲਾ ਬੱਚਾ ਆਪਣੀ ਪਤਿਭਾ ਦਾ ਸੰਸਾਰ ਅੱਗੇ ਵਿਖਾਵਾ ਕਰ ਸਕੇਗਾ। ਅਲੋਚਕ ਅਤੇ ਸਿਖਿਆ ਦੇਣ ਵਾਲੇ ਦੋਨਾਂ ਨੂੰ ਹੀ ਸਹਿਰਦ ਹੋਣਾ ਜ਼ਰੂਰੀ ਹੈ, ਉਨ੍ਹਾਂ ਨੂੰ ਸਦਾ ਦੂਸਰਿਆਂ ਦੀਆਂ ਵਿਸ਼ੇਸ਼ਤਾਵਾਂ ਵਿਚ ਸੌਂਦਰਯ ਵੇਖਣ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਜਦ ਉਹ ਵਿਸ਼ੇਸ਼ਤਾਵਾਂ ਸਮਾਜ ਦਾ ਬੁਰਾ ਕਰਨ ਵਾਲੀਆਂ ਨਾ ਹੋਣ, ਉਨ੍ਹਾਂ ਨੂੰ ਵਧਣ ਫੁਲਣ ਲਈ ਉਤਸ਼ਾਹ ਦੇਣਾ ਚਾਹੀਦਾ ਹੈ।*

ਹੁਣ ਸਿਖਿਆ ਵਿਚ ਸੁਤੰਤਰਤਾ ਦੇ ਸਿਧਾਂਤ ਦੇ ਵਿਰੋਧ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਨਾਲ ਸਕੂਲਾਂ ਵਿਚ ਕੋਈ ਜ਼ਬਤ ਹੀ ਨਹੀਂ ਰਹੇਗਾ, ਦੂਜੇ ਹਰ ਬਾਲਕ ਲਈ ਉਸਦੀ ਰੁਚੀ ਅਨੁਸਾਰ ਨਵਾਂ ਸਿਖਿਆ ਕਰਮ ਬਨਾਉਣਾ ਪਵੇਗਾ। ਇਸਦਾ ਸਿੱਟਾ ਇਹ ਹੋਵੇਗਾ ਕਿ ਸੰਸਾਰ ਵਿਚ ਕੋਈ ਸਕੂਲ ਹੀ ਨਹੀਂ ਰਹੇਗਾ। ਜ਼ਬਤ ਦੀ ਅਣਹੋਂਦ ਕਰਕੇ ਬਚਿਆਂ ਵਿਚ ਖੋਟੀਆਂ ਆਦਤਾਂ ਦਾ ਵਧ ਜਾਣਾ ਸੁਭਾਵਕ ਹੈ। ਜਦੋਂ ਬੱਚੇ ਨੂੰ ਸਿਖਿਆ ਦੇਣ ਵਾਲੇ ਦਾ ਡਰ ਹੀ ਨਾ ਰਿਹਾ ਤਾਂ ਉਹ ਆਪਣੇ ਸਾਥੀਆਂ ਨਾਲ ਮਨਮਾਨਾ ਵਰਤਾਰਾ ਕਰਨਗੇ ਜਾਂ ਆਪਣਾ ਸਮਾਂ ਆਲਸ ਵਿਚ ਬਤੀਤ ਕਰ ਦੇਣਗੇ।

ਇਸ ਤਰ੍ਹਾਂ ਦੀ ਸ਼ੰਕਾ ਨਿਰਮੂਲ ਹੈ। ਸ਼ਖਸੀਅਤ-ਵਿਕਾਸ ਦਾ ਸਿਧਾਂਤ ਸਿਖਿਆਂ ਦੇਣ ਵਾਲਿਆਂ ਨੂੰ ਆਪਣੀਆਂ ਜ਼ਿਮੇਵਾਰੀਆਂ ਤੋਂ ਹਟ ਜਾਣ ਲਈ ਨਹੀਂ ਆਖਦਾ। ਬਚਿਆਂ ਦੇ ਆਚਰਨ ਦੀ ਉਸਾਰੀ ਸੁਤੰਤਰ ਜੀਵਨ ਦੀ ਪਕਾਈ ਹੀ ਹੈ। ਸਿਖਿਆ ਦਾ ਨਿਸ਼ਾਨਾ ਬਚਿਆਂ ਨੂੰ ਸੁਤੰਤਰ

---

* 'We may go further and say that the prudent teacher will take care not to multiply his prohibitions beyond necessity. Few things are more difficult than to foresee whether a new type of individuality, a new mode of expression in thought or action, will ultimately add to or depart from the real riches of the world. It is fatally easy to condemn as contrary to beauty, truth, or goodness what merely runs counter to our conservative prejudices"—Nunn. Education: P. 7.

ਬਨਾਉਣਾ ਹੋਣਾ ਚਾਹੀਦਾ ਹੈ. ਪਰ ਜਦੋਂ ਤਕ ਬੱਚਾ ਅਖਲਾਕ ਵਿਚ ਆਪਣੇ ਪੈਰਾਂ ਤੇ ਖੜੇ ਹੋਣ ਦੀ ਯੋਗਤਾ ਨਹੀਂ ਪਰਾਪਤ ਕਰ ਲੈਂਦਾ ਤਦ ਤਕ ਸਿਖਿਆ ਦੇਣ ਵਾਲੇ ਨੂੰ ਉਸ ਦੀ ਸਹਾਇਤਾ ਕਰਨੀ ਪਵੇਗੀ। ਬਚਿਆਂ ਨੂੰ ਨਿਰਦਈ ਕੰਮਾਂ ਤੋਂ ਰੋਕਣਾ, ਆਲਸ ਅਤੇ ਭਰਮ ਤੋਂ ਬਚਾਉਣਾ, ਇਹ ਸਿਖਿਆ ਦੇਣ ਵਾਲੇ ਦਾ ਵੱਡਾ ਕਰਤੱਵ ਹੈ। ਪਰ ਜ਼ਬਤ ਨੂੰ ਉਥੇ ਨਾ ਲਿਆਂਦਾ ਜਾਵੇ ਜਿੱਥੇ ਉਹਦੀ ਲੋੜ ਹੀ ਨਾ ਹੋਵੇ। ਸਮਾਜ ਵਿਚ ਕਿਵੇਂ ਰਹਿਣਾ ਹੈ ਇਹ ਸਮਝਣ ਦਾ ਅਵਸਰ ਸਿਖਿਆ ਦੇਣ ਵਾਲੇ ਨੂੰ ਬਚਿਆਂ ਨੂੰ ਦੇਣਾ ਚਾਹੀਦਾ ਹੈ। ਜਿਹੜੇ ਬੱਚੇ ਕਰੜੇ ਜ਼ਬਤ ਵਿਚ ਰਹਿੰਦੇ ਹਨ, ਉਹ ਉਸ ਜ਼ਬਤ ਦੇ ਨਾ ਹੋਣ ਉਤੇ ਪਸ਼ੂਆਂ ਵਾਲੇ ਆਚਰਨ ਦਾ ਵਿਖਾਲਾ ਕਰਦੇ ਹਨ। ਕਰੜਾ ਜ਼ਬਤ ਬੱਚਿਆਂ ਵਿਚ ਆਪਣੇ ਆਪ ਨੂੰ ਸੰਭਲਣ ਦੀ ਯੋਗਤਾ ਆਉਣ ਵਿਚ ਰੋਕ ਬਣਦਾ ਹੈ, ਉਨ੍ਹਾਂ ਵਿਚ ਸ੍ਵੈ-ਵਿਸ਼ਵਾਸ਼ ਘਟਾ ਦਿੰਦਾ ਹੈ। ਇਸ ਤਰ੍ਹਾਂ ਦਾ ਵਿਅਕਤੀ ਜਦ ਸੰਸਾਰ ਵਿਚ ਦਾਖਲ ਹੁੰਦਾ ਹੈ ਤਾਂ ਉਹ ਨਦੀ ਵਿਚ ਮਲਾਹ ਬਿਨਾਂ ਕਿਸ਼ਤੀ ਵਾਂਗ ਇਧਰ ਉਧਰ ਭਟਕਦਾ ਹੈ।

ਬੱਚੇ ਦੀ ਸ਼ਖਸੀਅਤ ਦੇ ਵਿਕਾਸ ਲਈ ਇਹ ਵੀ ਜ਼ਰੂਰੀ ਨਹੀਂ ਕਿ ਹਰ ਬੱਚੇ ਲਈ ਇਕ ਨਵਾਂ ਸਿਖਿਆ ਕਰਮ ਬਣਾਇਆ ਜਾਵੇ। ਸਕੂਲਾਂ ਵਿਚ ਪੜ੍ਹਾਏ ਜਾਣ ਵਾਲੇ ਸਧਾਰਨ ਵਿਸ਼ੇ ਹੀ ਸ਼ਖਸੀਅਤ ਦੇ ਵਿਕਾਸ ਲਈ ਕਾਫੀ ਹਨ। ਪਰ ਇਨ੍ਹਾਂ ਵਿਸ਼ਿਆਂ ਦੀ ਗਿਣਤੀ ਜਿੰਨੀ ਵਧੇਰੇ ਹੋ ਸਕੇ, ਹੋਣੀ ਚਾਹੀਦੀ ਹੈ ਅਤੇ ਬੱਚਾ ਜਿਸ ਵਿਸ਼ੇ ਵਿੱਚ ਰੁਚੀ ਵਿਖਾਵੇ ਉਸੇ ਵਿਸ਼ੇ ਵਿੱਚ ਉਸ ਨੂੰ ਵਿਸ਼ੇਸ਼ ਯੋਗਤਾ ਪਰਾਪਤ ਕਰਨ ਦਾ ਅਵਸਰ ਦੇਣਾ ਚਾਹੀਦਾ ਹੈ। ਹਰ ਬੱਚੇ ਨੂੰ ਇਕ ਤਰ੍ਹਾਂ ਦੀ ਸਿਖਿਆ ਦੇਣਾ ਸ਼ਖਸੀਅਤ ਦੇ ਵਾਧੇ ਲਈ ਹਾਨੀਕਾਰਕ ਹੈ। ਮੁਢਲੀ ਅਵੱਸਥਾ ਵਿੱਚ ਬੱਚੇ ਨੂੰ ਸਿਖਿਆ ਕਰਮ ਦੇ ਸਾਰੇ ਵਿਸ਼ੇ ਪੜ੍ਹਾਏ ਜਾਣੇ ਚਾਹੀਦੇ ਹਨ, ਪਰ ਜਿਵੇਂ ਜਿਵੇਂ ਬੱਚਾ ਉਮਰ ਵਿੱਚ ਵੱਡਾ ਹੁੰਦਾ ਜਾਵੇ ਅਤੇ ਉਸ ਦੀਆਂ ਰੁਚੀਆਂ ਵਿਕਸਤ ਹੋਣ ਉਸ ਨੂੰ ਆਪਣੀ ਰੁਚੀ ਦੇ ਅਨੁਸਾਰ ਕਿਸੇ ਵਿਸ਼ੇਸ ਵਿਸ਼ੇ ਵਿੱਚ ਲੱਗ ਜਾਣ ਦਾ ਅਵਸਰ ਦੇਣਾ ਚਾਹੀਦਾ ਹੈ।

ਬੱਚੇ ਨੂੰ ਆਪਣੀ ਪ੍ਰਤਿਭਾ ਵਿਖਾਉਣ ਦਾ ਪੂਰਾ ਅਵਸਰ ਮਿਲਣਾ ਚਾਹੀਦਾ ਹੈ। ਇਹ ਪ੍ਰਤਿਭਾ ਪਹਿਲ... ਪਹਿਲ ਦੂਜਿਆਂ ਦੀ ਨਕਲ ਕਰਨ ਵਿਚ ਹੀ ਵੇਖੀ ਜਾਂਦੀ ਹੈ। ਪਰ ਨਕਲ ਕਰਨ ਲ...ਟੀ ਵੀ ਬੱਚੇ ਦੇ ਸਾਹਮਣੇ ਕਈ ਤਰ੍ਹਾਂ ਦੇ ਆਦਰਸ਼ ਰਹਿਣੇ ਚਾਹੀਦੇ ਹਨ। ਬੱਚੇ ਦੀ ਬੁਧੀ ਦੀ ... ਵਿਸ਼ੇਸ਼ਤਾ ਇਨ੍ਹਾਂ ਆਦਰਸ਼ਾਂ ਦੀ ਚੋਣ ਵਿਚ ਵੇਖੀ ਜਾਂਦੀ ਹੈ। ਬਾਲਕ ਦੇ ਸਾਹਮਣੇ ਜਿ...ਜੰਨੀ ਤਰ੍ਹਾਂ ਦੇ ਵਧੇਰੇ ਆਦਰਸ਼ ਰਹਿੰਦੇ ਹਨ, ਅਤੇ ਉਸ ਨੂੰ ਜਿੰਨੇ ਵਧੇਰੇ ਵਿਸ਼ਿਆਂ ਵਿਚੋਂ ...ਆਪਣੇ ਅਧਿਅਨ ਲਈ ਵਿਸ਼ੇ ...ਨਣ ਲਈ ਅਵਸਰ ਮਿਲਦਾ ਹੈ, ਉਸਦੀ ਸ਼ਖਸ਼ੀਅਤ ਉੱਨੀ ... ਹੀ ਵਿਕਸ਼ਤ ਅਥਵਾ ਬਲਵਾਨ ਹੁੰਦੀ ਹੈ।

**...ਉਪਰ ਲਿਖੇ ਵਿਕਾਸ ਦੇ ਸਿਧਾਂਤ ਦੀ ਅਲੋਚਨਾ:—** ਸ਼ਖਸ਼ੀਅਤ ਦੇ ਵਿਕਾਸ ਦਾ ਸਿਧਾਂਤ ਸਿਖਿਆ ਦੇ ਕਾਰਨ-ਕਰਮ ਨੂੰ ਜਿੰਨਾ ਸਪਸ਼ਟ ਕਰਦਾ ਹੈ ਇੰਨਾ ਦੂਜਾ ਕੋਈ ਵੀ ਸਿਧਾਂਤ ਸਪਸ਼ਟ ਨਹੀਂ ਕਰਦਾ। ਇਸ ਨਾਲ ਵਿਅਕਤੀ ਹਾਲਤ ਉਤੇ ਕਾਬੂ ਪਾ ਸਕਦਾ ਹੈ, ਆਪਣਾ ਜੀਵਨ ਸੰਪੂਰਨ ਬਣਾ ਸਕਦਾ ਹੈ ਅਤੇ ਇਸ ਨਾਲ ਉਸ ਦੇ ਆਚਰਨ ਦੀ ਉਸਾਰੀ ਵੀ ਹੋ ਸਕਦੀ ਹੈ। ਸ਼ਖਸ਼ੀਅਤ ਦਾ ਵਿਕਾਸ ਅਤੇ ਆਚਰਨ ਦੀ ਉਸਾਰੀ ਕੋਈ ਦੋ ਵਿਰੋਧੀ ਗੱਲਾਂ ਨਹੀਂ ਹਨ। ਸ਼ਖਸ਼ੀਅਤ ਦੇ ਵਿਕਾਸ ਨਾਲ ਆਚਰਨ ਦੀ ਉਸਾਰੀ ਵੀ ਹੁੰਦੀ ਹੈ। ਇਸ ਨਾਲ ਬੱਚਾ ਸੰਸਾਰ ਵਿਚ ਸਫਲ ਜੀਵਨ ਬਤੀਤ ਕਰਨ ਲਈ ਯੋਗ ਸਿਖਿਆ ਵੀ ਪਰਾਪਤ

ਕਰਦਾ ਹੈ।

ਪਰ, ਜਦ ਵਿਅਕਤੀ ਦੀ ਸ਼ਖਸ਼ੀਅਤ ਦੇ ਵਿਕਾਸ ਵਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ ਅਤੇ ਸਮਾਜ ਦੀਆਂ ਲੋੜਾਂ ਨੂੰ ਉਨਾ ਹੀ ਧਿਆਨ ਵਿਚ ਨਹੀਂ ਰਖਿਆ ਜਾਂਦਾ ਜਿੰਨਾ ਸ਼ਖਸ਼ੀਅਤ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ ਤਾਂ ਕਈ ਅਨਰਥ ਹੁੰਦੇ ਹਨ। ਜਿਸ ਸਮਾਜ ਵਿਚ ਵਿਅਕਤੀ ਦੀ ਪਰਧਾਨਤਾ ਹੁੰਦੀ ਹੈ, ਉਹ ਸੁਚੱਜੇ ਜ਼ਬਤ ਵਿਚ ਨਹੀਂ ਰਹਿੰਦਾ। ਜੇ ਹਰ ਵਿਅਕਤੀ ਇਹ ਸੋਚਣ ਲੱਗ ਜਾਵੇ ਕਿ ਉਸਨੂੰ ਉਹੀ ਕੰਮ ਕਰਨਾ ਚਾਹੀਦਾ ਹੈ ਜਿਹੜਾ ਉਸਦੀ ਭਲਿਆਈ ਕਰਦਾ ਹੈ, ਤਾਂ ਉਹ ਸਮਾਜ ਬਾਰੇ ਆਪਣੇ ਕਰਤੱਵ ਨੂੰ ਭੁਲ ਜਾਵੇਗਾ। ਸਿੱਟਾ ਇਹ ਹੋਵੇਗਾ ਕਿ ਉਹ ਸਮਾਜ ਦਾ ਅਨਰੱਥ ਵੀ ਕਹ ਸਕਦਾ ਹੈ। ਇਸ ਲਈ ਜੇ ਬਚਿਆਂ ਨੂੰ ਅਰੰਭ ਵਿਚ ਹੀ ਅਜਿਹੀ ਸਿਖਿਆ ਦਿੱਤੀ ਜਾਵੇ ਜਿਸ ਨਾਲ ਉਹ ਸਮਝਣ ਕਿ ਉਹ ਸਮਾਜ ਦਾ ਅੰਗ ਹਨ ਅਤੇ ਸਮਾਜ ਦੇ ਭਲੇ ਵਿਚ ਹੀ ਉਨ੍ਹਾਂ ਦਾ ਭਲਾ ਹੈ, ਫਿਰ ਸਮਾਜ ਦਾ ਭਲਾ ਹੀ ਨਹੀਂ ਹੋਵੇਗਾ ਸਗੋਂ ਵਿਅਕਤੀ ਨੂੰ ਵੀ ਲਾਭ ਹੋਵੇਗਾ। ਟੀ. ਪੀ. ਨੱਨ ਦਾ ਸਿਖਿਆ ਸਿਧਾਂਤ ਉਸ ਅੰਗਰੇਜ਼ੀ ਰਾਜਸੀ ਤੇ ਆਰਥਿਕ ਸਿਧਾਂਤ ਦਾ ਸਬੰਧੀ ਹੈ ਜਿਸ ਅਨੁਸਾਰ ਹਰ ਵਿਅਕਤੀ ਨੂੰ ਧਨ ਕਮਾਉਣ ਅਤੇ ਆਪਣਾ ਜੀਵਨ ਜਿਸ ਤਰ੍ਹਾਂ ਜੀ ਚਾਹੇ ਚਲਾਉਣ ਦੀ ਸੁਤੰਤਰਤਾ ਹੈ, ਜਦੋਂ ਤਕ ਕਿ ਉਹ ਦੂਜੇ ਵਿਅਕਤੀ ਦੀ ਇਸੇ ਤਰ੍ਹਾਂ ਦੀ ਸੁਤੰਤਰਤਾ ਵਿਚ ਰੋਕ ਨਹੀਂ ਪਾਉਂਦਾ। ਇਸ ਤਰ੍ਹਾਂ ਦੇ ਵਿਚਾਰ ਢੰਗ ਦਾ ਸਿੱਟਾ ਇਹ ਹੈ ਕਿ ਸੰਸਾਰ ਦੇ ਮੁੱਠੀ ਭਰ ਆਦਮੀਆਂ ਨੇ ਬਾਕੀ ਕਰੋੜਾਂ ਨੂੰ ਆਪਣੇ ਗੁਲਾਮ ਬਣਾਈ ਰਖਿਆ। ਸੰਸਾਰ ਵਿਚ ਬਿਅੰਤ ਧਨ ਮਾਲ ਦੇ ਹੁੰਦਿਆਂ ਸਧਾਰਨ ਜਨਤਾ ਭੁੱਖੀ ਮਰਦੀ ਹੈ। ਇਹ ਸਿਧਾਂਤ ਪੂੰਜੀਵਾਦ ਦਾ ਅਧਾਰ ਹੈ।

## ਸਾਮਵਾਦ ਦਾ ਸਿਧਾਂਤ

ਉਪਰ ਲਿਖੇ ਵਿਅਕਤੀ ਵਾਦ ਦਾ ਜਵਾਬ ਸਾਮਵਾਦ ਨੇ ਦਿੱਤਾ ਹੈ। ਸਾਮਵਾਦ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਮਨ ਮਰਜ਼ੀ ਕਰਨ ਦੀ ਖੁਲ੍ਹ ਨਹੀਂ ਦੇਣੀ ਚਾਹੀਦੀ। ਉਸ ਦਾ ਧਨ ਸ਼ੀਮਤ ਰਹਿਣਾ ਚਾਹੀਦਾ ਹੈ। ਹਰ ਵਿਅਕਤੀ ਨੂੰ ਦੂਜਿਆਂ ਦੇ ਸੁਖ ਅਤੇ ਭਲਿਆਈ ਦਾ ਖਿਆਲ ਰਖਣਾ ਚਾਹੀਦਾ ਹੈ! ਵਧੇਰੇ ਲੋਕਾਂ ਦੇ ਸੁਖ ਲਈ ਥੋੜੇ ਲੋਕਾਂ ਨੂੰ ਦੁਖ ਵਿਚ ਪਾਉਣਾ ਕੋਈ ਬੁਰਾ ਨਹੀਂ। ਕਿਸੇ ਸ਼੍ਰੇਣੀ ਦੇ ਲੋਕਾਂ ਦੀ ਕਦੀ ਵੀ ਅਜਿਹੀ ਹਾਲਤ ਨਹੀਂ ਬਨਣ ਦੇਣੀ ਚਾਹੀਦੀ ਜਿਸ ਨਾਲ ਉਹ ਬਾਕੀ ਸੰਸਾਰ ਨੂੰ ਭੈ ਦੇਣ ਲਗ ਜਾਵੇ। ਸੰਸਾਰ ਦੇ ਵੱਡੇ ਵੱਡੇ ਜੁਧ ਗਿਣਤੀ ਦੇ ਪੂੰਜੀ ਪਤੀਆਂ ਦੀ ਧਨ ਲਾਲਸਾ ਕਰਕੇ ਹੀ ਹੁੰਦੇ ਹਨ। ਜੇ ਇਨ੍ਹਾਂ ਜੁਧਾਂ ਨੂੰ ਅਸਾਂ ਰੋਕਣਾ ਹੈ ਤਾਂ ਮਨੁਖ ਦੀ ਧਨ ਦੀ ਭੁਖ ਨੂੰ ਮਿਟਾਉਣਾ ਪਵੇਗਾ। ਧਨ ਦੀ ਭੁਖ ਬੱਚੇ ਦੀ ਯੋਗ ਸਿਖਿਆ ਰਾਹੀਂ ਹੀ ਮਿਟਾਈ ਜਾ ਸਕਦੀ ਹੈ। ਬੱਚੇ ਨੂੰ ਅਰੰਭ ਤੋਂ ਹੀ ਸਾਮਵਾਦੀ ਬਨਾਉਣਾ ਹੋਵੇਗਾ। ਸਾਮਵਾਦ ਅਨੁਸਾਰ ਹਰ ਬਾਲਕ ਦੀ ਮਨਬਿਰਤੀ ਅਜਿਹੀ ਹੋਣੀ ਚਾਹੀਦੀ ਹੈ ਜਿਸ ਨਾਲ ਉਹ ਆਪਣੀ ਸ਼ਖਸ਼ੀਅਤ ਦੀ ਪਰਧਾਨਤਾ ਦੇ ਵਿਖਾਲੇ ਵਿਚ ਸੁਖ ਨਾ ਸਮਝੇ ਸਗੋਂ ਉਹ ਸਦਾ ਸਮਾਜ ਦੀ ਕਲਿਆਣ ਹੀ ਲੋਚੇ ਅਤੇ ਸਮਾਜ ਲਈ ਆਪਣਾ ਸਭ ਕੁਝ ਵਾਰਨ ਲਈ ਸਦਾ ਤਿਆਰ ਰਹੇ। ਉਸਦੇ ਮਨ ਵਿਚ ਊਚ ਨੀਚ, ਪੜ੍ਹੇ ਲਿਖੇ ਅਤੇ ਮਿਹਨਤੀ ਲੋਕਾਂ ਵਿਚ ਕੋਈ ਭੇਦ ਭਾਵ ਨਾ ਹੋਵੇ। ਉਹ ਭਾਵੇਂ ਵਿਦਵਾਨ ਹੋ ਜਾਣ ਤੇ ਵੀ ਹੱਥ ਦੀ ਕਾਰ ਕਰਨ ਲਈ ਤਿਆਰ ਹੋਣ। ਆਦਰਸ਼ ਵਿਅਕਤੀ ਉਹ ਸਮਝਿਆ ਜਾਣਾ ਚਾਹੀਦਾ ਹੈ ਜਿਹੜਾ ਸਮਾਜ ਲਈ ਹਰ ਤਰ੍ਹਾਂ ਦੇ ਕੰਮ ਕਰਨ ਲਈ ਤਿਆਰ ਹੋਵੇ ਅਤੇ ਜਦ ਰਾਸ਼ਟਰ ਨੂੰ ਲੋੜ ਹੋਵੇ ਉਹ ਆਪਣੀ ਜਾਨ

ਵਾਰਨ ਲਈ ਤਿਆਰ ਹੋਵੇ। ਇਸ ਤਰ੍ਹਾਂ ਦਾ ਆਦਰਸ਼ ਰੂਸ ਦੀ ਹਕੂਮਤ ਦਾ ਹੈ। ਉਥੋਂ ਦੀ ਅਧੁਨਿਕ ਸਿਖਿਆ–ਪਰਨਾਲੀ ਵੀ ਇਸੇ ਆਦਰਸ਼ ਦੇ ਅਧਾਰ ਤੇ ਬਣੀ ਹੈ।

ਰੂਸ ਦੀ ਸਿਖਿਆ ਪਰਨਾਲੀ ਵਿਚ ਉਸ ਦਾ ਪਾਠ-ਕਰਮ ਅਰੰਭਿਕ ਸ਼ਰੇਣੀ ਤੋਂ ਲੈ ਕੇ ਸਭ ਤੋਂ ਉੱਚੀ ਸ਼ਰੇਣੀ ਤਕ ਹੇਠ ਲਿਖੇ ਤਿੰਨ ਹਿਸਿਆਂ ਵਿਚ ਵੰਡਿਆ ਗਿਆ ਹੈ:—

੧. ਮਿਹਨਤ।
੨. ਸੰਸਕ੍ਰਿਤੀ, ਅਤੇ
੩. ਸਮਾਜ।

ਮਿਹਨਤ :—ਹਰ ਸ਼ਰੇਣੀ ਦੇ ਬੱਚੇ ਨੂੰ ਅਜਿਹੇ ਕੰਮ ਕਰਨੇ ਪੈਂਦੇ ਹਨ ਜਿਸ ਵਿਚ ਉਸ ਨੂੰ ਸਰੀਰਕ ਮਿਹਨਤ ਕਰਨੀ ਪਵੇ। ਹਰ ਬੱਚੇ ਲਈ ਮਿਹਨਤ ਦੇ ਕੰਮਾਂ ਦਾ ਕੋਰਸ ਬਣਿਆ ਹੋਇਆ ਹੈ। ਕਿਸੇ ਕਲਾਸ ਵਿਚ ਬਗੀਚੇ ਦਾ ਕੰਮ ਕਰਾਇਆ ਜਾਂਦਾ ਹੈ ਕਿਤੇ ਮਿੱਟੀ ਦੇ ਕੰਮ ਕਰਾਏ ਜਾਂਦੇ ਹਨ, ਕਿਤੇ ਧਾਤਾਂ ਦੇ ਕੰਮ ਕਰਾਏ ਜਾਂਦੇ ਹਨ, ਕਿਤੇ ਕਪੜਾ ਬੁਨਣ ਦਾ ਕੰਮ ਸਿਖਾਇਆ ਜਾਂਦਾ ਹੈ। ਇਸ ਤਰ੍ਹਾਂ ਬੱਚੇ ਨੂੰ ਹੱਥ ਨਾਲ ਕੰਮ ਕਰਨ ਦਾ ਅਭਿਆਸ ਕਰਾਇਆ ਜਾਂਦਾ ਹੈ। ਇਹ ਕੰਮ ਬੱਚੇ ਨੂੰ ਸਰੀਰਕ ਮਿਹਨਤ ਦੇ ਯੋਗ ਬਣਾਉਂਦੇ ਹਨ। ਜਿਹੜਾ ਬੱਚਾ ਅਰੰਭਿਕ ਅਵਸਥਾ ਤੋਂ ਹੀ ਸਰੀਰਕ ਕੰਮ ਨਹੀਂ ਕਰਦਾ ਰਹਿੰਦਾ ਉਹ ਵੱਡਾ ਹੋ ਕੇ ਅਜਿਹੇ ਕੰਮਾਂ ਤੋਂ ਕੰਨੀਂ ਕਤਰਾਉਂਦਾ ਹੈ। ਉਸ ਦੀ ਮਨ ਬਿਰਤੀ ਵਿਲੱਖਣ ਹੋ ਜਾਂਦੀ ਹੈ। ਉਹ ਹੱਥ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਆਪਣੇ ਤੋਂ ਨੀਵਾਂ ਗਿਣਨ ਲੱਗ ਜਾਂਦਾ ਹੈ। ਇਸ ਤਰ੍ਹਾਂ ਉਸ ਸਮਾਜ ਦੀ ਉਸਾਰੀ ਹੁੰਦੀ ਹੈ ਜਿਹੜਾ ਅਜਿਹੇ ਦੋ ਹਿਸਿਆਂ ਵਿੱਚ ਵੰਡਿਆ ਹੁੰਦਾ ਹੈ ਜਿਹੜੇ ਇਕ ਦੂਜੇ ਦੇ ਸਦਾ ਵੈਰੀ ਬਣੇ ਰਹਿਣ। ਇਕ ਹਾਕਮ ਸ਼੍ਰੇਣੀ ਹੁੰਦੀ ਹੈ ਅਤੇ ਦੂਜੀ ਅਧੀਨ ਸ਼ਰੇਣੀ। ਹਾਕਮ ਸ਼ਰੇਣੀ ਦੀ ਸਦਾ ਇਹ ਇੱਛਾ ਹੁੰਦੀ ਹੈ ਕਿ ਕਿਤੇ ਅਧੀਨ ਸ਼ਰੇਣੀ ਬੌਧਿਕ ਸਿਖਿਆ ਪਰਾਪਤ ਨਾ ਕਰ ਲਵੇ। ਉਹ ਆਪ ਤਾਂ ਗੱਦੀ ਸਾਂਭੀ ਬੈਠੇ ਹੁੰਦੇ ਹਨ ਤੇ ਦੂਜਿਆਂ ਨੂੰ ਸਦਾ ਆਪਣੇ ਅਧੀਨ ਰਖਣਾ ਲੋੜਦੇ ਹਨ। ਉਹ ਜਿਨ੍ਹਾਂ ਦੀ ਮਿਹਨਤ ਤੇ ਪਲਦੇ ਜੀਊਂਦੇ ਰਹਿੰਦੇ ਹਨ ਫਿਰ ਉਨ੍ਹਾਂ ਨੂੰ ਹੀ ਘਿਰਨਾ ਨਾਲ ਵੇਖਦੇ ਹਨ।

ਮਨੁਖ ਅਭਿਆਸ ਦਾ ਦਾਸ ਹੈ। ਉਸ ਦਾ ਜਿਹੋ ਜਿਹਾ ਅਭਿਆਸ ਹੁੰਦਾ ਹੈ ਉਹੋ ਜਿਹਾ ਬਣ ਜਾਂਦਾ ਹੈ। ਜੇ ਅਸੀਂ ਬੱਚੇ ਨੂੰ ਅਰੰਭ ਤੋਂ ਹੀ ਇਹ ਸਿਖਿਆ ਦਈਏ ਕਿ ਹੱਥ ਨਾਲ ਕੰਮ ਕਰਨਾ ਬੁਰਾ ਨਹੀਂ ਅਤੇ ਸਰੀਰਕ ਮਿਹਨਤ ਕਰਨਾ ਇਕ ਬੜੀ ਪਰਸੰਸਾ ਯੋਗ ਗਲ ਹੈ, ਤਾਂ ਬੱਚਾ ਸਦਾ ਹੱਥ ਨਾਲ ਦੇ ਕੰਮ ਕਰਨ ਅਤੇ ਸਰੀਰਕ ਮਿਹਨਤ ਕਰਨ ਲਈ ਉਤਸ਼ਾਹੀ ਰਹਿਣ। ਵੱਡੇ ਹੋਣ ਉਤੇ ਅਜਿਹੇ ਬੱਚੇ ਆਪਣੀ ਬਾਲਗ ਉਮਰ ਵਿਚ ਮਿਹਨਤ ਕਰ ਕੇ ਖਾਣ ਵਾਲੇ ਲੋਕਾਂ ਨੂੰ ਨੀਵਾਂ ਸਮਝਣ ਦੀ ਥਾਂ ਬਰਾਬਰ ਦੇ ਸਮਝਦੇ ਹਨ। ਇਸ ਤਰ੍ਹਾਂ ਦੀ ਮਨ ਬਿਰਤੀ ਨੂੰ ਪੈਦਾ ਕਰਨ ਲਈ ਸਰੀਰਕ ਮਿਹਨਤ ਉਤੇ ਵਿਖਿਆਨ ਦੇਣਾ ਜ਼ਰੂਰੀ ਨਹੀਂ ਸਗੋਂ ਆਪਣੇ ਆਪ ਬੱਚੇ ਤੋਂ ਮਿਹਨਤ ਕਰਾਉਣੀ ਚਾਹੀਦੀ ਹੈ। ਸੋਵਿਅਟ ਰੂਸ ਵਿਚ ਅਜਿਹਾ ਹੀ ਕੀਤਾ ਜਾਂਦਾ ਹੈ। ਭਾਵੇਂ ਗਰੀਬ ਘਰ ਦਾ ਬੱਚਾ ਹੋਵੇ ਤੇ ਭਾਵੇਂ ਅਮੀਰ ਘਰ ਦਾ, ਸਭ ਨੂੰ ਇਕ ਹੀ ਤਰ੍ਹਾਂ ਦੇ ਸਕੂਲਾਂ ਵਿਚ ਪੜ੍ਹਨਾ ਪੈਂਦਾ ਹੈ ਅਤੇ ਸਭ ਨੂੰ ਹੱਥ ਦਾ ਕੰਮ ਕਰਨਾ ਪੈਂਦਾ ਹੈ। ਰੂਸ ਵਿਚ ਜ਼ਿਮੀਂਦਾਰਾਂ ਅਤੇ ਅਮੀਰਾਂ ਦਾ ਕੋਈ ਵੱਖਰਾ ਸਕੂਲ ਨਹੀਂ ਜਿਹਾ ਕਿ ਇੰਗਲੈਂਡ ਅਤੇ ਭਾਰਤ ਵਿਚ ਹਨ। ਰੂਸ ਬੱਚਿਆਂ ਵਿਚੋਂ ਊਚ ਨੀਚ ਦੀ ਭਾਵਨਾ

ਮਿਟਾ ਹੀ ਦੇਣਾ ਚਾਹੁੰਦਾ ਹੈ। ਰੂਸ ਦੀ ਸਿਖਿਆ ਦਾ ਨਿਸ਼ਾਨਾ ਹੈ ਕਿ ਅਸੀਂ ਇਕ ਜੁਲਾਹੇ ਲੁਹਾਰ ਜਾਂ ਭੰਗੀ ਦੇ ਬੱਚੇ ਨੂੰ ਉਨਾ ਹੀ ਸਤਿਕਾਰ ਦੇਈਏ ਜਿੰਨਾ ਇਕ ਪਰੋਫੈਸਰ, ਡਾਕਟਰ ਜਾਂ ਵਕੀਲ ਦੇ ਬੱਚੇ ਨੂੰ ਦਿੰਦੇ ਹਾਂ। ਇਹ ਤਦ ਹੀ ਸੰਭਵ ਹੈ ਜਦ ਬੱਚਿਆਂ ਤੋਂ ਇਹ ਕੰਮ ਆਪ ਉਨ੍ਹਾਂ ਦੀ ਸਿਖਿਆਂ ਸਮੇਂ ਕਰਾਇਆ ਜਾਵੇ।

ਬੱਚਿਆਂ ਤੋਂ ਸਰੀਰਕ ਮਿਹਨਤ ਕਰਾਉਣ ਦਾ ਇਕ ਨਿਸ਼ਾਨਾ ਇਹ ਵੀ ਹੈ ਕਿ ਉਹ ਆਪ ਆਪਣੇ ਪੈਰਾਂ ਤੇ ਖੜਣ ਵਾਲੇ ਬਨਣ। ਜਿਸ ਸਿਖਿਆ-ਪਰਨਾਲੀ ਵਿਚ ਹੱਥ ਦੇ ਕੰਮ ਉਤੇ ਧਿਆਨ ਨਹੀਂ ਦਿੱਤਾ ਜਾਂਦਾ, ਉਸ ਰਾਹੀਂ ਸਿਖਿਆ ਪਰਾਪਤ ਕੀਤੇ ਬੱਚੇ ਆਪਣੀ ਰੋਟੀ ਕਮਾਉਣ ਤੋਂ ਅਸੱਮਰਥ ਰਹਿੰਦੇ ਹਨ। ਹੱਥ ਦੇ ਕੰਮ ਉਤੇ ਧਿਆਨ ਦੇਣਾ ਅੰਗਰੇਜ਼ੀ ਸਿਖਿਆ ਪਰਨਾਲੀ ਦਾ ਵੀ ਅੰਗ ਹੈ, ਪਰ ਸਰੀਰਕ ਮਿਹਨਤ ਕਰਾਉਣਾ ਇਹ ਰੂਸ ਦੀ ਸਿਖਿਆ ਪਰਨਾਲੀ ਦੀ ਹੀ ਵਿਸ਼ੇਸ਼ਤਾ ਹੈ। ਭਾਰਤ ਵਰਸ਼ ਦੀ ਸਿਖਿਆ-ਪਰਨਾਲੀ ਵਿਚ ਨਾ ਤੇ ਹੱਥ ਨਾਲ ਕੰਮ ਕਰਨ ਦੀ ਸਿਖਿਆ ਦਿੱਤੀ ਜਾਂਦੀ ਹੈ ਅਤੇ ਨਾ ਕੋਈ ਸਰੀਰਕ ਮਿਹਨਤ ਕਰਾਈ ਜਾਂਦੀ ਹੈ। ਕਿੰਨਾ ਚੰਗਾ ਹੁੰਦਾ, ਜੇ ਸਾਡੇ ਬੱਚੇ ਬੌਧਿਕ ਸਿਖਿਆ ਦੇ ਨਾਲ ਨਾਲ ਅਜਿਹੀ ਸਿਖਿਆ ਵੀ ਲੈਂਦੇ, ਜਿਸ ਨਾਲ ਉਹ ਆਪਣੇ ਢਿਡ ਨੂੰ ਆਪਣੇ ਆਪ ਭਰਨ ਦੇ ਯੋਗ ਵੀ ਹੁੰਦੇ। ਮਹਾਤਮਾਂ ਗਾਂਧੀ ਨੇ ਇਸ ਤਰ੍ਹਾਂ ਦੀ ਸਿਖਿਆ ਦੀ ਇਕ ਯੋਜਨਾ ਦੇਸ਼ ਨੂੰ ਦਿੱਤੀ ਹੈ। ਉਸ ਯੋਜਨਾਂ ਵਿਚ ਬਹੁਤ ਸਾਰੀਆਂ ਚੰਗਿਆਈਆਂ ਹਨ, ਪਰ ਉਹ ਯੋਜਨਾ ਅਜੋਕੇ ਮਸ਼ੀਨੀ ਯੁਗ ਦੇ ਅਨੁਕੂਲ ਨਹੀਂ। ਬੱਚਿਆਂ ਨੂੰ ਅਜਿਹੀ ਮਿਹਨਤ ਦਾ ਅਭਿਆਸ ਵੀ ਕਰਾਉਣਾ ਚਾਹੀਦਾ ਹੈ ਜਿਹੜੀ ਉਨ੍ਹਾਂ ਨੂੰ ਆਪਣੇ ਵਾਤਾਵਰਨ ਉਤੇ ਕਾਬੂ ਪਾਉਣ ਉਤੇ ਸਹਾਇਤਾ ਕਰੇ।

**ਸੰਸਕ੍ਰਿਤੀ :–** ਸੋਵਿਅਟ ਸਿਖਿਆ ਪਰਨਾਲੀ ਦਾ ਦੂਸਰਾ ਅੰਗ ਸੰਸਕ੍ਰਿਤੀ ਹੈ। ਕਈ ਤਰ੍ਹਾਂ ਨਾਲ ਇਹ ਅੰਗ ਦੂਸਰੀ ਸਿਖਿਆ ਪਰਨਾਲੀ ਵਾਂਗ ਹੀ ਹੈ। ਪਰ ਇਥੇ ਵੀ ਨਿਸ਼ਾਨਾ ਬੱਚੇ ਨੂੰ ਸਮਾਜ ਲਈ ਲੋੜੀਂਦਾ ਬਨਾਉਣਾ ਹੈ। ਜੇ ਕਿਸੇ ਤਰ੍ਹਾਂ ਦੀ ਸਿਖਿਆ ਨਾਲ ਬੱਚੇ ਦਾ ਸਵਾਰਥ ਵਧਦਾ ਹੈ, ਜਾਂ ਉਹ ਕਿਸੇ ਅੰਧ-ਵਿਸ਼ਵਾਸ ਦਾ ਦਾਸ ਬਣਦਾ ਹੈ, ਤਾਂ ਅਜਿਹੀ ਸਿਖਿਆ ਤੋਂ ਬੱਚੇ ਨੂੰ ਬਚਾਇਆ ਜਾਂਦਾ ਹੈ। ਬੱਚੇ ਦੇ ਮਨ ਵਿਚ ਅਜਿਹੇ ਕੋਈ ਸੰਸਕਾਰ ਨਹੀਂ ਪੈਣ ਦਿਤੇ ਜਾਂਦੇ ਜਿਸ ਨਾਲ ਉਹ ਪੂੰਜੀਵਾਦ, ਸਾਮਰਾਜਵਾਦ ਜਾਂ ਅੰਧ-ਵਿਸ਼ਵਾਸੀ ਲੋਕਾਂ ਦਾ ਪੱਖੀ ਬਣ ਜਾਵੇ। ਬੱਚੇ ਨੂੰ ਵਿਸ਼ਵ-ਭਰਾਤਰੀ ਭਾਵ ਦਾ ਪਾਠ ਪੜ੍ਹਾਇਆ ਜਾਂਦਾ ਹੈ, ਮਨੁਖ ਮਾਤਰ ਇਕ ਹੈ ਅਤੇ ਸਭ ਮਨੁਖ ਬਰਾਬਰ ਹਨ। ਉਸ ਨੂੰ ਨਾਗਰਿਕਤਾ ਦੀ ਚੰਗੀ ਸਿਖਿਆ ਦਿੱਤੀ ਜਾਂਦੀ ਹੈ। ਹਰ ਬੱਚੇ ਦੀ ਯੋਗਤਾ ਦੀ ਪੜਤਾਲ ਕੀਤੀ ਜਾਂਦੀ ਹੈ, ਅਤੇ ਜਿਹੜਾ ਬੱਚਾ ਜਿਸ ਕੰਮ ਦੇ ਯੋਗ ਹੋਵੇ, ਉਸੇ ਦੇ ਅਨਕੂਲ ਉਸ ਨੂੰ ਸਿਖਿਆ ਦਿਤੀ ਜਾਂਦੀ ਹੈ। ਬੱਚੇ ਦੇ ਮਾਪਿਆਂ ਨੂੰ ਰਾਸ਼ਟਰ ਦੇ ਸਿਖਿਆ ਪਰਬੀਨਾਂ ਦੀ ਸਲਾਹ ਮੰਨਣੀ ਪੈਂਦੀ ਹੈ।

ਸੋਵਿਅਟ ਰੂਸ ਨੇ ਆਪਣੀ ਸਿਖਿਆ-ਪਰਨਾਲੀ ਵਿਚ ਉਨ੍ਹਾਂ ਸਾਰੇ ਸਿਖਿਆ ਦੇ ਵਿਸ਼ਿਆਂ ਨੂੰ ਥਾਂ ਨਹੀਂ ਦਿਤਾ ਜਿਨ੍ਹਾਂ ਵਿਚ ਇਨੇ ਧਨ ਦੀ ਲੋੜ ਪੈਂਦੀ ਹੈ ਜਿੰਨਾ ਦੇਸ਼ ਦਾ ਹਰ ਅਮੀਰ ਗਰੀਬ ਆਪਣੇ ਬਚਿਆਂ ਤੇ ਖਰਚ ਨਾ ਕਰ ਸਕੇ। ਇਸ ਤਰ੍ਹਾਂ ਡਾਲਟਨ-ਢੰਗ ਨੂੰ ਰੂਸੀ ਸਿਖਿਆ ਪਰਨਾਲੀ ਵਿਚ ਥਾਂ ਨਹੀਂ। ਇਸ ਢੰਗ ਅਨੁਸਾਰ ਪੜ੍ਹਾਇਆ ਜਾਣਾ ਅਮੀਰ ਘਰ ਦੇ ਬਚਿਆਂ ਲਈ ਸੰਭਵ ਹੈ।

**ਸਮਾਜ :—** ਰੂਸ ਦੀ ਸਿਖਿਆ–ਪਰਨਾਲੀ ਦਾ ਤੀਸਰਾ ਅੰਗ ਸਮਾਜ ਹੈ। ਬਚਿਆਂ ਨੂੰ ਸਮਾਜ ਦੇ ਵਖ ਵਖ ਅੰਗਾਂ ਨਾਲ ਜਾਣੂ ਕਰਾਇਆ ਜਾਂਦਾ ਹੈ। ਸਮਾਜ ਤੇ ਰੀਤੀ ਰਿਵਾਜ ਅਤੇ ਉਸ ਦੀ ਪਰੰਪਰਾ ਦਾ ਅਧਿਅਨ ਬੱਚੇ ਕਰਦੇ ਹਨ। ਉਸ ਵਿਚ ਚੰਗੇ ਬੁਰੇ ਨਾਲ ਵੀ ਉਹ ਜਾਣਕਾਰੀ ਕਰਦੇ ਹਨ। ਇਹ ਜਾਣਕਾਰੀ ਕਿਤਾਬੀ ਜਾਣਕਾਰੀ ਨਹੀਂ ਹੁੰਦੀ। ਰੂਸ ਆਪਣੇ ਕਿਸੇ ਵੀ ਬੱਚੇ ਨੂੰ ਪੋਥੀ–ਪੰਡਿਤ ਨਹੀਂ ਬਨਾਉਣਾ ਚਾਹੁੰਦਾ। ਰੂਸ ਉਹ ਗਿਆਨ ਹੀ ਬਚਿਆਂ ਨੂੰ ਦੇਣਾ ਚਾਹੁੰਦਾ ਹੈ ਜਿਹੜਾ ਅਮਲੀ ਹੋਵੇ। ਬੱਚੇ ਆਪ ਸਮਾਜ ਵਿਚ ਜਾਕੇ ਉਸ ਦੀਆਂ ਰਸਮਾਂ ਰਿਵਾਜਾਂ ਦੀ ਖੋਜ ਕਰਦੇ ਹਨ। ਉਹ ਕਿਨੀਆਂ ਪੁਰਾਣੀਆਂ ਹਨ ਅਤੇ ਉਨ੍ਹਾਂ ਦਾ ਕਾਰਨ ਕੀ ਹੈ ਅਤੇ ਉਨ੍ਹਾਂ ਦਾ ਮਨੋਵਿਗਿਆਨਿਕ ਕਾਰਨ ਕੀ ਹੈ, ਉਨ੍ਹਾਂ ਦਾ ਸਮਾਜ ਉਤੇ ਚੰਗਾ ਮੰਦਾ ਕੀ ਅਸਰ ਪੈਂਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦੀ ਖੋਜ ਕਰਦੇ ਤੇ ਉਨ੍ਹਾਂ ਨੂੰ ਜਾਨਣ ਦੀ ਇੱਛਾ ਕਰਦੇ ਹਨ। ਉਨ੍ਹਾਂ ਦੇ ਵਿਚਾਰ ਉਨ੍ਹਾਂ ਦੇ ਨਿੱਜੀ ਤਜਰਬੇ ਦੇ ਅਧਾਰ ਦੇ ਬਣੇ ਹੁੰਦੇ ਹਨ। ਨਾ ਉਹ ਦੂਜਿਆਂ ਦੀਆਂ ਕਹੀਆਂ ਗੱਲਾਂ ਨੂੰ ਅੰਧ-ਵਿਸ਼ਵਾਸ ਵਾਂਗ ਮੰਨ ਲੈਂਦੇ ਹਨ ਅਤੇ ਨਾ ਕਲਪਣਾ ਦੇ ਘੋੜੇ ਦੌੜਾਉਂਦੇ ਹਨ।

ਮਨੋ-ਵਿਗਿਆਨ ਦਾ ਅਟੱਲ ਸਿਧਾਂਤ ਹੈ ਕਿ ਅਸੀਂ ਜਿਸ ਵਿਸ਼ੇ ਵਿਚ ਜਾਣਕਾਰੀ ਰਖਦੇ ਹਾਂ, ਉਸ ਵਿਚ ਸਾਡੀ ਰੁਚੀ ਹੋ ਜਾਂਦੀ ਹੈ। ਸਮਾਜ ਦੀ ਜਾਣਕਾਰੀ ਕਰਨ ਨਾਲ, ਉਨ੍ਹਾਂ ਦਾ ਦੁਖ ਸੁਖ ਜਾਨਣ ਨਾਲ ਬਚਿਆਂ ਵਿਚ ਸਮਾਜ-ਸੇਵਾ ਦੀ ਰੁਚੀ ਪੈਦਾ ਹੋ ਜਾਂਦੀ ਹੈ। ਇਸ ਲਈ ਉਹ ਸਮਾਜ ਦੇ ਹਿਤ ਲਈ ਆਪਣੇ ਹਿਤ ਨੂੰ ਕੁਰਬਾਨ ਕਰਨ ਲਈ ਸਦਾ ਤਿਆਰ ਰਹਿੰਦੇ ਹਨ।

**ਸਮਾਜਵਾਦ ਦੇ ਨਿਸ਼ਾਨੇ ਦੀ ਅਲੋਚਨਾ :—** ਸਮਾਜ ਕਲਿਆਨ ਦਾ ਨਿਸ਼ਾਨਾ ਇਕ ਤਰ੍ਹਾਂ ਬੜਾ ਪਰਸੰਸਾ ਯੋਗ ਹੈ। ਇਸ ਨਿਸ਼ਾਨੇ ਦੇ ਕਾਰਨ ਮਨੁਖ ਆਪਣਾ ਸਵਾਰਥ ਛਡ ਦਿੰਦਾ ਹੈ। ਸਮਾਜ ਦੇ ਅਨੇਕ ਝਗੜਿਆਂ ਦਾ ਮੂਲ ਇਹ ਨਿੱਜੀ ਸਵਾਰਥ ਹੀ ਹੈ। ਹਰ ਮਨੁਖ ਸਦਾ ਆਪਣੀ ਚਿੰਤਾ ਵਿਚ ਹੀ ਰਹਿੰਦਾ ਹੈ। ਉਹ ਜੇ ਆਪਣੀ ਚਿੰਤਾ ਛਡ ਕੇ ਦੂਜਿਆਂ ਦੇ ਹਿਤ ਦੀ ਚਿੰਤਾ ਕਰੇ ਅਤੇ ਆਪਣੇ ਜੀਵਨ ਨੂੰ ਦੁਖੀਆਂ ਦੀ ਸੇਵਾ ਵਿਚ ਲਾਵੇ ਤਾਂ ਉਹ ਆਪਣਾ ਜੀਵਨ ਪਵਿੱਤਰ ਹੀ ਨਹੀਂ ਸਗੋਂ ਇਸ ਧਰਤੀ ਨੂੰ ਸੁਰਗ ਬਣਾ ਦੇਵੇ।

ਪਰ ਪ੍ਰਸ਼ਨ ਇਹ ਉਠਦਾ ਹੈ ਕਿ ਇਹ ਫੈਸਲਾ ਕੌਣ ਕਰੇਗਾ ਕਿ ਕਿਹੜੀ ਗਲ ਵਿਚ ਸਮਾਜ ਦਾ ਹਿਤ ਹੈ। ਸਮਾਜ ਅਨੇਕ ਰਾਸ਼ਟਰਾਂ ਵਿਚ ਵੰਡਿਆ ਰਹਿੰਦਾ ਹੈ। ਸੰਸਾਰ ਭਰ ਦਾ ਇਕ ਰਾਸ਼ਟਰ ਬਣ ਜਾਣਾ ਇਕ ਅਸੰਭਵ ਗਲ ਹੈ। ਜਿਹੜੇ ਲੋਕ ਅੱਡ ਅੱਡ ਰਾਸ਼ਟਰਾਂ ਦੇ ਅਧਿਕਾਰੀ ਹੁੰਦੇ ਹਨ, ਉਹ ਆਪਣੀ ਈਰਖਾ, ਦ੍ਵੈਖ ਦੇ ਕਾਰਨ ਰਾਸ਼ਟਰਾਂ ਦਾ ਆਪਸ ਵਿਚ ਝਗੜਾ ਕਰਾਈ ਰਖਦੇ ਹਨ। ਜਦ ਦੋ ਰਾਸ਼ਟਰ ਇਕ ਦੂਜੇ ਨਾਲ ਲੜਾਈ ਕਰਨ ਲਗਦੇ ਹਨ ਤਾਂ ਇਨ੍ਹਾਂ ਰਾਸ਼ਟਰਾਂ ਦੀ ਜਨਤਾ ਬੇਲੋੜਾ ਇਕ ਦੂਜੇ ਦਾ ਖੂਨ-ਖਰਾਬਾ ਕਰਨ ਲਗ ਪੈਂਦੀ ਹੈ। ਰਾਸ਼ਟਰ ਦੇ ਆਗੂ ਲੜਾਈ ਛੇੜਦੇ ਹਨ ਅਤੇ ਸਮਾਜ ਦੇ ਬਾਕੀ ਲੋਕ ਇਨ੍ਹਾਂ ਆਗੂਆਂ ਦਾ ਕਹਿਣਾ ਮੰਨਣਾ ਆਪਣਾ ਧਰਮ ਸਮਝਦੇ ਹਨ। ਵਿਅਕਤੀ ਨੂੰ ਆਪਣੀ ਰਾਏ ਪਰਗਟ ਕਰਨ ਦੀ ਸੁਤੰਤਰਤਾ ਹੀ ਨਹੀਂ ਰਹਿੰਦੀ ਸਗੋਂ ਆਪਣੀ ਇੱਛਾ ਵਿਰੁਧ ਉਸ ਨੂੰ ਉਨ੍ਹਾਂ ਲੜਾਈਆਂ ਵਿਚ ਹਿੱਸਾ ਲੈਣਾ ਪੈਂਦਾ ਹੈ ਜਿਨ੍ਹਾਂ ਦਾ ਨਿਸ਼ਾਨਾ ਮਨੁਖ ਦਾ ਕਲਿਆਣ ਕਰਨ ਦੀ ਥਾਂ ਉਸ ਦਾ ਨਾਸ਼ ਕਰਨਾ ਹੈ। ਜਿੰਨੇ

ਭੈਭੀਤ ਕਰਨ ਵਾਲੇ ਯੁਧ ਸਮਾਜ ਵਾਦ ਨੇ ਲੜੇ ਹਨ ਅਤੇ ਜਿੰਨੀ ਖੂਨ-ਖਰਾਬੀ ਸਮਾਜ-ਵਾਦ ਦੇ ਸਿਧਾਂਤ ਉੱਤੇ ਚਲਣ—ਵਾਲਿਆਂ ਨੇ ਕੀਤੀ ਉੱਨੇ ਘੋਰ ਯੁਧ ਅਤੇ ਖੂਨ—ਖਰਾਬੀ ਨਾ ਸਾਮਰਾਜਵਾਦ ਨੇ ਕੀਤੀ ਅਤੇ ਨਾ ਪੂੰਜੀਵਾਦ ਨੇ।

ਪਰ ਇਸ਼ ਤੋਂ ਨਿਰਾਸ਼ ਹੋਣ ਦਾ ਕੋਈ ਕਾਰਨ ਨਹੀਂ। ਸਮਾਜਵਾਦ ਦਾ ਉਦੇਸ਼ ਉੱਚਾ ਹੈ। ਸੰਭਵ ਹੈ ਬਹੁਤ ਖੂਨ-ਖਰਾਬੇ ਪਿਛੋਂ ਮਨੁਖ ਦੇ ਸੁਭਾਵ ਵਿਚ ਸਗੋਂ ਤਬਦੀਲੀ ਆ ਜਾਵੇ ਜਿਸ ਦੇ ਸਿੱਟੇ ਵਜੋਂ ਸਵਾਰਥੀ ਲੋਕਾਂ ਦੀ ਥਾਂ ਪਰ ਉਪਕਾਰ ਤੋਂ ਪਰੇਰਿਤ ਹੋਏ ਲੋਕ ਰਾਸ਼ਟਰ ਦੇ ਜੀਵਨ ਦੀ ਵਾਗ ਡੋਰ ਦੇ ਮਾਲਕ ਬਣ ਜਾਣ। ਜਦ ਰਾਸ਼ਟਰ ਦੇ ਰਾਜਸੀ ਜੀਵਨ ਦੀ ਵਾਗ ਡੋਰ ਅਜਿਹੇ ਲੋਕਾਂ ਦੇ ਹਥ ਆਵੇਗੀ ਜਿਹੜੇ ਆਪਣਾ ਭਲਾ ਦੂਜਿਆਂ ਦਾ ਭਲਾ ਕਰਨ ਵਿਚ ਵੇਖਦੇ ਹਨ, ਤਾਂ ਹੀ ਸਮਾਜ ਵਿਚ ਪੱਕੀ ਸ਼ਾਂਤੀ ਹੋ ਸਕੇਗੀ। ਸਰਬ ਉੱਚ ਸਿਖਿਆ ਪਰਨਾਲੀ ਦਾ ਨਿਸ਼ਾਨਾ ਅਜਿਹੇ ਹੀ ਲੋਕਾਂ ਨੂੰ ਤਿਆਰ ਕਰਨਾ ਹੈ।

## ਸਿਖਿਆ ਵਿਚ ਵਿਕਾਸਵਾਦ

### ਮਾਨਸਿਕ ਸ਼ਕਤੀਆਂ ਦੇ ਵਿਕਾਸ ਦੇ ਸਾਧਨ :—

ਅਮਰੀਕਾ ਦੇ ਪਰਸਿਧ ਵਿਦਿਵਾਨ ਡਯੂਵੀ ਦੇ ਕਥਨ ਅਨੁਸਾਰ ਸਿਖਿਆ ਦਾ ਉਦੇਸ਼ ਬਚਿਆਂ ਨੂੰ ਸੁ ਤਰ੍ਹਾਂ ਨਾਲ ਵਧਨ ਦਾ ਅਵਸਰ ਦੇਣਾ ਹੈ। ਉਹ ਸਿਖਿਆ ਯੋਗ ਸਿਖਿਆ ਹੈ ਜਿਸ ਨਾਲ ਬੱਚੇ ਦੀਆਂ ਕੁਦਰਤ ਤੋਂ ਮਿਲੀਆਂ ਸ਼ਕਤੀਆਂ ਵਿਕਸਤ ਹੋਣ। ਕਿਸੇ ਬੱਚੇ ਦੀਆਂ ਸ਼ਕਤੀਆਂ ਕਿਸ ਪਾਸੇ ਵਲ ਵਿਕਸਤ ਹੋਣਗੀਆਂ ਇਹ ਪਹਿਲਾਂ ਤੋਂ ਹੀ ਨਿਸਚੇ ਨਹੀਂ ਕੀਤਾ ਜਾ ਸਕਦਾ, ਇਸ ਲਈ ਸਿਖਿਆ ਦੇ ਅੰਤਮ ਨਿਸ਼ਾਨੇ ਬਾਰੇ ਵੀ ਪਹਿਲਾਂ ਤੋਂ ਕੁਝ ਠਿਰ ਨਹੀਂ ਕੀਤਾ ਜਾ ਸਕਦਾ। ਵਖ ਵਖ ਬਚਿਆਂ ਦੀਆਂ ਯੋਗਤਾਵਾਂ ਅਤੇ ਰੁਚੀਆਂ ਵਖ ਵ ਕਿਸਮ ਦੀਆਂ ਹੁੰਦੀਆਂ ਹਨ। ਇਸ ਲਈ ਜੇ ਅਸੀਂ ਬੱਚੇ ਦੀ ਸਿਖਿਆ ਦਾ ਨਿਸ਼ਾ ਪਹਿਲਾਂ ਹੀ ਨਿਸਚਾ ਕਰ ਲਈਏ ਅਤੇ ਉਸੇ ਵਲ ਸਾਰੇ ਬਚਿਆਂ ਨੂੰ ਲੈ ਜਾਈਏ ਤ ਅਸੀਂ ਉਨ੍ਹਾਂ ਦੇ ਲਾਭ ਦੀ ਥਾਂ ਉਨ੍ਹਾਂ ਦੀ ਹਾਨੀ ਕਰਾਂਗੇ। ਉਨ੍ਹਾਂ ਦੀਆਂ ਮਾਨਸਿ ਸ਼ਕਤੀਆਂ ਦੇ ਵਿਕਾਸ ਨੂੰ ਸਹਾਇਤਾ ਦੇਣ ਦੀ ਥਾਂ ਉਸ ਵਿਚ ਰੋਕ ਪਾਵਾਂਗੇ। ਬੱਚੇ ਆਪਣੇ ਆਪ ਪੜ੍ਹਨ ਵਿਚ ਜਿੰਨੀ ਵੀ ਸੁਤੰਤਰਤਾ ਅਸੀਂ ਦਿੰਦੇ ਹਾਂ ਉੱਨਾ ਹੀ ਉਸ ਸੰਸਾਰ ਦਾ ਸੁਖੀ ਅਤੇ ਯੋਗ ਵਿਅਕਤੀ ਬਣਾਉਂਦੇ ਹਾਂ। ਜਿਹੜਾ ਵਿਅਕਤੀ ਕਿਸੇ ਵਿਸ਼ੇ ਪਰਕਾਰ ਦੇ ਨਿਸ਼ਾਨੇ ਨੂੰ ਮੁਖ ਰਖ ਕੇ ਸਿਖਿਅਤ ਕੀਤਾ ਜਾਂਦਾ ਹੈ ਉਸ ਨੂੰ ਨਾ ਤੇ ਆਪ ਆਪ ਕੋਈ ਫੁਰਨਾ ਫੁਰਦਾ ਹੈ ਅਤੇ ਨਾ ਕੋਈ ਉਸ ਦੀ ਸੁਤੰਤਰ ਵਿਚਾਰ ਬਨਾਉਣ ਸ਼ਕਤੀ ਰਹਿੰਦੀ ਹੈ। ਅਜਿਹਾ ਵਿਅਕਤੀ ਸਦਾ ਦੂਜਿਆਂ ਦੀ ਮਾਨਸਿਕ ਦਾਸਤਾ ਵਿ ਰਹਿੰਦਾ ਹੈ। ਉਸ ਵਿਚ ਆਪਣਾ ਜੀਵਨ-ਘੋਲ ਘੁਲਣ ਅਤੇ ਕਿਸੇ ਕੰਮ ਨੂੰ ਸਫ ਬਨਾਉਣ ਦਾ ਸ੍ਵੈ-ਵਿਸ਼ਵਾਸ਼ ਨਹੀਂ ਰਹਿੰਦਾ। ਅਜਿਹੇ ਵਿਅਕਤੀਆਂ ਦਾ ਸਮਾਜ, ਆਪ ਕੋਈ ਪਰਜਾਤੰਤਰ ਰਾਜ ਖੜਾ ਨਹੀਂ ਕਰ ਸਕਦਾ ਸਗੋਂ ਜਾਂ ਤੇ ਉਹ ਕਿਸੇ ਬਾਹਰ ਤਾਕਤ ਦਾ ਗੁਲਾਮ ਬਣਿਆ ਰਹਿੰਦਾ ਹੈ ਜਾਂ ਕਿਸੇ ਬਲਵਾਨ ਵਿਅਕਤੀ ਦੇ ਦਾਬੇ ਹੇ ਆ ਜਾਂਦਾ ਹੈ।

ਸਾਡੇ ਹੁਣ ਦੇ ਸਿਖਿਆ-ਢੰਗ ਸੁਤੰਤਰ ਨਾਗਰਿਕ ਨਹੀਂ ਬਣਾਉਂਦੇ। ਉਹ ਸਮੇਂ

ਵਿਚ ਅਜਿਹੀ ਮਨ-ਬਿਰਤੀ ਵਾਲੇ ਲੋਕਾਂ ਦੀ ਗਿਣਤੀ ਵਧਾਉਂਦੇ ਹਨ ਜਿਹੜੇ ਆਪਣੇ ਆਪ ਵਿਚ ਸ੍ਵੈ-ਵਿਸ਼ਵਾਸ਼ ਦੀ ਘਾਟ ਵੇਖ ਕਿਸੇ ਬਾਹਰਲੀ ਤਾਕਤ ਨੂੰ ਸੱਦਾ ਦਿੰਦੇ ਹਨ; ਦੂਜੇ ਵਿਅਕਤੀ ਦੀ ਹਕੂਮਤ ਵਿਚ ਹੀ ਆਪਣਾ ਭਲਾ ਲਭਦੇ ਹਨ। ਇਸ ਤਰ੍ਹਾਂ ਦੀ ਹਾਲਤ ਦਾ ਕਾਰਨ ਸਿਖਿਆ ਦੇ ਨਿਸ਼ਾਨੇ ਦਾ ਬਾਹਰੋਂ ਠੋਸਿਆ ਜਾਣਾ ਹੈ। ਜਦ ਰਾਸ਼ਟਰ ਦੇ ਸਿਖਿਆ ਪਰਬੀਨ ਸਿਖਿਆ ਦਾ ਵਿਸ਼ੇਸ਼ ਨਿਸ਼ਾਨਾ ਅੱਗੇ ਰਖਕੇ ਬੱਚਿਆਂ ਨੂੰ ਸਿਖਿਆ ਦਿੰਦੇ ਹਨ ਤਾਂ ਅਜਿਹੀ ਸਿਖਿਆ ਨਾਲ ਸੁਤੰਤਰ ਨਾਗਰਿਕਾਂ ਦੀ ਥਾਂ ਗੁਲਾਮ ਬੁਧੀ ਦੇ ਨਾਗਰਿਕਾਂ ਦਾ ਬਨਣਾ ਸੁਭਾਵਕ ਹੈ। ਜੇ ਕਿਸੇ ਸਿਖਿਆ-ਢੰਗ ਨਾਲ ਸੁਤੰਤਰ ਬੁਧੀ ਵਾਲੇ ਨਾਗਰਿਕ ਬਨਾਉਂਣੇ ਹਨ ਤਾਂ ਜ਼ਰੂਰੀ ਹੈ ਕਿ ਸਿਖਿਆ ਦਾ ਨਿਸ਼ਾਨਾ ਕਿਸੇ ਬਾਹਰਲੇ ਵਿਅਕਤੀ ਜਾਂ ਤਾਕਤ ਵਲੋਂ ਨਿਰਨਾ ਕਰਨ ਦੀ ਥਾਂ ਬੱਚਾ ਆਪ ਇਸਦਾ ਨਿਰਨਾ ਕਰੇ। ਇਸਦਾ ਅਰਥ ਇਹ ਹੈ ਕਿ ਸਿਖਿਆ ਦਾ ਨਿਸ਼ਾਨਾ ਅਟੁਟ ਹੋਣ ਦੀ ਥਾਂ ਬਦਲਦਾ ਰਹੇਗਾ ਅਤੇ ਉਹ ਵਰਤਮਾਨ ਸਮਾਜਿਕ ਅਤੇ ਬਾਹਰਲੀ ਹਾਲਤ ਦੇ ਅਨੁਸਾਰ ਹੋਵੇਗਾ। ਜਿਵੇਂ ਜਿਵੇਂ ਇਹ ਹਾਲਤ ਬਦਲਦੀ ਜਾਵੇਗੀ ਤਿਵੇਂ ਤਿਵੇਂ ਸਿਖਿਆ ਦਾ ਨਿਸ਼ਾਨਾ ਵੀ ਬਦਲਦਾ ਜਾਵੇਗਾ। ਇਸ ਨਿਸ਼ਾਨੇ ਦਾ ਇਕ ਗੁਣ ਇਹ ਹੋਵੇਗਾ ਕਿ ਵਿਅਕਤੀ ਦੀ ਸ਼ਕਤੀ ਦੇ ਵਿਕਾਸ ਲਈ ਪੂਰਨ ਅਵਸਰ ਮਿਲੇਗਾ। ਸਿਖਿਆ ਦਾ ਨਿਸ਼ਾਨਾ, ਬਚੇ ਨੂੰ ਭਵਿਖ ਦੇ ਕਿਸੇ ਖਾਸ ਤਰ੍ਹਾਂ ਦੇ ਜੀਵਨ ਲਈ ਤਿਆਰ ਕਰਨਾ ਨਹੀਂ ਸਗੋਂ ਉਸ ਨੂੰ ਵਰਤਮਾਨ ਸਮੇਂ ਵਿਚ ਪੂਰਨ ਵਿਕਾਸ ਦਾ ਅਵਸਰ ਦੇਣਾ ਹੈ। ਭਵਿਖ ਦਾ ਧਿਆਨ ਰਖਕੇ ਬੱਚੇ ਦੇ ਵਰਤਮਾਨ ਸਮੇਂ ਦੇ ਕੰਮਾਂ ਨੂੰ ਖਾਸ ਕਿਸਮ ਦਾ ਬਨਾਉਣਾ, ਉਸਦੇ ਵਿਕਾਸ ਨੂੰ ਸਹਾਇਤਾ ਦੇਣ ਦੀ ਥਾਂ ਰੋਕਣਾ ਹੈ। ਵਰਤਮਾਨ ਦੀ ਨੀਂਹ ਉਤੇ ਹੀ ਭਵਿਖ ਖੜਾ ਹੁੰਦਾ ਹੈ। ਇਸ ਲਈ ਭਵਿਖ ਨੂੰ ਸਾਹਮਣੇ ਰਖ ਵਰਤਮਾਨ ਹਾਲਤ ਵਿਚ ਪਬਦੀਲੀ ਲਿਆਉਣਾ ਭਵਿਖ ਨੂੰ ਚੰਗਾ ਬਨਾਉਣ ਦਾ ਐਡਾ ਚੰਗਾ ਉਪਾ ਨਹੀਂ ਜਿੰਨਾ ਕਿ ਵਰਤਮਾਨ ਦਾ ਸੁਧਾਰ ਕਰਨਾ। ਜੇ ਬੱਚੇ ਦੀ ਸਿਖਿਆ ਦਾ ਵਰਤਮਾਨ ਕਾਲ ਠੀਕ ਨਾਲ ਬਤੀਤ ਹੋਇਆ ਤਾਂ ਉਸ ਦਾ ਭਵਿਖ ਵੀ, ਜ਼ਰੂਰੀ ਹੈ, ਠੀਕ ਹੋਵੇਗਾ। ਸਾਡੇ ਸਿਖਿਆ-ਵਿਦਵਾਨਾਂ ਨੂੰ ਭਵਿੱਖ ਵਿਚ ਰਹਿਣ,ਦੀ ਜਿਵੇਂ ਆਦਤ ਜਹੀ ਪੈ ਗਈ ਹੈ। ਇਸਦੇ ਕਾਰਨ ਉਹ ਬਚਿਆਂ ਨੂੰ ਪੂਰੀ ਤਰ੍ਹਾਂ ਨਾਲ ਵਰਤਮਾਨ ਕਾਲ ਵਿਚ ਰਹਿਣ ਹੀ ਨਹੀਂ ਦਿੰਦੇ। ਡਯੂਵੀ ਅਨੁਸਾਰ ਸਿਖਿਆ ਜੀਵਨ ਦੀ ਤਿਆਰੀ ਨਹੀਂ ਹੈ ਸਗੋਂ ਸਿਖਿਆ ਹੀ ਜੀਵਨ ਹੈ। ਸਿਖਿਆ ਦਾ ਨਿਸ਼ਾਨਾ, ਬੱਚੇ ਦੇ ਆਉਣ ਵਾਲੇ ਜੀਵਨ ਲਈ ਤਿਆਰ ਕਰਨ ਦੀ ਥਾਂ ਉਸ ਨੂੰ ਚੰਗੀ ਤਰ੍ਹਾਂ ਨਾਲ ਵਰਤਮਾਨ ਸਮੇਂ ਵਿਚ ਪੜ੍ਹਨ ਦੇਣਾ, ਹੋਣਾ ਚਾਹੀਦਾ ਹੈ।

ਹੁਣ ਪ੍ਰਸ਼ਨ ਇਹ ਹੈ ਕਿ ਜੇ ਸਿਖਿਆ ਦਾ ਨਿਸ਼ਾਨਾ ਬੱਚੇ ਦੀ ਉੱਨਤੀ ਕਰਨਾ ਅਤੇ ਸ਼ਕਤੀਆਂ ਨੂੰ ਵਿਕਸਤ ਕਰਨਾ ਹੈ ਤਾਂ ਅਸੀਂ ਕਿਸ ਤਰ੍ਹਾਂ ਇਨ੍ਹਾਂ ਨੂੰ ਵਿਕਸਤ ਕਰੀਏ. ਅਸੀਂ ਬੱਚੇ ਦੇ ਕਿਹੜੇ ਕੰਮ ਨੂੰ ਉਸਦੀ ਉੱਨਤੀ ਦਾ ਨਿਸ਼ਾਨ ਸਮਝੀਏ ਅਤੇ ਕਿਹੜੇ ਨੂੰ ਗਿਰਾਵਟ ਦਾ। ਇਸਦੇ ਉਤਰ ਵਿਚ ਡਯੂਵੀ ਦਾ ਕਹਿਣਾ ਹੈ ਉਨਤੀ ਕਰਨ ਵਾਲਾ ਵਿਅਕਤੀ ਸਮਾਜ ਲਈ ਲਾਭਕਾਰੀ ਹੁੰਦਾ ਹੈ। ਉਸ ਦੇ ਰਾਹੀਂ ਯੋਗ ਸਮਾਜ ਦੀ ਉਸਾਰੀ ਹੁੰਦੀ ਹੈ। ਬਚੇ ਦੇ ਉਨ੍ਹਾਂ ਕੰਮਾਂ ਨੂੰ ਉਸਦੇ ਵਾਧੇ ਦਾ ਸੂਚਕ ਮੰਨਿਆ ਜਾਵੇ ਜਿਹੜੇ ਯੋਗ ਸਮਾਜ ਨੂੰ ਕਾਇਮ ਰੱਖਣ ਜਾਂ ਬਨਾਉਣ ਵਿਚ ਸਹਾਈ ਹੋਣ। ਡਯੂਵੀ ਦੇ ਕਰਨ ਅਨੁਸਾਰ ਯੋਗ ਸਮਾਜ ਉਹ ਸਮਾਜ ਹੈ ਜਿਸ ਵਿਚ ਹਰ ਵਿਅਕਤੀ ਨੂੰ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਵਿਕਸਤ ਕਰਨ ਦੀ ਸਹੂਲਤ ਹੋਵੇ। ਜਿਹੜਾ ਸਮਾਜ ਪਰੰਪਰਾ ਵਾਦੀ ਹੁੰਦਾ ਹੈ ਉਸ ਵਿਚ ਹਰ ਵਿਅਕਤੀ ਦੀ ਆਪਣੀ ਉੱਨਤੀ

ਲਈ ਸਹੂਲਤਾਂ ਨਹੀਂ ਹੁੰਦੀਆਂ। ਜਿੱਥੇ ਜਾਤ-ਪਾਤ; ਊਚ-ਨੀਚ, ਅਮੀਰ ਗਰੀਬ ਦੇ ਭਾਵ ਬਹੁ ਜ਼ਿਆਦਾ ਹੁੰਦੇ ਹਨ ਉੱਥੇ ਵਿਅਕਤੀ ਦੀਆਂ ਲੋੜਾਂ ਅਤੇ ਉਨ੍ਹਾਂ ਦੀ ਉੱਨਤੀ ਲਈ ਸਹੂਲਤ ਵਲ ਧਿਆਨ ਨਹੀਂ ਦਿੱਤਾ ਜਾਂਦਾ। ਸਾਰਾ ਸਮਾਜ ਜਿਵੇਂ ਕਿਸੇ ਖਾਸ ਸ਼੍ਰੇਣੀ ਦੇ ਲੋਕਾਂ ਲਈ ਹੀ ਜੀਊਂਦਾ ਹੈ। ਅਜਿਹਾ ਸਮਾਜ ਫਾਸਿਜ਼ਮ ਅਤੇ ਤਾਨਾ ਸ਼ਾਹੀ ਦੀ ਪਾਲਣਾ ਕਰਨ ਵਾ ਹੁੰਦਾ ਹੈ। ਅਜਿਹੇ ਸਮਾਜ ਵਿਚ ਗੁਲਾਮਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਵਿਅਕਤੀ ਵਿਕਾਸ ਨੂੰ ਪੂਰਾ ਅਵਸਰ ਦੇਣ ਵਾਲਾ ਸਮਾਜ ਪਰਜਾ ਤੰਤਰ ਵਾਦੀ ਸਮਾਜ ਹੈ ਸੱਚੇ ਪਰਜਾ ਤੰਤਰਵਾਦੀ ਸਮਾਜ ਵਿਚ ਵਿਅਕਤੀ ਨੂੰ ਆਪਣੀ ਉੱਨਤੀ ਲਈ ਪੂ ਅਵਸਰ ਮਿਲਦਾ ਹੈ। ਸਮਾਜਿਕ ਰਿਵਾਜ ਉਸਨੂੰ ਬਨ੍ਹਕੇ ਨਹੀਂ ਰਖਦੇ। ਉਹ ਜਿਨ੍ਹਾਂ ਲੋਕਾਂ ਨਾ ਮਿਤਰਤਾ ਅਤੇ ਵਿਆਹ ਦੇ ਸਬੰਧ ਬਨਾਉਣ ਚਾਹੁੰਦਾ ਹੈ ਬਣਾ ਲੈਂਦਾ ਹੈ ਅਤੇ ਆਪਣੀ ਇ ਅਤੇ ਸਹੂਲਤ ਅਨੁਸਾਰ ਆਪਣੇ ਪੇਸ਼ੇ ਨੂੰ ਬਦਲ ਲੈਂਦਾ ਹੈ। ਰਾਜ ਉਸਦੀ ਸੁਤੰਤਰਤਾ ਵਿ ਉਦੋਂ ਤਕ ਕੋਈ ਰੋਕ ਨਹੀਂ ਪਾਉਂਦਾ ਜਦ ਤਕ ਉਹ ਦੂਸਰਿਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ।

**ਰੁਚੀਆਂ ਦਾ ਵਿਕਾਸ:** ਡਯੂਵੀ ਦਾ ਕਥਨ ਹੈ ਕਿ ਬੱਚੇ ਦੀ ਸਿਖਿਆ ਉ ਦੀਆਂ ਰੁਚੀਆਂ ਅਨੁਸਾਰ ਹੋਣੀ ਚਾਹੀਦੀ ਹੈ। ਬਾਲਕ ਦੀਆਂ ਰੁਚੀਆਂ ਸੁਭਾਵਕ ਹੀ ਵਿਕ ਹੁੰਦੀਆਂ ਹਨ। ਸਿਖਿਆ ਰੁਚੀਆਂ ਦੇ ਇਸ ਕੁਦਰਤੀ ਵਿਕਾਸ ਵਿਚ ਸਹਾਇਤਾ ਦਿੰਦੀ ਹੈ ਬੱਚੇ ਦੀਆਂ ਪਹਿਲੇ ਪਹਿਲ ਰੁਚੀਆਂ ਆਪਣੇ ਸਰੀਰ ਨੂੰ ਸੁਖ ਦੁਖ ਦੇਣ ਵਾਲੀਆਂ ਚੀਜ਼ਾਂ ਤ ਹੀ ਸੀਮਤ ਹੁੰਦੀਆਂ ਹਨ। ਉਹ ਉਨ੍ਹਾਂ ਚੀਜ਼ਾਂ ਵਲ ਵਧੇਰੇ ਖਿੱਚਿਆ ਜਾਂਦਾ ਹੈ ਜਿਹੜੀ ਉਸ ਦੀ ਭੁਖ ਅਤੇ ਤਿਹ ਨੂੰ ਮਿਟਾਉਣ। ਇਸ ਪਿਛੋਂ ਉਹ ਆਪਣੀ ਖੇਲ ਦੀਆਂ ਚੀਜ਼ਾਂ ਵਿ ਰੁਚੀ ਰੱਖਣ ਲੱਗ ਪੈਂਦਾ ਹੈ। ਇਸੇ ਤਰ੍ਹਾਂ ਹੌਲੀ ਹੌਲੀ ਉਹ ਬਾਲ–ਸਮਾਜ ਅਤੇ ਵੱਡੇ ਲੋਕਾਂ ਸਮਾਜ ਵਿਚ ਰੁਚੀ ਵਿਖਾਉਂਦਾ ਹੈ। ਇਸੇ ਤਰ੍ਹਾਂ ਉਸਦੀ ਰੁਚੀ ਦਾ ਵਿਸਥਾਰ ਸੰਸਾਰ ਦੇ ਸ ਪਦਾਰਥਾਂ ਵਲ ਹੋ ਜਾਂਦਾ ਹੈ। ਉਹ ਇਤਿਹਾਸ, ਭੂਗੋਲ, ਗਣਿਤ, ਜੋਤਸ਼, ਅਰਥ ਸ਼ਾਸਤ ਰਸਾਇਣ ਸ਼ਾਸਤਰ, ਅਤੇ ਹੋਰ ਵਿਸ਼ਿਆਂ ਦੀ ਜਾਣਕਾਰੀ ਵਧਾਉਣ ਦੀ ਇੱਛਾ ਕਰਦਾ ਹੈ ਜਿਵੇਂ ਜਿਵੇਂ ਬੱਚੇ ਦੀਆਂ ਰੁਚੀਆਂ ਵਿਕਸਤ ਹੁੰਦੀਆਂ ਹਨ, ਉਸਦੇ ਮਨ ਵਿਚ ਨਵੀ ਨਵੀਆਂ ਸਮੱਸਿਆਵਾਂ ਆਉਂਦੀਆਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲ ਬਾਲਕ ਆਪਣੇ ਗਿਆਨ ਵਿਚ ਵਾਧਾ ਕਰਨਾ ਲੋਚਦਾ ਹੈ। ਉਹ ਬੜੀ ਲਗਣ ਨਾਲ ਨਵੀ ਵਿਦਿਆਵਾਂ ਨੂੰ ਪੜ੍ਹਦਾ ਹੈ। ਜਿਹੜਾ ਗਿਆਨ ਬਾਲਕ ਨੂੰ ਉਸਦੀ ਸਮੱਸਿਆ ਹੱਲ ਕ ਬਾਰੇ ਦਿੱਤਾ ਜਾਂਦਾ ਹੈ, ਅਰਥਾਤ ਜਿਹੜਾ ਗਿਆਨ ਬਾਲਕ ਆਪ ਖੋਜ ਕੇ ਪਰਾਪਤ ਕਰਦਾ ਹੈ ਉਹ ਤਜਰਬੇ ਉਤੇ ਉਸਰਿਆ ਹੋਣ ਕਰਕੇ ਠੋਸ ਗਿਆਨ ਹੁੰਦਾ ਹੈ। ਅਜਿਹੇ ਗਿਆਨ ਨੂੰ ਬਾ ਜਲਦੀ ਨਾਲ ਨਹੀਂ ਗੁਆ ਲੈਂਦਾ।

ਸਮੱਸਿਆਵਾਂ ਨੂੰ ਹਲ ਕਰਨ ਲਈ ਜਿਹੜਾ ਗਿਆਨ ਕੰਮ ਆਉਂਦਾ ਹੈ ਉਹ ਸ਼ਬਦੀ ਗਿਆਨ ਨਹੀਂ ਹੁੰਦਾ ਸਗੋਂ ਅਸਲ ਹੱਡ ਵਰਤਿਆ ਗਿਆਨ ਹੁੰਦਾ ਹੈ ਜਿਹੜਾ ਗਿਆਨ ਬਾਲਕ ਦੂਸਰਿਆਂ ਕੋਲੋਂ ਆਪਣੀ ਇੱਛਾ ਦੇ ਵਿਰੁਧ ਲੈਂਦਾ ਹੈ ਅ ਜਿਸ ਵਿਚ ਰੁਚੀ ਨਾ ਹੁੰਦਿਆਂ ਉਹ ਪ੍ਰਾਪਤ ਕਰਦਾ ਹੈ, ਉਹ ਬੱਚੇ ਦਾ ਕੋਈ ਮੌਲਿਕ ਉਪਕ ਨਹੀਂ ਕਰਦਾ। ਉਹ ਨਿਰਾ ਸ਼ਬਦੀ ਗਿਆਨ ਰਹਿੰਦਾ ਹੈ। ਅਜਿਹਾ ਗਿਆਨ ਬਾਲਕ ਨਵੀਂ ਹਾਲਤ ਵਿਚ ਪੈਦਾ ਹੋ ਜਾਣ ਵਾਲੀਆਂ ਸਮਸਿਆਵਾਂ ਨੂੰ ਹਲ ਕਰਨ ਵਿਚ ਸਹਾਇ

ਨਹੀਂ ਦਿੰਦਾ। ਪਰ ਜਿਹੜਾ ਗਿਆਨ ਬੱਚਾ ਆਪਣੀਆਂ ਸਮੱਸਿਆਵਾਂ ਨੂੰ ਹਲ ਕਰਨ ਲਈ ਖੋਜ ਕੇ ਪਰਾਪਤ ਕ-ਦਾ ਹੈ ਉਹ ਉਸ ਅੰਦਰ ਵੱਸ ਗਿਆ ਹੁੰਦਾ ਹੈ ਅਤੇ ਨਵੀਆਂ ਸਮੱਸਿਆਵਾਂ ਨੂੰ ਹਲ ਕਰਨ ਲਈ ਵੀ ਕੰਮ ਆਉਂਦਾ ਹੈ।

ਬਾਲਕ ਸਿਖਿਆ ਦੇ ਸਮੇਂ ਕਈ ਤਰ੍ਹਾਂ ਦੇ ਕੰਮ ਕਰਦੇ ਹਨ। ਇਹ ਕੰਮ ਸਾਧਾਰਨ ਤੌਰ ਤੇ ਕੀਤੇ ਜਾਂਦੇ ਹਨ ਜਾਂ ਫਿਰ ਸਿਖਿਆ ਦੀ ਲੋੜ ਅਨੁਸਾਰ ਸਾਡੇ ਸਧਾਰਨ ਸਕੂਲਾਂ ਵਿਚ ਬਾਲਕ ਦੇ ਸੁਤੰਤਰ ਸੋਚਨ ਅਤੇ ਆਪਣੇ ਆਪ ਗਲਾਂ ਫੁਰਨ ਲਈ ਕੋਈ ਥਾਂ ਨਹੀਂ। ਇਸਦੇ ਸਿੱਟੇ ਵਜੋਂ ਬੱਚੇ ਨੂੰ ਦੂਸਰੇ ਉਤੇ ਭਰੋਸਾ ਕਰਨ ਦੀ ਆਦਤ ਪੈ ਜਾਂਦੀ ਹੈ ਅਤੇ ਉਸ ਵਿਚ ਸ੍ਵੈ-ਵਿਸ਼ਵਾਸ ਦਾ ਖਾਤਮਾ ਹੋ ਜਾਂਦਾ ਹੈ। ਇਹੋ ਕਾਰਨ ਹੈ ਕਿ ਕਦੇ ਕਦੇ ਅਨਪੜ੍ਹ ਆਦਮੀ ਦੇ ਟਾਕਰੇ ਤੇ ਪੜ੍ਹੇ ਲਿਖੇ ਵਧੇਰੇ ਨਿਕੰਮੇ ਸਿੱਧ ਹੁੰਦੇ ਹਨ। ਉਨ੍ਹਾਂ ਵਿਚ ਆਪਣੇ ਦਿਮਾਗ ਨਾਲ ਸੋਚਨ ਦੀ ਆਦਤ ਨਹੀਂ ਹੁੰਦੀ। ਜਦੋਂ ਬੱਚਾ ਆਪਣੀਆਂ ਸਮੱਸਿਆਵਾਂ ਨੂੰ ਹਲ ਕਰਨ ਦਾ ਰਾਹ ਆਪ ਖੋਜਦਾ ਹੈ ਅਤੇ ਪਾਠਸ਼ਾਲਾ ਦੇ ਅਨੇਕ ਕੰਮਾਂ ਨੂੰ ਸਿਖਿਆ ਦੀ ਸਹਾਇਤਾ ਬਿਨਾ ਆਪਣੇ ਆਪ ਕਰਦਾ ਹੈ ਤਾਂ ਉਸ ਵਿਚ ਸ੍ਵੈ-ਵਿਸ਼ਵਾਸ ਆਉਂਦਾ ਹੈ। ਇਹ ਸ੍ਵੈ-ਵਿਸ਼ਵਾਸ ਜਦ ਆਦਤ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਮਨੁਖ ਨਵੀਂ ਹਾਲਤ ਵਿਚ ਪੈ ਜਾਣ ਨਾਲ ਘਬਰਾਉਂਦਾ ਨਹੀਂ, ਉਸ ਨੂੰ ਵਿਸ਼ਵਾਸ ਰਹਿੰਦਾ ਹੈ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣੀਆਂ ਸਮੱਸਿਆਵਾਂ ਨੂੰ ਹਲ ਕਰ ਹੀ ਲਵੇਗਾ। ਸ੍ਵੈ-ਵਿਸ਼ਵਾਸ ਪੈਦਾ ਕਰਨਾ ਸਿਖਿਆ ਦੀ ਸਭ ਤੋਂ ਉੱਚੀ ਦੇਣ ਹੈ।

**ਅਮਲੀ ਗੁਣਾਂ ਵਿਚ ਵਾਧਾ :—** ਡਯੂਵੀ ਨੇ ਬਚਿਆਂ ਨੂੰ ਅਜਿਹੀ ਸਿਖਿਆ ਦੇਣ ਲਈ ਕਿਹਾ ਹੈ ਜਿਸ ਨੂੰ ਉਹ ਆਪ ਲੋੜੀਂਦਾ ਸਮਝਣ, ਅਰਥਾਤ ਜਿਹੜੀ ਉਨ੍ਹਾਂ ਦੀਆਂ ਅਮਲੀ ਔਕੜਾਂ ਨੂੰ ਹਲ ਕਰਨ ਦੇ ਕੰਮ ਆਵੇ। ਇਸ ਤਰ੍ਹਾਂ ਦੀ ਸਿਖਿਆ ਨਾ ਸਿਰਫ ਬਚਿਆਂ ਦੇ ਜੀਵਨ ਲਈ ਲਾਭਦਾਇਕ ਹੁੰਦੀ ਹੈ ਸਗੋਂ ਉਨ੍ਹਾਂ ਨੂੰ ਬਾਲਗ ਉਮਰ ਦੀਆਂ ਜ਼ਿਮੇਵਾਰੀਆਂ ਨੂੰ ਸੰਭਾਲਣ ਲਈ ਵੀ ਤਿਆਰ ਕਰਦੀ ਹੈ। ਜਿਸ ਸਿਖਿਆ ਨਾਲ ਬੱਚੇ ਨੂੰ ਨਾ ਅਮਲੀ ਜੀਵਨ ਵਿਚ ਲਾਭ ਹੋਵੇ ਅਤੇ ਨਾ ਬਾਲਗ ਉਮਰ ਵਿਚ ਕੰਮ ਆਵੇ ਉਹ ਸਿਖਿਆ ਡਯੂਵੀ ਅਨੁਸਾਰ ਬਿਅਰਥ ਮੰਨੀ ਗਈ ਹੈ। ਇਸ ਦ੍ਰਿਸ਼ਟੀ ਨਾਲ ਭਾਰਤ ਵਰਸ਼ ਦੀਆਂ ਮੁਢਲੀਆਂ ਜਮਾਤਾਂ ਵਿਚ ਬਚਿਆਂ ਨੂੰ ਚਾਲਦੀਆਂ, ਅਸੀਰੀਆ, ਅਤੇ ਪ੍ਰਾਚੀਨ ਮਿਸਰ ਦੀਆਂ ਸਭਿੱਤਾਵਾਂ ਦੇ ਪਾਠ ਪੜ੍ਹਾਉਣਾ ਵਿਅਰਥ ਹੀ ਨਹੀਂ ਸਗੋਂ ਹਾਨੀ ਕਾਰਕ ਹੈ। ਜਿਨ੍ਹਾਂ ਬਚਿਆਂ ਨੂੰ ਮਾਤ-ਬੋਲੀ ਦਾ ਗਿਆਨ ਨਹੀਂ ਹੈ, ਉਨ੍ਹਾਂ ਨੂੰ ਪੁਰਾਣੀ ਬੋਲੀ ਵਿਚ ਪੰਡਤ ਬਨਾਉਣਾ, ਜਾਂ ਕਿਸੇ ਵਿਦੇਸ਼ੀ ਬੋਲੀ ਵਿਚ ਪਰਬੀਨ ਬਨਾਉਣ ਦਾ ਯਤਨ ਕਰਨਾ, ਉਨ੍ਹਾਂ ਦੇ ਮਾਨਸਿਕ ਵਿਕਾਸ ਨੂੰ ਹਾਨੀ ਪਹੁੰਚਾਉਣਾ ਹੈ। ਅਜਿਹੇ ਬਾਲਗ ਨਿਕੰਮੇ ਨਾਗਰਿਕ ਹੁੰਦੇ ਹਨ। ਉਹ ਆਪਣਾ ਭਾਰ ਆਪ ਨਹੀਂ ਚੁਕ ਸਕਦੇ। ਅਜਿਹੇ ਵਿਅਕਤੀ ਦੂਜਿਆਂ ਉਤੇ ਅਮਰ ਵੇਲ ਵਾਂਗ ਪਲਦੇ ਰਹਿੰਦੇ ਹਨ। ਡਯੂਵੀ ਅਜਿਹੀ ਫਿਲਾਸਫੀ ਅਤੇ ਵਿਗਿਆਨ ਦੀ ਸਿਖਿਆ ਨੂੰ ਵਿਅਰਥ ਮਨਦਾ ਹੈ ਜਿਹੜੀ ਅਮਲੀ ਜੀਵਨ ਵਿਚ ਕੰਮ ਹੀ ਨਾ ਆਵੇ। ਸਾਡੇ ਕਿੰਨੇ ਹੀ ਹੋਣਹਾਰ ਗਭਰੂ ਰਸਾਇਣ ਸ਼ਾਸਤਰ ਦਾ ਪੂਰਨ ਗਿਆਨ ਪ੍ਰਾਪਤ ਕਰ ਲੈਂਦੇ ਹਨ ਪਰ ਉਨ੍ਹਾਂ ਦਾ ਰਸਾਇਣ ਸ਼ਾਸਤਰ ਦਾ ਗਿਆਨ ਉਨ੍ਹਾਂ ਨੂੰ ਰੋਟੀ ਕਮਾਉਣ ਵਿਚ ਕੋਈ ਸਹਾਇਤਾ ਨਹੀਂ ਦਿੰਦਾ। ਇਸੇ ਤਰ੍ਹਾਂ ਕਿੰਨੇ ਹੀ ਡਾਕਟਰ ਪੰਜ ਛੇ ਸਾਲ ਡਾਕਟਰੀ ਸਿਖਿਆ ਲੈ ਕੇ ਵੀ ਸਧਾਰਨ ਰੋਗਾਂ ਦੀ ਪਛਾਣ ਅਤੇ ਉਚਿਤ ਇਲਾਜ ਨਹੀਂ ਕਰ ਸਕਦੇ। ਇਸ ਲਈ ਉਨ੍ਹਾਂ ਨੂੰ ਹੋਰ ਤਜਰਬੇ

ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਦੀ ਸਿਖਿਆ ਨੂੰ ਡਯੂਵੀ ਅਧੂਰੀ ਸਿਖਿਆ ਜਾਂ ਵਿਅਰਥ ਸਿਖਿਆ ਮੰਨਦਾ ਹੈ। ਸੱਚੀ ਸਿਖਿਆ ਉਹ ਹੈ ਜਿਹੜੀ ਬੱਚੇ ਨੂੰ ਆਪਣੇ ਅਨੁਭਵ ਰਾਹੀਂ ਪਰਾਪਤ ਹੁੰਦੀ ਹੈ, ਅਰਥਾਤ ਜਿਹੜੀ ਉਸ ਨੂੰ ਅਮਲੀ ਔਕੜਾਂ (ਸਮੱਸਿਆਵਾਂ) ਹਲ ਕਰਦਿਆਂ ਮਿਲਦੀ ਹੈ ਅਤੇ ਜਿਹੜੀ ਉਸ ਨੂੰ ਅਮਲੀ ਜੀਵਨ ਵਿਚ ਸਿਆਣਾ ਬਣਾਉਂਦੀ ਹੈ।

ਡਯੂਵੀ ਸਕੂਲ ਦੀ ਸਿਖਿਆ ਅਤੇ ਸਕੂਲ ਤੋਂ ਬਾਹਰ ਦੀ ਸਿਖਿਆ ਦਾ ਫਰਕ ਮਿਟਾ ਦੇਣਾ ਚਾਹੁੰਦਾ ਹੈ। ਜਿਸ ਤਰ੍ਹਾਂ ਬੱਚਾ ਘਰ ਵਿਚ ਅਤੇ ਸਮਾਜ ਵਿਚ ਸਿਖਿਅਤ ਹੁੰਦਾ ਹੈ ਉਸੇ ਤਰ੍ਹਾਂ ਉਸ ਨੂੰ ਸਕੂਲ ਵਿਚ ਵੀ ਸਿਖਿਅਤ ਕਰਨਾ ਚਾਹੁੰਦਾ ਹੈ। ਉਹ ਸਕੂਲ ਨੂੰ ਇਕ ਅਜਿਹੀ ਦੁਨੀਆਂ ਬਣਾ ਦੇਣਾ ਚਾਹੁੰਦਾ ਹੈ ਜਿਸ ਵਿਚ ਬੱਚੇ ਨੂੰ ਉਹੋ ਅਨੁਭਵ ਸੁਤੰਤਰਤਾ ਨਾਲ ਪਰਾਪਤ ਹੋਣ ਜਿਹੜੇ ਉਸ ਨੂੰ ਬਾਹਰਲੀ ਦੁਨੀਆਂ ਤੋਂ ਮਿਲਦੇ ਹਨ। ਸਕੂਲ ਅਤੇ ਬਾਹਰਲੀ ਦੁਨੀਆਂ ਦਾ ਫਰਕ ਡਯੂਵੀ ਮਿਟਾ ਦੇਣਾ ਚਾਹੁੰਦਾ ਹੈ। ਜਿਨ੍ਹਾਂ ਤਰੀਕਿਆਂ ਨਾਲ ਇਕ ਸਧਾਰਨ ਵਿਅਕਤੀ ਆਪਣੀ ਸਮੱਸਿਆਵਾਂ ਹੱਲ ਕਰਦਾ ਹੈ ਉਨ੍ਹਾਂ ਹੀ ਤਰੀਕਿਆਂ ਨਾਲ ਉਹ ਬਾਲਕ ਵਿਚ ਆਪਣੀਆਂ ਔਕੜਾਂ ਹਲ ਕਰਨ ਦੀ ਯੋਗਤਾ ਪੈਦਾ ਕਰਨ ਦਾ ਉਪਦੇਸ਼ ਦੇਂਦਾ ਹੈ। ਇਸ ਤਰ੍ਹਾਂ ਉਹ ਬੱਚੇ ਦੀ ਸਮੁਚੀ ਸਿਖਿਆ ਨੂੰ ਅਮਲੀ ਬਣਾ ਦੇਣਾ ਚਾਹੁੰਦਾ ਹੈ।

## 'ਅਮਲੀਪੁਣੇ' ਦਾ ਪਾਠ-ਕਰਮ ਅਤੇ ਸਿਖਿਆ ਢੰਗ ਉਤੇ ਪ੍ਰਭਾਵ:

ਡਯੂਵੀ ਦੇ ਵਿਚਾਰਾਂ ਨੇ ਸਿਖਿਆ ਦੀ ਚਾਲ ਢਾਲ ਵਿਚ ਹਿਲਜੁਲ ਪੈਦਾ ਕਰ ਦਿਤੀ ਹੈ। ਉਨ੍ਹਾਂ ਨੇ ਬੱਚੇ ਦੀ ਸਿਖਲਾਈ ਦੇ ਇਕ ਨਵੇਂ ਢੰਗ ਦੀ ਕਾਢ ਕਢੀ ਹੈ। ਇਸ ਢੰਗ ਨੂੰ 'ਪ੍ਰਾਜੈਕਟ ਮੈਥਡ' ਆਖਦੇ ਹਨ। ਇਸ ਢੰਗ ਵਿਚ ਬੱਚੇ ਦੀ ਸਿਖਿਆ ਉਸ ਦੀਆਂ ਸਮੱਸਿਆਵਾਂ ਹਲ ਕਰਨ ਦੇ ਹੀਲਿਆਂ ਦੇ ਨਾਲ ਨਾਲ ਹੁੰਦੀ ਹੈ। ਇਸ ਤਰ੍ਹਾਂ ਬੱਚਾ ਸਿਖਿਆ ਦੇਣ ਵਾਲੇ ਤੋਂ ਉੱਨੀ ਹੀ ਸਹਾਇਤਾ ਲੈਂਦਾ ਹੈ ਜਿੱਨੀ ਉਹ ਲੋੜੀਂਦੀ ਸਮਝਦਾ ਹੈ। ਸਿਖਿਆ ਦੇਣ ਵਾਲਾ ਬਾਲਕਾਂ ਦੀਆਂ ਸਧਾਰਨ ਸਮੱਸਿਆਵਾਂ ਦਾ ਅਧਿਅਨ ਕਰਦਾ ਹੈ ਅਤੇ ਉਨ੍ਹਾ ਦੇ ਮਾਨਸਿਕ ਵਿਕਾਸ ਅਨੁਸਾਰ ਹਰ ਜਮਾਤ ਦੇ ਬਚਿਆਂ ਲਈ ਕੁਝ ਸਮੱਸਿਆਵਾਂ ਅਰਥਾਤ ਪ੍ਰਾਜੈਕਟਸ ਪਹਿਲਾਂ ਹੀ ਸੋਚ ਰਖਦਾ ਹੈ। ਬੱਚੇ ਆਪਣੀ ਸੋਖ ਨਾਲ ਉਨ੍ਹਾਂ ਸਮੱਸਿਆਵਾਂ ਨੂੰ ਹਲ ਕਰਦੇ ਹਨ।

ਪ੍ਰਾਜੈਕਟ ਢੰਗ ਨਾਲ ਪੜ੍ਹਨ ਵਾਲੇ ਬੱਚੇ, ਇਤਿਹਾਸ, ਭੂਗੋਲ, ਗਣਿਤ ਆਦਿ ਵਿਸ਼ੇ ਵਖ ਵਖ ਨਹੀਂ ਪੜ੍ਹਦੇ। ਉਹ ਇਨ੍ਹਾਂ ਵਿਸ਼ਿਆਂ ਦਾ ਉਤਨਾ ਹੀ ਗਿਆਨ ਪਰਾਪਤ ਕਰਨ ਦੀ ਲਾਲਸਾ ਰਖਦੇ ਹਨ ਜਿੰਨਾ ਉਨ੍ਹਾਂ ਨੂੰ ਆਪਣੀ ਅਮਲੀ ਸਮੱਸਿਆ ਨੂੰ ਹੱਲ ਕਰਨ ਲਈ ਲੋੜੀਂਦਾ ਹੈ। ਇਸ ਢੰਗ ਦਾ ਅੱਗੇ ਚਲ ਕੇ ਅਸੀਂ ਵਿਸਥਾਰ ਨਾਲ ਵਰਣਨ ਕਰਾਂਗੇ।

## ਡਯੂਵੀ ਦੇ ਸਿਧਾਂਤ ਦੀ ਅਲੋਚਨਾ

ਡਯੂਵੀ ਨੇ ਸਿਖਿਆ ਦੇ ਕੰਮ ਨੂੰ ਸਹਿਲ ਬਨਾਉਣ ਦਾ ਭਰਪੂਰ ਯਤਨ ਕੀਤਾ ਹੈ। ਉਨ੍ਹਾਂ ਦੀ ਸਿਖਿਆ ਵਿਧੀ ਵਿਚ ਸਿਖਿਆ ਦੇਣ ਵਾਲੇ ਦਾ ਕੰਮ ਕੁਝ ਔਖਾ ਭਾਵੇਂ ਹੋ ਜਾਵੇ ਪਰ ਵਿਦਿਆਰਥੀ ਦਾ ਕੰਮ ਸੌਖਾ ਅਤੇ ਪਿਆਰਾ ਹੋ ਜਾਂਦਾ ਹੈ। ਜਦ ਬੱਚਾ ਆਪਣੀ ਰੁਚੀ ਦੇ ਕੰਮ ਵਿਚ ਲਗਦਾ ਹੈ ਤਾਂ ਉਹ ਕੰਮ ਕਿੰਨਾ ਹੀ ਔਖਾ ਕਿਉਂ ਨਾ ਹੋਵੇ, ਉਸ ਨੂੰ ਸੌਖਾ ਹੀ ਪਰਤੀਤ ਹੋਵੇਗਾ। ਆਪਣੇ ਉਦੇਸ਼ ਨੂੰ ਪਰਾਪਤ ਕਰਨ ਲਈ ਜਿਹੜੀ ਮਿਹਨਤ ਕਿਸੇ

ਵਿਅਕਤੀ ਨੂੰ ਕਰਨੀ ਪੈਂਦੀ ਹੈ ਉਸ ਨਾਲ ਉਹ ਥਕਦਾ ਨਹੀਂ। ਬੱਚਾ ਜਦ ਆਪਣੀ ਰੁਚੀ ਅਨੁਸਾਰ ਪਾਠ ਵਿਸ਼ੇ ਨੂੰ ਪੜ੍ਹਦਾ ਹੈ ਤਾਂ ਉਸ ਦਾ ਧਿਆਨ ਉਸ ਵਿਚ ਲਗਦਾ ਹੈ, ਨਹੀਂ ਤਾਂ ਉਹ ਪੜ੍ਹਾਈ ਵਿਚ ਬੇਦਿਲਾ ਹੋ ਜਾਂਦਾ ਹੈ। ਜਦ ਬੱਚੇ ਦੀ ਕਿਸੇ ਵਿਸ਼ੇ ਵਿਚ ਰੁਚੀ ਹੁੰਦੀ ਹੈ ਤਾਂ ਉਹ ਉਸ ਬਾਰੇ ਘੜੀ ਮੁੜੀ ਸੋਚਦਾ ਹੈ। ਇਸ ਤਰ੍ਹਾਂ ਕਿਸੇ ਵਿਸ਼ੇ ਨੂੰ ਘੜੀ ਮੁੜੀ ਸੋਚਣ ਨਾਲ, ਉਹ ਠੀਕ ਤਰ੍ਹਾਂ ਯਾਦ ਹੋ ਜਾਂਦਾ ਹੈ। ਇਸ ਢੰਗ ਨਾਲ ਪੜ੍ਹਾਉਣ ਨਾਲ ਬੱਚੇ ਦੀ ਯਾਦ ਸ਼ਕਤੀ ਉਤੇ ਬੇਲੋੜਾ ਬੋਝ ਨਹੀਂ ਲੱਦਿਆ ਜਾਂਦਾ। ਉਸ ਦਾ ਦਮਾਗ ਸੁਤੰਤਰ ਸੋਚ ਵਿਚਾਰ ਲਈ ਵੀ ਖਾਲੀ ਰਹਿੰਦਾ ਹੈ। ਹਰ ਵੇਲੇ ਦੂਜੇ ਲੋਕਾਂ ਦੇ ਵਿਚਾਰ ਦਮਾਗ ਵਿਚ ਚਲਦੇ ਰਹਿਣ ਨਾਲ ਮਨੁਖ ਦੀ ਸੁਤੰਤਰ ਸੋਚ ਵਿਚਾਰ ਕਰਨ ਦੀ ਸ਼ਕਤੀ ਜਾਂਦੀ ਰਹਿੰਦੀ ਹੈ। ਆਪਣੀਆਂ ਸਮੱਸਿਆਵਾਂ ਨੂੰ ਦੂਜਿਆਂ ਕੋਲੋਂ ਹਲ ਕਰਾਉਣ ਦੀ ਆਦਤ ਪੈ ਜਾਣ ਨਾਲ ਮਨੁਖ ਵਿਚ ਆਪਣੇ ਨਿੱਜੀ ਸਹਾਰੇ ਤੇ ਖੜਾ ਹੋਣ ਦੇ ਭਾਵ ਪੈਦਾ ਹੀ ਨਹੀਂ ਹੁੰਦੇ। ਬਚਿਆਂ ਵਿਚ ਨਿਜੀ ਸਹਾਰੇ ਦੀ ਆਦਤ ਪਾਉਣ ਦੇ ਖਿਆਲ ਨਾਲ ਡਯੂਵੀ ਦਾ ਸਿਖਿਆ ਸਿਧਾਂਤ ਬੜਾ ਲਾਭਦਾਇਕ ਹੈ।

ਪਰ ਡਯੂਵੀ ਨੇ ਆਪਣੀ ਸਿਖਿਆ ਦਾ ਨਿਸ਼ਾਨਾ ਨਿਰਾ ਅਮਲੀ ਗਿਆਨ ਵਿਚ ਵਾਧਾ ਕਰਨਾ ਜਾਂ ਵਿਅਕਤੀ ਨੂੰ ਅਮਲੀ ਕੰਮ ਕਰਨ ਦੀ ਯੋਗਤਾ ਦੇਣਾ ਹੀ ਬਣਾਇਆ ਹੈ। ਸਿਖਿਆ ਦਾ ਇਸ ਤਰ੍ਹਾਂ ਦਾ ਉਦੇਸ਼ ਬੜਾ ਸੌੜਾ ਹੈ। ਸਿਖਿਆ ਦਾ ਉਦੇਸ਼ ਬਾਲਕ ਨੂੰ ਅਮਲੀ ਗਿਆਨ ਦੀ ਯੋਗਤਾ ਦੇਣ ਦੇ ਨਾਲ ਨਾਲ ਉਸ ਦੀ ਅਧਿਆਤਮਿਕ ਉਨਤੀ ਵੀ ਹੋਣੀ ਚਾਹੀਦਾ ਹੈ। ਜਦ ਸਿਖਿਆ ਵਿਚ ਸੰਸਾਰਿਕ ਸਫਲਤਾ ਵਲ ਹੀ ਧਿਆਨ ਰਖਿਆ ਜਾਵੇ ਅਤੇ ਵਿਅਕਤੀ ਦੀ ਅੰਤਰਮੁਖੀ ਉੱਨਤੀ ਦਾ ਖਿਆਲ ਨਾ ਕੀਤਾ ਜਾਵੇ, ਤਾਂ ਉਸ ਦੀ ਸਿੱਖਿਆ ਇਕ-ਪੱਖੀ ਰਹਿ ਜਾਂਦੀ ਹੈ। ਇਸ ਤਰ੍ਹਾਂ ਦੀ ਸਿਖਿਆ ਪਰਾਪਤ ਕੀਤਾ ਵਿਅਕਤੀ ਸੰਸਾਰਿਕ ਜੀਵਨ ਵਿਚ ਸਫਲ ਤਾਂ ਹੋ ਜਾਂਦਾ ਹੈ ਪਰ ਉਸ ਦੇ ਮਨ ਵਿਚ ਅੰਦਰਲੀ ਸ਼ਾਂਤੀ ਨਹੀਂ ਆਉਂਦੀ।। ਉਹ ਸਦਾ ਆਪਣੇ ਆਪ ਤੋਂ ਅਸੰਤੁਸ਼ਟ ਰਹਿੰਦਾ ਹੈ। ਇਸੇ ਕਾਰਨ ਉਹ ਸਹਿਜੇ ਹੀ ਅਨੇਕ ਅਜਿਹੇ ਕੰਮਾਂ ਵਿਚ ਪੈ ਜਾਂਦਾ ਹੈ ਜਿਸ ਨਾਲ ਮਨੁਖੀ ਸਮਾਜ ਦੀ ਭਾਰੀ ਹਾਨੀ ਹੁੰਦੀ ਹੈ। ਜਿਹੜਾ ਮਨੁਖ ਆਪਣੇ ਆਪ ਵਿਚ ਦੁਖੀ ਹੈ ਉਹ ਦੂਜੇ ਵਿਅਕਤੀਆਂ ਨੂੰ ਸੁਖੀ ਬਨਾਉਣ ਵਿਚ ਕਦੇ ਵੀ ਸਮਰੱਥ ਨਹੀਂ ਹੋ ਸਕਦਾ। ਇਸ ਤਰ੍ਹਾਂ ਸਭ ਤਰ੍ਹਾਂ ਦੀਆਂ ਸ਼ੁਭ ਕਾਮਨਾਵਾਂ ਰਖਦਿਆਂ ਹੋਇਆਂ ਵੀ ਵਿਅਕਤੀ ਦੁਨੀਆਂ ਦੇ ਲੋਕਾਂ ਦੇ ਦੁਖਾਂ ਵਿਚ ਵਾਧਾ ਹੀ ਕਰਦਾ ਹੈ।

ਡਯੂਵੀ ਆਪੂੰ ਪਦਾਰਥਵਾਦੀ ਹੈ। ਉਹ ਇੰਦਰੀਆਂ, ਮਨ ਅਤੇ ਬੁਧੀ ਰਾਹੀਂ ਪਰਤੀਤ ਕੀਤੀ ਚੀਜ਼ ਤੇ ਪਰੇ ਕਿਸੇ ਹੋਰ ਅਸਲੀਅਤ ਦੀ ਹੋਂਦ ਵਿਚ ਵਿਸ਼ਵਾਸ਼ ਨਹੀਂ ਸੀ ਰਖਦਾ। ਇਸ ਲਈ ਉਹ ਸਿਖਿਆ ਦਾ ਨਿਸ਼ਾਨਾ ਕਿਸੇ ਅਜਿਹੀ ਅਸਲੀਅਤ ਦੀ ਪਰਾਪਤੀ ਕਰਨਾ ਨਾ ਬਣਾ ਸਕਿਆ। ਡਯੂਵੀ ਰਾਹੀਂ ਪਰਚਲਤ ਸਿਖਿਆ ਪਰਨਾਲੀ ਵਿਚ ਕਿਸੇ ਪਰਕਾਰ ਦੇ ਅਧਿਆਤਮਵਾਦ ਨੂੰ ਥਾਂ ਨਹੀਂ।

## ਆਤਮ-ਪਛਾਣ (ਸਾਖਿਆਤਕਾਰ) ਦਾ ਸਿਧਾਂਤ

ਆਦਰਸ਼ਵਾਦੀ ਸਿਖਿਆ ਪਰਬੀਨਾਂ ਅਨੁਸਾਰ ਸਿਖਿਆ ਦਾ ਪਰਮ ਉਦੇਸ਼ ਆਤਮ-ਪਛਾਣ (ਸਾਖਿਆਤਕਾਰ) ਹੈ। ਆਤਮ-ਪਛਾਣ (ਸਾਖਿਆਤਕਾਰ) ਦਾ ਅਰਥ ਆਪਣੇ ਆਪ ਦਾ ਪੂਰਨ ਗਿਆਨ ਅਤੇ ਕਾਰਜ ਦੀਆਂ ਸ਼ਕਤੀਆਂ ਨੂੰ ਵਿਕਸਤ ਕਰਨਾ ਹੈ। ੮੨

ਵਿਅਕਤੀ ਕਿਸੇ ਨਾ ਕਿਸੇ ਤਰ੍ਹਾਂ ਆਪਣੀਆਂ ਮਾਨਸਿਕ ਸ਼ਕਤੀਆਂ ਦੀ ਜਾਣਕਾਰੀ ਕਰ ਰਿਹਾ ਹੁੰਦਾ ਹੈ। ਇਸ ਵਿਚ ਹਰ ਤਰ੍ਹਾਂ ਦੀ ਸਹੂਲਤ ਦੇਣਾ ਸਿਖਿਆ ਦਾ ਨਿਸ਼ਾਨਾ ਹੈ । ਬੱਚੇ ਦੀਆਂ ਸੰਪੂਰਨ ਸ਼ਕਤੀਆਂ ਨੂੰ ਕੋਈ ਨਹੀਂ ਜਾਣਦਾ। ਬਾਲਕ ਇਕ ਚੇਤਨ ਅਣੂ ਹੈ । ਜਿਸ ਤਰ੍ਹਾਂ ਪਦਾਰਥਕ ਅਣੂ ਦੀ ਸ਼ਕਤੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਇਸੇ ਤਰ੍ਹਾਂ ਚੇਤਨ ਅਣੂ ਦੀ ਸ਼ਕਤੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ।

ਬੱਚੇ ਨੂੰ ਅਮਲੀ ਗਿਆਨ ਦੀ ਸਿਖਿਆ ਦੇਣਾ ਜ਼ਰੂਰੀ ਹੈ ਪਰ ਉਸ ਨੂੰ ਅਧਿਆਤਮਕ ਗਿਆਨ ਪਰਾਪਤ ਕਰ ਲੈਣ ਦੀ ਯੋਗਤਾ ਦੇਣਾ ਵੀ ਉੱਨਾ ਹੀ ਜ਼ਰੂਰੀ ਹੈ। ਹਰ ਉਹ ਸਿਖਿਆ ਜਿਹੜੀ ਬੱਚੇ ਦੀਆਂ ਸੁਤੀਆਂ ਮਾਨਸਿਕ ਸ਼ਕਤੀਆਂ ਨੂੰ ਜਗਾਉਂਦੀ ਹੈ ਜਾਂ ਵਿਕਸਤ ਨਾ ਹੋਈਆਂ ਸ਼ਕਤੀਆਂ ਨੂੰ ਵਿਕਸਤ ਕਰਦੀ ਹੈ, ਬੱਚੇ ਨੂੰ ਆਤਮ-ਪਛਾਣ ਵਲ ਲੈ ਜਾਂਦੀ ਹੈ। ਬੱਚੇ ਵਿਚ ਸ੍ਵੈ-ਵਿਸ਼ਵਾਸ਼ ਦਾ ਵਾਧਾ ਕਰਨ ਵਾਲੀ ਸਭ ਤਰ੍ਹਾਂ ਦੀ ਸਿਖਿਆ ਉਤਮ ਹੈ ।

ਪਰ ਆਦਰਸ਼ਵਾਦ ਦੀ ਦ੍ਰਿਸ਼ਟੀ ਤੋਂ ਜਦ ਤਕ ਸਿਖਿਆ ਦਾ ਨਿਸ਼ਾਨਾ ਵਿਅਕਤੀ ਦੀ ਅੰਤਰ-ਮੁਖੀ ਅਤੇ ਬਾਹਰ-ਮੁਖੀ ਦੋਹਾਂ ਤਰ੍ਹਾਂ ਦੀ ਉੱਨਤੀ ਕਰਨਾ ਨਹੀਂ ਹੋ ਜਾਂਦਾ, ਉਹ ਅਧੂਰੀ ਸਿਖਿਆ ਹੈ । ਬੱਚੇ ਦੀ ਸੰਪੂਰਨ ਸਿਖਿਆ ਵਿਚ ਅਮਲੀ ਗਿਆਨ ਜਾਂ ਯੋਗਤਾ ਦੇ ਵਾਧੇ ਨੂੰ ਥਾਂ ਹੋਵੇਗੀ, ਪਰ ਨਾਲ ਹੀ ਉਸ ਦੀ ਰੁਚੀ ਅਧਿਆਤਮਕ ਵਿਸ਼ੇ ਨੂੰ ਯਾਦ ਕਰਨ ਵਿਚ ਵੀ ਵਧਾਈ ਜਾਵੇਗੀ । ਪੁਰਾਣੀਆਂ ਸਿਖਿਆ ਪਰਨਾਲੀਆਂ ਵਿਚ ਜਿਵੇਂ ਅਧਿਆਤਮਵਾਦ ਉਤੇ ਹੀ ਜੋਰ ਦਿਤਾ ਜਾਂਦਾ ਸੀ, ਉਸੇ ਤਰ੍ਹਾਂ ਵਰਤਮਾਨ ਸਿਖਿਆ ਪਰਨਾਲੀਆਂ ਵਿਚ ਬਾਲਕ ਦੀ ਪਦਾਰਥਕ ਸਫਲਤਾ ਉਤੇ ਹੀ ਜ਼ੋਰ ਦਿਤਾ ਜਾਂਦਾ ਹੈ। ਇਸ ਲਈ ਜਿਵੇਂ ਪਹਿਲੀਆਂ ਸਿਖਿਆ ਪਰਨਾਲੀਆਂ ਅਧੂਰੀਆਂ ਸਨ, ਵਰਤਮਾਨ ਕਾਲ ਦੀਆਂ ਸਿਖਿਆ ਪਰਨਾਲੀਆਂ ਵੀ ਅਧੂਰੀਆਂ ਹਨ। ਜਦੋਂ ਤਕ ਸਮਾਜ ਦੇ ਆਗੂ ਠੋਸ ਦਾਰਸ਼ਨਿਕ ਸਿਧਾਂਤ ਦੇ ਅਨੁਸਾਰ ਨਹੀਂ ਚਲਦੇ, ਉਦੋਂ ਤਕ ਸੰਸਾਰ ਦੀ ਸਿਖਿਆ ਪਦਾਰਥਕ ਯੋਗਤਾ ਦੇਣ ਦੀ ਦ੍ਰਿਸ਼ਟੀ ਤੋਂ ਹੀ ਦਿੱਤੀ ਜਾਵੇਗੀ। ਪਰ ਤਜਰਬਾ ਕਰਨ ਨਾਲ ਹੀ ਕਾਢ ਨਿਕਲਦੀ ਹੈ, ਇਸ ਲਈ ਸਾਡਾ ਵਿਸ਼ਵਾਸ਼ ਹੈ ਕਿ ਛੇਤੀ ਹੀ ਸੰਸਾਰ ਦੇ ਵਿਦਵਾਨ ਕਿਸੇ ਅਜਿਹੀ ਸਿਖਿਆ ਪਰਨਾਲੀ ਦੀ ਕਾਢ ਕਢਣ ਵਿਚ ਸਮਰੱਥ ਹੋਣਗੇ ਜਿਸ ਨਾਲ ਮਨੁਖ ਦੀ ਸਭ ਤਰ੍ਹਾਂ ਦੀ ਉੱਨਤੀ ਹੋਵੇ ਅਤੇ ਮਨੁਖ ਸਮਾਜ ਵਰਤਮਾਨ ਕਲਾਹ ਕਲੇਸ਼ ਤੋਂ ਛੁਟਕਾਰਾ ਪਾ ਕੇ ਸੁਖ ਅਤੇ ਸ਼ਾਂਤੀ ਨਾਲ ਰਹੇਗਾ ।

---

# ਤੀਸਰਾ ਪਰਕਰਨ

## ਪਾਠ-ਕਰਮ

### ਦੇਸ਼ ਕਾਲ ਅਨੁਸਾਰ ਪਾਠ-ਵਿਸ਼ਿਆਂ ਦਾ ਫਰਕ

**ਪਾਠ-ਕਰਮ :–** (ਕਰੀਕੁਲਮ) ਦੀ ਬਣਤਰ ਸਿਖਿਆ ਦੇ ਨਿਸ਼ਾਨੇ ਉਤੇ ਨਿਰਭਰ ਕਰਦੀ ਹੈ। ਕਿਸੇ ਕਿਸੇ ਸਮਾਜ ਦੇ ਲੋਕ ਆਪਣੇ ਬਾਲਕਾਂ ਦੀ ਸਿਖਿਆ ਦਾ ਵਿਸ਼ੇਸ਼ ਤਰ੍ਹਾਂ ਦਾ ਨਿਸ਼ਾਨਾ ਬਣਾ ਲੈਂਦੇ ਹਨ। ਇਸ ਨਿਸ਼ਾਨੇ ਦੀ ਪਰਾਪਤੀ ਲਈ ਉਨ੍ਹਾਂ ਨੂੰ ਵਿਸ਼ੇਸ਼ ਕਿਸਮ ਦਾ ਕਰੀਕੁਲਮ ਵੀ ਬਨਾਉਣਾ ਪੈਂਦਾ ਹੈ । ਕਰੀਕੁਲਮ ਸਕੂਲਾਂ ਵਿਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਸਮੁੱਚਾ ਨਾਂ ਹੈ । ਇਹ ਸਿਖਿਆ ਦੇ ਨਿਸ਼ਾਨੇ ਦੀ ਪਰਾਪਤੀ ਦਾ ਸਾਧਨ ਹੈ। ਜਿਵੇਂ ਜਿਵੇਂ ਸਮਾਜ ਦੀ ਸਿਖਿਆ ਦੇ ਨਿਸ਼ਾਨੇ ਬਦਲਦੇ ਜਾਂਦੇ ਹਨ ਤਿਵੇਂ ਹੀ ਉਸ ਦੇ ਕਰੀਕੁਲਮ ਬਦਲਦੇ ਰਹਿੰਦੇ ਹਨ । ਦੇਸ਼ ਅਤੇ ਕਾਲ ਅਨੁਸਾਰ ਕਰੀਕੁਲਮ ਬਦਲਦਾ ਰਹਿੰਦਾ ਹੈ। ਜਿਹੜਾ ਅਜ ਯੂਨਾਨ ਦੇ ਸਕੂਲਾਂ ਦਾ ਕਰੀਕੁਲਮ ਹੈ ਉਹ ਦੋ ਹਜ਼ਾਰ ਸਾਲ ਪਹਿਲਾਂ ਨਹੀਂ ਸੀ । ਅਜ ਜਿਹੜੇ ਵਿਸ਼ੇ ਇੰਗਲੈਂਡ ਦੇ ਸਕੂਲਾਂ ਵਿਚ ਪੜ੍ਹਾਏ ਜਾਂਦੇ ਹਨ ਉਹ ਪੰਜ ਸੌ ਸਾਲ ਪਹਿਲਾਂ ਨਹੀਂ ਸਨ ਪੜ੍ਹਾਏ ਜਾਂਦੇ । ਭਾਰਤ ਵਰਸ਼ ਵਿਚ ਜਿਹੜੇ ਵਿਸ਼ੇ ਪੁਰਾਣੇ ਗੁਰੂ ਕੁਲਾਂ ਵਿਚ ਪੜ੍ਹਾਏ ਜਾਂਦੇ ਸਨ ਉਹ ਅੱਜ ਦੇ ਸਕੂਲਾਂ ਵਿਚ ਨਹੀਂ ਪੜ੍ਹਾਏ ਜਾਂਦੇ। ਇਸ ਦਾ ਵੱਡਾ ਕਾਰਨ ਇਹੋ ਹੀ ਹੈ ਕਿ ਅੱਜ ਸਾਡੇ ਜੀਵਨ ਦਾ ਨਿਸ਼ਾਨਾ ਅਤੇ ਸਿਖਿਆ ਦਾ ਉਦੇਸ਼ ਪੁਰਾਣੇ ਰਿਸ਼ੀਆਂ ਤੋਂ ਵਖਰਾ ਹੈ । ਸਮੇਂ ਦੇ ਬਦਲਣ ਨਾਲ ਮਨੁਖ ਦੀ ਹਾਲਤ ਵੀ ਬਦਲ ਜਾਂਦੀ ਹੈ । ਹਾਲਤ ਬਦਲਣ ਨਾਲ ਨਵੀਆਂ ਨਵੀਆਂ ਸਮੱਸਿਆਵਾਂ ਆ ਖੜੀਆਂ ਹੁੰਦੀਆਂ ਹਨ । ਜਿਸ ਹਾਲਤ ਦਾ ਸਾਨੂੰ ਅੱਜ ਸਾਹਮਣਾ ਕਰਨਾ ਪੈਂਦਾ ਹੈ ਉਸਦਾ ਸਾਡੇ ਵਡੇਰਿਆਂ ਨੂੰ ਨਹੀਂ ਸੀ ਕਰਨਾ ਪੈਂਦਾ। ਇਸ ਲਈ ਜਿਹੜੇ ਲੋਕ ਆਪਣੇ ਰਾਸ਼ਟਰ ਨੂੰ ਅਗਾਂਹ-ਵਧੂ ਬਨਾਉਣਾ ਚਾਹੁੰਦੇ ਹਨ ਉਹ ਵਰਤਮਾਨ ਹਾਲਤ ਨੂੰ ਧਿਆਨ ਵਿਚ ਰਖਦਿਆਂ ਆਪਣੀ ਸਿਖਿਆ ਦੇ ਨਿਸ਼ਾਨੇ ਅਤੇ ਆਪਣੇ ਸਕੂਲਾਂ ਦੇ ਕਰੀਕੁਲਮ ਨੂੰ ਬਦਲਦੇ ਰਹਿੰਦੇ ਹਨ।

ਜਿਸ ਤਰ੍ਹਾਂ ਇਕ ਹੀ ਦੇਸ਼ ਦੇ ਸਕੂਲਾਂ ਦਾ ਵਖ ਵਖ ਸਮਿਆਂ ਵਿਚ ਵਖ ਵਖ ਕਰੀਕੁਲਮ ਹੁੰਦਾ ਹੈ, ਇਸੇ ਤਰ੍ਹਾਂ ਦੇਸਾਂ ਦੇ ਫਰਕ ਕਰਕੇ ਕਰੀਕੁਲਮ ਵਿਚ ਫਰਕ ਹੁੰਦਾ ਹੈ। ਇਕ ਹੀ ਸਮੇਂ ਵਿਚ ਵਖ ਵਖ ਰਾਸ਼ਟਰਾਂ ਦੇ ਜੀਵਨ ਦੇ ਅਤੇ ਸਿਖਿਆ ਦੇ ਉਦੇਸ਼ ਵਖ ਵਖ ਹੁੰਦੇ ਹਨ। ਆਪਣੇ ਉਦੇਸ਼ ਦੀ ਪਰਾਪਤੀ ਲਈ ਰਾਸ਼ਟਰਾਂ ਦੇ ਆਗੂ ਉਥੋਂ ਦੇ ਬਾਲਕਾਂ ਨੂੰ ਵਿਸ਼ੇਸ਼ ਤਰ੍ਹਾਂ ਦੀ ਸਿਖਿਆ ਦਿੰਦੇ ਹਨ ਅਤੇ ਵਿਸ਼ੇਸ਼ ਤਰ੍ਹਾਂ ਦੇ ਵਿਸ਼ੇ ਪੜ੍ਹਾਉਂਦੇ ਹਨ। ਇੰਗਲੈਂਡ, ਰੂਸ ਅਤੇ ਭਾਰਤ ਦੇ ਸਕੂਲਾਂ ਦੇ ਕਰੀਕੁਲਮਾਂ ਨੂੰ ਜਦ ਅਸੀਂ ਵੇਖਦੇ ਹਾਂ ਤਾਂ ਉਪਰਲੇ ਸਿਧਾਂਤ ਦੀ ਸਚਾਈ ਪਰਤੱਖ ਹੋ ਜਾਂਦੀ ਹੈ। ਇੰਗਲੈਂਡ ਇਕ ਪੂੰਜੀ-ਵਾਦੀ ਦੇਸ਼

ਹੈ। ਉਥੋਂ ਦੇ ਸਕੂਲ ਪੂੰਜੀ ਦਾ ਵਾਧਾ ਕਰਨ, ਪੂੰਜੀ ਦੀ ਰੱਖਿਆ ਕਰਨ ਅਤੇ ਉਸ ਨੂੰ ਦੇਸ਼ ਦੇਸ਼ਾਂਤਰਾਂ ਵਿਚ ਫੈਲਾਉਣ ਦੀ ਸਿਖਿਆ ਆਪਣੇ ਬਾਲਕਾਂ ਨੂੰ ਦਿੰਦੇ ਹਨ। ਉਥੋਂ ਦੇ ਸਕੂਲਾਂ ਵਿਚ ਹੋਰ ਭਾਵੇਂ ਕੋਈ ਵਿਸ਼ੇ ਪੜ੍ਹਾਏ ਜਾਣ, ਪਰ ਵਿਸ਼ਿਆਂ ਦੀ ਚੋਣ ਵਿਚ ਸਦਾ ਇਹ ਧਿਆਨ ਰਖਿਆ ਜਾਂਦਾ ਹੈ ਕਿ ਬਾਲਕ ਧਨ ਦਾ ਵਾਧਾ ਕਰਨ ਦੀ ਸਮਰੱਥਾ ਪੈਦਾ ਕਰ ਲਵੇ। ਧਨ ਦੀ ਰਖਿਆ ਅਤੇ ਪਸਾਰ ਲਈ ਸਾਮਰਾਜ ਦੀ ਲੋੜ ਵੀ ਹੁੰਦੀ ਹੈ। ਇਸ ਲਈ ਸ਼ਾਮਰਾਜ ਨੂੰ ਚਲਾਉਣ ਦੀ ਸਿਖਿਆ ਵੀ ਇੰਗਲੈਂਡ ਦੇ ਵਿਦਿਆਲਿਆਂ ਵਿਚ ਦਿਤੀ ਜਾਂਦੀ ਹੈ। ਇਸ ਦੇ ਲਈ ਨਾਗਰਿਕ ਸ਼ਾਸਤਰ, ਰਾਜਨੀਤੀ, ਅਰਥ ਸ਼ਾਸ਼ਤਰ, ਸਮਾਜ ਸ਼ਾਸਤਰ ਆਦਿ ਵਿਸ਼ਿਆਂ ਦੀ ਲੋੜ ਹੁੰਦੀ ਹੈ, ਇਸੇ ਲਈ ਇਨ੍ਹਾਂ ਨੂੰ ਪੜ੍ਹਾਈ ਦੇ ਵਿਸ਼ਿਆਂ ਵਿਚ ਰਖਿਆ ਜਾਂਦਾ ਹੈ।

ਜੇ ਅਸੀਂ ਰੂਸ ਦੇ ਸਕੂਲਾਂ ਦੇ ਕਰੀਕੁਲਮ ਨੂੰ ਵੇਖੀਏ ਤਾਂ ਉਸ ਨੂੰ ਕਈ ਗਲਾਂ ਵਿਚ ਇੰਗਲੈਂਡ ਦੇ ਕਰੀਕੁਲਮ ਤੋਂ ਵਖਰਾ ਪਾਵਾਂਗੇ। ਰੂਸ ਦੇ ਸਕੂਲਾਂ ਦੇ ਕਰੀਕੁਲਮ ਵਿਚ ਧਰਮ ਨੂੰ ਕੋਈ ਥਾਂ ਨਹੀਂ ਦਿੱਤਾ ਗਿਆ। ਉਥੋਂ ਦੇ ਸਕੂਲਾਂ ਵਿਚ ਹਰ ਬਾਲਕ ਨੂੰ ਹੱਥ ਦਾ ਕੰਮ ਵੀ ਕਰਨਾ ਪੈਂਦਾ ਹੈ। ਜਿਸ ਤਰ੍ਹਾਂ ਇੰਗਲੈਂਡ ਵਿਚ ਪੂੰਜੀ ਪਤੀਆਂ ਨੂੰ ਮਹੱਤਾ ਦਿਤੀ ਗਈ ਹੈ, ਇਸੇ ਤਰ੍ਹਾਂ ਰੂਸ ਵਿਚ ਮਜ਼ਦੂਰਾਂ ਨੂੰ ਮਹੱਤਾ ਦਿਤੀ ਗਈ ਹੈ। ਧਨ ਕਮਾਉਣ ਦੀ ਧੁਨ ਪੈਦਾ ਕਰਨਾ ਅਤੇ ਉਸ ਦੇ ਵਾਧੇ ਲਈ ਠੀਕ ਰਾਹ ਵਿਖਾਉਣਾ ਇੰਗਲੈਂਡ ਦੀ ਸਿਖਿਆ ਦਾ ਮੁਖ ਨਿਸ਼ਾਨਾ ਹੈ; ਹੱਥ ਦੇ ਕੰਮ ਦੀ ਲਗਣ ਲਾਉਣਾ ਅਤੇ ਵਖ ਵਖ ਕੰਮ ਕਰ ਸਕਣ ਦੀ ਯੋਗਤਾ ਪੈਦਾ ਕਰਨਾ ਰੂਸ ਦੀ ਸਿਖਿਆ ਦਾ ਨਿਸ਼ਾਨਾ ਹੈ। ਧਰਮ ਦੀ ਓਟ ਵਿਚ ਸਵਾਰਥੀ ਲੋਕ ਭੋਲੀ ਭਾਲੀ ਜੰਨਤਾ ਦਾ ਲਹੂ ਚੂਸਦੇ ਹਨ, ਇਸ ਲਈ ਧਰਮ ਦੇ ਪਰਚਾਰ ਨੂੰ ਉਤਸ਼ਾਹ ਦੇਣਾ ਤਾਂ ਕਿਤੇ ਰਿਹਾ ਉਸ ਨੂੰ ਰੋਕਿਆ ਜਾਂਦਾ ਹੈ। ਬਾਲਕਾਂ ਦੇ ਮਨ ਵਿਚ ਇਹ ਗਲ ਬਿਠਾਈ ਜਾਂਦੀ ਹੈ ਕਿ ਪਾਦਰੀ ਲੋਕ ਸਦਾ ਅਮੀਰਾਂ ਦੇ ਸਹਾਇਕ ਹੁੰਦੇ ਹਨ ਅਤੇ ਉਨ੍ਹਾਂ ਦੇ ਸਵਾਰਥਾਂ ਦੀ ਪੂਰਤੀ ਲਈ ਜਨਤਾ ਵਿਚ ਅਜਿਹੇ ਵਿਚਾਰਾਂ ਦਾ ਪਰਚਾਰ ਕਰਦੇ ਹਨ ਜਿਨ੍ਹਾਂ ਨਾਲ ਜਨਤਾ ਵਿਚ ਅਨਿਆਏ ਦੇ ਵਿਰੁਧ ਵਿਦਰੋਹ ਦੀ ਭਾਵਨਾ ਹੀ ਪੈਦਾ ਨਾ ਹੋ ਸਕੇ।

ਭਾਰਤ-ਵਰਸ਼ ਵਿਚ ਜਿਹੜੇ ਵਿਸ਼ੇ ਸਕੂਲਾਂ ਵਿਚ ਪੜ੍ਹਾਏ ਜਾਂਦੇ ਰਹੇ ਹਨ ਉਨ੍ਹਾਂ ਦਾ ਨਿਸ਼ਾਨਾ ਮਾਲਕ ਦਾ ਗੋਲਾ, ਰਾਜ ਸੇਵਕ ਪੈਦਾ ਕਰਨਾ ਸੀ। ਕਿਹਾ ਜਾਂਦਾ ਹੈ ਕਿ ਭਾਰਤ ਵਰਸ਼ ਵਿਚ ਜਿਹੜਾ ਸਿਖਿਆ ਦਾ ਪਰਚਾਰ ਅੰਗਰੇਜ਼ਾਂ ਨੇ ਕੀਤਾ ਉਸਦਾ ਮੁਖ ਨਿਸ਼ਾਨਾ ਰਾਜ ਦੇ ਕੰਮ ਵਿਚ ਸਹਾਇਤਾ ਕਰਨ ਵਾਲੇ ਨਿਰੇ ਕਰਮਚਾਰੀ ਪੈਦਾ ਕਰਨਾ ਸੀ। ਇਸ ਕਥਨ ਵਿਚ ਅਸਲੋਂ ਸਚਿਆਈ ਹੈ। ਅਜ ਭਾਰਤ ਵਿਚ ਸੁਤੰਤਰਤਾ ਆ ਗਈ ਹੈ। ਇਸਦਾ ਸਿੱਟਾ ਅਸੀਂ ਆਪਣੇ ਸਿਖਿਆ ਢੰਗ ਨੂੰ ਬਦਲਣਾ ਚਾਹੁੰਦੇ ਹਾਂ। ਹੁਣ ਕਈ ਸਿਖਿਆ ਯੋਜਨਾਵਾਂ ਸਾਡੇ ਸਾਹਮਣੇ ਆ ਰਹੀਆਂ ਹਨ ਜਿਨ੍ਹਾਂ ਦਾ ਨਿਸ਼ਾਨਾ ਸੁਤੰਤਰ ਭਾਰਤ ਦੇ ਨਾਗਰਿਕਾਂ ਨੂੰ ਤਿਆਰ ਕਰਨਾ ਹੈ। ਹੁਣ ਬਹੁਤ ਸਾਰੇ ਅਜਿਹੇ ਵਿਸ਼ੇ ਸਕੂਲਾਂ ਦੇ ਕਰੀਕੁਲਮ ਵਿਚ ਸ਼ਾਮਲ ਕੀਤੇ ਜਾ ਰਹੇ ਹਨ ਜਿਹੜੇ ਪਹਿਲਾਂ ਸ਼ਾਮਲ ਨਹੀਂ ਸਨ।

## ਪਾਠ–ਵਿਸ਼ੇ ਦੀ ਚੋਣ ਸਬੰਧੀ ਪਰਚਲਤ ਸਿਧਾਂਤ

ਪਾਠ-ਵਿਸ਼ੇ ਦੀ ਚੋਣ ਬਾਰੇ ਮੁਖ ਦੋ ਤਰ੍ਹਾਂ ਦੇ ਸਿਧਾਂਤ ਪਰਚਲਤ ਹਨ–ਇਕ ਸਿਧਾਂਤ ਅਨੁਸਾਰ ਬੱਚੇ ਦੀ ਮਾਨਸਿਕ ਸ਼ਕਤੀਆਂ ਦੀ ਟ੍ਰੇਨਿੰਗ ਹੀ ਪਾਠ-ਵਿਸ਼ੇ ਦੀ ਚੋਣ ਦਾ ਮੁਖ

ਨਿਸ਼ਾਨਾ ਹੋਣਾ ਚਾਹੀਦਾ ਹੈ ਅਤੇ ਦੂਸਰੇ ਅਨੁਸਾਰ ਪਾਠ-ਵਿਸ਼ੇ ਦੀ ਚੋਣ ਦੀ ਪਰਖ ਉਸਦੀ ਉਪਯੋਗਤਾ ਹੋਣਾ ਚਾਹੀਦਾ ਹੈ; ਅਰਥਾਤ ਬੱਚੇ ਨੂੰ ਜੀਵਨ ਵਿਚ ਕੰਮ ਆਉਣ ਵਾਲਾ ਗਿਆਨ ਦੇਣਾ ਹੀ ਸਿਖਿਆ ਦਾ ਮੁਖ ਨਿਸ਼ਾਨਾ ਹੋਣਾ ਚਾਹੀਦਾ ਹੈ ਅਤੇ ਇਸ ਨਿਸ਼ਾਨੇ ਨੂੰ ਧਿਆਨ ਵਿਚ ਰਖਕੇ ਹੀ ਪਾਠ-ਵਿਸ਼ੇ ਦੀ ਚੋਣ ਹੋਣੀ ਚਾਹੀਦੀ ਹੈ। ਦੋਹਾਂ ਤਰ੍ਹਾਂ ਦੇ ਸਿਧਾਂਤ ਉਪਰੋਂ ਵੇਖਣ ਨਾਲ ਇਕੋ ਜਿਹੇ ਪਰਤੀਤ ਹੁੰਦੇ ਹਨ । ਬੱਚੇ ਦੀ ਮਾਨਸਿਕ ਸ਼ਕਤੀਆਂ ਦੀ ਉਚਿਤ ਟ੍ਰੇਨਿੰਗ ਹੋਣ ਨਾਲ ਉਹ ਸਮਾਜ ਲਈ ਲਾਭਦਾਇਕ ਕੰਮ ਕਰ ਸਕੇਗਾ ਅਤੇ ਜੇ ਉਸ ਨੂੰ ਲਾਭ-ਦਾਇਕ (ਉਪਯੋਗੀ) ਵਿਸ਼ਿਆਂ ਦੀ ਸਿਖਿਆ ਦਿਤੀ ਜਾਵੇ ਤਾਂ ਉਸਦੀ ਮਾਨਸਿਕ ਸ਼ਕਤੀਆਂ ਦੀ ਟ੍ਰੇਨਿੰਗ ਆਪਣੇ ਆਪ ਹੋ ਜਾਵੇਗੀ। ਪਰ ਜਦ ਅਸੀਂ ਦੋਹਾਂ ਤਰ੍ਹਾਂ ਦੇ ਸਿਧਾਂਤਾ ਦੀ ਵਰਤੋਂ ਵਲ ਵੇਖਦੇ ਹਾਂ ਤਾਂ ਉਨ੍ਹਾਂ ਦੇ ਫਰਕ ਪਰਤੱਖ ਹੋ ਜਾਂਦੇ ਹਨ । ਇਹ ਫਰਕ ਮੌਲਿਕ ਹਨ ਅਤੇ ਇਨ੍ਹਾਂ ਨੂੰ ਧਿਆਨ ਵਿੱਚ ਰੱਖ ਬਿਨਾਂ ਯੋਗ ਪਾਠ-ਵਿਸ਼ੇ ਦੀ ਚੋਣ ਨਹੀਂ ਹੋ ਸਕਦੀ। ਪਹਿਲੀ ਕਿਸਮ ਦੇ ਸਿਧਾਂਤ ਵਿਚ ਵਿਅਕਤੀ ਦੀ ਯੋਗਤਾਵਾਂ ਨੂੰ ਵਿਸ਼ੇਸ਼ ਰੂਪ ਵਿਚ ਧਿਆਨ ਵਿਚ ਰਖਿਆ ਜਾਂਦਾ ਹੈ ਅਤੇ ਦੂਜੀ ਕਿਸਮ ਦੇ ਸਿਧਾਂਤ ਵਿਚ ਉਸਦੀਆਂ ਲੋੜਾਂ ਨੂੰ ਅਰਥਾਤ ਉਸਦੇ ਆਲੇ ਦੁਆਲੇ ਨਾਲ ਸਬੰਧ ਨੂੰ। ਅਸੀਂ ਇਥੇ ਦੋਹਾਂ ਕਿਸਮਾਂ ਦੇ ਸਿਧਾਂਤਾਂ ਦਾ ਵਿਸਥਾਰ ਵਿਚ ਵਰਨਣ ਕਰਾਂਗੇ ਅਤੇ ਉਨ੍ਹਾਂ ਦੇ ਘਾਟਿਆਂ ਅਤੇ ਗੁਣਾਂ ਨੂੰ ਜਾਨਣ ਦਾ ਯਤਨ ਕਰਾਂਗੇ।

## ਮਾਨਸਿਕ ਸ਼ਕਤੀਆਂ ਦੀ ਟ੍ਰੇਨਿੰਗ

ਬਹੁਤ ਸਾਰੇ ਵਰਤਮਾਨ ਅਤੇ ਪੁਰਾਣੇ ਸਿਖਿਆ ਵਿਦਵਾਨਾਂ ਅਨੁਸਾਰ ਸਿਖਿਆ ਦਾ ਮੁਖ ਨਿਸ਼ਾਨਾ ਮਾਨਸਿਕ ਸ਼ਕਤੀਆ ਨੂੰ ਟ੍ਰੇਨਿੰਗ ਰਾਹੀਂ ਪਰਫੁਲਤ ਕਰਨਾ ਅਥਵਾ ਵਧੇਰੇ ਯੋਗ ਬਨਾਉਣਾ ਹੈ। ਇਨ੍ਹਾਂ ਵਿਦਿਆਵਾਨਾਂ ਅਨੁਸਾਰ ਮਨ ਅਨੇਕ ਤਰ੍ਹਾਂ ਦੀਆਂ ਸ਼ਕਤੀਆਂ ਦਾ ਬਣਿਆ ਹੋਇਆ ਹੈ, ਜਿਹਾਂਕਿ ਅਨੁਭਵ ਕਰਨ ਦੀ ਸ਼ਕਤੀ, ਘੋਖਣ ਦੀ ਸ਼ਕਤੀ, ਕਲਪਣਾ ਸ਼ਕਤੀ, ਯਾਦ ਸ਼ਕਤੀ ਅਤੇ ਵਿਚਾਰ ਸ਼ਕਤੀ। ਇਨ੍ਹਾਂ ਸ਼ਕਤੀਆਂ ਵਿਚੋਂ ਜਿਨ੍ਹਾਂ ਦੀ ਚੰਗੀ ਤਰ੍ਹਾਂ ਟ੍ਰੇਨਿੰਗ ਹੁੰਦੀ ਹੈ, ਉਹ ਵਿਕਸਤ ਹੋ ਜਾਂਦੀਆਂ ਹਨ ਅਤੇ ਜਿਨ੍ਹਾਂ ਦੀ ਚੰਗੀ ਤਰ੍ਹਾਂ ਟ੍ਰੇਨਿੰਗ ਨਹੀਂ ਹੁੰਦੀ ਉਹ ਅਵਿਕਸਤ ਰਹਿ ਜਾਂਦੀਆਂ ਹਨ। ਮੰਨ ਲੋ ਕਿਸੇ ਵਿਅਕਤੀ ਦੀ ਕਲਪਣਾ ਸ਼ਕਤੀ ਦੀ ਸਿਖਿਆ (ਟ੍ਰੇਨਿੰਗ) ਚੰਗੀ ਤਰ੍ਹਾਂ ਨਹੀਂ ਹੋਈ ਤਾਂ ਉਸਦੀ ਕਲਪਣਾ ਸ਼ਕਤੀ ਅਵਿਕਸਤ ਰਹਿ ਜਾਵੇਗੀ ਭਾਵੇਂ ਉਸਦੀਆਂ ਘੋਖਣ, ਯਾਦ, ਵਿਚਾਰ ਆਦਿ ਸ਼ਕਤੀਆਂ ਟ੍ਰੇਨਿੰਗ ਹੋ ਜਾਣ ਨਾਲ ਵਿਕਸਤ ਕਿਉਂ ਨਾ ਹੋ ਗਈਆਂ ਹੋਣ। ਜਿਸ ਮਾਨਸਿਕ ਸ਼ਕਤੀ ਦੀ ਟ੍ਰੇਨਿੰਗ ਹੁੰਦੀ ਹੈ ਉਸ ਦਾ ਹੀ ਵਿਕਾਸ ਹੁੰਦਾ ਹੈ। ਇਸ ਤਰ੍ਹਾਂ ਇਕ ਸ਼ਕਤੀ ਦਾ ਵਿਕਾਸ ਦੂਸਰੀ ਸ਼ਕਤੀ ਦੇ ਵਿਕਾਸ ਲਈ ਪੌੜੀ ਦਾ ਡੰਡਾ ਬਣ ਸਕਦਾ ਹੈ ਪਰ ਦੂਜੀ ਸ਼ਕਤੀ ਦੇ ਵਿਕਾਸ ਲਈ ਉਸਨੂੰ ਵਖਰੀ ਸਿਖਿਆ ਦੇਣੀ ਹੋਵੇਗੀ। ਇਸ ਤਰ੍ਹਾਂ ਵਖ ਵਖ ਕਿਸਮ ਦੀਆਂ ਸਿਖਿਆ ਪਰਨਾਲੀਆਂ ਵਿਚ ਵਖ ਵਖ ਕਿਸਮ ਦੀਆਂ ਮਾਨਸਿਕ ਸ਼ਕਤੀਆਂ ਦੀ ਸਿਖਿਆ ਉਤੇ ਜ਼ੋਰ ਦਿਤਾ ਗਿਆ ਹੈ। ਉਦਾਹਰਨ ਵਜੋਂ ਮੈਡਮ ਮਾਂਟਸੋਰੀ ਦੀ ਸਿਖਿਆ ਪਰਨਾਲੀ ਨੂੰ ਲਵੋ। ਮਾਂਟਸੋਰੀ ਸਿਖਿਆ ਪਰਨਾਲੀ ਵਿਚ ਬਾਲਕਾਂ ਦੀ ਅਨੁਭਵ ਕਰਨ ਦੀ ਸ਼ਕਤੀ ਦੀ ਟ੍ਰੇਨਿੰਗ ਉੱਤੇ ਹੀ ਵਿਸ਼ੇਸ਼ ਜ਼ੋਰ ਦਿਤਾ ਜਾਂਦਾ ਹੈ। ਮੈਡਮ ਮਾਂਟਸੋਰੀ ਦੇ ਕਥਨ ਅਨੁਸਾਰ ਜਦੋਂ ਤਕ ਬੱਚੇ ਨੂੰ ਏਂਦਰਿਕ ਗਿਆਨ ਦੀ ਸਿਖਿਆ ਚੰਗੀ ਤਰ੍ਹਾਂ ਨਹੀਂ ਹੁੰਦੀ ਉਸ ਵਿਚ ਨਾ ਘੋਖਣ ਸ਼ਕਤੀ ਦਾ ਠੀਕ ਠੀਕ ਵਿਕਾਸ ਹੁੰਦਾ ਹੈ ਅਤੇ ਨਾ ਦੂਜੀਆਂ ਮਾਨਸਿਕ ਸ਼ਕਤੀਆਂ ਠੀਕ ਤਰ੍ਹਾਂ ਵਿਕਸਤ ਹੁੰਦੀਆਂ ਹਨ। ਮੈਡਮ ਮਾਂਟਸੋਰੀ ਨੇ ਬਾਲਕਾਂ ਦੀ ਏਂਦਰਿਕ ਸਿੱਖਿਆ ਲ

ਵਿਸ਼ੇਸ਼ ਤਰ੍ਹਾਂ ਦੇ ਢੰਗ ਦੀ ਕਾਢ ਕਢੀ ਹੈ। ਇਸ ਸਿਖਿਆ ਲਈ ਬਾਲਕਾਂ ਨੂੰ ਜਿਹੜੇ ਕੰਮ ਕਰਵਾਏ ਜਾਂਦੇ ਹਨ ਉਨ੍ਹਾਂ ਦਾ ਲਾਭ ਇੱਨਾ ਹੀ ਹੁੰਦਾ ਹੈ ਕਿ ਉਹ ਬਾਲਕਾਂ ਦੀਆਂ ਇੰਦਰੀਆਂ ਨੂੰ ਠੀਕ ਤਰ੍ਹਾਂ ਸਿਖਿਅਤ ਕਰ ਦਿੰਦੇ ਹਨ। ਇਸ ਤੋਂ ਬਿਨਾਂ ਉਨ੍ਹਾਂ ਦਾ ਅਸਲ ਲਾਭ ਕੁਝ ਨਹੀਂ ਹੁੰਦਾ।

ਉਦਾਹਰਨ ਵਜੋਂ ਬੱਚਿਆਂ ਦੇ ਪੌੜੀ ਬਨਾਉਣ ਦੇ ਕੰਮ ਨੂੰ ਲਵੋ। ਇਸ ਕੰਮ ਤੋਂ ਬੱਚੇ ਨੂੰ ਵੱਡੇ ਅਤੇ ਛੋਟੇ ਦਾ ਗਿਆਨ ਹੁੰਦਾ ਹੈ। ਇਸ ਤਰ੍ਹਾਂ ਮੀਨਾਰ ਬਨਾਉਣ ਦੇ ਕੰਮ ਵਿਚ ਬਾਲਕ ਨੂੰ ਛੋਟੀ ਅਤੇ ਵਡੀ ਚੀਜ਼ ਸੰਭਾਲਕੇ ਰਖਣ ਦੀ ਸਿਖਿਆ ਮਿਲਦੀ ਹੈ। ਪੌੜੀ ਬਨਾਉਣ ਅਤੇ ਮੀਨਾਰ ਬਨਾਉਣ ਦੇ ਕੰਮ ਦਾ ਲਾਭ ਅਤੇ ਉਦੇਸ਼ ਬਾਲਕਾਂ ਵਿਚ ਛੋਟੀ ਅਤੇ ਵੱਡੀ ਚੀਜ਼ ਦੀ ਪਛਾਣ ਅਤੇ ਉਨ੍ਹਾਂ ਨੂੰ ਸੰਭਾਲਕੇ ਰਖਣ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

**ਘੋਖਣ ਵੇਖਣ ਦੀ ਸਿਖਿਆ:**—ਜਿਸ ਤਰ੍ਹਾਂ ਮੈਡਮ ਮਾਂਦਸੋਰੀ ਨੇ ਬਾਲਕਾਂ ਦੇ ਏਂਦਰਿਕ ਗਿਆਨ ਦੀ ਸਿਖਿਆ ਲਈ ਇਕ ਸੰਪੂਰਣ ਸਿਖਿਆ ਢੰਗ ਦੀ ਕਾਢ ਕਢੀ ਹੈ, ਇਸੇ ਤਰ੍ਹਾਂ ਸਿਖਿਆ-ਵਿਗਿਆਨ ਦੇ ਕੁਝ ਵਿਦਿਵਾਨਾਂ ਨੇ ਛੋਟੇ ਬਾਲਕਾਂ ਦੀ ਸਿਖਿਆ ਲਈ ਕੁਝ ਅਜਿਹੇ ਪਾਠ-ਵਿਸ਼ਿਆਂ ਦੀ ਲੋੜ ਦਰਸਾਈ ਹੈ ਜਿਨ੍ਹਾਂ ਨਾਲ ਬਾਲਕ ਦੀ ਘੋਖਣ ਵੇਖਣ ਦੀ ਸ਼ਕਤੀ ਦੀ ਉਚਿਤ ਸਿਖਿਆ (ਟ੍ਰੇਨਿੰਗ) ਹੁੰਦੀ ਹੈ। ਇਸਦੇ ਲਈ ਮੁਢਲੀਆਂ ਸ਼੍ਰੇਣੀਆਂ ਦੇ ਬੱਚਿਆਂ ਨੂੰ ਵਸਤੂ-ਪਾਠ ਪੜ੍ਹਾਏ ਜਾਂਦੇ ਹਨ। ਵਸਤੂ-ਪਾਠ ਪੜ੍ਹਾਉਣ ਵੇਲੇ ਕਈ ਤਰ੍ਹਾਂ ਦੇ ਪਦਾਰਥ ਸਿਖਿਆ ਦੇਣ ਵਾਲਾ ਕਲਾਸ ਵਿਚ ਲਿਆਉਂਦਾ ਹੈ ਅਤੇ ਉਨ੍ਹਾਂ ਦੇ ਵਖ ਵਖ ਗੁਣਾਂ ਅਤੇ ਭਾਗਾਂ ਨੂੰ ਵਖਾਉਂਦਾ ਹੈ। ਵਸਤੂ-ਪਾਠ ਮੂਰਤਾਂ ਰਾਹੀਂ ਸਵਾਦਲਾ ਬਣਾਇਆ ਜਾਂਦਾ ਹੈ। ਇਸੇ ਤਰ੍ਹਾਂ ਬੱਚਿਆਂ ਦੀ ਵੇਖਣ ਘੋਖਣ ਦੀ ਸ਼ਕਤੀ ਦਾ ਵਾਧਾ ਕਰਨ ਦੇ ਖਿਆਲ ਨਾਲ ਪਰਕਿਰਤੀ ਅਧਿਅਨ ਨੂੰ ਪਾਠ-ਵਿਸ਼ਾ ਬਣਾਇਆ ਜਾਂਦਾ ਹੈ। ਵਸਤੂ-ਪਾਠ ਅਤੇ ਪਰਕਿਰਤੀ ਅਧਿਆਨ ਨੂੰ ਪਾਠ-ਕਰਮ ਵਿਚ ਰਖਣ ਦਾ ਮੁੱਖ ਉਦੇਸ਼ ਇਨ੍ਹਾਂ ਰਾਹੀਂ ਪਰਾਪਤ ਕੀਤੇ ਗਿਆਨ ਦੀ ਉਪਯੋਗਤਾ ਨਹੀਂ ਦੱਸੀ ਜਾਂਦੀ, ਸਗੋਂ ਵੇਖਣ ਘੋਖਣ ਦੀ ਸ਼ਕਤੀ ਦੀ ਇਨ੍ਹਾਂ ਰਾਹੀਂ ਸਿਖਿਆ ਹੋਣੀ ਦੱਸਿਆ ਜਾਂਦਾ ਹੈ।

**ਯਾਦ ਸ਼ਕਤੀ ਦੀ ਸਿਖਿਆ:**—ਜਿਸ ਤਰ੍ਹਾਂ ਬੱਚਿਆਂ ਦੀ ਵੇਖਣ ਘੋਖਣ ਦੀ ਸ਼ਕਤੀ ਦੇ ਵਾਧੇ ਲਈ ਉਨ੍ਹਾਂ ਦੇ ਪਾਠ-ਕਰਮ ਵਿਚ ਵਿਸ਼ੇਸ਼ ਤਰ੍ਹਾਂ ਦੇ ਵਿਸ਼ੇ ਰੱਖੇ ਜਾਂਦੇ ਹਨ, ਇਸੇ ਤਰ੍ਹਾਂ ਉਨ੍ਹਾਂ ਦੀ ਯਾਦ ਸ਼ਕਤੀ ਦੇ ਵਾਧੇ ਲਈ ਵੀ ਕੁਝ ਵਿਸ਼ੇ ਰੱਖੇ ਜਾਂਦੇ ਹਨ। ਇੰਗਲੈਂਡ ਵਿਚ ਉਂਨਵੀਂ ਸਦੀ ਵਿਚ ਲੈਟਿਨ ਅਤੇ ਗਰੀਕ ਇਸ ਲਈ ਪੜ੍ਹਾਈਆਂ ਜਾਂਦੀਆਂ ਸਨ ਕਿ ਇਨ੍ਹਾਂ ਨਾਲ ਬੱਚੇ ਦੀ ਯਾਦ ਸ਼ਕਤੀ ਅਤੇ ਕਲਪਣਾ ਸ਼ਕਤੀ ਦੀ ਉਚਿਤ ਸਿਖਿਆ ਹੁੰਦੀ ਸੀ। ਲੈਟਿਨ ਅਤੇ ਗਰੀਕ ਵਿਚ ਲਿਖੇ ਵਿਸ਼ਿਆਂ ਦੀ ਉਪਯੋਗਤਾ ਉਤੇ ਇੰਨਾ ਧਿਆਨ ਨਹੀਂ ਸੀ ਰਖਿਆ ਜਾਂਦਾ ਜਿੰਨਾ ਕਿ ਉਨ੍ਹਾਂ ਰਾਹੀਂ ਮਾਨਸਿਕ ਸ਼ਕਤੀਆਂ ਦੀ ਸਿਖਾਈ ਉੱਤੇ ਧਿਆਨ ਰੱਖਿਆ ਜਾਂਦਾ ਸੀ। ਯੂਰਪ ਦੇ ਸਕੂਲਾਂ ਵਿਚ ਬਚਿਆਂ ਨੂੰ ਲੰਬੀਆਂ ਲੰਬੀਆਂ ਕਵਿਤਾਵਾਂ ਇਸ ਲਈ ਹੀ ਯਾਦ ਕਰਵਾਈਆਂ ਜਾਂਦੀਆਂ ਸਨ ਤਾਂ ਜੁ ਉਨ੍ਹਾਂ ਦੀ ਯਾਦ ਸ਼ਕਤੀ ਵਧੇ। ਜਿਸ ਤਰ੍ਹਾਂ ਇਕ ਪਹਿਲਵਾਨ ਵਰਜਸ਼ ਕਰ ਕੇ ਆਪਣੀਆਂ ਸਰੀਰਕ ਸ਼ਕਤੀਆਂ ਨੂੰ ਵਧਾਉਂਦਾ ਹੈ, ਇਸੇ ਤਰ੍ਹਾਂ ਇਹ ਮੰਨ ਲਿਆ ਗਿਆ ਸੀ ਕਿ ਮਾਨਸਿਕ ਵਰਜ਼ਸ ਰਾਹੀਂ ਮਾਨਸਿਕ ਸ਼ਕਤੀਆਂ ਨੂੰ ਵਧਾਇਆ ਜਾ ਸਕਦਾ ਹੈ। ਇਸ ਮਾਨਸਿਕ ਵਰਜ਼ਸ ਦੇ ਕਰਨ ਵੇਲੇ ਜਿਹੜੇ ਕੰਮ ਕੀਤੇ ਜਾਂਦੇ ਹਨ ਜਾਂ ਜਿਨ੍ਹਾਂ ਚੀਜ਼ਾਂ ਨੂੰ ਵਰਤੋਂ ਵਿਚ ਲਿਆਂਦਿਆ ਜਾਂਦਾ ਹੈ

ਉਨ੍ਹਾਂ ਦੇ ਲਾਭ ਉਤੇ ਵਿਚਾਰ ਕਰਨਾ ਫੋਲੋੜਾ ਹੈ। ਇਸ ਸਿਧਾਂਤ ਨੂੰ ਮੰਨ ਕੇ ਬਚਿਆਂ ਨੂੰ ਲੰਬੇ ਲੰਬੇ ਪਾਠ ਰਟਾਏ ਜਾਂਦੇ ਸਨ। ਇਸ ਤਰ੍ਹਾਂ ਘੋਟਾ ਲੁਆਉਣ ਵਾਲੇ ਵਿਦਵਾਨਾਂ ਦਾ ਵਿਸ਼ਵਾਸ ਸੀ ਕਿ ਪਾਠਾਂ ਨੂੰ ਘੋਟਾ ਲਾਉਣ ਨਾਲ ਬੱਚਿਆਂ ਦੀ ਯਾਦ ਸ਼ਕਤੀ ਵਧਦੀ ਹੈ। ਜਦ ਬੱਚਿਆਂ ਦੀ ਯਾਦ ਸ਼ਕਤੀ ਵਧ ਜਾਂਦੀ ਹੈ ਤਾਂ ਉਹ ਕਿਸੇ ਵੀ ਗਲ ਨੂੰ, ਜਿਸ ਨੂੰ ਉਨ੍ਹਾਂ ਯਾਦ ਕਰਨਾ ਹੈ, ਸਹਿਜੇ ਹੀ ਯਾਦ ਕਰ ਸਕਦੇ ਹਨ।

**ਕਲਪਣਾ ਅਤੇ ਵਿਚਾਰ ਦੀ ਸਿਖਿਆ :**—ਜਿਸ ਤਰ੍ਹਾਂ ਉਪਰ ਲਿਖੀਆਂ ਮਾਨਸਿਕ ਸ਼ਕਤੀਆਂ ਦੇ ਵਿਕਾਸ ਲਈ ਪਾਠ-ਕਰਮ ਵਿਚ ਵਿਸ਼ੇਸ਼ ਤਰ੍ਹਾਂ ਦੇ ਵਿਸ਼ੇ ਰੱਖੇ ਜਾਂਦੇ ਹਨ, ਉਸੇ ਤਰ੍ਹਾਂ ਕਲਪਣਾ ਅਤੇ ਵਿਚਾਰ ਦੇ ਵਿਕਾਸ ਲਈ ਕੁਝ ਵਿਸ਼ੇ ਰੱਖੇ ਜਾਂਦੇ ਸਨ। ਕਲਪਣਾ ਦਾ ਵਿਕਾਸ ਸਾਹਿਤ ਦੇ ਅਧਿਅਨ ਤੋਂ ਹੁੰਦਾ ਹੈ ਅਤੇ ਵਿਚਾਰ ਕਰਨ ਦੀ ਸਿਖਿਆ ਰੇਖਾ ਗਣਿਤ ਅਤੇ ਤਰਕ ਸ਼ਾਸ਼ਤਰ ਰਾਹੀਂ ਚੰਗੀ ਹੁੰਦੀ ਹੈ। ਇਸ ਸਿਧਾਂਤ ਨੂੰ ਮੰਨ ਕੇ ਉਪਰਲੇ ਵਿਸ਼ੇ ਬੱਚਿਆਂ ਦੇ ਪਾਠ-ਕਰਮ ਵਿਚ ਰੱਖੇ ਜਾਂਦੇ ਸਨ। ਬਚਿਆਂ ਤੋਂ ਲੰਬੇ ਲੰਬੇ ਪ੍ਰਸ਼ਨ ਇਸ ਲਈ ਹੱਲ ਕਰਵਾਏ ਜਾਂਦੇ ਸਨ ਤਾਂ ਜੁ ਉਨ੍ਹਾਂ ਵਿਚ ਸੂਖਮ ਵਿਚਾਰ ਕਰਨ ਦੀ ਸ਼ਕਤੀ ਆਵੇ। ਇਨ੍ਹਾਂ ਸੁਆਲਾਂ ਨੂੰ ਕਰਨ ਦੀ ਕਿਸੇ ਹੋਰ ਉਪਯੋਗਤਾ ਉਤੇ ਵਿਚਾਰ ਨਹੀਂ ਸੀ ਕੀਤਾ ਜਾਂਦਾ। ਵਰਤਮਾਨ ਸਮੇਂ ਵਿਚ ਵੀ ਬਚਿਆਂ ਦੇ ਸਿਖਿਆ-ਕਰਮ ਵਿਚ ਬਹੁਤ ਸਾਰੇ ਵਿਸ਼ੇ ਇਸ ਲਈ ਰਖੇ ਜਾਂਦੇ ਹਨ ਕਿ ਇਨ੍ਹਾਂ ਨਾਲ ਉਨ੍ਹਾਂ ਦੀ ਕਲਪਣਾ ਅਤੇ ਵਿਚਾਰ ਸ਼ਕਤੀ ਨੂੰ ਟਰੇਨਿੰਗ ਮਿਲੇ। ਪਾਠ-ਕਰਮ ਬਣਾਉਣ ਲਈ ਇੰਨਾ ਹੀ ਲੋੜੀਂਦਾ ਸਮਝਿਆ ਜਾਂਦਾ ਹੈ ਕਿ ਬਾਲਕਾਂ ਦੀਆਂ ਮਾਨਸਿਕ ਸ਼ਕਤੀਆਂ ਦੀ ਇਕ ਸੂਚੀ ਬਣਾ ਲਈ ਜਾਵੇ ਅਤੇ ਹਰ ਸ਼ਕਤੀ ਦੀ ਟਰੇਨਿੰਗ ਲਈ ਇਕ ਵਿਸ਼ੇਸ਼ ਵਿਸ਼ੇ ਨੂੰ ਉਨ੍ਹਾਂ ਦੇ ਪਾਠ-ਕਰਮ ਵਿਚ ਰੱਖ ਦਿਤਾ ਜਾਵੇ। ਇਸ ਤਰ੍ਹਾਂ ਦੇ ਸਿਧਾਂਤ ਦੀ ਪਾਲਣਾ ਕਰਨ ਵਾਲੇ ਵਿਦਵਾਨ ਐਮ. ਜੀ. ਗਲੇਜ ਦੇ ਵਿਚਾਰ ਇਥੇ ਦਿੱਤੇ ਜਾਂਦੇ ਹਨ—ਯਾਦ ਸ਼ਕਤੀ ਦੀ ਸਿਖਾਈ ਆਮ ਕਰਕੇ ਸਾਰੇ ਹੀ ਵਿਸ਼ਿਆਂ ਦੇ ਅਧਿਅਨ ਤੋਂ ਹੁੰਦੀ ਹੈ ਪਰ ਸਭ ਤੋਂ ਵਧ ਬੋਲੀ ਅਤੇ ਇਤਿਹਾਸ ਦੇ ਅਧਿਅਨ ਤੋਂ ਹੁੰਦੀ ਹੈ। ਰੁਚੀ ਦੀ ਸਿਖਾਈ ਬੋਲੀਆਂ ਦੇ ਉੱਚ ਗਿਆਨ ਤੋਂ ਹੁੰਦੀ ਹੈ ਅਤੇ ਇਸ ਤੋਂ ਵੀ ਚੰਗੀ ਅੰਗਰੇਜ਼ੀ ਸਾਹਿਤ ਤੋਂ ਹੁੰਦੀ ਹੈ। ਕਲਪਣਾ ਦੀ ਸਿਖਿਆ ਭਾਸ਼ਾ (ਬੋਲੀ) ਦੀ ਉੱਚੀ ਤੋਂ ਉੱਚੀ ਪੜ੍ਹਾਈ ਨਾਲ ਹੁੰਦੀ ਹੈ, ਪਰ ਇਹ ਵਿਸ਼ੇਸ਼ ਕਰਕੇ ਗਰੀਕ ਅਤੇ ਲੇਟਿਨ ਕਵਿਤਾਵਾਂ ਦੇ ਪੜ੍ਹਾਉਣ ਨਾਲ ਹੁੰਦੀ ਹੈ। ਵੇਖਣ ਘੋਖਣ ਦੀ ਸ਼ਕਤੀ ਦੀ ਟਰੇਨਿੰਗ ਪਰਯੋਗਸ਼ਾਲਾ ਵਿਚ ਕੰਮ ਕਰਨ ਨਾਲ ਹੁੰਦੀ ਹੈ। ਵੇਖਣ ਘੋਖਣ ਦੀ ਕੁਝ ਸਿਖਿਆ ਘਟੀਆ ਦਰਜੇ ਦੀ ਗਰੀਕ ਅਤੇ ਲੇਟਿਨ ਦੀ ਪੜ੍ਹਾਈ ਨਾਲ ਵੀ ਹੁੰਦੀ ਹੈ। ਭਾਵ ਪਰਗਟ ਕਰਨ ਦੀ ਸਿਖਾਈ ਵਿਚ ਪਹਿਲੀ ਥਾਂ ਗਰੀਕ ਅਤੇ ਲੈਟਿਨ ਨਿਬੰਧ ਦੀ ਹੈ, ਅੰਗਰੇਜ਼ੀ ਨਿਬੰਧ ਦਾ ਥਾਂ ਦੂਜਾ ਹੈ। ਨਿਰੋਲ ਦਲੀਲ ਦੇ ਵਿਚਾਰ ਦੀ ਸਿਖਾਈ ਗਣਿਤ ਨਾਲ ਹੀ ਹੁੰਦੀ ਹੈ ਅਤੇ ਅਮਲੀ ਦਲੀਲ (ਤਰਕ) ਵਿਚ ਵਿਗਿਆਨ ਦੀ ਪਹਿਲੀ ਥਾਂ ਹੈ, ਫਿਰ ਜਿਉਮੈਟਰੀ (ਰੇਖਾ ਗਣਿਤ) ਦੀ, ਸਮਾਜਿਕ ਵਿਚਾਰ ਜਾਂ ਦਲੀਲ ਦੀ ਸਿਖਿਆ ਲਈ ਯੂਨਾਨੀ ਅਤੇ ਰੋਮਨ ਇਤਿਹਾਸਕਾਰਾਂ ਅਤੇ ਵਖਿਆਣਕਾਰਾਂ ਦੀ ਪਹਿਲੀ ਥਾਂ ਹੈ, ਦੂਜਾ ਥਾਂ ਸਧਾਰਨ ਇਤਿਹਾਸ ਦਾ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਬੱਚੇ ਦੀ ਸਿਖਿਆ ਵਿਚ, ਜਿਸ ਨੂੰ ਅਸੀਂ ਕਿਸੇ ਤਰ੍ਹਾਂ ਦੀ ਪੂਰਨ ਸਿਖਿਆ ਆਖ ਸਕਦੇ ਹਾਂ, ਲੇਟਿਨ, ਅਧੁਨਿਕ ਭਾਸ਼ਾ, ਕੁਝ ਇਤਿਹਾਸ, ਕੁਝ ਅੰਗਰੇਜ਼ੀ ਸਾਹਿਤ

ਅਤੇ ਇਕ ਵਿਗਿਆਨ ਹੋਣਾ ਚਾਹੀਦਾ ਹੈ*।

## ਮਾਨਸਿਕ ਸ਼ਕਤੀਆਂ ਦੀ ਸਿਖਿਆ ਦੇ ਸਿਧਾਂਤ ਦੀ ਅਲੋਚਨਾ

ਮਾਨਸਿਕ ਸ਼ਕਤੀਆਂ ਦੀ ਸਿਖਿਆ ਦੇ ਸਿਧਾਂਤ ਦੀ, ਆਧੁਨਿਕ ਕਾਲ ਦੇ ਸਿਖਿ ਵਿਗਿਆਨੀ ਕਟੂ, ਅਲੋਚਨਾ ਕਰਦੇ ਹਨ। ਆਧੁਨਿਕ ਮਨੋ-ਵਿਗਿਆਨ ਦੀਆਂ ਖੋ ਨੇ ਇਹ ਸਿੱਟਾ ਕਢਿਆ ਹੈ ਕਿ ਮਨੁਖ ਦਾ ਮਨ ਕੋਈ ਵਖ ਵਖ ਕਿਸਮ ਦੀਆਂ ਨਿਖੇੜਵੀ ਸ਼ਕਤੀਆਂ ਦਾ ਜੋੜ ਨਹੀਂ। ਮਨ ਇਕ ਸੰਪੂਰਨ ਵਸਤੂ ਹੈ ਅਤੇ ਇਸ ਦੇ ਕਿਸੇ ਵੀ ਅੰ ਦੀ ਸਿਖਿਆ ਹੋਣ ਨਾਲ ਸੰਪੂਰਨ ਅੰਗ ਦੀ ਸਿਖਿਆ ਹੁੰਦੀ ਹੈ। ਉਦਾਹਰਨ ਵਜੋਂ ਬਾਲ ਦੀ ਵੇਖ ਭਾਲ ਦੀ ਸ਼ਕਤੀ ਦੀ ਜਦ ਸਿਖਿਆ ਹੁੰਦੀ ਹੈ ਤਾਂ ਉਸ ਦੀ ਯਾਦ, ਕਲਪਣਾ ਅ ਵਿਚਾਰ ਸ਼ਕਤੀ ਦੀ ਸਿਖਿਆ ਵੀ ਹੁੰਦੀ ਹੈ। ਬਚੇ ਦਾ ਕੋਈ ਅਜਿਹਾ ਕੰਮ ਨਹੀਂ ਜਿ ਵਿਚ ਉਸ ਦੀਆਂ ਸਭ ਤਰ੍ਹਾਂ ਦੀਆਂ ਮਾਨਸਿਕ ਸ਼ਕਤੀਆਂ ਉਤੇ ਜ਼ੋਰ ਨਾ ਪਵੇ। ਇਸ ਲਈ ਉਸ ਦੀ ਸਿਖਿਆ ਵਿਚ ਵਿਸ਼ੇਸ਼ ਪਰਕਾਰ ਦੀ ਮਾਨਸਿਕ ਸ਼ਕਤੀ ਦੀ ਸਿਖਲਾਈ ਨੂੰ ਮਹੱਤਾ ਦੇਣ ਦੀ ਥਾਂ ਪਾਠ-ਵਿਸ਼ੇ ਦਾ ਜੀਵਨ ਵਿਚ ਲੋੜੀਂਦਾ ਹੋਣ ਉਤੇ ਹੀ ਜ਼ੋਰ ਦੇਣ ਚਾਹੀਦਾ ਹੈ।

ਬੱਚੇ ਦੀ ਵੇਖਣ ਭਾਲਣ ਦੀ ਸ਼ਕਤੀ ਜਾਂ ਯਾਦ ਸ਼ਕਤੀ ਉਸ ਦੀ ਰੁਚੀ ਉ ਨਿਰਭਰ ਹੁੰਦੀ ਹੈ, ਸ਼ਕਤੀ ਦੀ ਟ੍ਰੇਨਿੰਗ ਉਤੇ ਨਹੀਂ। ਹਰ ਮਨੁਖ ਵਿਚ ਕਿਸੇ ਨਾ ਕਿ ਤਰ੍ਹਾਂ ਦੇ ਪਦਾਰਥ ਨੂੰ ਜਾਂਚਣ ਪੜਤਾਲਣ ਦੀ ਸ਼ਕਤੀ ਹੁੰਦੀ ਹੈ। ਇਸ ਲਈ ਜਾਂਚ

---

*"Memory is trained by most studies but best by language and History; Taste is trained by the more advanced study of languages; and still better by English literature ; imagination by all higher language teaching but chiefly by Greek and Latin poetry ; observation by working in Science laboratory ; though some training is to be got from the early stages of Latin and Greek; for expression Latin and Greek composition comes first and English composition next, for abstract reasoning Mathematics stand alone; for concrete reasoning Science comes first and then Geometry ; while for social reasoning, the Greek and Roman Historians and Orators come first and general History next.........The narrowest education which can claim to be at all Complete includes Latin, one modern Language, some History, some English literature and one science".— M. G. Glaze Brook, quoted by 'Raymount' in The Principles of Education P. 94.

ਪੜਤਾਲਣ ਦੀ ਸ਼ਕਤੀ ਦੇ ਵਾਧੇ ਲਈ ਹੀ ਕਿਸੇ ਵਿਸ਼ੇ ਨੂੰ ਪੜ੍ਹਾਉਣਾ ਅ-ਮਨੋਵਿਗਿਆਨਿਕ ਢੰਗ ਦੀ ਰੀਸ ਕਰਨਾ ਹੈ । ਜਿਸ ਤਰ੍ਹਾਂ ਇਕ ਵਿਗਿਆਨ ਦੇ ਵਿਦਿਆਰਥੀਆਂ ਵਿਚ ਵਿਗਿਆਨਿਕ ਗਲਾਂ ਨੂੰ ਜਾਂਚਣ ਪੜਤਾਲਣ ਦੀ ਸ਼ਕਤੀ ਹੁੰਦੀ ਹੈ ਉਸੇ ਤਰ੍ਹਾਂ ਇਕ ਚੋਰ ਵਿਚ ਘੜੀਆਂ ਅਤੇ ਪੈਸਿਆਂ ਦੀਆਂ ਥੈਲੀਆਂ ਆਦਿ ਨੂੰ ਜਾਂਚਣ ਪੜਤਾਲਣ ਦੀ ਸ਼ਕਤੀ ਹੁੰਦੀ ਹੈ। ਇਸ ਲਈ ਬਚਿਆਂ ਵਿਚ ਕਿਸੇ ਖਾਸ ਕਿਸਮ ਦੀ ਚੀਜ਼ ਦੀ ਜਾਂਚ ਪੜਤਾਲ ਕਰਨ ਲਈ ਉਨ੍ਹਾਂ ਚੀਜ਼ਾਂ ਵਿਚ ਰੁਚੀ ਪੈਦਾ ਕਰਨਾ ਹੀ ਲੋੜੀਂਦਾ ਹੈ । ਇਸ ਬਾਰੇ ਰੇਮੰਟ ਦੇ 'ਪ੍ਰਿੰਸੀਪਲਜ਼ ਆਫ ਐਜੂਕੇਸ਼ਨ' ਵਿਚ ਦਿਤੇ ਹੋਏ ਹੇਠ ਲਿਖੇ ਵਿਚਾਰ ਲਿਖਣ ਯੋਗ ਹਨ —

ਸਾਡੇ ਵਿਚ ਸਭ ਤਰ੍ਹਾਂ ਦੇ ਪਦਾਰਥਾਂ ਨੂੰ ਜਾਂਚਣ ਪੜਤਾਲਣ ਦੀ ਸ਼ਕਤੀ ਨਹੀਂ ਹੈ ਅਤੇ ਜਦ ਤਕ ਉਸ ਦਾ ਵਰਤਾਰਾ ਆਮ ਨਹੀਂ ਹੋ ਜਾਂਦਾ ਇਸ ਤਰ੍ਹਾਂ ਦੀ ਰੁਚੀ ਦਾ ਵਿਕਾਸ ਹੋਣਾ ਸੰਭਵ ਨਹੀਂ ਹੈ । ਭੂ-ਗਰਭ ਸ਼ਾਸਤਰ (Geology) ਦੇ ਵਿਦਿਵਾਨ ਦੀ ਜਾਂਚ ਪੜਤਾਲ ਦੀ ਸ਼ਕਤੀ ਦੀ ਪਰਬੀਣਤਾ ਖੇਤ ਵਿਚ ਵੇਖੀ ਜਾਂਦੀ ਹੈ, ਵਿਗਿਆਨਿਕ ਦੀ ਰਸਾਇਣ ਸ਼ਾਲਾ ਵਿਚ, ਇਕ ਖੋਜ ਵਿਚ ਲਗੇ ਵਿਦਿਆਰਥੀ ਦੀ ਹਥ ਲਿਖਤਾਂ ਵਿਚ, ਇਕ ਖੁਫੀਏ ਦੀ ਅਪਰਾਧੀ ਦੀ ਖੋਜ ਕਰਨ ਵਿਚ ਅਤੇ ਹਕੀਮ ਦੀ ਆਪਣੇ ਦਵਾਖਾਨੇ ਵਿਚ । ਹਰ ਵਿਅਕਤੀ ਆਪੋ ਆਪਣੇ ਖੇਤਰ ਦੀਆਂ ਗਲਾਂ ਦੀ ਚੰਗੀ ਜਾਂਚ ਪੜਤਾਲ ਕਰਨ ਵਾਲਾ ਹੁੰਦਾ ਹੈ ਪਰ ਆਪਣੇ ਖੇਤਰ ਤੋਂ ਬਾਹਰ ਉਨਾਂ ਦੀ ਜਾਂਚਣ ਪੜਤਾਲਣ ਦੀ ਸ਼ਕਤੀ ਉਸੇ ਤਰ੍ਹਾਂ ਖੁੰਢੀ ਹੋਈ ਰਹਿੰਦੀ ਹੈ ਜਿਵੇਂ ਹੋਰ ਸਧਾਰਨ ਵਿਅਕਤੀਆਂ ਦੀ । ਇੱਨਾ ਕਿਹਾ ਜਾ ਸਕਦਾ ਹੈ ਕਿ ਜੇ ਕੋਈ ਵਿਅਕਤੀ ਇਕ ਖੇਤਰ ਦਾ ਚੰਗਾ ਪੜਤਾਲੀਆ ਹੈ ਤਾਂ ਉਹ ਉਸ ਵਰਗੇ ਕਿਸੇ ਹੋਰ ਖੇਤਰ ਦਾ ਭੈੜਾ ਪੜਤਾਲੀਆ ਨਹੀਂ ਹੋਵੇਗਾ । ਇਸ ਲਈ ਜਦ ਅਸੀ ਕਿਸੇ ਖਾਨ-ਵਿਸ਼ੇ ਨੂੰ ਚੁਣੀਏ ਤਾਂ ਸਾਨੂੰ ਬੱਚੇ ਦੀ ਜਾਂਚਣ ਪੜਤਾਲਣ ਦੀ ਸ਼ਕਤੀ ਦੇ ਵਾਧੇ ਵਲ ਵਧੇਰਾ ਧਿਆਨ ਦੇਣ ਦੀ ਥਾਂ ਉਸ ਦੀ ਲੋੜੀਂਦੀਆਂ ਚੀਜ਼ਾਂ ਵਿਚ ਰੁਚੀ ਵਧਾਉਣ ਨੂੰ ਹੀ ਵਧੇਰੇ ਮਹੱਤਾ ਦੇਣੀ ਚਾਹੀਦੀ ਹੈ। ਇਸ ਨਾਲ ਬੱਚੇ ਦੀ ਉਨ੍ਹਾਂ ਵਿਸ਼ਿਆਂ ਬਾਰੇ ਜਾਂਚ ਪੜਤਾਲ ਦੀ ਸ਼ਕਤੀ ਆਪਣੇ ਆਪ ਵਧ ਜਾਵੇਗੀ ।*

---

*"We have no faculty of observing, things at large, and no such faculty could be evolved except by cultivating interests of appaling with. The geologist in the field, the physicist in the laboratory, the scholar amid his manuscripts, the detective on the track and the physician in his consulting room, are all keen observers in their respective spheres. Taken out of these spheres they may be at last as unobservant as other people; the utmost that can be said is that a good observer in a department will probably not be a bad one in a kindred department".--Raymont, The Principles of Education" P. 95.

ਜਿਸ ਤਰ੍ਹਾਂ ਜਾਂਚ ਪੜਤਾਲ ਦੀ ਕੋਈ ਵਿਸ਼ੇਸ਼ ਸ਼ਕਤੀ ਨਹੀਂ ਹੈ, ਅਤੇ ਕਿਸੇ ਵਿਸ਼ੇ ਤਰ੍ਹਾਂ ਦੀ ਗਲ ਦੀ ਪੜਤਾਲਣ ਦੀ ਯੋਗਤਾ ਉਸ ਗਲ ਵਿਚ ਪਾਈ ਜਾਂਦੀ ਰੁਚੀ ਉਤੇ ਨਿਰ ਹੈ, ਉਸੇ ਤਰ੍ਹਾਂ ਆਧੁਨਿਕ ਮਨੋ-ਵਿਗਿਆਨ ਯਾਦ ਸ਼ਕਤੀ ਨੂੰ ਕਿਸੇ ਵਿਸ਼ੇਸ਼ ਤਰ੍ਹਾਂ ਦੀ ਸ਼ਕ ਮੰਨਣ ਦੀ ਥਾਂ ਉਸਦਾ ਅਧਾਰ ਰੁਚੀ ਨੂੰ ਹੀ ਮੰਨਦਾ ਹੈ। ਪੁਰਾਣੇ ਲੋਕਾਂ ਦਾ ਇਹ ਵਿਸ਼ਵ ਕਿ ਕਿਸੇ ਤਰ੍ਹਾਂ ਦੀਆਂ ਗਲਾਂ ਨੂੰ ਯਾਦ ਕਰਨ ਨਾਲ ਯਾਦ ਸ਼ਕਤੀ ਵਧਦੀ ਹੈ, ਨਿਰਮੂਲ ਹੈ ਅਧੁਨਿਕ ਮਨੋ-ਵਿਗਿਆਨ ਦੀਆਂ ਖੋਜਾਂ ਨੇ ਦਸਿਆ ਹੈ ਕਿ ਹਰ ਮਨੁਖ ਯਾਦ ਸ਼ਕਤੀ ਉਸਦੇ ਮੱਥੇ ਦੀ ਬਣਤਰ ਉਤੇ ਨਿਰਭਰ ਹੈ ਅਤੇ ਉਸ ਨੂੰ ਕਿਸੇ ਤਰ੍ਹਾਂ ਦੀ ਵਰ ਨਾਲ ਵਧਾਇਆ ਨਹੀਂ ਜਾਂ ਸਕਦਾ। ਇਸ ਵਿਚ ਤਬਦੀਲੀ ਸਰੀਰਕ ਸਵਾਸਥ ਤੋਂ ਬਿਨਾਂ ਕਿਸੇ ਗਲ ਨਾਲ ਨਹੀਂ ਲਿਆਂਦੀ ਜਾ ਸਕਦੀ। ਇਸ ਤਰ੍ਹਾਂ ਯਾਦ ਸ਼ਕਤੀ ਦੇ ਵਾਧੇ ਦੀ ਨਿਸਚਤ ਹੋ ਜਾਂਦੀ ਹੈ। ਕਿਸੇ ਵਿਅਕਤੀ ਦੀ ਯਾਦ ਸ਼ਕਤੀ ਨੂੰ ਵਧਾਉਣ ਦਾ ਸਾਧਨ ਰ ਲੁਆਉਣਾ ਨਹੀਂ ਹੈ ਸਗੋਂ ਗਿਆਨ ਦੇ ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝਣਾ, ਉਸਨੂੰ ਤਰਤੀਬ ਲਿਆਉਣਾ, ਉਸ ਵਿਚ ਤਿੱਖੀ ਰੁਚੀ ਹੋਣਾ ਅਤੇ ਉਸ ਵਲ ਡੂੰਘਾ ਧਿਆਨ ਦੇਣਾ ਹੈ।* ਵਿਸ਼ੇ ਵਿਚ ਬੱਚੇ ਦੀ ਰੁਚੀ ਹੁੰਦੀ ਹੈ ਉਹ ਉਸ ਬਾਰੇ ਘੜੀ ਮੁੜੀ ਸੋਚਦਾ ਹੈ। ਉਸਦੇ ਦਿਨ ਦੇ ਅਨੁਭਵ ਉਸਦੀ ਪੁਰਾਣੀ ਯਾਦ ਨੂੰ ਨਵੇਂ ਸਿਰੇ ਤੋਂ ਤਾਜ਼ਾ ਕਰ ਦਿੰਦੇ ਹਨ। ਇਸ ਇਕ ਹੀ ਗਲ ਕਈ ਤਰ੍ਹਾਂ ਦੇ ਅਨੁਭਵਾਂ ਨਾਲ ਸਬੰਧਤ ਹੋ ਜਾਂਦੀ ਹੈ। ਜਦ ਕਿਸੇ ਗਲ ਸਾਡੇ ਅਨੁਭਵ ਨਾਲ ਸਬੰਧ ਹੋ ਜਾਂਦਾ ਹੈ ਤਾਂ ਉਹ ਸਾਡੇ ਦਮਾਗ ਵਿਚੋਂ ਨਹੀਂ ਨਿਕਲਦੀ ਸਮਾਂ ਪੈ ਜਾਣ ਉਤੇ ਉਹ ਸਾਡੀ ਚੇਤਨਾ ਦਾ ਭਾਗ ਬਣ ਜਾਂਦੀ ਹੈ। ਜਿਸ ਬੱਚੇ ਨੂੰ ਇਤਿ ਜਾਂ ਭੂਗੋਲ ਵਿਚਲੇ ਨਾਵਾਂ ਥਾਵਾਂ ਦੀ ਯਾਦ ਨਹੀਂ ਰਹਿੰਦੀ ਉਸੇ ਬੱਚੇ ਨੂੰ ਕਰਿਕਟ ਦੁਨੀਆਂ ਦੇ ਵੱਡੇ ਵੱਡੇ ਖਿਲਾੜੀਆਂ ਅਤੇ ਉਨ੍ਹਾਂ ਦੀ ਕਰਦਾਰੀ ਯਾਦ ਰਹਿੰਦੀ ਹੈ।

ਇਸ ਲਈ ਸਾਨੂੰ ਚਾਹੀਦਾ ਹੈ ਕਿ ਬਚਿਆਂ ਦੀਆਂ ਰੁਚੀਆਂ ਦਾ ਅਧਿਆਨ ਕਰ ਉਸ ਅਨੁਸਾਰ ਉਨ੍ਹਾਂ ਦੇ ਪਾਠ-ਵਿਸ਼ੇ ਦੀ ਚੋਣ ਕਰੀਏ ਅਤੇ ਉਨ੍ਹਾਂ ਦੀ ਰੁਚੀ ਦੇ ਵਿਰੁਧ ਪਾਠ-ਵਿਸ਼ੇ ਨੂੰ ਰਟਾਕੇ ਉਸਦੀ ਯਾਦ ਸ਼ਕਤੀ ਉਤੇ ਬੇਲੋੜਾ ਬੋਝ ਪਾਉਣ ਦਾ ਯਤਨ ਕਰੀਏ। ਇਸ ਤਰ੍ਹਾਂ ਦਾ ਯਤਨ ਬਾਲਕ ਦੀ ਯਾਦ ਸ਼ਕਤੀ ਦਾ ਸੁਧਾਰ ਕਰਨ ਦੀ ਥਾਂ ਉ ਹਾਨੀ ਕਰੇਗਾ।

ਜਿਹੜੀ ਗਲ ਜਾਂਚਣ ਪੜਤਾਲਣ ਅਤੇ ਯਾਦ ਸ਼ਕਤੀ ਬਾਰੇ ਸਚ ਹੈ, ਉਹ ਕਲ ਬਾਰੇ ਵੀ ਸਚ ਹੈ। ਆਮ ਲੋਕਾਂ ਦਾ ਇਹ ਵਿਸ਼ਵਾਸ਼ ਹੈ ਕਿ ਸਾਹਿੱਤ ਹੀ ਕਲਪਣਾ ਦਾ ਹੈ। ਇਹ ਗਲ ਨਿਰਾ ਭਰਮ ਹੈ। ਵਿਗਿਆਨਕ ਗਲਾਂ ਉਤੇ ਵਿਚਾਰ ਕਰਨ ਨਾਲ ਕਲ ਸ਼ਕਤੀ ਦਾ ਉਸੇ ਤਰ੍ਹਾਂ ਵਾਧਾ ਹੁੰਦਾ ਹੈ ਜਿਵੇਂ ਸਾਹਿੱਤ ਰਾਹੀਂ ਵਾਧਾ ਹੁੰਦਾ ਹੈ। ਵਖ ਵਖ ਦੇ ਵਿਅਕਤੀਆਂ ਦੀਆਂ ਕਲਪਣਾਵਾਂ ਵੀ ਵਖ ਵਖ ਹੁੰਦੀਆਂ ਹਨ। ਕਿਸ ਵਿਅਕਤੀ

---

*"Improvement in memory is to be sought in rote learning, but in clear thinking, orderly arran ment, lively interests and close attention".—Raymon The Principles of Education P. 96.

ਕਲਪਣਾ ਸਾਹਿਤ ਦੇ ਖੇਤਰ ਵਿਚ ਉਘੜਦੀ ਹੈ ਤਾਂ ਕਿਸੇ ਦੀ ਵਿਗਿਆਨ ਦੇ ਖੇਤਰ ਵਿਚ। ਇਹ ਮਨੁਖ ਦੀ ਰੁਚੀ ਉਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਤਰ੍ਹਾਂ ਦੀ ਕਲਪਣਾ ਵਿਚ ਪਰਬੀਣ ਹੋਵੇਗਾ। ਅਸੀਂ ਬਾਲਕ ਨੂੰ ਸਾਹਿੱਤ ਅਤੇ ਇਤਿਹਾਸ ਇਸ ਲਈ ਨਹੀਂ ਪੜ੍ਹਾਉਂਦੇ ਕਿ ਇਸ ਤਰ੍ਹਾਂ ਕਰਨ ਨਾਲ ਕਲਪਣਾ ਸ਼ਕਤੀ ਵਿਚ ਵਾਧਾ ਹੁੰਦਾ ਹੈ ਸਗੋਂ ਇਹ ਇਸ ਲਈ ਪੜ੍ਹਾਏ ਜਾਂਦੇ ਹਨ ਕਿ ਇਨ੍ਹਾਂ ਵਿਚ ਦਸੀਆਂ ਗਲਾਂ ਉਸ ਦੇ ਜੀਵਨ ਵਿਚ ਕੰਮ ਆਉਂਦੀਆਂ ਹਨ। ਕਲਪਣਾ ਸ਼ਕਤੀ ਵਿਚ ਵਾਧਾ ਚੰਗੇ ਮੰਦੇ ਦੋਹਾਂ ਤਰ੍ਹਾਂ ਦੇ ਸਾਹਿਤ ਨਾਲ ਹੁੰਦਾ ਹੈ। ਚੋਰੀ ਅਤੇ ਡਾਕੇ ਦੀਆਂ ਕਹਾਣੀਆਂ ਪੜ੍ਹਕੇ ਬਚਿਆਂ ਦੀ ਕਲਪਣਾ ਸ਼ਕਤੀ ਉਸੇ ਤਰ੍ਹਾਂ ਵਧਦੀ ਹੈ ਜਿਵੇਂ ਸੰਸਾਰ ਦੇ ਮਹਾਂ ਪੁਰਸ਼ਾਂ ਦੀਆਂ ਬੀਰ ਕਹਾਣੀਆਂ ਪੜ੍ਹ ਕੇ ਵਧਦੀ ਹੈ। ਜੇ ਨਿਰਾ ਕਲਪਣਾ ਦਾ ਵਾਧਾ ਹੀ ਸਿਖਿਆ ਦਾ ਨਿਸ਼ਾਨਾ ਹੁੰਦਾ ਤਾਂ ਵੀਰ ਪੁਰਖਾਂ ਦੀਆਂ ਕਹਾਣੀਆਂ ਨੂੰ ਹੀ ਬੱਚੇ ਦੀ ਸਿਖਿਆ ਵਿਚ ਵਿਸ਼ੇਸ਼ ਥਾਂ ਨਾ ਦਿੱਤਾ ਜਾਂਦਾ ਅਤੇ ਉਸ ਨੂੰ ਚੋਰ ਡਾਕੂਆਂ ਦੀਆਂ ਕਹਾਣੀਆਂ ਪੜ੍ਹਨ ਤੋਂ ਨਾ ਰੋਕਿਆ ਜਾਂਦਾ। ਪਰ ਸਾਡੀ ਸਿਖਿਆ ਦਾ ਨਿਸ਼ਾਨਾ ਬਚੇ ਨੂੰ ਇਕ ਸੁਯੋਗ ਵਿਅਕਤੀ ਬਣਾਉਣਾ ਹੈ। ਇਸ ਕੰਮ ਲਈ ਸਾਨੂੰ ਦੂਜਿਆਂ ਲੋਕਾਂ ਦੇ ਅਨੁਭਵਾਂ ਵਿਚ ਰੁਚੀ ਵਧਾਉਣਾ ਲੋੜੀਂਦਾ ਬਣ ਜਾਂਦਾ ਹੈ ਤਾਂ ਜੋ ਉਸਦਾ ਜੀਵਨ ਸਫਲ ਬਣੇ। ਉਸਦੇ ਪਾਠ-ਕਰਮ ਵਿਚ ਜਿਹੜੇ ਵਿਸ਼ੇ ਰੱਖੇ ਜਾਂਦੇ ਹਨ, ਉਨ੍ਹਾਂ ਦਾ ਮੁੱਖ ਨਿਸ਼ਾਨਾ ਕਲਪਣਾ ਦੇ ਵਾਧੇ ਦੀ ਥਾਂ ਨਵੇਂ ਨਵੇਂ ਢੰਗ ਨਾਲ ਸੋਚਣ ਦੀ ਸ਼ਕਤੀ ਪੈਦਾ ਕਰਨਾ ਹੈ।

ਜਿਹੜੀ ਗਲ ਕਲਪਣਾ ਅਤੇ ਯਾਦ ਸ਼ਕਤੀ ਬਾਰੇ ਸਚ ਹੈ ਉਹੋ ਵਿਚਾਰ-ਸ਼ਕਤੀ ਬਾਰੇ ਸਚ ਹੈ। ਸੂਖਮ-ਵਿਚਾਰਾਂ ਦੀ ਸ਼ਕਤੀ ਗਣਿਤ ਨਾਲ ਹੀ ਨਹੀਂ ਆਉਂਦੀ। ਪਰਸਿਧ ਵਿਦਿ-ਵਾਨ ਮੈਕਾਲੇ ਰਾਜਨੀਤੀ ਅਤੇ ਕਨੂੰਨ ਵਿਚ ਬੜੀ ਪਰਬੀਣਤਾ ਰਖਦੇ ਸਨ। ਉਹ ਜਟਿਲ ਤੋਂ ਜਟਿਲ ਸਮਾਜਿਕ ਸਮੱਸਿਆ ਉਤੇ ਜਿਸ ਸੌਖ ਨਾਲ ਵਿਚਾਰ ਪਰਗਟ ਕਰ ਸਕਦੇ ਸਨ, ਕੋਈ ਵਿਰਲਾ ਹੋਰ ਉਸ ਸੌਖ ਨਾਲ ਵਿਚਾਰ ਪਰਗਟ ਕਰ ਸਕਦਾ ਸੀ। ਪਰ ਮੈਕਾਲੇ ਆਪਣੇ ਸਕੂਲ ਦਿਨਾਂ ਵਿਚ ਗਣਿਤ ਵਿਚ ਕੋਰਾ ਹੀ ਸੀ। ਉਨ੍ਹਾਂ ਦੇ ਗਣਿਤ ਵਿਚ ਕੋਰੇ ਹੋਣ ਦਾ ਕਾਰਨ ਉਨਾਂ ਵਿਚ ਸੂਖਮ-ਵਿਚਾਰਾਂ ਦੀ ਘਾਟ ਨਹੀਂ ਕਿਹਾ ਜਾ ਸਕਦਾ ਸਗੋਂ ਉਸ ਵਿਚ ਰੁਚੀ ਦੀ ਅਣਹੋਂਦ ਕਿਹਾ ਜਾ ਸਕਦਾ ਹੈ। ਜਿਸ ਵਿਸ਼ੇ ਵਿਚ ਕੋਈ ਵਿਅਕਤੀ ਰੁਚੀ ਰਖਦਾ ਹੋਵੇ ਉਸ ਵਿਸ਼ੇ ਬਾਰੇ ਬੜੀ ਸੂਖਮਤਾ ਨਾਲ ਸੋਚ ਸਕਦਾ ਹੈ। ਸਾਡੇ ਵਿਚ ਕੋਈ ਪਰਬੀਨ ਰਾਜਨੀਤਕ ਹੁੰਦਾ ਹੋਇਆ ਪਰਬੀਨ ਗਣਿਤਕਾਰ ਹੋਣ ਦੀ ਜਾਂ ਪਰਬੀਨ ਗਣਿਤਕਾਰ ਪਰਬੀਣ ਰਾਜਨੀਤਕ ਹੋਣ ਦੀ ਇੱਛਾ ਕਰੇ ਤਾਂ ਸਾਡੀਆਂ ਇਹ ਇਛਾਵਾਂ ਮਨੋ-ਵਿਗਿਆਨ ਦੇ ਨਿਯਮਾਂ ਦੇ ਉਲਟ ਹੋਣਗੀਆਂ। ਕੋਈ ਵੀ ਵਿਅਕਤੀ ਜਿਸ ਖੇਤਰ ਵਿਚ ਰੁਚੀ ਰਖਦਾ ਹੈ, ਉਸੇ ਖੇਤਰ ਵਿਚ ਜਾਣਕਾਰੀ ਵਧਾਉਣ ਦੀ ਇੱਛਾ ਰਖਦਾ ਹੈ, ਅਤੇ ਉਸ ਦੇ ਵਿਚਾਰਾਂ ਦੀ ਦਲੀਲ ਦੀ ਸੂਖਮਤਾ ਦੀ ਪਰਖ ਵੀ ਉਸੇ ਖੇਤਰ ਵਿਚ ਹੁੰਦੀ ਹੈ। ਇਸ ਤੋਂ ਇਹ ਹੀ ਸਿੱਧ ਹੁੰਦਾ ਹੈ ਕਿ ਬੱਚੇ ਦੇ ਪਾਠ-ਕਰਮ ਦੇ ਵਿਸ਼ੇ ਦੀ ਚੋਣ ਵੇਲੇ, ਬੱਚੇ ਦੀ ਰੁਚੀ ਅਤੇ ਉਸ ਵਿਸ਼ੇ ਦਾ ਲੋੜੀਂਦਾ ਹੋਣਾ ਹੀ ਧਿਆਨ ਵਿਚ ਰਖਣਾ ਚਾਹੀਦਾ ਹੈ।

**ਮਾਨਸਿਕ ਸ਼ਕਤੀਆਂ ਦੇ ਵਿਕਾਸ ਦਾ ਅਸਲ ਉਪਾ:**—ਅਸੀਂ ਰੋਮਨ ਦੇ ਇਸ ਕਥਨ ਨਾਲ ਸਹਿਮਤ ਹਾਂ ਕਿ ਕਿਸੇ ਵਿਸ਼ੇਸ਼ ਮਾਨਸਿਕ ਸ਼ਕਤੀ ਦਾ ਵਿਕਾਸ ਕਿਸੇ ਨਿਸਚਤ ਵਿਸ਼ੇ ਨਾਲ ਹੀ ਨਹੀਂ ਹੁੰਦਾ, ਸਗੋਂ ਕਿਸੇ ਵਿਸ਼ੇ ਨੂੰ ਸੁਚੱਜੇ ਢੰਗ ਨਾਲ ਪੜ੍ਹਾਉਣ ਨਾਲ ਹੁੰਦਾ ਹੈ। ਪੁਰਾਣੇ ਸਿਖਿਆ ਦੇਣ ਵਾਲੇ ਵਿਦਿਵਾਨ ਇਸ ਗਲ ਤੇ ਚਰਚਾ ਕਰਿਆ

ਕਰਦੇ ਸਨ ਕਿ ਕਿਸ ਵਿਸ਼ੇ ਨਾਲ ਕਿਸ ਮਾਨਸਿਕ ਸ਼ਕਤੀ ਦਾ ਵਿਕਾਸ ਹੁੰਦਾ ਹੈ। ਜਦ ਕੋਈ ਵਿਅਕਤੀ ਸਾਹਿੱਤ ਬਾਰੇ ਇਹ ਕਹਿੰਦਾ ਸੀ ਕਿ ਇਸ ਦਾ ਬਾਲਕ ਦੀ ਨਿਰੀ ਕਲਪਣਾ ਨਾਲ ਹੀ ਸਬੰਧ ਹੈ ਅਤੇ ਦਲੀਲ ਸ਼ਕਤੀ ਦੇ ਵਾਧੇ ਲਈ ਉਸਨੂੰ ਹੋਰ ਵਿਸ਼ੇ ਪੜ੍ਹਾਏ ਜਾਣੇ ਚਾਹੀਦੇ ਹਨ, ਤਾਂ ਸਾਹਿੱਤ ਦੇ ਪੱਖੀ ਆਖਦੇ ਸਨ ਕਿ ਸਾਹਿੱਤ ਨਾਲ ਨਿਰੀ ਕਲਪਣਾ ਦਾ ਵਿਕਾਸ ਨਹੀਂ ਹੁੰਦਾ ਸਗੋਂ ਮਨੁਖ ਦੀ ਦਲੀਲ ਦੇਣ ਦੀ ਸ਼ਕਤੀ ਦਾ ਵੀ ਵਿਕਾਸ ਹੁੰਦਾ ਹੈ। ਸਪੈਂਸਰ ਤੋਂ ਪਹਿਲੇ ਸਿਖਿਆ ਸ਼ਾਸਤਰੀਆਂ ਦਾ ਵਿਚਾਰ ਸੀ ਕਿ ਪਦਾਰਥ ਵਿਗਿਆਨ ਨਾਲ ਮਨੁਖ ਦੀ ਤਰਕ-ਬੁਧੀ ਅਤੇ ਜਾਂਚਣ ਪੜਤਾਲਣ ਦੀ ਸ਼ਕਤੀ ਦਾ ਵਾਧਾ ਹੁੰਦਾ ਹੈ ਪਰ ਸਪੈਂਸਰ ਨੇ ਆਪਣੀ 'ਐਜੂਕੇਸ਼ਨ' ਨਾਮੀ ਪੁਸਤਕ ਵਿਚ ਇਹ ਸਿੱਧ ਕੀਤਾ ਕਿ ਪਦਾਰਥ ਵਿਗਿਆਨ ਦੀ ਸਿਖਿਆ ਨਾਲ ਮਨੁਖ ਦੀ ਬੁਧੀ ਦਾ ਸਭ ਤੋਂ ਉਤਮ, ਇਥੋਂ ਤਕ ਕਿ ਯਾਦ ਸ਼ਕਤੀ ਦਾ ਵੀ ਵਿਕਾਸ ਹੁੰਦਾ ਹੈ। ਉਸ ਦਾ ਕਹਿਣਾ ਹੈ ਕਿ ਪਦਾਰਥ ਵਿਗਿਆਨ ਦਾ ਕਲਪਣਾ ਸ਼ਕਤੀ ਦੇ ਵਿਕਾਸ ਵਿਚ ਸਾਹਿੱਤ ਦੇ ਟਾਕਰੇ ਕਿਤੇ ਵਧ ਮਹੱਤਾ ਹੈ। ਇਕ ਵਿਗਿਆਨੀ ਉਪਯੋਗੀ ਕਲਪਣਾ ਨੂੰ ਮਨ ਵਿਚ ਲਿਆਉਂਦਾ ਹੈ ਅਤੇ ਇਸ ਕਲਪਣਾ ਦੇ ਸਹਾਰੇ ਨਵੀਆਂ ਸਚਿਆਈਆਂ ਦੀ ਖੋਜ ਕਰਦਾ ਹੈ।

ਸਾਡੇ ਵਰਤਮਾਨ ਸਮੇਂ ਦੀਆਂ ਮਨੋ-ਵਿਗਿਆਨਿਕ ਖੋਜਾਂ ਨੇ ਉਪਰ ਦੱਸੇ ਮਤਭੇਦ ਨੂੰ ਬਹੁਤ ਸਾਰਾ ਨਿਰਾਰਥਕ ਬਣਾ ਦਿੱਤਾ ਹੈ। ਵਰਤਮਾਨ ਕਾਲ ਦੇ ਸ਼ਿਖਿਆ ਵਿਗਿਆਨੀਆਂ (ਉਦਾਹਰਨ ਵਜੋਂ ਰੇਮੰਟ) ਦਾ ਮਤ ਹੈ ਕਿਸੇ ਵਿਸ਼ੇ ਦਾ ਮਨ ਲਾਕੇ ਅਧਿਅਨ ਕਰਨ ਵਿਚ ਸਮੁਚੇ ਮਨ ਨੂੰ ਕੰਮ ਕਰਨਾ ਪੈਂਦਾ ਹੈ, ਕੇਵਲ ਮਨ ਦੇ ਕਿਸੇ ਨੂੰ ਹਿੱਸੇ ਨਹੀਂ। ਇਸ ਲਈ ਜਿਹੜੀ ਮਾਨਸਿਕ ਸਿਖਿਆਂ ਕਿਸੇ ਵਿਸ਼ੇ ਦੀ ਪੜ੍ਹਾਈ ਵਿਚ ਬੱਚੇ ਨੂੰ ਮਿਲਦੀ ਹੈ ਉਸਦੀ ਮੌਲਕਤਾ ਪੜ੍ਹਾਏ ਜਾਣ ਵਾਲੇ ਵਿਸ਼ੇ ਦੀ ਥਾਂ ਪੜ੍ਹਾਈ ਦੇ ਢੰਗ ਉਤੇ ਨਿਰਭਰ ਹੁੰਦੀ ਹੈ।* ਜੇ ਪਦਾਰਥ ਗਿਆਨ ਨੂੰ ਚੰਗੇ ਢੰਗ ਨਾਲ ਨਾ ਪੜ੍ਹਾਇਆ ਜਾਵੇ ਤਾਂ ਉਹ ਬਾਲਕਾਂ

---

* "In the act of genuine learning, whatever the subject may be, it is the whole mind that works and not this or that supposed special organ of the mind. So that mental discipline depends, not so much upon the subjects taught, as upon the method of teaching. Bad science teaching will not improve the reasoning power but will leave the learner still under the thumb of authority and prescription, whilst good science teaching will avoid this evil, and will also exercise the imagination by opening out wonder lands as glorious as those of literature On the other hand, literary and historical instruction will leave the imagination barren whilst sound instruction in these branches will not only avoid this mistake, but will also furnish the means of abundant exercise in caution, judgement and valid inference."—Raymont, The Principles of Education.

P. 100.

ਦੀ ਸੁਤੰਤਰ ਸੋਚਣ ਦੀ ਸ਼ਕਤੀ ਦਾ ਵਿਕਾਸ ਕਰਨ ਦੀ ਥਾਂ ਉਨ੍ਹਾਂ ਵਿਚ ਲਕੀਰ ਦਾ ਫਕੀਰ ਬਨਣ ਦੀ ਆਦਤ ਪਾ ਸਕਦਾ ਹੈ, ਅਤੇ ਜੇ ਉਹ ਚੰਗੇ ਢੰਗ ਨਾਲ ਪੜ੍ਹਾਇਆ ਜਾਵੇ ਤਾਂ ਉਸ ਨਾਲ ਸੁਤੰਤਰ ਸੋਚਣ ਦੀ ਸ਼ਕਤੀ ਤੋਂ ਬਿਨਾਂ ਬਾਲਕ ਦੀ ਕਲਪਣਾ ਦਾ ਉਸੇ ਤਰ੍ਹਾਂ ਵਿਕਾਸ ਹੁੰਦਾ ਹੈ ਜਿਸ ਤਰ੍ਹਾਂ ਸਾਹਿਤ ਦੇ ਪੜ੍ਹਨ ਨਾਲ ਹੁੰਦਾ ਹੈ। ਇਸੇ ਤਰ੍ਹਾਂ ਗਲਤ ਢੰਗ ਨਾਲ ਸਾਹਿੱਤ ਜਾਂ ਇਤਿਹਾਸ ਦੀ ਕਰਾਈ ਪੜ੍ਹਾਈ ਕਲਪਣਾ ਦਾ ਵਿਕਾਸ ਕਰਨ ਦੀ ਥਾਂ ਕਲਪਣਾ ਦਾ ਖਾਤਮਾ ਹੀ ਕਰ ਦੇਂਦੀ ਹੈ। ਚੰਗੇ ਢੰਗ ਨਾਲ ਕਰਾਈ ਸਾਹਿੱਤ ਅਤੇ ਇਤਿਹਾਸ ਦੀ ਪੜ੍ਹਾਈ ਨਿਰਾ ਕਲਪਣਾ ਦਾ ਵਿਕਾਸ ਹੀ ਨਹੀਂ ਸਗੋਂ ਸੁਤੰਤਰ ਸੋਚ ਅਤੇ ਦਲੀਲ ਦੀਆਂ ਸ਼ਕਤੀਆਂ ਵਿਚ ਵੀ ਵਾਧਾ ਕਰੇਗੀ। ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਕੁਝ ਵਿਸ਼ੇ ਦੂਸਰਿਆਂ ਵਿਸ਼ਿਆਂ ਦੇ ਟਾਕਰੇ ਵਿਸ਼ੇਸ਼ ਮਾਨਸਿਕ ਸ਼ਕਤੀਆਂ ਦਾ ਵਿਕਾਸ ਵਧੇਰੇ ਕਰਦੇ ਹਨ। ਉਦਾਹਰਨ ਵਜੋਂ ਗਣਿਤ ਨਾਲ ਸੂਖਮ ਵਿਚਾਰ ਕਰਨ ਦੀ ਸ਼ਕਤੀ ਆਉਂਦੀ ਹੈ ਅਤੇ ਇਤਿਹਾਸ ਨਾਲ ਸਮਾਜਕ ਗਲਾਂ ਉਤੇ ਸੋਚ ਵਿਚਾਰ ਕਰਨ ਦੀ। ਇਸ ਲਈ ਬੱਚੇ ਦੀ ਸਿਖਿਆ ਵਿਚ ਕੁਝ ਵਿਸ਼ਿਆਂ ਦੇ ਟਾਕਰੇ ਦੂਸਰੇ ਵਿਸ਼ੇ ਵਧੇਰੇ ਲਾਭਦਾਇਕ ਹੁੰਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਮਾਨਸਿਕ ਉੱਨਤੀ ਕਰਨਾ, ਬੱਚੇ ਦੀ ਬੁਧੀ ਨੂੰ ਵਿਕਸਤ ਕਰਨਾ, ਸਿਖਿਆ ਦਾ ਇਕ ਮਹਾਨ ਉਦੇਸ਼ ਹੈ। ਪਰ ਪਾਠ-ਵਿਸ਼ੇ ਦੀ ਚੋਣ ਵਿਚ ਕੇਵਲ ਇਨ੍ਹਾਂ ਗਲਾਂ ਦਾ ਹੀ ਧਿਆਨ ਰਖਣਾ ਉਚਿਤ ਨਹੀਂ ਹੈ। ਪਾਠ-ਵਿਸ਼ੇ ਦੀ ਚੋਣ ਸਮੇਂ ਮਾਨਸਿਕ ਵਿਕਾਸ ਵਲ ਧਿਆਨ ਰਖਣ ਦੇ ਨਾਲ ਨਾਲ ਸਿਖਿਆ ਦੇ ਵਿਸ਼ੇ ਦਾ ਜੀਵਨ ਵਿਚ ਲਾਭਦਾਇਕ ਹੋਣਾ ਵੀ ਜ਼ਰੂਰੀ ਸਮਝਿਆ ਜਾਵੇ। ਗਣਿਤ, ਇਤਿਹਾਸ, ਭੂਗੋਲ ਆਦਿ ਵਿਸ਼ੇ ਬੱਚੇ ਨੂੰ ਪੜ੍ਹਾਏ ਜਾਣੇ ਉਸਦੀ ਯੋਗ ਸਿਖਿਆ ਲਈ ਜ਼ਰੂਰੀ ਹਨ। ਇਨ੍ਹਾਂ ਦੀ ਸਿਖਿਆ ਦੀ ਲੋੜ ਇਸ ਗਲ ਤੇ ਨਿਰਭਰ ਹੈ ਕਿ ਇਨ੍ਹਾਂ ਰਾਹੀਂ ਪਰਾਪਤ ਹੋਇਆ ਗਿਆਨ ਬੱਚੇ ਦੇ ਜੀਵਨ ਵਿਚ ਕੰਮ ਆਉਂਦਾ ਹੈ। ਜੱਦ ਬੱਚਾ ਆਪਣੇ ਕੰਮ ਆਉਂਣ ਵਾਲ ਸਭ ਤਰ੍ਹਾਂ ਦੇ ਗਿਆਨ ਨੂੰ ਪਰਾਪਤ ਕਰਨ ਦੀ ਇੱਛਾ ਕਰਦਾ ਹੈ ਤਾਂ ਉਸ ਨੂੰ ਉਹ ਮਾਨਸਿਕ ਸਿਖਿਆ ਆਪਣੇ ਆਪ ਮਿਲ ਜਾਂਦੀ ਹੈ ਜਿਸ ਦੀ ਉਸਦੇ ਮਾਨ-ਸਿਕ ਵਿਕਾਸ ਲਈ ਲੋੜ ਹੁੰਦੀ ਹੈ।

ਬੱਚੇ ਦੇ ਪਾਠ-ਕਰਮ ਵਿਚ ਮੁਢ ਵਿਚ ਅਜਿਹੇ ਵਿਸ਼ੇ ਹੁੰਦੇ ਹਨ ਜਿਹੜੇ ਸਾਰੇ ਹੀ ਬਾਲਕਾਂ ਨੂੰ ਇਕ ਤਰ੍ਹਾਂ ਹੀ ਪੜ੍ਹਨੇ ਪੈਂਦੇ ਹਨ, ਪਰ ਅੱਗੇ ਚਲਕੇ ਉਨ੍ਹਾਂ ਦੀ ਰੁਚੀ ਅਤੇ ਯੋਗਤਾ ਅਨੁਸਾਰ ਉਨ੍ਹਾਂ ਨੂੰ ਕੁਝ ਵਿਸ਼ੇਸ਼ ਵਿਸ਼ੇ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ। ਇਥੇ ਇਹ ਦਸਣਾ ਜ਼ਰੂਰੀ ਹੈ ਕਿ ਵਖ ਵਖ ਵਿਅਕਤੀਆਂ ਦੀਆਂ ਜਨਮ ਜਾਤ ਕਰਕੇ ਵਖ ਵਖ ਯੋਗਤਾਵਾਂ ਹੁੰਦੀਆਂ ਹਨ ਅਤੇ ਵਖ ਵਖ ਵਿਸ਼ੇ ਇਨ੍ਹਾਂ ਯੋਗਤਾਵਾਂ ਦੇ ਵਾਧੇ ਲਈ ਲੋੜੀਂਦੇ ਹੁੰਦੇ ਹਨ। ਜਿਸ ਵਿਅਕਤੀ ਦੀ ਕਵਿਤਾ ਵਿਚ ਵਿਸ਼ੇਸ਼ ਯੋਗਤਾ ਹੁੰਦੀ ਹੈ ਉਸ ਵਿਚ ਸਧਾਰਨ ਤੌਰ ਤੇ ਗਣਿਤ ਦੀ ਯੋਗਤਾ ਨਹੀਂ ਹੁੰਦੀ। ਇਸੇ ਤਰ੍ਹਾਂ ਕੋਈ ਵਿਰਲਾ ਗਣਿਤ ਵਿਚ ਪਰਬੀਨ ਆਪਣੀ ਪ੍ਰਤਿਭਾ ਕਵਿਤਾ ਵਿਚ ਵਿਖਾ ਸਕਦਾ ਹੈ। ਇਸ ਲਈ ਬਾਲਕਾਂ ਦੀ ਯੋਗਤਾ ਨੂੰ ਜਾਣਕੇ ਉਨ੍ਹਾਂ ਨੂੰ ਵਿਸ਼ੇਸ਼ ਪਰਕਾਰ ਦੇ ਵਿਸ਼ੇ ਪੜ੍ਹਾਏ ਜਾਣੇ ਚਾਹੀਦੇ ਹਨ।

ਇੰਗਲੈਂਡ ਦੇ ਪਰਸਿਧ ਮਨੋਵਿਗਿਆਨੀ ਸੱਪਿਆਰਮੈਨ ਦੀਆਂ ਵਿਗਿਆਨਿਕ ਖੋਜਾਂ ਤੋਂ ਇਹ ਪਤਾ ਚੱਲਿਆ ਹੈ ਕਿ ਮਨੁਖ ਦੀ ਬੁਧੀ ਦੋ ਤਰ੍ਹਾਂ ਦੇ ਤੱਤਾਂ ਦੀ ਬਣੀ ਹੋਈ ਹੈ। ਇਕ ਤੱਤ ਆਮ ਸਧਾਰਨ ਹੁੰਦਾ ਹੈ ਅਤੇ ਦੂਸਰਾ ਤੱਤ ਵਿਸ਼ੇਸ਼ ਹੁੰਦਾ ਹੈ। ਕਿਸੇ ਵਿਅਕਤੀ ਵਿਚ ਸਧਾਰਨ ਬੁਧੀ ਬਹੁਤ ਹੁੰਦੀ ਹੈ ਅਤੇ ਕਿਸੇ ਵਿਚ ਵਿਸ਼ੇਸ਼। ਇਸੇ ਤਰ੍ਹਾਂ ਕੋਈ ਪਾਠ-ਵਿਸ਼ਾ

ਬੱਚੇ ਨੂੰ ਸਧਾਰਨ ਬੁੱਧੀ ਦੀ ਸਿਖਿਆ ਵਧੇਰੇ ਦਿੰਦਾ ਹੈ ਅਤੇ ਕੋਈ ਵਿਸ਼ੇਸ਼ ਬੁੱਧੀ ਦੀ। ਗਣਿਤ, ਬੋਲੀ ਅਤੇ ਪਦਾਰਥ ਵਿਗਿਆਨ ਵਿਚ ਬਚਿਆਂ ਨੂੰ ਸਧਾਰਨ ਬੁਧੀ ਦੀ ਵਧੇਰੇ ਲੋੜ ਹੁੰਦੀ ਹੈ ਪਰ ਸੰਗੀਤ, ਹੱਥ ਦੇ ਕੰਮਾਂ ਅਤੇ ਡਰਾਇੰਗ ਆਦਿ ਵਿਸ਼ਿਆਂ ਦੇ ਸਿਖਣ ਲਈ ਵਿਸ਼ੇਸ਼ ਯੋਗਤਾ ਦੀ ਲੋੜ ਵਧੇਰੇ ਹੁੰਦੀ ਹੈ। ਇਨ੍ਹਾਂ ਯੋਗਤਾਵਾਂ ਦੀ ਸਿਖਲਾਈ ਵੀ ਇਨ੍ਹਾਂ ਵਿਸ਼ਿਆਂ ਨਾਲ ਵਧੇਰੇ ਹੁੰਦੀ ਹੈ। ਸੰਸਾਰਿਕ ਜੀਵਨ ਵਿਚ ਮਨੁਖ ਨੂੰ ਜਿੰਨੀ ਸਧਾਰਨ ਬੁਧੀ ਦੀ ਲੋੜ ਪੈਂਦੀ ਹੈ ਉੱਨੀ ਵਿਸ਼ੇਸ਼ ਬੁੱਧੀ ਦੀ ਨਹੀਂ। ਇਸ ਗਲ ਨੂੰ ਧਿਆਨ ਵਿਚ ਰੱਖਕੇ ਬਾਲਕਾਂ ਦੇ ਪਾਠ-ਕਰਮ ਵਿਚ ਗਣਿਤ, ਬੋਲੀ, ਪਦਾਰਥ ਵਿਗਿਆਨ ਆਦਿ ਵਿਸ਼ਿਆਂ ਨੂੰ ਜਿਨ੍ਹਾਂ ਨਾਲ ਬੱਚੇ ਦੀ ਸਧਾਰਨ ਬੁਧੀ ਵਿਚ ਵਾਧਾ ਹੁੰਦਾ ਹੈ, ਪਹਿਲੀ ਥਾਂ ਦੇਣੀ ਚਾਹੀਦੀ ਹੈ। ਉਸ ਪਿਛੋਂ ਸਾਹਿੱਤ, ਇਤਿਹਾਸ ਅਤੇ ਭੂਗੋਲ ਦਾ ਥਾਂ ਹੋਣਾ ਚਾਹੀਦਾ ਹੈ, ਕਿਉਂ ਜੁ ਪਹਿਲੇ ਵਿਸ਼ਿਆਂ ਦੇ ਟਾਕਰੇ, ਇਨ੍ਹਾਂ ਵਿਚ ਸਧਾਰਨ ਬੁੱਧੀ ਦੀ ਟ੍ਰੇਨਿੰਗ ਘਟ ਹੁੰਦੀ ਹੈ ਅਤੇ ਵਿਸ਼ੇਸ਼ ਬੁਧੀ ਦੀ ਵਧੇਰੇ। ਹੱਥ ਦੇ ਕੰਮਾਂ, ਡਰਾਇੰਗ ਅਤੇ ਸੰਗੀਤ ਨੂੰ ਬਾਲਕਾਂ ਦੀ ਸਿਖਿਆ ਵਿਚ ਸਧਾਰਨ ਥਾਂ ਦੇਣਾ ਚਾਹੀਦਾ ਹੈ ਕਿਉਂ ਜੁ ਇਨ੍ਹਾਂ ਤੋਂ ਜਿਹੜੀ ਸਿਖਿਆ ਪਰਾਪਤ ਹੁੰਦੀ ਹੈ ਉਸ ਨਾਲ ਬਚਿਆਂ ਦੀ ਵਿਸ਼ੇਸ਼ ਯੋਗਤਾਵਾਂ ਦਾ ਵਾਧਾ ਹੁੰਦਾ ਹੈ ਅਤੇ ਸਧਾਰਨ ਬੁਧੀ ਦਾ ਇੰਨਾ ਚੰਗਾ ਵਿਕਾਸ ਨਹੀਂ ਹੁੰਦਾ। ਜਿਹੜੇ ਬੱਚੇ ਸਧਾਰਨ ਬੁਧੀ ਵਿਚ ਪਰਬੀਨ ਹਨ ਉਹ ਬੋਲੀ, ਗਣਿਤ ਅਤੇ ਵਿਗਿਆਨ ਵਿਚ ਚੰਗਾ ਕੰਮ ਕਰਕੇ ਵਿਖਾਉਂਦੇ ਹਨ ਅਤੇ ਜਿਨ੍ਹਾਂ ਵਿਚ ਵਿਸ਼ੇਸ਼ ਯੋਗਤਾ ਬਹੁਤੀ ਹੁੰਦੀ ਹੈ ਉਹ ਸੰਗੀਤ, ਦਸਤਕਾਰੀ ਅਤੇ ਡਰਾਇੰਗ ਆਦਿ ਵਿਸ਼ਿਆਂ ਵਿਚ ਹੋਰਨਾਂ ਬਚਿਆਂ ਦੇ ਟਾਕਰੇ ਵਧੇਰੇ ਨੰਬਰ ਲੈ ਜਾਂਦੇ ਹਨ। ਕੌਮਾਂ ਨੂੰ ਵਿਸ਼ੇਸ਼ ਯੋਗਤਾ ਵਾਲੇ ਵਿਅਕਤੀਆਂ ਦੀ ਇੰਨੀ ਲੋੜ ਨਹੀਂ ਹੁੰਦੀ ਜਿੰਨੀ ਸਧਾਰਨ ਬੁਧੀ ਦੇ ਪਰਬੀਨ ਵਿਅਕਤੀ ਵਿਚ ਆਪਣੇ ਆਪ ਨੂੰ ਹਾਲਤ ਅਨੁਸਾਰ ਨਵੇਂ ਸੱਚੇ ਵਿਚ ਢਾਲ ਲੈਣਾ ਸੌਖਾ ਹੁੰਦਾ ਹੈ। ਇਹ ਯੋਗਤਾ, ਵਿਸ਼ੇਸ਼ ਯੋਗਤਾ ਰਖਣ ਵਾਲੇ ਵਿਅਕਤੀ ਵਿਚ ਨਹੀਂ ਹੁੰਦੀ। ਇਸ ਲਈ ਸਧਾਰਨ ਬੁਧੀ ਵਿਚ ਪਰਫੁਲਤ ਹੋਇਆ ਬੱਚਾ ਵਿਸ਼ੇਸ਼ ਯੋਗਤਾ ਵਿਚ ਪਰਫੁਲਤ ਹੋਏ ਬੱਚੇ ਨਾਲੋਂ ਵਧੇਰੇ ਸਫਲ ਹੁੰਦਾ ਹੈ।

ਉਪਰ ਲਿਖੇ ਕਥਨ ਤੋਂ ਇਹ ਸਪਸ਼ਟ ਹੈ ਕਿ ਬਚਿਆਂ ਦੇ ਪਾਠ-ਚੋਣ ਵਿਚ ਦਸਤਕਾਰੀ, ਸੰਗੀਤ, ਡਰਾਇੰਗ ਅਤੇ ਹੋਰ ਇਸੇ ਤਰ੍ਹਾਂ ਦੀਆਂ ਕਲਾਂ ਜਾਂ ਰੁਜ਼ਗਾਰ ਦੇ ਕੰਮਾਂ ਨੂੰ ਮਹੱਤਾ ਦੇਣ ਦੀ ਥਾਂ ਭਾਸ਼ਾ, ਗਣਿਤ ਅਤੇ ਪਦਾਰਥ ਵਿਗਿਆਨ ਨੂੰ ਹੀ ਵਧੇਰੇ ਮਹੱਤਾ ਦੇਣੀ ਚਾਹੀਦੀ ਹੈ।

ਇਥੇ ਇਹ ਵੀ ਧਿਆਨ ਰੱਖਣਾ ਹੈ ਕਿ ਬੁਧੀ ਦੀਆਂ ਵਿਸ਼ੇਸ਼ ਯੋਗਤਾਵਾਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ ਅਤੇ ਸਧਾਰਨ ਯੋਗਤਾ ਇਕ ਹੀ ਤਰ੍ਹਾਂ ਦੀ। ਜਿਹੜਾ ਬੱਚਾ ਦਸਤਕਾਰੀ ਦੇ ਕੰਮ ਵਿਚ ਪਰਬੀਨ ਨਹੀਂ ਹੈ ਉਹ ਸੰਗੀਤ ਵਿਚ ਪਰਬੀਨ ਹੋ ਸਕਦਾ ਹੈ। ਵਿਸ਼ੇਸ਼ ਤਰ੍ਹਾਂ ਦੀ ਬੁਧੀ ਵਿਚ ਵਧੇ ਹੋਏ ਬੱਚੇ ਸਧਾਰਨ ਬੁਧੀ ਵਿਚ ਘਾਟ ਵਖਾਉਂਦੇ ਹਨ। ਇਸ ਲਈ ਅਜਿਹੇ ਬਾਲਕ ਨੂੰ ਦੋ ਤਰ੍ਹਾਂ ਦੀਆਂ ਰੋਕਾਂ ਦਾ ਟਾਕਰਾ ਕਰਨਾ ਪੈਂਦਾ ਹੈ। ਇਕ ਤਾਂ ਉਹ ਆਪਣੇ ਵਿਸ਼ੇਸ਼ ਵਿਸ਼ੇ ਤੋਂ ਛੁਟ ਕਿਸੇ ਹੋਰ ਵਿਸ਼ੇਸ਼ ਵਿਸ਼ੇ ਵਿਚ ਆਪਣੀ ਕਾਰੀਗਰੀ ਨਹੀਂ ਵਿਖਾ ਸਕਦਾ ਦੂਜੇ ਉਹ ਸਧਾਰਨ ਬੁਧੀ ਵਾਲੇ ਵਿਸ਼ਿਆਂ ਵਿਚ ਵੀ ਪੂਰਾ ਚਤਰ ਨਹੀਂ ਹੋ ਸਕਦਾ। ਇਸ ਦੇ ਉਲਟ ਜਿਹੜੇ ਬੱਚੇ ਸਧਾਰਨ ਬੁਧੀ ਵਿਚ ਪਰਫੁਲਤ ਹੁੰਦੇ ਹਨ, ਅਰਥਾਤ ਜਿਨ੍ਹਾਂ ਦੀ ਬੋਲੀ, ਗਣਿਤ ਅਤੇ ਪਦਾਰਥ ਵਿਗਿਆਨ ਦੀ ਪੜ੍ਹਾਈ ਰਾਹੀਂ ਸਧਾਰਨ ਬੁਧੀ

ਵਿਕਸਤ ਹੋਈ ਹੁੰਦੀ ਹੈ, ਉਹ ਪੜ੍ਹਾਈ ਦੇ ਆਮ ਕਰਕੇ ਸਾਰੇ ਔਖੇ ਨਿਯਮਾਂ ਵਿਚ, ਅਰਥਾਤ ਜਿਨ੍ਹਾਂ ਵਿਚ ਸੂਖਮ ਵਿਚਾਰ ਦੀ ਲੋੜ ਹੁੰਦੀ ਹੈ, ਸੌਖ ਨਾਲ ਚਲ ਨਿਕਲਦੇ ਹਨ।

ਮਨੋਵਿਗਿਆਨੀਆਂ ਨੇ ਆਪਣੇ ਪਰਯੋਗਾਂ ਰਾਹੀਂ ਇਹ ਨਿਸਚਾ ਕਰ ਲਿਆ ਹੈ ਕਿ ਕਿਹੜੇ ਵਿਸ਼ੇ ਵਿਚ ਕਿੰਨੀ ਸਧਾਰਨ ਬੁਧੀ ਦੀ ਲੋੜ ਹੁੰਦੀ ਹੈ ਅਤੇ ਕਿੰਨੀ ਵਿਸ਼ੇਸ਼ ਬੁਧੀ ਦੀ। ਸਧਾਰਨ ਅਤੇ ਵਿਸ਼ੇਸ਼ ਬੁਧੀ ਦੇ ਅਨੁਪਾਤ ਅਨੁਸਾਰ ਭਾਸ਼ਾ ਗਣਿਤ, ਪਦਾਰਥ ਵਿਗਿਆਨ, ਇਤਿਹਾਸ, ਸਾਹਿੱਤ, ਭੂਗੋਲ, ਸੰਗੀਤ, ਦਸਤਕਾਰੀ ਅਤੇ ਡਰਾਇੰਗ ਕਰਮਵਾਰ ਆਉਂਦੇ ਹਨ। ਮੰਨ ਲੌ ਭਾਸ਼ਾ ਵਿਚ ਪਚਾਸੀ ਪ੍ਰਤੀ ਸੈਂਕੜਾ ਸਧਾਰਨ ਬੁਧੀ ਦੀ ਅਤੇ ਪੰਦਰਾਂ ਪ੍ਰਤੀ ਸੈਂਕੜਾ ਵਿਸ਼ੇਸ਼ ਬੁਧੀ ਦੀ ਲੋੜ ਹੁੰਦੀ ਹੈ ਤਾਂ ਅੱਟਾ ਸੱਟਾ ਇਸ ਦਾ ਉਲਟਾ ਅਨੁਪਾਤ ਸਧਾਰਨ ਅਤੇ ਵਿਸ਼ੇਸ਼ ਬੁਧੀ ਦਾ ਡਰਾਇੰਗ ਅਤੇ ਦਸਤਕਾਰੀ ਵਿਚ ਹੈ। ਜਦ ਰਾਸ਼ਟਰ ਦੇ ਪਰਾਰੰਭਕ ਸਕੂਲਾਂ ਦਾ ਪਰੋਗਰਾਮ ਬਣਾਇਆ ਜਾਵੇ ਤਾਂ ਸਾਨੂੰ ਇਸ ਮਨੋਵਿਗਿਆਨਿਕ ਸਚਾਈ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। ਬਾਲਕਾਂ ਦੀ ਬੌਧਿਕ ਵਿਕਾਸ ਦੀ ਦ੍ਰਿਸ਼ਟੀ ਤੋਂ, ਉਨ੍ਹਾਂ ਦੀ ਜੀਵਨ ਵਿਚ ਸਫਲਤਾ ਦੀ ਦ੍ਰਿਸ਼ਟੀ ਤੋਂ ਅਤੇ ਉਨ੍ਹਾਂ ਦੀ ਰਾਸ਼ਟਰ ਲਈ ਲਾਭਕਾਰੀ ਹੋਣ ਦੀ ਦ੍ਰਿਸ਼ਟੀ ਤੋਂ ਇਹ ਜ਼ਰੂਰੀ ਹੈ ਕਿ ਸਕੂਲ ਦੇ ਸਾਰੇ ਬਚਿਆਂ ਨੂੰ ਭਾਸ਼ਾ, ਗਣਿਤ ਅਤੇ ਪਦਾਰਥ ਵਿਗਿਆਨ ਦੇ ਪੜ੍ਹਾਉਣ ਲਈ ਜਿੰਨਾ ਜ਼ੋਰ ਲਾਇਆ ਜਾਵੇ ਉੱਨਾ ਜ਼ੋਰ ਸੰਗੀਤ, ਦਸਤਕਾਰੀ ਅਤੇ ਡਰਾਇੰਗ ਪੜ੍ਹਾਉਣ ਲਈ ਨਹੀਂ ਲਾਉਣਾ ਚਾਹੀਦਾ। ਜੇ ਮੁਢਲੀਆਂ ਜਮਾਤਾਂ ਵਿਚ ਸੰਗੀਤ, ਦਸਤਕਾਰੀ ਅਤੇ ਡਰਾਇੰਗ ਸਾਰੇ ਬਾਲਕਾਂ ਨੂੰ ਸਕੂਲ ਦਾ ਕੰਮ ਸੁਆਦਲਾ ਬਣਾਉਣ ਲਈ ਸਿਖਾਏ ਵੀ ਜਾਣ ਤਾਂ ਜਿਵੇਂ ਜਿਵੇਂ ਉਹ ਅਗੇ ਵਧਣ, ਉਨ੍ਹਾਂ ਦੀ ਪੜ੍ਹਾਈ ਵਿਚ ਸਧਾਰਨ ਬੁਧੀ ਵਾਲੇ ਵਿਸ਼ਿਆਂ ਉਤੇ ਹੀ ਵਧੇਰੇ ਜ਼ੋਰ ਦਿੱਤਾ ਜਾਵੇ। ਜਮਾਤ ਦੇ ਸਾਰੇ ਬਾਲਕਾਂ ਨੂੰ ਕਈ ਸਾਲ ਤਕ ਇਕ ਹੀ ਤਰ੍ਹਾਂ ਦੇ ਵਿਸ਼ੇਸ਼ ਬੁਧੀ ਵਾਲੇ ਵਿਸ਼ਿਆਂ ਨੂੰ ਪੜ੍ਹਾਉਣਾ ਉਨ੍ਹਾਂ ਦੀ ਬੁਧੀ ਦੇ ਵਿਕਾਸ ਨੂੰ ਰੋਕਣਾ ਹੈ ਅਤੇ ਉਨ੍ਹਾਂ ਨੂੰ ਅਸਫਲ ਨਾਗਰਿਕ ਬਣਾਉਣਾ ਹੈ। ਉਦਾਹਰਣ ਵਜੋਂ, ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਕਿਸੇ ਕੰਮ ਵਿਚ ਪੰਜ ਸਤ ਸਾਲ ਤਕ ਦੋ ਘੰਟੇ ਰੋਜ਼ ਲਾਉਣਾ ਉਨ੍ਹਾਂ ਦੇ ਬੌਧਿਕ ਵਿਕਾਸ ਲਈ ਹਾਨੀਕਾਰਕ ਹੈ। ਇਹ ਸਿਰ ਭਾਰ ਚਲਣ ਬਰਾਬਰ ਹੈ। ਦਸਤਕਾਰੀ ਦੇ ਕੰਮਾਂ ਦੀ ਉਪਯੋਗਤਾ ਬੱਚੇ ਦੇ ਬੌਧਿਕ ਵਿਕਾਸ ਲਈ ਬੜਾ ਘੱਟ ਹੈ, ਉਸ ਦਾ ਵੱਡਾ ਲਾਭ ਪਾਠ-ਵਿਸ਼ੇ ਨੂੰ ਸੁਆਦਲਾ ਬਣਾਉਣਾ ਹੈ। ਬਚਿਆਂ ਨੂੰ ਰੋਟੀ ਕਮਾਉਣ ਦੀ ਦ੍ਰਿਸ਼ਟੀ ਤੋਂ ਹੱਥ ਦੇ ਕੰਮ ਦੀ ਸਿਖਿਆ ਲਾਭਕਾਰੀ ਹੋ ਸਕਦੀ ਹੈ, ਪਰ ਇਹ ਸਿਖਿਆ ਮੁਢਲੀ ਅਵਸਥਾ ਵਿਚ ਹੀ ਦੇਣੀ ਚਾਹੀਦੀ ਹੈ। ਸਿਖਿਆ ਦਾ ਮੁਖ ਨਿਸ਼ਾਨਾ ਬੱਚਿਆਂ ਵਿਚ ਰੋਟੀ ਕਮਾਉਣ ਦੀ ਯੋਗਤਾ ਪੈਦਾ ਕਰਨਾ ਹੀ ਨਹੀਂ ਸਗੋਂ ਉਨ੍ਹਾਂ ਦੀ ਬੁਧੀ ਅਤੇ ਆਚਰਨ ਦਾ ਸਮੁੱਚਾ ਵਿਕਾਸ ਕਰਨਾ ਹੈ।

## ਜੀਵਨ ਵਿਚ ਕੰਮ ਆਉਣ ਵਾਲੀ ਸਿਖਿਆ

ਇੰਗਲੈਂਡ ਦੇ ਪਰਸਿੱਧ ਵਿਦਵਾਨ ਹਰਬਰਟ ਸਪੈਂਸਰ ਦਾ ਕਥਨ ਹੈ ਕਿ ਬੱਚੇ ਨੂੰ ਅਜਿਹੀ ਸਿਖਿਆ ਦੇਣੀ ਚਾਹੀਦੀ ਹੈ ਜਿਹੜੀ ਉਸ ਨੂੰ ਜੀਵਨ ਵਿਚ ਸਫਲ ਬਣਾਉਣ ਵਿਚ ਸਹਾਈ ਹੋਵੇ। ਸੁਹਣੀ ਸਿਖਿਆ ਉਹ ਹੀ ਹੈ ਜਿਸ ਨਾਲ ਬਾਲਕ ਸੰਪੂਰਨ ਜੀਵਨ ਪਰਾਪਤ ਕਰ ਸਕੇ। ਸੰਪੂਰਨ ਜੀਵਨ ਉਹ ਮਨੁਖ ਹੀ ਪਾ ਸਕਦਾ ਹੈ ਜਿਸ ਕੋਲ ਅੱਡ ਅੱਡ ਕੰਮਾਂ ਦੇ ਕਰਨ ਦੀ ਯੋਗਤਾ ਹੋਵੇ। ਹਰਬਰਟ ਸਪੈਂਸਰ ਨੇ ਇਨ੍ਹਾਂ ਕੰਮਾਂ ਨੂੰ ਪੰਜ ਵਰਗਾਂ ਵਿਚ ਵੰਡਿਆ ਹੈ—(੧) ਆਪਣੇ ਸਰੀਰ ਦੀ ਰਖਿਆ ਲਈ ਕੰਮ, (੨) ਰੋਟੀ ਕਮਾਉਣ ਦੇ ਕੰਮ, (੩) ਬਾਲ

ਬੱਚੇ ਦੀ ਰਖਿਆ ਲਈ ਕੰਮ. (੪) ਸਮਾਜ ਸੇਵਾ ਦੇ ਕੰਮ, (੫) ਦਿਲ ਪਰਚਾਵੇ ਦੇ ਕੰਮ। ਇਹ ਕੰਮ ਵਾਰੋ ਵਾਰੀ ਇਕ ਦੂਜੇ ਤੋਂ ਮਹੱਤਾ ਵਾਲੇ ਹਨ, ਅਰਥਾਤ ਸਰੀਰ ਰੱਖਿਆ ਵਾ ਕੰਮ ਰੋਟੀ ਕਮਾਉਣ ਵਾਲੇ ਕੰਮਾਂ ਤੋਂ ਵਧੇਰੇ ਮਹੱਤਾ ਵਾਲੇ ਹਨ ਅਤੇ ਮਨ ਪਰਚਾਵੇ ਦੇ ਕੰ ਸਭ ਤੋਂ ਘਟ ਮਹੱਤਾ ਵਾਲੇ ਹਨ। ਬੱਚਿਆਂ ਦੀ ਸਿਖਿਆ ਵਿਚ, ਜਿਸ ਕੰਮ ਦੀ ਜੀਵਨ ਵਿਚ ਵਧੇਰੇ ਮਹੱਤਾ ਹੈ, ਉਸ ਦੀ ਹੀ ਵਧੇਰੇ ਮਹੱਤਾ ਹੋਣੀ ਚਾਹੀਦੀ ਹੈ ਅਰਥਾਤ ਸਭ ਤੋਂ ਵਧੇਰੇ ਮਹੱਤਾ ਵਾਲੀ ਸਿਖਿਆ ਉਹ ਹੈ ਜਿਹੜੀ ਬਚਿਆਂ ਨੂੰ ਆਪਣੇ ਸਰੀਰ ਦੀ ਰੱਖਿਆ ਲਈ ਸੁਯੋਗ ਬਣਾਉਂਦੀ ਹੈ ਅਤੇ ਮਨ ਪਰਚਾਵੇ ਨਾਲ ਸੰਬੰਧ ਰਖਣ ਵਾਲੀ ਸਿਖਿਆ ਸਭ ਤੋਂ ਘਟ ਮਹੱਤਾ ਵਾਲੀ ਹੈ।

ਹਰਬਰਟ ਸਪੈਂਸਰ ਨੇ ਸ਼ਕੂਲਾਂ ਵਿਚ ਦਿੱਤੇ ਜਾ ਰਹੇ ਗਿਆਨ ਨੂੰ ਮੂਲ ਦੀ ਦ੍ਰਿਸ਼ਟੀ ਤੋਂ ਤਿੰਨ ਹਿਸਿਆਂ ਵਿਚ ਵੰਡਿਆ ਹੈ--(੧) ਮੌਲਿਕ ਗਿਆਨ, (੨) ਅਰਧ ਮੌਲਿਕ ਗਿਆਨ ਅਤੇ (੩) ਸੰਸਾਰੀ। ਬਾਲਕ ਸਕੂਲ ਵਿਚ ਕੁਝ ਅਜਿਹਾ ਗਿਆਨ ਪਰਾਪਤ ਕਰਦੇ ਹਨ ਜਿਹੜੇ ਉਨ੍ਹਾਂ ਦਾ ਜੀਵਨ ਸਫਲ ਬਨਾਉਣ ਲਈ ਬੜਾ ਹੀ ਜ਼ਰੂਰੀ ਹੈ। ਆਪਣੇ ਸਰੀਰ ਰਖਿਆ ਸੰਬੰਧੀ ਗਿਆਨ ਅਤੇ ਰੋਟੀ ਕਮਾਉਣ ਬਾਰੇ ਗਿਆਨ, ਇਸ ਕਿਸਮ ਦਾ ਗਿਆਨ ਹੈ। ਇਹ ਮੌਲਿਕ ਗਿਆਨ ਅਖਵਾਉਂਦਾ ਹੈ। ਅਰਧ ਮੌਲਿਕ ਗਿਆਨ ਉਹ ਹੈ ਜਿਹੜਾ ਆਪਣੇ ਆਪ ਲਾਭਦਾਇਕ ਹੁੰਦਿਆਂ ਹੋਇਆਂ ਵੀ ਵਿਅਕਤੀ ਦੀ ਅਪਰਤੱਖ ਰੂਪ ਵਿਚ ਜੀਵਨ ਸਫਲ ਬਨਾਉਣ ਵਿਚ ਸਹਾਇਤਾ ਕਰਦਾ ਹੈ; ਉਦਾਹਰਣ ਵਜੋਂ ਵਿਦੇਸ਼ੀ ਬੋਲੀਆਂ ਦਾ ਗਿਆਨ। ਇਨ੍ਹਾਂ ਬੋਲੀਆਂ ਦੇ ਗਿਆਨ ਨਾਲ ਉਨ੍ਹਾਂ ਬੋਲੀਆਂ ਵਿਚ ਲਿਖੇ ਸਾਹਿੱਤ ਦਾ ਗਿਆਨ ਹੁੰਦਾ ਹੈ ਅਤੇ ਇਹ ਗਿਆਨ ਬਾਲਕ ਦੇ ਜੀਵਨ ਵਿਚ ਲਾਭਦਾਇਕ ਸਿਧ ਹੋ ਸਕਦਾ ਹੈ। ਪਰ ਇਹ ਗਿਆਨ ਇੰਨਾ ਕੰਮ ਆਉਣ ਵਾਲਾ ਨਹੀਂ ਜਿੰਨਾ ਆਪਣੀ ਮਾਤ ਬੋਲੀ ਦਾ ਗਿਆਨ। ਜਿਸ ਦੇਸ਼ ਦੀ ਮਾਤ-ਬੋਲੀ ਵਿਚ ਜੀਵਨ ਵਿਚ ਕੰਮ ਆਉਣ ਵਾਲੀਆਂ ਸਾਰੀਆਂ ਗੱਲਾਂ ਲਿਖੀਆਂ ਹੋਈਆਂ ਹਨ ਉਸ ਦੇਸ ਵਾਸੀਆਂ ਦਾ ਸਭ ਤੋਂ ਪਹਿਲਾ ਕਰਤਵ ਆਪਣੀ ਦੇਸ ਦੀ ਬੋਲੀ ਵਿਚ ਲਿਖੇ ਗਿਆਨ ਨੂੰ ਪਰਾਪਤ ਕਰਨਾ ਹੈ। ਵਿਦੇਸ਼ੀ ਬੋਲੀ ਦਾ ਗਿਆਨ ਪਰਾਪਤ ਕਰਨਾ ਇਤਨਾ 'ਲੋੜੀਂਦਾ ਨਹੀਂ ਹੈ। ਦੇਸ ਦੇ ਕੁਝ ਲੋਕ ਵਿਦੇਸੀ ਬੋਲੀ ਦਾ ਗਿਆਨ ਪਰਾਪਤ ਕਰ ਕੇ ਉਸ ਗਿਆਨ ਨੂੰ ਆਪਣੇ ਦੇਸ ਦੀ ਬੋਲੀ ਰਾਹੀਂ ਵੰਡ ਸਕਦੇ ਹਾਂ।

ਤੀਜੀ ਕਿਸਮ ਦਾ ਗਿਆਨ ਉਹ ਹੈ ਜਿਸ ਦਾ ਮੂਲ ਸੰਸਾਰੀ ਅਥਵਾ ਮੰਨ ਲਿਆ ਗਿਆ ਹੈ। ਬਚਿਆਂ ਨੂੰ ਕਿਨੀਆਂ ਹੀ ਅਜੇਹੀਆਂ ਗਲਾਂ ਪੜ੍ਹਾਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਉਨ੍ਹਾਂ ਦੇ ਜੀਵਨ ਨਾਲ ਕੋਈ ਸਬੰਧ ਨਹੀਂ ਅਤੇ ਜਿਹੜੀਆਂ ਉਨ੍ਹਾਂ ਨੂੰ ਪੜ੍ਹੇ ਲਿਖੇ ਕਹੇ ਜਾਣ ਲਈ ਹੀ ਪੜ੍ਹਾਈਆਂ ਜਾਂਦੀਆਂ ਹਨ। ਪੁਰਾਣੀਆਂ ਬੋਲੀਆਂ ਦਾ ਗਿਆਨ, ਨਚਣ ਗਾਉਣ ਦਾ ਗਿਆਨ ਇਸੇ ਤਰ੍ਹਾਂ ਦੇ ਗਿਆਨ ਹਨ। ਆਪਣੇ ਸਮੇਂ ਦੀ ਸਿਖਿਆ-ਢੰਗ ਦੇ ਦੋਸ਼ ਦਸਦਿਆਂ ਹਰਬਰਟ ਸਪੈਂਸਰ ਆਪਣੀ 'ਐਜੂਕੇਸ਼ਨ' ਨਾਮੀ ਪੁਸਤਕ ਵਿਚ ਲਿਖਦੇ ਹਨ– "ਸਾਡਾ ਸਿਖਿਆ ਢੰਗ ਕਿਡਾ ਦੋਸ਼ ਵਾਲਾ ਹੈ। ਇਸ ਵਿਚ ਫੁਲ ਲੈਣ ਦੀ ਕਾਹਲੀ ਕਰਕੇ ਬੂਟੇ ਦੀ ਬਿਲਕੁਲ ਪਰਵਾਹ ਨਹੀਂ ਕੀਤੀ ਜਾਂਦੀ। ਉਹ ਸ਼ੋਭਾ ਅਤੇ ਸ਼ਿੰਗਾਰ ਪਿੱਛੇ ਭਜਦਿਆਂ ਅਸਲ ਚੀਜ਼ਾਂ ਨੂੰ ਭੁਲ ਹੀ ਜਾਂਦਾ ਹੈ। ਇਹ ਇੰਨਾ ਖਰਾਬ ਹੈ ਕਿ ਜਿਸ ਸਿਖਿਆ ਵਿਚ ਸ੍ਵੈ-ਰਖਿਆ ਹੁੰਦੀ ਹੈ ਉਸ ਦਾ ਬਿਲਕੁਲ ਗਿਆਨ ਨਹੀਂ ਹੋਣ ਦਿੰਦਾ। ਜਿਸ ਨਾਲ ਪੇਟ-ਪਾਲਣਾ ਹੁੰਦੀ ਹੈ, ਉਸ ਵਲ ਉਂਗਲ ਕਰਕੇ ਹੀ ਛਡ ਦਿੰਦਾ ਹੈ ਅਤੇ ਉਸ ਦਾ ਵਧੇਰਾ ਹਿੱਸਾ ਭਵਿਸ਼ ਵਿਚ ਜਿਵੇਂ ਕਿਵੇਂ ਪਰਾਪਤ ਕਰਨ ਲਈ

ਹਰ ਵਿਅਕਤੀ ਨੂੰ ਨਿਆਸਰਾ ਛੱਡ ਦਿੰਦਾ ਹੈ। ਬਾਲ-ਬੱਚੇ ਦੀ ਪਾਲਣਾ ਪੋਸਣਾ ਦੇ ਵਿਸ਼ੇ ਬਾਰੇ ਮਾਂ-ਬਾਪ ਦੇ ਕਰਤੱਵਾਂ ਦੀ ਨਾਂ ਮਾਤਰ ਵੀ ਸਿਖਿਆ ਨਹੀਂ ਦਿੰਦਾ। ਰਹਿ ਗਈ ਸਮਾਜਕ ਅਤੇ ਰਾਜਸੀ ਗਲਾਂ ਦੀ ਸਿਖਿਆ, ਉਸ ਦਾ ਇਹ ਇਕ ਚੰਗਾ ਢੇਰ ਲਾ ਦਿੰਦਾ ਹੈ। ਇਸ ਢੇਰ ਦਾ ਵਧੇਰੇ ਹਿੱਸਾ ਆਪਸ ਦੇ ਸਬੰਧ ਤੋਂ ਉੱਕਾ ਕੋਰਾ ਹੁੰਦਾ ਹੈ। ਇਸ ਗਲ ਦਾ ਕੋਈ ਪਤਾ ਨਹੀਂ ਚਲਦਾ ਜੁ ਇਸ ਦੀ ਇਕ ਗਲ ਦਾ ਦੂਜੀ ਨਾਲ ਕੀ ਸਬੰਧ ਹੈ। ਜਿਹੜਾ ਥੋੜਾ ਜਿਹਾ ਹਿੱਸਾ ਬਾਕੀ ਰਹਿੰਦਾ ਹੈ ਉਸ ਦੀ ਕੁੰਜੀ ਨਹੀਂ ਦੱਸੀ ਜਾਂਦੀ। ਇਸ ਲਈ ਉਸ ਦੀ ਵਰਤੋਂ ਵੀ ਚੰਗੀ ਤਰ੍ਹਾਂ ਨਹੀਂ ਹੋ ਸਕਦੀ। ਜਿਹੜੀ ਸਿਖਿਆ ਅਤਿਅੰਤ ਲੋੜੀਂਦੀ ਹੈ ਉਸ ਦੀ ਤਾਂ ਇਹ ਹਾਲਤ ਹੈ ਪਰ ਸੋਭਾ, ਸ਼ਿੰਗਾਰ, ਬਾਹਰਲਾ ਵਿਖਾਵਾ ਟੀਪ-ਟਾਪ, ਠਾਠ-ਬਾਠ ਆਦਿ ਦੀ ਸਿਖਿਆ ਦਾ ਕਾਫੀ ਵਿਸਥਾਰ!...... ਜਿਸ ਸਿਖਿਆ ਤੋਂ ਮਨੁਖ ਆਪਣੀ ਉਲਾਦ ਨੂੰ ਚੰਗੀ ਤਰ੍ਹਾਂ ਸਿਖਿਅਤ ਕਰ ਸਕਦਾ ਹੈ ਉਸ ਦੇ ਟਾਕਰੇ ਤੇ ਸ਼ੁਧ ਤੇ ਮਨੋਹਰ ਬੋਲੀ ਲਿਖ ਸਕਣਾ ਬੜੀ ਘਟ ਮਹੱਤਾ ਵਾਲੀ ਗਲ ਹੈ। ਮੰਨ ਲੋ ਪੁਰਾਣੀਆਂ ਮਰ ਚੁਕੀਆਂ ਬੋਲੀਆਂ ਦੀ ਕਵਿਤਾ ਪੜ੍ਹਨ ਨਾਲ ਮਨੁਖ ਨੂੰ ਸੁਆਦ ਮਿਲ ਜਾਂਦਾ ਹੈ, ਤਾਂ ਕੀ ਇਸ ਤੋਂ ਤੁਸੀਂ ਇਹ ਅਰਥ ਕਢੋਗੇ ਕਿ ਸੁਆਦ ਦੀ ਉਨੀ ਹੀ ਕੀਮਤ ਹੈ ਜਿੰਨੀ ਅਰੋਗਤਾ ਅਤੇ ਸ੍ਵੈ-ਰਖਿਆ ਦੇ ਨਿਯਮਾਂ ਦੀ? ਕਦੇ ਵੀ ਨਹੀਂ। ਅਰੋਗਤਾ ਦੇ ਨਿਯਮਾਂ ਦੀ ਸਮਝ, ਸੁਆਦ ਮਾਨਣ ਨਾਲੋਂ ਕਿਤੇ ਵਧੇਰੇ ਮਹਾਨਤਾ ਰਖਦੀ ਹੈ। ਮਿਠੀ ਤੇ ਮਨ ਮੋਹ ਲੈਣ ਵਾਲੀ ਬੋਲ ਚਾਲ, ਕਵਿਤਾ ਅਤੇ ਸੰਗੀਤ ਆਦਿ ਕੋਮਲ ਕਲਾਂ ਅਤੇ ਹੋਰ ਅਲੰਕਾਰਕ ਗਲਾਂ ਜਿਨ੍ਹਾਂ ਨੂੰ ਅਸੀਂ ਸਭਯ-ਸਮਾਜ ਰੂਪੀ ਬਿਰਖ ਦੇ ਫੁਲ ਸਮਝਦੇ ਹਾਂ ਸਿਖਿਆ ਤੇ ਸੁਧਾਰ ਨਾਲੋਂ ਘਟ ਮਹੱਤਾ ਪੂਰਨ ਹਨ।*

ਹਰਬਰਟ ਸਪੈਂਸਰ ਨੇ ਜਿਹੜੇ ਦੋਸ਼ ਆਪਣੇ ਸਮੇਂ ਦੇ ਇੰਗਲੈਂਡ ਦੇ ਸਿਖਿਆ ਢੰਗ ਦੇ ਦੱਸੇ ਹਨ, ਬਹੁਤ ਕਰਕੇ ਉਹ ਦੋਸ਼ ਸਾਡੇ ਵਰਤਮਾਨ ਸਿਖਿਆ ਢੰਗ ਵਿਚ ਹਨ। ਭਾਰਤ ਵਿਚ ੧੯ਵੀਂ ਸਦੀ ਦੇ ਇੰਗਲੈਂਡ ਨਾਲੋਂ, ਕੰਮ ਆਉਣ ਵਾਲੀ ਸਿਖਿਆ ਦੀ ਕਿਤੇ ਵਧ ਘਾਟ ਹੈ। ਬਚਿਆਂ ਨੂੰ ਜਿਹੜਾ ਗਿਆਨ ਦਿੱਤਾ ਜਾਂਦਾ ਹੈ, ਉਸ ਦਾ ਵਧੇਰੇ ਹਿੱਸਾ ਉਨ੍ਹਾਂ ਦੇ ਕੰਮ ਵਿਚ ਨਹੀਂ ਆਉਂਦਾ। ਸਾਡੇ ਸਿਖਿਆ ਢੰਗ ਵਿਚ ਸ਼ਬਦੀ ਗਿਆਨ ਦੀ ਬਹੁਲਤਾ ਹੈ ਅਤੇ ਅਸਲੀ ਗਿਆਨ ਦੀ ਕਮੀ ਹੈ। ਇਸ ਕਰਕੇ ਸਾਡੇ ਸਕੂਲਾਂ ਵਿਚ ਪੜ੍ਹੇ ਬਾਲਕ ਆਪਣੀ ਰੋਜ਼ੀ ਪੈਦਾ ਨਹੀਂ ਕਰ ਸਕਦੇ। ਆਪਣੀ ਰੋਟੀ ਕਮਾਉਣ ਲਈ ਉਨ੍ਹਾਂ ਨੂੰ ਉਦਯੋਗ ਧੰਧੇ ਵਧਰੇ ਸਿਖਣੇ ਪੈਂਦੇ ਹਨ। ਸਾਡੇ ਸਿਖਿਆ ਢੰਗ ਵਿਚ ਪੁਰਾਣੀਆਂ ਬੋਲੀਆਂ ਦੀ ਸਿਖਲਾਈ ਉਤੇ ਉਸੇ ਤਰ੍ਹਾਂ ਜ਼ੋਰ ਦਿੱਤਾ ਜਾਂਦਾ ਹੈ ਜਿਸ ਤਰ੍ਹਾਂ ੧੯ਵੀਂ ਸਦੀ ਦੇ ਇੰਗਲੈਂਡ ਵਿਚ ਗ੍ਰੀਕ ਅਤੇ ਲੈਟਿਨ ਦੀ ਪੜ੍ਹਾਈ ਉਤੇ ਦਿਤਾ ਜਾਂਦਾ ਸੀ। ਵਿਹਾਰਿਕ ਅਤੇ ਵਿਗਿਆਨਿਕ ਗਿਆਨ ਦੀ ਸਾਡੇ ਸਕੂਲਾਂ ਵਿਚ ਘਾਟ ਹੀ ਰਹਿੰਦੀ ਹੈ। ਇਸ ਤੋਂ ਬਿਨਾਂ ਸਾਡੇ ਸਿਖਿਆ ਢੰਗ ਦਾ ਇਕ ਵੱਡਾ ਦੋਸ਼ ਇਹ ਹੈ ਕਿ ਹਾਲੀ ਤਕ ਉੱਚੀਆਂ ਸ਼ਰੇਣੀਆਂ ਦੀ ਸਿਖਿਆ ਦਾ ਮਾਧਿਅਮ ਅੰਗਰੇਜ਼ੀ ਬਣੀ ਹੋਈ ਹੈ। ਜਦ ਤੋਂ ਅੰਗਰੇਜ਼ੀ ਰਾਜ ਭਾਰਤ ਵਿਚ ਹੋਇਆ, ਅੰਗਰੇਜ਼ੀ ਪੜ੍ਹਨ ਉਤੇ ਜਿੰਨਾ ਜ਼ੋਰ ਲਾਇਆ ਜਾਂਦਾ ਰਿਹਾ ਉਨਾ ਦੇਸੀ ਬੋਲੀਆਂ ਦੇ ਪੜ੍ਹਨ ਉਤੇ ਨਹੀਂ ਦਿਤਾ ਜਾਂਦਾ ਰਿਹਾ। ਬਿਦੇਸੀ ਰਾਜ ਹੋਣ

---

* ਸਿਖਿਆ "ਐਜੂਕੇਸ਼ਨ" ਦਾ ਮਹਾਂਵੀਰ ਪਰਸਾਦ ਦਿਵਵੇਦੀ ਰਾਹੀਂ ਅਨੁਵਾਦ) ਸਫਾ ੯੭-੯੯

ਦੇ ਕਾਰਨ ਸਾਡੀਆਂ ਸ਼ਿਖਿਆ – ਸੰਸਥਾਵਾਂ ਵਿਚ ਬਿਦੇਸੀ ਬੋਲੀ ਨੂੰ ਮੁਖ ਥਾਂ ਮਿਲਿਆ। ਇਸ ਕਰਕੇ ਸਾਡਾ ਦ੍ਰਿਸ਼ਟੀ ਕੋਣ ਵੀ ਬਿਦੇਸੀ ਹੋ ਗਿਆ ਹੈ। ਹੁਣ ਭਾਰਤ ਦੇ ਲੋਕਾਂ ਨੂੰ ਆਪਣੇ ਦੇਸ ਦਾ ਰਾਜ ਆਪ ਸੰਭਾਲਣ ਦਾ ਮੌਕਾ ਮਿਲਿਆ ਹੈ, ਅਤੇ ਬੜੀ ਤੇਜ਼ੀ ਨਾਲ ਸਾਡੇ ਸਿਖਿਆ ਢੰਗ ਵਿਚ ਮੌਲਿਕ ਤਬਦੀਲੀਆਂ ਆ ਰਹੀਆਂ ਹਨ। ਹੁਣ ਅੰਗਰੇਜ਼ੀ ਦੀ ਮਹਾਨਤਾ ਜਲਦੀ ਘਟ ਜਾਵੇਗੀ।

ਵਰਤਮਾਨ ਸਮੇਂ ਵਿਚ ਜਿਹੜੀਆਂ ਸਿਖਿਆ-ਸੁਧਾਰ ਲਈ ਲਹਿਰਾਂ ਚਲ ਰਹੀਆਂ ਹਨ ਉਨ੍ਹਾਂ ਦਾ ਉਦੇਸ਼ ਸਾਡੀ ਵਰਤਮਾਨ ਸਿਖਿਆ-ਢੰਗ ਦੇ ਦੋਸ਼ ਦੂਰ ਕਰਨਾ ਹੈ। ਸਿਖਿਆ ਨੂੰ ਕੌਮੀ ਬਨਾਉਣ ਅਤੇ ਉਸ ਦਾ ਮਾਧਿਅਮ ਉੱਚੀ ਤੋਂ ਉੱਚੀ ਜਮਾਤ ਤਕ ਦੇਸੀ ਬੋਲੀ ਨੂੰ ਬਨਾਉਣ ਤੋਂ ਬਿਨਾਂ ਸਿਖਿਆ-ਸੁਧਾਰਕ ਇਸ ਗਲ ਦੀ ਚਿੰਤਾ ਵਿਚ ਵੀ ਹਨ ਕਿ ਬਚਿਆਂ ਨੂੰ ਸਕੂਲਾਂ ਵਿਚ ਇਸ ਤਰ੍ਹਾਂ ਦਾ ਗਿਆਨ ਦਿੱਤਾ ਜਾਵੇ ਜਿਹੜਾ ਉਨ੍ਹਾਂ ਨੂੰ ਜੀਵਨ ਵਿਚ ਵਧ ਤੋਂ ਵਧ ਕੰਮ ਆਵੇ। ਹੁਣ ਸੁਆਲ ਇਹ ਹੈ ਕਿ ਕਿਹੜਾ ਗਿਆਨ ਜੀਵਨ ਵਿਚ ਵਧੇਰੇ ਕੰਮ ਆਉਣ ਵਾਲਾ ਹੈ-ਸਾਹਿੱਤ ਦਾ ਗਿਆਨ, ਉਦਯੋਗ ਧੰਧਿਆਂ ਦਾ ਗਿਆਨ, ਜਾਂ ਵਿਗਿਆਨ ਦਾ ਗਿਆਨ।

ਹਰਬਰਟ ਸਪੇਂਸਰ ਅਨੁਸਾਰ ਸਾਹਿੱਤ ਦਾ ਗਿਆਨ ਜੀਵਨ ਵਿਚ ਇਨਾ ਕੰਮ ਆਉਣ ਵਾਲਾ ਨਹੀਂ ਹੈ ਜਿੰਨਾ ਵਿਗਿਆਨ ਦਾ ਗਿਆਨ। ਉੱਨਤ ਹੋ ਰਹੇ ਉਦਯੋਗ ਧੰਦਿਆਂ ਵਿਚ ਸਫਲਤਾ ਵਿਗਿਆਨਿਕ ਗਿਆਨ ਉਤੇ ਹੀ ਨਿਰਭਰ ਹੁੰਦੀ ਹੈ; ਇਸ ਲਈ ਬਾਲਕ ਦੀ ਸਿਖਿਆ ਵਿਚ ਪਰਮੁਖ ਥਾਂ ਵਿਗਿਆਨਿਕ ਗਿਆਨ ਦਾ ਹੋਣਾ ਚਾਹੀਦਾ ਹੈ। ਸਭ ਤਰ੍ਹਾਂ ਦੀ ਕੌਮੀ ਉੱਨਤੀ ਵਿਗਿਆਨ ਦੇ ਵਾਧੇ ਉਤੇ ਨਿਰਭਰ ਹੁੰਦੀ ਹੈ। ਵਿਗਿਆਨ ਦਾ ਗਿਆਨ ਜਿੰਨਾ ਵਧ ਹੋਵੇਗਾ ਉੱਨੀ ਹੀ ਵਧੇਰੇ ਕਾਰਗਰੀ ਆਵੇਗੀ। ਹਰਬਰਟ ਸਪੇਂਸਰ ਦਾ ਕਹਿਣਾ ਹੈ ਕਿ ਵਰਤਮਾਨ ਸਮੇਂ ਵਿਚ "ਇਕ ਆਦਮੀ ਦਾ, ਜਿਸਦਾ ਕਿਸੇ ਤਰ੍ਹਾਂ ਦਾ ਉਦਯੋਗ ਧੰਧਿਆਂ ਨਾਲ ਥੋੜਾ ਬਹੁਤ ਵੀ ਸਬੰਧ ਹੋਵੇ, ਕਿਸੇ ਨਾ ਕਿਸੇ ਤਰ੍ਹਾਂ ਗਣਿਤ ਸ਼ਾਸਤਰ, ਪਦਾਰਥ ਵਿਗਿਆਨ ਅਤੇ ਰਸਾਇਣ ਸ਼ਾਸਤਰ ਦੀਆਂ ਗਲਾਂ ਨਾਲ ਜ਼ਰੂਰ ਵਾਹ ਪੈਂਦਾ ਹੈ। ਕਿਉਂ ਜੁ ਜਿਨੇ ਕੰਮ ਕਾਰ ਹਨ ਉਨ੍ਹਾਂ ਵਿਚ ਕੰਮ ਆਉਣ ਵਾਲੀ ਇਕ ਵੀ ਗਲ ਅਜਿਹੀ ਨਹੀਂ ਜਿਸਦਾ ਸਬੰਧ ਇਨ੍ਹਾਂ ਸ਼ਾਸਤਰਾਂ ਨਾਲ ਨਾ ਹੋਵੇ.....ਵਿਗਿਆਨ ਸ਼ਾਸਤਰ ਦੀ ਸਿਖਿਆ ਦੇ ਕਾਰਨਾਂ ਕਰਕੇ ਬੜੀ ਜ਼ਰੂਰੀ ਹੈ–ਇਕ ਤਾਂ ਲੋਕ ਵਿਗਿਆਨਿਕ ਕੰਮ ਕਰਨ ਲਈ ਚੰਗੀ ਤਰ੍ਹਾਂ ਤਿਆਰ ਹੋ ਜਾਂਦੇ ਹਨ, ਦੂਜੇ ਤਜਰਬੇ ਰਾਹੀਂ ਪਰਾਪਤ ਹੋਏ ਵਿਗਿਆਨਿਕ ਗਿਆਨ ਦੇ ਟਾਕਰੇ ਸ਼ਾਸਤਰੀ ਰੀਤ ਨਾਲ ਪਰਾਪਤ ਹੋਏ ਵਿਗਿਆਨਿਕ ਗਿਆਨ ਦੀ ਮਹੱਤਾ ਵਧੇਰੇ ਹੈ।" ਭਵਿਖ ਵਿਚ ਵਿਗਿਆਨਿਕ ਗਿਆਨ ਦੀ ਮਹੱਤਾ ਹੋਰ ਵੀ ਵਧੇਗੀ। ਜਿਸ ਦੇਸ਼ ਵਿਚ ਵਿਗਿਆਨਿਕ ਗਿਆਨ ਦੀ ਘਾਟ ਹੁੰਦੀ ਹੈ ਉਸ ਦੇ ਉਦਯੋਗ ਧੰਧਿਆਂ ਵਿਚ ਕਿਸੇ ਤਰ੍ਹਾਂ ਦਾ ਵਿਕਾਸ ਹੋਣਾ ਸੰਭਵ ਨਹੀਂ। ਅਜਿਹਾ ਦੇਸ਼ ਸਦਾ ਗਰੀਬ ਹੀ ਰਹੇਗਾ, ਅਤੇ ਗਰੀਬ ਦੇਸ ਦਾ ਗੁਲਾਮ ਰਹਿਣਾ ਆਪਣੇ ਆਪ ਪਰਤੱਖ ਹੈ। ਜਿਸ ਦੇਸ਼ ਦੇ ਲੋਕ ਆਪਣੀ ਗੁੱਲੀ ਜੁੱਲੀ ਲਈ ਵੀ ਦੂਜੇ ਦੇਸ਼ ਦੇ ਹਥਾਂ ਵਲ ਤਕਦੇ ਹੋਣ ਉਹ ਅਸਲ ਸੁਤੰਤਰਤਾ ਕਿਵੇਂ ਪਰਾਪਤ ਕਰ ਸਕਦੇ ਹਨ। ਹੁਣ ਗੁੱਲੀ ਜੁੱਲੀ ਦੀ ਪਰਾਪਤੀ ਕੋਈ ਸਧਾਰਨ ਸਮੱਸਿਆ ਨਹੀਂ ਰਹਿ ਗਈ। ਜਿਹੜੇ ਲੋਕ ਆਪਣੀ ਵਾਹੀ ਖੇਤੀ ਲਈ ਦੋ ਹਜ਼ਾਰ ਸਾਲ ਪੁਰਾਣੇ ਢੰਗ ਉਤੇ ਹੀ ਆਸਰਾ ਲਾਈ ਬੈਠੇ ਹੋਣ ਅਤੇ ਜਿਹੜੇ ਚਰਖੇ ਤੋਂ ਹੀ ਆਪਣੇ ਬਸਤਰਾਂ ਦੀ ਲੋੜ ਪੂਰੀ ਕਰਨਾ ਠੀਕ ਸਮਝਦੇ ਹੋਣ, ਉਹ ਆਧੁਨਿਕ ਵਿਗਿਆਨਿਕ ਯੁਗ ਵਿਚ ਨਾ ਤੇ ਆਪਣੇ ਪੈਰਾਂ ਤੇ ਖੜੇ ਸਕਦੇ ਹਨ ਅਤੇ ਨਾ ਉਨ੍ਹਾਂ ਦੀਆਂ ਲੋੜਾਂ ਹੀ ਪੂਰੀਆਂ ਹੋ ਸਕਦੀਆਂ ਹਨ।

ਭਾਰਤ ਦੀ ਵਰਤਮਾਨ ਹਾਲਤ ਵਿਚ ਇਸ ਗਲ ਨੂੰ ਚੰਗੀ ਤਰ੍ਹਾਂ ਪਰਤੀਤ ਕੀਤਾ ਜਾ ਸਕਦਾ ਹੈ। ਦੂਜੇ ਵਿਗਿਆਨ ਦੀਆਂ ਕਾਢਾਂ ਦੇ ਗਿਆਨ ਬਿਨਾਂ ਸੰਸਾਰ ਦੇ ਉੱਨਤ ਦੇਸ਼ਾਂ ਦੇ ਹੱਲਿਆਂ ਦਾ ਸਫਲਤਾ ਨਾਲ ਟਾਕਰਾ ਨਹੀਂ ਕੀਤਾ ਜਾ ਸਕਦਾ। ਦੇਸ਼ ਵਾਸੀ ਕਿੰਨੇ ਹੀ ਬਹਾਦਰ ਕਿਉਂ ਨਾ ਹੋਣ ਅਤੇ ਉਨ੍ਹਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਕਿੰਨਾ ਹੀ ਕੁੱਟ ਕੁੱਟ ਕੇ ਕਿਉਂ ਨਾ ਭਰਿਆ ਹੋਵੇ, ਉਹ ਸਾਇੰਸ ਦੀਆਂ ਕਾਢਾਂ ਦੀ ਵਰਤੋਂ ਕਰਨ ਵਾਲੇ ਮੁਲਕ ਦਾ ਲੜਾਈ ਵਿਚ ਟਾਕਰਾ ਨਹੀਂ ਕਰ ਸਕਦੇ। ਐਬੀਸੀਨੀਆਂ ਅਤੇ ਇਟਲੀ, ਜਪਾਨ ਅਤੇ ਅਮਰੀਕਾ ਦੀ ਲੜਾਈ ਦੇ ਸਿੱਟੇ ਉਪਰ ਕਹੇ ਕਥਨ ਦੀ ਸਚਿਆਈ ਦਾ ਪੂਰਾ ਸਬੂਤ ਹਨ। ਇਸ ਲਈ ਨਿਰੀ ਉਦਯੋਗ ਧੰਧਿਆਂ ਦੀ ਦ੍ਰਿਸ਼ਟੀ ਤੋਂ ਹੀ ਨਹੀਂ, ਸਗੋਂ ਕੌਮੀ ਰਖਿਆ ਦੀ ਦ੍ਰਿਸ਼ਟੀ ਤੋਂ ਵੀ ਬਚਿਆਂ ਦੀ ਸਿਖਿਆ ਵਿਚ ਵਿਗਿਆਨਿਕ ਸਿਖਿਆ ਦਾ ਪਹਿਲਾ ਥਾਂ ਹੋਣਾ ਚਾਹੀਦਾ ਹੈ।

ਵਿਗਿਆਨਿਕ ਸਿਖਿਆ ਦੀ ਇਕ ਵਿਸ਼ੇਸ਼ ਮੌਲਕਿਤਾ ਉਤੇ ਆਮ ਕਰਕੇ ਲੋਕਾਂ ਦਾ ਧਿਆਨ ਨਹੀਂ ਜਾਂਦਾ, ਪਰ ਮਨੁਖ ਦੇ ਜੀਵਨ ਨੂੰ ਸੁਖੀ ਬਨਾਉਣ ਦੀ ਦ੍ਰਿਸ਼ਟੀ ਤੋਂ ਉਸਦਾ ਇਹ ਪੱਖ ਸਭ ਤੋਂ ਵਧ ਮੌਲਿਕ ਹੈ। ਵਿਗਿਆਨਿਕ ਸਿਖਿਆ ਸੁਤੰਤਰਤਾ ਨਾਲ ਸੋਚਣ ਦੀ ਸ਼ਕਤੀ ਵਧਾਉਂਦੀ ਹੈ ਅਤੇ ਅੰਧ-ਵਿਸ਼ਵਾਸ ਨੂੰ ਢਾਹ ਕੇ ਢੇਰੀ ਕਰਦੀ ਹੈ। ਸਾਹਿਤਕ ਸਿਖਿਆ ਜਾਂ ਪੁਰਾਣੀ ਬੋਲੀ ਦੀ ਸਿਖਿਆ ਮਨੁਖ ਵਿਚ ਦੂਜਿਆਂ ਦੀ ਕਹੀ ਗਲ ਉਤੇ ਵਿਸ਼ਵਾਸ਼ ਕਰਨ ਦੀ ਬਿਰਤੀ ਵਧਾਉਂਦੀ ਹੈ। ਇਸ ਦੇ ਉਲਟ ਵਿਗਿਆਨਿਕ ਸਿਖਿਆ ਨਾਲ ਮਨੁਖ ਵਿਚ ਅਜ਼ਾਦੀ ਨਾਲ ਸੋਚਣ ਦੀ ਸ਼ਕਤੀ ਆਉਂਦੀ ਹੈ। ਉਸਨੂੰ ਆਪਣੇ ਵਿਚਾਰਾਂ ਉਤੇ ਭਰੋਸਾ ਰਹਿੰਦਾ ਹੈ ਅਤੇ ਇਸ ਤਰ੍ਹਾਂ ਉਹ ਆਪਣੇ ਆਪ ਤੇ ਨਿਰਭਰ ਹੋਣ ਦਾ ਸਬਕ ਸਿਖਦਾ ਹੈ। ਹਰਬਰਟ ਸਪੈਂਸਰ ਦਾ ਹੇਠ ਲਿਖਿਆ ਕਥਨ ਇਸ ਪਰਸੰਗ ਵਿਚ ਧਿਆਨ ਦੇਣ ਯੋਗ ਹੈ। "ਸੱਚੀ ਖੋਜ ਪੜਤਾਲ ਦੀ ਸ਼ਕਤੀ ਤਾਂ ਹੀ ਆਉਂਦੀ ਹੈ ਜਦ ਆਦਮੀ ਕਿਸੇ ਗਲ ਨੂੰ ਲੈ ਕੇ ਉਸ ਤੋਂ ਸਿਧਾਂਤ ਕੱਢਣ ਅਤੇ ਤਜਰਬੇ ਅਤੇ ਵੇਖ ਭਾਲ ਰਾਹੀਂ ਉਸ ਸਿਧਾਂਤ ਦੀ ਸਚਾਈ ਸਾਬਤ ਕਰਨ ਦੀ ਆਦਤ ਪਾਉਂਦਾ ਹੈ। ਇਸ ਆਦਤ ਸਦਕਾ ਮਨੁਖ ਯਥਾਰਥ ਗਿਆਨ ਪਰਾਪਤ ਕਰਨ ਦੇ ਯੋਗ ਹੁੰਦਾ ਹੈ, ਨਹੀਂ ਤਾਂ ਨਹੀਂ। ਵਿਗਿਆਨ ਸ਼ਾਸਤਰ ਦੇ ਅਭਿਆਸ ਨਾਲ ਇਸ ਤਰ੍ਹਾਂ ਦੀ ਆਦਤ ਜ਼ਰੂਰ ਪੈ ਜਾਂਦੀ ਹੈ। ਵਿਗਿਆਨ ਸਿਖਿਆ ਨਾਲ ਅਣਗਿਣਤ ਲਾਭ ਹੁੰਦੇ ਹਨ, ਉਨ੍ਹਾਂ ਵਿਚੋਂ ਇਕ ਇਹ ਵੀ ਹੈ"।*

ਸਾਡੇ ਦੇਸ਼ ਵਿਚ ਅੰਧ-ਵਿਸ਼ਵਾਸ਼ ਦੀ ਜਿੰਨੀ ਬਹੁਲਤਾ ਹੈ ਉੱਨੀ ਸੰਸਾਰ ਦੇ ਕਿਸੇ ਹੋਰ ਸਭਯ ਦੇਸ਼ ਵਿਚ ਨਹੀਂ। ਅੰਧ-ਵਿਸ਼ਵਾਸ ਹੀ ਸਮਾਜ ਦੇ ਹੱਡ ਖੋਰਨੇ ਰਿਵਾਜਾਂ ਅਤੇ ਭੈੜੀਆਂ ਪਰਥਾਵਾਂ ਦਾ ਅਧਾਰ ਹੁੰਦਾ ਹੈ। ਇਨ੍ਹਾਂ ਰਿਵਾਜਾਂ ਅਤੇ ਪਰਥਾਵਾਂ ਸਦਕਾ ਜਿੰਨੀ ਸਮਾਜ ਦੀ ਹਾਨੀ ਹੁੰਦੀ ਹੈ ਉੱਨੀ ਕਿਸੇ ਹੋਰ ਕਾਰਨ ਤੋਂ ਨਹੀਂ ਹੁੰਦੀ। ਉੱਚੀਆਂ ਜਾਤਾਂ ਦੇ ਹਿੰਦੂ, ਮੁਸਲਮਾਨਾਂ ਅਤੇ ਹੋਰ ਨੀਵੀਆਂ ਜਾਤਾਂ ਦਾ ਛੂਹਿਆ ਪਾਣੀ ਤਕ ਨਹੀਂ ਪੀ ਸਕਦੇ। ਜਿਨ੍ਹਾਂ ਲੋਕਾਂ ਨੂੰ ਕਈਆਂ ਕਾਰਨਾਂ ਕਰਕੇ ਘਟੀਆ ਜਾਤਾਂ ਦੇ ਲੋਕਾਂ ਦੇ ਹਥਾਂ ਦਾ ਖਾਣਾ ਪੀਣਾ ਪੈਂਦਾ ਹੈ ਜਾਂ ਜਿਹੜੇ ਲੋਕ ਇਕ ਵਾਰ ਮੁਸਲਮਾਨਾਂ ਦੇ ਘਰ ਦੀ ਰੋਟੀ ਖਾ ਲੈਂਦੇ ਹਨ ਉਹ ਸਦਾ ਜਾਤ ਤੋਂ ਛੇਕ ਦਿਤੇ ਜਾਂਦੇ ਹਨ। ਭਾਰਤ ਦੀਆਂ ਸਭ ਤੋਂ ਜਟਿਲ, ਸਮਾਜਿਕ ਅਤੇ

* ਸਿਖਿਆ (ਸਪੈਂਸਰ ਦੀ 'ਐਜੂਕੇਸ਼ਨ' ਦਾ ਮਹਾਂ ਵੀਰ ਪਰਸਾਦ ਦਿਵਵੇਦੀ ਰਾਹੀਂ ਅਨੁਵਾਦ), ਸਫਾ ੧੦੯।

ਰਾਜਸੀ ਸਮੱਸਿਆਵਾਂ ਹਿੰਦੂਆਂ ਦੇ ਪੁਰਾਣੇ ਰਿਵਾਜਾਂ ਵਿਚਾਰਾਂ ਨਾਲ ਚੰਬੜੇ ਰਹਿਣ ਕਰ ਕੇ ਹੀ ਪੈਦਾ ਹੋਈਆਂ ਹਨ। ਇਸੇ ਕਰ ਕੇ ਭਾਰਤ ਨੇ ਆਪਣੀ ਸੁਤੰਤਰਤਾ ਗੁਆ ਲਈ ਸੀ। ਆਪਣੇ ਹੀ ਭਰਾਵਾਂ ਨੂੰ ਆਪਣਾ ਦੁਸ਼ਮਨ ਬਣਾ ਲਿਆ ਸੀ ਅਤੇ ਇਸੇ ਕਾਰਨ ਅਜ ਸਾਡੇ ਦੇਸ਼ ਦੇ ਅੰਦਰ ਕਈ ਘਰੇਲੂ ਝਗੜੇ ਚਲ ਰਹੇ ਹਨ ਜਿਨ੍ਹਾਂ ਦਾ ਲਾਭ ਵਿਦੇਸ਼ੀ ਲੋਕ ਉਠਾਉਂਦੇ ਹਨ। ਭਾਰਤ ਦੀ ਕੋਈ ਜਾਤੀ ਜਦ ਇੰਨੀ ਤਾਕਤਵਰ ਹੋ ਜਾਂਦੀ ਕਿ ਉਹ ਵਿਦੇਸ਼ੀਆਂ ਬਾਰੇ ਆਪਣੇ ਵਿਚ ਬਗਾਵਤ ਦਾ ਜਜ਼ਬਾ ਪੈਦਾ ਕਰ ਲੈਂਦੀ ਹੈ ਤਾਂ ਵਿਦੇਸੀ ਤਾਕਤ ਝਟ ਕਿਸੇ ਹੋਰ ਜਾਤੀ ਨੂੰ, ਜਿਸ ਦੇ ਰਿਵਾਜ ਅਤੇ ਵਿਚਾਰ ਬਗਾਵਤ ਕਰਨ ਵਾਲੀ ਜਾਤ ਦੇ ਉਲਟ ਹੁੰਦੇ, ਪਹਿਲੀ ਜਾਤੀ ਵਿਰੁਧ ਖੜਾ ਕਰ ਦਿੰਦੀ। ਫਿਰ ਦੋਵੇਂ ਜਾਤਾਂ ਆਪਸ ਵਿਚ ਲੜ ਝਗੜ ਕੇ ਆਪਣੀ ਤਾਕਤ ਦਾ ਨਾਸ ਕਰ ਲੈਂਦੀਆਂ। ਇਸ ਹਾਲਤ ਦੇ ਬਦਲਣ ਦਾ ਇਕ ਹੀ ਢੰਗ ਹੈ ਕਿ ਜਨ ਸਧਾਰਨ ਵਿਚ ਵਿਹਾਰਿਕ ਅਤੇ ਵਿਗਿਆਨਿਕ ਸਿਖਿਆ ਦਾ ਪਰਚਾਰ ਕੀਤਾ ਜਾਵੇ। ਅੰਧ-ਵਿਸ਼ਵਾਸ਼ ਦਾ ਅਨ੍ਹੇਰਾ ਵਿਗਿਆਨ ਦੇ ਚਾਨਣ ਨਾਲ ਹੀ ਦੂਰ ਹੋ ਸਕਦਾ ਹੈ। ਇਸ ਲਈ ਜਿੰਨਾ ਇਸ ਦੇਸ਼ ਵਿਚ ਵਿਗਿਆਨਿਕ ਸਿਖਿਆ ਦਾ ਵਾਧਾ ਹੋਵੇਗਾ, ਉਨੀ ਹੀ ਮਨੁਖਾਂ ਵਿਚ ਸੁਤੰਤਰ ਸੋਚਣ ਦੀ ਸ਼ਕਤੀ ਆਵੇਗੀ। ਫਿਰ ਉਹ ਆਪਣੇ ਪੁਰਾਣੇ ਤੇ ਬੋਦੇ ਰਸਮਾਂ ਰਿਵਾਜਾਂ ਨੂੰ ਛੱਡ ਕੇ ਅਜਿਹੇ ਕੰਮਾਂ ਵਿਚ ਲਗ ਜਾਣਗੇ ਜਿਹੜੇ ਸਮੇਂ ਦੇ ਅਨਕੂਲ ਹੋਣਗੇ। ਫਿਰ ਸਾਡੀਆਂ ਸਮਾਜਿਕ ਅਤੇ ਰਾਜਸੀ ਸਮੱਸਿਆਵਾਂ ਇਨੀਆਂ ਜਟੀਲ ਨਹੀਂ ਹੋਣਗੀਆਂ ਜਿਨੀਆਂ ਹੁਣ ਪਰਤੀਤ ਹੁੰਦੀਆਂ ਹਨ। ਇਸ ਲਈ ਦੇਸ਼ ਦੀ ਹਾਲਤ ਉਤੇ ਗੰਭੀਰ ਸੋਚ ਵਿਚਾਰ ਕਰਨ ਵਾਲੇ ਅਤੇ ਉਸ ਦੀ ਸੁਤੰਤਰਤਾ ਲਈ ਕੁਰਬਾਨੀ ਦੇਣ ਵਾਲੇ ਸਾਰੇ ਦੇਸ਼ ਭਗਤਾਂ ਨੇ ਭਾਰਤ ਵਿਚ ਵਿਗਿਆਨਿਕ ਸਿਖਿਆ ਦੇ ਪਰਚਾਰ ਨੂੰ ਉਤਸ਼ਾਹ ਦੇਣ ਦੀ ਸਲਾਹ ਦਿਤੀ ਹੈ*।

## ਆਦਰਸ਼ਵਾਦੀ ਸਿਖਿਆ

ਅਸੀਂ ਪਹਿਲੇ ਪਰਕਰਨ ਵਿਚ ਸਿਖਿਆ ਦਾ ਆਦਰਸ਼ ਦਸਦਿਆਂ ਆਦਰਸ਼ਵਾਦੀ ਸਿਖਿਆ ਬਾਰੇ ਕਾਫੀ ਚਰਚਾ ਕਰ ਆਏ ਹਾਂ ਅਤੇ ਇਹ ਵੀ ਦਸ ਚੁਕੇ ਹਾਂ ਕਿ ਆਦਰਸ਼ਵਾਦੀ ਲੋਕ ਆਦਰਸ਼ ਪਰਾਪਤੀ ਲਈ ਕਿਹੜੇ ਪਾਠ-ਵਿਧੀਆਂ ਦਾ ਪੜ੍ਹਾਉਣਾ ਠੀਕ ਸਮਝਦੇ ਹਨ। ਜਰਮਨੀ ਦੇ ਇਕ ਪਰਸਿਧ ਆਦਰਸ਼ ਸਿਖਿਆ-ਵਿਗਿਆਨੀ ਹਰਬਰਟ ਨੇ ਆਦਰਸ਼ਵਾਦੀ ਸਿਖਿਆ ਦਾ ਨਿਸ਼ਾਨਾ ਚਲਣ ਦੀ ਪਕਿਆਈ ਦਸਿਆ ਹੈ। ਮਨੁਖ ਦਾ ਚਲਣ ਉਸ ਦੇ ਆਚਰਨ ਅਤੇ ਉਸ ਦੀਆਂ ਰੁਚੀਆਂ ਉਤੇ ਨਿਰਭਰ ਹੁੰਦਾ ਹੈ। ਮਨੁਖ ਦੀ ਰੁਚੀ ਉਸ ਦੇ ਵਿਚਾਰਾਂ ਉਤੇ ਨਿਰਭਰ ਹੁੰਦੀ ਹੈ। ਇਸ ਲਈ ਜਿਸ ਤਰ੍ਹਾਂ ਦੇ ਮਨੁਖ ਦੇ ਵਿਚਾਰ ਹਨ ਉਸ ਤਰ੍ਹਾਂ ਦੀਆਂ ਹੀ ਉਸ ਦੀਆਂ ਰੁਚੀਆਂ ਹੁੰਦੀਆਂ ਹਨ ਅਤੇ ਫਿਰ ਉਸ ਤਰ੍ਹਾਂ ਦਾ ਹੀ ਉਸ ਦਾ ਆਚਰਨ ਅਤੇ ਚਲਣ ਹੁੰਦਾ ਹੈ। ਇਸ ਲਈ ਜੇ ਕਿਸੇ ਮਨੁਖ ਦੇ ਵਿਚਾਰਾਂ ਵਿਚ ਸੁਧਾਰ ਕਰ ਦਿੱਤਾ ਜਾਵੇ ਤਾਂ ਉਸ ਦੇ ਚਲਣ ਵਿਚ ਵੀ ਸੁਧਾਰ

---

* ਸੰਨ ੧੯੨੯ ਦੀ ਮਰਾਠਾ ਯੁਵਕ ਕਾਨਫ੍ਰੰਸ ਪੂਨਾ ਦੀ ਸਭਾ ਵਿਚ ਭਾਸ਼ਨ ਦਿੰਦਿਆਂ ਬਾਬੂ ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ ਕਿ ਸਾਡੇ ਅੰਧ-ਵਿਸ਼ਵਾਸ ਅਤੇ ਪੁਰਾਣੇ ਵਿਚਾਰਾਂ ਦਾ ਅੰਤ ਕਰਨ ਲਈ ਦੇਸ਼ ਵਿਚ ਵਿਹਾਰਿਕ ਅਤੇ ਵਿਗਿਆਨਿਕ ਸਿਖਿਆ ਦਾ ਪਰਚਾਰ ਕਰਨਾ ਬੜਾ ਲੋੜੀਂਦਾ ਹੈ। ਕਿਉਂਕਿ ਇਹੋ ਇਸ ਰੋਗ ਦੀ ਦਵਾ ਹੈ।

ਹੋ ਜਾਂਦਾ ਹੈ । ਬਚਿਆਂ ਨੂੰ ਉਨ੍ਹਾਂ ਵਿਸ਼ਿਆਂ ਦਾ ਵਧੇਰੇ ਪੜ੍ਹਾਇਆ ਜਾਣਾ ਠੀਕ ਹੈ ਜਿਨ੍ਹਾਂ ਵਿਚ ਅਖਲਾਕੀ ਗਲਾਂ ਦੀ ਚਰਚਾ ਹੁੰਦੀ ਹੈ ਅਤੇ ਜਿਨ੍ਹਾਂ ਰਾਹੀਂ ਮਨੁਖ ਨੂੰ ਉਚਿਤ ਅਤੇ ਅਨੁਚਿਤ ਗਲਾਂ ਦਾ ਗਿਆਨ ਮਿਲਦਾ ਹੈ । ਅਜਿਹੇ ਵਿਸ਼ਿਆਂ ਨੂੰ ਬੱਚੇ ਦੀ ਸਿਖਿਆ ਵਿਚ ਪਹਿਲਾ ਥਾਂ ਦਿੱਤਾ ਜਾਣਾ ਚਾਹੀਦਾ ਹੈ । ਮਨੁਖ ਦੇ ਚਲਣ ਦੇ ਵਿਕਾਸ ਵਿਚ ਹਰਬਰਟ ਦੇ ਕਥਨ ਅਨੁਸਾਰ, ਵਿਗਿਆਨ ਦੀ ਸਿਖਿਆ ਇੰਨੀ ਲੋੜੀਂਦੀ ਸਿੱਧ ਨਹੀਂ ਹੁੰਦੀ ਜਿੰਨੀ ਸਾਹਿੱਤ ਅਤੇ ਇਤਿਹਾਸ ਦੀ ਸਿਖਿਆ । ਵਿਗਿਆਨ ਮਨੁਖ ਵਿਚ ਸੂਖਮ ਵਿਚਾਰ ਕਰਨ ਦੀ ਸ਼ਕਤੀ ਵਧਾਉਂਦਾ ਹੈ । ਉਹ ਜੀਵਨ ਵਿਚ ਕੰਮ ਆਉਣ ਵਾਲੀਆਂ ਅਨੇਕ ਗਲਾਂ ਬਾਰੇ ਗਿਆਨ ਵਧਾਉਂਦਾ ਹੈ । ਇਸ ਤਰ੍ਹਾਂ ਵਿਗਿਆਨ ਮਨੁਖ ਨੂੰ ਸ਼ਕਤੀ ਦਿੰਦਾ ਹੈ, ਪਰ ਇਸ ਸ਼ਕਤੀ ਨੂੰ ਸੁਚੱਜੀ ਤਰ੍ਹਾਂ ਵਰਤਨ ਦੀ ਜਾਚ ਵਿਗਿਆਨ ਨਹੀਂ ਦਸਦਾ । ਵਿਗਿਆਨ ਰਾਹੀਂ ਮਨੁਖ ਸ਼ਕਤੀ ਪਰਾਪਤ ਕਰ ਲੈਂਦਾ ਹੈ ਪਰ ਇਸ ਸ਼ਕਤੀ ਨੂੰ ਸੁਚੱਜੇ ਢੰਗ ਨਾਲ ਵਰਤਨ ਲਈ ਸਾਹਿੱਤਕ ਸਿਖਿਆ ਦੀ ਲੋੜ ਹੁੰਦੀ ਹੈ । ਇਸ ਲਈ ਹਰਬਰਟ ਨੇ ਆਪਣੀ ਸਿਖਿਆ– ਪਰਨਾਲੀ ਵਿਚ ਸਾਹਿਤਕ ਸਿਖਿਆ ਨੂੰ ਪਰਧਾਨ ਥਾਂ ਦਿੱਤਾ ਹੈ । ਹਰਬਰਟ ਦੇ ਕਥਨ ਅਨੁਸਾਰ ਸਾਹਿੱਤ, ਇਤਿਹਾਸ, ਕਵਿਤਾ, ਸੰਗੀਤ ਅਤੇ ਕਲਾ ਨੂੰ ਪਹਿਲਾਂ ਥਾਂ ਦੇਕੇ ਪਿਛੋਂ ਭੂਗੋਲ, ਪਦਾਰਥ-ਵਿਗਿਆਨ, ਗਣਿਤ ਆਦਿ ਵਿਸ਼ਿਆਂ ਨੂੰ ਥਾਂ ਦੇਣਾ ਚਾਹੀਦਾ ਹੈ ।

ਹਰਬਰਟ ਦੇ ਕਥਨ ਵਿਚ ਬਹੁਤ ਕੁਝ ਮੌਲਿਕ ਸਚਿਆਈ ਹੈ । ਵਿਗਿਆਨਿਕ ਸਿਖਿਆ ਨਾਲ ਮਨੁਖ ਦੇ ਭਾਵ ਸ਼ੁਧ ਨਹੀਂ ਹੁੰਦੇ । ਉਸ ਦੀ ਬੁੱਧੀ ਵਧ ਜਾਂਦੀ ਹੈ ਪਰ ਉਸ ਦੀਆਂ ਪਸ਼ੂ ਬਿਰਤੀਆਂ ਉਸੇ ਤਰ੍ਹਾਂ ਹੀ ਬਣੀਆਂ ਰਹਿੰਦੀਆਂ ਹਨ । ਇਸ ਕਰਕੇ ਹੀ ਸੰਸਾਰ ਦੇ ਵੱਡੇ ਵੱਡੇ ਯੁਧ ਹੁੰਦੇ ਹਨ । ਇਸ ਤਰ੍ਹਾਂ ਵਿਗਿਆਨ ਦੇ ਵਾਧੇ ਨਾਲ ਮਨੁਖ ਸਮਾਜ ਜਿੰਨਾ ਆਪਣੇ ਆਪ ਨੂੰ ਸੁਖੀ ਬਣਾ ਸਕਿਆ ਉਸ ਤੋਂ ਕਿਤੇ ਵਧ ਉਸ ਨੇ ਆਪਣੇ ਆਪ ਨੂੰ ਦੁਖੀ ਬਣਾ ਲਿਆ ਹੈ । ਮਨੁਖ ਦੇ ਪਸ਼ੂਪੁਣੇ ਨੂੰ ਰੋਕਣ ਲਈ ਜਦ ਮੁਢ ਤੋਂ ਹੀ ਕੋਈ ਸਿਖਿਆ ਨਹੀਂ ਮਿਲਦੀ ਤਾਂ ਉਸ ਆਪਣੇ ਭਾਈਆਂ ਨਾਲ ਪਸ਼ੂਆਂ ਵਾਲਾ ਹੀ ਵਰਤਾ ਕਰਨਾ ਹੋਇਆ । ਇਸ ਲਈ ਮਨੁਖ-ਸਮਾਜ ਨੂੰ ਜਿਊਂਦਿਆਂ ਰਖਣ ਲਈ ਇਹ ਬੜਾ ਜ਼ਰੂਰੀ ਹੈ ਕਿ ਬਚਿਆਂ ਦੇ ਭਾਵਾਂ ਨੂੰ ਸਾਹਿੱਤ ਅਤੇ ਇਤਿਹਾਸ ਆਦਿ ਵਿਸ਼ਿਆਂ ਦੀ ਸਿਖਿਆ ਰਾਹੀਂ ਸੁਧਾਰਿਆ ਜਾਵੇ । ਭਾਰਤ ਵਿਚ ਇਸ ਤਰ੍ਹਾਂ ਦੀ ਸਿਖਿਆ ਰਿਸ਼ੀ ਲੋਕ ਬ੍ਰਾਹਮਣ ਕੁਲ ਦੇ ਬਚਿਆਂ ਨੂੰ ਆਪਣੇ ਆਸ਼ਰਮਾਂ ਵਿਚ ਦਿੰਦੇ ਸਨ । ਇਸ ਪਰਕਾਰ ਦੀ ਸਿਖਿਆ ਸਦਕਾ ਦੇਸ਼ ਵਿਚ ਆਦਰਸ਼ ਚਲਣ ਵਾਲੇ ਫਿਲਾਸਫਰ ਪੈਦਾ ਹੋਏ । ਇਸ ਨਾਲ ਨਿਰਾ ਭਾਰਤੀ ਸਮਾਜ ਦਾ ਕਲਿਆਨ ਹੀ ਨਹੀਂ ਹੋਇਆ ਸਗੋਂ ਸਾਰੇ ਸੰਸਾਰ ਦਾ ਕਲਿਆਨ ਹੋਇਆ । ਭਾਰਤ ਦੀ ਵਰਤਮਾਨ ਕਾਂਗਰਸ ਰਾਹੀਂ ਪਰਚਾਰੀ ਜਾ ਰਹੀ ਸਿਖਿਆ ਪਰਨਾਲੀ ਵੀ ਸਾਨੂੰ ਆਪਣੀ ਪੁਰਾਣੀ ਆਦਰਸ਼ਤਾ ਦੀ ਯਾਦ ਦੁਆਉਂਦੀ ਹੈ । ਇਹ ਸਿਖਿਆ-ਪਰਨਾਲੀ, ਧਰਮ ਸਿਖਿਆ ਦਾ ਅਭਾਵ ਹੁੰਦਿਆਂ ਹੋਇਆਂ ਵੀ ਧਰਮ-ਭਾਵ ਨਾਲ ਭਰਪੂਰ ਹੈ ।

ਪਰ, ਆਦਰਸ਼ ਵਾਦੀ ਸਿਖਿਆ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰਨ ਤੋਂ ਪਹਿਲਾਂ, ਨਿਰਾ ਉਸਦੇ ਗੁਣਾਂ ਤੋਂ ਜਾਣੂ ਹੋਣਾ ਹੀ ਜ਼ਰੂਰੀ ਨਹੀਂ, ਸਗੋਂ ਉਸਦੇ ਦੋਸ਼ਾਂ ਨੂੰ ਜਾਨਣਾ ਵੀ ਬੜਾ ਜ਼ਰੂਰੀ ਹੈ । ਆਦਰਸ਼-ਵਾਦੀ ਵਿਅਕਤੀ ਆਪਣੇ ਆਦਰਸ਼ਕ ਜਗਤ ਬਾਰੇ ਇਨੀ ਚਿੰਤਾ ਕਰਦਾ ਹੈ ਕਿ ਉਹ ਸੰਸਾਰੀ ਵਿਹਾਰ ਵਿਚ ਕੱਚਾ ਰਹਿ ਜਾਂਦਾ ਹੈ ਅਤੇ ਜੀਵਨ ਵਿਚ ਕੰਮ ਆਉਣ ਵਾਲੇ ਵਿਸ਼ਿਆਂ ਦੇ

ਗਿਆਨ ਦੀ ਘਾਟ ਹੋਣ ਕਰਕੇ ਉਹ ਸੰਸਾਰ ਦੇ ਦੂਜੇ ਚਾਤਰ ਅਤੇ ਵਿਗਿਆਨਕ ਖੋਜਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਰਾਹੀਂ ਠਗਿਆ ਜਾਂਦਾ ਹੈ। ਆਦਰਸ਼ ਵਾਦੀ ਸਿਖਿਆ ਅਤੇ ਆਦਰਸ਼ਵਾਦੀ ਸਮਾਜ ਕਰਕੇ ਮਨੁਖ ਵਿਚ ਵਿਗਿਆਨ ਬਾਰੇ ਅਣਗਹਿਲੀ ਪੈਦਾ ਹੋ ਜਾਂਦੀ ਹੈ। ਇਸਦਾ ਫਲ ਇਹ ਹੁੰਦਾ ਹੈ ਕਿ ਆਦਰਸ਼ਵਾਦੀ ਕੌਮ ਵਿਚ ਵਿਗਿਆਨਿਕ ਉੱਨਤੀ ਅਤੇ ਵਾਧਾ ਨਹੀਂ ਹੁੰਦਾ। ਵਿਗਿਆਨ ਸੰਸਾਰੀ ਮਾਨ-ਵਡਿਆਈ ਅਤੇ ਸਫਲਤਾ ਦਿੰਦਾ ਹੈ। ਆਦਰਸ਼-ਵਾਦੀ ਸੰਸਾਰੀ ਮਾਨ ਵਡਿਆਈ ਨੂੰ ਤਿਆਗ ਯੋਗ ਸਮਝ, ਉਸਨੂੰ ਪਰਾਪਤ ਕਰਨ ਵਾਲੇ ਸਾਧਨ ਅਰਥਾਤ ਵਿਗਿਆਨ ਨੂੰ ਸਿਖਣ ਦੀ ਚਾਹ ਨਹੀਂ ਕਰਦਾ। ਇਸਦਾ ਸਿੱਟਾ ਇਹ ਹੁੰਦਾ ਹੈ ਕਿ ਵਧੇਰੇ ਆਦਰਸ਼ਵਾਦਤਾ ਸਮਾਜ ਦੀ ਉੱਨਤੀ ਕਰਨ ਦੀ ਥਾਂ ਉਸ ਨੂੰ ਸਗੋਂ ਥੱਲੇ ਡੇਗਦੀ ਹੈ। ਆਦਰਸ਼-ਵਾਦੀ ਵਿਅਕਤੀ ਨੂੰ ਆਪਣੇ ਜੀਵਨ ਦੀ ਆਦਰਸ਼ਤਾ ਪਰਾਪਤ ਕਰਨ ਲਈ ਅਤੇ ਆਪਣੇ ਸਰੀਰ ਦੀ ਰਾਖੀ ਲਈ ਸੰਸਾਰੀ ਗਿਆਨ ਅਤੇ ਪਦਾਰਥ ਵਿਗਿਆਨ ਦੇ ਜਾਨਣ ਵਾਲੇ ਲੋਕਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਇਸ ਲਈ ਬਹੁਤ ਹੀ ਆਦਰਸ਼ਵਾਦੀ ਵਿਅਕਤੀ ਸਭ ਦਾ ਪੂਜ ਹੋਣ ਦੀ ਥਾਂ ਦੂਜਿਆ ਦੇ ਤਰਸ ਤੇ ਹੋ ਜਾਂਦਾ ਹੈ। ਭਾਰਤ ਦੀ ਵਰਤ-ਮਾਨ ਹਾਲਤ ਇਸਦੇ ਬਹੁਤ ਵਧ ਆਦਰਸ਼ ਵਾਦੀ ਹੋਣ ਦਾ ਸਿੱਟਾ ਹੀ ਹੈ। ਜੇ ਭਾਰਤਵਰਸ਼ ਵਿਚ ਆਦਰਸ਼ਵਾਦੀ ਸਿਖਿਆ ਦੇ ਨਾਲ ਨਾਲ ਸੰਸਾਰੀ ਵਿਹਾਰ ਕਾਰ ਸਬੰਧੀ ਅਤੇ ਵਿਗਿਆਨਿਕ ਸਿਖਿਆ ਵੀ ਦਿੱਤੀ ਜਾਂਦੀ ਤਾਂ ਕੌਮ ਨਾ ਤੇ ਵਿਦੇਸੀਆਂ ਦੀ ਗੁਲਾਮ ਹੁੰਦੀ ਅਤੇ ਨਾ ਉਸ ਵਿਚ ਜਟੀਲ ਸਮਾਜਿਕ ਗੁੰਝਲਾਂ ਪੈਦਾ ਹੁੰਦੀਆਂ। ਭਾਰਤ ਦੇ ਹਿੰਦੂ ਹੀ ਸਭ ਤੋਂ ਵਧ ਆਦਰਸ਼ ਵਾਦੀ ਹਨ। ਅਜ ਵੀ ਸਾਡੇ ਕੌਮੀ ਨੇਤਾ ਵਿਗਿਆਨਿਕ ਸਿਖਿਆ ਤੋਂ ਉਸੇ ਤਰ੍ਹਾਂ ਅਣਗਹਿਲੀ ਕਰ ਰਹੇ ਹਨ ਜਿਵੇਂ ਸਾਡੇ ਵਡਿੱਕੇ ਕਰਦੇ ਰਹੇ ਹਨ। ਅਜ ਵੀ ਵਿਹਾਰ ਕਾਰ ਦੀ ਸਾਡੇ ਵਿਚ ਉੱਨੀ ਹੀ ਘਾਟ ਹੈ ਜਿੰਨੀ ਪਹਿਲੇ ਲੋਕਾਂ ਵਿਚ ਸੀ ਇਸ ਕਰਕੇ ਹੀ ਅਸੀਂ ਆਪਣੀ ਹਾਲਤ ਅਨੁਸਾਰ ਆਪਣੇ ਆਪ ਨੂੰ ਬਦਲ ਨਹੀਂ ਸਕੇ। ਜੇ ਕੋਈ ਕੌਮ ਆਪਣੇ ਨਾਗਰਿਕਾਂ ਦੇ ਚਲਣ ਨੂੰ ਪੱਕਿਆਂ ਕਰਨਾ ਚਾਹੁੰਦੀ ਹੈ ਤਾਂ ਉਸ ਲਈ ਇੰਨਾ ਹੀ ਲੋੜੀਂਦਾ ਨਹੀਂ ਕਿ ਉਹ ਬਚਿਆਂ ਨੂੰ ਸਾਹਿੱਤ ਅਤੇ ਇਤਿਹਾਸ ਰਾਹੀਂ ਕਈ ਤਰ੍ਹਾਂ ਦੀ ਅਖਲਾਕੀ ਸਿਖਿਆ ਦੇ ਕੇ ਉਨ੍ਹਾਂ ਦੇ ਆਚਰਨ ਵਿਚ ਸੁਧਾਰ ਕਰਨ ਦੀ ਲੋਚਾ ਕਰੇ, ਸਗੋਂ ਉਸ ਲਈ ਜ਼ਰੂਰੀ ਹੈ ਕਿ ਉਹ ਅਖਲਾਕੀ ਸਿਖਿਆ ਦੇ ਨਾਲ ਨਾਲ ਕਾਫੀ ਸੰਸਾਰੀ ਵਿਹਾਰਕਾਰ ਦੀ ਸਿਖਿਆ ਵੀ ਦੇਵੇ।

## ਰੇਮੰਟ ਅਨੁਸਾਰ ਪਾਠ-ਕਰਮ ਦੀ ਚੋਣ ਦੇ ਨਿਯਮ

ਉਪਰ ਲਿਖੇ ਕਥਨ ਤੋਂ ਇਹ ਸਪਸ਼ਟ ਹੈ ਕਿ ਪਾਠ-ਕਰਮ ਦੀ ਚੋਣ ਲਈ ਕਈ ਕਈ ਗਲਾਂ ਨੂੰ ਧਿਆਨ ਵਿਚ ਰਖਣ ਦੀ ਲੋੜ ਹੈ। ਪਾਠ-ਵਿਸ਼ੇ ਦੀ ਚੋਣ ਲਈ ਇੰਗਲੈਂਡ ਦ ਵਿਦਵਾਨ ਟੀ ਰੇਮੰਟ ਨੇ ਹੇਠ ਲਿਖੇ ਚਾਰ ਵਿਸ਼ਿਆਂ ਨੂੰ ਧਿਆਨ ਵਿਚ ਰਖਣ ਦੀ ਸਲਾਹ ਦਿੱਤੀ ਹੈ।

(੧) ਮਨੁਖ ਜਾਤੀ ਦੇ ਕੰਮ ਆਉਣ ਵਾਲੇ ਸਾਰੇ ਗਿਆਨ ਨੂੰ ਪਾਠ-ਕਰਮ ਵਿਚ ਥਾਂ ਦੇਣਾ ਚਾਹੀਦਾ ਹੈ।

(੨) ਬੱਚੇ ਦੇ ਸਿਖਿਆ ਪਾਉਣ ਲਈ ਕੀਤਾ ਨਿਸਚਤ ਸਮਾਂ ਅਖਾਂ ਅਗੋਂ ਓਹਲੇ ਨਹੀਂ ਕਰਨਾ ਚਾਹੀਦਾ।

(੩) ਬੱਚੇ ਵਿਸ਼ੇਸ਼ ਕਿਸਮ ਦੀ ਉਦਯੋਗ-ਧੰਧਿਆ ਦੀ ਲੋੜ ਨੂੰ ਧਿਆਨ ਵਿਚ

ਰਖਣਾ ਚਾਹੀਦਾ ਹੈ ।

(੪) ਬੱਚੇ ਦੀ ਰੁਚੀ ਅਤੇ ਯੋਗਤਾ ਨੂੰ ਵੀ ਧਿਆਨ ਵਿਚ ਰਖਣਾ ਚਾਹੀਦਾ ਹੈ ।

ਹੁਣ ਅਸੀਂ ਇਨ੍ਹਾਂ ਚਾਰ ਨਿਯਮਾਂ ਉਤੇ ਵਾਰੀ ਵਾਰੀ ਵਿਚਾਰ ਕਰਾਂਗੇ ।

**ਜੀਵਨ ਵਿਚ ਕੰਮ ਆਉਣ ਵਾਲੀਆਂ ਗੱਲਾਂ ਸਿਖਾਉਣਾ:–** ਇਸ ਸਿਧਾਂਤ ਅਨੁਸਾਰ ਬੱਚੇ ਨੂੰ ਉਹ ਸਾਰੀਆਂ ਗਲਾਂ ਸਿਖਾਈਆਂ ਜਾਣੀਆਂ ਚਾਹੀਦੀਆਂ ਹਨ ਜਿਹੜੀਆਂ ਉਸਦੇ ਜੀਵਨ ਨੂੰ ਸਫਲ ਬਨਾਉਣ ਲਈ ਕਿਸੇ ਤਰ੍ਹਾਂ ਕੰਮ ਆਉਂਦੀਆਂ ਹਨ । ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿਚ ਇਨ੍ਹਾਂ ਵਿਚੋਂ ਮੋਟੀਆਂ ਮੋਟੀਆਂ ਗਲਾਂ ਹੀ ਸਿਖਾਈਆਂ ਜਾ ਸਕਦੀਆਂ ਹਨ; ਇਸ ਲਈ ਉਨ੍ਹਾਂ ਨੂੰ ਚੁਣਨਾ ਜ਼ਰੂਰੀ ਹੈ। ਸਰੀਰਕ ਕਸਰਤ, ਸ੍ਵਾਸਥ ਦੇ ਨਿਯਮ, ਬੋਲੀ, ਸਾਹਿੱਤ, ਇਤਿਹਾਸ, ਗਣਿਤ, ਪਦਾਰਥ ਵਿਗਿਆਨ, ਭੂਗੋਲ, ਡਰਾਇੰਗ ਅਤੇ ਸੰਗੀਤ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੂੰ ਬੱਚੇ ਦੀ ਸਿਖਿਆ ਵਿਚੋਂ ਛਡਿਆ ਨਹੀਂ ਜਾ ਸਕਦਾ । ਇਨ੍ਹਾਂ ਵਿਚੋਂ ਕੁਝ ਵਿਸ਼ੇ ਬੱਚੇ ਦੇ ਜੀਵਨ-ਘੋਲ ਦੀ ਤਿਆਰੀ ਲਈ ਬੜੇ ਜ਼ਰੂਰੀ ਹਨ ਅਤੇ ਕੁਝ ਉਸਨੂੰ ਸਮਾਜਿਕ ਕੰਮਾਂ ਵਿਚ ਭਾਗ ਲੈਣ ਦੀ ਯੋਗਤਾ ਦਿੰਦੇ ਹਨ ਅਰਥਾਤ ਉਸ ਦੀ ਸੰਸਕ੍ਰਿਤੀ ਅਤੇ ਵਰਤਮਾਨ ਅਤੇ ਭਵਿਖ ਦੇ ਆਦਰਸ਼ਾਂ ਨਾਲ ਸਬੰਧ ਰਖਦੇ ਹਨ । ਇਨ੍ਹਾਂ ਵਿਸ਼ਿਆਂ ਨੂੰ ਸਿਖਣ ਨਾਲ ਬੱਚੇ ਦੀ ਨਿਰੀ ਬੁਧੀ ਦਾ ਹੀ ਵਿਕਾਸ ਨਹੀਂ ਹੁੰਦਾ ਸਗੋਂ ਉਸਦਾ ਚਲਣ ਵੀ ਪੱਕਦਾ ਹੈ। ਡਰਾਇੰਗ ਅਤੇ ਸੰਗੀਤ ਬੱਚੇ ਦੇ ਭਵਿਖ ਦੇ ਜੀਵਨ ਵਿਚ ਵਿਹਲ ਵੇਲੇ ਨੂੰ ਠੀਕ ਤਰ੍ਹਾਂ ਬਤੀਤ ਕਰਨ ਲਈ ਲੋੜੀਂਦੇ ਹਨ । ਸਿਖਿਆ ਦਾ ਨਿਸ਼ਾਨਾ ਨਿਰਾ ਬੱਚੇ ਨੂੰ ਕਾਰ ਵਿਹਾਰ ਲਈ ਤਿਆਰ ਕਰਨਾ ਹੀ ਨਹੀਂ ਹੋਣ ਚਾਹੀਦਾ ਸਗੋਂ ਉਸਨੂੰ ਯੋਗ ਢੰਗ ਨਾਲ ਆਪਣੀ ਵਿਹਲ ਜਾਂ ਅਰਾਮ ਕਰਨ ਦੇ ਸਮੇਂ ਨੂੰ ਬਤੀਤ ਕਰਨ ਦੀ ਜਾਚ ਦੇਣਾ ਵੀ ਹੋਣਾ ਚਾਹੀਦਾ ਹੈ। ਬਚਿਆਂ ਦੀ ਅਖਲਾਕੀ ਅਤੇ ਧਾਰਮਕ ਸਿਖਿਆ ਨੂੰ ਪਾਠ-ਕਰਮ ਵਿਚ ਵਖਰੀ ਥਾਂ ਦੇਣ ਦੀ ਥਾਂ ਸੰਗੀਤ ਅਤੇ ਸਾਹਿੱਤ ਰਾਹੀਂ ਇਨ੍ਹਾਂ ਦੀ ਸਿਖਿਆ ਦੇਣਾ ਸੌਖਾ ਸਮਝਿਆ ਗਿਆ ਹੈ ।

**ਬਚਿਆਂ ਦਾ ਸਕੂਲ ਵਿਚ ਕਟਣ ਦਾ ਸਮਾਂ:–** ਕਿੱਨੇ ਹੀ ਬੱਚੇ ਉੱਨੀ ਸਿਖਿਆ ਹੀ ਪਰਾਪਤ ਕਰ ਸਕਦੇ ਹਨ ਜਿੱਨੀ ਕਿ ਸਰਕਾਰ ਉਨ੍ਹਾਂ ਉਤੇ ਜ਼ਰੂਰੀ ਲਾਗੂ ਕਰਕੇ ਦਿੰਦੀ ਹੈ। ਸੰਸਾਰ ਦੇ ਸਾਰੇ ਸਭਯ ਦੇਸਾਂ ਵਿਚ ਜ਼ਰੂਰੀ ਸਿਖਿਆ ਦਾ ਸਮਾਂ ਆਮ ਕਰਕੇ ਚੌਦਾਂ ਸਾਲ ਦੀ ਉਮਰ ਦੇ ਨੇੜੇ ਤੇੜੇ ਹੁੰਦਾ ਹੈ । ਕੁਝ ਅਮੀਰ ਘਰਾਂ ਅਥਵਾ ਖਾਂਦੇ ਪੀਂਦੇ ਘਰਾਂ ਦੇ ਬੱਚੇ ਚੋਦਾਂ ਸਾਲ ਦੀ ਉਮਰ ਪਿਛੋਂ ਵੀ ਸਕੂਲ ਵਿਚ ਪੜ੍ਹ ਸਕਦੇ ਹਨ ਅਤੇ ਕੁਝ ਵਿਸ਼ਵ-ਵਿਦਿਆ-ਲਿਆਂ ਵਿਚ ਵੀ ਸਿਖਿਆ ਪਰਾਪਤ ਕਰਨ ਜਾਂਦੇ ਹਨ । ਕੁਝ ਸਮਾਂ ਅਰਥਾਤ ਛੇ ਤੋਂ ਗਿਆਰਾਂ ਸਾਲ ਦੀ ਉਮਰ ਤਕ ਤਾਂ ਕੌਮ ਦੇ ਸਾਰੇ ਬੱਚਿਆਂ ਨੂੰ ਇਕੋ ਜਹੀ ਸਿਖਿਆ ਦੇਣੀ ਚਾਹੀਦੀ ਹੈ। ਮੁਢਲੀਆਂ ਜਮਾਤਾਂ ਦੇ ਬਚਿਆਂ ਨੂੰ ਮਾਤ-ਬੋਲੀ, ਆਪਣੇ ਦੇਸ ਦਾ ਇਤਿਹਾਸ, ਅੰਕਗਣਿਤ, ਅਤੇ ਕੁਝ ਵਿਹਾਰ ਕਾਰ ਵਿਚ ਕੰਮ ਆਉਣ ਵਾਲੀ ਰੇਖਾ ਗਣਿਤ, ਕੁਝ ਪਦਾਰਥ ਵਿਗਿਆਨ ਦੀ ਸਿਖਿਆ ਦੇਣੀ ਚਾਹੀਦੀ ਹੈ। ਇਸ ਪਿਛੋਂ ਜਿਨ੍ਹਾਂ ਬਚਿਆਂ ਦੀ ਸਿਖਿਆ ਚੋਦਾਂ ਸਾਲ ਦੀ ਉਮਰ ਵਿਚ ਖਤਮ ਹੋਣੀ ਹੈ ਉਨ੍ਹਾਂ ਨੂੰ ਇਕ ਤਰ੍ਹਾਂ ਦੀ ਸਿਖਿਆ ਦੇਣੀ ਚਾਹੀਦੀ ਹੈ, ਅਤੇ ਜਿਨ੍ਹਾਂ ਦੀ ਪੜ੍ਹਾਈ ਅੱਗੇ ਵੀ ਹੋਣੀ ਹੈ ਉਨ੍ਹਾਂ ਨੂੰ ਦੂਜੀ ਤਰ੍ਹਾਂ ਦੀ ਸਿਖਿਆ ਦੇਣੀ ਚਾਹੀਦੀ ਹੈ । ਚੋਦਾਂ ਸਾਲ ਦੀ ਉਮਰ ਵਿਚ ਸਿਖਿਆ ਖਤਮ ਕਰਨ ਵਾਲੇ ਬਚਿਆਂ ਨੂੰ ਥੋੜਾ ਸਾਹਿੱਤ, ਕੁਝ ਮੁਢਲਾ ਵਿਗਿਆਨ ਅਤੇ ਕੁਝ ਗਣਿਤ ਦਾ ਗਿਆਨ ਕਰਾਉਣਾ ਚਾਹੀਦਾ ਹੈ ।

ਇਨ੍ਹਾਂ ਤੋਂ ਬਿਨਾਂ ਅਜਿਹੀਆਂ ਗਲਾਂ ਸਿਖਾਈਆਂ ਜਾਣੀਆਂ ਚਾਹੀਦੀਆਂ ਹਨ ਜਿਹੜੀਆਂ ਉਨ੍ਹਾਂ ਦੇ ਭਵਿਖ ਵਿਚ ਰੋਜ਼ਗਾਰ ਸਬੰਧੀ ਧੰਧਿਆਂ ਨਾਲ ਸਬੰਧ ਰਖਦੀਆਂ ਹੋਣ ਤਾਂ ਜੁ ਉਨ੍ਹਾਂ ਨੂੰ ਕਿਸੇ ਰੁਜ਼ਗਾਰ ਨਾਲ ਰੁਚੀ ਹੋਵੇ ਅਤੇ ਉਹ ਉਸਨੂੰ ਸੌਖ ਨਾਲ ਕਰ ਸਕਣ। ਪਰ, ਇਥੇ ਇਹ ਧਿਆਨ ਰਖਣਾ ਚਾਹਦਾ ਹੈ ਕਿ ਜਿਨ੍ਹਾਂ ਬਚਿਆਂ ਨੂੰ ਰੁਜ਼ਗਾਰ ਕਰਨ ਮਾਤਰ ਹੀ ਸਿਖਿਆ ਨਾ ਦਿਤੀ ਜਾਣ ਲਗ ਜਾਵੇ। ਜਿਨ੍ਹਾਂ ਬਚਿਆਂ ਨੇ ਚੌਦਾ ਸਾਲ ਦੀ ਉਮਰ ਤੋਂ ਅੱਗੇ ਪੜ੍ਹਨਾ ਹੈ ਉਨ੍ਹਾਂ ਨੂੰ ਰੁਜ਼ਗਾਰ ਬਾਰੇ ਵਧੇਰਾ ਦਸਣ ਦੀ ਥਾਂ ਸਧਾਰਨ ਸਿਖਿਆ ਉਤੇ ਹੀ ਵਧੇਰੇ ਜ਼ੋਰ ਦਿਤਾ ਜਾਵੇ। ਇਨ੍ਹਾਂ ਦਾ ਸਾਹਿੱਤ, ਇਤਿਹਾਸ ਗਣਿਤ, ਅਤੇ ਪਦਾਰਥ ਵਿਗਿਆਨ ਦਾ ਗਿਆਨ ਹੋਰ ਵਧੇਰੇ ਚੌੜਾ ਕੀਤਾ ਜਾਵੇ। ਪਿਛੋਂ ਜਿਨ੍ਹਾਂ ਬਚਿਆਂ ਦੀ ਰੁਚੀ ਟੈਕਨੀਕਲ, ਵਿਹਾਰਿਕ ਜਾਂ ਖੇਤੀ ਬਾੜੀ ਦੇ ਕੰਮ ਵਲ ਹੋਵੇ ਉਨ੍ਹਾਂ ਨੂੰ ਉਨ੍ਹਾਂ ਦੇ ਯੋਗ ਸਿਖਿਆ ਦੇਣੀ ਚਾਹੀਦੀ ਹੈ। ਜਿਹੜੇ ਵਿਸ਼ਵ-ਵਿਦਿਆਲੇ ਵਲ ਜਾਣਾ ਚਾਹੁੰਦੇ ਹਨ ਉਨ੍ਹਾਂ ਨੂੰ ਆਮ ਸਿਖਿਆ ਹੋਰ ਵਧੇਰੇ ਦੇਣੀ ਚਾਹੀਦੀ ਹੈ। ਬੱਚੇ ਦੀ ਸਿਖਿਆ ਵਿਚ ਗਿਆਰਾਂ, ਚੌਦਾਂ, ਸਤਾਰਾਂ ਵਰ੍ਹੇ ਦੀ ਉਮਰ ਅਜਿਹੇ ਸਮੇਂ ਹਨ ਜਦ ਉਸਦੇ ਪਾਠ-ਵਿਸ਼ੇ ਦੀ ਚੋਣ ਉਤੇ ਵਿਚਾਰ ਕਰਨਾ ਪੈਂਦਾ ਹੈ।

**ਵਿਸ਼ੇਸ਼ ਰੁਜ਼ਗਾਰ ਸਬੰਧੀ ਲੋੜਾਂ ਉਤੇ ਵਿਚਾਰ :**—ਪਾਠ-ਵਿਸ਼ੇ ਦੀ ਚੋਣ ਸਮੇਂ ਬਚਿਆਂ ਦੇ ਆਉਣ ਵਾਲੇ ਜੀਵਨ ਵਿਚ ਰੁਜ਼ਗਾਰ ਸਬੰਧੀ ਲੋੜਾਂ ਉਤੇ ਧਿਆਨ ਦੇਣਾ ਵੀ ਬੜਾ ਜ਼ਰੂਰੀ ਹੈ। ਬੱਚੇ ਦੀ ਮੁਢਲੀ ਸਿਖਿਆ ਵਿਚ ਇਨ੍ਹਾਂ ਵਿਹਾਰੀ ਲੋੜਾਂ ਨੂੰ ਇੰਨਾ ਮਹੱਤਾ ਵਾਲਾ ਥਾਂ ਨਹੀਂ ਦਿਤਾ ਜਾਵੇਗਾ, ਪਰ ਕੁਝ ਅੱਗੇ ਚਲ ਕੇ ਇਨ੍ਹਾਂ ਲੋੜਾਂ ਨੂੰ ਧਿਆਨ ਵਿਚ ਰਖਣਾ ਬੜਾ ਲੋੜੀਂਦਾ ਹੈ। ਕੁਝ ਬੱਚੇ ਪਿੰਡਾਂ ਵਿਚ ਰਹਿ ਕੇ ਖੇਤੀ ਕਰਨਗੇ, ਕੁਝ ਕਾਰੀਗਰ ਬਨਣਗੇ ਅਤੇ ਕੁਝ ਸ਼ਹਿਰਾਂ ਵਿਚ ਰਹਿ ਕੇ ਵਣਜ ਵਪਾਰ ਕਰਨਗੇ। ਇਨ੍ਹਾਂ ਵਖ ਵਖ ਕਿਸਮ ਦੇ ਬਚਿਆਂ ਵਿਚ ਵਖ ਵਖ ਤਰ੍ਹਾਂ ਦੀਆਂ ਰੁਚੀਆਂ ਪੈਦਾ ਕਰਨਾ ਜ਼ਰੂਰੀ ਹੈ। ਮੁਢਲੀ ਉਮਰ ਵਿਚ ਜਿਹੜੇ ਪਾਠ ਪੜ੍ਹਾਏ ਜਾਣ ਉਨ੍ਹਾਂ ਦਾ ਨਿਸ਼ਾਨਾ ਬੱਚੇ ਨੂੰ ਕਿਸੇ ਵਿਸ਼ੇਸ਼ ਰੁਜ਼ਗਾਰ ਲਈ ਤਿਆਰ ਕਰਨ ਦੀ ਥਾਂ ਰੁਜ਼ਗਾਰ ਦੇ ਕੰਮ ਕਰਨ ਦੀ ਯੋਗਤਾ ਦੇਣ ਮਾਤਰ ਹੀ ਹੋਣਾ ਚਾਹੀਦਾ ਹੈ। ਪਰ ਅੱਗੇ ਚਲ ਕੇ ਕੁਝ ਕੰਮ-ਧੰਧੇ ਦੀ ਸਿਖਿਆ ਦੇਣਾ ਜ਼ਰੂਰੀ ਹੋ ਜਾਂਦਾ ਹੈ। ਬੱਚੇ ਦੀ ਰੁਚੀ ਅਤੇ ਯੋਗਤਾਵਾਂ ਉਤੇ ਵਿਚਾਰ ਕਰ ਕੇ ਪਾਠ-ਵਿਸ਼ੇ ਦੀ ਚੋਣ ਵਿਚ ਉਨ੍ਹਾਂ ਨੂੰ ਧਿਆਨ ਵਿਚ ਰਖਣਾ ਬੜਾ ਜ਼ਰੂਰੀ ਹੈ। ਉਮਰ ਦੇ ਨਾਲ ਬੱਚੇ ਦੀਆਂ ਰੁਚੀਆਂ ਬਦਲਦੀਆਂ ਰਹਿੰਦੀਆਂ ਹਨ ਅਤੇ ਉਸ ਦੀਆਂ ਯੋਗਤਾਵਾਂ ਵਿਚ ਵੀ ਉਮਰ ਨਾਲ ਵਾਧਾ ਹੁੰਦਾ ਰਹਿੰਦਾ ਹੈ। ਪਰ ਵਾਤਾਵਰਨ ਅਤੇ ਜਨਮ ਜਾਤ ਉੱਤੇ ਵੀ ਬੱਚੇ ਦੀ ਰੁਚੀ ਨਿਰਭਰ ਹੁੰਦੀ ਹੈ। ਕੁਝ ਬਚਿਆਂ ਦੀ ਰੁਚੀ ਇਕ ਵਿਸ਼ੇ ਵਿਚ ਵਧੇਰੇ ਹੁੰਦੀ ਹੈ ਅਤੇ ਕੁਝ ਦੀ ਦੂਸਰੇ ਵਿਚ। ਜਿਵੇਂ ਜਿਵੇਂ ਬੱਚੇ ਉਮਰ ਵਿਚ ਵਧਦੇ ਹਨ, ਉਨ੍ਹਾਂ ਦੀਆਂ ਰੁਚੀਆਂ ਦਾ ਅਧਿਅਨ ਕਰ ਕੇ ਉਨ੍ਹਾਂ ਨੂੰ ਢੁਕਵੇਂ ਵਿਸ਼ੇ ਪੜ੍ਹਾਏ ਜਾਣੇ ਚਾਹੀਦੇ ਹਨ। ਫਿਰ ਸ਼ਹਿਰ ਦੇ ਬਚਿਆਂ ਦੀ ਰੁਚੀ ਪਿੰਡ ਦੇ ਬਚਿਆਂ ਤੋਂ ਵਖਰੀ ਹੁੰਦੀ ਹੈ। ਸ਼ਹਿਰ ਦੇ ਬਚਿਆਂ ਨੂੰ ਉਨ੍ਹਾਂ ਗਲਾਂ ਦਾ ਦੱਸਣਾ ਬਹੁਤ ਜ਼ਰੂਰੀ ਹੈ ਜਿਨ੍ਹਾਂ ਨੂੰ ਜਾਨਣ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ ਅਤੇ ਜਿਹੜੀਆਂ ਉਨ੍ਹਾਂ ਦੀ ਹਾਲਤ ਦੇ ਅਨੁਸਾਰੀ ਹਨ। ਇਸੇ ਤਰ੍ਹਾਂ ਪਿੰਡ ਦੇ ਬਚਿਆਂ ਨੂੰ ਆਪਣੇ ਆਲੇ ਦੁਆਲੇ ਵਿਚ ਪਾਈਆਂ ਜਾਂਦੀਆਂ ਚੀਜ਼ਾਂ ਬਾਰੇ ਵਧੇਰੇ ਜਾਣਕਾਰੀ ਕਰਾਉਣੀ ਚਾਹੀਦੀ ਹੈ ਅਤੇ ਇਸ ਗਲ ਲਈ ਉਨ੍ਹਾਂ ਨੂੰ ਢੁਕਵੇਂ ਵਿਸ਼ੇ ਪੜ੍ਹਾਏ ਜਾਣੇ ਚਾਹੀਦੇ ਹਨ।

ਪਾਠ-ਵਿਸ਼ੇ ਦੀ ਚੋਣ ਵਿਚ ਸਾਨੂੰ ਇਸ ਗਲ ਦਾ ਜ਼ਰੂਰ ਧਿਆਨ ਰਖਣਾ ਚਾਹੀਦਾ ਹੈ ਕਿ ਬੱਚਾ ਆਪਣੇ ਵਰਤਮਾਨ ਵਾਤਾਵਰਨ ਵਿਚ ਆਪਣੇ ਜੀਵਨ ਨੂੰ ਸਫਲਤਾ ਨਾਲ ਬਤੀਤ ਕਰ ਸਕੇ ਅਤੇ ਭਵਿਖ ਵਿਚ ਹੋਣ ਵਾਲੇ ਸਮਾਜਿਕ ਪਰੀਵਰਤਨ ਲਈ ਆਪਣੇ ਆਪ ਨੂੰ ਤਿਆਰ ਕਰ ਸਕਣ। ਇਹ ਵਿਗਿਆਨਿਕ ਯੁਗ ਬੜਾ ਤਬਦੀਲੀਆਂ ਭਰਿਆ ਹੈ। ਇਸ ਲਈ ਬੱਚੇ ਦਾ ਸਮਾਂ ਅਜਿਹੇ ਕਿਸੇ ਕੰਮ ਦੇ ਸਿਖਾਉਣ ਵਿਚ ਨਹੀਂ ਲਾਉਣਾ ਚਾਹੀਦਾ ਜਿਹੜਾ ਵਿਗਿਆਨਿਕ ਲੋੜਾਂ ਕਰਕੇ ਖਤਮ ਹੀ ਹੋ ਜਾਵੇ। ਅਸਾਂ ਬੱਚੇ ਨੂੰ ਵਿਗਿਆਨਿਕ ਯੁਗ ਲਈ ਤਿਆਰ ਕਰਨਾ ਹੈ, ਦੋ ਹਜ਼ਾਰ ਸਾਲ ਪਹਿਲਾਂ ਦੇ ਯੁਗ ਲਈ ਨਹੀਂ। ਇਹ ਗਲ ਸਾਨੂੰ ਸਦਾ ਧਿਆਨ ਵਿਚ ਰਖਣੀ ਚਾਹੀਦੀ ਹੈ।

---

# ਚੌਥਾ ਪਰਕਰਨ

## ਸਿਖਿਆ ਵਿਚ ਜ਼ਬਤ

### ਜ਼ਬਤ ਦਾ ਸਿਖਿਆ ਵਿਚ ਸਥਾਨ

ਸਿਖਿਆ ਦੀਆਂ ਦੋ ਵੱਡੀਆਂ ਸਮੱਸਿਆਵਾਂ ਹਨ— ਪੜ੍ਹਾਉਣ ਦੀ ਸਮੱਸਿਆ ਅਤੇ ਜ਼ਬਤ ਦੀ ਸਿਖਿਆ। ਜ਼ਬਤ ਬਚਿਆਂ ਦੀ ਸਿਖਿਆ ਲਈ ਬੜਾ ਜ਼ਰੂਰੀ ਹੈ। ਚੰਗੇ ਜ਼ਬਤ ਤੋਂ ਬਿਨਾ ਪਰਭਾਵ-ਸ਼ਾਲੀ ਸਿਖਿਆ ਅਸੰਭਵ ਹੈ, ਇਸ ਲਈ ਸਕੂਲ ਵਿਚ ਉਤਮ ਕਿਸਮ ਦੇ ਜ਼ਬਤ ਦਾ ਅਰਥ ਪੜ੍ਹਾਈ ਦੇ ਕੰਮ ਵਿਚ ਭਰੋਸੇ ਯੋਗ ਸਫਲਤਾ ਪਰਾਪਤ ਕਰਨਾ ਹੈ। ਜ਼ਬਤ ਤੋਂ ਬਿਨਾਂ ਸਿਖਿਆ ਵਿਚ ਕਾਫੀ ਸਫਲਤਾ ਨਹੀਂ ਮਿਲ ਸਕਦੀ ਅਤੇ ਜ਼ਬਤ ਭਰਪੂਰ ਸਿਖਿਆ ਸਦਾ ਸਫਲ ਹੁੰਦੀ ਹੈ। ਸਿਖਿਆ ਦਾ ਜ਼ਬਤ, ਫੌਜੀ ਜ਼ਬਤ ਨਾਲੋਂ ਵਖਰਾ ਹੁੰਦਾ ਹੈ। ਇਹ ਜ਼ਬਤ ਸਰੀਰਕ ਜ਼ਬਤ ਦੀ ਥਾਂ ਵਧੇਰੇ ਰੂਪ ਵਿਚ ਮਾਨਸਿਕ ਹੁੰਦਾ ਹੈ। ਸਕੂਲ ਦੇ ਜ਼ਬਤ ਦਾ ਇਹ ਨਿਸ਼ਾਨਾ ਨਹੀਂ ਕਿ ਬੱਚੇ ਸਕੂਲ ਵਿਚ ਬਿਨਾਂ ਹਿਲਜੁਲ, ਸ਼ਾਂਤੀ ਨਾਲ ਪਥਰ ਦੀਆਂ ਮੂਰਤੀਆਂ ਬਣੇ ਬੈਠੇ ਰਹਿਣ। ਇਸ ਦਾ ਨਿਸ਼ਾਨਾ ਹੈ ਬੱਚਿਆਂ ਨੂੰ ਉਹ ਸਿਖਿਆ ਦੇਣਾ ਜਿਸ ਨਾਲ ਉਹ ਸਕੂਲ ਦੇ ਨਾਲ ਨਾਲ ਬਾਹਰ ਵੀ ਨਿਯਮ ਅਨੁਸਾਰ ਜੀਵਨ ਬਤੀਤ ਕਰਨ। ਉਨ੍ਹਾਂ ਦਾ ਜੀਵਨ ਬੇ-ਨਿਯਮਾ ਨਾ ਹੋਵੇ। ਬਚਿਆਂ ਨੂੰ ਅਜਿਹੀ ਸਿਖਿਆ ਉਨ੍ਹਾਂ ਦੀਆਂ ਆਪਹੁਦਰੀਆਂ ਨੂੰ ਰੋਕਣ ਅਤੇ ਉਨ੍ਹਾਂ ਨੂੰ ਨਿਯਮਾਂ ਦੇ ਪਾਲਣ ਕਰਨ ਦੀ ਰੋਕ ਲਾਕੇ ਹੀ ਦਿਤੀ ਜਾ ਸਕਦੀ ਹੈ। ਬਾਲ-ਅਵਸਥਾ ਵਿਚ ਹੀ ਇਨ੍ਹਾਂ ਨਿਯਮਾਂ ਦਾ ਗਿਆਨ ਬੱਚੇ ਲਈ ਗੁਣਕਾਰੀ ਹੁੰਦਾ ਹੈ। ਪਲੈਟੋ ਦੇ ਕਥਨ ਅਨੁਸਾਰ ਕਿਸੇ ਕੰਮ ਦਾ ਪ੍ਰਾਰੰਭਕ ਸਮਾਂ ਉਸ ਦਾ ਸਭ ਤੋਂ ਮਹੱਤਾ ਵਾਲਾ ਸਮਾਂ ਹੁੰਦਾ ਹੈ। ਇਸ ਲਈ ਬਚਿਆਂ ਨੂੰ ਮੁਢਲੀ ਉਮਰ ਵਿਚ ਹੀ ਜ਼ਬਤ ਦੇ ਅਸਰ ਹੇਠ ਲੈ ਆਉਣਾ ਬੜੀ ਮਹੱਤਾ ਰਖਦਾ ਹੈ। ਉਸ ਸਮੇਂ ਬੱਚੇ ਦੀ ਮਨ-ਬਿਰਤੀ ਬੜੀ ਕੋਮਲ ਹੁੰਦੀ ਹੈ। ਉਸ ਨੂੰ ਆਪਣੀ ਮਰਜ਼ੀ ਅਨੁਸਾਰ ਢਾਲਿਆ ਜਾ ਸਕਦਾ ਹੈ। ਉਸ ਸਮੇਂ ਦੀ ਹਰ ਘਟਨਾ ਬੱਚੇ ਦੇ ਹਿਰਦੇ ਵਿਚ ਘਰ ਕਰ ਲੈਂਦੀ ਹੈ। ਇਹੋ ਕਾਰਨ ਹੈ ਕਿ ਜ਼ਬਤ ਦੇ ਨਿਯਮਾਂ ਦਾ ਪਾਲਣ ਕਰਾਉਂਦੇ ਰਹਿਣ ਨਾਲ ਬੱਚੇ ਦਾ ਸਮੁਚਾ ਜੀਵਨ ਹੀ ਜ਼ਬਤ ਭਰਪੂਰ ਬਣਾਇਆ ਜਾ ਸਕਦਾ ਹੈ।

ਪਰ ਜ਼ਬਤ ਕੋਈ ਅਜਿਹੀ ਚੀਜ਼ ਨਹੀਂ ਜਿਹੜੀ ਮੰਗਿਆਂ ਮਿਲ ਜਾਂਦੀ ਹੋਵੇ। ਜ਼ਬਤ ਦੀ ਸਫਲਤਾ ਨਿਰੀ ਦਲੀਲ ਉਤੇ ਨਿਰਭਰ ਨਹੀਂ ਹੁੰਦੀ। ਜ਼ਬਤ ਕੋਈ ਸਿਖਾਇਆ ਜਾਣ ਵਾਲਾ ਵਿਸ਼ਾ ਨਹੀਂ, ਇਹ ਤਾਂ ਸਿਖਿਆ ਦੀ ਮੁਢਲੀ ਅਵਸਥਾ ਹੈ। ਇਹ ਸਕੂਲ ਦੇ ਵਾਤਾਵਰਨ ਦਾ ਅਨਿਖੜਵਾਂ ਅੰਗ ਹੈ। ਇਸ ਲਈ ਜ਼ਬਤ ਦੀਆਂ ਆਦਤਾਂ ਅਪਰਤੱਖ ਰੂਪ ਵਿਚ ਸਕੂਲ ਦੇ ਵਾਤਾਵਰਨ ਦੀ ਸਹਾਇਤਾ ਨਾਲ ਬਚਿਆਂ ਵਿਚ ਪਾਈਆਂ ਜਾ ਸਕਦੀਆਂ ਹਨ। ਪਾਠ-ਪੁਸਤਕਾਂ ਵਾਂਗ ਜ਼ਬਤ ਦੀ ਸਿਖਿਆ ਪਰਾਪਤ ਨਹੀਂ ਕੀਤੀ ਜਾ ਸਕਦੀ। ਜ਼ਬਤ ਦੀ ਪਰਤੀਤੀ ਵਿਚਾਰ ਵਰਤਾਰੇ ਤੋਂ ਹੁੰਦੀ ਹੈ ਅਤੇ ਵਰਤਾਰਾ ਅੰਦਰਲੀਆਂ

ਇੱਛਾਵਾਂ ਦਾ ਹੀ ਪਰਕਾਸ਼ ਹੁੰਦਾ ਹੈ। ਇਸ ਲਈ ਵਿਅਕਤੀ ਦੀ ਦ੍ਰਿੜ੍ਹ-ਇੱਛਾ-ਸ਼ਕਤੀ ਉਤੇ ਹੀ ਜ਼ਬਤ ਰਾਹੀਂ ਵਰਤਾਰੇ ਦਾ ਕਾਬੂ ਨਿਰਭਰ ਹੁੰਦਾ ਹੈ। ਅਰਥਾਤ ਜ਼ਬਤ ਦੀ ਸਿਖਿਆ ਜ਼ਬਤ ਭਰਪੂਰ ਕੰਮ ਕਰਨ ਦੀ ਆਦਤ ਪਾਉਣ ਅਤੇ ਆਪਣੇ ਆਪ ਨੂੰ ਆਲੇ ਦੁਆਲੇ ਦੇ ਵਾਤਾਵਰਨ ਦੇ ਅਨਕੂਲ ਬਨਾਉਣ ਨਾਲ ਪਰਾਪਤ ਹੋ ਸਕਦੀ ਹੈ। ਨਿਯਮਾਂ ਆਦਿ ਦਾ ਪਾਲਣ ਕਰਨ ਨਾਲ ਵੀ ਬਚਿਆਂ ਨੂੰ ਜ਼ਬਤ ਦੀ ਸਿਖਿਆ ਦਿਤੀ ਜਾ ਸਕਦੀ ਹੈ। ਇਸ ਲਈ ਬੱਚੇ ਦੇ ਆਲੇ ਦੁਆਲੇ ਦਾ ਵਾਤਾਵਰਨ ਅਤੇ ਸਿਖਿਆ ਦੋਵੇਂ ਉਸ ਦੇ ਚਲਣ ਦੀ ਉਸਾਰੀ ਦੀ ਨੀਂਹ ਹਨ। ਜਦ ਕੋਈ ਵਿਅਕਤੀ ਬਾਹਰਲੇ ਨਿਯਮਾਂ ਦੇ ਪਾਲਣ ਕਰਨ ਦੀ ਆਪਣੇ ਆਪ ਵਿਚ ਆਦਤ ਪਾ ਲੈਂਦਾ ਹੈ ਤਾਂ ਉਹੋ ਨਿਯਮ ਅੰਦਰਲੇ ਨਿਯਮਾਂ ਵਿੱਚ ਬਦਲ ਜਾਂਦੇ ਹਨ। ਇਸ ਤਰ੍ਹਾਂ ਅਸੀਂ ਵਿਚਾਰਾਂ, ਆਦਤਾਂ, ਵਾਤਾਵਰਨ ਅਤੇ ਜ਼ਬਤ ਦੀ ਸਹਾਇਤਾ ਨਾਲ ਬਾਹਰਲੇ ਨਿਯਮਾਂ ਨੂੰ ਹੀ ਅੰਦਰਲੇ ਜ਼ਬਤ ਵਿਚ ਬਦਲ ਸਕਦੇ ਹਨ।

## ਸੁਭਾਵਕ ਜ਼ਬਤ

ਛੋਟੇ ਛੋਟੇ ਬਚਿਆਂ ਵਿਚ ਜ਼ਬਤ ਦੀ ਸਿਖਿਆ ਉਨ੍ਹਾਂ ਦੇ ਬੁਰੇ ਵਿਹਾਰ ਤੋਂ ਨਿਕਲੇ ਸੁਭਾਵਕ ਬੁਰੇ ਸਿੱਟਿਆ ਤੋਂ ਜਾਣੂ ਕਰਾਉਣ ਮਾਤਰ ਤੋਂ ਹੀ ਦਿਤੀ ਜਾ ਸਕਦੀ ਹੈ। ਸਕੂਲ ਵਿੱਚ ਲਾਏ ਜਾਣ ਵਾਲੇ ਨਿਸ਼ਚਤ ਸਮੇਂ ਦੇ ਮੁਢਲੇ ਸਾਲਾਂ ਵਿੱਚ ਬਚਿਆਂ ਨੂੰ ਆਪਣੇ ਭੈੜੇ ਵਿਹਾਰ ਦੇ ਭੈੜੇ ਨਤੀਜਿਆਂ ਤੋਂ ਜਾਣੂ ਹੋਣ ਲਈ ਸੁਤੰਤਰ ਰਹਿਣ ਦੇਣਾ ਚਾਹੀਦਾ ਹੈ। ਰੂਸੋ ਅਤੇ ਸਪੈਂਸਰ ਨੇ ਜ਼ਬਤ ਦੀ ਸਿਖਿਆ ਲਈ ਇਸੇ ਢੰਗ ਨੂੰ ਸਭ ਤੋਂ ਵੱਧੀਆ ਦਸਿਆ ਹੈ। ਸੁਭਾਵਕ ਤੌਰ ਤੇ ਕੁਦਰਤ ਇਸ ਤਰ੍ਹਾਂ ਕੰਮ ਚਲਾਉਂਦੀ ਹੈ ਕਿ ਜਿਹੜਾ ਵਿਅਕਤੀ ਕੁਦਰਤ ਦੇ ਨਿਯਮਾਂ ਦੀ ਉਲੰਘਣਾ ਕਰਦਾ ਹੈ, ਉਸ ਦਾ ਉਸ ਨੂੰ ਫਲ ਵੀ ਭੋਗਣਾ ਪੈਂਦਾ ਹੈ। ਕੁਦਰਤੀ ਨਤੀਜਿਆਂ ਰਾਹੀਂ ਜ਼ਬਤ ਦੀ ਸਿਖਿਆ ਵਿੱਚ ਇਹੋ ਸਿਧਾਂਤ ਵਰਤੋਂ ਵਿੱਚ ਆਉਂਦਾ ਹੈ। ਜੇ ਕੋਈ ਅੱਗ ਦੇ ਬਹੁਤ ਹੀ ਨੇੜੇ ਪਹੁੰਚਦਾ ਹੈ ਤਾਂ ਉਸ ਦਾ ਸੜਨਾ ਸੁਭਾਵਕ ਹੈ। ਜੇ ਕੋਈ ਬੱਚਾ ਚਾਕੂ ਨਾਲ ਖੇਡਦਾ ਹੈ ਤਾਂ ਉਸ ਦਾ ਹਥ ਕਟਿਆ ਜਾਣਾ ਸੁਭਾਵਕ ਹੈ। ਇਸੇ ਤਰ੍ਹਾਂ ਜਦ ਕੋਈ ਬੱਚਾ ਕੋਈ ਚੀਜ਼ ਗੁਆ ਦਿੰਦਾ ਹੈ ਤਾਂ ਉਸ ਦੇ ਭੈੜੇ ਨਤੀਜਿਆਂ ਤੋਂ ਉਹ ਛੇਤੀ ਜਾਣੂ ਹੋਣ ਲੱਗ ਜਾਂਦਾ ਹੈ। ਸਕੂਲ ਬਾਰੇ ਵੀ ਇਹ ਗੱਲ ਠੀਕ ਹੈ। ਜੇ ਬੱਚਾ ਦੇਰ ਨਾਲ ਸਕੂਲ ਆਉਂਦਾ ਹੈ, ਜੇ ਉਹ ਸਕੂਲ ਦੀ ਖਿੜਕੀ ਦਾ ਸ਼ੀਸ਼ਾ ਤੋੜ ਦਿੰਦਾ ਹੈ, ਤਾਂ ਉਸ ਨੂੰ ਢੁਕਵਾਂ ਕੰਮ ਕਰਨ ਦੇਣਾ ਚਾਹੀਦਾ ਹੈ। ਟੁੱਟੇ ਸ਼ੀਸ਼ੇ ਵਾਲੀ ਬਾਰੀ ਕੋਲ ਉਸ ਨੂੰ ਸੌਣ ਜਾਂ ਬਹਿਣ ਦੇਣਾ ਚਾਹੀਦਾ ਹੈ। ਠੰਡ ਲਗਣ ਨਾਲ ਉਸ ਨੂੰ ਛੇਤੀ ਆਪਣੀ ਭੁਲ ਪਰਤੀਤ ਹੋ ਜਾਵੇਗੀ। ਜੇ ਉਹ ਘਰ ਦੀ ਕੋਈ ਚੀਜ਼ ਤੋੜਦਾ ਹੈ ਤਾਂ ਉਸ ਨੂੰ ਆਪਣੇ ਪੈਸਿਆਂ ਨਾਲ ਫਿਰ ਖਰੀਦਨ ਦੀ ਸ਼ਰਤ ਲਾ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਨਾਲ ਦਿਤੀ ਗਈ ਜ਼ਬਤ ਦੀ ਸਿਖਿਆ ਨਾਲ ਬੱਚੇ ਨਾਲ ਕੋਈ ਅਨਿਆਇ ਨਹੀਂ ਹੁੰਦਾ ਅਤੇ ਨਾ ਉਸ ਦੇ ਹਿਰਦੇ ਵਿੱਚ ਇਸ ਕਿਸਮ ਦੇ ਵਿਹਾਰ ਬਾਰੇ ਕੋਈ ਸ਼ਕਾਇਤ ਹੀ ਰਹਿੰਦੀ ਹੈ। ਇਸ ਵਿਧੀ ਵਿੱਚ ਵੱਖ ਵੱਖ ਤਰ੍ਹਾਂ ਦੇ ਨਿਯਮਾਂ ਰਾਹੀਂ ਬੱਚੇ ਦੀ ਸੁਤੰਤਰਤਾ ਨੂੰ ਸੱਟ ਨਹੀਂ ਵੱਜਦੀ ਅਤੇ ਉਸ ਨੂੰ ਡੰਨ ਵੀ ਸੁਭਾਵਕ ਰੂਪ ਵਿੱਚ ਛੇਤੀ ਮਿਲਦਾ ਰਹਿੰਦਾ ਹੈ। ਪਰ ਇਹ ਧਿਆਨ ਰਖਣਾ ਚਾਹੀਦਾ ਹੈ ਕਿ ਇਹ ਡੰਨ ਬਹੁਤ ਜ਼ਿਆਦਾ ਜਾਂ ਮਾਰੂ ਨਹੀਂ ਹੋਣਾ ਚਾਹੀਦਾ।

## ਸਮਾਜਿਕ ਜ਼ਬਤ

ਸਿਖਿਆ ਦਾ ਅੰਤਮ ਨਿਸ਼ਾਨਾ ਸਮਾਜਿਕ ਪਰਬੀਣਤਾ ਹੈ। ਸਿਰਫ ਉਪਦੇਸ਼ ਕਰਨ ਨਾਲ ਹੀ ਅਸੀਂ ਮਨੁਖ ਨੂੰ ਇਸ ਨਿਸ਼ਾਨੇ ਤਕ ਨਹੀਂ ਪਹੁੰਚਾ ਸਕਦੇ । ਬਚਿਆਂ ਦੀਆਂ ਸਭ ਆਦਤਾਂ ਮਨ ਦੀਆਂ ਲਹਿਰਾਂ ਹੋਣ ਕਰਕੇ ਉਨ੍ਹਾਂ ਵਿੱਚ ਠੀਕ ਜਾਂ ਗਲਤ ਹੋਣ ਦਾ ਭਾਵ ਬੜਾ ਘਟ ਹੁੰਦਾ ਹੈ । ਉਨ੍ਹਾਂ ਨੂੰ ਹਰ ਆਦਤ ਢੁਕਵੀਂ ਪਰਤੀਤ ਹੁੰਦੀ ਹੈ। ਪਰ ਫਿਰ ਵੀ ਜੇ ਬਚਿਆਂ ਦੀ ਗਲਤ ਆਦਤ ਨੂੰ ਜਾਰੀ ਰਹਿਣ ਦਿੱਤਾ ਜਾਵੇ ਤਾਂ ਉਨ੍ਹਾਂ ਦਾ ਦੁਰਾਚਾਰੀ ਹੋ ਜਾਣਾ ਕੁਦਰਤੀ ਹੈ ਕਿਉਂ ਜੁ ਉਨ੍ਹਾਂ ਨੂੰ ਉਸ ਤਰ੍ਹਾਂ ਦਾ ਵਰਤਾਰਾ ਕਰਨ ਦੀ ਆਦਤ ਹੋ ਜਾਵੇਗੀ। ਇਸ ਲਈ ਬੱਚਿਆਂ ਨੂੰ ਸੁੱਚੇ ਵਿਹਾਰ ਦੀ ਆਦਤ ਪਾਉਣ ਲਈ ਉਨ੍ਹਾਂ ਦੇ ਗਲਤ ਵਰਤਾਰੇ ਨੂੰ ਛੇਤੀ ਰੋਕ ਦੇਣਾ ਜ਼ਰੂਰੀ ਹੈ । ਇਸ ਤਰ੍ਹਾਂ ਬੱਚੇ ਨੂੰ ਉਸ ਦੇ ਬੁਰੇ ਕੰਮ ਲਈ ਸੁਭਾਵਕ ਭੈੜੇ ਨਤੀਜਿਆਂ ਉਤੇ ਛਡ ਦੇਣਾ ਠੀਕ ਨਹੀਂ, ਕਿਉਂ ਜੁ ਇਸ ਨਾਲ ਜ਼ਬਤ ਦੀ ਕੁਝ ਸਿਖਿਆ ਤਾਂ ਜ਼ਰੂਰ ਮਿਲੇਗੀ; ਪਰ ਇਸ ਢੰਗ ਨਾਲ ਬੱਚੇ ਵਿੱਚ ਦੁਰਾਚਾਰ ਦੀ ਆਦਤ ਪੈ ਜਾਣ ਦੀ ਸੰਭਾਵਨਾ ਹੈ। ਇਸ ਲਈ ਚੰਗੀ ਆਦਤ ਪਾਉਣ ਲਈ ਬੱਚੇ ਨੂੰ ਠੀਕ ਉਪਦੇਸ਼ ਕਰਦੇ ਰਹਿਣਾ ਹੀ ਜ਼ਰੂਰੀ ਹੈ, ਜਿਸ ਨਾਲ ਉਹ ਆਪਣੇ ਗਲਤ ਵਰਤਾਰੇ ਤੋਂ ਰੁਕ ਜਾਵੇ ਅਤੇ ਦੁਰਾਚਾਰ ਦੀ ਮਾਰੂ ਆਦਤ ਤੋਂ ਬਚਿਆ ਰਹੇ।

## ਜ਼ਬਤ ਦੇ ਉਪਾ

ਸਕੂਲ ਵਿੱਚ ਜ਼ਬਤ-ਬਧ ਆਦਤ ਪਾਉਣ ਦੀਆਂ ਦੋ ਵਿਧੀਆਂ ਹਨ—ਇਕ ਅਪਰਤੱਖ ਅਤੇ ਦੂਜੀ ਪਰਤੱਖ। ਅਪਰਤੱਖ ਵਿਧੀ ਵਿੱਚ ਸਕੂਲਾਂ ਦਾ ਨਿਸਚਤ ਦ੍ਰਿਸ਼ਟੀ ਕੋਣ, ਸਹਿਯੋਗ ਦੀ ਭਾਵਨਾ, ਸਕੂਲ ਦੇ ਵਾਤਾਵਰਨ ਦਾ ਵਧੀਆ ਹੋਣਾ ਆਦਿ ਗਲਾਂ ਆਉਂਦੀਆਂ ਹਨ। ਸਕੂਲ ਦੀ ਕਿਸਮ ਕਿਸਮ ਦੀ ਪੜ੍ਹਾਈ ਦੇ ਵੱਖ ਵੱਖ ਕੰਮ ਬੱਚਿਆਂ ਨੂੰ ਜ਼ਬਤ ਦੀ ਸਿਖਿਆ ਦੇਣ ਦੀ ਅਪਰਤੱਖ ਵਿਧੀ ਵਿੱਚ ਆਉਂਦੇ ਹਨ । ਪਰਤੱਖ ਵਿਧੀ ਵਿੱਚ ਸਕੂਲਾਂ ਦੇ ਜ਼ਬਤ ਸਬੰਧੀ ਨਿਯਮ, ਦੰਡ ਅਤੇ ਇਨਾਮ ਰਾਹੀਂ ਮੁਕਾਬਲੇ ਦੀ ਭਾਵਨਾ ਪੈਦਾ ਕਰ ਕੇ ਬਚਿਆਂ ਨੂੰ ਪਰਤੱਖ ਵਿਧੀ ਰਾਹੀਂ ਜ਼ਬਤ ਦੀ ਸਿਖਿਆ ਦਿਤੀ ਜਾਂਦੀ ਹੈ।

**ਸਹਿਯੋਗ ਦੀ ਭਾਵਨਾ** :—ਬਚਿਆਂ ਵਿੱਚ ਸਹਿਯੋਗ ਦੀ ਭਾਵਨਾ ਰਾਹੀਂ ਜ਼ਬਤ ਦੀ ਸਿਖ੍ਹਿਆ ਬੜੀ ਸੌਖੀ ਤਰ੍ਹਾਂ ਦਿਤੀ ਜਾ ਸਕਦੀ ਹੈ। ਜੇ ਬਚਿਆਂ ਨੂੰ ਆਪਣੇ ਸਕੂਲ ਅਤੇ ਉਸ ਦੇ ਪਰਚਲਤ ਰਿਵਾਜਾਂ(ਸਕੂਲ ਦੇ ਪਰਚਲਤ ਨਿਯਮਾਂ)ਉਤੇ ਮਾਨ ਹੈ ਤਾਂ ਕਦੇ ਵੀ ਉਨ੍ਹਾਂ ਰਿਵਾਜਾਂ ਵਿਰੁਧ ਆਪਣੀ ਆਦਤ ਬਣਾਉਣਗੇ । ਬੱਚਿਆਂ ਦੇ ਹਿਰਦੇ ਵਿਚ ਸਕੂਲ ਬਾਰੇ ਮਾਨ ਸਹਿਯੋਗ ਦੀ ਭਾਵਨਾ ਰਾਹੀਂ ਪੈਦਾ ਕੀਤਾ ਜਾ ਸਕਦਾ ਹੈ । ਅਸਲ ਵਿਚ ਸਹਿਯੋਗ ਦੀ ਭਾਵਨਾ ਚੰਗੇ ਜ਼ਬਤ ਦੀ ਉਪਜ ਹੀ ਹੈ। ਇਹ ਇਕ ਅਜਿਹੀ ਭਾਵਨਾ ਹੈ ਜਿਹੜੀ ਸੰਪੂਰਨ ਵਿਦਿਆਲੇ, ਸਕੂਲ ਜਾਂ ਕਾਲਜ ਨੂੰ ਜਥੇਬੰਦ ਕਰਕੇ ਉਸ ਨੂੰ ਇਕ ਸਰੂਪ ਦੇ ਦਿੰਦੀ ਹੈ। ਇਸ ਭਾਵਨਾ ਦਾ ਪੈਦਾ ਹੋਣਾ ਹੀ ਵਿਦਿਆਰਥੀਆਂ ਵਿਚ ਸਕੂਲ ਦੇ ਨਿਯਮਾਂ ਅਤੇ ਉਸ ਦੇ ਪਰਚਲਤ ਰਿਵਾਜਾਂ ਬਾਰੇ ਸ਼ਰਧਾ ਪੈਦਾ ਕਰਦਾ ਹੈ । ਸਹਿਯੋਗ ਦੀ ਭਾਵਨਾ ਪੈਦਾ ਹੋਣ ਪਿਛੋਂ ਬੱਚੇ ਨੂੰ ਸਦਾ ਆਪਣੇ ਸਕੂਲ ਦੇ ਮਾਨ ਅਪਮਾਨ ਦਾ ਖਿਆਲ ਰਹਿੰਦਾ ਹੈ ਅਤੇ ਉਹ ਨਿਯਮ ਦੇ ਉਲਟ ਵਰਤਾਰਾ ਨਹੀਂ ਕਰਦਾ । ਸਕੂਲੀ ਮਨ-ਬਿਰਤੀ ਅਤੇ ਵਾਤਾਵਰਨ ਦਾ ਵੀ ਜ਼ਬਤ ਨਾਲ ਬੜਾ ਡੂੰਘਾ ਸਬੰਧ ਹੈ । ਸਕੂਲੀ ਮਨ-ਬਿਰਤੀ ਵਿਚ ਤਬਦੀਲੀ ਦਾ

ਅਰਥ ਸਕੂਲ ਦੇ ਜ਼ਬਤ ਵਿਚ ਤਬਦੀਲੀ ਹੈ । ਜ਼ਬਤ ਸਖਤ ਨਿਯਮਾਂ ਅਨੁਸਾਰ ਆਦਤ ਬਨਾਉਣ ਨਾਲ ਬਚਿਆਂ ਵਿਚ ਪੈਦਾ ਕੀਤਾ ਜਾ ਸਕਦਾ ਹੈ ਪਰ ਸਕੂਲੀ ਮਨ-ਬਿਰਤੀ ਦੀ ਉਤਪਤੀ ਲਈ ਸੁਹਣਾ ਪਿਆਰ-ਭਰਿਆ ਵਰਤਾਉ, ਉੱਚੇ ਸੁੱਚੇ ਵਿਚਾਰ ਅਤੇ ਉੱਚੇ ਆਦਰਸ਼ ਦੀ ਲੋੜ ਹੁੰਦੀ ਹੈ । ਇਨ੍ਹਾਂ ਤੋਂ ਬਿਨਾਂ ਬਚਿਆਂ ਵਿਚ ਸਕੂਲੀ ਮਨ-ਬਿਰਤੀ ਉਤਪਨ ਨਹੀਂ ਕੀਤੀ ਜਾ ਸਕਦੀ ।

**ਸਕੂਲੀ ਮਨ-ਬਿਰਤੀ :**– ਸਕੂਲੀ ਮਨ-ਬਿਰਤੀ ਦੀ ਪਰਿਭਾਸ਼ਾ ਕਰਨਾ ਬੜਾ ਔਖਾ ਹੈ । ਬਚਿਆਂ ਵਿਚ ਸਕੂਲੀ ਮਨ-ਬਿਰਤੀ ਦੀ ਉਤਪਤੀ ਲਈ ਉਨ੍ਹਾਂ ਵਿਚ ਸਹਿਯੋਗ ਦੀ ਭਾਵਨਾ ਦਾ ਹੋਣਾ ਜ਼ਰੂਰੀ ਹੈ। ਜੇ ਬੱਚੇ ਵਿਚ ਸਕੂਲ ਦੇ ਦੂਜੇ ਬਚਿਆਂ ਨਾਲ ਮਿਲਵਰਤਨ (ਸਹਿਯੋਗ) ਦੀ ਭਾਵਨਾ, ਸਕੂਲ ਉਤੇ ਮਾਨ ਕਰਨ ਦਾ ਜਜ਼ਬਾ, ਅਤੇ ਸਕੂਲ ਦੇ ਨਿਯਮਾਂ ਲਈ ਸ਼ਰਧਾ ਹੈ ਤਾਂ ਉਸ ਵਿਚ ਵਧੀਆ ਸਕੂਲੀ ਮਨ-ਬਿਰਤੀ ਪੈਦਾ ਹੋਵੇਗੀ। ਇਸ ਲਈ ਸਕੂਲੀ ਮਨ-ਬਿਰਤੀ ਦਾ ਅਰਥ ਬਚਿਆਂ ਵਿਚ ਸਕੂਲ ਲਈ ਮਾਨ ਆਦਰ ਦੇ ਭਾਵ, ਸੁਤੰਤਰਤਾ ਨਾਲ ਆਗਿਆ ਦਾ ਪਾਲਣ; ਕੰਮ ਵਿਚ ਲਗਣ, ਅਵਾਰਗੀ ਰਹਿਤ ਸੁਤੰਤਰਤਾ ਅਤੇ ਸਹਿਯੋਗ ਆਦਿ ਭਾਵਾਂ ਦਾ ਪੈਦਾ ਹੋਣਾ ਹੀ ਹੈ । ਸਕੂਲੀ ਮਨ-ਬਿਰਤੀ ਦੀ ਉਸਾਰੀ ਵਿਚ ਹੈਡਮਾਸਟਰ ਦਾ ਬੜਾ ਹੱਥ ਹੁੰਦਾ ਹੈ । ਜੇ ਉਹ ਬਚਿਆਂ ਵਿਚ ਵਧੀਆ ਸਹਿਯੋਗ ਦੀ ਭਾਵਨਾ ਦੀ ਉਸਾਰੀ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਪੱਕੇ ਨਿਸ਼ਚੇ ਵਾਲਾ, ਕਰਤੱਵ ਪਾਲਣ ਵਾਲਾ ਅਤੇ ਕੰਮ ਵਿਚ ਸਿਆਣਾ ਵਿਅਕਤੀ ਹੋਣਾ ਚਾਹੀਦਾ ਹੈ । ਉਸ ਨੂੰ ਸਕੂਲ ਦੇ ਹਰ ਵਿਭਾਗ, ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਵੀ ਸਹਾਇਤਾ ਲੈਣੀ ਚਾਹੀਦੀ ਹੈ। ਖੇਡਾਂ ਵਿਚ ਹਿੱਸਾ ਲੈਣ ਵਾਲੇ ਬੱਚੇ ਕੱਪ ਅਤੇ ਟ੍ਰਾਫੀਆਂ ਇਨਾਮ ਵਿਚ ਜਿੱਤਣ ਦੀ ਪ੍ਰੇਰਣਾ ਨਾਲ ਸਕੂਲ ਦਾ ਮਾਨ ਵਧਾਉਣ ਵਿਚ ਉਸ ਦੀ ਮਨਚਾਹੀ ਸਹਾਇਤਾ ਕਰ ਸਕਦੇ ਹਨ । ਪੜ੍ਹਨ ਵਾਲੇ ਲੜਕੇ ਆਪਣੀ ਯੋਗਤਾ ਅਤੇ ਵਜ਼ੀਫੇ ਜਿਤ ਕੇ ਸਕੂਲ ਦੇ ਜ਼ਬਤ ਅਤੇ ਮਾਨ ਆਦਰ ਦੇ ਵਾਧੇ ਵਿਚ ਉਸਦੀ ਸਹਾਇਤਾ ਕਰ ਸਕਦੇ ਹਨ । ਸਧਾਰਨ ਲੜਕੇ ਆਪਣੇ ਚੰਗੇ ਵਰਤਾਉ ਸਦਕਾ ਜਨ-ਸਧਾਰਨ ਦੇ ਹਿਰਦੇ ਵਿਚ ਸਕੂਲ ਬਾਰੇ ਆਦਰ ਦੀ ਭਾਵਨਾ ਪੈਦਾ ਕਰ ਸਕਦੇ ਹਨ ।

ਪ੍ਰਾਇਮਰੀ ਸਕੂਲਾਂ ਵਿਚ ਤਾਂ ਜ਼ਬਤ ਦੀ ਸਿਖਿਆ ਲਈ ਸਕੂਲੀ ਮਨ-ਬਿਰਤੀ ਅਤੇ ਵਾਤਾਵਰਨ ਦੀ ਲੋੜ ਅਨੁਸਾਰ ਸਹਾਇਤਾ ਲਈ ਜਾ ਸਕਦੀ ਹੈ। ਲੜਕਿਆਂ ਨੂੰ ਸਕੂਲ ਦੇ ਵਧੀਆ ਕੰਮਾਂ ਅਤੇ ਰਿਵਾਜਾਂ ਤੋਂ ਜਾਣੂ ਕਰਾਕੇ ਉਨ੍ਹਾਂ ਨੂੰ ਸਕੂਲ ਦੀਆਂ ਪਰਾਣੀਆਂ ਕਰਨੀਆਂ ਦਾ ਵੀ ਗਿਆਨ ਕਰਵਾ ਦੇਣਾ ਚਾਹੀਦਾ ਹੈ ਜਿਸ ਤੋਂ ਉਨ੍ਹਾਂ ਨੂੰ ਉਤਸ਼ਾਹ ਮਿਲੇ ਅਤੇ ਉਹ ਲਗਣ ਨਾਲ ਜ਼ਬਤ ਭਰਿਆ ਵਾਤਾਵਰਨ ਉਸਾਰਨ ਵਿਚ ਸਾਥ ਦੇਣ। ਜੇ ਪੁਰਾਣਾ ਇਤਿਹਾਸ ਚੰਗਾ ਨਾ ਹੋਵੇ ਤਾਂ ਬਚਿਆਂ ਨੂੰ ਉਸ ਨੂੰ ਵੱਧੀਆ ਬਣਾਉਣ ਦਾ ਉਪਦੇਸ਼ ਦੇਣਾ ਠੀਕ ਹੋਵੇਗਾ। ਇਸ ਤਰ੍ਹਾਂ ਸਾਂਝੀ ਜ਼ਿੰਮੇਵਾਰੀ ਰਾਹੀਂ ਵਧੀਆ ਜ਼ਬਤ-ਭਰੀ ਸਕੂਲੀ ਮਨ-ਬਿਰਤੀ ਅਤੇ ਵਾਤਾਵਰਨ ਉਸਾਰਿਆ ਜਾ ਸਕਦਾ ਹੈ ।

**ਉਦਾਹਰਨ :**– ਬਚਿਆਂ ਦੇ ਜੀਵਨ ਵਿਚ 'ਨਾ ਕਰੋ' ਦੇ ਉਪਦੇਸ਼ਾਂ ਦੀ ਭਰਮਾਰ ਨਹੀਂ ਹੋਣੀ ਚਾਹੀਦੀ । ਬਚਿਆਂ ਨੂੰ ਜੋ ਕੁਝ ਕਿਹਾ ਜਾਏ ਉਸ ਦੀ ਉਦਾਹਰਨ ਉਨ੍ਹਾਂ ਦੇ ਸਾਹਮਣੇ ਰਖਣੀ ਚਾਹੀਦੀ ਹੈ। ਜਦ ਬਚਿਆਂ ਨੂੰ ਭਲੇ ਵਰਤਾਰੇ ਬਾਰੇ ਵਧੇਰੇ ਉਪਦੇਸ਼ ਦਿੱਤਾ

ਜਾਂਦਾ ਹੈ ਤਾਂ ਉਨ੍ਹਾਂ ਵਿਚ ਭਲਮਾਨਸੀ ਵਿਚ ਵਾਧਾ ਹੋਣ ਦੀ ਥਾਂ ਉਨ੍ਹਾਂ ਵਿਚ ਸ੍ਵੈ-ਵਿਸ਼ਵਾਸ਼ ਦੀ ਘਾਟ ਵਧਦੀ ਹੈ। ਕਿਹਾ ਜਾਂਦਾ ਹੈ ਉਪਦੇਸ਼ ਦੇ ਟਾਕਰੇ ਉਦਾਹਰਨ ਵਧੇਰੇ ਪਰਭਾਵਸ਼ਾਲੀ ਹੁੰਦੇ ਹੈ। ਉਦਾਹਰਨ ਨੂੰ ਵੇਖਕੇ ਬੱਚਾ ਸੌਖੇ ਹੀ ਚੰਗਾ ਵਰਤਾਰਾ ਕਰਨ ਲਗ ਜਾਂਦਾ ਹੈ। ਉਦਾਹਰਨ ਦਾ ਪਰਭਾਵ ਬੱਚੇ ਦੇ ਮਨ ਉਤੇ ਹੁਕਮ ਦੇ ਰੂਪ ਵਿਚ ਪੈਂਦਾ ਹੈ। ਉਦਾਹਰਨ ਇਕ ਮਾਨਸਿਕ ਸ਼ਕਤੀ ਦਾ ਰੂਪ ਧਾਰਨ ਕਰ ਲੈਂਦੀ ਹੈ! ਇਹ ਮਾਨਸਿਕ ਸ਼ਕਤੀ ਉਪਦੇਸ਼ ਰਾਹੀਂ ਪੈਦਾ ਨਹੀਂ ਹੁੰਦੀ। ਉਪਦੇਸ ਦਾ ਅਸਰ ਬੱਚੇ ਦੀ ਬੁਧੀ ਉਤੇ ਪੈਂਦਾ ਹੈ ਅਤੇ ਉਦਾਹਰਨ ਦਾ ਅਸਰ ਬੱਚੇ ਦੇ ਮਨ ਉਤੇ ਪੈਂਦਾ ਹੈ। ਇਕ ਬੱਚੇ ਦੇ ਚੇਤਨ ਮਨ ਨੂੰ ਪਰਭਾਵਤ ਕਰਦਾ ਹੈ ਅਤੇ ਦੂਜਾ ਅਚੇਤ ਮਨ ਨੂੰ। ਇਸ ਲਈ ਮੁਢਲੇ ਸਕੂਲ ਦੇ ਬਾਲਕਾਂ ਨੂੰ ਉਦਾਹਰਨ ਰਾਹੀਂ ਸਿਖਿਆ ਦੇਣਾ ਹੀ ਸਭ ਤੋਂ ਵਧੀਆ ਹੈ।

ਬਚਿਆਂ ਦੇ ਅਖਲਾਕੀ ਸੁਧਾਰ ਲਈ ਸਭ ਤੋਂ ਚੰਗਾ ਉਦਾਹਰਨ ਉਸਤਾਦ ਦੇ ਵਰਤਾਰੇ ਦਾ ਉਦਾਹਰਨ ਹੀ ਹੁੰਦਾ ਹੈ। ਉਸਤਾਦ ਨੂੰ ਚਾਹੀਦਾ ਹੈ ਕਿ ਉਹ ਆਪ ਆਪਣੇ ਵਰਤਾਰੇ ਨੂੰ ਨਿਸਚਤ ਕਰੇ। ਜਿਸ ਤਰ੍ਹਾਂ ਦੇ ਉਸਤਾਦ ਦੇ ਕੰਮ, ਆਦਤਾਂ, ਰਹਿਣ ਸਹਿਣ ਦਾ ਢੱਬ ਹੁੰਦਾ ਹੈ ਉਹੋ ਜਿਹੇ ਬਚਿਆਂ ਦੇ ਕੰਮ, ਆਦਤਾਂ ਅਤੇ ਰਹਿਣ ਸਹਿਣ ਬਣ ਜਾਂਦਾ ਹੈ। ਜਿਸ ਤਰ੍ਹਾਂ ਉਸਤਾਦ ਰਹਿੰਦਾ ਹੈ ਉਸ ਤਰ੍ਹਾਂ ਹੀ ਬੱਚੇ ਰਹਿਣ ਲੱਗ ਜਾਂਦੇ ਹਨ। ਜੇ ਉਸਤਾਦ ਮੇਜ਼ ਉਤੇ ਲੱਤਾਂ ਖਿਲਾਰ ਕੇ ਬੈਠਦਾ ਹੈ ਤਾਂ ਬੱਚੇ ਵੀ ਉਸਦੀ ਇਸ ਗਵਾਰ ਆਦਤ ਨੂੰ ਆਪਣੇ ਵਰਤਾਰੇ ਵਿਚ ਲੈ ਆਉਂਦੇ ਹਨ। ਜੇ ਉਸਤਾਦ ਆਪਣੀ ਸਧਾਰਨ ਗਲ ਬਾਤ ਵਿਚ ਗੰਦੀ ਬੋਲੀ ਦੀ ਵਰਤੋਂ ਕਰਦਾ ਹੈ ਤਾਂ ਬੱਚੇ ਵੀ ਉਸਦੀ ਬੋਲੀ ਸਹਿਜੇ ਅਪਣਾ ਲੈਂਦੇ ਹਨ ਅਤੇ ਆਪਣੀ ਗਲ ਬਾਤ ਵਿਚ ਉਹੋ ਜਹੀ ਬੋਲੀ ਦੀ ਵਰਤੋਂ ਕਰਦੇ ਹਨ। ਜੇ ਉਸਤਾਦ ਚੰਗੇ ਸੁਭਾ ਦਾ ਵਿਅਕਤੀ ਹੈ ਅਤੇ ਆਪਣੇ ਹਰ ਕੰਮ ਨੂੰ ਸਾਵਧਾਨੀ ਨਾਲ ਕਰਦਾ ਹੈ ਅਤੇ ਆਪਣੀ ਬੋਲੀ ਵਿਚ ਸਭਯ ਅਤੇ ਮਿਠੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਤਾਂ ਬੱਚੇ ਵੀ ਸਹਿਜ ਸੁਭਾ ਚੰਗੇ ਸੁਭਾ ਦੇ ਧਾਰਨੀ ਹੋ ਜਾਂਦੇ ਹਨ। ਆਪਣੇ ਸਾਰੇ ਕੰਮਾਂ ਨੂੰ ਢੰਗ ਨਾਲ ਕਰਦੇ ਹਨ ਅਤੇ ਸਭ ਨਾਲ ਮਿੱਠੀ ਬੋਲੀ ਵਿਚ ਬੋਲਦੇ ਹਨ। ਇਸ ਤਰ੍ਹਾਂ ਉਸਤਾਦ ਦਾ ਭਲਾ ਵਰਤਾਰਾ ਸਕੂਲ ਦੇ ਅਖਲਾਕੀ ਵਾਤਾ-ਵਰਨ ਨੂੰ ਉੱਚਾ ਕਰ ਦਿੰਦਾ ਹੈ।

**ਸਕੂਲ ਦਾ ਵਾਤਾਵਰਨ:**—ਸਕੂਲ ਦਾ ਅਖਲਾਕੀ ਵਾਤਾਵਰਨ ਅਤੇ ਬਚਿਆਂ ਦੀ ਅਖਲਾਕੀ ਸਿਖਿਆ ਇਕ ਦੂਜੇ ਦੇ ਸਹਾਰੇ ਰਹਿੰਦੇ ਹਨ। ਸੁਹਣੀ ਅਖਲਾਕੀ ਸਿਖਿਆ ਸਕੂਲ ਦੇ ਸੁਹਣੇ ਅਖਾਲਕੀ ਵਾਤਾਵਰਨ ਤੋਂ ਬਿਨਾਂ ਅਸੰਭਵ ਹੈ ਅਤੇ ਜਦ ਬਾਲਕਾਂ ਨੂੰ ਸੁਹਣੀ ਅਖਲਾਕੀ ਸਿਖਿਆ ਮਿਲਦੀ ਹੈ ਤਾਂ ਸਕੂਲ ਦਾ ਵੀ ਸੁਹਣਾ ਅਖਲਾਕੀ ਵਾਤਾਵਰਨ ਬਣ ਜਾਂਦਾ ਹੈ। ਜਦ ਸਕੂਲ ਦਾ ਸੁੰਦਰ ਅਖਲਾਕੀ ਵਾਤਾਵਰਨ ਹੋ ਜਾਂਦਾ ਹੈ ਤਾਂ ਇਕ ਪਾਸੇ ਉਸ-ਤਾਦ ਦੀ ਬੱਚਿਆਂ ਵਲ ਹਮਦਰਦੀ ਹੋ ਜਾਂਦੀ ਹੈ ਤੇ ਦੂਜੇ ਪਾਸੇ ਬੱਚੇ ਉਸਤਾਦ ਦਾ ਆਦਰ ਕਰਨ ਲਗ ਜਾਂਦੇ ਹਨ। ਉਸਤਾਦਾਂ ਦਾ ਆਪਸ ਵਿਚ ਦਾ ਵਰਤਾਉ ਅਤੇ ਇਕ ਦੂਜੇ ਲਈ ਭਾਵਨਾ ਹੀ ਸਕੂਲ ਦੇ ਅਖਲਾਕੀ ਵਾਤਾਵਰਨ ਨੂੰ ਪਰਭਾਵਤ ਕਰਦੇ ਹਨ। ਜਿਨ੍ਹਾਂ ਸਕੂਲਾਂ ਵਿਚ ਉਸਤਾਦ ਆਪਸ ਵਿਚ ਲੜਦੇ ਰਹਿੰਦੇ ਹਨ ਅਤੇ ਇਕ ਦੂਜੇ ਦੀ ਨਿੰਦਾ ਕਰਦੇ ਰਹਿੰਦੇ ਹਨ, ਉਥੋਂ ਦੇ ਬੱਚਿਆਂ ਵਿਚ ਨਾ ਤੇ ਉਸਤਾਦਾਂ ਲਈ ਸਚਮੁਚ ਦਾ ਆਦਰ ਰਹਿੰਦਾ ਹੈ ਅਤੇ ਨਾ ਉਨ੍ਹਾਂ ਵਿਚ ਆਪਸ ਵਿਚ ਹਮਦਰਦੀ ਰਹਿੰਦੀ ਹੈ। ਅਜਿਹੇ ਸਕੂਲਾਂ ਵਿਚ ਬੱਚਿਆਂ ਦੇ ਜ਼ਬਤ ਤੋੜਨ ਦੀਆ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਜਿਸ ਤਰ੍ਹਾਂ ਦਾ ਵਰਤਾਉ ਸਾਊ

ਕਹੇ ਜਾਣ ਵਾਲੇ ਵਿਅਕਤੀਆਂ ਦਾ ਹੁੰਦਾ ਹੈ ਉਸੇ ਤਰ੍ਹਾਂ ਦਾ ਵਰਤਾਰਾ ਹੇਠਲੀਆਂ ਜਾਤਾਂ ਦਾ ਜਾਂਦਾ ਹੈ। ਕਿਸੇ ਵੀ ਉਸਤਾਦ ਦੀ ਗੰਵਾਰ ਆਦਤ ਰੀਸ ਕਰਕੇ ਛੂਤ ਦੀ ਬੀਮਾਰੀ ਵਾਂਗ ਬਚਿਆਂ ਦੇ ਵਿਹਾਰ ਵਿਚ ਤੇਜ਼ੀ ਨਾਲ ਫੈਲ ਜਾਂਦੀ ਹੈ। ਬੁਰਿਆਈ ਦਾ ਜਿੰਨਾ ਛੇਤੀ ਪਰਚਾਰ ਹੁੰਦਾ ਹੈ ਉੱਨਾ ਛੇਤੀ ਚੰਗਿਆਈ ਦਾ ਪਰਚਾਰ ਨਹੀਂ ਹੁੰਦਾ। ਭਲੀਆਂ ਆਦਤਾਂ ਪਾਉਣਾ ਪਹਾੜ ਦੀ ਚੜ੍ਹਾਈ ਵਾਂਗਾਂ ਹੈ ਅਤੇ ਬੁਰੀਆਂ ਆਦਤਾਂ ਦਾ ਉਤਰਾਈ ਵਾਂਗ। ਇਸ ਲਈ ਬਚਿਆਂ ਵਿਚ ਸਦਾਚਾਰ ਦੀ ਯੋਗਤਾ ਲਿਆਉਣ ਲਈ ਕਾਫੀ ਮਿਹਨਤ ਅਤੇ ਸਾਵਧਾਨੀ ਦੀ ਲੋੜ ਹੈ।

**ਉਸਾਰੂ ਕੰਮ:**—ਬਚਿਆਂ ਵਿਚ ਜ਼ਬਤ ਲਿਆਉਣ ਦਾ ਤੀਜਾ ਉਪਾ ਉਨ੍ਹਾਂ ਨੂੰ ਸਦਾ ਉਸਾਰੂ ਕੰਮਾਂ ਵਿਚ ਲਾਈ ਰਖਣਾ ਹੈ। ਬੱਚੇ ਸੁਭਾਵ ਕਰਕੇ ਰੁਝੇ ਰਹਿਣਾ ਪਸਿੰਦ ਕਰਦੇ ਹਨ। ਜੇ ਉਹ ਕੋਈ ਚੰਗਾ ਕੰਮ ਨਹੀਂ ਕਰਦੇ ਤਾਂ ਉਹ ਕੋਈ ਬੁਰਾ ਕੰਮ ਜ਼ਰੂਰੀ ਕਰਨਗੇ। ਜਦੋਂ ਤਕ ਬੱਚੇ ਕਿਸੇ ਉਸਾਰੂ ਕੰਮ ਵਿਚ ਲੱਗੇ ਰਹਿੰਦੇ ਹਨ, ਪਰਸੰਨ ਰਹਿੰਦੇ ਹਨ ਅਤੇ ਉਨ੍ਹਾਂ ਦੀਆਂ ਆਦਤਾਂ ਚੰਗੀਆਂ ਰਹਿੰਦੀਆਂ ਹਨ। ਉਸਾਰੂ ਕੰਮ ਦਾ ਮਾਨਸਿਕ ਪਰਸੰਨਤਾ ਨਾਲ ਅਤੇ ਮਾਨਸਿਕ ਪਰਸੰਨਤਾ ਦਾ ਭਲਿਆਈ ਨਾਲ ਬੜਾ ਡੂੰਘਾ ਸਬੰਧ ਹੈ। ਜਦੋਂ ਬੱਚੇ ਸੁਸਤ ਅਤੇ ਨਿੱਕਮੇ ਰਹਿੰਦੇ ਹਨ ਤਾਂ ਉਨ੍ਹਾਂ ਦਾ ਅੰਦਰਲਾ ਮਨ ਦੁਖੀ ਰਹਿੰਦਾ ਹੈ। ਅਜਿਹੀ ਹਾਲਤ ਵਿਚ ਉਨ੍ਹਾਂ ਦੀ ਮਾਨਸਿਕ ਸ਼ਕਤੀ ਕਿਸੇ ਸ਼ਰਾਰਤ ਦੇ ਰੂਪ ਵਿਚ ਫੁਟ ਨਿਕਲਦੀ ਹੈ। ਬਚਿਆਂ ਦਾ ਮਨ ਨਿਰਾ ਸਕੂਲ ਦੇ ਕੰਮ ਸਮੇਂ ਹੀ ਨਹੀਂ ਲਾਈ ਰਖਣਾ ਚਾਹੀਦਾ ਸਗੋਂ ਅਰਾਮ ਸਮੇਂ ਵੀ ਕਿਸੇ ਯੋਗ ਰੁਝੇਵੇਂ ਵਿਚ ਲਾਈ ਰਖਣਾ ਜ਼ਰੂਰੀ ਹੈ। ਜਦ ਬੱਚੇ ਜਮਾਤ ਵਿਚ ਪੜ੍ਹਦੇ ਹਨ ਤਾਂ ਉਨ੍ਹਾਂ ਦਾ ਮਨ ਪੜ੍ਹਨ ਲਿਖਣ, ਸਵਾਲ ਕਢਣ ਆਦਿ ਕੰਮਾਂ ਵਿਚ ਲਗਾ ਰਹਿੰਦਾ ਹੈ ਪਰ ਜਦ ਉਹ ਜਮਾਤ ਤੋਂ ਬਾਹਰ ਆਉਂਦੇ ਹਨ ਤਾਂ ਬਹੁਤੇ ਬੱਚਿਆਂ ਅੱਗੇ ਕੋਈ ਯੋਗ ਰੁਝੇਵਾਂ ਨਹੀਂ ਹੁੰਦਾ। ਅਜਿਹੀ ਹਾਲਤ ਵਿਚ ਉਹ ਕਈ ਤਰ੍ਹਾਂ ਦੀਆਂ ਸ਼ਰਾਰਤਾਂ ਸੋਚਦੇ ਹਨ ਅਤੇ ਕਰਦੇ ਹਨ। ਇਸ ਲਈ ਬਚਿਆਂ ਨੂੰ ਵਿਹਲ ਵੇਲੇ ਕਿਸੇ ਸੁਆਦੀ ਕੰਮ ਵਿਚ ਰੁਝਾਈ ਰਖਣਾ ਬੜਾ ਲੋੜੀਦਾ ਹੈ। ਅਜਿਹੇ ਸੁਆਦੀ ਕੰਮਾਂ ਦੀ ਖੋਜ ਬਚਿਆਂ ਦੇ ਉਸਤਾਦਾਂ ਅਤੇ ਮਾਤਾ ਪਿਤਾ ਨੂੰ ਕਰਨੀ ਪੈਂਦੀ ਹੈ। ਉਸਤਾਦਾਂ ਦਾ ਕਰਤੱਵ ਹੈ ਕਿ ਉਹ ਬੱਚਿਆਂ ਦੀ ਰੁਚੀਆਂ ਦਾ ਅਧਿਅਨ ਕਰਕੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ 'ਸੁਆਦੀ ਰੁਝੇਵੇਂ' ਵਿਚ ਲੱਗੇ ਰਹਿਣ ਦੀ ਆਗਿਆ ਕਰਨ ਅਤੇ ਸਮੇਂ ਸਮੇਂ ਉਨ੍ਹਾਂ ਨੂੰ ਉਤਸ਼ਾਹ ਦਿੰਦੇ ਰਹਿਣ।

ਸ਼ਹਿਰੀ ਬੱਚਿਆਂ ਨੂੰ ਜਿੰਨਾ ਵਿਹਲੇ ਰਹਿਣ ਦਾ ਸਮਾਂ ਮਿਲਦਾ ਹੈ ਉੱਨਾ ਪੇਂਡੂ ਬੱਚਿਆਂ ਨੂੰ ਨਹੀਂ। ਜਦ ਪੇਂਡੂ ਬੱਚੇ ਸਕੂਲ ਤੋਂ ਵਿਹਲੇ ਹੋ ਆਉਂਦੇ ਹਨ ਤਾਂ ਉਨ੍ਹਾਂ ਨੂੰ ਘਰ ਬਥੇਰੇ ਕੰਮ ਕਰਨ ਲਈ ਹੁੰਦੇ ਹਨ। ਕਿਸਾਨਾਂ ਦੇ ਬੱਚੇ ਆਪਣੇ ਮਾਪਿਆਂ ਨਾਲ ਖੇਤੀ ਬਾੜੀ ਦੇ ਕੰਮ ਵਿਚ ਬੜੀ ਸਹਾਇਤਾ ਦਿੰਦੇ ਹਨ। ਇਸ ਲਈ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀਆਂ ਸ਼ਰਾਰਤਾਂ ਜਾਂ ਗੰਦੀਆਂ ਆਦਤਾਂ ਸਿਖਣ ਦੀ ਵਿਹਲ ਘਟ ਹੀ ਮਿਲਦੀ ਹੈ। ਉਹ ਸਾਫ ਸੁਥਰੇ ਵਾਤਾਵਰਨ ਵਿਚ ਕੰਮ ਕਰਦੇ ਹਨ, ਇਸ ਲਈ ਉਨ੍ਹਾਂ ਦੇ ਵਿਚਾਰ ਸੁਭਾਵਕ ਹੀ ਨਿਰਮਲ ਹੁੰਦੇ ਹਨ। ਸ਼ਹਿਰ ਵਿਚ ਬਚਿਆਂ ਨੂੰ ਨਾ ਸਾਫ ਸੁਥਰਾ ਜਲਵਾਯੂ ਮਿਲਦਾ ਹੈ ਅਤੇ ਨਾ ਉਨ੍ਹਾਂ ਦਾ ਮਾਨਸਿਕ ਵਾਤਾਵਰਨ ਨਿਰਮਲ ਰਹਿੰਦਾ ਹੈ। ਉਹ ਨਿੱਤ ਦਿਨ ਜੋ ਕੁਝ ਸੁਣਦੇ ਜਾਂ ਦੇਖਦੇ ਹਨ, ਉਸ ਨਾਲ ਉਨ੍ਹਾਂ ਦੇ ਮਨ ਵਿਚ ਬੁਰਾ ਕਰਨ ਦੀਆਂ ਰੁਚੀਆਂ ਵਧਦੀਆਂ ਹਨ। ਬਚਿਆਂ ਨੂੰ ਇਨ੍ਹਾਂ ਬੇਲੋੜੀਆਂ ਭੜਕਾਹਟਾਂ ਤੋਂ ਬਚਾਉਣ ਲਈ ਕਿਸੇ ਨਾ ਕਿਸੇ ਸੁਆਦੀ ਕੰਮ

ਵਿਚ ਲਾਈ ਰਖਣਾ ਬੜਾ ਜ਼ਰੂਰੀ ਹੈ।

**ਕੰਮ ਦੀ ਬਹੁਲਤਾ :**—ਬਚਿਆਂ ਵਿਚ ਜ਼ਬਤ ਦਾ ਵਾਧਾ ਕਰਨ ਦਾ ਚੋਥਾ ਉਪਾ ਪਾਠ-ਵਿਸ਼ੇ ਵਿਚ ਕੰਮ ਦੀ ਬਹੁਲਤਾ ਪੈਦਾ ਕਰਨਾ ਹੈ। ਜਿਨ੍ਹਾਂ ਸਕੂਲਾਂ ਵਿਚ ਖੇਡਾਂ, ਵਰਜ਼ਸ਼, ਸਕਾਊਟਿੰਗ, ਡਰਾਮੇ ਆਦਿ ਕੰਮਾਂ ਉਤੇ ਵਿਸ਼ੇਸ਼ ਧਿਆਨ ਦਿਤਾ ਜਾਂਦਾ ਹੈ ਉਨ੍ਹਾਂ ਵਿਚ ਜ਼ਬਤ ਦੀਆਂ ਸਮੱਸਿਆਵਾਂ ਘਟ ਖੜੀਆਂ ਹੁੰਦੀਆਂ ਹਨ। ਸਕੂਲ ਵਿਚ ਜ਼ਬਤ ਰਖਣ ਲਈ ਡਰਿਲ ਅਤੇ ਜਮਾਤਾਂ ਨੂੰ ਇਧਰ ਉਧਰ ਨਿਯਮਾਂ ਵਿਚ ਜਾਣ ਦਾ ਕੰਮ ਬੜੀ ਸਹਾਇਤਾ ਕਰਦਾ ਹੈ । ਜਦ ਕਿਸੇ ਜਮਾਤ ਦੇ ਬਾਲਕ ਨਿਯਮ ਨਾਲ ਇਕੋ ਜਿਹਾ ਵਰਤਾਰਾ ਕਰਦੇ ਹਨ ਤਾਂ ਉਨ੍ਹਾਂ ਵਿਚ ਜ਼ਬਤ ਦੀ ਆਦਤ ਸੌਖੇ ਪੈ ਜਾਂਦੀ ਹੈ। ਇਸ ਤਰ੍ਹਾਂ ਬਚਿਆਂ ਵਿਚ ਗੱਲਾਂ ਕਰਨ ਦੀ, ਇਕ ਦੂਜੇ ਦੇ ਗਲ ਪੈਣ ਦੀ, ਅਤੇ ਵਿਹਲਿਆਂ ਇਧਰ ਉਧਰ ਘੁਮਣ ਦੀ ਆਦਤ ਸੌਖਿਆਂ ਖਤਮ ਹੋ ਜਾਂਦੀ ਹੈ। ਸਵੇਰੇ ਸਵੇਰੇ ਸਕੂਲ ਲਗਣ ਤੋਂ ਪਹਿਲਾਂ ਸਾਰੇ ਵਿਦਿਆਰਥੀਆਂ ਦੀ ਸਾਂਝੀ ਡਰਿਲ ਹੋਣੀ ਚਾਹੀਦੀ ਹੈ। ਡਰਿਲ ਪਿਛੋਂ ਸਾਂਝੀ ਪਰਾਰਥਨਾ, ਜਿਸ ਵਿੱਚ ਸਾਰੇ ਬੱਚੇ ਮਰਜ਼ੀ ਨਾਲ ਹਿੱਸਾ ਲੈਣ, ਹੋਣੀ ਚਾਹੀਦੀ ਹੈ। ਬੱਚਿਆਂ ਨੂੰ ਸਕੂਲ ਦੇ ਵਿਹੜੇ ਵਿਚ ਸਦਣ ਲਈ ਘੰਟੇ ਦਾ ਪਰਬੰਧ ਜ਼ਰੂਰੀ ਹੈ। ਲੜਕਿਆਂ ਦੇ ਇਕੱਠੇ ਹੋਣ ਉੱਤੇ ਉਨ੍ਹਾਂ ਨੂੰ ਕਤਾਰਾਂ ਵਿਚ ਖੜਾ ਕਰ ਕੇ ਇਕ ਅਧਾ ਵਰਜ਼ਸ਼ ਦਾ ਅਭਿਆਸ ਹੋਣਾ ਚਾਹੀਦਾ ਹੈ।

ਹੈਡਮਾਸਟਰ ਦਾ ਫਰਜ਼ ਹੈ ਕਿ ਉਹ ਵੇਖੇ ਕਿ ਵਰਜ਼ਸ਼ ਕਰਾਉਣ ਵਾਲਾ ਉਸਤਾਦ ਆਪਣਾ ਕੰਮ ਠੀਕ ਤਰ੍ਹਾਂ ਕਰਵਾ ਰਿਹਾ ਹੈ ਕਿ ਨਹੀਂ ਅਤੇ ਉਸ ਰਾਹੀਂ ਦਿੱਤੇ ਅਭਿਆਸ ਦੀ ਸਚ ਮੁਚ ਬਾਲਕਾਂ ਨੂੰ ਕੋਈ ਸਿਖਿਆ ਮਿਲਦੀ ਹੈ ਕਿ ਨਹੀਂ। ਡਰਿਲ ਬਚਿਆਂ ਵਿਚ ਮਿਲਵਰਤਨ ਦੀ ਭਾਵਨਾ ਪੈਦਾ ਕਰਨ ਵਿਚ ਬੜੀ ਅੱਛੀ ਤਰ੍ਹਾਂ ਸਹਾਈ ਹੁੰਦੀ ਹੈ। ਸਕੂਲ ਲੱਗਣ ਤੋਂ ਪਹਿਲਾਂ ਬੱਚਿਆਂ ਨੂੰ ਡਰਿਲ ਕਰਾਉਣ ਨਾਲ ਬਚਿਆਂ ਵਿਚ ਦੇਰ ਨਾਲ ਆਉਣ ਦੀ ਆਦਤ ਸੌਖਿਆਂ ਸੀ ਦੂਰ ਹੋ ਸਕਦੀ ਹੈ। ਦੇਰ ਨਾਲ ਆਉਣ ਵਾਲੇ ਬਚਿਆਂ ਨੂੰ ਸਕੂਲ ਦੇ ਸਾਰੇ ਬਚਿਆਂ ਸਾਹਮਣੇ ਡਰਿਲ ਵਿਚ ਸ਼ਾਮਲ ਹੁੰਦਿਆਂ ਸ਼ਰਮ ਆਉਂਦੀ ਹੈ। ਇਸ ਲਈ ਉਹ ਸੁਭਾਵਕ ਦੇਰ ਨਾਲ ਆਉਣਾ ਬੰਦ ਕਰ ਦਿੰਦੇ ਹਨ। ਬਾਲਕ ਜਾਂ ਕੋਈ ਵੀ ਵਿਅਕਤੀ ਇਹ ਨਹੀਂ ਚਾਹੁੰਦਾ ਕਿ ਸਭ ਲੋਕ ਉਸ ਦੇ ਔਗੁਣ ਤੋਂ ਵਾਕਫ ਹੋਣ, ਇਸ ਲਈ ਜਦ ਉਹ ਸਾਰੇ ਬਾਲਕਾਂ ਅਤੇ ਅਧਿਆਪਕਾਂ ਸਾਹਮਣੇ ਦੇਰ ਨਾਲ ਡਰਿਲ ਵਿਚ ਸ਼ਾਮਲ ਹੁੰਦਾ ਹੈ ਤਾਂ ਉਸ ਦਾ ਸ਼ਰਮਿੰਦਿਆਂ ਹੋਣਾ ਕੁਦਰਤੀ ਹੈ। ਬਹੁਤ ਸਾਰੇ ਲੋਕ ਇਹ ਦਲੀਲ ਦੇ ਸਕਦੇ ਹਨ ਕਿ ਡਰਿਲ ਵਿਅਕਤੀਗਤ ਭਾਵਾਂ ਦੇ ਵਿਚ ਵਿਅਕਤੀਗਤ ਸੁਤੰਤਰਤਾਂ ਅਤੇ ਸ੍ਵੈ-ਵਿਸ਼ਵਾਸ਼ ਨਾਲ ਜੀਵਨ ਬਤੀਤ ਕਰਨ ਵਿਚ ਰੋਕ ਬਣਦੀ ਹੈ। ਪਰ ਇਹ ਵਿਚਾਰ ਨਿਰਮੂਲ ਹੈ। ਉਪਰਲੇ ਸਭ ਕੰਮਾਂ ਲਈ ਦਿਨ ਦਾ ਬਾਕੀ ਸਮਾਂ ਬਥੇਰਾ ਹੈ। ਬਹੁਤੀ ਵਿਅਕਤੀਗਤ ਸੁਤੰਤਰਤਾ ਦਾ ਅਰਥ ਮਿਲਵਰਤਨ ਦੇ ਭਾਵ ਦੀ ਘਾਟ ਹੈ, ਇਸ ਲਈ ਉਹ ਬੱਚੇ ਦੇ ਚਲਣ ਦੀ ਉਸਾਰੀ ਵਿਚ ਰੋਕ ਪਾਉਂਦੀ ਹੈ। ਇਸ ਲਈ ਬੱਚੇ ਨੂੰ ਸਕੂਲ ਵਿਚ ਡਰਿਲ ਦੀ ਸਿਖਿਆ ਲੈਣ ਦੇਣੀ ਚਾਹੀਦੀ ਹੈ। ਇਸ ਨਾਲ ਉਸ ਵਿਚ ਸ੍ਵੈ-ਕਾਬੂ, ਸ੍ਵੈ-ਪਰਗਟਾਵਾ ਜ਼ਬਤ ਵਿਚ ਰਹਿ ਕੇ ਨਿਯਮ ਪੂਰਬਕ ਕੰਮ ਕਰਨ ਦੀ ਸਮਰੱਥਾ ਪੈਦਾ ਹੋ ਜਾਂਦੀ ਹੈ। ਡਰਿਲ ਅਤੇ ਇਸੇ ਤਰ੍ਹਾਂ ਦੇ ਹੋਰ ਕੰਮਾਂ ਨਾਲ ਬੱਚਿਆਂ ਨੂੰ ਤਿਆਰ ਰਹਿਣ ਦੀ ਸਿਖਿਆ ਮਿਲਦੀ ਹੈ ਅਤੇ ਉਨ੍ਹਾਂ ਵਿਚ ਚੰਗੀਆਂ ਆਦਤਾਂ ਦਾ ਪਰਗਟਾ ਹੁੰਦਾ ਹੈ। ਡਰਿਲ ਦੇ ਸਮੇਂ ਅਧਿਆਪਕਾਂ ਦਾ ਕਰਤੱਵ ਹੈ ਕਿ ਉਹ ਸਦਾ ਬੱਚੇ ਦੇ ਉਠਣ ਬੈਠਣ ਆਦਿ ਵਰਤਾਰੇ ਵਲ ਧਿਆਨ ਦੇਣ ਅਤੇ ਲੋੜ ਅਨੁਸਾਰ ਉਸ ਨੂੰ ਹੁਕਮ ਦੇਣ। ਇਨ੍ਹਾਂ ਸਾਰੇ ਗੁਣਾਂ

ਨੂੰ ਡਰਿਲ ਦੀ ਸਹਾਇਤਾ ਨਾਲ ਛੇਤੀ ਹੀ ਸਿਖਾਇਆ ਜਾ ਸਕਦਾ ਹੈ । ਕੰਮ ਕਰਨ ਲਈ ਤਿਆਰ ਰਹਿਣ ਤੋਂ ਬਿਨਾਂ, ਉਨ੍ਹਾਂ ਵਿਚ ਉਸਤਾਦ ਦੇ ਆਉਣ ਸਮੇਂ ਤਿਆਰ ਹੋ ਕੇ ਸ਼ਾਨਤੀ ਨਾਲ ਖੜੇ ਹੋਣ ਦੀ ਆਦਤ, ਜਿਹੜਾ ਸਕੂਲੀ ਜ਼ਬਤ ਦਾ ਇਕ ਵੱਡਾ ਅੰਗ ਹੈ, ਸਹਿਜੇ ਹੀ ਪੈ ਜਾਵੇਗੀ। ਡਰਿਲ ਨਾਲ ਹੀ ਉਨ੍ਹਾਂ ਵਿਚ ਇਕ ਜਮਾਤ ਤੋਂ ਦੂਜੀ ਜਮਾਤ ਵਿਚ ਇਕ ਲਾਈਨ ਵਿਚ ਜਾਣ ਦੀ ਆਦਤ ਪਾਈ ਜਾ ਸਕਦੀ ਹੈ । ਜੇ ਡਰਿਲ ਰਾਹੀਂ ਉਨ੍ਹਾਂ ਨੂੰ ਇਕੱਠਿਆਂ ਇਕ ਲਾਈਨ ਵਿਚ ਚਲਣ ਦੀ ਪਹਿਲਾਂ ਤੋਂ ਹੀ ਆਦਤ ਨਾ ਪਈ ਹੋਵੇਗੀ ਤਾਂ ਕੁਦਰਤੀ ਹੈ ਉਹ ਖਿੰਡੇ ਪੁੰਡੇ ਨਦੀ ਦੇ ਹੜ੍ਹ ਵਾਂਗ ਸਕੂਲ ਦੇ ਜ਼ਬਤ ਨੂੰ ਤੋੜਦੇ ਚਲਣਗੇ। ਡਰਿਲ ਵਾਂਗ ਖੇਡਾਂ ਦਾ ਵੀ ਜ਼ਬਤ ਉਤੇ ਡੂੰਘਾ ਪਰਭਾਵ ਪੈਂਦਾ ਹੈ। ਖੇਡਾਂ ਨਾਲ ਵੀ ਬਚਿਆਂ ਨੂੰ ਮਿਲਵਰਤਨ, ਸਰਲਤਾ, ਵਿਹਾਰ ਵਿਚ ਸੁੱਚਾਪਣ, ਸਹਿਜੇ ਹੀ ਦਿੱਤੀ ਜਾ ਸਕਦੀ ਹੈ ।

ਨਿਯਮ ਅਤੇ ਦੰਡ :— ਅਪਰਤੱਖ ਵਿਧੀ ਵਾਂਗ ਪਰਤੱਖ ਵਿਧੀ ਨਾਲ ਵੀ ਬਚਿਆਂ ਨੂੰ ਜ਼ਬਤ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ। ਪਰਤੱਖ ਵਿਧੀ ਵਿਚ ਸਕੂਲ ਦੇ ਜ਼ਬਤ ਸਬੰਧੀ ਨਿਯਮਾਂ ਦਾ ਮਹੱਤਾ ਵਾਲਾ ਥਾਂ ਹੈ। ਜਿਥੋਂ ਤਕ ਹੋ ਸਕੇ ਸਕੂਲ ਵਿਚ ਘਟ ਨਿਯਮ ਵਰਤੇ ਜਾਣ, ਕਿਉਂਜੁ ਵਧੇਰੇ ਨਿਯਮ ਨਾ ਤੇ ਬਚਿਆਂ ਨੂੰ ਯਾਦ ਰਹਿ ਸਕਦੇ ਹਨ ਅਤੇ ਨਾ ਉਨ੍ਹਾਂ ਦੀ ਵਰਤੋਂ ਕਰਨਾ ਸੰਭਵ ਹੈ। ਜਿਸ ਸਕੂਲ ਵਿਚ ਜਿੱਨੇ ਵੀ ਘਟ ਜ਼ਬਤ ਸਬੰਧੀ ਨਿਯਮ ਹੋਣਗੇ ਉਸ ਵਿਚ ਜ਼ਬਤ ਦੀ ਸਿਖਿਆ ਉੱਨੀ ਹੀ ਸਰਲਤਾ ਨਾਲ ਹੋਵੇਗੀ। ਜੇ ਨਿਯਮ ਘਟ ਹੋਣਗੇ ਤਾਂ ਉਨ੍ਹਾਂ ਦੀ ਉਲੰਘਣਾ ਵੀ ਕੁਦਰਤੀ ਹੈ, ਘਟ ਹੋਵੇਗੀ। ਇਸ ਲਈ ਦੰਡ ਦੇ ਮੌਕੇ ਘਟ ਆਉਣਗੇ ਅਤੇ ਬੱਚੇ ਦੀ ਨਿਜੀਗਤ ਸੁਤੰਤਰਤਾ ਨੂੰ ਵੀ ਧੱਕਾ ਨਹੀਂ ਲੱਗੇਗਾ। ਨਿਯਮਾਂ ਨੂੰ, ਘਟ ਹੋਣ ਤੋਂ ਬਿਨਾਂ, ਸਰਲ ਅਤੇ ਜੁਗਤੀ ਵਾਲੇ ਹੋਣਾ ਚਾਹੀਦਾ ਹੈ ਜਿਸ ਤੋਂ ਬਚਿਆਂ ਨੂੰ ਉਨ੍ਹਾਂ ਦੀ ਜੁਗਤੀ ਅਤੇ ਲਾਭ ਦਾ ਗਿਆਨ ਹੋ ਜਾਵੇ। ਨਿਯਮ ਅਜਿਹੇ ਹੋਣ ਜਿਹੜੇ ਆਮ ਲੋਕਾਂ ਲਈ ਵੀ ਠੀਕ ਹੋਣ ਅਤੇ ਭਵਿਖ ਵਿਚ ਵੀ ਬਚਿਆਂ ਦੇ ਮਾਨ, ਹਿਤ, ਅਤੇ ਮਹੱਤਾ ਦੇ ਸਾਧਨ ਹੋ ਸਕਣ। ਨਿਯਮਾਂ ਦੀ ਮਹੱਤਾ ਉਨ੍ਹਾਂ ਦੇ ਮਨ ਉਤੇ ਕਾਬੂ ਪਾਉਣ ਦੀ ਸ਼ਕਤੀ ਵਿਚ ਹੈ । ਇਸ ਸ਼ਕਤੀ ਸਦਕਾ ਹੀ ਮਨੁਖ ਆਪਣੀ ਬਿਰਤੀਆਂ ਉਤੇ ਕਾਬੂ ਪਾਉਣ ਵਿਚ ਸਫਲ ਹੋ ਜਾਂਦਾ ਹੈ । ਵਿਅਕਤੀ ਨੂੰ ਦੰਡ ਅਤੇ ਇਨਾਮ ਰਾਹੀਂ ਹੀ ਨਿਯਮ ਅਨੁਸਾਰ ਕੰਮ ਕਰਨ ਦੀ ਸਿਖਿਆ ਦਿਤੀ ਜਾ ਸਕਦੀ ਹੈ। ਨਿਯਮ ਅਜਿਹੇ ਹੋਣ ਜਿਹੜੇ ਆਦਤਾਂ ਵਿਚ ਸੌਖੇ ਢਾਲੇ ਜਾ ਸਕਣ ਨਹੀਂ ਤਾਂ ਦੰਡ ਦੀ ਲੋੜ ਵੀ ਜ਼ਰੂਰ ਹੈ। ਸਕੂਲ ਵਿਚ ਹੈਡਮਾਸਟਰ ਦਾ ਕਰਤੱਵ ਹੈ ਕਿ ਉਹ ਧਿਆਨ ਰੱਖੇ ਕਿ ਨਿਯਮ ਦਾ ਉਲੰਘਣ ਬਿਨਾਂ ਦੰਡ ਦੇ ਨਾ ਹੋਵੇ। ਦੰਡ ਦੀ ਘਾਟ ਕਰਕੇ ਬਚਿਆਂ ਦੇ ਮਨ ਵਿਚ ਨਿਯਮਾਂ ਦੀ ਉਲੰਘਣਾ ਕਰਨ ਦੀ ਰੁਚੀ ਪੈਦਾ ਹੋ ਜਾਂਦੀ ਹੈ । ਬਚਿਆਂ ਦੇ ਅਤੇ ਉਸਤਾਦਾਂ ਦੇ ਪਿਆਰ ਭਰੇ ਸਬੰਧ ਦੀ ਦ੍ਰਿਸ਼ਟੀ ਤੋਂ ਦੰਡ ਦਾ ਫਲ ਜ਼ਰੂਰ ਠੀਕ ਨਹੀਂ ਹੁੰਦਾ। ਦੰਡ ਸਿਖਿਆ ਦਾ ਜ਼ਰੂਰੀ ਅੰਗ ਹੈ, ਪਰ ਉਹ ਰੁਹਬ ਜਾਂ ਤਾਕਤ ਦਾ ਵਿਖਾਲਾ ਹੀ ਨਹੀਂ ਬਣਾ ਲੈਣਾ ਚਾਹੀਦਾ। ਘੜੀ ਮੁੜੀ ਦੰਡ ਦੇਣ ਦਾ ਸਿੱਟਾ ਵੀ ਚੰਗਾ ਨਹੀਂ ਹੁੰਦਾ। ਇਸ ਤਰ੍ਹਾਂ ਕਰਨ ਨਾਲ ਰੁਹਬ ਦੀ ਵੀ ਹਾਨੀ ਹੁੰਦੀ ਹੈ।

## ਦੰਡ ਦੀ ਵਿਆਖਿਆ

**ਦੰਡ ਦਾ ਨਿਸ਼ਾਨਾ :—** ਦੰਡ ਦੇਣ ਦੇ ਤਿੰਨ ਨਿਸ਼ਾਨੇ ਹਨ । ਪਹਿਲਾ ਨਿਸ਼ਾਨਾ ਚੰਗੇ ਜਾਂ ਬੁਰੇ ਅਨੁਸਾਰ ਬੱਚੇ ਨੂੰ ਇਨਾਮ ਜਾਂ ਦੰਡ ਦੇਕੇ ਬੱਚੇ ਨੂੰ ਭਲੇ ਜਾਂ ਬੁਰੇ

ਕੰਮਾਂ ਤੋਂ ਜਾਣੂ ਕਰਾਉਣਾ। ਦੂਜਾ ਨਿਸ਼ਾਨਾ ਹੈ ਰੋਕ, ਅਥਵਾ ਬਚਿਆਂ ਨੂੰ ਫਿਰ ਬੁਰਾ ਕੰ ਕਰਨ ਤੋਂ ਰੋਕਣਾ ਅਤੇ ਦੂਸਰੇ ਬਚਿਆਂ ਨੂੰ ਚਿਤਾਵਨੀ ਦੇਣਾ। ਦੰਡ ਦਾ ਤੀਜਾ ਨਿਸ਼ਾ ਹੈ ਸੁਧਾਰ। ਜੇ ਬੱਚਾ ਸਿੱਧੀ ਤਰ੍ਹਾਂ ਨਹੀਂ ਮੰਨਦਾ ਤਾਂ ਦੰਡ ਰਾਹੀਂ ਡਰ ਦਾ ਵਿਖਾ ਕਰਕੇ, ਉਸ ਦਾ ਸੁਧਾਰ ਕੀਤਾ ਜਾਵੇ। ਪਹਿਲੇ ਨਿਸ਼ਾਨੇ ਅਨੁਸਾਰ ਦੰਡ ਰਾਹੀਂ ਬੱਚੇ ਆਪਣੀ ਬੁਰਿਆਈ ਬਾਰੇ ਸੋਚਣ ਲਈ ਰੋਕ ਪਾਈ ਜਾਂਦੀ ਹੈ। ਦੰਡ ਰਾਹੀਂ ਬੱਚੇ ਜ਼ਬਰਦਸਤੀ ਨਿਯਮ-ਵਿਰੁਧ ਆਦਤ ਦੇ ਬੁਰੇ ਸਿੱਟੇ ਤੋਂ ਜਾਣੂ ਕਰਾਇਆ ਜਾਂਦਾ ਹੈ, ਤ ਜੁ ਉਹ ਫਿਰ ਉਹ ਕੰਮ ਨਾ ਕਰੇ। ਬੱਚੇ ਨੂੰ ਪਤਾ ਲੱਗ ਜਾਂਦਾ ਹੈ ਕਿ ਕਹੇ ਅਨੁਸਾਰ ਅ ਨਿਯਮ ਅਨੁਸਾਰ ਵਰਤਾਰਾ ਕਰਨਾ ਹੀ ਵਧੀਆ ਹੈ। ਇਸ ਤਰ੍ਹਾਂ ਉਹ ਸਹਿਜ ਸੁਭਾ ਠੀ ਰਾਹ ਤੇ ਆ ਜਾਂਦਾ ਹੈ। ਮਨੁਖ ਸਮਾਜੀ ਜੀਵ ਹੈ। ਜਦ ਕਿਸੇ ਵਿਸ਼ੇਸ਼ ਕੰਮ ਲਈ ਕਿ ਵਿਸ਼ੇਸ਼ ਵਿਅਕਤੀ ਨੂੰ ਦੰਡ ਦਿਤਾ ਜਾਂਦਾ ਹੈ ਤਾਂ ਉਸ ਨਾਲ ਸਮਾਜ ਦੇ ਦੂਜੇ ਲੋਕਾਂ ਨੂੰ ਵ ਸਿਖਿਆ ਮਿਲਦੀ ਹੈ ਕਿ ਜੇ ਉਹ ਵੀ ਅਜਿਹਾ ਕੰਮ ਕਰਨਗੇ ਤਾਂ ਉਨ੍ਹਾਂ ਨੂੰ ਵੀ ਅਜਿਹਾ ਫਲ ਭੋਗਣਾ ਪਵੇਗਾ। ਰਾਜ-ਦੰਡ ਦਾ ਮੁਖ ਉਦੇਸ਼ ਅਪਰਾਧੀ ਨੂੰ ਚੰਗੇ ਜਾਂ ਬੁਰੇ ਕੰਮਾਂ ਦੇ ਸਿਟਿਆ ਦਾ ਫਰਕ ਸਮਝਾਉਣ ਜਾਂ ਅਪਰਾਧੀ ਨੂੰ ਸੁਧਾਰਨ ਦੀ ਥਾਂ ਹੋਰ ਲੋਕਾਂ ਨੂੰ ਸਿਖਿਆ ਦੇਣਾ ਹ ਹੁੰਦਾ ਹੈ। ਬਾਕੀ ਉਦੇਸ਼ ਦੋਹਾਂ ਤਰ੍ਹਾਂ ਦੇ ਦੰਡਾਂ ਵਿਚ, ਅਪਰਤੱਖ ਰੂਪ ਵਿਚ ਸਮਾਏ ਹੋ ਹੁੰਦੇ ਹਨ ਜਾਂ ਸਧਾਰਨ ਉਦੇਸ਼ ਸਮਝੇ ਜਾਂਦੇ ਹਨ।

**ਦੰਡ ਦੀਆਂ ਕਿਸਮਾਂ :–** ਦੰਡ ਨੂੰ ਮੋਟੀ ਵੰਡ ਅਨੁਸਾਰ ਦੋ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ। ਤਾਬਿਆ ਕਰਨ ਵਾਲਾ ਅਤੇ ਵਾਂਜਿਆਂ ਕਰਨ ਵਾਲਾ। ਤਾਬਿਆ ਕਰਨ ਵਾਲਾ ਦੰਡ ਉਹ ਹੈ ਜਿਸ ਵਿਚ ਬੱਚੇ ਨੂੰ ਕਿਸੇ ਤਰ੍ਹਾਂ ਦਾ ਦੁੱਖ ਦਿਤਾ ਜਾਂਦਾ ਹੈ। ਇਹ ਦੁੱਖ ਕਈ ਤਰ੍ਹਾਂ ਦਾ ਹੁੰਦਾ ਹੈ ਜਿਹਾ ਕਿ ਗੁੱਸੇ ਹੋਣਾ, ਝਿੜਕਣਾ, ਫਿਟਕਾਰਨਾ, ਬੈਂਚ ਉਤੇ ਖੜਾ ਕਰ ਦੇਣਾ, ਮਾਰਨਾ ਕੁਟਣਾ ਜਾਂ ਜਮਾਤ ਦੀਆਂ ਨਜ਼ਰਾਂ ਵਿਚੋਂ ਡੇਗ ਦੇਣਾ। ਵਾਂਜਿਆਂ ਕਰਨ ਵਾਲਾ ਦੰਡ ਉਹ ਹੈ ਜਿਸ ਵਿਚ ਬੱਚੇ ਦਾ ਕੋਈ ਸੁਖ ਜਾਂ ਸਹੂਲਤ ਖੋਹ ਲਈ ਜਾਵੇ, ਜਿਵੇਂ ਖੇਡਣ ਤੋਂ ਰੋਕ ਦੇਣਾ, ਸਕੂਲ ਖਤਮ ਹੋਣ ਉਤੇ ਜਮਾਤ ਵਿਚ ਰੋਕੀ ਰਖਣਾ ਅਤੇ ਛੁਟੀ ਦੇ ਦਿਨ ਛੁਟੀ ਨਾ ਦੇਣਾ, ਕਿਸੇ ਵਿਸ਼ੇਸ਼ ਅਧਿਕਾਰ ਨੂੰ ਖੋਹ ਲੈਣਾ ਆਦਿ।

**ਢੁਕਵਾਂ ਦੰਡ :–** ਦੰਡ ਦੇਣ ਵਿਚ ਜਿਹੜੀ ਵੱਡੀ ਔਕੜ ਤੇ ਸੋਚਣ ਵਾਲੀ ਗਲ ਹੈ, ਉਹ ਇਹ ਹੈ ਕਿ ਠੀਕ ਸਮੇਂ ਉਤੇ, ਠੀਕ ਸਿੱਟੇ ਅਨੁਸਾਰ, ਠੀਕ ਢੰਗ ਨਾਲ ਅਰਥਾਤ ਅਪਰਾਧ ਦੇ ਬਿਲਕੁਲ ਢੁਕਵਾਂ ਦੰਡ ਹੋਣਾ ਚਾਹੀਦਾ ਹੈ ਤਾਂ ਜੁ ਕਿਸੇ ਬੱਚੇ ਨਾਲ ਜ਼ੁਲਮ ਨਾ ਹੋਵੇ ਅਤੇ ਉਸ ਨੂੰ ਅਜਿਹਾ ਦੰਡ ਮਿਲੇ ਜਿਹੜਾ ਉਸ ਦੀ ਆਦਤ ਨੂੰ ਸੁਧਾਰੇ। ਉਸਤਾਦ ਨੂੰ ਬੜੀ ਸਿਆਣਪ ਤੋਂ ਕੰਮ ਲੈਣਾ ਪੈਂਦਾ ਹੈ। ਸਮਝ ਤੋਂ ਕੋਰਾ ਉਸਤਾਦ ਦੰਡ ਰਾਹੀਂ ਬਚਿਆਂ ਦਾ ਭਲਾ ਕਰਨ ਦੀ ਥਾਂ ਹਾਨੀ ਕਰ ਦਿੰਦਾ ਹੈ।

ਦੰਡ ਦੇਣ ਬਾਰੇ ਕੁਝ ਨਿਯਮ ਸਪਸ਼ਟ ਹਨ ਅਤੇ ਉਨ੍ਹਾਂ ਉਤੇ ਕਿਸੇ ਤਰ੍ਹਾਂ ਦਾ ਸ਼ੱਕ ਨਹੀਂ ਕੀਤਾ ਜਾ ਸਕਦਾ। ਜਿਸ ਬੱਚੇ ਵਿਚ ਮਾਨ ਅਪਮਾਨ ਦਾ ਜਜ਼ਬਾ ਵਧੇਰੇ ਹੈ ਉਸ ਵਲ ਕੁਝ ਚਿਰ ਵੇਖਣਾ ਹੀ ਕਾਫੀ ਦੰਡ ਹੈ। ਉਹ ਉਸਤਾਦ ਦੀਆਂ ਨਜ਼ਰਾਂ ਵਿਚੋਂ ਡਿਗਣਾ ਨਹੀਂ ਚਾਹੁੰਦਾ ਅਤੇ ਉਸ ਨੂੰ ਉਸਤਾਦ ਦੇ ਥੋੜੇ ਜਿਹੇ ਗੁਸੇ ਦਾ ਵੀ ਪਤਾ ਚਲਣ ਨਾਲ ਬੇਚੈਨੀ ਹੋ ਉਠਦੀ ਹੈ। ਉਸਤਾਦ ਦਾ ਗੁਸਾ ਬੱਚੇ ਨੂੰ ਆਪਣੇ ਆਪ ਵਿਚ ਨਿਸ਼ਾਨੇ

ਤੋਂ ਗਿਰਿਆ ਪਰਤੀਤ ਕਰਵਾ ਦਿੰਦਾ ਹੈ। ਦੰਡ ਦਾ ਮੁਖ ਨਿਸ਼ਾਨਾ ਵੀ ਇਹੋ ਹੈ ਕਿ ਵਿਅਕਤੀ ਸੁਚੇਤ ਹੋ ਜਾਵੇ ਅਤੇ ਉਹ ਆਪਣੀਆਂ ਭੈੜੀਆਂ ਬਿਰਤੀਆਂ ਉਤੇ ਕਾਬੂ ਪਾ ਲਵੇ । ਦੰਡ ਬੱਚੇ ਨੂੰ ਆਪਣੇ ਆਪ ਨੂੰ ਸੰਭਾਲਣ ਲਈ ਦਿਤਾ ਜਾਂਦਾ ਹੈ ਉਸ ਉਤੇ ਆਪਣਾ ਦਾਬਾ ਦਸਣ ਲਈ ਨਹੀਂ ।

ਦੰਡ ਦਾ ਮਤਲਬ ਬੱਚੇ ਨੂੰ ਆਪਣਾ ਫਰਜ਼ ਯਾਦ ਕਰਾਉਣਾ ਹੈ । ਇਸ ਲਈ ਜਿਸ ਬੱਚੇ ਨੇ ਆਪਣੇ ਆਪ ਦੇ ਸੁਧਾਰਨ ਜਾਂ ਉੱਚਾ ਚੁਕਣ ਦੇ ਫਰਜ਼ ਨੂੰ ਜਿੰਨਾ ਭੁਲਾ ਦਿਤਾ ਹੈ ਉੱਨਾ ਹੀ ਵੱਡਾ ਦੰਡ ਉਸ ਲਈ ਹੁੰਦਾ ਹੈ। ਜੇ ਬੱਚੇ ਨੂੰ ਆਪਣੀ ਭੁਲ ਪਰਤੀਤ ਹੋ ਗਈ ਹੈ ਅਤੇ ਉਸ ਦੇ ਲਈ ਸ਼ਰਮਿੰਦਗੀ ਮਹਿਸੂਸ ਕਰਦਾ ਹੈ ਤਾਂ ਉਸ ਨੂੰ ਦੰਡ ਦੇਣਾ ਜ਼ਰੂਰੀ ਨਹੀਂ ਹੈ। ਜਦ ਕੋਈ ਬੱਚਾ ਜਮਾਤ ਵਿਚ ਗੱਲਾਂ ਕਰ ਰਿਹਾ ਹੋਵੇ ਤਾਂ ਉਸ ਨੂੰ ਝਿੜਕਣ ਝੰਬਣ ਦੀ ਥਾਂ ਕੁਝ ਅਜਿਹੇ ਪ੍ਰਸ਼ਨ ਪੁਛ ਲੈਣੇ ਚਾਹੀਦੇ ਹਨ ਜਿਸ ਨਾਲ ਉਸ ਦਾ ਧਿਆਨ ਆਪਣੇ ਪਾਠ ਵਲ ਚਲਾ ਜਾਵੇ। ਕਿਸੇ ਬਾਲਕ ਨਾਲ ਚੋਭਵੀਂ ਗੱਲ ਕਰਨਾ ਠੀਕ ਨਹੀਂ ਹੈ। ਜਿਸ ਬੱਚੇ ਨਾਲ ਉਸਤਾਦ ਚੋਭਵੀਂ ਗੱਲ ਕਰਦਾ ਹੈ ਉਹ ਅੰਦਰ ਹੀ ਅੰਦਰ ਬੜਾ ਦੁਖੀ ਹੁੰਦਾ ਹੈ ਅਤੇ ਆਪਣੇ ਮਨ ਹੀ ਮਨ ਵਿਚ ਉਸਤਾਦ ਨੂੰ ਘਿਰਨਾ ਕਰਨ ਲਗ ਜਾਂਦਾ ਹੈ। ਚੋਭਵੀਂ ਗੱਲ ਕਰਨ ਵਾਲੇ ਉਸਤਾਦ ਕੋਲੋਂ ਉਸ ਦੀ ਕਠੋਰਤਾ ਕਰ ਕੇ ਬੱਚਾ ਡਰ ਭਾਵੇਂ ਮੰਨੇ ਪਰ ਉਹ ਉਸ ਨੂੰ ਆਦਰ ਦੀਆਂ ਨਜ਼ਰਾਂ ਨਾਲ ਕਦੇ ਵੀ ਨਹੀਂ ਦੇਖਦਾ । ਜਿਹੜਾ ਉਸਤਾਦ ਬਾਲਕ ਕੋਲੋਂ ਇਜ਼ਤ ਨਹੀਂ ਲੈ ਸਕਦਾ ਉਹ ਉਸ ਦਾ ਸੁਧਾਰ ਨਹੀਂ ਕਰ ਸਕਦਾ। ਕਿਸੇ ਬੱਚੇ ਨੂੰ ਉੱਲੂ, ਮੂਰਖ; ਬੁਧੂ ਆਦਿ ਕਹਿ ਕੇ ਸੰਬੋਧਨ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਨਾਲ ਪੱਕੇ ਇਰਾਦੇ ਵਾਲਾ ਬਾਲਕ ਉਸਤਾਦ ਦਾ ਪੱਕਾ ਦੁਸ਼ਮਨ ਬਣ ਜਾਂਦਾ ਹੈ ਅਤੇ ਕਮਜ਼ੋਰ ਇਰਾਦੇ ਵਾਲਾ ਬੱਚਾ ਉਸਤਾਦ ਦੇ ਸ਼ਬਦਾਂ ਨੂੰ ਆਪਣੀਆਂ ਆਦਤਾਂ ਰਾਹੀਂ ਸੱਚਿਆਂ ਕਰਨ ਦਾ ਮਾਲਕ ਬਣ ਜਾਂਦਾ ਹੈ । ਜਿਸ ਤਰ੍ਹਾਂ ਦੇ ਕਥਨ ਕਿਸੇ ਬਾਲਕ ਬਾਰੇ ਘੜੀ ਮੁੜੀ ਕਹੇ ਜਾਣ ਉਹ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ । ਹਰ ਵਕਤ ਉਸਤਾਦ ਦੀਆਂ ਗਾਲ੍ਹਾਂ ਖਾਣ ਵਾਲੇ ਬੱਚੇ ਦਾ ਸ੍ਵੈ-ਵਿਸ਼ਵਾਸ਼ ਖਤਮ ਹੋ ਜਾਂਦਾ ਹੈ ਅਤੇ ਫਿਰ ਉਸ ਵਿਚ ਕਿਸੇ ਕਿਸਮ ਦਾ ਸੁਧਾਰ ਕਰਨਾ ਔਖਾ ਹੋ ਜਾਂਦਾ ਹੈ। ਬੱਚਾ ਹੀ, ਅਸਲ ਵਿਚ ਆਪਣੇ ਆਪ ਦਾ ਸੁਧਾਰ ਕਰਦਾ ਹੈ। ਉਸਤਾਦ ਬਾਲਕ ਨੂੰ ਸ੍ਵੈ-ਸੁਧਾਰ ਵਿਚ ਨਿਰੀ ਸਹਾਇਤਾ ਹੀ ਦੇ ਸਕਦਾ ਹੈ। ਅੰਗਰੇਜ਼ੀ ਦਾ ਇਕ ਅਖਾਣ ਹੈ "ਕੁੱਤੇ ਨੂੰ ਜਦ ਅਸੀਂ ਬਦਨਾਮ ਕਰ ਦਿੰਦੇ ਹਾਂ ਤਾਂ ਉਸ ਨੂੰ ਫਿਰ ਮਾਰ ਦੇਣਾ ਜ਼ਰੂਰੀ ਹੋ ਜਾਂਦਾ ਹੈ।"* ਬਦਨਾਮ ਹੋ ਜਾਣ ਉਤੇ ਕਿਸੇ ਦਾ ਸੁਧਾਰ ਹੋਣਾ ਔਖਾ ਹੁੰਦਾ ਹੈ। ਬੱਚੇ ਦੇ ਸੁਧਾਰ ਵਿਚ ਇਹੋ ਨਿਯਮ ਲਾਗੂ ਹੁੰਦਾ ਹੈ। ਹੇਠਲੀਆਂ ਜਮਾਤਾਂ ਵਿਚ ਉਸਤਾਦ ਦੀ ਫਿਟਕਾਰ ਬੜਾ ਅਸਰ ਕਰਨ ਵਾਲੀ ਹੁੰਦੀ ਹੈ। ਹੇਠਲੀਆਂ ਜਮਾਤਾਂ ਵਿਚ ਕਸੂਰਵਾਰ ਬੱਚੇ ਨੂੰ ਇਕ ਨੁਕਰੇ ਜਾਂ ਬੈਂਚ ਤੇ ਖੜਾ ਕਰ ਦੇਣਾ ਹੀ ਬਥੇਰਾ ਹੈ। ਇਸ ਤਰ੍ਹਾਂ ਦੇ ਦੰਡ ਕੁਦਰਤੀ ਹੀ ਬੱਚੇ ਨੂੰ ਮਨ ਵਿਚ ਸ਼ਰਮ ਦੁਆਉਂਦੇ ਹਨ। ਦੰਡ ਦਾ 'ਮਨਾਹੀ ਕਰਨ ਵਾਲਾ' ਹਿੱਸਾ ਵੀ ਬੱਚੇ ਨੂੰ ਦੁਖੀ ਕਰਨ ਵਾਲਾ ਹੁੰਦਾ ਹੈ । ਖੇਡ ਤੋਂ ਅੱਡ ਕਰ ਦੇਣਾ ਅਤੇ ਛੁਟੀ ਹੋ ਜਾਣ ਤੇ ਰੋਕ ਰਖਣਾ ਵੀ ਅਸਲ ਵਿਚ, ਬੱਚੇ ਨੂੰ ਕਾਫੀ ਮਾਨਸਿਕ ਕਸ਼ਟ ਪਹੁੰਚਾਉਂਦੇ ਹਨ। ਜੇ ਕੋਈ ਬੱਚਾ ਵਧੇਰੇ ਹੀ ਬੋਲਦਾ ਹੈ ਤਾਂ ਉਸ ਨੂੰ ਚੁਪ ਚਾਪ

---

*Give a dog a bad name and then you have only to hang it.

ਅਡੋਲ ਬੈਠਣ ਦੀ ਸਜ਼ਾ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਚੰਚਲ ਬੱਚੇ ਨੂੰ ਇਕੋ ਥਾਂ ਤੇ ਖ
ਰਹਿਣ ਦੀ ਸਜ਼ਾ ਦੇਣੀ ਅਤੇ ਦੇਰ ਨਾਲ ਆਉਣ ਵਾਲੇ ਬੱਚੇ ਨੂੰ ਦੇਰ ਨਾਲ ਛੁਟੀ ਦੇ
ਦੀ ਸਜ਼ਾ ਦੇਣੀ ਚਾਹੀਦੀ ਹੈ। ਜੇ ਕੋਈ ਬੱਚਾ ਘਰ ਤੋਂ ਕੰਮ ਕਰ ਕੇ ਨਹੀਂ ਲੈ ਆਉਂਦਾ
ਉਸ ਨੂੰ ਵੀ ਇਸੇ ਤਰ੍ਹਾਂ ਦੰਡ ਦੇਣਾ ਚਾਹੀਦਾ ਹੈ। ਮੰਨ ਲੋ ਕੋਈ ਬੱਚਾ ਘਰ ਤੋਂ ਸ਼ਬਦ ਜੋ
ਯਾਦ ਕਰ ਕੇ ਨਹੀਂ ਆਇਆ ਤਾਂ ਉਸ ਨੂੰ ਇਕ ਇਕ ਸ਼ਬਦ ਨੂੰ ਕਈ ਕਈ ਵਾਰ ਲਿਖ
ਦੀ ਸਜ਼ਾ ਦੇਣੀ ਚਾਹੀਦੀ ਹੈ।

**ਸਰੀਰਕ ਦੰਡ :** ਜਦ ਬੱਚੇ ਵਿਚ ਸੁਧਾਰ ਕਰਨ ਦੇ ਸਾਰੇ ਉਪਾ ਬਿਅਰ
ਹੋ ਜਾਣ ਤਾਂ ਸਰੀਰਕ ਦੰਡ ਦੀ ਵਰਤੋਂ ਕਰਨੀ ਚਾਹੀਦੀ ਹੈ। ਸਕੂਲ ਵਿਚ ਹੈਡਮਾਸਟਰ ਹ
ਇਸ ਕਿਸਮ ਦੀ ਸਜ਼ਾ ਦਿੰਦਾ ਹੈ। ਜਿਹੜਾ ਹੈਡਮਾਸਟਰ ਜਿੰਨੀ ਘਟ ਸਰੀਰਕ ਸਜ਼ਾ ਦਿੰ
ਹੈ ਉੱਨਾ ਹੀ ਉਹ ਚੰਗਾ ਹੈਡਮਾਸਟਰ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਲੋੜ ਪੈ ਜਾਣ ਉ
ਵੀ ਜਿਹੜਾ ਹੈਡਮਾਸਟਰ ਸਰੀਰਕ ਦੰਡ ਦੇਣ ਤੋਂ ਹਿਚਕਚਾਉਂਦਾ ਹੈ ਉਹ ਉੱਨਾ ਹੀ ਅਯੋ
ਜਾਂ ਬੁਰਾ ਹੈਡਮਾਸਟਰ ਕਿਹਾ ਜਾ ਸਕਦਾ ਹੈ। ਭਾਵੇਂ ਸਾਰੇ ਲੋਕ ਸਰੀਰਕ ਦੰਡ ਦ
ਨਿਖੇਧੀ ਕਰਦੇ ਹਨ ਪਰ ਫਿਰ ਵੀ ਇਸ ਨੂੰ ਹਰ ਤਰ੍ਹਾਂ ਨਾਲ ਖਤਮ ਕਰ ਦੇਣਾ ਠੀਕ ਨਹੀਂ
ਇਸ ਵਿਚ ਨਿਰਦੈਤਾ ਦਾ ਭਾਵ ਪਾਇਆ ਜਾਂਦਾ ਹੈ ਅਤੇ ਇਸ ਕਰਕੇ ਕਦੇ ਕਦੇ ਉਸਤਾ
ਅਤੇ ਸ਼ਿਸ਼ ਵਿਚ ਸਦਾ ਲਈ ਵੈਰ ਹੋ ਜਾਂਦਾ ਹੈ। ਪਰ ਫਿਰ ਵੀ ਕਈ ਵਾਰੀ ਕਈ ਅਜਿ
ਮੌਕੇ ਆਉਂਦੇ ਹਨ ਜਦ ਸਰੀਰਕ ਦੰਡ ਦੇਣਾ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਇਸ ਦ
ਉੱਕਾ ਤਿਆਗ ਕਰ ਦੇਣਾ ਜੁਗਤੀ ਤੋਂ ਸ਼ਖਣਾ ਹੈ। ਸਰੀਰਕ ਦੰਡ ਦੇਣ ਵੇਲੇ ਕੁਝ ਗਲ
ਦਾ ਧਿਆਨ ਕਰਨਾ ਜ਼ਰੂਰੀ ਹੈ। ਕਿਸੇ ਅਖਲਾਕੀ ਬੁਰੀ ਆਦਤ ਲਈ ਹੀ ਸਰੀਰਕ ਦੰਡ ਦੇਣ
ਚਾਹੀਦਾ ਹੈ, ਜਿਹਾ ਕਿ ਹੁਕਮ ਦੀ ਪਰਵਾਹ ਨਾ ਕਰਨਾ, ਜ਼ਿੱਦ ਕਰਨਾ, ਛੋਟੇ ਬਚਿਆਂ ਨੂੰ
ਮਾਰਨਾ ਕੁੱਟਣਾ, ਚੋਰੀ ਕਰਨਾ, ਝੂਠੀਆਂ ਚੁਗਲੀਆਂ ਕਰਨਾ ਆਦਿ ਕੰਮਾਂ ਲਈ ਸਰੀਰਕ
ਦੰਡ ਦੇਣਾ ਠੀਕ ਹੈ। ਸਰੀਰਕ ਦੰਡ ਬੁਧੀ ਦੇ ਦੋਸ਼ਾਂ ਲਈ ਨਹੀਂ ਦਿਤਾ ਜਾਣਾ ਚਾਹੀਦਾ।
ਕਈ ਉਸਤਾਦ ਬਚਿਆਂ ਨੂੰ ਕਿਸੇ ਗਲ ਨੂੰ ਕਈ ਵਾਰ ਸਮਝਾਉਣ ਤੇ ਵੀ ਜੇ ਉਹ ਗਲ
ਉਨ੍ਹਾਂ ਦੀ ਸਮਝ ਵਿਚ ਨਾ ਆਵੇ, ਕੁਟ ਦਿੰਦੇ ਹਨ। ਇਸ ਤਰ੍ਹਾਂ ਕਰਨਾ ਬੜੀ ਭਾਰੀ ਭੁਲ ਹੈ।
ਇਸ ਤਰ੍ਹਾਂ ਕਰਨ ਨਾਲ ਬਚਿਆਂ ਦੀ ਬੁਧੀ ਦਾ ਸੁਧਾਰ ਤਾਂ ਹੋਣੋ ਰਿਹਾ, ਸਗੋਂ ਉਨ੍ਹਾਂ ਦਾ
ਸ੍ਵੈ-ਵਿਸ਼ਵਾਸ਼ ਖਤਮ ਹੋ ਜਾਂਦਾ ਹੈ। ਉਸਤਾਦ ਨੂੰ ਹਰ ਵੇਲੇ ਬੈਂਤ ਹੱਥ ਵਿਚ ਨਹੀਂ ਫੜੀ
ਫਿਰਨਾ ਨਹੀਂ ਚਾਹੀਦਾ। ਕਿਸੇ ਬੱਚੇ ਨੂੰ ਗੁੱਸੇ ਵਿਚ ਆ ਕੇ ਕੁਟ ਸਿਟਣਾ, ਮੁਆਫ ਨਾ ਕੀਤੀ
ਜਾਣ ਵਾਲੀ ਭੁਲ ਹੈ।

**ਦੰਡ ਦੇ ਭੈੜੇ ਨਤੀਜੇ:**—ਉਸਤਾਦਾਂ ਦਾ ਵਧੇਰੇ ਕਰਕੇ ਇਹ ਵਿਸ਼ਵਾਸ਼
ਹੁੰਦਾ ਹੈ ਕਿ ਬਚਿਆਂ ਦਾ ਜਨਮ ਜਾਤ ਕਰਕੇ ਸੁਭਾ ਅੱਛਾ ਨਹੀਂ ਹੁੰਦਾ ਅਤੇ ਸਿਖਿਆ ਰਾਹੀਂ
ਉਨ੍ਹਾਂ ਦੇ ਜਨਮ ਜਾਤ ਦੇ ਸੁਭਾ ਨੂੰ ਸੁਧਾਰਿਆ ਜਾਂਦਾ ਹੈ। ਇਸ ਲਈ ਉਸਤਾਦਾਂ ਦੇ ਮਨ
ਵਿਚ ਬਚਿਆਂ ਨੂੰ ਸਜ਼ਾ ਦੇਣ ਵੇਲੇ ਕੋਈ ਅਖਲਾਕੀ ਹਿਚਕਚਾਹਟ ਪੈਦਾ ਨਹੀਂ ਹੁੰਦੀ। ਪਰ
ਬੱਚੇ ਦੇ ਜਨਮ ਜਾਤ ਦੇ ਸੁਭਾ ਨੂੰ ਬੁਰਾ ਮੰਨਣਾ ਇਕ ਭਾਰੀ ਭੁਲ ਹੈ। ਬੱਚੇ ਬਾਰੇ
ਰੂਸੋ ਦੇ ਵਿਚਾਰ ਹੁਣ ਆਦਰ ਦੀਆਂ ਨਜ਼ਰਾਂ ਨਾਲ ਵੇਖੇ ਜਾਣ ਲੱਗੇ ਹਨ। ਰੂਸੋ ਦੇ ਕਥਨ
ਅਨੁਸਾਰ ਬੱਚੇ ਦਾ ਜਨਮ ਜਾਤ ਦਾ ਸੁਭਾ ਚੰਗਾ ਹੈ ਅਤੇ ਉਸਤਾਦ ਰਾਹੀਂ ਅਸੀਂ ਉਸਨੂੰ
ਵਿਗਾੜਦੇ ਹਾਂ। ਇੱਨਾ ਤਾਂ ਸਾਰੇ ਸਿਖਿਆ-ਵਿਗਿਆਨੀ ਮੰਨਣ ਲੱਗ ਪਏ ਹਨ ਕਿ ਦੰਡ ਨਾਲ

ਬਹੁਤੇ ਬਚਿਆਂ ਦੀ, ਅਖਲਾਕੀ ਲਾਭ ਹੋਣ ਦੀ ਥਾਂ, ਗਿਰਾਵਟ ਹੁੰਦੀ ਹੈ। ਕਦੇ ਦੰਡ ਕਰਕੇ ਬੱਚੇ ਦੇ ਮਨ ਵਿਚ ਹੀਨਤਾ ਦੇ ਭਾਵ ਪੈਦਾ ਹੋ ਜਾਂਦੇ ਹਨ ਅਤੇ ਕਦੇ ਵਧੇਰੇ ਦੰਡ ਨਾਲ ਬੱਚਾ ਸਗੋਂ ਸ਼ਰਾਰਤੀ ਤੇ ਜ਼ਿਦੀ ਹੋ ਜਾਂਦਾ ਹੈ। ਇਸ ਤਰ੍ਹਾਂ ਦੰਡ ਰਾਹੀਂ ਜਿਹੜੀ ਬੁਰੀ ਆਦਤ ਨੂੰ ਠੀਕ ਕਰਨ ਦਾ ਯਤਨ ਕੀਤਾ ਜਾਂਦਾ ਹੈ ਸਗੋਂ ਪਰਧਾਨ ਹੋ ਜਾਂਦੀ ਹੈ। ਜਦ ਬੱਚਾ ਆਪਣੇ ਮਾਤਾ ਪਿਤਾ ਜਾਂ ਉਸਤਾਦ ਤੋਂ ਪਿਆਰ ਨਹੀਂ ਪਾਉਂਦਾ, ਉਸ ਵਿਚ ਸ਼ਰਾਰਤ ਦੀ ਮਨ ਬਿਰਤੀ ਆਪਣੇ ਆਪ ਜਾਗ ਉਠਦੀ ਹੈ ਅਤੇ ਜਦ ਇਸ ਸ਼ਰਾਰਤ ਲਈ ਬੱਚੇ ਨੂੰ ਮਾਰਿਆ ਕੁਟਿਆ ਜਾਂਦਾ ਹੈ ਤਾਂ ਉਸਦੀ ਉਹ ਬੁਰੀ ਆਦਤ ਹੋਰ ਵੀ ਵਧ ਜਾਂਦੀ ਹੈ। ਮਨੋ-ਵਿਗਿਆਨ ਦਾ ਇਹ ਇਕ ਅੱਟਲ ਨਿਯਮ ਹੈ ਕਿ ਹਰ ਵਿਅਕਤੀ ਆਪਣੇ ਸਬੰਧੀਆਂ ਅਤੇ ਵਡਿਆਂ ਤੋਂ ਪਿਆਰ ਲੈਣ ਦਾ ਚਾਹਵਾਨ ਹੁੰਦਾ ਹੈ ਅਤੇ ਜਦ ਉਸ ਦੀ ਪਿਆਰ ਭੁਖ ਦੀ ਪੂਰਤੀ ਨਹੀਂ ਹੁੰਦੀ ਤਾਂ ਉਸਦੀ ਉਹ ਭੁਖ ਉਨ੍ਹਾਂ ਨੂੰ ਦੁਖੀ ਕਰਨ ਦੀ ਬਿਰਤੀ ਵਿਚ ਬਦਲ ਜਾਂਦੀ ਹੈ। ਜਿਹੜਾ ਬੱਚਾ ਆਪਣੇ ਤੋਂ ਵੱਡੇ ਲੋਕਾਂ ਤੋਂ ਪਿਆਰ ਲਣ ਵਿਚ ਸਫਲ ਨਹੀਂ ਹੁੰਦਾ, ਉਹ ਮਨ ਹੀ ਮਨ ਵਿਚ ਦੁਖੀ ਰਹਿੰਦਾ ਹੈ। ਜਿਹੜਾ ਬੱਚਾ ਮਨ ਹੀ ਮਨ ਵਿਚ ਦੁਖੀ ਹੁੰਦਾ ਹੈ ਉਹ ਹੋਰਨਾਂ ਲੋਕਾਂ ਨੂੰ ਵੀ ਭਾਵੇਂ ਉਹ ਵੱਡੇ ਹੋਣ ਤੇ ਭਾਵੇਂ ਛੋਟੇ, ਸੁਤੇ ਹੀ ਦੁਖ ਪਹੁੰਚਾਉਣ ਦੀ ਚਾਹ ਰਖਦਾ ਹੈ। ਬੱਚੇ ਨੂੰ ਮਾਰਨ ਕੁਟਣ ਨਾਲ ਉਸਦਾ ਅੰਦਰਲਾ ਦੁਖ ਖਤਮ ਨਹੀਂ ਹੁੰਦਾ ਸਗੋਂ ਵਧ ਜਾਂਦਾ ਹੈ। ਉਸ ਵਿਚ ਭੈੜੀਆਂ ਆਦਤਾਂ ਘਟਣ ਦੀ ਥਾਂ ਵਧ ਜਾਂਦੀਆਂ ਹਨ। ਇਸ ਲਈ ਕਿਸੇ ਬੱਚੇ ਨੂੰ ਕਿਸੇ ਸ਼ਰਾਰਤ ਬਦਲੇ ਘੜੀ ਮੁੜੀ ਕੁਟਣਾ ਇਕ ਭਾਰੀ ਮਨੋ-ਵਿਗਿਆਨਿਕ ਭੁਲ ਹੈ। ਇਸ ਨਾਲ ਬੱਚੇ ਦਾ ਆਚਰਨ ਸੁਧਰਨ ਦੀ ਥਾਂ ਵਿਗੜ ਜਾਂਦਾ ਹੈ। ਕਦੀ ਵਾਰੀ ਉਸਦੇ ਮਨ ਵਿਚ, ਕੁਟ ਦੇ ਸਿੱਟੇ ਜਟੀਲ ਮਨੋ ਵਿਗਿਆਨਿਕ ਗੁੰਝਲਾਂ ਪੈਦਾ ਹੋ ਜਾਂਦੀਆਂ ਹਨ। ਜਿਨ੍ਹਾਂ ਕਰਕੇ ਉਹ ਜੀਵਨ ਭਰ ਸਮਾਜ ਨੂੰ ਦੁਖੀ ਕਰਨ ਵਾਲੇ ਕੰਮ ਕਰਦਾ ਰਹਿੰਦਾ ਹੈ।

ਉੱਪਰ ਕਹੇ ਕਥਨ ਤੋਂ ਸਪਸ਼ਟ ਹੈ ਕਿ ਬੱਚੇ ਨੂੰ ਦੰਡ ਦੇਣ ਵੇਲੇ ਬੜੀ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਉਸ ਨੂੰ ਘੜੀ ਮੁੜੀ ਦੰਡ ਨਹੀਂ ਦੇਣਾ ਚਾਹੀਦਾ। ਇਸ ਬਾਰੇ ਵਿਲੀਅਮ ਸਟਰਨ ਦੀ 'ਸਾਈਕਾਲੋਜੀ ਆਫ ਅਰਲੀ ਚਾਈਲਡ ਹੁਡ' ਨਾਮੀਂ ਪੁਸਤਕ ਵਿਚ ਦਿਤੇ ਹੇਠ ਲਿਖੇ ਵਿਚਾਰ ਲਿਖਣ ਯੋਗ ਹਨ—"ਜੇ ਬੱਚੇ ਨੂੰ ਘੜੀ ਮੁੜੀ ਦੰਡ ਦਿੱਤਾ ਜਾਵੇ ਅਤੇ ਜੇ ਉਹ ਬਹੁਤਾ ਕਰੜਾ ਹੋਵੇ ਤਾਂ ਉਸਤੋਂ ਬਚਨ ਲਈ ਬੱਚਾ, ਕੁਦਰਤੀ, ਆਪਣੀਆਂ ਗੱਲਾਂ ਨੂੰ ਲੁਕਾਉਣ ਲਈ ਝੂਠ ਦਾ ਆਸਰਾ ਲੱਭੇਗਾ। ਇਸ ਤਰ੍ਹਾਂ ਬੱਚੇ ਵਿਚ ਆਪਣੀਆਂ ਗੱਲਾਂ ਨੂੰ ਲੁਕਾਉਣ ਅਤੇ ਜ਼ਿਦ ਕਰਨ ਦੀ ਆਦਤ ਦੇ ਵਧ ਜਾਣ ਦੀ ਸੰਭਾਵਨਾ ਹੈ।"*

ਮਨੋ-ਵਿਸ਼ਲੇਸ਼ਨ ਵਿਗਿਆਨ ਤੋਂ ਇਹ ਪਤਾ ਚਲਿਆ ਹੈ ਕਿ ਜਿਸ ਬੱਚੇ ਨੂੰ ਘੜੀ ਮੁੜੀ ਦੰਡ ਦਿਤਾ ਜਾਂਦਾ ਹੈ ਜਾਂ ਡਾਂਟਿਆ ਜਾਂਦਾ ਹੈ, ਉਹ ਆਪਣੀ ਪ੍ਰਤਿਭਾ ਅਤੇ ਵਿਅਕਤੀਤੱਵ ਦੇ ਵਿਸ਼ੇਸ਼ਪੁਣੇ ਨੂੰ ਗੁਆ ਲੈਂਦਾ ਹੈ। ਉਹ ਗੁਆਚਾ ਗੁਆਚਾ ਤੇ ਦਬਿਆਂ ਘੁਟਿਆਂ ਵਿਅਕਤੀ ਬਣ ਜਾਂਦਾ ਹੈ। ਅਜਿਹੇ ਵਿਅਕਤੀ ਵਿਚ ਅਪਰਾਧੀਆਂ ਵਰਗੀ ਮਨ ਬਿਰਤੀ ਬਣੀ ਰਹਿੰਦੀ ਹੈ। ਉਹ ਗਲ ਗਲ ਵਿਚ ਆਪਣੇ ਆਪ ਨੂੰ ਕੋਸਣ ਲੱਗ ਜਾਂਦਾ ਹੈ। ਉਹ ਕਿਸੇ ਵੱਡੇ ਕੰਮ ਨੂੰ ਕਰਨ ਦਾ ਹੌਂਸਲਾ ਹੀ ਨਹੀਂ ਕਰਦਾ ਅਤੇ ਆਪਣੇ ਆਪ ਨੂੰ ਤੇ ਹੋਰਨਾਂ ਨੂੰ ਵੀ ਬੇਹਿੰਮਤਾ

---

*"Punishment if too frequent and too severe, it may drive the child to his only means of defence viz. shyness and falsehood and thus awaken or at least engender a tendency to secrecy and obstinacy.

ਕਰ ਦਿੰਦਾ ਹੈ।

## ਦੰਡ ਬਾਰੇ ਹਰਬਰਟ ਸਪੈਂਸਰ ਦੇ ਵਿਚਾਰ

ਹਰਬਰਟ ਸਪੈਂਸਰ ਬੱਚੇ ਦੀ ਆਦਤ ਸੁਧਾਰਨ ਲਈ ਉਸ ਨਾਲ ਹਮਦਰਦੀ ਭਰਿਆ ਵਰਤਾਉ ਕਰਨਾ ਹੀ ਸਭ ਤੋਂ ਪਰਸੰਸਾ ਯੋਗ ਰਾਹ ਦਸਦਾ ਹੈ। ਸਖਤੀ ਕਰਨ ਨਾਲ ਉਸ ਦਾ ਸੁਧਾਰ ਹੋਣ ਦੀ ਥਾਂ ਵਿਗਾੜ ਹੁੰਦਾ ਹੈ। ਉਸ ਦੇ ਇਸ ਬਾਰੇ ਹੇਠ ਲਿਖੇ ਵਿਚਾਰ ਜਿਹੜੇ ਉਸਨੇ "ਐਸੇਜ਼ ਆਨ ਐਜੂਕੇਸ਼ਨ" ਨਾਮੀ ਪੁਕਤਸ ਵਿਚ ਪਰਗਟ ਕੀਤੇ ਹਨ, ਲਿਖਣ ਯੋਗ ਹਨ–

"ਸੱਚ ਤਾਂ ਇਹ ਹੈ ਕਿ ਸਖਤੀ ਤੋਂ ਸਖਤੀ ਅਤੇ ਨਰਮੀ ਤੋਂ ਨਰਮੀ ਪੈਦਾ ਹੁੰਦੀ ਹੈ। ਵੈਰ ਤੋਂ ਵੈਰ ਉਤਪੰਨ ਹੁੰਦਾ ਹੈ ਅਤੇ ਪ੍ਰੇਮ ਤੋਂ ਪ੍ਰੇਮ। ਜਿਸ ਬੱਚੇ ਨਾਲ ਕਠੋਰਤਾ ਭਰਿਆ ਵਰਤਾਓ ਕੀਤਾ ਜਾਂਦਾ ਹੈ ਉਹ ਕਠੋਰ ਹੋ ਜਾਂਦਾ ਹੈ। ਪਰ ਜਿਸ ਨਾਲ ਜਿਥੋਂ ਤਕ ਹੋ ਸਕੇ ਹਮਦਰਦੀ ਦਾ ਵਰਤਾਓ ਕੀਤਾ ਜਾਵੇ ਉਸ ਵਿਚ ਹਮਦਰਦੀ ਪੈਦਾ ਹੋਏ ਬਿਨਾ ਨਹੀਂ ਰਹਿ ਸਕਦੀ। ਪਿਆਰ ਭਰਿਆ ਵਰਤਾਉ ਕਰਨ ਨਾਲ ਬਚਿਆਂ ਵਿਚ ਪਿਆਰ ਜ਼ਰੂਰ ਛਲਕ ਉਠਦਾ ਹੈ। ਰਾਜਸੀ ਪਰਬੰਧ ਵਾਂਗ ਟੱਬਰ ਦੇ ਪਰਬੰਧ ਵਿਚ ਵੀ ਬਹੁਤ ਕਰੜੇ ਨਿਯਮ ਭਾਵੇਂ ਅਪਰਾਧਾਂ ਨੂੰ ਬੰਦ ਕਰਨ ਲਈ ਹੀ ਬਣਾਏ ਜਾਂਦੇ ਹਨ, ਤਾਂ ਵੀ ਬਹੁਤ ਸਾਰੇ ਅਪਰਾਧ ਉਨ੍ਹਾਂ ਕਰਕੇ ਹੀ ਹੁੰਦੇ ਹਨ। ਪਰ ਇਸਦੇ ਉਲਟ ਸੁਖਦਾਈ ਅਤੇ ਖੁਲ੍ਹ ਦਿਲੇ ਨਿਯਮ ਲੜਾਈ ਝਗੜੇ ਦੀਆਂ ਬਹੁਤ ਸਾਰੀਆਂ ਗਲਾਂ ਪੈਦਾ ਹੋਣ ਹੀ ਨਹੀਂ ਦਿੰਦੇ ਉਹ ਮਨੁਖ ਦੇ ਮਨ ਅਤੇ ਵਿਚਾਰਾਂ ਨੂੰ ਇੰਨਾ ਠੰਡਾ ਅਤੇ ਪਰਸੰਨ ਕਰ ਦਿੰਦੇ ਹਨ ਕਿ ਦੂਜਿਆਂ ਨਾਲ ਵਾਧਾ ਕਰਕੇ ਉਨ੍ਹਾਂ ਦੀ ਹਾਨੀ ਕਰਨ ਵਾਲੀ ਮਨੁਖੀ ਬਿਰਤੀ ਬਹੁਤ ਘਟ ਜਾਂਦੀ ਹੈ।"

ਹਰਬਰਟ ਸਪੈਂਸਰ ਨੇ ਆਪਣੇ ਉਪਰਲੇ ਸਿਧਾਂਤ ਦੀ ਪੁਸ਼ਟੀ ਵਿਚ ਜੇਲ੍ਹ ਦੇ ਇਕ ਅਧਿਕਾਰੀ ਰਾਜਰਜ਼ ਸਾਹਿਬ ਦਾ ਮਤ ਲਿਖਿਆ ਹੈ। ਉਨ੍ਹਾਂ ਦਾ ਤਜਰਬਾ ਇਹ ਸੀ ਕਿ ਜਿਨ੍ਹਾਂ ਅਪਰਾਧੀਆਂ ਨੇ ਬੱਚਪਣ ਵਿਚ ਬੇਂਤ ਖਾਧੇ ਹਨ ਉਹ ਹੀ ਬਾਰ ਬਾਰ ਜੇਲ੍ਹ ਦੀ ਹਵਾ ਖਾਣ ਲਈ ਆਉਂਦੇ ਹਨ। ਇਸ ਦੇ ਉਲਟ ਪਿਆਰ ਭਰਿਆ ਵਰਤਾਓ ਕਰਨ ਨਾਲ ਬੱਚੇ ਉਤੇ ਬੜਾ ਚੰਗਾ ਅਸਰ ਪੈਂਦਾ ਹੈ। ਆਪਣੇ ਵਿਚਾਰ ਦੀ ਪਕਿਆਈ ਲਈ ਹਰਬਰਟ ਸਪੈਂਸਰ ਨੇ ਜਾਨ ਲਾਕ ਦੇ ਹੇਠ ਲਿਖੇ ਵਿਚਾਰ ਦਾ ਵੀ ਹਵਾਲਾ ਦਿੱਤਾ ਹੈ।

"ਜਿਨ੍ਹਾਂ ਲੜਕਿਆਂ ਨੇ ਬੱਚਪਣ ਵਿਚ ਵਧੇਰੇ ਮਾਰ ਖਾਧੀ ਉਹ ਵਡੇ ਹੋ ਕੇ, ਕਿਸੇ ਵਿਸ਼ੇਸ਼ ਕਾਰਨਾਂ ਦੇ ਨਾ ਹੁੰਦਿਆਂ ਹੋਇਆਂ, ਬਹੁਤੇ ਚੰਗੇ ਵਿਅਕਤੀ ਨਹੀਂ ਨਿਕਲੇ।" ਹਰਬਰਟ ਸਪੈਂਸਰ ਨੇ ਅੱਗੇ ਚਲ ਕੇ ਹੇਠ ਲਿਖੀ ਘਟਨਾ ਦਾ ਹਵਾਲਾ ਦਿੱਤਾ ਹੈ– "ਹਾਲੀ ਥੋੜੇ ਹੀ ਦਿਨ ਹੋਏ, ਪੈਰਿਸ ਵਿਚ ਅਸੀਂ ਇਕ ਫ੍ਰਾਂਸੀਸੀ ਮੇਮ ਦੇ ਘਰ ਠਹਿਰੇ। ਉਸ ਦਾ ਇਕ ਛੋਟਾ ਜਿਹਾ ਲੜਕਾ ਸੀ। ਉਹ ਬੜਾ ਸ਼ਰਾਰਤੀ ਸੀ। ਉਹ ਰੋਜ਼ ਦੰਗਾ ਦੰਗਾ ਮਚਾਉਂਦਾ। ਨਾ ਉਹ ਘਰ ਬੰਦਾ ਬਣ ਕੇ ਰਹਿੰਦਾ ਅਤੇ ਨਾ ਸਕੂਲ ਵਿਚ। ਲੋਕ ਉਸ ਤੋਂ ਤੰਗ ਆ ਗਏ ਸਨ ਪਰ ਉਸ ਨੂੰ ਸੁਧਾਰਨ ਦੀ ਤਾਕਤ ਕਿਸੇ ਵਿਚ ਨਹੀਂ ਸੀ। ਉਹ ਘਰ ਵਿਚ ਬੜਾ ਰੌਲਾ ਮਚਾਈ ਰਖਦਾ। ਇਸ ਲਈ ਉਸ ਮੇਮ ਨੇ ਸਾਥੋਂ ਮਾਫੀ ਮੰਗੀ। ਉਸ ਨੇ ਕਿਹਾ ਇਸ ਮੁੰਡੇ ਨੂੰ ਸਿਧਾ ਕਰਨ ਦਾ ਕੋਈ ਇਲਾਜ ਨਹੀਂ। ਮੈਂ ਡਰਦੀ ਹਾਂ ਕਿ ਇਸ ਨੂੰ ਵੀ ਇਸ ਦੇ ਭਰਾ ਵਾਂਗ ਇੰਗਲੈਂਡ ਦੇ ਕਿਸੇ ਸਕੂਲ ਵਿਚ ਭੇਜਣਾ ਪਵੇਗਾ। ਇਸੇ ਢੰਗ ਨਾਲ ਇਸ ਦਾ ਵਡਾ ਭਾਈ ਸੁਧਰਿਆ ਸੀ। ਬਸ ਇਹੋ ਇਲਾਜ ਕਰਨਾ ਬਾਕੀ ਹੈ।

ਸ਼ਾਇਦ ਇਸ ਨਾਲ ਸਫਲਤਾ ਹੋਵੇ। ਉਸ ਨੇ ਦੱਸਿਆ ਕਿ ਉਸ ਮੁੰਡੇ ਦਾ ਵੱਡਾ ਭਰਾ ਪੈਰਿਸ ਦੇ ਕਈ ਸਕੂਲਾਂ ਵਿਚ ਦਾਖ਼ਲ ਕਰਾਇਆ ਗਿਆ ਪਰ ਕੋਈ ਲਾਭ ਨਾ ਹੋਇਆ। ਉਸ ਵਿਚ ਕੋਈ ਫਰਕ ਨਾ ਆਇਆ। ਤਦ ਕਈਆਂ ਨੇ ਉਸ ਨੂੰ ਇੰਗਲੈਂਡ ਭੇਜਣ ਦੀ ਸਲਾਹ ਦਿਤੀ। ਹੋਰ ਕੋਈ ਚਾਰਾ ਚਲਦਾ ਨਾ ਵੇਖ ਉਸ ਨੂੰ ਇੰਗਲੈਂਡ ਭੇਜਿਆ ਗਿਆ। ਇੰਗਲੈਂਡ ਤੋਂ ਜਦ ਉਹ ਵਾਪਸ ਪਰਤਿਆ ਤਾਂ ਉਸ ਦੇ ਸਾਰੇ ਭੈੜ ਨਿਕਲ ਚੁਕੇ ਸਨ। ਜਿੰਨਾ ਉਹ ਪਹਿਲਾਂ ਬੁਰਾ ਸੀ ਉਨਾ ਹੀ ਹੁਣ ਉਹ ਚੰਗਾ ਸੀ। ਇਸ ਸੁਧਾਰ ਦਾ ਕਾਰਨ ਇੰਗਲੈਂਡ ਦੇ ਸਕੂਲਾਂ ਵਿਚ ਪੈਰਿਸ ਦੇ ਸਕੂਲਾਂ ਦੇ ਟਾਕਰੇ ਬਚਿਆਂ ਨਾਲ ਵਧੇਰੇ ਹਮਦਰਦੀ ਭਰਿਆ ਵਰਤਾਉ ਸੀ।''

## ਜ਼ਬਤ ਸਬੰਧੀ ਅਧੁਨਿਕ ਵਿਚਾਰ

ਇੰਗਲੈਂਡ ਦੇ ਪਰਸਿਧ ਸਿਖਿਆ-ਵਿਗਿਆਨਿਕ ਜਾਨ ਐਡਮਸ ਨੇ ਆਪਣੀ ਪੁਸਤਕ ''ਮਾਡਰਨ ਡਵੇਲਪਮੈਂਟ ਇਨ ਐਜੂਕੇਸ਼ਨਲ ਪ੍ਰੈਕਟਿਸ'' (ਸਿਖਿਆ ਵਿਚ ਅਧੁਨਿਕ ਸੁਧਾਰ) ਵਿਚ ਜ਼ਬਤ ਨੂੰ ਹੇਠ ਲਿਖੀਆਂ ਕਿਸਮਾਂ ਦਾ ਦੱਸਿਆ ਹੈ :—

(੧) ਡਰ-ਪਾਊ,
(੨) ਪਰਭਾਵ-ਪਾਊ, ਅਤੇ
(੩) ਬੰਧਨ ਰਹਿਤ

ਸਾਨੂੰ ਆਪਣੇ ਸਕੂਲਾਂ ਵਿਚ ਕਿਹੜੇ ਜ਼ਬਤ ਨੂੰ ਵਰਤਣਾ ਚਾਹੀਦਾ ਹੈ, ਇਹ ਜਾਨਣ ਲਈ ਇਨ੍ਹਾਂ ਵਖ ਵਖ ਜ਼ਬਤਾਂ ਅਤੇ ਉਨ੍ਹਾਂ ਦੇ ਲਾਭਾਂ ਨੂੰ ਚੰਗੀ ਤਰ੍ਹਾਂ ਸਮਝਣਾ ਬੜਾ ਜ਼ਰੂਰੀ ਹੈ।

## ਡਰ-ਪਾਊ ਜ਼ਬਤ

ਸਾਡੀ ਪੁਰਾਣੀ ਸਿਖਿਆ ਪਰਨਾਲੀ ਦਾ ਅਧਾਰ ਡਰ-ਪਾਊ ਜ਼ਬਤ ਸੀ। ਇਹ ਹਾਲਤ ਕੇਵਲ ਭਾਰਤ ਦੀ ਨਹੀਂ ਸੀ ਸਗੋਂ ਸੰਸਾਰ ਦੇ ਸਾਰੇ ਦੇਸ਼ਾਂ ਦੀ ਸੀ। ਸ਼ਰਾਰਤ ਲਈ ਤਾਂ ਭਲਾ ਬੱਚਾ ਕੁੱਟਿਆ ਹੀ ਜਾਂਦਾ ਸੀ, ਪਾਠ ਯਾਦ ਨ ਕਰਨ ਉਤੇ, ਪੜ੍ਹਾਈ ਵਿਚ ਧਿਆਨ ਨਾ ਦੇਣ ਉਤੇ, ਅਤੇ ਪਾਠ ਭੁਲ ਜਾਣ ਉਤੇ ਜਾਂ ਨਾ ਸਮਝ ਆਉਣ ਉਤੇ ਵੀ ਕੁਟ ਦਿਤਾ ਜਾਂਦਾ ਸੀ। ਅਜਿਹੇ ਸਕੂਲਾਂ ਨੂੰ ਕਮਿਨੀਯਸ ਨੇ ਬੁਚੜਖਾਨੇ ਦਾ ਨਾਂ ਦਿਤਾ ਸੀ। ਇਸ ਤਰ੍ਹਾਂ ਦੇ ਜ਼ਬਤ ਵਿਰੁਧ ਹੀ ਰੂਸੋ ਨੇ ਝੰਡਾ ਚੁਕਿਆ ਸੀ ਅਤੇ ਆਪਣੀ ਪੁਸਤਕ ਈਮਾਲ ਲਿਖੀ, ਜਿਸ ਨੂੰ ''ਬਚਿਆਂ ਦੇ ਅਧਿਕਾਰਾਂ ਦਾ ਐਲਾਨ'' ਕਹਿ ਕੇ ਸਦਿਆ ਜਾਂਦਾ ਹੈ। ਸਧਾਰਨ ਉਸਤਾਦ ਬੱਚੇ ਨੂੰ ਆਪਣੀ ਤਾਬਿਆ ਵਿੱਚ ਰੱਖਣ ਲਈ ਦਾਬੇ ਤੋਂ ਬਿਨਾਂ ਕਿਸੇ ਹੋਰ ਉਪਾ ਨੂੰ ਨਹੀਂ ਜਾਣਦਾ। ਇਸ ਤਰ੍ਹਾਂ ਦਾ ਜ਼ਬਤ 'ਨਾ ਕਰੋ' ਦਾ ਜ਼ਬਤ ਆਖਿਆ ਜਾਂਦਾ ਹੈ। ਅਜਿਹੇ ਜ਼ਬਤ ਵਿਚ 'ਨਾ ਕਰੋ' ਵਾਲੇ ਆਦਰਸ਼ਾਂ ਦੀ ਭਰਮਾਰ ਹੁੰਦੀ ਹੈ। 'ਤੁਸੀਂ ਆਹ ਨਾ ਕਰੋ' 'ਤੁਸੀਂ ਔਹ ਨਾ ਕਰੋ'—ਬਸ ਇਹ ਹੀ ਸਭ ਥਾਂ ਵਿਖਾਈ ਦਿੰਦਾ ਹੈ। ਅਜਿਹੇ ਜ਼ਬਤ ਵਿਚ ਰਹਿੰਦਿਆਂ ਬੱਚਾ ਜਾਂ ਚੁਪ ਸਾਧੀ ਰਖਦਾ ਹੈ ਜਾਂ ਸੌਂ ਜਾਂਦਾ ਹੈ। ਜੋ ਕੁਝ ਉਸਤਾਦ ਦਸਦਾ ਹੈ ਉਸ ਨੂੰ ਘੋਟਾ ਵੀ ਚਾੜ੍ਹ ਲੈਂਦਾ ਹੈ, ਪਰ ਉਸ ਵਿਚ ਆਪਣੇ ਆਪ ਗੱਲਾਂ ਫੁਰਨ ਵਾਲੀ ਸ਼ਕਤੀ ਨਹੀਂ ਆਉਂਦੀ। ਡਰ-ਪਾਊ ਜ਼ਬਤ ਇਸ ਫੁਰਨਾ ਸ਼ਕਤੀ ਦਾ ਖਾਤਮਾ ਕਰ ਦਿੰਦਾ ਹੈ। ਇਸ ਤਰ੍ਹਾਂ ਦੇ ਜ਼ਬਤ ਕਰਕੇ ਸਕੂਲ ਵਿਚ ਚੁਪ ਚਾਂ ਵਰਤੀ ਰਹਿੰਦੀ ਹੈ। ਜਿਸ ਸਕੂਲ ਵਿਚ ਰੌਲਾ

ਰੱਪਾ ਘਟ ਹੋਵੇ ਉਸ ਨੂੰ ਆਦਰਸ਼ਕ ਸਮਝਿਆ ਜਾਂਦਾ ਹੈ । ਇਸ ਤਰ੍ਹਾਂ ਦੇ ਜ਼ਬਤ ਦੇ ਭੈੜੇ ਨਤੀਜਿਆਂ ਵਲ ਇੰਗਲੈਂਡ ਦੇ ਪ੍ਰਸਿੱਧ ਸਿਖਿਆ-ਵਿਗਿਆਨੀ ਹਰਬਰਟ ਸਪੈਂਸਰ ਨੇ ਸਾਡਾ ਧਿਆਨ ਦਿਵਾਇਆ । ਵਧੇਰੇ ਦੰਡ ਵਾਲਾ ਵਾਤਾਵਰਨ ਬਚਿਆਂ ਵਿਚੋਂ ਸੁਤੰਤਰ ਸੋਚਣ ਦੀ ਸ਼ਕਤੀ ਖਿਚ ਲੈਂਦਾ ਹੈ । ਉਨ੍ਹਾਂ ਦੇ ਚਲਣ ਵਿਚ ਅਨੇਕਾਂ ਅਜਿਹੇ ਭੈੜ ਆ ਜਾਂਦੇ ਹਨ ਜਿਨ੍ਹਾਂ ਨੂੰ ਉਹ ਫਿਰ ਉਮਰ ਭਰ ਨਹੀਂ ਛਡ ਸਕਦੇ । ਸਖਤ ਜ਼ਬਤ ਵਿਚ ਪਲਿਆ ਬੱਚਾ ਅੱਗੇ ਚਲ ਕੇ ਜ਼ਾਲਮ ਅਤੇ ਆਪ ਮੁਹਾਰਾ ਪਿਤਾ ਜਾਂ ਉਸਤਾਦ ਬਣਦਾ ਹੈ । ਅਧੁਨਿਕ ਮਨੋ-ਵਿਗਿਆਨ ਨੇ ਡਰ-ਪਾਊ ਜ਼ਬਤ ਦੇ ਹੋਰ ਕਈ ਭੈੜਾਂ ਵਲ ਵੀ ਸਾਡਾ ਧਿਆਨ ਦਿਵਾਇਆ ਹੈ । ਇਸ ਦੇ ਸਦਕਾ ਬੱਚਾ ਉਪਰੋਂ ਉਪਰੋਂ ਬੀਬਾ ਬਣ ਜਾਂਦਾ ਹੈ, ਪਰ ਅੰਦਰ ਹੀ ਅੰਦਰ ਉਸ ਵਿਚ ਖੋਟੀਆਂ ਬਿਰਤੀਆਂ ਪਲਦੀਆਂ ਰਹਿੰਦੀਆਂ ਹਨ । ਕਿੰਨਿਆਂ ਹੀ ਬਚਿਆਂ ਵਿਚ ਚੋਰੀ ਕਰਨ, ਝੂਠ ਮਾਰਨ, ਛੋਟਿਆਂ ਬਚਿਆਂ ਨੂੰ ਮਾਰਨ ਕੁਟਣ ਆਦਿ ਦੀਆਂ ਭੈੜੀਆਂ ਵਾਦੀਆਂ ਕਰੜੇ ਜ਼ਬਤ ਵਿਚ ਰਹਿਣ ਕਰਕੇ ਹੀ ਪੈ ਜਾਂਦੀਆਂ ਹਨ । ਕਰੜੇ ਜ਼ਬਤ ਵਿਚ ਰਹਿਣ ਵਾਲੇ ਬਚਿਆਂ ਵਿਚ ਸ੍ਵੈ-ਕਾਬੂ ਦੀ ਸ਼ਕਤੀ ਨਹੀਂ ਆਉਂਦੀ । ਉਹ ਜਿੰਨਾ ਚਿਰ ਕਰੜੇ ਜ਼ਬਤ ਵਿਚ ਰਹਿੰਦਾ ਹੈ ਭਲਾ ਵਰਤਾਰਾ ਕਰਦਾ ਹੈ । ਪਰ ਜਦੋਂ ਇਸ ਜ਼ਬਤ ਤੋਂ ਛੁਟਕਾਰਾ ਪਾਉਂਦਾ ਹੈ ਤਾਂ ਝਟ ਉਹ ਆਪਣੀਆਂ ਪਸ਼ੂ ਬਿਰਤੀਆਂ ਨੂੰ ਤ੍ਰਿਪਤ ਕਰਨ ਵਿਚ ਅੱਖਾਂ ਬੰਦ ਕਰ ਕੇ ਲੱਗ ਜਾਂਦਾ ਹੈ । ਜਿਸ ਬੱਚੇ ਨੂੰ ਮਾਰ ਕੁਟ ਕੇ ਦੂਜਿਆਂ ਲਈ ਸਾਊ ਬਣ ਕੇ ਦਸਣ ਦਾ ਅਭਿਆਸ ਕਰਾਇਆ ਜਾਂਦਾ ਹੈ, ਉਹ ਅਸਲ ਵਿਚ ਸੁਖੀ ਨਹੀਂ ਹੁੰਦਾ । ਉਸ ਦਾ ਆਚਰਨ ਕਪਟੀ ਅਤੇ ਵਿਖਾਲੇ ਦਾ ਹੋ ਜਾਂਦਾ ਹੈ । ਸਖਤ ਜ਼ਬਤ ਵਿਚ ਪਲੇ ਹੋਏ ਬੱਚੇ ਹੀ ਉਪਰੋਂ ਭਲੇ ਪਰ ਅੰਦਰੋਂ ਖੋਟ ਨਾਲ ਭਰੇ ਹੋਏ ਹੁੰਦੇ ਹਨ । ਆਪਣੀ ਅੰਦਰਲੀ ਨੀਚਤਾ ਲੁਕਾਉਣ ਲਈ ਉਹ ਕਈ ਅਡੰਬਰ ਰਚਦੇ ਹਨ ।

ਡਰ-ਪਾਊ ਜ਼ਬਤ ਉਸ ਸਿਖਿਆ-ਵਿਧਾਨ ਦਾ ਸਹਿਯੋਗੀ ਹੈ ਜਿਸ ਅਨੁਸਾਰ ਬੱਚੇ
ਨੂੰ ਰੁੱਖੇ ਵਿਸ਼ੇ ਪੜ੍ਹਾਏ ਜਾਣੇ ਠੀਕ ਸਮਝੇ ਜਾਂਦੇ ਸਨ । ਬੱਚੇ ਦਾ ਪਾਠ-ਵਿਸ਼ਾ ਸੁਆਦੀ ਨਹੀਂ
ਹੁੰਦਾ ਸੀ । ਉਸ ਵਿਚ ਉਸ ਦੇ ਜੀਵਨ ਨਾਲ ਸਬੰਧ ਰਖਣ ਵਾਲੀ ਕੋਈ ਗਲ ਨਹੀਂ ਸੀ ਹੁੰਦੀ ।
ਉਸ ਨੂੰ ਇਸ ਗਲ ਦੀ ਕੋਈ ਸਮਝ ਨਹੀਂ ਸੀ ਪੈਂਦੀ ਜੋ ਉਹ ਇਹ ਅਮੁਕ ਗਲ ਇਸ ਲਈ
ਪੜ੍ਹ ਰਿ... ਾ ਹੈ । ਉਸ ਨੂੰ ਉਸਤਾਦ ਕੋਈ ਵਿਸ਼ਾ ਪੜ੍ਹਨ ਲਈ ਆਖਦਾ ਸੀ । ਇਸ ਲਈ ਉਹ
ਪਾਠ ਨੂੰ ਯ... ਾਦ ਕਰਦਾ ਸੀ । ਸਿਖਿਆ ਦਾ ਮਨੋਰਥ ਬਚਿਆਂ ਦੀ ਨਿਰੀ ਦਿਮਾਗੀ ਕਸਰਤ
ਕਰਾਉਣਾ ਹ... ੀ ਸੀ । ਅਜਿਹੀ ਹਾਲਤ ਵਿਚ ਬੱਚਾ ਪੜ੍ਹਾਈ ਵਿਚ ਮਨ ਨਹੀਂ ਸੀ
ਲਾ ਸਕਦਾ ਤੇ ... ਮਾਰਨ ਤੋਂ ਬਿਨਾਂ ਚਾਰਾ ਵੀ ਕੋਈ ਨਹੀਂ ਸੀ । ਇਸ ਸਿਖਿਆ-ਵਿਧਾਨ ਦਾ
ਮੂਲ ਅਧਾਰ ਬੱਚੇ ਦੇ ਮਨ ਵਿਚ ਡੰਡੇ ਦਾ ਡਰ ਹੀ ਸੀ । ਮਨੁਖ ਦਾ ਸੁਭਾ ਹੈ ਕਿ ਜਿਸ ਵਿਸ਼ੇ
ਵਲ ਉਹ ਲਗਾਤਾਰ ... ਧਿਆਨ ਦੇਵੇ ਉਹ ਸੁਆਦੀ ਬਣ ਜਾਂਦਾ ਹੈ । ਪਰ ਜੇ ਕਿਸੇ ਬਾਲਕ ਨੂੰ
ਕਿਸੇ ਵਿਸ਼ੇ ਵਿਚ ਮਨ ਲਾਉਣ ਲਈ ਬਾਰ ਬਾਰ ਕੁਟਿਆ ਜਾਵੇ ਉਹ ਸੁਆਦੀ ਬਣਨ ਦੀ
ਥਾਂ ਜੀਵਨ ਭਰ ਲਈ ... ਰੁੱਖਾ ਹੋ ਜਾਂਦਾ ਹੈ । ਅਜਿਹੀ ਹਾਲਤ ਵਿਚ ਉਹ ਉਸ ਵਿਸ਼ੇ ਦੀ
ਪਰੀਖਿਆ ਵਿਚ ਘੜੀ ਮੁ... ੜੀ ਫੇਲ ਹੁੰਦਾ ਅਤੇ ਜਦ ਸਕੂਲ ਛਡਦਾ ਹੈ ਤਾਂ ਉਸ ਵਿਸ਼ੇ ਬਾਰੇ
ਸੋਚਣਾ ਹੀ ਛਡ ਦਿੰਦਾ ਹੈ । ਜਿਹੜੇ ਬੱਚੇ ਡੰਡੇ ਦੇ ਡਰ ਨਾਲ ਪੜ੍ਹਾਏ ਜਾਂਦੇ ਹਨ ਉਹ ਪੜ੍ਹਾਈ
ਨੂੰ ਪਿਆਰ ਕਰਨ ਦੀ ਥਾਂ ਘਿ... ਰਨਾ ਕਰਨ ਲੱਗ ਜਾਂਦ ਹਨ ।
ਜਿੱਥੇ ਡਰ-ਪਾਊ ਜ਼... ਤ ਸਫਲ ਹੁੰਦਾ ਹੈ ਉਥੇ ਉਹ ਬੱਚੇ ਦੇ ਵਿਅਕਤੀਤਵ ਨੂੰ ਖਤਮ
ਕਰ ਦਿੰਦਾ ਹੈ । ਉਹ ਉਸ ... ਨੂੰ ਜੀਵਨ ਭਰ ਲਈ ਸਹਿਮਿਆ ਸਹਿਮਿਆ ਅਤੇ ਨਿਕੰਮਾ

ਬਣਾ ਦਿੰਦਾ ਹੈ।

## ਪਰਭਾਵ-ਪਾਊ ਜ਼ਬਤ

ਪਰਭਾਵ-ਪਾਊ ਜ਼ਬਤ ਉਹ ਜਿਸ ਨਾਲ ਬੱਚਾ ਦੰਡ ਦੇ ਡਰ ਦੀ ਥਾਂ, ਉਸਤਾਦ ਦਾ ਕਹਿਣਾ, ਉਸ ਵਿਚ ਸ਼ਰਧਾ ਹੋ ਜਾਣ ਕਰ ਕੇ ਮੰਨਦਾ ਹੈ। ਉਸਤਾਦ ਜੋ ਕੁਝ ਕਹਿੰਦਾ ਹੈ ਉਸ ਨੂੰ ਬੜੀ ਸ਼ਰਧਾ ਨਾਲ ਸੁਣਦਾ ਹੈ ਤੇ ਚਾਈਂ ਚਾਈਂ ਯਾਦ ਕਰਦਾ ਹੈ। ਆਪਣੇ ਉਸਤਾਦ ਦੀ ਵਿਦਿਆ ਵੇਖ ਵੇਖ ਬੱਚੇ ਦੰਗ ਰਹਿ ਜਾਂਦੇ ਹਨ, ਅਤੇ ਉਸ ਦੇ ਆਦਰਸ਼ਕ ਚਲਣ ਅੱਗੇ ਸਦਾ ਆਪਣਾ ਮੱਥਾ ਝੁਕਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਦੇ ਇਕ ਆਦਰਸ਼ਕ ਉਸਤਾਦ ਬਾਰੇ ਸਿਨਕਲੇਅਰ ਲਿਖਦਾ ਹੈ ਕਿ ਉਸ ਦੇ ਵਿਦਿਆਰਥੀਆਂ ਨੂੰ ਉਸ ਦੀ ਵਿਦਵਤਾ ਵਿਚ ਇੰਨਾ ਵਿਸ਼ਵਾਸ਼ ਸੀ ਅਤੇ ਉਸ ਦੇ ਵਿਚਾਰਾਂ ਲਈ ਇੰਨੀ ਸ਼ਰਧਾ ਸੀ ਕਿ ਜਦ ਉਸ ਤੋਂ ਨਿਖੜਦੇ ਤਾਂ ਆਪ ਸੋਚਣ ਦੀ ਪਰਵਾਹ ਨਹੀਂ ਕਰਦੇ ਸਨ। ਉਹ ਆਪਣੇ ਗੁਰੂ ਦੇ ਕਢੇ ਨਿਚੋੜਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੁੰਦੇ ਸਨ ਕਿਉਂ ਜੁ ਉਸ ਦੀ ਬੁਧੀ ਉਨ੍ਹਾਂ ਤੋਂ ਇੰਨੀ ਵਧ ਚੜ੍ਹ ਕੇ ਸੀ ਕਿ ਉਹ ਜਾਣਦੇ ਸਨ ਕਿ ਉਸ ਦੀ ਚਤੁਰ ਬੁਧੀ ਨੂੰ ਉਹ ਕਦੇ ਵੀ ਨਹੀਂ ਪਹੁੰਚ ਸਕਦੇ। ਇਸ ਹਾਲਤ ਵਿਚ ਜ਼ਬਤ ਨੂੰ ਬਣਾਈ ਰਖਣ ਵਿਚ ਉਸਤਾਦ ਦੀ ਵਿਦਿਆ ਅਤੇ ਚਲਣ ਦਾ ਭਾਰੀ ਪਰਭਾਵ ਹੁੰਦਾ ਹੈ। ਉਸਤਾਦ ਜਿੰਨਾ ਵਧੇਰੇ ਬਚਿਆਂ ਵਿਚ ਆਪਣੇ ਲਈ ਸ਼ਰਧਾ ਪੈਦਾ ਕਰ ਸਕਦਾ ਹੈ ਉੱਨਾ ਵਧੇਰੇ ਉਹ ਜ਼ਬਤ ਕਾਇਮ ਰਖਣ ਵਾਲਾ ਹੁੰਦਾ ਹੈ। ਅਜ ਦੇ ਸਮੇਂ ਵਿਚ ਡਰ-ਪਾਊ ਜ਼ਬਤ ਮਨੋ-ਵਿਗਿਆਨ ਦੇ ਉਲਟ ਸਮਝਿਆ ਜਾਂਦਾ ਹੈ। ਪਰਭਾਵ-ਪਾਊ ਜ਼ਬਤ ਹੀ ਵਧੇਰੇ ਪਸੰਦ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਜ਼ਬਤ ਲਈ ਸਮੂਹੇ ਸਕੂਲ ਦਾ ਵਾਤਾਵਰਨ ਚੰਗਾ ਹੋਣਾ ਲੋੜੀਂਦਾ ਹੈ। ਕਿਸੇ ਵੀ ਉਸਤਾਦ ਦਾ ਕਿਸੇ ਵਿਸ਼ੇਸ਼ ਬਾਲਕ ਉਤੇ ਪਰਭਾਵ ਪਾਉਣਾ ਅਥਵਾ ਸਾਰੀ ਕਲਾਸ ਉਤੇ ਪਰਭਾਵ ਪਾਉਣਾ, ਉਸ ਦੀ ਸਕੂਲ ਵਿਚ ਬਣੀ ਸਮਾਜਿਕ ਹਾਲਤ ਉਤੇ ਨਿਰਭਰ ਹੈ। ਜੇ ਸਕੂਲ ਦਾ ਵਾਤਾਵਰਨ ਦੋਸ਼ ਵਾਲਾ ਹੈ ਤਾਂ ਉਸਤਾਦ ਦੀ ਵਿਦਿਆ ਅਤੇ ਚਲਣ ਨਿਰਦੋਸ਼ ਹੋਣ ਉਤੇ ਵੀ ਉਹ ਆਪਣੀ ਕਲਾਸ ਵਿਚ ਠੀਕ ਜ਼ਬਤ ਨਹੀਂ ਰਖ ਸਕਦਾ।

ਸਾਡੇ ਲਈ ਉਪਰ ਦੱਸੇ ਜ਼ਬਤ ਦੇ ਦੋਸ਼ਾਂ ਨੂੰ ਵੇਖਣਾ ਵੀ ਜ਼ਰੂਰੀ ਹੈ। ਪਰਭਾਵ-ਪਾਊ ਜ਼ਬਤ ਦਾ ਅਧਾਰ ਨਿਰਦੋਸ਼ਤਾ ਹੈ। ਜਦ ਬੱਚਾ ਉਸਤਾਦ ਨੂੰ ਆਪਣੇ ਤੋਂ ਸਭ ਗਲਾਂ ਵਿਚ ਵੱਡਾ ਵੇਖਦਾ ਹੈ ਤਾਂ ਉਹ ਉਸ ਦੇ ਕਹਿਣ ਵਿਚ ਚਲਦਾ ਹੈ ਉਸਦੇ ਮਨ ਉਤੇ ਉਸ[illegible] ਦਾ ਸਿੱਕਾ ਬੈਠ ਜਾਂਦਾ ਹੈ। ਇਸ ਵਿਚ ਇਕ ਤਰ੍ਹਾਂ ਦੀ ਮਾਨਸਿਕ ਗੁਲਾਮੀ ਦੀ ਸੰਭਾਵ[illegible] ਜਾਂਦੀ ਹੈ। ਜਦ ਬੱਚੇ ਵਿਚ ਆਪਣੇ ਆਪ ਸੋਚਣ, ਉਸਤਾਦ ਦੀਆਂ ਕਹੀਆਂ ਗਲਾਂ ਦੀ [illegible] ਪੜਤਾਲ ਕਰਨ ਦੀ ਆਦਤ ਨਹੀਂ ਪੈਂਦੀ ਤਾਂ ਉਹ ਪਰਭਾਵਸ਼ਾਲੀ ਵਿਅਕਤੀ ਬਨਣ ਦੀ ਥਾਂ ਦੂਜਿਆਂ ਉੱਤੇ ਅੰਧ-ਵਿਸ਼ਵਾਸ਼ ਰਖਣ ਵਾਲਾ ਵਿਅਕਤੀ ਬਣ ਜਾਂਦਾ ਹੈ। ਆਧੁਨਿਕ ਮਨੋ-ਵਿਗਿਆਨ ਦੇ ਕਥਨ ਅਨੁਸਾਰ ਪਰਭਾਵ-ਪਾਊ ਜ਼ਬਤ ਡਰ-ਪਾਊ ਜ਼ਬਤ ਤੋਂ ਵੀ ਭੈੜਾ ਹੈ। ਡਰ ਰਾਹੀਂ ਬੱਚੇ ਦੇ ਉਪਰਲੇ ਮਨ ਉੱਤੇ ਹੀ ਕਾਬੂ ਹੁੰਦਾ ਹੈ ਪਰ ਪਰਭਾਵ ਪਾਊ ਜ਼ਬਤ ਰਾਹੀਂ ਬੱਚੇ ਦੇ ਮਨ ਦੀਆਂ ਅੰਦਰਲੀਆਂ-ਤੈਹਾਂ ਗੁਲਾਮ ਬਣ ਜਾਂਦੀਆਂ ਹਨ। ਸਿਖਿਆ ਦਾ ਨਿਸ਼ਾਨਾ ਮਨੁਖ ਨੂੰ ਗੁਲਾਮ ਬਨਾਉਣਾ ਨਹੀਂ ਸਗੋਂ ਸੁਤੰਤਰ ਬਨਾਉਣਾ ਹੋਣਾ ਚਾਹੀਦਾ ਹੈ। ਦੂਜਿਆਂ ਦੇ ਵਿਚਾਰਾਂ ਦੀ ਗੁਲਾਮੀ ਕਰਨਾ ਸਰੀਰਕ ਗੁਲਾਮੀ ਕਰਨ ਨਾਲੋਂ ਕਿਤ ਵਧ ਭੈੜਾ ਹੈ।

ਰੱਪਾ ਘਟ ਹੋਵੇ ਉਸ ਨੂੰ ਆਦਰਸ਼ਕ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਦੇ ਜ਼ਬਤ ਦੇ ਭੈੜੇ ਨਤੀਜਿਆਂ ਵਲ ਇੰਗਲੈਂਡ ਦੇ ਪਰਸਿਧ ਸਿਖਿਆ-ਵਿਗਿਆਨੀ ਹਰਬਰਟ ਸਪੈਂਸਰ ਨੇ ਸਾਡਾ ਧਿਆਨ ਦਿਵਾਇਆ। ਵਧੇਰੇ ਦੰਡ ਵਾਲਾ ਵਾਤਾਵਰਨ ਬਚਿਆਂ ਵਿਚੋਂ ਸੁਤੰਤਰ ਸੋਚਣ ਦੀ ਸ਼ਕਤੀ ਖਿਚ ਲੈਂਦਾ ਹੈ। ਉਨ੍ਹਾਂ ਦੇ ਚਲਣ ਵਿਚ ਅਨੇਕਾਂ ਅਜਿਹੇ ਭੈੜ ਆ ਜਾਂਦੇ ਹਨ ਜਿਨ੍ਹਾਂ ਨੂੰ ਉਹ ਫਿਰ ਉਮਰ ਭਰ ਨਹੀਂ ਛਡ ਸਕਦੇ। ਸਖਤ ਜ਼ਬਤ ਵਿਚ ਪਲਿਆ ਬੱਚਾ ਅੱਗੇ ਚਲ ਕੇ ਜ਼ਾਲਮ ਅਤੇ ਆਪ ਮੁਹਾਰਾ ਪਿਤਾ ਜਾਂ ਉਸਤਾਦ ਬਣਦਾ ਹੈ। ਅਧੁਨਿਕ ਮਨੋ-ਵਿਗਿਆਨ ਨੇ ਡਰ-ਪਾਊ ਜ਼ਬਤ ਦੇ ਹੋਰ ਕਈ ਭੈੜਾਂ ਵਲ ਵੀ ਸਾਡਾ ਧਿਆਨ ਦਿਵਾਇਆ ਹੈ। ਇਸ ਦੇ ਸਦਕਾ ਬੱਚਾ ਉਪਰੋਂ ਉਪਰੋਂ ਬੀਬਾ ਬਣ ਜਾਂਦਾ ਹੈ, ਪਰ ਅੰਦਰ ਹੀ ਅੰਦਰ ਉਸ ਵਿਚ ਖੋਟੀਆਂ ਬਿਰਤੀਆਂ ਪਲਦੀਆਂ ਰਹਿੰਦੀਆਂ ਹਨ। ਕਿੰਨਿਆਂ ਹੀ ਬਚਿਆਂ ਵਿਚ ਚੋਰੀ ਕਰਨ, ਝੂਠ ਮਾਰਨ, ਛੋਟਿਆਂ ਬਚਿਆਂ ਨੂੰ ਮਾਰਨ ਕੁਟਣ ਆਦਿ ਦੀਆਂ ਭੈੜੀਆਂ ਵਾਦੀਆਂ ਕਰੜੇ ਜ਼ਬਤ ਵਿਚ ਰਹਿਣ ਕਰਕੇ ਹੀ ਪੈ ਜਾਂਦੀਆਂ ਹਨ। ਕਰੜੇ ਜ਼ਬਤ ਵਿਚ ਰਹਿਣ ਵਾਲੇ ਬਚਿਆਂ ਵਿਚ ਸ੍ਵੈ-ਕਾਬੂ ਦੀ ਸ਼ਕਤੀ ਨਹੀਂ ਆਉਂਦੀ। ਉਹ ਜਿੰਨਾ ਚਿਰ ਕਰੜੇ ਜ਼ਬਤ ਵਿਚ ਰਹਿੰਦਾ ਹੈ ਭਲਾ ਵਰਤਾਰਾ ਕਰਦਾ ਹੈ। ਪਰ ਜਦੋਂ ਇਸ ਜ਼ਬਤ ਤੋਂ ਛੁਟਕਾਰਾ ਪਾਉਂਦਾ ਹੈ ਤਾਂ ਝਟ ਉਹ ਆਪਣੀਆਂ ਪਸ਼ੂ ਬਿਰਤੀਆਂ ਨੂੰ ਤ੍ਰਿਪਤ ਕਰਨ ਵਿਚ ਅੱਖਾਂ ਬੰਦ ਕਰ ਕੇ ਲੱਗ ਜਾਂਦਾ ਹੈ। ਜਿਸ ਬੱਚੇ ਨੂੰ ਮਾਰ ਕੁਟ ਕੇ ਦੂਜਿਆਂ ਲਈ ਸਾਊ ਬਣ ਕੇ ਦਸਣ ਦਾ ਅਭਿਆਸ ਕਰਾਇਆ ਜਾਂਦਾ ਹੈ, ਉਹ ਅਸਲ ਵਿਚ ਸੁਖੀ ਨਹੀਂ ਹੁੰਦਾ। ਉਸ ਦਾ ਆਚਰਨ ਕਪਟੀ ਅਤੇ ਵਿਖਾਲੇ ਦਾ ਹੋ ਜਾਂਦਾ ਹੈ। ਸਖਤ ਜ਼ਬਤ ਵਿਚ ਪਲੇ ਹੋਏ ਬੱਚੇ ਹੀ ਉਪਰੋਂ ਭਲੇ ਪਰ ਅੰਦਰੋਂ ਖੋਟ ਨਾਲ ਭਰੇ ਹੋਏ ਹੁੰਦੇ ਹਨ। ਆਪਣੀ ਅੰਦਰਲੀ ਨੀਚਤਾ ਲੁਕਾਉਣ ਲਈ ਉਹ ਕਈ ਅਡੰਬਰ ਰਚਦੇ ਹਨ।

ਡਰ-ਪਾਊ ਜ਼ਬਤ ਉਸ ਸਿਖਿਆ-ਵਿਧਾਨ ਦਾ ਸਹਿਯੋਗੀ ਹੈ ਜਿਸ ਅਨੁਸਾਰ ਬੱਚੇ ਨੂੰ ਰੁੱਖੇ ਵਿਸ਼ੇ ਪੜ੍ਹਾਏ ਜਾਣੇ ਠੀਕ ਸਮਝੇ ਜਾਂਦੇ ਸਨ। ਬੱਚੇ ਦਾ ਪਾਠ-ਵਿਸ਼ਾ ਸੁਆਦੀ ਨਹੀਂ ਹੁੰਦਾ ਸੀ। ਉਸ ਵਿਚ ਉਸ ਦੇ ਜੀਵਨ ਨਾਲ ਸਬੰਧ ਰਖਣ ਵਾਲੀ ਕੋਈ ਗਲ ਨਹੀਂ ਸੀ ਹੁੰਦੀ। ਉਸ ਨੂੰ ਇਸ ਗਲ ਦੀ ਕੋਈ ਸਮਝ ਨਹੀਂ ਸੀ ਪੈਂਦੀ ਜੋ ਉਹ ਇਹ ਅਮੁਕ ਗਲ ਇਸ ਲਈ ਪੜ੍ਹ ਰਿਹਾ ਹੈ। ਉਸ ਨੂੰ ਉਸਤਾਦ ਕੋਈ ਵਿਸ਼ਾ ਪੜ੍ਹਨ ਲਈ ਆਖਦਾ ਸੀ। ਇਸ ਲਈ ਉਹ ਪਾਠ ਨੂੰ ਯਾਦ ਕਰਦਾ ਸੀ। ਸਿਖਿਆ ਦਾ ਮਨੋਰਥ ਬਚਿਆਂ ਦੀ ਨਿਰੀ ਦਿਮਾਗੀ ਕਸਰਤ ਕਰਾਉਣਾ ਹੀ ਸੀ। ਅਜਿਹੀ ਹਾਲਤ ਵਿਚ ਬੱਚਾ ਪੜ੍ਹਾਈ ਵਿਚ ਮਨ ਨਹੀਂ ਸੀ ਲਾ ਸਕਦਾ ਤਾਂ ਮਾਰਨ ਤੋਂ ਬਿਨਾਂ ਚਾਰਾ ਵੀ ਕੋਈ ਨਹੀਂ ਸੀ। ਇਸ ਸਿਖਿਆ-ਵਿਧਾਨ ਦਾ ਮੂਲ ਅਧਾਰ ਬੱਚੇ ਦੇ ਮਨ ਵਿਚ ਡੰਡੇ ਦਾ ਡਰ ਹੀ ਸੀ। ਮਨੁਖ ਦਾ ਸੁਭਾ ਹੈ ਕਿ ਜਿਸ ਵਿਸ਼ੇ ਵਲ ਉਹ ਲਗਾਤਾਰ ਧਿਆਨ ਦੇਵੇ ਉਹ ਸੁਆਦੀ ਬਣ ਜਾਂਦਾ ਹੈ। ਪਰ ਜੇ ਕਿਸੇ ਬਾਲਕ ਨੂੰ ਕਿਸੇ ਵਿਸ਼ੇ ਵਿਚ ਮਨ ਲਾਉਣ ਲਈ ਬਾਰ ਬਾਰ ਕੁਟਿਆ ਜਾਵੇ ਉਹ ਸੁਆਦੀ ਬਣਨ ਦੀ ਥਾਂ ਜੀਵਨ ਭਰ ਲਈ ਰੁਖਾ ਹੋ ਜਾਂਦਾ ਹੈ। ਅਜਿਹੀ ਹਾਲਤ ਵਿਚ ਉਹ ਉਸ ਵਿਸ਼ੇ ਦੀ ਪਰੀਖਿਆ ਵਿਚ ਘੜੀ ਮੁੜੀ ਫੇਲ ਹੁੰਦਾ ਅਤੇ ਜਦ ਸਕੂਲ ਛਡਦਾ ਹੈ ਤਾਂ ਉਸ ਵਿਸ਼ੇ ਬਾਰੇ ਸੋਚਣਾ ਹੀ ਛਡ ਦਿੰਦਾ ਹੈ। ਜਿਹੜੇ ਬੱਚੇ ਡੰਡੇ ਦੇ ਡਰ ਨਾਲ ਪੜ੍ਹਾਏ ਜਾਂਦੇ ਹਨ ਉਹ ਪੜ੍ਹਾਈ ਨੂੰ ਪਿਆਰ ਕਰਨ ਦੀ ਥਾਂ ਘਿਰਨਾ ਕਰਨ ਲੱਗ ਜਾਂਦ ਹਨ।

ਜਿੱਥੇ ਡਰ-ਪਾਊ ਜ਼ਬਤ ਸਫਲ ਹੁੰਦਾ ਹੈ ਉਥੇ ਉਹ ਬੱਚੇ ਦੇ ਵਿਅਕਤੀਤਵ ਨੂੰ ਖਤਮ ਕਰ ਦਿੰਦਾ ਹੈ। ਉਹ ਉਸ ਨੂੰ ਜੀਵਨ ਭਰ ਲਈ ਸਹਿਮਿਆ ਸਹਿਮਿਆ ਅਤੇ ਨਿਕੰਮਾ

ਬਣਾ ਦਿੰਦਾ ਹੈ।

## ਪਰਭਾਵ-ਪਾਊ ਜ਼ਬਤ

ਪਰਭਾਵ-ਪਾਊ ਜ਼ਬਤ ਉਹ ਜਿਸ ਨਾਲ ਬੱਚਾ ਦੰਡ ਦੇ ਡਰ ਦੀ ਥਾਂ, ਉਸਤਾਦ ਦਾ ਕਹਿਣਾ, ਉਸ ਵਿਚ ਸ਼ਰਧਾ ਹੋ ਜਾਣ ਕਰ ਕੇ ਮੰਨਦਾ ਹੈ। ਉਸਤਾਦ ਜੋ ਕੁਝ ਕਹਿੰਦਾ ਹੈ ਉਸ ਨੂੰ ਬੜੀ ਸ਼ਰਧਾ ਨਾਲ ਸੁਣਦਾ ਹੈ ਤੇ ਚਾਈਂ ਚਾਈਂ ਯਾਦ ਕਰਦਾ ਹੈ। ਆਪਣੇ ਉਸਤਾਦ ਦੀ ਵਿਦਿਆ ਵੇਖ ਵੇਖ ਬੱਚੇ ਦੰਗ ਰਹਿ ਜਾਂਦੇ ਹਨ, ਅਤੇ ਉਸ ਦੇ ਆਦਰਸ਼ਕ ਚਲਣ ਅੱਗੇ ਸਦਾ ਆਪਣਾ ਮੱਥਾ ਝੁਕਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਦੇ ਇਕ ਆਦਰਸ਼ਕ ਉਸਤਾਦ ਬਾਰੇ ਸਿਨਕਲੇਅਰ ਲਿਖਦਾ ਹੈ ਕਿ ਉਸ ਦੇ ਵਿਦਿਆਰਥੀਆਂ ਨੂੰ ਉਸ ਦੀ ਵਿਦਵਤਾ ਵਿਚ ਇੰਨਾ ਵਿਸ਼ਵਾਸ਼ ਸੀ ਅਤੇ ਉਸ ਦੇ ਵਿਚਾਰਾਂ ਲਈ ਇੰਨੀ ਸ਼ਰਧਾ ਸੀ ਕਿ ਜਦ ਉਸ ਤੋਂ ਨਿਖੜਦੇ ਤਾਂ ਆਪ ਸੋਚਣ ਦੀ ਪਰਵਾਹ ਨਹੀਂ ਕਰਦੇ ਸਨ। ਉਹ ਆਪਣੇ ਗੁਰੂ ਦੇ ਕਢੇ ਨਿਚੋੜਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੁੰਦੇ ਸਨ ਕਿਉਂ ਜੁ ਉਸ ਦੀ ਬੁਧੀ ਉਨ੍ਹਾਂ ਤੋਂ ਇੰਨੀ ਵਧ ਚੜ੍ਹ ਕੇ ਸੀ ਕਿ ਉਹ ਜਾਣਦੇ ਸਨ ਕਿ ਉਸ ਦੀ ਚਤੁਰ ਬੁਧੀ ਨੂੰ ਉਹ ਕਦੇ ਵੀ ਨਹੀਂ ਪਹੁੰਚ ਸਕਦੇ। ਇਸ ਹਾਲਤ ਵਿਚ ਜ਼ਬਤ ਨੂੰ ਬਣਾਈ ਰਖਣ ਵਿਚ ਉਸਤਾਦ ਦੀ ਵਿਦਿਆ ਅਤੇ ਚਲਣ ਦਾ ਭਾਰੀ ਪਰਭਾਵ ਹੁੰਦਾ ਹੈ। ਉਸਤਾਦ ਜਿੰਨਾ ਵਧੇਰੇ ਬਚਿਆਂ ਵਿਚ ਆਪਣੇ ਲਈ ਸ਼ਰਧਾ ਪੈਦਾ ਕਰ ਸਕਦਾ ਹੈ ਉੱਨਾ ਵਧੇਰੇ ਉਹ ਜ਼ਬਤ ਕਾਇਮ ਰਖਣ ਵਾਲਾ ਹੁੰਦਾ ਹੈ। ਅਜ ਦੇ ਸਮੇਂ ਵਿਚ ਡਰ-ਪਾਊ ਜ਼ਬਤ ਮਨੋ-ਵਿਗਿਆਨ ਦੇ ਉਲਟ ਸਮਝਿਆ ਜਾਂਦਾ ਹੈ। ਪਰਭਾਵ-ਪਾਊ ਜ਼ਬਤ ਹੀ ਵਧੇਰੇ ਪਸੰਦ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਜ਼ਬਤ ਲਈ ਸਮੂਹੇ ਸਕੂਲ ਦਾ ਵਾਤਾਵਰਨ ਚੰਗਾ ਹੋਣਾ ਲੋੜੀਂਦਾ ਹੈ। ਕਿਸੇ ਵੀ ਉਸਤਾਦ ਦਾ ਕਿਸੇ ਵਿਸ਼ੇਸ਼ ਬਾਲਕ ਉਤੇ ਪਰਭਾਵ ਪਾਉਣਾ ਅਥਵਾ ਸਾਰੀ ਕਲਾਸ ਉਤੇ ਪਰਭਾਵ ਪਾਉਣਾ, ਉਸ ਦੀ ਸਕੂਲ ਵਿਚ ਬਣੀ ਸਮਾਜਿਕ ਹਾਲਤ ਉਤੇ ਨਿਰਭਰ ਹੈ। ਜੇ ਸਕੂਲ ਦਾ ਵਾਤਾਵਰਨ ਦੋਸ਼ ਵਾਲਾ ਹੈ ਤਾਂ ਉਸਤਾਦ ਦੀ ਵਿਦਿਆ ਅਤੇ ਚਲਣ ਨਿਰਦੋਸ਼ ਹੋਣ ਉਤੇ ਵੀ ਉਹ ਆਪਣੀ ਕਲਾਸ ਵਿਚ ਠੀਕ ਜ਼ਬਤ ਨਹੀਂ ਰਖ ਸਕਦਾ।

ਸਾਡੇ ਲਈ ਉਪਰ ਦੱਸੇ ਜ਼ਬਤ ਦੇ ਦੋਸ਼ਾਂ ਨੂੰ ਵੇਖਣਾ ਵੀ ਜ਼ਰੂਰੀ ਹੈ। ਪਰਭਾਵ-ਪਾਊ ਜ਼ਬਤ ਦਾ ਅਧਾਰ ਨਿਰਦੋਸ਼ਤਾ ਹੈ। ਜਦ ਬੱਚਾ ਉਸਤਾਦ ਨੂੰ ਆਪਣੇ ਤੋਂ ਸਭ ਗਲਾਂ ਵਿਚ ਵੱਡਾ ਵੇਖਦਾ ਹੈ ਤਾਂ ਉਹ ਉਸ ਦੇ ਕਹਿਣ ਵਿਚ ਚਲਦਾ ਹੈ ਉਸਦੇ ਮਨ ਉਤੇ ਉਸਤਾਦ ਦਾ ਸਿੱਕਾ ਬੈਠ ਜਾਂਦਾ ਹੈ। ਇਸ ਵਿਚ ਇਕ ਤਰ੍ਹਾਂ ਦੀ ਮਾਨਸਿਕ ਗੁਲਾਮੀ ਦੀ ਸੰਭਾਵ[illegible] ਜਾਂਦੀ ਹੈ। ਜਦ ਬੱਚੇ ਵਿਚ ਆਪਣੇ ਆਪ ਸੋਚਣ, ਉਸਤਾਦ ਦੀਆਂ ਕਹੀਆਂ ਗਲਾਂ ਦੀ [illegible] ਪੜਤਾਲ ਕਰਨ ਦੀ ਆਦਤ ਨਹੀਂ ਪੈਂਦੀ ਤਾਂ ਉਹ ਪਰਭਾਵਸ਼ਾਲੀ ਵਿਅਕਤੀ ਬਣਨ ਦੀ ਥਾਂ ਦੂਜਿਆਂ ਉੱਤੇ ਅੰਧ-ਵਿਸ਼ਵਾਸ ਰਖਣ ਵਾਲਾ ਵਿਅਕਤੀ ਬਣ ਜਾਂਦਾ ਹੈ। ਆਧੁਨਿਕ ਮਨੋ-ਵਿਗਿਆਨ ਦੇ ਕਥਨ ਅਨੁਸਾਰ ਪਰਭਾਵ-ਪਾਊ ਜ਼ਬਤ ਡਰ-ਪਾਊ ਜ਼ਬਤ ਤੋਂ ਵੀ ਭੈੜਾ ਹੈ। ਡਰ ਰਾਹੀਂ ਬੱਚੇ ਦੇ ਉਪਰਲੇ ਮਨ ਉੱਤੇ ਹੀ ਕਾਬੂ ਹੁੰਦਾ ਹੈ ਪਰ ਪਰਭਾਵ ਪਾਊ ਜ਼ਬਤ ਰਾਹੀਂ ਬੱਚੇ ਦੇ ਮਨ ਦੀਆਂ ਅੰਦਰਲੀਆਂ-ਤੈਹਾਂ ਗੁਲਾਮ ਬਣ ਜਾਂਦੀਆਂ ਹਨ। ਸਿਖਿਆ ਦਾ ਨਿਸ਼ਾਨਾ ਮਨੁਖ ਨੂੰ ਗੁਲਾਮ ਬਨਾਉਣਾ ਨਹੀਂ ਸਗੋਂ ਸੁਤੰਤਰ ਬਨਾਉਣਾ ਹੋਣਾ ਚਾਹੀਦਾ ਹੈ। ਦੂਜਿਆਂ ਦੇ ਵਿਚਾਰਾਂ ਦੀ ਗੁਲਾਮੀ ਕਰਨਾ ਸਰੀਰਕ ਗੁਲਾਮੀ ਕਰਨ ਨਾਲੋਂ ਕਿਤ ਵਧ ਭੈੜਾ ਹੈ।

# ਬੰਧਨ-ਰਹਿਤ ਜ਼ਬਤ

ਬੰਧਨ-ਰਹਿਤ ਜ਼ਬਤ ਦਾ ਨਿਸ਼ਾਨਾ ਬੱਚੇ ਨੂੰ ਪੂਰਨ ਸੁਤੰਤਰਤਾ ਦੇਣਾ ਹੈ। ਉਸ ਨੂੰ ਨਾ ਸਰੀਰ ਕਰਕੇ ਗੁਲਾਮ ਬਣਾਇਆ ਜਾਵੇ ਨਾ ਮਨ ਕਰਕੇ। ਬਚਿਆਂ ਵਿਚ ਸੁਤੰਤਰ ਸੋਚਣ ਦੀ ਸ਼ਕਤੀ ਨੂੰ ਵਧਾਉਣਾ ਉਸਤਾਦ ਦਾ ਨਿਸ਼ਾਨਾ ਹੁੰਦਾ ਹੈ। ਇਸ ਤਰ੍ਹਾਂ ਦੇ ਜ਼ਬਤ ਵਿਚ ਵਿਸ਼ਵਾਸ਼ ਕਰਨ ਵਾਲਾ ਉਸਤਾਦ ਆਪਣੇ ਵਿਅਕਤਿਤਵ ਨੂੰ ਮਹੱਤਾ ਨਹੀਂ ਦਿੰਦਾ। ਉਹ ਸਚਿਆਈ ਨੂੰ ਮੁਖ ਰਖਦਾ ਹੈ। ਉਸਦਾ ਨਿਸ਼ਾਨਾ ਬਚਿਆਂ ਦੀ ਸੇਵਾ ਕਰਨਾ ਅਤੇ ਸਚਿਆਈ ਨੂੰ ਉਨ੍ਹਾਂ ਅੱਗੇ ਪਰਗਟ ਕਰਨਾ ਹੈ। ਉਹ ਜਿਥੋਂ ਤਕ ਹੋ ਸਕੇ ਨਿਰਪੱਖ ਹੋਕੇ ਕੰਮ ਨੂੰ ਕਰਦਾ ਹੈ। ਆਦਰਸ਼ਕ ਉਸਤਾਦ ਉਹ ਹੈ ਜਿਹੜਾ ਆਪਣੇ ਬਾਲਕਾਂ ਲਈ ਆਪਣਾ ਆਪ ਭੁਲ ਜਾਂਦਾ ਹੈ, ਜਿਹੜਾ ਆਪਣੇ ਵਿਚਾਰਾਂ ਨੂੰ ਮੱਹਤਾ ਦੇਣ ਦੀ ਥਾਂ ਆਪਣੇ ਬਾਲਕਾਂ ਦੇ ਵਿਚਾਰਾਂ ਨੂੰ ਮੱਹਤਾ ਦਿੰਦਾ ਹੈ। ਪਰਭਾਵ-ਪਾਉ ਜ਼ਬਤ ਵਿਚ ਵਿਸ਼ਵਾਸ਼ ਕਰਨ ਵਾਲਾ ਉਸਤਾਦ ਆਪਣੇ ਵਿਚਾਰਾਂ ਨੂੰ ਹੀ ਪਹਿਲ ਦਿੰਦਾ ਹੈ। ਆਪਣੇ ਵਿਚਾਰ ਨੂੰ ਆਦਰਸ਼ਕ ਵਿਚਾਰ ਮੰਨਦਾ ਹੈ। ਅਜਿਹਾ ਉਸਤਾਦ ਬਾਲਕਾਂ ਨਾਲ ਬਹਿਸ ਕਰਨ ਤੋਂ ਟਲਦਾ ਹੈ ਕਿਉਂਜੁ ਉਹ ਜਾਣਦਾ ਹੈ ਕਿ ਬਹਿਸ ਕਰਨ ਬਾਲਕਾਂ ਦੇ ਮਨ ਵਿਚ ਉਸਦਾ ਰਧ ਨਹੀਂ ਰਹੇਗੀ। ਸ਼ਰਧਾ ਬਣਾਈ ਰਖਣ ਲਈ, ਦੂਰ ਰਹਿਣਾ ਅਤੇ ਦੂਰ ਤੋਂ ਹੀ ਆਗਿਆ ਕਰਨਾ ਜ਼ਰੂਰੀ ਹੈ। ਬਚਿਆਂ ਨਾਲ ਵਧੇਰੇ ਨੇੜਤਾ ਪੈਦਾ ਕਰਨ ਨਾਲ ਆਗਿਆ ਕਰਨ ਵਾਲੇ ਦਾ ਪਰਭਾਵ ਘਟ ਜਾਂਦਾ ਹੈ।

ਜਦੋਂ ਤਕ ਬੱਚੇ ਉਸਤਾਦ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੇ ਅਤੇ ਜਦੋਂ ਤਕ ਉਹ ਉਸਤਾਦ ਬਾਰੇ ਅਚੰਭੇ ਵਿਚ ਰਹਿੰਦੇ ਹਨ ਉਦੋਂ ਤਕ ਹੀ ਉਸਤਾਦ ਦੀ ਸ਼ਰਧਾ ਉਨ੍ਹਾਂ ਦੇ ਮਨ ਵਿਚ ਬਣੀ ਰਹਿੰਦੀ ਹੈ। ਜਦ ਬੱਚੇ ਉਸਤਾਦ ਨੂੰ ਚੰਗੀ ਤਰ੍ਹਾਂ ਜਾਣ ਲੈਂਦੇ ਹਨ, ਉਸਦੀ ਬੁਧੀ ਨੂੰ ਚਰਚਾ ਕਰਕੇ ਤੋਲ ਮਾਪ ਲੈਂਦੇ ਹਨ ਅਤੇ ਕਦੇ ਕਦੇ ਆਪਣੀਆਂ ਉਕਤੀਆਂ ਯੁਕਤੀਆਂ ਨਾਲ ਉਸ ਨੂੰ ਹਰਾ ਲੈਂਦੇ ਹਨ ਤਾਂ ਉਸਤਾਦ ਲਈ ਉਨ੍ਹਾਂ ਦੀ ਸ਼ਰਧਾ ਘਟ ਜਾਂਦੀ ਹੈ। ਇਹੋ ਕਾਰਨ ਹੈ ਆਪਣੀ ਸ਼ਰਧਾ ਬਣਾਈ ਰਖਣ ਵਾਲੇ ਉਸਤਾਦ, ਬਚਿਆਂ ਨਾਲ ਨਾ ਬਹੁਤੀਆਂ ਗਲਾਂ ਕਰਦੇ ਹਨ ਅਤੇ ਨਾ ਉਨ੍ਹਾਂ ਨਾਲ ਕਿਸੇ ਗਲ ਤੇ ਬਹਿਸ ਕਰਦੇ ਹਨ।

ਪਰ ਇਸ ਤਰ੍ਹਾਂ ਦੇ ਵਿਹਾਰ ਨਾਲ ਉਸਤਾਦ ਦਾ ਭਾਵੇਂ ਨਾਂ ਵਡਾ ਬਣ ਜਾਵੇ ਪਰ ਬਾਲਕਾਂ ਨੂੰ ਹਾਨੀ ਪਹੁੰਚਦੀ ਹੈ। ਉਸਤਾਦ ਦੇ ਜੀਵਨ ਦਾ ਨਿਸ਼ਾਨਾ ਆਪਣਾ ਵਿਅਕਤਿਤਵ ਬਾਲਕਾਂ ਉਤੇ ਲੱਦਣਾਂ ਨਹੀਂ ਹੋਣਾ ਚਾਹੀਦਾ, ਉਨ੍ਹਾਂ ਦੇ ਵਿਅਕਤਿਤਵ ਨੂੰ ਵੱਡਾ ਕਰਨਾ ਹੋਣਾ ਚਾਹੀਦਾ ਹੈ। ਜਦ ਉਸਤਾਦ ਆਪਣੇ ਆਪ ਨੂੰ ਬਚਿਆਂ ਦੀ ਸੇਵਾ ਵਿਚ ਲਾ ਦਿੰਦਾ ਹੈ ਤਾਂ ਹੀ ਉਹ ਬਚਿਆਂ ਨੂੰ ਆਪਣੇ ਵਰਗਾ ਬਣਾ ਲੈਂਦਾ ਹੈ। ਉਸਤਾਦ ਨਾਲ ਬਹਿਸ ਕਰਨ ਵਾਲੇ, ਉਸਦੀਆਂ ਕਮਜ਼ੋਰੀਆਂ ਤੋਂ ਜਾਣੂ ਬੱਚੇ ਉਸਤਾਦ ਲਈ ਆਪਣੀ ਸ਼ਰਧਾ ਦਾ ਵਿਖਾਲਾ ਭਾਵੇਂ ਨਾ ਹੀ ਕਰਨ, ਉਹ ਉਸਨੂੰ ਆਪਣੇ ਮਨ ਹੀ ਮਨ ਵਿਚ ਪਿਆਰ ਜ਼ਰੂਰ ਕਰਦੇ ਹਨ। ਜੇ ਪਰਭਾਵ ਪਾਉ ਜ਼ਬਤ ਦਾ ਬਾਲਕਾਂ ਨਾਲ ਪਿਤਾ ਵਰਗਾ ਸਬੰਧ ਹੁੰਦਾ ਹੈ, ਤਾਂ ਬੰਧਨ-ਰਹਿਤ ਜ਼ਬਤ ਦਾ ਬੱਚੇ ਨਾਲ ਮਾਤਾ ਵਰਗਾ ਸਬੰਧ ਹੁੰਦਾ ਹੈ। ਇਸ ਵਿਚ ਡਰ ਲਈ ਕੋਈ ਥਾਂ ਨਹੀਂ ਹੁੰਦਾ। ਬੰਧਨ-ਰਹਿਤ ਜ਼ਬਤ ਬਚਿਆਂ ਵਿਚ ਆਪਣੇ ਪੈਰਾਂ ਤੇ ਖੜਨ ਦੀ ਲਾਲਸਾ ਪੈਦਾ ਕਰਦਾ ਹੈ। ਕਲਾਸ ਵਿਚ ਉਸਤਾਦ ਦਾ ਦਰਜਾ ਦਰਸ਼ਕ ਅਤੇ ਸਲਾਹਕਾਰ ਵਰਗਾ ਹੁੰਦਾ ਹੈ।

ਉਹ ਕਲਾਸ ਦੇ ਪਰਬੰਧ ਦਾ ਭਾਰ ਕਲਾਸ ਦੇ ਸਿਰ ਤੇ ਹੀ ਛਡ ਦਿੰਦਾ ਹੈ। ਡਾਕਟਰ ਹੋਮਰ-ਲੇਨ ਨੇ ਇਸ ਤਰ੍ਹਾਂ ਦਾ ਇਕ ਤਜਰਬਾ ਰੀਫਾਰਮੇਟਰੀ ਦੇ ਬਚਿਆਂ ਨਾਲ ਕੀਤਾ ਸੀ। ਇਹ ਬੱਚੇ ਕਿਸੇ ਨਾ ਕਿਸੇ ਤਰ੍ਹਾਂ ਦੇ ਅਪਰਾਧ ਕਰਕੇ ਦੰਡੇ ਗਏ ਸਨ। ਡਾਕਟਰ ਹੋਮਰਲੇਨ ਨੇ ਉਨ੍ਹਾਂ ਉਤੇ ਜ਼ਬਤ ਦੀ ਸਾਰੀ ਜ਼ਿਮੇਵਾਰੀ ਸੁਟਕੇ ਉਨ੍ਹਾਂ ਨੂੰ ਸੁਯੋਗ ਵਿਅਕਤੀ ਬਣਾ ਦਿੱਤਾ। ਉਨ੍ਹਾਂ ਦੀ ਰੀਫਾਰਮੇਟਰੀ ਦਾ ਨਾਂ 'ਨਵਾਂ ਪਰਜਾਤੰਤਰ' ਸੀ। ਇਸ ਨਵੇਂ ਪਰਜਾਤੰਤਰ ਵਿਚ ਉਸਦੇ ਨਾਗਰਿਕਾਂ ਅਰਥਾਤ ਕੈਦੀ ਬਚਿਆਂ ਦੇ ਉਸੇ ਤਰ੍ਹਾਂ ਦੇ ਅਧਿਕਾਰ ਸਨ ਜਿਹੋ ਜਹੇ ਕਿ ਸਧਾਰਨ ਪਰਜਾ ਤੰਤਰ ਵਿਚ ਹੁੰਦੇ ਹਨ। ਨਾਗਰਿਕਾਂ ਵਿਚ ਜ਼ਿਮੇਵਾਰੀਆਂ ਵੀ ਉਸੇ ਤਰ੍ਹਾਂ ਵੰਡੀਆਂ ਗਈਆਂ ਸਨ। ਹਰ ਨਾਗਰਿਕ ਨੂੰ ਆਪਣੀ ਰੋਟੀ ਕਮਾਉਣੀ ਪੈਂਦੀ ਸੀ, ਅਤੇ ਕਸੂਰ ਕਰਨ ਉਤੇ ਪਰਜਾਤੰਤਰ ਦੀ ਕੌਂਸਲ, ਅਰਥਾਤ ਬਾਲਕਾਂ ਦੀ ਚੁਣੀ ਸਭਾ ਰਾਹੀਂ ਸਜ਼ਾ ਮਿਲਦੀ ਸੀ। ਹੋਮਰਲੇਨ ਇਸ ਪਰਜਾਤੰਤਰ ਦੇ ਨਿਰੇ ਇਕ ਨਾਗਰਿਕ ਵਾਂਗ ਸਨ। ਉਹ ਬਚਿਆਂ ਉਤੇ ਰੁਹਬ ਨਹੀਂ ਸਨ ਚਾੜ੍ਹਦੇ ਅਤੇ ਨਾ ਕਿਸੇ ਬੱਚੇ ਨੂੰ ਮਾਰਦੇ ਕੁਟਦੇ। ਇਸ ਤਰ੍ਹਾਂ ਪਰਜਾਤੰਤਰ ਦੇ ਆਪਰਾਧੀ ਬੱਚਿਆਂ ਦੀਆਂ ਮਨ-ਬਿਰਤੀਆਂ ਵਿਚ ਅਚੰਭੇ ਭਰਿਆ ਪਰੀਵਰਤਨ ਆ ਗਿਆ। ਡਾਕਟਰ ਹੋਮਰਲੇਨ ਨੇ ਆਪਣੇ ਪਿਆਰ-ਭਰੇ ਵਿਹਾਰ ਨਾਲ ਕਈ ਪੁਰਾਣੇ ਆਪਰਾਧੀ ਬਚਿਆਂ ਦੀ ਅਪਰਾਧ ਦੀ ਮਨ-ਬਿਰਤੀ ਨੂੰ ਇਕ ਦਮ ਖਤਮ ਕਰ ਦਿਤਾ।

ਪਰ ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਕੀ ਸਾਡੀਆਂ ਸਧਾਰਨ ਸਕੂਲਾਂ ਦੇ ਉਸਤਾਦਾਂ ਵਿਚ ਉਹ ਯੋਗਤਾ ਹੈ ਜਿਹੜੀ ਡਾਕਟਰ ਹੋਮਰ ਲੇਨ ਵਿਚ ਸੀ? ਕੀ ਉਹ ਬਚਿਆਂ ਲਈ ਉੱਨੇ ਪਿਆਰ ਦਾ ਵਿਖਾਵਾ ਕਰ ਸਕਦੇ ਹਨ ਅਤੇ ਕੀ ਉਹ ਡਾਕਟਰ ਹੋਮਰਲੇਨ ਵਾਂਗ ਬੱਚਿਆਂ ਨੂੰ ਸੁਧਾਰਨ ਲਈ ਇੰਨਾ ਤਿਆਗ ਕਰ ਸਕਦੇ ਹਨ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਇਹੋ ਦਿੱਤਾ ਜਾ ਸਕਦਾ ਹੈ ਕਿ ਆਮ ਉਸਤਾਦ ਵਿਚ ਨਾ ਡਾਕਟਰ ਹੋਮਰਲੇਨ ਵਰਗੀ ਮਨੋ-ਵਿਗਿਆਨਿਕ ਅਤੇ ਹੋਰ ਯੋਗਤਾ ਹੋ ਸਕਦੀ ਹੈ ਅਤੇ ਨਾ ਉਨ੍ਹਾਂ ਵਿਚ ਬਾਲਕਾਂ ਲਈ ਇੰਨਾ ਪ੍ਰੇਮ ਹੀ ਹੁੰਦਾ ਹੈ। ਡਾਕਟਰ ਹੋਮਰ ਲੇਨ ਦੀ ਇਕ ਕਹਾਣੀ ਵਿਚ ਦਸਿਆ ਗਿਆ ਹੈ ਕਿ ਇਕ ਸ਼ਰਾਰਤੀ ਮੁੰਡੇ ਨੇ ਆਪਣੀ ਸ਼ਰਾਰਤ ਦਸਣ ਲਈ ਕੁਝ ਪਲੇਟਾਂ ਤੋੜ ਦਿਤੀਆਂ ਤਾਂ ਡਾਕਟਰ ਸਾਹਿਬ ਨੇ ਉਸ ਨੂੰ ਆਪਣੀ ਜੇਬੀ ਘੜੀ ਦਿਤੀ। ਇਸ ਉਤੇ ਉਹ ਮੁੰਡਾ ਚੁਪ ਜਿਵੇਂ ਬੁਤ ਬਣ ਗਿਆ ਹੋਵੇ। ਉਸ ਵਿਚ ਉਸ ਘੜੀ ਨੂੰ ਤੋੜਨ ਦੀ ਜਿਵੇਂ ਹਿੰਮਤ ਹੀ ਨਹੀਂ ਹੁੰਦੀ। ਇੰਨਾ ਹੀ ਨਹੀਂ ਪਿੱਛੋਂ ਉਸ ਨੇ ਮਿਹਨਤ ਕਰਕੇ ਉਨ੍ਹਾਂ ਸਾਰੀਆਂ ਤੋੜੀਆਂ ਪਲੇਟਾਂ ਦਾ ਮੁਲ ਭਰ ਦਿੱਤਾ। ਇਹ ਸਭ ਹੋਮਰਲੇਨ ਦੇ ਪਿਆਰ ਦਾ ਸਿੱਟਾ ਹੀ ਕਿਹਾ ਜਾ ਸਕਦਾ ਹੈ। ਭਗਵਾਨ ਬੁਧ ਨੇ ਜਿਵੇਂ ਆਪਣਾ ਪਿਆਰ ਵਿਖਾਕੇ ਅੰਗੁਲਿਮਾਲ ਦੇ ਹਿਰਦੇ ਵਿਚ ਤਬਦੀਲੀ ਲੈ ਆਂਦੀ ਸੀ ਅਤੇ ਉਸਨੂੰ ਇਕ ਡਾਕੂ ਤੋਂ ਸਾਧੂ ਬਣਾ ਦਿਤਾ, ਉਸੇ ਤਰ੍ਹਾਂ ਡਾਕਟਰ ਹੋਮਰਲੇਨ ਨੇ ਆਪਣੇ ਪਿਆਰ ਰਾਹੀਂ ਅਪਰਾਧੀ ਮੁੰਡੇ ਦੇ ਮਨ ਵਿਚ ਤਬਦੀਲੀ ਲੇ ਆਂਦੀ। ਆਦਰਸ਼ਕ ਉਸਤਾਦ ਹੋਮਰਲੇਨ ਵਰਗਾ ਹੀ ਹੁੰਦਾ ਹੈ। ਪਰ ਡਾਕਟਰ ਹੋਮਰਲੇਨ ਜੋ ਕੁਝ ਕਰ ਸਕਦਾ ਸੀ ਉਹ ਸਧਾਰਨ ਉਸਤਾਦ ਨਹੀਂ ਕਰ ਸਕਦਾ। ਡਾਕਟਰ ਹੋਮਰਲੇਨ ਜ਼ਬਤ ਲਈ ਸਜ਼ਾ ਦੇਣ ਦੇ ਬੜੇ ਵਿਰੋਧੀ ਸਨ। ਸਧਾਰਨ ਉਸਤਾਦ ਦੰਡ ਨੂੰ ਹਰ ਤਰ੍ਹਾਂ ਨਾਲ ਆਪਣੀ ਜ਼ਬਤ-ਪਰਨਾਲੀ ਵਿਚੋਂ ਨਹੀਂ ਕਢ ਸਕਦਾ। ਸਧਾਰਨ ਉਸਤਾਦ ਲਈ ਇਹੋ ਕਾਫੀ ਹੈ ਕਿ ਉਹ ਬੱਚਿਆਂ ਦੀ ਸੁਤੰਤਰਤਾ ਵਿਚ ਬੇਲੋੜਾ ਰੋੜਾ ਨਾ ਬਣ ਜਾਏ, ਪਰ ਜਦ ਲੋੜ ਪੈ ਜਾਵੇ ਤਾਂ ਉਸਨੂੰ ਸਕੂਲ ਦੀ ਜ਼ਿਮੇਦਾਰੀ ਤੋਂ ਆਪਣੇ ਆਪ ਨੂੰ ਅਜ਼ਾਦ ਨਹੀਂ ਸਮਝਣਾ ਚਾਹੀਦਾ। ਚੰਗੀ ਗਲ ਤਾਂ ਇਹ ਹੈ ਕਿ ਉਸਤਾਦ

ਆਪਣੇ ਵਿਅਕਤਿਤਵ ਦੇ ਪਰਭਾਵ ਤੋਂ ਹੀ ਕੰਮ ਲਵੇ, ਪਰ ਜੇ ਇਸ ਤੋਂ ਕੰਮ ਨਾ ਚੱਲੇ ਤਾਂ ਉਸਨੂੰ ਦੰਡ ਦੀ ਵਰਤੋਂ ਕਰਨੀ ਚਾਹੀਦੀ ਹੈ। ਸਕੂਲ ਵਿਚ ਉਹ ਆਪਾ ਧਾਪੀ ਦੇ ਸਾਮਰਾਜ ਦੀ ਸਥਾਪਣਾ ਨਹੀਂ ਕਰ ਸਕਦਾ।

ਦੂਜੀ ਗਲ ਸਾਨੂੰ ਇਹ ਧਿਆਨ ਵਿਚ ਰਖਣੀ ਹੈ ਕਿ ਸਕੂਲ ਵਿਚ ਸੁਤੰਤਰਤਾ ਦਾ ਅਰਥ ਨਿਯਮ-ਬੱਧ ਜੀਵਨ ਦਾ ਅਭਾਵ ਮੰਨ ਲਿਆ ਜਾਂਦਾ ਹੈ। ਜਿਨ੍ਹਾਂ ਬਚਿਆਂ ਨੂੰ ਸਖ਼ਤ ਕਾਬੂ ਵਿਚ ਰਹਿਣ ਦਾ ਅਭਿਆਸ ਹੋ ਜਾਂਦਾ ਹੈ ਉਹ, ਖਾਸ ਕਰਕੇ, ਸਕੂਲ ਦੀ ਸੁਤੰਤਰਤਾ ਦਾ ਅਰਥ ਆਪਣੇ ਲਈ ਮਨ ਆਈਆਂ ਕਰਨ ਦੀ ਛੁਟੀ ਮਿਲ ਗਈ ਸਮਝ ਲੈਂਦੇ ਹਨ। ਸ੍ਰੀ ਜੇਮਜ਼ ਰਾਸ ਦੇ ਹੇਠ ਲਿਖੇ ਕਥਨ ਨਾਲ ਹਰ ਤਜਰਬੇਕਾਰ ਉਸਤਾਦ ਸਹਿਮਤ ਹੋਵੇਗਾ—"ਸੁਤੰਤਰਤਾ ਦਾ ਅਰਥ ਮਨ-ਮਰਜ਼ੀ ਦਾ ਕੰਮ ਕਰਨ ਤੋਂ ਲੈ ਲਿਆ ਜਾਣ ਦਾ ਸਦਾ ਡਰ ਹੈ। ਇਸ ਤਰ੍ਹਾਂ ਦੀ ਸੁਤੰਤਰਤਾ, ਸੁਤੰਤਰਤਾ ਨਹੀਂ ਹੈ ਮਨ—ਆਈ ਕਰਨਾ ਹੈ। ਜਦ ਵਿਅਕਤੀ ਦੇ ਆਦਰਸ਼ ਬਣ ਜਾਂਦੇ ਹਨ ਅਤੇ ਉਨ੍ਹਾਂ ਦੇ ਚਲਣ ਦੀ ਉਸਾਰੀ ਹੋ ਜਾਂਦੀ ਹੈ ਅਤੇ ਦ੍ਰਿੜ੍ਹ-ਇੱਛਾ ਸ਼ਕਤੀ ਦੀ ਨੀਂਹ ਬਝ ਜਾਂਦੀ ਹੈ ਤਾਂ ਉਹ ਆਪਣੀਆਂ ਕੁਦਰਤੀ ਬਿਰਤੀਆਂ ਅਨੁਸਾਰ ਵਰਤਾਉ ਨਹੀਂ ਕਰਦਾ। ਅਸਲ ਵਿਚ ਇਸ ਤਰ੍ਹਾਂ ਦੀ ਸੁਤੰਤਰਤਾ ਨੂੰ ਤਿਆਗ ਕੇ ਹੀ ਆਪਣੇ ਮਨ ਦਾ ਮਾਲਕ ਬਣਦਾ ਹੈ। ਇਸ ਤਰ੍ਹਾਂ ਉਹ ਆਪਣੇ ਸਿਧਾਂਤ ਅਨੁਸਾਰ ਆਪਣੀਆਂ ਆਦਤਾਂ ਬਣਾਉਂਦਾ ਹੈ ਅਤੇ ਨੀਵੀਆਂ ਬਿਰਤੀਆਂ ਦੇ ਵੱਸ ਵਿਚ ਨਹੀਂ ਹੁੰਦਾ। ਸ੍ਵੈ-ਕਾਬੂ ਵਾਲੀ ਸੁਤੰਤਰਤਾ ਹੀ ਸੱਚੀ ਸੁਤੰਤਰਤਾ ਹੈ। ਜਿਹੜਾ ਵਿਅਕਤੀ ਇਹ ਸਮਝਦਿਆਂ ਨਿਯਮਾਂ ਦਾ ਪਾਲਣ ਕਰਦਾ ਹੈ ਕਿ ਨਿਯਮ ਉਸ ਦੇ ਆਪਣੇ ਬਣਾਏ ਹੋਏ ਹੀ ਹਨ, ਉਹ ਹੀ ਅਸਲ ਵਿਚ ਸੁਤੰਤਰ ਹੈ।"*

ਅਧਿਆਪਕਾਂ ਨੂੰ ਚਾਹੀਦਾ ਹੈ ਜਿੰਨੀ ਹੋ ਸਕੇ ਬਚਿਆਂ ਨੂੰ ਸੁਤੰਤਰਤਾ ਦੇਣ ਪਰ ਉਹ ਸੁਤੰਤਰਤਾ ਸਾਰੀ ਜਮਾਤ ਲਈ ਹਾਨੀਕਾਰਕ ਨਾ ਹੋਵੇ। ਅੰਤ ਵਿਚ ਉਹ ਬੱਚੇ ਵਿਚ ਇੰਨੀ ਯੋਗਤਾ ਭਰ ਦੇਵੇ ਕਿ ਉਹ ਸਭ ਗਲਾਂ ਨੂੰ ਠੀਕ ਤਰ੍ਹਾਂ ਸਮਝ ਸਕੇ ਅਤੇ ਠੀਕ ਗਲ ਨੂੰ ਗ੍ਰਹਿਣ

---

*There is always the danger of interpreting the cry of freedom to follow any and every inclination to action that may arise in the mind. Such freedom, let us repeat, is mere licence. When ideals have been accepted, when character has been formed, and the basis of a strong will established, the individual no longer considers himself free to follow stray impulses. It is rather by denying himself such freedom that he becomes a master in his own house, achieving the higher freedom to follow the light that is in him unhampered by the chains of lower nature. Self discipline is the only freedom worth the name. "That man is free who is conscious of himself as the author of the law which he obeys.

— *Groundwork of Educational Theory*, P. 170.

ਕਰ ਲਵੇ ਅਤੇ ਗਲਤ ਨੂੰ ਛਡ ਦੇਵੇ। ਇਸ ਗਲ ਦਾ ਧਿਆਨ ਰਖਣਾ ਵੀ ਜ਼ਰੂਰੀ ਹੈ ਕਿ ਸਾਰੇ ਉਸਤਾਦਾਂ ਨੂੰ ਇਕੋ ਜਿਹਾ ਜ਼ਬਤ ਰਖਣ ਦੀ ਯੋਗਤਾ ਨਹੀਂ ਹੁੰਦੀ। ਕਿਸੇ ਵਿਚ ਆਪਣੇ ਵਿਅਕਤਿਤਵ ਸਦਕਾ ਵਧੇਰੇ ਜ਼ਬਤ ਰਖਣ ਦੀ ਯੋਗਤਾ ਹੁੰਦੀ ਹੈ ਅਤੇ ਕਿਸੇ ਵਿਚ ਘਟ। ਇਸ ਲਈ ਅਸੀਂ ਇਹ ਆਸ ਨਹੀਂ ਕਰਦੇ ਕਿ ਸਾਰੇ ਉਸਤਾਦ ਇਕੋ ਜਿਹਾ ਜ਼ਬਤ ਬਚਿਆਂ ਵਿਚ ਰਖ ਸਕਣਗੇ।*

ਉਪਰ ਕਹੀ ਗਲ ਤੋਂ ਸਪਸ਼ਟ ਹੈ ਕਿ ਬੱਚਿਆਂ ਨੂੰ ਪੂਰੀ ਸੁਤੰਤਰਤਾ ਨਹੀਂ ਦਿੱਤੀ ਜਾ ਸਕਦੀ। ਇਸ ਤਰ੍ਹਾਂ ਦੀ ਸੁਤੰਤਰਤਾ ਦੇਣਾ ਉਸ ਨਾਲ ਨਿਆਏ ਕਰਨਾ ਨਹੀਂ, ਸਗੋਂ ਅਨਿਆਏ ਕਰਨਾ ਹੈ। ਬੱਚਿਆਂ ਨੂੰ ਜਦ ਸੁਤੰਤਰਤਾ ਦੇ ਦਿਤੀ ਜਾਂਦੀ ਹੈ ਤਾਂ ਉਹ ਆਮ ਕਰਕੇ ਉਸ ਦੀ ਠੀਕ ਵਰਤੋਂ ਕਰਨ ਦੀ ਥਾਂ ਆਪਣੇ ਆਪ ਨੂੰ ਸੁਖੀ ਬਨਾਉਣ ਵਿਚ ਖਰਚ ਕਰ ਦਿੰਦੇ ਹਨ, ਦੂਸਰੇ ਬਹੁਤੇ ਬੱਚੇ ਹੋਰਨਾਂ ਦਾ ਇੱਨਾ ਧਿਆਨ ਨਾ ਕਰਦੇ, ਅਜਿਹੇ ਕੰਮ ਕਰਨ ਲਈ ਲਈ ਤਿਆਰ ਹੋ ਜਾਂਦੇ ਹਨ ਜਿਨ੍ਹਾਂ ਨਾਲ ਹੋਰ ਬਚਿਆਂ ਨੂੰ ਦੁਖ ਪਹੁੰਚਦਾ ਹੋਵੇ। ਉਸਤਾਦ ਦਾ ਕਾਬੂ ਸਾਰੇ ਬਚਿਆਂ ਦੇ ਭਲੇ ਲਈ ਹੁੰਦਾ ਹੈ। ਉਸਤਾਦ ਕਰਕੇ ਹੀ ਬੱਚਿਆਂ ਦੀਆਂ ਪਸ਼ੂ ਬਿਰਤੀਆਂ ਦੱਬੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਦਾ ਪਰਗਟਾਅ ਦੂਜਿਆਂ ਨੂੰ ਦੁਖੀ ਕਰਨ ਵਿਚ ਨਹੀਂ ਹੁੰਦਾ। ਸ੍ਰੀ ਜੇਮਜ਼ ਸਲੀ ਦੇ ਹੇਠ ਲਿਖੇ ਕਥਨ ਵਿਚ ਮੌਲਿਕ ਸਚਿਆਈ ਹੈ ਬੱਚਿਆਂ ਵਿਚ ਉਨ੍ਹਾਂ ਗਲਾਂ ਦੀ ਬਹੁਲਤਾ ਹੁੰਦੀ ਹੈ ਜਿਹੜੀਆਂ ਅਸੀਂ ਨੀਵੀਂ ਸ਼੍ਰੇਣੀ ਦੇ ਪਸ਼ੂਆਂ ਵਿਚ ਵੇਖਦੇ ਹਾਂ। ਉਨ੍ਹਾਂ ਦੀਆਂ ਸਾਰੀਆਂ ਰੀਝਾਂ ਆਪਣੇ ਆਪ ਨੂੰ ਸੰਤੁਸ਼ਟ ਕਰਨ ਲਈ ਹੁੰਦੀਆਂ ਹਨ। ਹਰ ਬੱਚਾ ਬੜਾ ਸਵਾਰਥੀ ਅਤੇ ਲਾਲਚੀ ਹੁੰਦਾ ਹੈ ਅਤੇ ਉਹ ਸਾਰੀਆਂ ਚੀਜ਼ਾਂ ਨੂੰ ਆਪਣੀ ਵਰਤੋਂ ਵਿਚ ਲਿਆਉਣਾ ਚਾਹੁੰਦਾ ਹੈ। ਉਹ ਆਪਣੇ ਵਰਤੋਂ ਦੀਆਂ ਚੀਜ਼ਾਂ ਵਿਚ

---

*Let the teacher give the pupil as much rope as he can without disaster to the class as a whole but he mut retain in the last resort the power of interpretation and veto. Further it has to be noted that all teachers have not the same span of deligated authority. The amoun of freedom accorded to the class in the way of discipline has a definite relation to the qualtiy of the teacher concerned. "There is no sense in asking a man with "C" power to give the amount of freedom that is quite safe for one with an "A" power to give."

*Modern Developments in Educational Adams.* Practice, P. 214.

ਏਰਨਾ ਨੂੰ ਸਾਂਝੀ ਨਹੀਂ ਬਨਾਉਂਣਾ ਚਾਹੁੰਦਾ।*

ਉਪਰ ਕਹੇ ਕਥਨ ਤੋਂ ਸਪਸ਼ਟ ਹੈ ਕਿ ਬੱਚੇ ਨੂੰ ਪੂਰਨ ਸੁਤੰਤਰਤਾ ਦੇਣ ਨਾਲ ਨਾ ਉਸ ਦੀ ਨੁਧੀ ਦਾ ਵਿਕਾਸ ਹੋਵੇਗਾ ਨਾ ਉਸ ਦੇ ਚਲਣ ਦੀ ਪਰਪੱਕਤਾ। ਜੇਮਜ਼ ਸਲੀ ਦੇ ਵਿਚਾਰਾਂ ਦੀ ਪੁਸ਼ਟੀ ਅਸੀਂ ਇੰਗਲੈਂਡ ਦੇ ਪਰਸਿੱਧ ਸਿਖਿਆ ਮਨੋਵਿਗਿਆਨਿਕ ਬੈਂਜਾਮਿਨ ਡੰਬਿਲ ਦੇ ਹੇਠ ਲਿਖੇ ਕਥਨ ਵਿਚ ਵੀ ਪਾਉਂਦੇ ਹਾਂ :–

ਸਾਨੂੰ ਇਹ ਕਦੇ ਵੀ ਨਹੀਂ ਭੁਲ ਜਾਣਾ ਚਾਹੀਦਾ ਕਿ ਬੱਚਿਆਂ ਨੂੰ ਪੂਰਨ ਸੁਤੰਤਰਤਾ ਦੇਣਾ ਅਸੰਭਵ ਹੈ। ਅਸੀਂ ਚਾਹੁੰਦੇ ਹਾਂ ਕਿ ਬੱਚਾ ਸਭਯ ਜੀਵਨ ਦੇ ਨਿਯਮਾਂ ਦੀ ਖੁਸ਼ੀ ਖੁਸ਼ੀ ਪਾਲਣਾ ਕਰੇ ਅਤੇ ਜਿੰਨੀ ਜ਼ਿਮੇਵਾਰੀ ਆਪਣੇ ਉਤੇ ਲੈ ਸਕੇ ਲਵੇ। ਇਹ ਚੰਗੀ ਗਲ ਹੈ ਕਿ ਅਸੀਂ ਕਰੜਾਈ ਤੋਂ ਬਿਨਾਂ ਹੀ ਬੱਚੇ ਉਤੇ ਕਾਬੂ ਰਖੀਏ ਅਤੇ ਹੁਕਮ ਦੀ ਥਾਂ ਇਸ਼ਾਰੇ ਤੋਂ ਕੰਮ ਲਈਏ। ਜਿਹੜੀਆਂ ਗਲਾਂ ਉਹ ਮਨ ਮਰਜ਼ੀ ਨਾਲ ਕਰ ਸਕਦਾ ਹੈ ਉਨ੍ਹਾਂ ਨੂੰ ਲਭਣਾ ਵੀ ਚੰਗਾ ਹੈ। ਪਰ ਸਾਨੂੰ ਸਦਾ ਇਹ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਜੇ ਅਸੀਂ ਮਾਨਸਿਕ ਧਾਰਾ ਨੂੰ ਲਾਭਵੰਦੀ ਬਣਾਉਣਾ ਚਾਹੁੰਦੇ ਹਾਂ ਤਾਂ ਉਸ ਦੇ ਪਰਵਾਹ ਉਤੇ ਕਿਸੇ ਨਾ ਕਿਸੇ ਤਰ੍ਹਾਂ ਦਾ ਕਾਬੂ ਰਖਣਾ ਜ਼ਰੂਰੀ ਹੈ। ਕਦੇ ਕਦੇ ਬੱਚਾ ਸਾਡੇ ਇਸ਼ਾਰੇ ਅਨੁਸਾਰ ਨਹੀਂ ਚਲਦਾ, ਭਾਵੇਂ ਕਿੰਨਾ ਹੀ ਯਤਨ ਕਿਉਂ ਨਾ ਕਰ ਲਿਆ ਜਾਵੇ। ਅਜਿਹੀ ਹਾਲਤ ਵਿਚ ਜੇ ਅਸੀਂ ਬੱਚੇ ਨੂੰ ਆਪਣੇ ਆਪ ਤੇ ਛਡ ਦੇਈਏ ਤਾਂ ਉਸ ਦਾ ਸੁਭਾ ਉਸ ਨੂੰ ਸੁਖ ਅਰਥਾਤ ਨੀਵੇਂ ਪਾਸੇ ਵਲ ਲੈ ਜਾਵੇਗਾ। ਇਸ ਨਾਲ ਉਸ ਦੀ ਨਿਰੀ ਬੁਧੀ ਹੀ ਨਹੀਂ ਸਗੋਂ ਚਲਣ ਦੀ ਵੀ ਹਾਨੀ ਹੋਵੇਗੀ। ਇਸ ਨੂੰ ਰੋਕਣ ਲਈ ਕਦੇ ਕਦੇ ਬਾਲਕ ਉਤੇ ਰੁਹਬ

---

*"The most distant acquaintance with the first years of human life tells us that the young children have much in common with the lower animals, their characteristic passions and impulses are centred in the self and the satisfaction of its wants. What is, better marked, for example, than the boundless greed of the child, his keen desire to appropriate and enjoy whatever presents itself and to resent other's participation in such enjoyment."—*Studies in Childhood.*

ਪਾਉਣਾ ਅਤੇ ਕਰੜਾਈ ਨਾਲ ਕੰਮ ਲੈਣਾ ਜ਼ਰੂਰੀ ਹੋ ਜਾਂਦਾ ਹੈ ।*

ਸਲੀ, ਰਾਸ ਅਤੇ ਡੰਬਿਲ ਦੇ ਵਿਚਾਰਾਂ ਦੀ ਪੁਸ਼ਟੀ ਸੰਸਾਰ ਦੇ ਪਰਸਿਧ ਸਿਖਿਆ-ਵਿਗਿਆਨਿਕ ਸਰ ਟੀ. ਟੀ. ਨੱਨ ਰਾਹੀਂ ਕਹੇ ਸਿਖਿਆ ਸਿਧਾਂਤਾਂ ਵਿਚ ਪਾਈ ਜਾਂਦੀ ਹੈ। ਬੱਚੇ ਦੀ ਸੁਤੰਤਰਤਾ ਦਾ ਰਖਵਾਲਾ ਜਿੰਨਾ ਨੱਨ ਹੈ ਸ਼ਾਇਦ ਹੀ ਕੋਈ ਸਿਖਿਆ-ਵਿਗਿਆਨੀ ਹੋਵੇ । ਪਰ ਉਸ ਦਾ ਵੀ ਕਥਨ ਹੈ ਕਿ ਬੱਚੇ ਨੂੰ ਮੁਢ ਤੋਂ ਹੀ ਪੂਰਨ ਸੁਤੰਤਰਤਾ ਨਹੀਂ ਦਿਤੀ ਜਾ ਸਕਦੀ। ਜਦੋਂ ਤਕ ਬੱਚਾ ਆਪਣੇ ਪੈਰਾਂ ਤੇ ਖੜਾ ਹੋਣ ਦੇ ਯੋਗ ਨਹੀਂ ਹੁੰਦਾ ਆਪਣੀ ਸੁਤੰਤਰਤਾ ਦੀ ਠੀਕ ਵਰਤੋਂ ਨਹੀਂ ਕਰ ਸਕਦਾ, ਬੱਚੇ ਨੂੰ ਆਪਣੀ ਜ਼ਿਮੇਵਾਰੀ ਤੇ ਛਡ ਦੇਣਾ ਉਸ ਦਾ ਭਲਾ ਲੋਚਣਾ ਨਹੀਂ ਹੈ ਸਗੋਂ ਉਸ ਦਾ ਨੁਕਸਾਨ ਕਰਨਾ ਹੈ । ਸਮਾਜਿਕ ਸੰਸਥਾਵਾਂ ਇਸ ਲਈ ਹੀ ਬਣੀਆਂ ਹਨ ਕਿ ਉਨ੍ਹਾਂ ਰਾਹੀਂ ਵਿਅਕਤੀ ਦੀ ਸਿਖਿਆ ਹੋਵੇ ਅਤੇ ਉਹ ਇਸ ਤਰ੍ਹਾਂ ਦੂਜਿਆਂ ਦੀ ਸਹਾਇਤਾ ਨਾਲ ਸ੍ਵੈ-ਕਾਬੂ ਦੀ ਸ਼ਕਤੀ ਪਰਾਪਤ ਕਰੇ ।

ਉਪਰ ਜੋ ਕੁਝ ਕਿਹਾ ਜਾ ਚੁਕਿਆ ਹੈ ਉਸ ਦਾ ਨਿਚੋੜ ਇਹ ਹੀ ਹੈ ਕਿ ਬੱਚਾ ਜਦ ਤਕ ਆਪਣੇ ਸਮੇਂ ਦੀ ਭਲੀ ਵਰਤੋਂ ਕਰਨਾ ਨਹੀਂ ਸਿਖ ਲੈਂਦਾ ਅਤੇ ਜਦ ਤਕ ਉਹ ਆਪਣਾ ਆਚਰਨ ਇਸ ਤਰ੍ਹਾਂ ਦਾ ਨਹੀਂ ਬਣਾ ਲੈਂਦਾ ਕਿ ਉਸ ਨਾਲ ਦੂਜਿਆਂ ਨੂੰ ਕਿ ਕਿਸੇ ਤਰ੍ਹਾਂ

---

*"At the same time it must be borne in mind that complete freedom is impossible. We wish the child to accept cheerfully the necessary restrictions of civilized life, and to take as much responsibilities as he can manage. By all means let us govern without harshness, suggest rather than command, lead rather than drive. Let us above all, try to find out those things which are useful and which the child can and will do without compulsion. But let us remember that if the stream is to be of service in doing useful work, it must be to some extent controlled. In some cases the youthful psyche, try as we will, does not respond to our suggestion. In such cases if the child is left entirely free, "psychical gravitation" will keep it permanently on a low level, not only of knowledge and skill, but—what is still more to be deplored—of morality. Some amount of compulsion will at times be necessary".—*Fundamentals of Psychology*. P. 417.

ਦਾ ਦੁਖ ਨਾ ਪਹੁੰਚੇ ਉਦੋਂ ਤਕ ਉਸ ਨੂੰ ਜ਼ਬਤ ਵਿਚ ਰਖਣਾ ਬੜਾ ਜ਼ਰੂਰੀ ਹੈ । ਜਦ ਕੋ ਕੋਈ ਗਲਤੀ ਕਰੇ ਤਾਂ ਉਸ ਨੂੰ ਸਜ਼ਾ ਦੇਣੀ ਵੀ ਠੀਕ ਹੈ । ਜਿਹੜੇ ਉਸਤਾਦ ਬਚਿਆਂ ਮਨ-ਆਈਆਂ ਕਰਨ ਦੀ ਖੁਲ੍ਹ ਦੇ ਦਿੰਦੇ ਹਨ, ਉਹ ਉਨ੍ਹਾਂ ਦੇ ਚਲਣ ਨੂੰ ਵਿਗਾੜ ਦਿੰਦੇ ਹ ਇਸ ਲਈ ਬਾਲਕਾਂ ਦੇ ਭਲੇ ਲਈ ਹੀ ਉਨ੍ਹਾਂ ਨੂੰ ਨਿਯਮ ਭੰਗ ਕਰਨ ਉਤੇ ਝਾੜ ਝੰਬ ਦੇਣੀ ਸਰੀਰਕ ਸਜ਼ਾ ਵੀ ਦੇਣੀ ਜ਼ਰੂਰੀ ਹੁੰਦਾ ਹੈ। ਇੰਨਾ ਧਿਆਨ ਸਾਨੂੰ ਜ਼ਰੂਰ ਰਖਣਾ ਚਾਹੀਏ ਹੈ ਕਿ ਬਚਿਆਂ ਨੂੰ ਸਜ਼ਾ ਲੈਣ ਦੀ ਆਦਤ ਹੀ ਨਾ ਪੈ ਜਾਵੇ। ਘੜੀ ਮੁੜੀ ਸਜ਼ਾ ਮਿਲਣ ਬਚਿਆਂ ਨੂੰ ਸਜ਼ਾ ਲੈਣ ਦੀ ਆਦਤ ਵੀ ਪੈ ਜਾਂਦੀ ਹੈ। ਫਿਰ ਉਹ ਸਜ਼ਾ ਲੈਣ ਵਿਚ ਹੀ ਕਿ ਤਰ੍ਹਾਂ ਦਾ ਸੁਆਦ ਲੈਣ ਲੱਗ ਪੈਂਦੇ ਹਨ । ਇਸ ਤਰ੍ਹਾਂ ਬੱਚਿਆਂ ਦੇ ਚਲਣ ਦੀ ਪਕਿਆਈ ਹੋ ਦੀ ਥਾਂ ਚਲਣ ਵਿਚ ਵਿਗਾੜ ਪੈਦਾ ਹੋ ਜਾਂਦਾ ਹੈ ।

# ਪੰਜਵਾਂ ਪਰਕਰਣ

## ਸਿਖਾਈ-ਵਿਧੀ ਦੇ ਮੌਲਿਕ ਸਿਧਾਂਤ

ਅਸਾਂ ਪਿਛਲੇ ਪਰਕਰਨ ਵਿਚ ਪਾਠ-ਕਰਮ ਬਾਰੇ ਵਿਚਾਰ ਕੀਤਾ ਹੈ। ਪਾਠ-ਕਰਮ ਦਾ ਬਨਾਉਣਾ ਕੌਮੀ ਆਗੂਆਂ ਅਤੇ ਫਿਲਾਸਫਰਾਂ ਉਤੇ ਨਿਰਭਰ ਹੁੰਦਾ ਹੈ। ਸਾਧਾਰਨ ਉਸਤਾਦ ਦਾ ਇਸ ਵਿਚ ਜ਼ਰਾ ਵੀ ਹੱਥ ਨਹੀਂ ਹੁੰਦਾ। ਜਿਸ ਤਰ੍ਹਾਂ ਦਾ ਰਾਜ ਦੇ ਅਧਿਕਾਰੀ ਪਰੋਗਰਾਮ ਬਣਾਉਂਦੇ ਹਨ ਉਸ ਤਰ੍ਹਾਂ ਦਾ ਹੀ ਉਸਤਾਦ ਨੂੰ ਪੜ੍ਹਾਉਣਾ ਪੈਂਦਾ ਹੈ। ਉਸਤਾਦ ਉਸ ਦੇ ਪੜ੍ਹਾਉਣ ਵਿਚ ਥੋੜ੍ਹਾ ਬਹੁਤਾ ਹੇਰ ਫੇਰ ਕਰ ਸਕਦਾ ਹੈ ਪਰ ਇਸ ਬਾਰੇ ਉਹ ਵਧੇਰੇ ਕੁਝ ਨਹੀਂ ਕਰ ਸਕਦਾ। ਪਰ ਯੋਗ ਪਾਠ-ਕਰਮ ਬਣਾਉਣਾ; ਬਚਿਆਂ ਦੀ ਸਿਖਿਆ ਦੀ ਪਹਿਲੀ ਪੌੜੀ ਹੈ। ਪਾਠ-ਕਰਮ ਕਿੰਨਾ ਹੀ ਚੰਗਾ ਕਿਉਂ ਨਾ ਹੋਵੇ ਜੇ ਉਸ ਨੂੰ ਕਾਰਜ ਵਿਚ ਲਿਆਉਣ ਲਈ ਚੰਗੇ ਉਸਤਾਦ ਨਾ ਮਿਲਣ ਤਾਂ ਉਸ ਪਾਠ-ਕਰਮ ਤੋਂ ਕੌਮ ਨੂੰ ਵਧੇਰੇ ਲਾਭ ਨਹੀਂ ਹੋ ਸਕਦਾ। ਯੋਗ ਉਸਤਾਦ ਉਹ ਹੈ ਜਿਸ ਨੂੰ ਸਾਰਿਆਂ ਨੂੰ ਪੜ੍ਹਾਉਣ ਦੀ ਜਾਚ ਹੋ, ਪਾਠ-ਵਿਸ਼ੇ ਦੀ ਸਮਝ ਹੋ ਅਤੇ ਜਿਹੜਾ ਸਿਖਾਈ ਦੀ ਵਿਧੀ ਤੋਂ ਚੰਗੀ ਤਰ੍ਹਾਂ ਜਾਣੂ ਹੈ। ਇਸ ਪਰਕਰਨ ਵਿਚ ਅਸੀਂ ਸਿਖਾਈ-ਵਿਧੀ ਦੇ ਮੌਲਿਕ ਸਿਧਾਂਤਾਂ ਉਤੇ ਚਾਨਣ ਪਾਵਾਂਗੇ ਜਿਨ੍ਹਾਂ ਨੂੰ ਜਾਨਣਾ ਹਰ ਉਸਤਾਦ ਦਾ ਫਰਜ਼ ਹੈ ਅਤੇ ਜਿਨ੍ਹਾਂ ਨੂੰ ਜਾਣਨ ਨਾਲ ਉਹ ਆਪਣੀ ਬਾਲਕਾਂ ਨੂੰ ਸਿਖਿਆ ਦੇਣ ਦੀ ਯੋਗਤਾ ਵਧਾ ਸਕਦਾ ਹੈ। ਇਨ੍ਹਾਂ ਨਿਯਮਾਂ ਦਾ ਪਾਲਣ ਕਰਨ ਨਾਲ ਉਸਤਾਦ ਬਚਿਆਂ ਲਈ ਸਿਖਿਆ ਨੂੰ ਪਿਆਰਾ ਬਣਾ ਸਕਦਾ ਹੈ। ਜਿਹੜਾ ਉਸਤਾਦ ਸਿਖਾਈ ਵਿਧੀ ਨੂੰ ਜਾਣਦਾ ਹੈ ਉਹ ਹਰ ਪਾਠ ਨੂੰ ਇਸ ਤਰ੍ਹਾਂ ਪੜ੍ਹਾਉਂਦਾ ਹੈ ਕਿ ਬਚਿਆਂ ਦਾ ਮਨ ਉਸ ਤੋਂ ਕਦੇ ਵੀ ਨਹੀਂ ਉਕਤਾਉਂਦਾ। ਉਹ ਸਦਾ ਇਹ ਹੀ ਚਾਹੁੰਦੇ ਹਨ ਕਿ ਉਹ ਉਸ ਪਾਠ ਨੂੰ ਹੋਰ ਪੜ੍ਹਨ। ਜਦ ਬਚਿਆਂ ਦੀ ਕਿਸੇ ਪਾਠ ਵਿਚ ਰੁਚੀ ਜਾਗ ਉਠਦੀ ਹੈ ਤਾਂ ਉਨ੍ਹਾਂ ਨੂੰ ਪੜ੍ਹਾਈ ਦੀ ਟੱਲੀ ਬਤੀਤ ਹੁੰਦਿਆਂ ਪਤਾ ਨਹੀਂ ਚਲਦਾ।

ਆਪਣੀ ਸਿਖਾਈ-ਵਿਧੀ ਵਿਚ ਹਰ ਉਸਤਾਦ ਸੁਤੰਤਰ ਹੁੰਦਾ ਹੈ। ਇਕ ਉਸਤਾਦ ਕਿਸੇ ਪਾਠ ਨੂੰ ਕਿਸੇ ਢੰਗ ਨਾਲ ਸੁਆਦੀ ਬਣਾਉਂਦਾ ਹੈ ਅਤੇ ਦੂਜਾ ਹੋਰ ਢੰਗ ਨਾਲ। ਜਿਹੜਾ ਉਸਤਾਦ ਬਚਿਆਂ ਦੇ ਮਨ ਨੂੰ ਜਿੰਨਾ ਵਧੇਰੇ ਜਾਣਦਾ ਹੈ ਅਤੇ ਜਿਸ ਨੂੰ ਪੜ੍ਹਾਉਣ ਦਾ ਜਿੱਨਾ ਵਧੇਰੇ ਤਜਰਬਾ ਹੁੰਦਾ ਹੈ ਉੱਨਾ ਹੀ ਉਹ ਆਪਣੇ ਪਾਠ ਨੂੰ ਸੁਆਦੀ ਬਨਾਉਣ ਵਿਚ ਸਮਰੱਥ ਹੁੰਦਾ ਹੈ। ਪੜ੍ਹਾਉਣ ਦੀ ਵਿਧੀ ਵਿਚ ਹੇਰ ਫੇਰ ਕਰਨਾ ਉਸਤਾਦ ਦੀ ਮਰਜ਼ੀ ਉਤੇ ਨਿਰਭਰ ਹੈ। ਇਸ ਕੰਮ ਵਿਚ ਅਧਿਕਾਰੀ ਜਿੱਨਾ ਘਟ ਦਖਲ ਦਿੰਦੇ ਹਨ ਉੱਨਾ ਹੀ ਉਸਤਾਦ ਪੜ੍ਹਾਉਣ ਵਿਚ ਸਫਲ ਹੁੰਦਾ ਹੈ। ਜਿਹੜੇ ਉਸਤਾਦ ਸਿਖਾਈ ਦੀ ਵਿਸ਼ੇਸ਼ ਵਿਧੀ ਅਨੁਸਾਰ ਹੀ ਅਧਿਕਾਰੀਆਂ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ ਉਹ ਸਿਖਿਆ ਦੇ ਕੰਮ ਨੂੰ ਅਲੂਣਾ ਬਣਾ ਦਿੰਦੇ ਹਨ।

ਸਿਖਾਈ-ਵਿਧੀ ਦੀਆਂ ਹੇਠ ਲਿਖੀਆਂ ਚਾਰ ਸਮੱਸਿਆਵਾਂ ਹਨ—(੧) ਸਿਖਿਆ ਕਰਮ ਦੇ ਵਿਸ਼ਿਆਂ ਵਿਚੋਂ ਕਿਸ ਨੂੰ ਪਹਿਲਾਂ ਥਾਂ ਦੇਣਾ ਤੇ ਕਿਸ ਨੂੰ ਪਿਛੋਂ, (੨) ਕਿਥੋਂ ਤਕ ਪਾਠ-ਵਿਸ਼ਿਆਂ ਨੂੰ ਅੱਡ ਅੱਡ ਕਰ ਕੇ ਪੜ੍ਹਾਇਆ ਜਾਵੇ ਅਤੇ ਕਿਥੋਂ ਤਕ ਉਨ੍ਹਾਂ ਨੂੰ ਇਕ ਦੂਜੇ ਨਾਲ ਸਬੰਧਤ ਕਰ ਕੇ, (੩) ਕਿਸੇ ਵਿਸ਼ੇ ਦੇ ਵਖ ਵਖ ਵਰਨਣ ਨੂੰ ਕਿਸ ਕਰਮ ਅਨੁਸਾਰ ਪੜ੍ਹਾਉਣਾ ਠੀਕ ਹੋਵੇਗਾ ਅਤੇ (੪) ਕਿਸੇ ਪਾਠ ਨੂੰ ਪੜ੍ਹਾਉਣ ਵਿਚ ਪਾਠ-ਵਿਸ਼ੇ ਨੂੰ ਕਿਸ ਢੰਗ ਨਾਲ ਬਚਿਆਂ ਨੂੰ ਸਿਖਾਇਆ ਜਾਵੇ ਤਾਂ ਜੁ ਉਨ੍ਹਾਂ ਨੂੰ ਉਸ ਦੀ ਚੰਗੀ ਸਮਝ ਆ ਜਾਵੇ।

ਇਸ ਤਰ੍ਹਾਂ ਸਿਖਾਈ-ਵਿਧੀ ਦੀਆਂ ਚਾਰ ਮੁਖ ਸਮੱਸਿਆਵਾਂ ਹਨ—ਪਾਠ-ਵਿਸ਼ਿਆਂ ਦੇ ਕਰਮ ਨੂੰ ਬੰਨ੍ਹਣਾ, ਉਨ੍ਹਾਂ ਦਾ ਆਪਸ ਦਾ ਸਬੰਧ ਨਿਸਚੇ ਕਰਨਾ, ਵਿਸ਼ੇ ਦੇ ਵਖ ਵਖ ਵਰਨਣਾਂ ਦਾ ਕਰਮ ਬੰਨ੍ਹਣਾ ਅਤੇ ਸਿਖਾਈ ਦੇ ਢੰਗਾਂ ਨੂੰ ਨਿਸਚਿਤ ਕਰਨਾ। ਇਨ੍ਹਾਂ ਵਿਚੋਂ ਪਹਿਲੀਆਂ ਦੋ ਸਮੱਸਿਆਵਾਂ ਨੂੰ ਹੱਲ ਕਰਨਾ ਸਕੂਲ ਦੇ ਹੈਡਮਾਸਟਰ ਦਾ ਕੰਮ ਹੈ ਅਤੇ ਦੂਜੀਆਂ ਦੋ ਸਮੱਸਿਆਵਾਂ ਨੂੰ ਹੱਲ ਕਰਨਾ ਸਿਖਿਆ ਦੇਣ ਵਾਲੇ ਉਸਤਾਦ ਦਾ ਕੰਮ ਹੈ। ਇਸ ਪਰਕਰਨ ਵਿਚ ਪਿਛਲੀਆਂ ਦੋ ਸਮੱਸਿਆਵਾਂ ਉਤੇ ਹੀ ਚਾਨਣਾ ਪਾਇਆ ਜਾਵੇਗਾ।

## ਵਿਧੀ-ਪੂਰਬਕ ਸਿਖਾਈ ਦਾ ਸਰੂਪ

ਜਿਹੜਾ ਉਸਤਾਦ ਆਪਣੀ ਸਿਖਾਈ ਦੇ ਕੰਮ ਨੂੰ ਵਿਧੀ ਪੂਰਬਕ ਕਰਦਾ ਹੈ, ਉਹ ਆਪਣੇ ਵਿਚਾਰਾਂ ਨੂੰ ਪਹਿਲਾਂ ਤੋਂ ਹੀ ਠੁਕ ਸਿਰ ਜੋੜ ਲੈਂਦਾ ਹੈ। ਵਿਚਾਰਾਂ ਨੂੰ ਠੁਕ ਸਿਰ ਜੋੜਨ ਲਈ ਉਸਨੂੰ ਤਿੰਨ ਗੱਲਾਂ ਧਿਆਨ ਵਿਚ ਰਖਣੀਆਂ ਪੈਂਦੀਆਂ ਹਨ—ਨਿਸ਼ਾਨਾ ਕੀ ਹੈ? ਕਿਥੋਂ ਚਲਣਾ ਹੈ ਅਤੇ ਸੌਖਾ ਰਾਹ ਕਿਹੜਾ ਹੈ। ਨਿਸ਼ਾਨੇ ਨੂੰ ਧਿਆਨ ਵਿਚ ਰਖਣਾ ਹਰ ਤਰ੍ਹਾਂ ਦੇ ਕੰਮ ਨੂੰ ਸਫਲ ਬਨਾਉਣ ਲਈ ਬੜਾ ਜ਼ਰੂਰੀ ਹੈ। ਇਹ ਨਿਯਮ ਜਿਸ ਤਰ੍ਹਾਂ ਬਾਕੀ ਦੇ ਕੰਮਾਂ ਵਿਚ ਲਾਗੂ ਹੁੰਦਾ ਹੈ ਉਸੇ ਤਰ੍ਹਾਂ ਸਿਖਿਆ ਦੇਣ ਦੇ ਕੰਮ ਵਿਚ ਵੀ ਲਾਗੂ ਹੁੰਦਾ। ਨਿਸ਼ਾਨੇ ਦੇ ਅਨੁਸਾਰ ਹੀ ਰਾਹ ਉਲੀਕੀਦਾ ਹੈ। ਜਿਹੜੇ ਉਸਤਾਦ ਪਾਠ ਨੂੰ ਪੜ੍ਹਾਉਣ ਸਮੇਂ ਆਪਣੇ ਨਿਸ਼ਾਨੇ ਨੂੰ ਭੁਲ ਜਾਂਦੇ ਹਨ, ਉਹ ਇਧਰ ਦੀਆਂ ਗੱਪਾਂ ਹੱਕਣ ਲਗ ਜਾਂਦੇ ਹਨ ਅਤੇ ਆਪਣੇ ਪਾਠ ਨੂੰ ਨਿਸਚਤ ਸਮੇਂ ਵਿਚ ਖਤਮ ਨਹੀਂ ਕਰ ਸਕਦੇ। ਇਸ ਤਰ੍ਹਾਂ ਕੋਰਸ ਵੀ ਪੂਰਾ ਨਹੀਂ ਹੁੰਦਾ। ਜਿਸ ਉਸਤਾਦ ਨੂੰ ਆਪਣੇ ਨਿਸ਼ਾਨੇ ਦਾ ਧਿਆਨ ਜਾਂ ਗਿਆਨ ਨਹੀਂ ਰਹਿੰਦਾ, ਉਸ ਦੇ ਨਾ ਤੇ ਵਿਚਾਰ ਲੜੀਵਾਰ ਹੁੰਦੇ ਹਨ ਅਤੇ ਨਾ ਉਸ ਦੀ ਸਿਖਾਈ ਠੁਕ ਸਿਰ ਦੀ ਹੁੰਦੀ। ਇਸ ਲਈ ਹਰ ਉਸਤਾਦ ਨੂੰ ਆਪਣਾ ਨਿਸ਼ਾਨਾ ਸਾਹਮਣੇ ਰਖਣਾ ਬੜਾ ਜ਼ਰੂਰੀ ਹੈ।

ਦੂਜੀ ਗਲ ਜਿਹੜੀ ਉਸਤਾਦ ਨੂੰ ਸਦਾ ਧਿਆਨ ਵਿਚ ਰਖਣੀ ਚਾਹੀਦੀ ਹੈ, ਇਹ ਹੈ ਕਿ ਉਸ ਨੂੰ ਪਤਾ ਹੋਵੇ ਕਿ ਉਸ ਕਿਥੋਂ ਤੁਰਨਾ ਹੈ। ਇਸ ਦੇ ਲਈ ਉਸਤਾਦ ਨੂੰ ਉਸ ਵਿਸ਼ੇ ਬਾਰੇ ਬਚਿਆਂ ਦੇ ਗਿਆਨ ਤੋਂ ਜਾਣੂ ਹੋਣਾ ਬੜਾ ਜ਼ਰੂਰੀ ਹੈ। ਬੱਚੇ ਜੋ ਕੁਝ ਜਾਣਦੇ ਹੋਣ ਉਸੇ ਦੇ ਅਧਾਰ ਤੇ ਉਨ੍ਹਾਂ ਨੂੰ ਨਵਾਂ ਗਿਆਨ ਦਿਤਾ ਜਾ ਸਕਦਾ ਹੈ। ਉਸਤਾਦ ਬਚਿਆਂ ਦੇ ਗਿਆਨ ਬਾਰੇ ਜਿੰਨੀ ਵਧੇਰੇ ਜਾਣਕਾਰੀ ਰਖਦਾ ਹੈ ਉਨੀ ਹੀ ਸੁਘੜ ਰੀਤੀ ਨਾਲ ਉਹ ਉਨ੍ਹਾਂ ਨੂੰ ਪੜ੍ਹਾ ਸਕਦਾ ਹੈ। ਇਹ ਜਾਣਕਾਰੀ ਇਕਦਮ ਹੀ ਨਹੀਂ ਹੋ ਜਾਂਦੀ, ਇਸ ਦੇ ਲਈ ਬਚਿਆਂ ਨਾਲ ਕੁਝ ਸਮਾਂ ਮੇਲ ਮਿਲਾਪ ਰਖਣਾ ਜ਼ਰੂਰੀ ਹੈ। ਯੋਗ ਉਸਤਾਦ ਸਦਾ ਬਚਿਆਂ ਦੇ ਮਨ ਨੂੰ ਟਟੋਲਦਾ ਰਹਿੰਦਾ ਹੈ। ਉਸਨੂੰ ਸਦਾ ਇਹ ਜਾਨਣ ਦੀ ਲਾਲਸਾ ਬਣੀ ਰਹਿੰਦੀ ਹੈ ਕਿ

ਕਿਹੜੀ ਗਲ ਬੱਚੇ ਚੰਗੀ ਤਰ੍ਹਾਂ ਸਮਝ ਗਏ ਹਨ ਅਤੇ ਕਿਹੜੀ ਉਨ੍ਹਾਂ ਦੀ ਸਮਝ ਵਿਚ ਨਹੀਂ ਬੈਠੀ। ਬਚਿਆਂ ਦਾ ਪਰਾਪਤ ਗਿਆਨ ਹੀ ਉਸਤਾਦ ਦਾ ਅਗੇ ਤੁਰਨ ਦਾ ਥਾਂ ਟਿਕਾਣਾ ਹੈ।

ਸਿਖਾਈ-ਵਿਧੀ ਬਾਰੇ ਤੀਜੀ ਜ਼ਰੂਰੀ ਗਲ, ਠੀਕ ਰਾਹ ਦਾ ਬੰਨ੍ਹ ਲੈਣਾ ਹੈ। ਇਕ ਤਰ੍ਹਾਂ ਵੇਖਿਆ ਜਾਵੇ ਤਾਂ ਰਾਹ ਚਲਣ ਨਾਲ ਹੀ ਬਝਦਾ ਹੈ। ਜਿਵੇਂ ਜਿਵੇਂ ਉਸਤਾਦ ਦਾ ਪੜ੍ਹਾਉਣ ਦਾ ਤਜਰਬਾ ਵਧਦਾ ਜਾਂਦਾ ਹੈ ਤਿਵੇਂ ਤਿਵੇਂ ਉਹ ਨਵੇਂ ਰਾਹ ਦੀਆਂ ਪੈੜਾਂ ਪਾਉਂਦਾ ਜਾਂਦਾ ਹੈ। ਉਸਤਾਦ ਸਦਾ ਵੇਖਦਾ ਰਹਿੰਦਾ ਹੈ ਕਿ ਸੌਖਾ ਰਾਹ ਕਿਹੜਾ ਹੈ। ਕਿਸੇ ਨਾ ਕਿਸੇ ਤਰ੍ਹਾਂ ਸੰਥਾ ਮੁਕਾ ਲੈਣਾ ਪੜ੍ਹਾਈ ਦਾ ਕੋਈ ਗੁਣ ਨਹੀਂ। ਪੜ੍ਹਾਈ ਦੀ ਖ਼ੂਬੀ ਵਿਸ਼ੇ ਨੂੰ ਬਾਲਕਾਂ ਸਮਝ ਵਿਚ ਲਿਆਉਣਾ ਅਤੇ ਵਿਸ਼ੇ ਨੂੰ ਸੁਆਦੀ ਬਣਾਉਣ ਹੈ। ਜਿਸ ਢੰਗ ਨਾਲ ਪਾਠ ਵਿਸ਼ੇ ਵਿਚ ਬਚਿਆਂ ਦਾ ਪਿਆਰ ਵਧਦਾ ਹੈ, ਉਤਸ਼ਾਹ ਵਧਦਾ ਹੈ ਅਤੇ ਜਿਸ ਨਾਲ ਆਪਣੇ ਆਪ ਹੀ ਉਨ੍ਹਾਂ ਵਿਚ ਕੰਮ ਕਰਨ ਦੀ ਭਾਵਨਾ ਪੈਦਾ ਹੋ ਜਾਵੇ ਉਹ ਢੰਗ ਹੀ ਵਧੀਆ ਹੈ। ਇਸ ਦੇ ਲਈ ਇਹ ਜ਼ਰੂਰੀ ਹੈ ਕਿ ਹਰ ਸੰਥਾ ਬੱਚੇ ਦੇ ਦ੍ਰਿਸ਼ਟੀਕੋਣ ਤੋਂ ਪੜ੍ਹਾਈ ਜਾਵੇ ਅਤੇ ਉਸਤਾਦ ਆਪਣੇ ਸਾਰੇ ਗਿਆਨ ਨੂੰ ਇਕ ਵਾਰ ਹੀ ਬਚਿਆਂ ਨੂੰ ਦੇਣ ਦਾ ਯਤਨ ਨਾ ਕਰੇ। ਜਿਥੋਂ ਤਕ ਹੋ ਸਕੇ ਬਚਿਆਂ ਦੇ ਪ੍ਰਸ਼ਨਾਂ ਦੇ ਉਤਰ ਵਿਚ ਹੀ ਉਨ੍ਹਾਂ ਨੂੰ ਵਧੇਰੇ ਗਿਆਨ ਦਿਤਾ ਜਾਵੇ। ਜਿਹੜੀ ਗਲ ਬੱਚੇ ਦੀ ਸਮਝ ਵਿਚ ਨਹੀਂ ਆਉਂਦੀ ਉਸਨੂੰ ਬਦੋਬਦੀ ਨਾ ਠੋਸਿਆ ਜਾਵੇ। ਉਸਤਾਦ ਨੂੰ ਬੱਚੇ ਦੇ ਤਜਰਬੇ ਨੂੰ ਸਦਾ ਧਿਆਨ ਵਿਚ ਰਖਣਾ ਪਵੇਗਾ, ਅਤੇ ਉਸ ਨੂੰ ਨਵਾਂ ਗਿਆਨ ਇਸ ਤਰ੍ਹਾਂ ਦੇਣਾ ਹੋਵੇਗਾ ਜਿਸ ਨਾਲ ਉਸ ਦੀ ਸੁਤੰਤਰ ਸੋਚਣ ਦੀ ਸ਼ਕਤੀ ਦੀ ਹਾਨੀ ਨਾ ਹੋਵੇ। ਬਚਿਆਂ ਦੀ ਸਿਖਿਆ ਦੇ ਦੋ ਨਿਸ਼ਾਨੇ ਹਨ—ਉਸਦੇ ਗਿਆਨ ਵਿਚ ਵਾਧਾ ਕਰਨਾ ਅਰਥਾਤ ਉਸਨੂੰ ਕੋਈ ਨਵਾਂ ਗਿਆਨ ਦੇਣਾ ਅਤੇ ਉਸ ਵਿਚ ਸੁਤੰਤਰ ਸੋਚਣ ਦੀ ਸ਼ਕਤੀ ਵਧਾਉਣਾ। ਜਦ ਉਸਤਾਦ ਬਾਲਕਾਂ ਨੂੰ ਵਧੇਰੇ ਗਿਆਨ ਦੇਣ ਲਈ ਉਤਾਵਲਾ ਹੋ ਜਾਂਦਾ ਤਾਂ ਬੱਚੇ, ਜਿਥੋਂ ਤਕ ਹੋ ਸਕੇ, ਗਿਆਨ ਨੂੰ ਉਸਤਾਦ ਦੇ ਕਹੇ ਅਨੁਸਾਰ ਗ੍ਰਹਿਣ ਕਰ ਲੈਂਦੇ ਹਨ। ਉਹ ਉਨ੍ਹਾਂ ਦੀ ਸਮਝ ਵਿਚ ਠੀਕ ਤਰ੍ਹਾਂ ਨਹੀਂ ਬੈਠਦਾ। ਜੇ ਨਿਤ ਦਿਨ ਬੱਚੇ ਉਸਤਾਦ ਉਤੇ ਵਿਸ਼ਵਾਸ਼ ਕਰਕੇ ਨਵਾਂ ਗਿਆਨ ਆਪਣੇ ਦਮਾਗ਼ ਵਿਚ ਇੱਕਠਾ ਕਰਦੇ ਜਾਂਦੇ ਹਨ ਤਾਂ ਉਹ ਗਿਆਨ ਉਨ੍ਹਾਂ ਦੇ ਦਮਾਗ਼ ਤੇ ਭਾਰ ਬਣ ਜਾਂਦਾ ਹੈ। ਇਸ ਨਾਲ ਉਨ੍ਹਾਂ ਦੀ ਸੁਤੰਤਰ ਸੋਚਣ ਦੀ ਸ਼ਕਤੀ ਦੀ ਹਾਨੀ ਹੁੰਦੀ ਹੈ ਅਤੇ ਉਹ ਘਟੀਆ ਬੁਧੀ ਵਾਲੇ ਬਣ ਜਾਂਦੇ ਹਨ। ਉਨ੍ਹਾਂ ਦਾ ਪਰਾਪਤ ਕੀਤਾ ਗਿਆਨ ਉਨ੍ਹਾਂ ਦੀ ਬੁਧੀ ਦਾ ਵਿਕਾਸ ਕਰਨ ਦੀ ਥਾਂ ਹਾਨੀ ਕਰਦਾ ਹੈ।

ਜਿਹੜਾ ਗਿਆਨ ਬਾਲਕ ਆਪਣੇ ਯਤਨਾਂ ਨਾਲ ਅਤੇ ਆਪਣੀ ਲੋੜ ਅਤੇ ਯੋਗਤਾ ਅਨੁਸਾਰ ਗ੍ਰਹਿਣ ਕਰਦਾ ਹੈ ਉਸਦਾ ਸਿਟਾ ਉਪਰ ਦਸੇ ਦੇ ਉਲਟ ਹੁੰਦਾ ਹੈ। ਜਿਸ ਤਰ੍ਹਾਂ ਭੁਖ ਲਗਣ ਤੇ ਜਿਹੜਾ ਖਾਣਾ ਖਾਧਾ ਜਾਂਦਾ ਹੈ ਉਹ ਸਰੀਰ ਦਾ ਅੰਗ ਬਣ ਜਾਂਦਾ ਹੈ, ਸਰੀਰ ਦਾ ਬਲ ਵਧਾਉਂਦਾ ਹੈ ਅਤੇ ਉਸ ਵਿਚ ਨਵੀਂ ਜ਼ਿੰਦਗੀ ਭਰਦਾ ਹੈ, ਉਸੇ ਤਰ੍ਹਾਂ ਗਿਆਨ ਦੀ ਭੁਖ ਹੋਣ ਉਤੇ ਜਿਹੜੀਆਂ ਗਲਾਂ ਬੱਚਾ ਸਿਖਦਾ ਹੈ ਉਸ ਨਾਲ ਬੱਚੇ ਦਾ ਦਮਾਗ਼ ਵਧਦਾ ਹੈ ਅਤੇ ਉਸ ਵਿਚ ਨਵੇਂ ਨਵੇਂ ਫੁਰਨੇ ਫੁਰਦੇ ਹਨ। ਯੋਗ ਸਿਖਾਈ ਦੀ ਵਿਧੀ ਉਹ ਹੈ ਜਿਸ ਨਾਲ ਗਿਆਨ ਬੱਚੇ ਨੂੰ ਇਸ ਤਰ੍ਹਾਂ ਮਿਲੇ ਕਿ ਉਸ ਨਾਲ ਉਸਦੀ ਸੁਤੰਤਰ ਸੋਚ ਦੀ ਹਾਨੀ ਹੋਣ

ਦੀ ਥਾਂ ਵਿਕਾਸ ਹੋਵੇ। ਸਿਖਿਆ-ਵਿਗਿਆਨੀਆਂ ਨੇ ਇਸ ਤਰ੍ਹਾਂ ਦੀ ਸਿਖਿਆ ਵਿਧੀ ਦੇ ਕੁਝ ਨਿਯਮ ਬਨਾਏ ਹਨ। ਇਨ੍ਹਾਂ ਨਿਯਮਾਂ ਨੂੰ ਜਾਨਣਾ ਹਰ ਉਸਤਾਦ ਲਈ ਆਪਣੇ ਪਾਠ ਨੂੰ ਸੁਆਦੀ ਅਤੇ ਸਮਝ ਵਿਚ ਆ ਜਾਣ ਵਾਲਾ ਬਣਾਉਣ ਲਈ ਬੜਾ ਜ਼ਰੂਰੀ ਹੈ।

## ਸੁਯੋਗ ਸਿਖਾਈ-ਵਿਧੀ ਦੇ ਨਿਯਮ

ਸੁਯੋਗ ਸਿਖਾਈ ਵਿਧੀ ਦੇ ਹੇਠ ਲਿਖੇ ਦਸ ਨਿਯਮ ਹਨ:-

(੧) ਵਿਸ਼ਲੇਸ਼ਨ ਤੋਂ ਚਲਕੇ ਸੰਗਠਨ ਵਲ ਜਾਣਾ।

(੨) ਸਥੂਲ ਤੋਂ ਚਲਕੇ ਸੂਖਮ ਵਲ ਜਾਣਾ।

(੩) ਗਿਆਤ ਤੋਂ ਅਗਿਆਤ ਵਲ ਜਾਣਾ।

(੪) ਸਰਲ ਤੋਂ ਜਟਲ ਵਲ ਜਾਣਾ।

(੫) ਕੁਦਰਤ ਦੀ ਨਕਲ ਕਰਨਾ।

(੬) ਚਾਲੂ ਢੰਗ ਦੀ ਥਾਂ ਮਨੋਵਿਗਿਆਨਿਕ ਢੰਗ ਨੂੰ ਮੰਨਣਾ।

(੭) ਸਮੁਚੇ ਤੋਂ ਚਲ ਕੇ ਅੰਗਾਂ ਵਲ ਜਾਣਾ।

(੮) ਵਿਸ਼ੇਸ਼ ਤੋਂ ਚਲ ਕੇ ਆਮ ਵਲ ਜਾਣਾ।

(੯) ਨਿਸਚਿਤ ਤੋਂ ਚਲ ਕੇ ਅਨਿਸਚਿਤ ਵਲ ਜਾਣਾ।

(੧੦) ਬਾਹਰ-ਮੁਖੀ ਗਿਆਨ ਤੋਂ ਚਲ ਕੇ ਵਿਚਾਰ-ਮਈ ਗਿਆਨ ਵਲ ਜਾਣਾ।

ਉਪਰਲੇ ਦਸ ਨਿਯਮਾਂ ਨੂੰ ਹੁਣ ਇਕ ਇਕ ਕਰ ਕੇ ਉਦਾਹਰਨਾਂ ਸਹਿਤ ਸਪਸ਼ਟ ਕਰਨਾ ਬੜਾ ਜ਼ਰੂਰੀ ਹੈ।

**ਵਿਸ਼ਲੇਸ਼ਨ ਤੋਂ ਸੰਗਠਨ ਵਲ :**—ਇਸ ਨਿਯਮ ਅਨੁਸਾਰ ਉਸਤਾਦ ਲਈ ਇਹ ਜ਼ਰੂਰੀ ਹੈ ਕਿ ਜਦ ਉਹ ਬੱਚੇ ਨੂੰ ਕੋਈ ਪਾਠ ਪੜ੍ਹਾਏ ਤਾਂ ਉਹ ਆਪਣੇ ਵਿਸ਼ੇ ਨੂੰ ਵਖ ਵਖ ਅੰਗਾਂ ਵਿਚ ਵੰਡ ਲਏ, ਅਤੇ ਹੌਲੀ ਹੌਲੀ ਬੱਚੇ ਦੇ ਮਨ ਵਿਚ ਉਸ ਵਿਸ਼ੇ ਦੇ ਇਕ ਇਕ ਅੰਗ ਨੂੰ ਬਿਠਾਏ। ਪਿਛੋਂ ਉਹ ਇਨ੍ਹਾਂ ਵਖ ਵਖ ਅੰਗਾਂ ਨੂੰ ਇਕ ਲੜੀ ਵਿਚ ਪਰੋਣ ਲਈ ਸਮੁਚੇ ਵਿਸ਼ੇ ਦੇ ਥੋੜੇ ਜਿਹੇ ਵਿਚ ਗਿਆਨ ਕਰਵਾ ਦੇਵੇ, ਅਥਵਾ ਉਸ ਨਿਯਮ ਨੂੰ ਚੰਗੀ ਤਰ੍ਹਾਂ ਦਰਸਾ ਦੇ ਜਿਹੜਾ ਪਹਿਲੇ ਦਸੇ ਗਏ ਸਾਰੇ ਅੰਗਾਂ ਵਿਚ ਪਾਇਆ ਜਾਂਦਾ ਹੋਵੇ।

ਮੰਨ ਲੋ, ਕੋਈ ਉਸਤਾਦ ਬਚਿਆਂ ਨੂੰ ਇਹ ਸਮਝਾਉਣਾ ਚਾਹੁੰਦਾ ਹੈ ਕਿ ਹਰ ਠੋਸ ਪਦਾਰਥ ਗਰਮ ਕਰਨ ਨਾਲ ਅਕਾਰ ਵਿਚ ਵਧਦਾ ਹੈ। ਉਸਤਾਦ ਬਚਿਆਂ ਨੂੰ ਪੜ੍ਹਾਉਣ ਲਗਿਆਂ ਉਪਰਲੇ ਨਿਯਮ ਨੂੰ ਇਕੋ ਵਾਰੀ ਨਹੀਂ ਦਸ ਦੇਵੇਗਾ। ਉਹ ਵਖ ਵਖ ਧਾਤੂਆਂ ਨੂੰ ਲੈ ਕੇ ਇਕ ਇਕ ਕਰ ਕੇ ਬਚਿਆਂ ਦੇ ਸਾਹਮਣੇ ਗਰਮ ਕਰੇਗਾ ਅਤੇ ਇਨ੍ਹਾਂ ਧਾਤੂਆਂ ਉਤੇ ਗਰਮੀ ਦੇ ਪਰਭਾਵ ਨੂੰ ਜਾਂਚਣ ਲਈ ਕਹੇਗਾ। ਉਹ ਪਹਿਲਾਂ ਆਪਣੇ ਪ੍ਰਯੋਗ (ਤਜਰਬੇ) ਕੁਝ ਧਾਤੂਆਂ ਤਕ ਹੀ ਸੀਮਤ ਰੱਖੇਗਾ, ਪਿਛੋਂ ਉਹ ਹੋਰ ਧਾਤੂਆਂ ਉਤੇ ਪ੍ਰਯੋਗ ਕਰੇਗਾ। ਇਸ ਤਰ੍ਹਾਂ ਜਦ ਬੱਚੇ ਇਕ ਇਕ ਚੀਜ਼ ਦੇ ਬਾਰੇ ਵਾਰੀ ਵਾਰੀ ਗਿਆਨ ਲੈਣਗੇ ਕਿ ਉਹ ਗਰਮ ਕਰਨ ਨਾਲ ਵਧਦੀ ਹੈ ਤਾਂ ਉਹ ਆਪ ਹੀ ਇਸ ਸਿੱਟੇ ਤੇ ਅਪੜ ਜਾਣਗੇ ਕਿ ਹੋਰ ਪਦਾਰਥ ਵੀ

ਇਸੇ ਤਰ੍ਹਾਂ ਵਧਦੇ ਹੋਣਗੇ। ਪਰਯੋਗ ਦੇ ਅਧਾਰ ਤੇ ਉਨ੍ਹਾਂ ਦਾ ਇਹ ਸਿੱਟਾ ਧਾਤੂਆਂ ਬਾਰੇ ਹੀ ਹੋਵੇਗਾ। ਪਿਛੋਂ ਇਹ ਸਾਰੇ ਠੋਸ ਪਦਾਰਥਾਂ ਬਾਰੇ ਵੀ ਮੰਨ ਲਿਆ ਜਾਵੇਗਾ। ਜਿਵੇਂ ਜਿਵੇਂ ਬੱਚੇ ਦਾ ਤਜਰਬਾ ਵਧਦਾ ਜਾਵੇਗਾ ਤਿਵੇਂ ਤਿਵੇਂ ਉਸ ਦਾ ਗਿਆਨ ਠੁਕ ਸਿਰ ਦਾ ਹੁੰਦਾ ਜਾਵੇਗਾ। ਵਖ ਵਖ ਸਮੇਂ ਵਿਚ ਪਰਾਪਤ ਕੀਤੇ ਅਨੁਭਵਾਂ ਨੂੰ ਇਕ ਨਿਯਮ ਰਾਹੀਂ ਲੜੀਵਾਰ ਕਰਨ ਵਿਚ ਉਸਤਾਦ ਨੂੰ ਬਾਲਕਾਂ ਦੀ ਸਹਾਇਤਾ ਜ਼ਰੂਰੀ ਕਰਨੀ ਪਵੇਗੀ। ਥੋੜੇ ਹੀ ਬੱਚਿਆਂ ਵਿਚ ਇਹ ਸ਼ਕਤੀ ਹੁੰਦੀ ਹੈ ਕਿ ਉਹ ਆਪਣੇ ਪਹਿਲੇ ਪਰਾਪਤ ਕੀਤੇ ਤਜਰਬੇ ਅਤੇ ਪਿਛੋਂ ਪਰਾਪਤ ਕੀਤੇ ਤਜਰਬੇ ਵਿਚਲੀ ਸਮਾਨਤਾ ਨੂੰ ਪਹਿਚਾਣ ਲੇਣ ਅਤੇ ਉਸ ਦੇ ਅਧਾਰ ਤੇ ਇਕ ਨਿਯਮ ਤੇ ਪਹੁੰਚ ਜਾਣ।

ਜਿਸ ਤਰ੍ਹਾਂ ਪਦਾਰਥ ਵਿਗਿਆਨ ਦਾ ਪਾਠ ਪੜ੍ਹਾਉਣ ਸਮੇਂ ਉਸਤਾਦ ਨੂੰ ਪੜ੍ਹਾਏ ਜਾਣ ਵਾਲੇ ਵਿਸ਼ੇ ਦਾ ਵਿਸ਼ਲੇਸ਼ਨ ਕਰਨਾ ਪੈਂਦਾ ਹੈ ਅਤੇ ਜਦ ਬਚਿਆਂ ਨੂੰ ਉਸ ਦੇ ਵਖ ਵਖ ਅੰਗਾਂ ਦਾ ਗਿਆਨ ਹੋ ਜਾਂਦਾ ਹੈ ਤਦ ਉਸ ਗਿਆਨ ਨੂੰ ਲੜੀਬੰਧ ਕਰਨ ਲਈ ਵਿਆਪਕ ਨਿਯਮ ਨੂੰ ਦੱਸਿਆ ਜਾਂਦਾ ਹੈ, ਉਸੇ ਤਰ੍ਹਾਂ ਵਿਆਕਰਨ ਪੜ੍ਹਾਉਣ ਸਮੇਂ ਉਸਤਾਦ ਨਿਯਮਾਂ ਅਤੇ ਪਰਿਭਾਸ਼ਾਂ ਨੂੰ ਪਹਿਲੋਂ ਹੀ ਨਹੀਂ ਦਸ ਦਿੰਦਾ, ਉਹ ਪਹਿਲਾਂ ਉਨ੍ਹਾਂ ਗਲਾਂ ਦਾ ਗਿਆਨ ਕਰਾਉਂਦਾ ਹੈ ਜਿਨ੍ਹਾਂ ਉਤੇ ਵਿਆਕਰਨ ਦੇ ਨਿਯਮ ਅਧਾਰ ਰਖਦੇ ਹਨ ਅਤੇ ਜਿਨ੍ਹਾਂ ਤੋਂ ਪਰਿਭਾਸ਼ਾ ਬਣੀਆਂ ਹਨ। ਇਸ ਤਰ੍ਹਾਂ ਸੰਪੂਰਨ ਵਿਆਕਰਨ ਦਾ ਗਿਆਨ ਇਕ ਇਕ ਨਿਯਮ ਨੂੰ ਅਡ ਅਡ ਪੜ੍ਹਾ ਕੇ ਕਰਾਇਆ ਜਾਂਦਾ ਹੈ। ਭੂਗੋਲ ਪੜ੍ਹਾਉਣ ਸਮੇਂ ਉਸਤਾਦ ਭੂਗੋਲਿਕ ਪਰਿਭਾਸ਼ਾਂ ਅਥਵਾ ਸਾਰੀ ਦੁਨੀਆਂ ਦੇ ਗਿਆਨ ਤੋਂ ਅਰੰਭ ਕਰਨ ਦੀ ਥਾਂ ਪਹਿਲਾਂ ਬਚਿਆਂ ਨੂੰ ਆਸ ਪਾਸ ਦੇ ਜਾਣੇ ਪਹਿਚਾਣੇ ਥਾਵਾਂ ਦੇ ਗਿਆਨ ਤੋਂ ਅਰੰਭ ਕਰੇਗਾ। ਉਹ ਉਨ੍ਹਾਂ ਥਾਵਾਂ ਬਾਰੇ ਉਨ੍ਹਾਂ ਦਾ ਗਿਆਨ ਵਧੇਰੇ ਵਧਾਏਗਾ ਅਤੇ ਉਸ ਨੂੰ ਹੌਲੀ ਹੌਲੀ ਇਕ ਠੁਕ ਵਿਚ ਬੰਨ੍ਹੇਗਾ। ਪਿਛੋਂ ਉਹ ਜ਼ਿਲੇ, ਪਰਾਂਤ ਅਤੇ ਦੇਸ਼ ਦੀਆਂ ਗੱਲਾਂ ਦਸਦਿਆਂ ਹੋਇਆਂ ਉਨ੍ਹਾਂ ਨੂੰ ਸੰਪੂਰਨ ਦੁਨੀਆਂ ਦਾ ਗਿਆਨ ਕਰਾਵੇਗਾ। ਜਿਸ ਤਰ੍ਹਾਂ ਸਾਲ ਭਰ ਵਿਚ ਪੜ੍ਹਾਏ ਜਾਣ ਵਾਲੇ ਵਿਸ਼ੇ ਦੀ ਲੜੀ ਹੋਵੇਗਾ ਉਸੇ ਤਰ੍ਹਾਂ ਹਰ ਸੰਥਾ ਦੇ ਪੜ੍ਹਾਉਣ ਦੀ ਵੀ ਲੜੀ ਹੈ, ਅਰਥਾਤ ਉਸਤਾਦ ਨੂੰ ਸਦਾ ਵਿਸ਼ਲੇਸ਼ਨ ਤੋਂ ਚਲ ਕੇ ਗੱਠਤਾ ਵਲ ਜਾਣਾ ਹੋਵੇਗਾ। ਬੱਚੇ ਦਾ ਪਹਿਲਾ ਗਿਆਨ ਵਿਸ਼ਲੇਸ਼ਨ ਰਹਿਤ ਅਤੇ ਬਿਨਾ ਕਿਸੇ ਠੁੱਕ ਦੇ ਹੁੰਦਾ ਹੈ। ਇਸ ਉਲਝੇ ਹੋਏ ਗਿਆਨ ਨੂੰ ਵਿਸ਼ਲੇਸ਼ਨ ਰਾਹੀਂ ਸੁਲਝਾਉਣਾ ਅਤੇ ਗਠਿੱਤ ਕਰਨਾ ਸਿਖਿਆ ਦਾ ਕੰਮ ਹੈ। ਇਸ ਕੰਮ ਉਤੇ ਤੁਰਨ ਦਾ ਟਿਕਾਣਾ ਬੱਚੇ ਦਾ ਉਲਝਿਆ ਹੋਇਆ ਸੰਪੂਰਨ ਚੀਜ਼ ਦਾ ਗਿਆਨ ਹੈ। ਇਸਦਾ ਉਦੇਸ਼ ਇਸ ਗਿਆਨ ਨੂੰ ਸੁਲਝਾਕੇ ਸੰਪੂਰਨ ਬਨਾਉਣਾ ਹੈ, ਅਤੇ ਉਸਦੀ ਵਿਧੀ ਵਿਸ਼ਲੇਸ਼ਨ ਰਾਹੀਂ ਗੱਠਤਾ ਲਿਆਉਣਾ ਹੈ। ਇਥੇ ਸਾਨੂੰ ਇਹ ਧਿਆਨ ਵਿਚ ਰਖਣਾ ਜ਼ਰੂਰੀ ਹੈ ਕਿ ਕੋਈ ਗਿਆਨ ਪੂਰਨ ਭਾਂਤ ਗਠਿਤ ਉਦੋਂ ਤਕ ਨਹੀਂ ਹੁੰਦਾ ਜਦੋਂ ਤਕ ਅਸੀਂ ਉਸ ਗਿਆਨ ਨੂੰ ਪਰਾਪਤ ਕਰਨ ਪਿਛੋਂ ਉਸ ਦੀ ਸਚਿਆਈ ਨੂੰ ਆਪਣੇ ਅਨੁਭਵ ਰਾਹੀਂ ਠੀਕ ਪਰਤੀਤ ਨਹੀਂ ਕਰ ਲੈਂਦੇ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੁਯੋਗ ਸਿਖਾਈ-ਵਿਧੀ ਵਿਚ ਨਾ ਨਿਰੀ ਵਿਸ਼ਲੇਸ਼ਨ ਦੀ ਪਰਧਾਨਤਾ ਰਹਿੰਦੀ ਹੈ ਅਤੇ ਨਾ ਗੱਠਤਾ ਦੀ, ਸਗੋਂ ਉਸ ਵਿਚ ਦੋਵੇਂ ਕੰਮ ਇੱਕਠੇ ਚਲਦੇ ਹਨ। ਇਸ ਲਈ ਸਿਖਿਆ-ਵਿਗਿਆਨੀਆਂ ਨੇ ਸੁਯੋਗ ਸਿਖਾਈ-ਵਿਧੀ ਦਾ ਨਾਂ ਵਿਸ਼ਲੇਸ਼ਨ-ਗੱਠਿਤ*ਵਿਧੀ ਕਿਹਾ

---

*Analytico—Synthetic Method.

ਹੈ। ਇਹੋ ਵਿਧੀ ਪਹਿਲਾਂ ਕਹੇ ਨਿਯਮ ਦੀ ਚੰਗੀ ਤਰ੍ਹਾਂ ਨਾਲ ਪਰਦਰਸ਼ਨੀ ਕਰਦੀ ਹੈ।

**ਸਥੂਲ ਤੋਂ ਸੂਖਮ ਵਲ;**—ਸਿਖਾਈ ਵਿਧੀ ਦਾ ਦੂਜਾ ਨਿਯਮ ਹੈ ਕਿ ਸਾਨੂੰ ਬਚਿਆਂ ਨੂੰ ਸਥੂਲ ਚੀਜ਼ਾਂ ਦਾ ਗਿਆਨ ਪਹਿਲਾਂ ਕਰਾਉਣਾ ਚਾਹੀਦਾ ਹੈ ਅਤੇ ਪਿਛੋਂ ਜਾਕੇ ਸੂਖਮ ਵਸਤਾਂ ਦਾ। ਸਿਖਿਆ ਦਾ ਅੰਤਮ ਨਿਸ਼ਾਨਾ ਬਾਲਕਾਂ ਵਿਚ ਸੂਖਮ ਵਿਚਾਰ ਕਰ ਸਕਣ ਦੀ ਯੋਗਤਾ ਪੈਦਾ ਕਰਨਾ ਹੈ। ਬਚਿਆਂ ਦਾ ਗਿਆਨ ਦੋ ਤਰ੍ਹਾਂ ਦਾ ਹੁੰਦਾ ਹੈ—ਇਕ ਇੰਦਰੀਆਂ ਰਾਹੀਂ ਅਨੁਭਵ ਕੀਤਾ ਅਤੇ ਦੂਜਾ ਬੁਧੀ ਰਾਹੀਂ। ਬਾਲਕ ਵਿਚ ਪਹਿਲਾਂ ਨਿਰੀ ਇੰਦਰੀਆਂ ਰਾਹੀਂ ਗਿਆਨ ਪਰਾਪਤ ਕਰਨ ਦੀ ਯੋਗਤਾ ਹੁੰਦੀ ਹੈ। ਇਹ ਹੀ ਉਸਦਾ ਠੋਸ ਗਿਆਨ ਹੁੰਦਾ ਹੈ। ਪਿਛੋਂ ਅਨੇਕ ਤਰ੍ਹਾਂ ਦੇ ਪਦਾਰਥਾਂ ਦਾ ਅਨੁਭਵ ਹੋਣ ਉਤੇ ਉਨ੍ਹਾਂ ਦੇ ਗੁਣਾਂ ਉਤੇ ਵਿਚਾਰ ਕਰਨ ਦੀ ਯੋਗਤਾ ਆਉਂਦੀ ਹੈ। ਜਿਸ ਗਿਆਨ ਦੀ ਸਮਝ ਭਾਵਾਚਕ ਸੰਗਿਆਵਾਂ ਰਾਹੀਂ ਹੁੰਦੀ ਹੈ ਉਹ ਬਾਲਕ ਦੇ ਅਨੁਭਵ ਵਿਚ ਵਾਧਾ ਹੋਣ ਉਤੇ ਆਉਂਦੀ ਹੈ। ਪਰ ਜਦ ਤਕ ਬਾਲਕ ਨੂੰ ਇੰਦਰੀਆਂ ਰਾਹੀਂ ਪਰਾਪਤ ਹੋਇਆ ਗਿਆਨ ਕਾਫੀ ਨਾ ਹੋ ਜਾਵੇ, ਉਸ ਨੂੰ ਭਾਵਾਚਕ ਸੰਗਿਆਵਾਂ ਰਾਹੀਂ ਪਰਾਪਤ ਹੋਣ ਵਾਲੇ ਗਿਆਨ ਦਾ ਬੋਧ ਕਰਾਉਣਾ ਸਫਲ ਨਹੀਂ ਹੁੰਦਾ। ਉਹ ਗਿਆਨ ਨਿਰਾ ਸ਼ਬਦੀ ਰਹਿ ਜਾਂਦਾ ਹੈ। ਜਦੋਂ ਇਸ ਨਿਯਮ ਦਾ ਉਲੰਘਣ ਕੀਤਾ ਜਾਂਦਾ ਹੈ ਤਾਂ ਬੱਚਾ ਉਸਤਾਦ ਦੇ ਹੁਕਮ ਅਨੁਸਾਰ ਕਈ ਗਲਾਂ ਨੂੰ ਰਟ ਕੇ ਯਾਦ ਕਰ ਲੈਂਦਾ ਹੈ ਪਰ ਉਨ੍ਹਾਂ ਦਾ ਅਰਥ ਨਹੀਂ ਸਮਝਦਾ। ਕਿੰਨੇ ਹੀ ਬਚਿਆਂ ਨੂੰ ਬੀਜ ਗਣਿਤ ਨਿਰਾ ਕੁਝ ਸੰਕੇਤਿਕ ਚਿਨ੍ਹਾਂ ਦਾ ਖੇਲ ਹੀ ਵਿਖਾਈ ਦਿੰਦਾ ਹ। ਉਹ ਬਿਨਾਂ ਸਮਝੇ ਹੀ $(ਅ+ਬ)(ਅ-ਬ)=ਅ^2-ਬ^2$ ਨਿਯਮ ਨੂੰ ਰਟ ਲੈਂਦੇ ਹਨ। ਇਸੇ ਤਰ੍ਹਾਂ ਰੇਖਾ-ਗਣਿਤ ਦੇ ਸਿਧਾਂਤਾਂ ਨੂੰ ਬਿਨਾਂ ਸਮਝੇ ਰਟ ਲੈਂਦੇ ਹਨ। ਭਾਸ਼ਾ ਦੀ ਪੜ੍ਹਾਈ ਵਿਚ ਤਾਂ ਬੱਚਾ ਇਕ ਸ਼ਬਦ ਦੇ ਨਿਰਾ ਸਮਾਨ ਅਰਥ ਰਖਣ ਵਾਲੇ ਸ਼ਬਦ ਨੂੰ ਜਾਣ ਲੈਣਾ ਹੀ ਉਸ ਸ਼ਬਦ ਦਾ ਅਰਥ ਮੰਨ ਬਠਦਾ ਹੈ। ਸ਼ਬਦ ਦਾ ਅਸਲ ਅਰਥ ਉਸ ਨੂੰ ਸਮਝ ਆਉਂਦਾ ਹੀ ਨਹੀਂ। ਸ਼ਬਦ ਦੇ ਅਸਲ ਅਰਥ ਨੂੰ ਸਮਝਣ ਲਈ ਕਾਫੀ ਅਨੁਭਵ ਦੀ ਲੋੜ ਹੁੰਦੀ ਹੈ।

ਜਦ ਉਸਤਾਦ ਬਚਿਆਂ ਨੂੰ ਜੋੜ ਜਾਂ ਘਟਾਉਣਾ ਸਿਖਾਉਂਦਾ ਹੈ ਤਾਂ ਉਹ ਆਮ ਕਰਕੇ ਬਚਿਆਂ ਨੂੰ ਨਿਯਮ ਦਸਕੇ ਦੋ ਅੰਕਾਂ ਦਾ ਜੋੜਨਾ ਜਾਂ ਘਟਾਉਣਾ ਸਿਖਾ ਦਿੰਦਾ ਹੈ। ਉਹ ਵੱਖ ਵੱਖ ਚੀਜ਼ਾਂ ਲੈਕੇ ਜੋੜਨ ਅਤੇ ਘਟਾਉਣ ਦੇ ਨਿਯਮ ਸਮਝਾਉਣ ਦਾ ਯਤਨ ਨਹੀਂ ਕਰਦਾ। ਜੇ ਅਸਾਂ ਬੱਚੇ ਦੇ ਗਿਆਨ ਨੂੰ ਠੋਸ ਬਨਾਉਣਾ ਹੈ ਤਾਂ ਸਾਨੂੰ ਬੱਚੇ ਨੂੰ ਕਈ ਤਰ੍ਹਾਂ ਦੀਆਂ ਚੀਜ਼ਾਂ ਦੇਕੇ ਜੋੜਨ ਦੀ ਵਿਧੀ ਨੂੰ ਸਮਝਾਉਣਾ ਹੋਵੇਗਾ। ਸਾਨੂੰ ਸਿੱਧਾ ੬ ਤੇ ੭ ਮਿਲਕੇ ੧੩ ਹੁੰਦੇ ਹਨ, ਨਹੀਂ ਦਸਣਾ ਚਾਹੀਦਾ; ਉਸਨੂੰ ਸੱਤ ਗੋਲੀਆਂ ਤੇ ਛੇ ਗੋਲੀਆਂ ਲੈ ਕੇ ਗਿਨਣ ਲਈ ਕਹਿਣਾ ਚਾਹੀਦਾ ਹੈ। ਇਸੇ ਤਰ੍ਹਾਂ ਸਤ ਨਿੰਬੂ ਅਤੇ ਅੱਠ ਨਿੰਬੂ, ਸੱਤ ਕੰਕਰ ਅਤੇ ਅੱਠ ਕੰਕਰ, ਸੱਤ ਲਕੀਰਾਂ ਅਤੇ ਅੱਠ ਲਕੀਰਾਂ ਜੋੜਨ ਲਈ ਉਸ ਨੂੰ ਕਹਿਣਾ ਚਾਹੀਦਾ ਹੈ। ਇਸ ਤਰ੍ਹਾਂ ਕਈ ਤਰ੍ਹਾਂ ਦੀਆਂ ਚੀਜ਼ਾਂ ਜੋੜਨ ਦੇ ਅਨੁਭਵ ਦੇ ਅਧਾਰ ਉੱਤੇ ਬੱਚੇ ਨੂੰ ੭ ਅਤੇ ੬ ਅੰਕ ਦਾ ਧਿਆਨ ਹੋ ਸਕਦਾ ਹੈ। ਫਿਰ ਜਦ ਬੱਚੇ ਨੂੰ ਜੋੜਨ ਦੀ ਲੋੜ ਹੋਵੇਗੀ ਤਾਂ ਉਹ ੭ ਅਤੇ ੬ ਲਕੀਰਾਂ ਨਹੀਂ ਖਿੱਚੇਗਾ ਸਗੋਂ ਸੌਖੀ ਤਰ੍ਹਾਂ ੭ ਅਤੇ ੬ ਨੂੰ ਜੋੜ ਲਵੇਗਾ।

ਜਦ ਬੱਚੇ ਨੂੰ ਗੁਣਾ ਸਿਖਾਇਆ ਜਾਂਦਾ ਹੈ ਤਾਂ ਆਮ ਕਰਕੇ ਉਸਤਾਦ ਰਟਾਏ

ਹੋਏ ਪਹਾੜਿਆਂ ਦੇ ਅਧਾਰ ਉਤੇ ਬਾਲਕ ਤੋਂ ੨ ਅੰਕ ਅਤੇ ੩ ਅੰਕ ਦਾ ਗੁਣਾ ਕਰਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਵੱਡੇ ਲੰਬੇ ਗੁਣਾਂ ਬਿਨਾ ਸਮਝੇ ਬੁੱਝੇ ਕਰ ਦਿੰਦੇ ਹਨ। ਇਸ ਤਰ੍ਹਾਂ ਬਚਿਆਂ ਨੂੰ ਗੁਣਾ ਕਰਨ ਦੀ ਯੋਗਤਾ ਦੇਣਾ ਉਨ੍ਹਾਂ ਨੂੰ ਅਸਲ ਗੁਣਾ ਕਰਨ ਦੀ ਉਪਯੋਗਤਾ ਦੇਣਾ ਨਹੀਂ ਹੈ। ਗੁਣਾ ਦੀ ਮਹੱਤਾ ਸਮਝਾਉਣ ਲਈ ਪਹਿਲਾਂ ਪਹਿਲ ਸਥੂਲ ਪਦਾਰਥਾਂ ਨੂੰ ਲੈ ਕੇ ਸਮਝਾਉਣਾ ਹੋਵੇਗਾ। ਮੰਨ ਲੋ, ਅਸਾਂ ਬੱਚੇ ਨੂੰ ੪×੩=੧੨ ਸਮਝਾਉਣਾ ਹੈ ਤਾਂ ਇਸ ਲਈ ਜ਼ਰੂਰੀ ਹੈ ਕਿ ਅਸੀਂ ੪, ੪ ਗੋਲੀਆਂ ਨੂੰ ਤਿੰਨ ਥਾਂ ਰਖੀਏ। ਬੱਚੇ ਨੂੰ ਹਰ ਥਾਂ ਦੀਆਂ ਗੋਲੀਆਂ ਗਿਣਨ ਲਈ ਕਹੀਏ, ਫਿਰ ਉਸ ਤੋਂ ਇਹ ਪੁਛੀਏ ਕਿ ਦਸੋ ਕਿੰਨੀ ਥਾਂ ਚਾਰ ਚਾਰ ਗੋਲੀਆਂ ਰੱਖੀਆਂ ਹਨ। ਜਦ ਉਹ ਇਹ ਦਸ ਦੇਵੇ ਕਿ ਤਿੰਨ ਥਾਂ ਹਨ ਤਾਂ ਉਸ ਤੋਂ ਪੁਛਿਆ ਜਾਵੇ ਕਿ ਇਹ ਸਭ ਗੋਲੀਆਂ ਮਿਲ ਕੇ ਕਿੰਨੀਆਂ ਹੋਣਗੀਆਂ? ਗਿਣ ਕੇ ਦਸੋ। ਬੱਚਿਆਂ ਤੋਂ ਸਾਰੀਆਂ ਗੋਲੀਆਂ ਗਿਣਵਾ ਦੇਣੀਆਂ ਚਾਹੀਦੀਆਂ ਹਨ। ਜਦ ਬੱਚੇ ਨੂੰ ਗਿਣਨ ਵਿਚ ਬਾਰਾਂ ਗੋਲੀਆਂ ਆ ਜਾਣ ਤਾਂ ਉਸ ਤੋਂ ਪੁਛਣਾ ਚਾਹੀਦਾ ਹੈ ਕਿ ਜੇ ੪, ੪ ਗੋਲੀਆਂ ਤਿੰਨ ਥਾਂ ਰਖੀਆਂ ਜਾਣ ਤਾਂ ਕਿੰਨੀਆਂ ਹੁੰਦੀਆਂ ਹਨ? ਉਹ ਜ਼ਰੂਰ ਬਾਰਾਂ ਗੋਲੀਆਂ ਕਹੇਗਾ। ਇਸ ਤਰ੍ਹਾਂ ਉਹ ੪×੩=੧੨ ਨੂੰ ਚੰਗੀ ਤਰ੍ਹਾਂ ਸਮਝ ਜਾਵੇਗਾ। ਇਸੇ ਤਰ੍ਹਾਂ ੪ ਦੇ ਦੂਜੀਆਂ ਸੰਖਿਆਂ ਦੇ ਗੁਣਨ ਫਲ ਨੂੰ ਸਥੂਲ ਪਦਾਰਥਾਂ ਦੀ ਸਹਾਇਤਾ ਨਾਲ ਸਮਝਾਉਣਾ ਹੋਵੇਗਾ। ਇਸੇ ਤਰ੍ਹਾਂ ਦੂਜੀਆਂ ਸੰਖਿਆਂ ਦੇ ਗੁਣਾਂ ਨੂੰ ਵੀ ਸਥੂਲ ਪਦਾਰਥਾਂ ਨੂੰ ਲੈ ਕੇ ਸਮਝਾਉਣਾ ਜ਼ਰੂਰੀ ਹੈ।

ਛੋਟੇ ਬਚਿਆਂ ਨੂੰ ਇਸ ਨਿਯਮ ਅਨੁਸਾਰ ਭੂਗੋਲ ਪੜ੍ਹਾਉਣ ਸਮੇਂ ਪਹਿਲਾਂ ਸਥੂਲ ਪਦਾਰਥ ਦਾ ਗਿਆਨ ਕਰਵਾਇਆ ਜਾਂਦਾ ਹੈ ਅਥਵਾ ਉਨ੍ਹਾਂ ਦੀਆਂ ਤਸਵੀਰਾਂ ਵਿਖਾਈਆਂ ਜਾਂਦੀਆਂ ਹਨ। ਫਿਰ ਨਕਸ਼ਿਆਂ ਰਾਹੀਂ ਸੂਖਮ ਗਲਾਂ ਸਮਝਾਈਆਂ ਜਾਂਦੀਆਂ ਹਨ। ਬਚਿਆਂ ਨੂੰ ਮੁਢ ਤੋਂ ਹੀ ਨਕਸ਼ਿਆਂ ਰਾਹੀਂ ਭੂਗੋਲ ਪੜ੍ਹਾਉਣਾ ਗਲਤੀ ਹੈ। ਇਸ ਤਰ੍ਹਾਂ ਬਚਿਆਂ ਨੂੰ ਭੂਗੋਲ ਦਾ ਅਸਲੀ ਗਿਆਨ ਹੋਣ ਦੀ ਥਾਂ ਨਿਰਾ ਨਕਸ਼ੇ ਦਾ ਜਾਂ ਸ਼ਬਦੀ ਗਿਆਨ ਹੋ ਜਾਂਦਾ ਹੈ।

'ਸਥੂਲ ਤੋਂ ਸੂਖਮ ਵਲ ਜਾਣਾ' ਇਸ ਨਿਯਮ ਨੂੰ ਲਾਗੂ ਕਰਨ ਵਿਚ ਭੁਲ ਹੋ ਜਾਣ ਦੀ ਸੰਭਾਵਨਾ ਹੈ। ਕਦੇ ਕਦੇ ਉਸਤਾਦ ਇਸ ਨਿਯਮ ਨੂੰ ਲਾਗੂ ਕਰਨ ਵਿਚ ਬਹੁਤ ਵਧਾ ਚੜ੍ਹਾ ਕਰ ਦਿੰਦੇ ਹਨ। ਜਦ ਬਚਿਆਂ ਦਾ ਮਾਨਸਿਕ ਵਿਕਾਸ ਇੰਨਾ ਹੋ ਜਾਵੇ ਕਿ ਉਹ ਸੂਖਮ ਗਲਾਂ ਨੂੰ ਚੰਗੀ ਤਰ੍ਹਾਂ ਸਮਝ ਸਕਣ ਤਦ ਵੀ ਉਸਤਾਦ ਆਪਣੇ ਪਾਠ ਨੂੰ ਸੁਆਦੀ ਬਨਾਉਣ ਲਈ ਜਾਂ ਉਪਰਲੇ ਨਿਯਮ ਨੂੰ ਪੂਰਿਆਂ ਕਰਨ ਲਈ ਸੂਖਮ ਗਲਾਂ ਸਿੱਧੀ ਤਰ੍ਹਾਂ ਦਸਣ ਦੀ ਥਾਂ ਬੇਲੋੜੀਆਂ ਸਥੂਲ ਉਦਾਹਰਨਾਂ ਦਿੰਦੇ ਹਨ। ਭੂਗੋਲ ਨੂੰ ਪੜ੍ਹਾਉਣ ਸਮੇਂ ਬਹੁਤ ਸਾਰੇ ਉਸਤਾਦ ਬਚਿਆਂ ਨੂੰ ਤਸਵੀਰਾਂ ਹੀ ਵਿਖਾਉਂਦੇ ਰਹਿੰਦੇ ਹਨ ਭਾਵੇਂ ਉਨ੍ਹਾਂ ਤਸਵੀਰਾਂ ਦਾ ਵਿਖਾਉਣਾ ਕੋਈ ਜ਼ਰੂਰੀ ਨਹੀਂ ਹੁੰਦਾ। ਮਾਨਟੇਸਰੀ ਸਿਖਿਆ-ਢੰਗ ਨਾਲ ਪੜ੍ਹਾਉਣ ਵਾਲੇ ਕਈ ਉਸਤਾਦ ਆਮ ਕਰ ਕੇ ਇਸ ਤਰ੍ਹਾਂ ਦੀ ਗਲਤੀ ਕਰਦੇ ਹਨ। ਉਹ ਕਦੇ ਵੀ ਸਥੂਲ ਚੀਜ਼ਾਂ ਤੋਂ ਬਗੈਰ ਸੂਖਮ ਗਲਾਂ ਬਚਿਆਂ ਨੂੰ ਨਹੀਂ ਦਸਦੇ। ਬੱਚੇ ਦੀ ਸਮਝਣ ਦੀ ਯੋਗਤਾ ਅਥਵਾ ਉਸ ਦੇ ਬੋਧਿਕ ਵਿਕਾਸ ਨੂੰ ਧਿਆਨ ਵਿਚ ਨਹੀਂ ਰਖਿਆ ਜਾਂਦਾ। ਪਰ ਇਸ ਤਰ੍ਹਾਂ ਬੱਚੇ ਦਾ ਬਹੁਤ ਸਾਰਾ ਸਮਾਂ ਨਸ਼ਟ ਹੋ ਜਾਂਦਾ ਹੈ ਅਤੇ ਉਸ ਦੇ ਬੋਧਿਕ ਵਿਕਾਸ ਵਿਚ ਰੋਕ ਪੈਂਦੀ ਹੈ।

ਉਪਰ ਦਸੀ ਗਲਤੀ ਉਨ੍ਹਾਂ ਉਸਤਾਦਾਂ ਵਿਚ ਹੀ ਹੁੰਦੀ ਹੈ ਜਿਹੜੇ ਇਹ ਭੁਲ

ਜਾਂਦੇ ਹਨ ਕਿ ਉਪਰਲੇ ਨਿਯਮ ਵਿਚ ਸਦਾ ਅੱਗੇ ਵਧਨ ਉਤੇ ਜ਼ੋਰ ਦਿੱਤਾ ਗਿਆ ਹੈ। ਬੱਚੇ ਦੀ ਸਿਖਿਆ ਤਾਂ ਹੀ ਠੀਕ ਢੰਗ ਨਾਲ ਹੁੰਦੀ ਹੈ ਜਦ ਅਸੀਂ ਉਸ ਦਾ ਸਦਾ ਅੱਗੇ ਵਧਨ ਦੀ ਉਤਸ਼ਾਹ ਬਣਾਈ ਰੱਖੀਏ। ਇਸ ਦੇ ਲਈ ਜਿਥੇ ਇਕ ਪਾਸੇ ਸਾਨੂੰ ਇਹ ਵੇਖਣਾ ਜ਼ਰੂਰੀ ਹੈ ਕਿ ਉਸ ਦਾ ਹਰ ਤਰ੍ਹਾਂ ਦਾ ਗਿਆਨ ਉਸ ਦੇ ਤਜਰਬੇ ਦੇ ਆਧਾਰ ਉਤੇ ਹੈ, ਉਥੇ ਸਾਨੂੰ ਇਹ ਵੇਖਣਾ ਵੀ ਜ਼ਰੂਰੀ ਹੈ ਕਿ ਬੱਚਾ ਲੋੜ ਤੋਂ ਵਧ ਸਥੂਲ ਚੀਜ਼ਾਂ ਤੇ ਹੀ ਨਾ ਖੜਾ ਰਹੇ। ਸੂਖਮ ਵਿਚਾਰਾਂ ਨੂੰ ਸਮਝਣ ਦੀ ਯੋਗਤਾ ਦੇਣਾ ਅਤੇ ਆਪਣੇ ਆਪ ਸੂਖਮ ਵਿਚਾਰਾਂ ਨੂੰ ਸੋਚ ਸਕਣ ਦੀ ਯੋਗਤਾ ਦਾ ਵਿਕਾਸ ਕਰਨਾ—ਇਹ ਬੱਚੇ ਦੀ ਬੌਧਿਕ ਸਿਖਿਆ ਦਾ ਨਿਸ਼ਾਨਾ ਹੈ, ਅਤੇ ਇਸ ਨਿਸ਼ਾਨੇ ਦੀ ਪਰਾਪਤੀ ਤਾਂ ਹੀ ਹੋ ਸਕਦੀ ਹੈ ਜਦ ਉਸਤਾਦ ਬੱਚੇ ਦੇ ਸੂਖਮ ਵਿਚਾਰ ਕਰਨ ਦੇ ਹਰ ਯਤਨ ਨੂੰ ਉਤਸ਼ਾਹ ਦਿੰਦਾ ਰਹੇ। ਜਦ ਬਚਿਆਂ ਨੂੰ ਹਰ ਸੂਖਮ ਗਲ ਸਥੂਲ ਉਦਾਹਰਨਾਂ ਨਾਲ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਵਿਚ ਸਦਾ ਸਥੂਲ ਵਿਚ ਹੀ ਰਹਿਣ ਦੀ ਆਦਤ ਪੈ ਜਾਂਦੀ ਹੈ। ਇਸ ਨਾਲ ਪੜ੍ਹਾਈ ਦਾ ਵਿਸ਼ਾ ਸੁਆਦੀ ਭਾਵੇਂ ਬਣ ਜਾਵੇ, ਬੌਧਿਕ ਲਾਭ ਵਧੇਰੇ ਨਹੀਂ ਹੋਵੇਗਾ।

**ਗਿਆਤ ਤੋਂ ਅਗਿਆਤ ਵੱਲ :** ਸਿਖਾਈ-ਵਿਧੀ ਦਾ ਤੀਜਾ ਨਿਯਮ ਇਹ ਹੈ ਕਿ ਉਸਤਾਦ ਬਚੇ ਦੀਆਂ ਜਾਣੀਆਂ ਬੁਝੀਆਂ ਗੱਲਾਂ ਤੋਂ ਚਲਕੇ ਉਨ੍ਹਾਂ ਗੱਲਾਂ ਵਲ ਵਧੇ ਜਿਹੜੀਆਂ ਬੱਚਾ ਨਹੀਂ ਜਾਣਦਾ। ਇਸ ਨਿਯਮ ਅਨੁਸਾਰ ਉਸਤਾਦ ਨੂੰ ਚਾਹੀਦਾ ਹੈ ਕਿ ਕਿਸੇ ਸਬਕ ਨੂੰ ਪੜ੍ਹਾਉਣ ਤੋਂ ਪਹਿਲਾਂ ਇਹ ਜਾਨਣ ਦਾ ਯਤਨ ਕਰੇ ਕਿ ਬੱਚਾ ਉਸ ਵਿਸ਼ੇ ਬਾਰੇ ਕੀ ਜਾਣਦਾ ਹੈ। ਸਬਕ ਅਰੰਭ ਕਰਨ ਤੋਂ ਪਹਿਲਾਂ ਕੁਝ ਸੁਆਲ ਪੁਛਕੇ ਉਸ ਗਿਆਨ ਨੂੰ ਉਨ੍ਹਾਂ ਦੀ ਯਾਦ ਵਿਚ ਤਾਜ਼ਾ ਕਰ ਲੈਣਾ ਚਾਹੀਦਾ ਹੈ। ਇਸ ਗਿਆਨ ਦੇ ਅਧਾਰ ਉਤੇ ਫਿਰ ਉਸਤਾਦ ਨੂੰ ਨਵਾਂ ਗਿਆਨ ਦੇਣਾ ਚਾਹੀਦਾ ਹੈ। ਉਸਤਾਦ ਨੂੰ ਚਾਹੀਦਾ ਹੈ ਕਿ ਨਵੇਂ ਗਿਆਨ ਦੀ ਹਰ ਗਲ ਦਾ ਸਬੰਧ ਬੱਚੇ ਦੇ ਪਹਿਲੇ ਗਿਆਨ ਨਾਲ ਜੋੜਦਾ ਜਾਵੇ। ਜਦ ਇਸ ਤਰ੍ਹਾਂ ਬੱਚਾ ਕੋਈ ਗਿਆਨ ਪਰਾਪਤ ਕਰਦਾ ਹੈ ਤਾਂ ਇਕ ਤਾਂ ਸਬਕ ਸੁਆਦੀ ਹੋ ਜਾਂਦੀ ਹੈ, ਦੂਜੇ ਉਸਦਾ ਗਿਆਨ ਉਹਦੇ ਮਨ-ਪਰਦੇ ਉਤੇ ਠੀਕ ਤਰ੍ਹਾਂ ਲਕੀਰਿਆ ਜਾਂਦਾ ਹੈ। ਉਸਦਾ ਨਵਾਂ ਗਿਆਨ ਹੁਣ ਉਸਦੀ ਬੁਧੀ ਦਾ ਅੰਗ ਬਣ ਜਾਂਦਾ ਹੈ।

ਗਿਆਤ ਤੋਂ ਅਗਿਆਤ ਵਲ ਵਧਨ ਦਾ ਨਿਯਮ ਬਚਿਆਂ ਦੀ ਸਬਕ ਵਿਚ ਰੁਚੀ ਵਧਾਉਣ ਲਈ ਖਾਸ ਜ਼ਰੂਰੀ ਹੈ। ਬਚਿਆਂ ਦਾ ਧਿਆਨ ਖਿਚਣ ਲਈ ਜ਼ਰੂਰੀ ਹੈ ਕਿ ਸਬਕ ਵਿਚ ਨਾ ਨਿਰੀਆਂ ਨਵੀਆਂ ਗਲਾਂ ਹੋਣ ਅਤੇ ਨਾ ਨਿਰੀਆਂ ਪੁਰਾਣੀਆਂ, ਪਾਠ ਵਿਚ ਕੁਝ ਜਾਣੀਆਂ ਤੇ ਕੁਝ ਅਣਜਾਣੀਆਂ ਗਲਾਂ ਹੋਣ ਤਾਂ ਹੀ ਪਾਠ ਸੁਆਦੀ ਹੁੰਦਾ ਹੈ ਅਤੇ ਉਨ੍ਹਾਂ ਦੇ ਧਿਆਨ ਨੂੰ ਖਿਚਦਾ ਹੈ। ਜਦ ਕੋਈ ਉਸਤਾਦ ਆਪਣੇ ਪਾਠ ਵਿਚ ਪੁਰਾਣੀਆਂ ਗੱਲਾਂ ਹੀ ਦੁਹਰਾਉਂਦਾ ਰਹਿੰਦਾ ਹੈ ਤਾਂ ਬੱਚਿਆਂ ਦਾ ਮਨ ਉਸ ਦੇ ਪੜ੍ਹਨ ਤੋਂ ਉਖੜ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਉਸਤਾਦ ਬਚਿਆਂ ਨੂੰ ਨਵੀਆਂ ਗਲਾਂ ਇਕ ਦਮ ਹੀ ਦਸਣ ਲੱਗ ਜਾਂਦਾ ਹੈ, ਉਨ੍ਹਾਂ ਨੂੰ ਬਾਲਕ ਨਾ ਸਮਝ ਸਕਦੇ ਹਨ ਅਤੇ ਨਾ ਉਨ੍ਹਾਂ ਵਿਚ ਆਪਣਾ ਧਿਆਨ ਗੱਡ ਸਕਦੇ ਹਨ।

ਮੰਨ ਲੋ, ਕੋਈ ਉਸਤਾਦ ਬੱਚਿਆਂ ਨੂੰ ਦਸਮਲਵ ਦਾ ਜੋੜ ਸਮਝਾਉਣਾ ਚਾਹੁੰਦਾ ਹੈ। ਉਸ ਲਈ ਇਹ ਜ਼ਰੂਰੀ ਹੈ ਕਿ ਉਹ ਇਹ ਜਾਣ ਲਵੇ ਕਿ ਬੱਚੇ ਕਿਥੋਂ ਕੁ ਤਕ ਭਿੰਨ ਦੇ

ਜੋੜਾਂ ਨੂੰ ਚੰਗੀ ਤਰ੍ਹਾਂ ਕਰ ਸਕਦੇ ਹਨ। ਦਸਮਲਵ ਦੇ ਜੋੜ ਨੂੰ ਸਮਝਾਉਣ ਤੋਂ ਪਹਿਲਾਂ ਉਸ ਨੂੰ ਬਾਲਕਾਂ ਦੇ ਭਿੰਨ ਦੇ ਜੋੜ ਦੇ ਗਿਆਨ ਨੂੰ ਕੁਝ ਪ੍ਰਸ਼ਨ ਪੁਛਕੇ ਯਾਦ ਕਰਵਾ ਲੈਣਾ ਚਾਹੀਦਾ ਹੈ। ਫਿਰ ਇਸ ਗਿਆਨ ਦੇ ਅਧਾਰ ਉਤੇ ਨਵਾਂ ਗਿਆਨ ਦਿੱਤਾ ਜਾਵੇਗਾ । ਇਸੇ ਤਰ੍ਹਾਂ ਪਦਾਰਥ ਵਿਗਿਆਨ ਪੜ੍ਹਾਉਣ ਸਮੇਂ ਜਦੋਂ ਉਸਤਾਦ ਆਰਕਮਿਡੀਜ਼ ਦੇ ਸਿਧਾਂਤ ਨੂੰ ਬਚਿਆਂ ਨੂੰ ਸਮਝਾਵੇਗਾ ਤਾਂ ਉਸ ਨੂੰ ਕੁਝ ਪ੍ਰਸ਼ਨ ਪੁਛ ਕੇ ਬਚਿਆਂ ਦੇ ਅਜਿਹੇ ਅਨੁਭਵ ਦਾ ਚੇਤਾ ਕਰਾਉਣਾ ਹੋਵੇਗਾ ਜਿਸ ਵਿਚ ਉਨ੍ਹਾਂ ਪਦਾਰਥ ਨੂੰ ਪਾਣੀ ਵਿਚ ਪਾਇਆ ਉਸ ਦਾ ਵਜ਼ਨ ਘਟਦਿਆਂ ਵੇਖਿਆ ਹੋਵੇਗਾ ।

ਇਤਿਹਾਸ ਦੇ ਉਸਤਾਦ ਨੂੰ ਪਾਠ ਨੂੰ ਪੜ੍ਹਾਉਣ ਸਮੇਂ ਇਹ ਜਾਣਨਾ ਜ਼ਰੂਰੀ ਹੈ ਕਿ ਬੱਚੇ ਪਹਿਲੇ ਪੜ੍ਹਾਏ ਗਏ ਪਾਠ ਨੂੰ ਕਿਥੋਂ ਕੁ ਤਕ ਯਾਦ ਕੀਤੇ ਹੋਏ ਹਨ । ਨਵੇਂ ਪਾਠ ਬਚਿਆਂ ਦੀ ਯਾਦ ਵਿਚ ਤਾਜ਼ਾ ਕਰਨਾ ਹੋਵੇਗਾ । ਫਿਰ ਉਨ੍ਹਾਂ ਨੂੰ ਨਵਾਂ ਗਿਆਨ ਇਸ ਤਰ੍ਹਾਂ ਦਿਤਾ ਜਾਵੇਗਾ ਜਿਸ ਨਾਲ ਉਹ ਨਵੇਂ ਗਿਆਨ ਦਾ ਸਬੰਧ ਆਪਣੇ ਪਹਿਲੇ ਗਿਆਨ ਨਾਲ ਸੌਖੀ ਤਰ੍ਹਾਂ ਜੋੜ ਸਕਣ ।

**ਸਰਲ ਤੋਂ ਜਟੀਲ ਵਲ** :-ਸਿਖਾਈ-ਵਿਧੀ ਦਾ ਚੌਥਾ ਨਿਯਮ ਇਹ ਹੈ ਕਿ ਬਚਿਆਂ ਨੂੰ ਸਰਲ ਗਲਾਂ ਦਾ ਗਿਆਨ ਪਹਿਲਾਂ ਕਰਾਇਆ ਜਾਵੇ, ਫਿਰ ਜਟੀਲ (ਗੁੰਝਲਦਾਰ) ਗਲਾਂ ਦਾ ਗਿਆਨ ਕਰਾਇਆ ਜਾਵੇ। ਇਹ ਨਿਯਮ ਇਨਾ ਸਪਸ਼ਟ ਹੈ ਕਿ ਇਸ ਨੂੰ ਸਮਝਾਉਣ ਦੀ ਲੋੜ ਵਿਅਰਥ ਜਹੀ ਦਿਖਾਈ ਦਿੰਦੀ ਹੈ। ਪਰ ਜਿਨ੍ਹਾਂ ਉਸਤਾਦਾਂ ਨੂੰ ਬਾਲ-ਮਨੋਵਿਗਿਆਨ ਦਾ ਕਾਫੀ ਗਿਆਨ ਨਹੀਂ ਹੁੰਦਾ ਉਹ ਇਸ ਨਿਯਮ ਨੂੰ ਠੀਕ ਤਰ੍ਹਾਂ ਆਪਣੀ ਸਿਖਾਈ ਦੇ ਕੰਮ ਵਿਚ ਵਰਤੋਂ ਨਹੀਂ ਕਰਦੇ। ਇਸ ਨਿਯਮ ਨੂੰ ਸਮਝਣ ਵਿਚ ਇਕ ਭੁਲ ਇਹ ਹੋ ਸਕਦੀ ਹੈ ਕਿ ਅਸੀਂ ਬੱਚੇ ਦੇ ਦ੍ਰਿਸ਼ਟੀਕੋਣ ਨੂੰ ਭੁਲ ਜਾਈਏ। ਬਹੁਤ ਸਾਰੀਆਂ ਅਜੇਹੀਆਂ ਗਲਾਂ ਹਨ ਜਿਹੜੀਆਂ ਸਾਡੀ ਦ੍ਰਿਸ਼ਟੀ ਵਿਚ ਬੜੀਆਂ ਸਰਲ ਹਨ, ਪਰ ਬਚਿਆਂ ਦੀ ਦ੍ਰਿਸ਼ਟੀ ਵਿਚ ਬੜੀਆਂ ਕਠਨ ਹਨ। ਜਿਹੜੀਆਂ ਗਲਾਂ ਕਿਸੇ ਵਿਦਿਆ ਵਿਚ ਪਰਬੀਨ ਵਿਅਕਤੀ ਨੂੰ ਸਰਲ ਜਾਪਦੀਆਂ ਹਨ ਉਹ ਗਲਾਂ ਉਸ ਵਿਦਿਆ ਵਿਚ ਪਰਵੇਸ਼ ਕਰਨ ਵਾਲੇ ਨੂੰ ਬੜੀਆਂ ਔਖੀਆਂ ਪਰਤੀਤ ਹੁੰਦੀਆਂ ਹਨ। ਰੇਖਾ ਗਣਿਤ ਦਾ ਗਿਆਨ ਰਖਣ ਵਾਲੇ ਵਿਅਕਤੀ ਨੂੰ ਸਭ ਤੋਂ ਸਰਲ ਗਲਾਂ ਬਿੰਦੂ, ਰੇਖਾ ਤੇ ਦਾਇਰਾ ਆਦਿ ਹਨ, ਪਰ ਅਸਲ ਵਿਚ ਇਹ ਬੜੀਆਂ ਸੂਖਮ ਗਲਾਂ ਹਨ, ਜਿਨ੍ਹਾਂ ਦਾ ਗਿਆਨ, ਰੇਖਾ ਗਣਿਤ ਵਿਚ ਚੰਗਾ ਪੈਰ ਰਖਣ ਨਾਲ ਹੀ, ਠੀਕ ਤਰ੍ਹਾਂ ਸਮਝ ਵਿਚ ਬੈਠਦਾ ਹੈ। ਬੱਚੇ ਨੂੰ ਉਪਰਲੀਆਂ ਗਲਾਂ ਦੀ ਪਰਿਭਾਸ਼ਾ ਦੀ ਥਾਂ ਇਹ ਚੰਗਾ ਹੋਵੇਗਾ ਕਿ ਪਹਿਲਾਂ ਉਸ ਤੋਂ ਕਈ ਤਰ੍ਹਾਂ ਦੇ ਰੇਖਾ ਗਣਿਤ ਦੇ ਚਿਤ੍ਰ ਖਿਚਵਾਏ ਜਾਣ ਅਤੇ ਇਨ੍ਹਾਂ ਚਿਤ੍ਰਾਂ ਦੇ ਲੱਛਣਾਂ ਨੂੰ ਹੌਲੀ ਹੌਲੀ ਸਮਝਾਇਆ ਜਾਵੇ, ਫਿਰ ਸੂਖਮ ਗਲਾਂ ਨੂੰ ਸਮਝਾਉਣ ਦਾ ਯਤਨ ਕੀਤਾ ਜਾਵੇ। ਬੱਚੇ ਨੂੰ ਜਿਨ੍ਹਾਂ ਗਲਾਂ ਦਾ ਗਿਆਨ ਹੁੰਦਾ ਹੈ ਉਹ ਕੋਈ ਠੁਕ ਸਿਰ ਦਾ ਨਹੀਂ ਹੁੰਦਾ, ਪਰ ਇਸੇ ਤਰ੍ਹਾਂ ਦਾ ਗਿਆਨ ਉਸ ਨੂੰ ਸਰਲ ਜਾਪਦਾ ਹੈ। ਇਸ ਗਿਆਨ ਤੋਂ ਚਲਕੇ ਉਸ ਨੂੰ ਜਟੀਲ ਗਲਾਂ ਦਾ ਗਿਆਨ ਕਰਵਾਉਣਾ ਚਾਹੀਦਾ ਹੈ। ਬਚਿਆਂ ਨੂੰ ਓਹੋ ਗਲ ਸਰਲ ਜਾਪਦੀ ਹੈ ਜਿਨ੍ਹਾਂ ਦਾ ਥੋੜਾ ਬਹੁਤ ਗਿਆਨ ਉਨ੍ਹਾਂ ਨੂੰ ਹੋਵੇ। ਇਸ ਲਈ ਜਿਹੜਾ ਉਸਤਾਦ ਬੱਚੇ ਦੇ ਅਧੂਰੇ ਗਿਆਨ ਨੂੰ ਧਿਆਨ ਵਿਚ ਰਖਦਿਆਂ ਹੋਰ ਗਿਆਨ ਦੇਣ ਦਾ ਅਤੇ ਉਸਦੇ ਗਿਆਨ ਨੂੰ ਠੁਕ ਸਿਰ ਕਰਨ ਦਾ ਯਤਨ

ਕਰਦਾ ਹੈ ਓਹ ਉਪਰਲੇ ਨਿਯਮ ਦੀ ਪਾਲਣਾ ਕਰਦਾ ਹੈ।

ਮੰਨ ਲੋ, ਕੋਈ ਉਸਤਾਦ ਇਤਿਹਾਸ ਪੜ੍ਹਾਉਂਦਾ ਹੈ। ਬਾਲਗ਼ ਵਿਅਕਤੀ ਦੀ ਦ੍ਰਿਸ਼ਟੀ ਤੋਂ ਸਮਾਜ ਵਿਚਲੀਆਂ ਵਰਤਮਾਨ ਲੋਕ-ਸੰਸਥਾਵਾਂ ਸਮਝ ਵਿਚ ਸੌਖੀ ਤਰ੍ਹਾਂ ਆ ਜਾਣ ਵਾਲੀਆਂ ਹਨ। ਇਨ੍ਹਾਂ ਬਾਰੇ ਹੋਰ ਜਾਣਕਾਰੀ ਵਧਾਉਣ ਲਈ ਅਤੇ ਉਨ੍ਹਾਂ ਦੇ ਇਤਿਹਾਸ ਦਾ ਗਿਆਨ ਪਰਾਪਤ ਕਰਨ ਲਈ ਬਾਲਗ਼ ਵਿਅਕਤੀ ਯਤਨ ਕਰਦਾ ਹੈ। ਉਸਦੇ ਇਤਿਹਾਸ ਅਧਿਅਨ ਦਾ ਅਧਾਰ ਵਰਤਮਾਨ ਸੰਸਥਾਵਾਂ ਹਨ। ਬਚਿਆਂ ਦੇ ਮਨ ਦੀ ਹਾਲਤ ਇਸ ਦੇ ਬਿਲਕੁਲ ਉਲਟ ਹੈ। ਬੱਚੇ ਦੀ ਰੁਚੀ ਇਤਿਹਾਸਕ ਕਹਾਣੀਆਂ ਸੁਣਨ ਦੀ ਹੁੰਦੀ ਹੈ ਸੰਸਥਾਵਾਂ ਦਾ ਇਤਿਹਾਸ ਜਾਨਣ ਦੀ ਨਹੀਂ। ਇਸ ਲਈ ਉਸਨੂੰ ਜਿਨੀਆਂ ਸੁਆਦੀ ਪੁਰਾਣੀਆਂ ਗੱਲਾਂ ਲਗਦੀਆਂ ਹਨ ਉੱਨੀਆਂ ਸੁਆਦੀ ਵਰਤਮਾਨ ਸਮਾਜਿਕ ਸੰਸਥਾਵਾਂ ਦੀ ਚਰਚਾ ਨਹੀਂ। ਇਸ ਲਈ ਬਚਿਆਂ ਨੂੰ ਪੜ੍ਹਾਉਣ ਸਮੇਂ ਉਸਤਾਦ ਨੂੰ ਵਰਤਮਾਨ ਸਮਾਜ-ਸੰਸਥਾਵਾਂ ਤੋਂ ਚਲਕੇ ਬਚਿਆਂ ਨੂੰ ਇਤਿਹਾਸ ਦਾ ਗਿਆਨ ਕਰਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ ਹੈ। ਇਸ ਦੇ ਉਲਟ ਉਨ੍ਹਾਂ ਨੂੰ ਇਤਿਹਾਸਕ ਕਹਾਣੀ ਸੁਣਾਕੇ ਫਿਰ ਉਸਦਾ ਸਬੰਧ ਸਮਾਜਿਕ ਸੰਸਥਾਵਾਂ ਨਾਲ ਦਸਣ ਦਾ ਯਤਨ ਕਰਨਾ ਚਾਹੀਦਾ ਹੈ।

**ਕੁਦਰਤ ਦੀ ਨਕਲ:**-ਬੱਚਿਆਂ ਦੀ ਸਿਖਿਆ ਦਾ ਇਕ ਮੌਲਿਕ ਸਿਧਾਂਤ ਇਹ ਹੈ ਕਿ ਸਾਨੂੰ ਉਸਦੀ ਸਿਖਿਆ ਵਿਚ ਕੁਦਰਤ ਦੀ ਨਕਲ ਕਰਨੀ ਚਾਹੀਦੀ ਹੈ। ਕੁਦਰਤ ਦੀ ਨਕਲ ਕਰਨ ਦੇ ਅਰਥ ਦੋ ਤਰ੍ਹਾਂ ਦੇ ਹੋ ਸਕਦੇ ਹਨ। ਇਕ ਤੇ ਸਾਨੂੰ ਬਚਿਆਂ ਦੀ ਸਿਖਾਈ ਉਸੇ ਤਰ੍ਹਾਂ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਕੁਦਰਤ ਉਸਦੀ ਸਿਖਾਈ ਕਰਦੀ ਹੈ। ਕੁਦਰਤ-ਵਾਦ ਦੇ ਸਿਖਿਆ-ਵਿਗਿਆਨੀ ਕਦੇ ਕਦੇ ਕੁਦਰਤੀ ਸਿਖਿਆ ਨੂੰ ਇੰਨੀ ਮੱਹਤਾ ਦਿੰਦੇ ਹਨ ਕਿ ਉਹ ਸਿਖਿਆ ਦੇ ਬਣਾਉਟੀ ਉਪਾ ਨੂੰ ਬੱਚੇ ਦੀ ਸਫਲ ਸਿਖਿਆ ਵਿਚ ਰੋਕ ਸਮਝਦੇ ਹਨ। ਰੂਸੋ ਦਾ ਕਥਨ ਹੈ, "ਸਿਖਿਆ ਜਦ ਕਲਾ ਬਣ ਜਾਂਦੀ ਹੈ ਤਾਂ ਉਸ ਦਾ ਸਫਲ ਹੋਣਾ ਅਸੰਭਵ ਹੈ।"*

ਇਸ ਤਰ੍ਹਾਂ ਨਾਲ ਕਹਿਣ ਵਿਚ ਅਤਿਕਥਨੀ ਹੈ। ਕੁਦਰਤ ਦੀ ਨਕਲ ਦਾ ਅਸਲ ਅਰਥ ਹੈ ਕਿ ਬੱਚੇ ਦੀ ਸਿਖਿਆ ਵਿਚ ਉਸਦੇ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਨਿਯਮਾਂ ਦਾ ਪਾਲਣ ਕੀਤਾ ਜਾਵੇ। ਬੱਚੇ ਦੇ ਅੰਗ ਕੋਮਲ ਹੁੰਦੇ ਹਨ, ਆਮ ਕਰਕੇ ਉਸ ਤੋਂ ਬਹੁਤਾ ਕਠਣ ਕੰਮ ਨਹੀਂ ਕਰਾਇਆ ਜਾ ਸਕਦਾ। ਉਸਨੂੰ ਮਨ-ਮਰਜ਼ੀ ਨਾਲ ਇਧਰ ਉਧਰ ਘੁੰਮਣ ਦਾ ਮੌਕਾ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਉਸ ਵਿਚ ਕਿਸੇ ਜਟੀਲ ਗਲ ਨੂੰ ਸਮਝਣ ਦੀ ਸ਼ਕਤੀ ਇਕ ਹੱਦ ਤੱਕ ਹੀ ਰਹਿੰਦੀ ਹੈ। ਇਸਦਾ ਵਿਕਾਸ ਹੌਲੀ ਹੌਲੀ ਬੱਚੇ ਦੀ ਉਮਰ ਅਨੁਸਾਰ ਹੁੰਦਾ ਹੈ। ਬਾਲਕ ਜਿਹੜੀ ਸਮਾਜਿਕ ਅਵਸਥਾ ਵਿਚ ਹੋਵੇ ਉਸ ਅਨੁਸਾਰ ਹੀ ਉਸ ਨੂੰ ਸਿਖਿਆ ਦੇਣੀ ਚਾਹੀਦੀ ਹੈ। ਛੋਟੇ ਬੱਚਿਆਂ ਦੀ ਸਿਖਿਆ ਵਿਚ ਹੱਥ ਦੇ ਕੰਮ ਅਤੇ ਖੇਡ ਕੁਦ ਦੇ ਕੰਮ ਕਾਫੀ ਹੋਣੇ ਚਾਹੀਦੇ ਹਨ। ਕਿਸ਼ੋਰ ਉਮਰ ਦੇ ਬਚਿਆਂ ਦੀ ਸਿਖਿਆ ਵਿਚ ਬੋਧਿਕ ਵਿਸ਼ਿਆਂ ਅਤੇ ਸੂਖਮ ਵਿਚਾਰਾਂ ਦਾ ਵਾਧਾ ਹੋਣਾ ਚਾਹੀਦਾ ਹੈ। ਪਿਆਰ ਕਵਿਤਾਵਾਂ ਕਸ਼ੋਰ ਉਮਰ ਤੋਂ ਪਹਿਲਾਂ ਬਚਿਆਂ ਨੂੰ ਨਹੀਂ ਪੜ੍ਹਾਈਆਂ ਜਾਣੀਆਂ ਚਾਹੀਦੀਆਂ। ਬਾਲ-ਅਵਸਥਾ ਵਿਚ ਬੱਚੇ ਪਿਆਰ

*"As soon as education becomes an art, it is well-nigh impossible for it to succeed."

ਕਵਿਤਾਵਾਂ ਨੂੰ ਠਿਗਾ ਘੋਟਾ ਹੀ ਲਾ ਲੈਂਦੇ ਹਨ । ਉਨ੍ਹਾਂ ਦੇ ਭਾਵਾਂ ਦਾ ਗਿਆਨ ਉਨ੍ਹਾਂ ਲਈ ਔਖਾ ਹੈ। ਕਿਸ਼ੋਰ ਬੱਚਾ ਸਭ ਤੋਂ ਵਧ ਪਿਆਰ ਦਾ ਅਨੁਭਵ ਕਰਦਾ ਹੈ। ਆਮ ਕਰਕੇ ਇਸ ਅਵਸਥਾ ਵਿਚ ਇਸ ਤਰ੍ਹਾਂ ਦੀਆਂ ਕਵਿਤਾਵਾਂ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ। ਜਦ ਬੱਚੇ ਨੂੰ ਉਸਦੀ ਭੁਖ ਅਨੁਸਾਰ ਮਾਨਸਿਕ ਭੋਜਣ ਮਿਲਦਾ ਹੈ ਤਾਂ ਉਹ ਉਸ ਨੂੰ ਸੁਆਦ ਨਾਲ ਗ੍ਰਹਿਣ ਕਰਦਾ ਹੈ।

**ਮਨੋ ਵਿਗਿਆਨਿਕ-ਢੰਗ ਦੀ ਨਕਲ :**—ਬਚਿਆਂ ਦੀ ਸਿਖਿਆ ਦਾ ਇਕ ਸਿਧਾਂਤ ਇਹ ਹੈ ਕਿ ਪਾਠ-ਵਿਸ਼ਾ ਜਿਸ ਤਰ੍ਹਾਂ ਲਿਖਿਆ ਜਾਂਦਾ ਹੈ ਉਸ ਨੂੰ ਉਸੇ ਤਰ੍ਹਾਂ ਨਹੀਂ ਪੜ੍ਹਾਇਆ ਜਾਣਾ ਚਾਹੀਦਾ। ਪਾਠ-ਵਿਸ਼ਾ ਆਮ ਕਰਕੇ ਵਿਦਵਾਨਾਂ ਦੇ ਢੰਗ ਨਾਲ ਲਿਖਿਆ ਜਾਂਦਾ ਹੈ। ਆਪਣੇ ਵਿਚਾਰਾਂ ਨੂੰ ਲੜੀਵਾਰ ਬਨਾਉਣ ਲਈ ਪੁਸਤਕ ਦਾ ਲੇਖਕ ਉਸਦੀ ਦਲੀਲ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਉਸ ਦੇ ਮਨੋਵਿਗਿਆਨਿਕ ਪੱਖ ਉਤੇ ਉਸਦਾ ਧਿਆਨ ਨਹੀਂ ਜਾਂਦਾ। ਕੋਈ ਵਿਰਲਾ ਪੁਸਤਕ ਦਾ ਲੇਖਕ ਆਪਣੇ ਵਿਸ਼ੇ ਨੂੰ ਪਾਠਕਾਂ ਦੀ ਸਮਝ ਵਿਚ ਆਉਣ ਵਾਲਾ ਬਨਾਉਣ ਦਾ ਯਤਨ ਕਰਦਾ ਹੈ। ਵਿਸ਼ੇ ਨੂੰ ਸਮਝ ਵਿਚ ਆਉਣ ਵਾਲਾ ਬਨਾਉਣ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਜਿਥੇ ਲੋੜ ਹੋਵੇ ਉਥੇ ਉਸਦੇ ਵਿਦਵਾਨਾਂ ਵਾਲੇ ਢੰਗ ਨੂੰ ਛਡ ਦੇਈਏ ਅਤੇ ਆਪਣੇ ਵਿਸ਼ੇ ਨੂੰ ਇਸ ਤਰ੍ਹਾਂ ਅੱਗੇ ਤੋਰੀਏ ਜਿਸ ਨਾਲ ਸਿਖਣ ਵਾਲੇ ਦੀ ਸਮਝ ਵਿਚ ਚੰਗੀ ਤਰ੍ਹਾਂ ਬੈਠ ਜਾਵੇ। ਇਸ ਦੇ ਲਈ ਇਹ ਜ਼ਰੂਰੀ ਹੈ ਕਿ ਉਸਤਾਦ ਸਥੂਲ ਧਾਰਨਾ ਨੂੰ ਵਧੇਰੇ ਮਹੱਤਾ ਦੇਵੇ। ਉਹ ਅਜਿਹੇ ਉਦਾਹਰਨ ਦੇਵੇ ਜਿਨ੍ਹਾਂ ਨਾਲ ਬੱਚਾ ਚੰਗੀ ਤਰ੍ਹਾਂ ਵਾਕਫ ਹੋਵੇ। ਉਹ ਕਿਸੇ ਨਿਯਮ ਦੇ ਸ਼ੁਧ ਰੂਪ ਨੂੰ ਇਕੋ ਵਾਰੀ ਨਾ ਦੱਸੇ ਸਗੋਂ ਹੌਲੀ ਹੌਲੀ ਉਸ ਨੂੰ ਉਦਾਹਰਨਾਂ ਦੇ ਸਹਾਰੇ ਅਸ਼ੁਧ ਰੂਪ ਤੋਂ ਸ਼ੁਧ ਰੂਪ ਵਲ ਲੈ ਜਾਵੇ।

ਜਦ ਅਸੀਂ ਇਹ ਕਹਿੰਦੇ ਹਾਂ ਕਿ ਉਸਤਾਦ ਨੂੰ ਵਿਦਵਾਨਾਂ ਵਾਲੇ ਢੰਗ ਦੀ ਵਰਤੋਂ ਕਰਨ ਦੀ ਥਾਂ ਮਨੋ-ਵਿਗਿਆਨਿਕ ਢੰਗ ਨਾਲ ਚਲਣਾ ਚਾਹੀਦਾ ਹੈ, ਤਾਂ ਇਹ ਕਦੇ ਵੀ ਨਾ ਸਮਝ ਲਿਆ ਜਾਵੇ ਕਿ ਵਿਦਵਾਨਾਂ ਵਾਲਾ ਢੰਗ ਸਭ ਹਾਲਤਾਂ ਵਿਚ ਅਮਨੋ-ਵਿਗਿਆਨਿਕ ਹੈ। ਜਿਨ੍ਹਾਂ ਬਚਿਆਂ ਦਾ ਕਿਸੇ ਵਿਸ਼ੇ ਦਾ ਗਿਆਨ ਕਾਫੀ ਹੋ ਗਿਆ ਹੈ, ਉਨ੍ਹਾਂ ਨੂੰ ਇਧਰ ਉਧਰ ਦੇ ਚੱਕਰ ਲੁਆਕੇ ਸਿਧਾਂਤ ਨੂੰ ਸਮਝਾਉਣ ਦੀ ਥਾਂ ਸਿੱਧਾ ਹੀ ਦੱਸ ਦੇਣਾ ਵਧੇਰੇ ਠੀਕ ਹੈ । ਉਨ੍ਹਾਂ ਲਈ ਵਿਦਵਾਨਾਂ ਵਾਲਾ ਢੰਗ ਹੀ ਮਨੋ-ਵਿਗਿਆਨਿਕ ਢੰਗ ਹੋ ਜਾਂਦਾ ਹੈ। ਕਿਸ ਵੇਲੇ ਸਾਨੂੰ ਵਿਦਵਾਨਾਂ ਵਾਲਾ ਰਾਹ ਫੜਨਾ ਚਾਹੀਦਾ ਹੈ ਅਤੇ ਕਿਸ ਵੇਲੇ ਮਨੋਵਿਗਿਆਨਿਕ ਢੰਗ, ਇਸ ਸੁਆਲ ਦਾ ਨਿਰਣਾ ਬੱਚੇ ਦੀ ਮਾਨਸਿਕ ਅਵਸਥਾ ਅਤੇ ਉਸ ਦੇ ਪਰਾਪਤ ਗਿਆਨ ਨੂੰ ਜਾਣਕੇ ਹੀ ਕੀਤਾ ਜਾ ਸਕਦਾ ਹੈ। ਜਿਹੜਾ ਢੰਗ ਇਕ ਬੱਚੇ ਲਈ ਮਨੋ-ਵਿਗਿਆਨਿਕ ਹੈ ਉਹ ਦੂਜੇ ਲਈ ਅਮਨੋ-ਵਿਗਿਆਨਿਕ ਹੋ ਸਕਦਾ ਹੈ।

**ਸਮੁੱਚੇ ਤੋਂ ਅੰਗਾਂ ਵਲ:**-ਬਚਿਆਂ ਦੀ ਸਿਖਿਆ ਵਿਚ ਸਾਨੂੰ ਉਸਨੂੰ ਪੂਰੇ ਦਾ ਗਿਆਨ ਪਹਿਲਾਂ ਕਰਾਕੇ ਫਿਰ ਉਸ ਵਿਚਲੇ ਅੰਗਾਂ ਨੂੰ ਇਕ ਇਕ ਕਰਕੇ ਸਮਝਾਉਣਾ ਚਾਹੀਦਾ ਹੈ। ਉਪਰਲੀ ਨਜ਼ਰ ਨਾਲ ਵੇਖਿਆਂ ਇਹ ਨਿਯਮ ਉਸ ਨਿਯਮ ਦੇ ਉਲਟ ਜਾਂਦਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸਾਨੂੰ ਬੱਚੇ ਦੀ ਸਿਖਾਈ ਵਿਚ ਵਿਸ਼ਲੇਸ਼ਨ ਤੋਂ ਗੱਠਤਾ ਵਲ ਜਾਣਾ ਚਾਹੀਦਾ ਹੈ। ਪਰ ਇਹ ਇਕ ਤਰ੍ਹਾਂ ਦਾ ਨਿਰਾ ਵਿਰੋਧਾਭਾਸ ਹੈ। ਇਸ ਵਿਰੋਧਾਭਾਸ ਦਾ ਖੰਡਣ ਸਮੁਚੇ ਅਤੇ ਅੰਗ ਸ਼ਬਦ ਨੂੰ ਚੰਗੀ ਤਰ੍ਹਾਂ ਸਮਝਣ ਨਾਲ ਹੋ ਜਾਂਦਾ ਹੈ। ਸਮੁਚੇ ਸ਼ਬਦ

ਦਾ ਅਰਥ ਇਥੇ ਉਸ ਸਮੁੱਚੇ ਤੋਂ ਹੈ ਜਿਹੜਾ ਬਾਲਕ ਦੀ ਸਮਝ ਵਿਚ ਆ ਚੁੱਕਾ ਹੈ। ਬੱਚੇ ਨੂੰ ਸਾਰੀ ਚੀਜ਼ ਦਾ ਗਿਆਨ ਪਹਿਲਾਂ ਹੁੰਦਾ ਹੈ ਪਰ ਇਹ ਗਿਆਨ ਠੁਕ ਸਿਰ ਨਹੀਂ ਜੁੜਿਆ ਹੁੰਦਾ। ਸਮੁਚੀ ਚੀਜ਼ ਦੇ ਗੁਣਾਂ ਦਾ ਗਿਆਨ ਉਸਨੂੰ ਸਪਸ਼ਟ ਨਹੀਂ ਹੁੰਦਾ। ਵਿਚਾਰ ਪਿਛੋਂ ਹੀ ਬੱਚੇ ਨੂੰ ਸੰਪੂਰਨ ਦੇ ਉਨ੍ਹਾਂ ਅੰਗਾਂ ਦਾ ਹੁੰਦਾ ਹੈ ਅਰਥਾਤ ਉਨ੍ਹਾਂ ਗੁਣਾਂ ਦਾ ਗਿਆਨ ਹੁੰਦਾ ਹੈ ਜਿਨ੍ਹਾਂ ਦਾ ਸੰਪੂਰਨ ਪਦਾਰਥ ਬਣਿਆ ਹੁੰਦਾ ਹੈ। ਸਮੁੱਚੇ ਦਾ ਗਿਆਨ ਸਥੂਲ ਪਦਾਰਥ ਦਾ ਗਿਆਨ ਹੈ, ਅਤੇ ਗੁਣਾਂ ਅਥਵਾ ਵਿਸ਼ੇਸ਼ਣਾਂ ਦਾ ਗਿਆਨ ਸੂਖਮ ਗਿਆਨ ਹੈ। ਸੂਖਮ ਗਿਆਨ ਦੀ ਸ਼ਕਤੀ ਬੱਚੇ ਵਿਚ ਹੌਲੀ ਹੌਲੀ ਆਉਂਦੀ ਹੈ। ਇਸ ਲਈ ਉਸਤਾਦ ਨੂੰ ਸਮੁੱਚੇ ਤੋਂ ਅੰਗ ਵਲ ਜਾਣਾ ਚਾਹੀਦਾ ਹੈ।

**ਉਦਾਹਰਨ ਤੋਂ ਸਿਧਾਂਤ ਵਲ** :—ਪਹਿਲਾਂ ਕਿਹਾ ਜਾ ਚੁਕਾ ਹੈ ਕਿ ਪਾਠਕ ਨੂੰ ਸਥੂਲ ਤੋਂ ਸੂਖਮ ਵਲ ਜਾਣਾ ਚਾਹੀਦਾ ਹੈ। ਉਦਾਹਰਨ ਸਥੂਲ ਹੁੰਦਾ ਹੈ ਅਤੇ ਸਿਧਾਂਤ ਸੂਖਮ ਹੁੰਦਾ ਹੈ। ਇਸ ਲਈ ਉਦਾਹਰਨ ਤੋਂ ਸਿਧਾਂਤ ਵਲ ਜਾਣ ਦਾ ਨਿਯਮ ਪਹਿਲੇ ਨਿਯਮ ਦਾ ਨਿਰਾ .ਇਕ ਵਿਸ਼ੇਸ਼ ਪੱਖ ਹੈ। ਇਸ ਨਿਯਮ ਨੂੰ ਲਾਗੂ ਕਰਨ ਸਮੇਂ ਇਹ ਧਿਆਨ ਵਿਚ ਰਖਣਾ ਜ਼ਰੂਰੀ ਹੈ ਕਿ ਸਿਧਾਂਤ ਨੂੰ ਨਿਪੁੰਨ ਬਨਾਉਣ ਲਈ ਉਸ ਨੂੰ ਨਵੇਂ ਉਦਾਹਰਨ ਤੇ ਘਟਾਉਣਾ ਜ਼ਰੂਰੀ ਹੈ। ਵਿਹਾਰਕ ਵਿਚਾਰ ਵਿਚ ਇਸੇ ਤਰ੍ਹਾਂ ਕੀਤਾ ਜਾਂਦਾ ਹੈ ਅਤੇ ਠੋਸ ਗਿਆਨ ਇਸੇ ਤਰ੍ਹਾਂ ਪਰਾਪਤ ਹੁੰਦਾ ਹੈ। ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਉਦਾਹਰਨ ਸਦਾ ਕੋਈ ਕੁਦਰਤੀ ਘਟਨਾ ਨਹੀਂ ਹੁੰਦੀ। ਕਦੇ ਕਦੇ ਸਿਧਾਂਤ ਅਥਵਾ ਨਿਯਮ ਵੀ ਕਿਸੇ ਦੂਸਰੇ ਵਿਆਪਕ ਨਿਯਮ ਦੀ ਉਦਾਹਰਨ ਬਣ ਜਾਂਦੀ ਹੈ।

ਦੂਜੀ ਗਲ ਜਿਹੜੀ ਸਾਨੂੰ ਧਿਆਨ ਵਿਚ ਰਖਣੀ ਚਾਹੀਦੀ ਹੈ ਉਹ ਇਹ ਹੈ ਕਿ ਬੱਚੇ ਦਾ ਗਿਆਨ ਉਲਝਿਆ ਹੋਇਆ ਹੁੰਦਾ ਹੈ। ਇਸ ਗਿਆਨ ਵਿਚੋਂ ਕਿਸੇ ਵਿਸ਼ੇਸ਼ ਅੰਗ ਨੂੰ ਉਦਾਹਰਨ ਦਾ ਰੂਪ ਦੇਣਾ ਉਸਤਾਦ ਦਾ ਕੰਮ ਹੈ। ਬੱਚਾ ਉਦਾਹਰਨ ਨੂੰ ਉਦਾਹਰਨ ਰੂਪ ਉਦੋਂ ਹੀ ਸਮਝਦਾ ਹੈ ਜਦ ਉਸ ਨੂੰ ਸਿਧਾਂਤ ਅਥਵਾ ਨਿਯਮ ਦਾ ਗਿਆਨ ਹੋ ਜਾਂਦਾ ਹੈ।

**ਅਨਿਸਚਤ ਤੋਂ ਨਿਸਚਤ ਵਲ** :—ਬੱਚੇ ਦਾ ਸਧਾਰਨ ਗਿਆਨ ਅਸਪਸ਼ਟ, ਭੇਦ ਰਹਿਤ ਅਤੇ ਅਨਿਸਚਤ ਹੁੰਦਾ ਹੈ। ਇਹ ਗਿਆਨ ਉਸਤਾਦ ਹੌਲੀ ਹੌਲੀ ਸਪਸ਼ਟ, ਭੇਦ ਭਰਿਆ ਅਤੇ ਨਿਸਚਤ ਬਣਾ ਦੇਂਦਾ ਹੈ। ਵਿਚਾਰ-ਵਿਕਾਸ ਦੀ ਚਾਲ ਵੀ ਇਹੋ ਹੈ।

ਬੱਚੇ ਦਾ ਫੁਲ ਦਾ ਗਿਆਨ ਪਹਿਲਾਂ ਇਕ ਸੰਪੂਰਨ ਚੀਜ਼ ਦਾ ਗਿਆਨ ਹੁੰਦਾ ਹੈ। ਉਸ ਨੂੰ, ਪੱਤੀ, ਧੁਰਾ, ਡੰਡੀ ਆਦਿ ਦਾ ਵਖ ਵਖ ਗਿਆਨ ਨਹੀਂ ਹੁੰਦਾ। ਵਿਚਾਰ ਕਰਨ ਉਤੇ ਉਸ ਨੂੰ ਇਨ੍ਹਾਂ ਅੰਗਾਂ ਦਾ ਗਿਆਨ ਹੁੰਦਾ ਹੈ ਅਤੇ ਫਿਰ ਉਹ ਇਕ ਵਿਚ ਅਨੇਕਤਾ ਅਤੇ ਅਨੇਕ ਵਿਚ ਏਕਤਾ ਨੂੰ ਵੇਖਣ ਜਾਂਦਾ ਹੈ। ਇਸ ਤਰ੍ਹਾਂ ਦੇ ਗਿਆਨ ਦੀ ਉਤਪਤੀ ਲਈ ਉਸ ਨੂੰ ਉਸਤਾਦ ਦੀ ਸਹਾਇਤਾ ਦੀ ਲੋੜ ਹੁੰਦਾ ਹੈ। ਯੋਗ ਪ੍ਰਸ਼ਨਾਂ ਰਾਹੀਂ ਉਸਤਾਦ ਬੱਚੇ ਦੇ ਉਲਝੇ ਹੋਏ ਸੰਪੂਰਨ ਦੇ ਗਿਆਨ ਵਿਚ ਅੰਡਰਾਪਣ ਵਿਖਾਉਣ ਦਾ ਯਤਨ ਕਰਦਾ ਹੈ ਅਰਥਾਤ ਉਸ ਦੇ ਅੱਡ ਅੱਡ ਅੰਗਾਂ ਦਾ ਨਿਖੇੜ ਕਰਦਾ ਹੈ ਅਤੇ ਫਿਰ ਉਸ ਵਿਚ ਏਕਤਾ ਵਿਖਾਉਣ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਬੱਚੇ ਦਾ ਗਿਆਨ ਸਪਸ਼ਟ ਅਤੇ ਨਿਸਚਤ ਹੋ ਜਾਂਦਾ ਹੈ।

**ਬਾਹਰ-ਮੁਖੀ ਅਨਭਵ ਤੋਂ ਵਿਚਾਰ ਵਲ** :—ਇਹ ਨੇਮ "ਉਦਾਹਰਨ ਤੋਂ ਦ੍ਰਿਸ਼ਟਾਂਤ ਵਲ" ਵਾਲੇ ਨੇਮ ਵਿਚ ਘੁਲ ਮਿਲ ਜਾਂਦਾ ਹੈ। ਉਸਤਾਦ ਨੂੰ ਸਦਾ ਇਹ

ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਬੱਚੇ ਨੂੰ ਕਿਸ ਗਲ ਦਾ ਅਨੁਭਵ ਹੈ। ਉਸਤਾਦ ਨੂੰ ਨਾ ਅਜਿਹੇ ਗਿਆਨ ਦੇਣੇ ਚਾਹੀਦੇ ਹਨ ਜਿਨ੍ਹਾਂ ਦਾ ਬੱਚੇ ਨੂੰ ਗਿਆਨ ਨਾ ਹੋਵੇ ਅਤੇ ਨਾ ਅਜਿਹੇ ਸਿਧਾਂਤ ਦਸਣੇ ਚਾਹੀਦੇ ਹਨ ਜਿਨ੍ਹਾਂ ਨੂੰ ਬੱਚਾ ਸਮਝ ਨਾ ਸਕੇ। ਬੱਚੇ ਨੂੰ ਇਹ ਪਤਾ ਹੈ ਕਿ ਜਦ ਦੁਧ ਅੱਗ ਤੇ ਰੱਖਿਆ ਜਾਂਦਾ ਹੈ ਤਾਂ ਉਬਾਲਾ ਆਉਂਦਾ ਹੈ ਅਰਥਾਤ, ਉਹ ਵਧੇਰੇ ਥਾਂ ਵਿਚ ਹੋ ਜਾਂਦਾ ਹੈ। ਇਸੇ ਤਰ੍ਹਾਂ ਪਾਣੀ ਵੀ ਸੇਕ ਲਗਣ ਤੇ ਵਧੇਰੇ ਥਾਂ ਮਲ ਲੈਂਦਾ ਹੈ। ਬੱਚੇ ਦੇ ਇਸ ਅਨੁਭਵ ਦੇ ਅਧਾਰ ਉਤੇ ਉਸਤਾਦ ਨੂੰ ਇਹ ਗਿਆਨ ਦੇਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਸਾਰੇ ਤਰਲ ਪਦਾਰਥ ਗਰਮ ਕਰਨ ਨਾਲ ਵਧੇਰੇ ਘੇਰੇ ਵਿਚ ਹੋ ਜਾਂਦੇ ਹਨ। ਫਿਰ ਉਸ ਨੂੰ ਇਹ ਗਿਆਨ ਕਰਾਇਆ ਜਾਵੇ ਕਿ ਗਰਮੀ ਨਾਲ ਸਾਰੇ ਪਦਾਰਥ ਫੈਲ ਜਾਂਦੇ ਹਨ।

## ਪੜ੍ਹਾਉਣਾ ਅਤੇ ਸੁਤੰਤਰ ਖੋਜ

**ਸਿਖਾਈ-ਵਿਧੀ ਦੇ ਦੋ ਅੰਗ ਹਨ:**—ਇਕ ਬੱਚੇ ਨੂੰ ਕਿਸੇ ਨਵੀਂ ਗਲ ਦਸਣਾ ਅਤੇ ਦੂਜੇ ਉਸ ਨੂੰ ਨਵੀਂ ਗਲ ਦੀ ਖੋਜ ਲਈ ਉਤਸ਼ਾਹ ਦੇਣਾ। ਚੰਗੀ ਸਿਖਿਆ-ਪਰਣਾਲੀ ਵਿਚ ਇਨ੍ਹਾਂ ਦੋਹਾਂ ਦਾ ਸੁਚੱਜਾ ਮੇਲ ਹੁੰਦਾ ਹੈ। ਸਧਾਰਨ ਤੌਰ ਤੇ ਉਸਤਾਦ ਬਚਿਆਂ ਨੂੰ ਇੰਨਾ ਵਧੇਰੇ ਆਪ ਦਸਦੇ ਹਨ ਕਿ ਉਨ੍ਹਾਂ ਨੂੰ ਸੁਤੰਤਰ ਸੋਚਣ ਦਾ ਮੌਕਾ ਹੀ ਨਹੀਂ ਮਿਲਦਾ। ਬਚਿਆਂ ਵਿਚ ਸੁਤੰਤਰ ਸੋਚਣ ਦੀ ਸ਼ਕਤੀ ਅਭਿਆਸ ਨਾਲ ਆਉਂਦੀ ਹੈ। ਇਹ ਅਭਿਆਸ ਉਸਤਾਦ ਜਾਣ ਬੁਝ ਕੇ ਬਚਿਆਂ ਤੋਂ ਕਰਾਉਂਦਾ ਹੈ। ਜਦ ਬਚਿਆਂ ਨੂੰ ਸੁਤੰਤਰ ਸੋਚਣ ਦਾ ਘਟ ਮੌਕਾ ਦਿਤਾ ਜਾਂਦਾ ਹੈ ਤਾਂ ਉਹ ਹਰ ਗਲ ਲਈ ਉਸਤਾਦ ਦਾ ਆਸਰਾ ਟੋਲਦੇ ਹਨ। ਜਿਨ੍ਹਾਂ ਗਲਾਂ ਨੂੰ ਉਹ ਆਪ ਕਿਤਾਬ ਪੜ੍ਹ ਕੇ ਜਾਂ ਆਪਣੇ ਦਿਮਾਗ ਤੇ ਥੋੜਾ ਜ਼ੋਰ ਦੇ ਕੇ ਸਮਝ ਸਕਦੇ ਹਨ, ਉਨ੍ਹਾਂ ਲਈ ਵੀ ਉਹ ਉਸਤਾਦ ਦਾ ਸਹਾਰਾ ਲੋੜਦੇ ਹਨ। ਸੁਚੱਜਾ ਸਿਖਾਈ-ਢੰਗ ਉਹ ਹੈ ਜਿਸ ਵਿਚ ਉਸਤਾਦ ਬਚਿਆਂ ਨੂੰ ਅਜਿਹੀ ਕੋਈ ਗਲ ਨਹੀਂ ਦਸਦਾ ਜਿਹੜੀ ਉਹ ਆਪ ਯਤਨ ਨਾਲ ਸਮਝ ਸਕਦਾ ਹੈ। ਬੱਚੇ ਨੂੰ ਉਹ ਗਲਾਂ ਹੀ ਦਸੀਆਂ ਜਾਣੀਆਂ ਚਾਹੀਦੀਆਂ ਹਨ ਜਿਹੜੀਆਂ ਸੋਚ ਵਿਚਾਰ ਤੇ ਦਿਮਾਗ਼ ਵਿਚੋਂ ਨਹੀਂ ਕਢੀਆਂ ਜਾ ਸਕਦੀਆਂ।

ਕਦੇ ਕਦੇ ਬੱਚੇ ਦੀ ਸੁਤੰਤਰ ਖੋਜ ਤੇ ਬਹੁਤਾ ਹੀ ਜ਼ੋਰ ਦਿਤਾ ਜਾਂਦਾ ਹੈ। ਇਸ ਤਰ੍ਹਾਂ ਖੋਜੀ-ਵਿਧੀ (ਹਯੂਰਿਸਟਿਕ ਮੇਥਡ) ਨਾਮੀ ਨਵੀਂ ਵਿਧੀ ਦੀ ਕਾਢ ਕਢੀ ਗਈ ਹੈ। ਇਸ ਨੂੰ ਪਰਚਲਤ ਕਰਨ ਵਾਲੇ ਇੰਗਲੈਂਡ ਦੇ ਸਿਖਿਆ-ਵਿਗਿਆਨੀ ਆਰਮ ਸਟ੍ਰਾਂਗ ਸਨ। ਇਸ ਵਿਧੀ ਵਿਚ ਜਿਥੋਂ ਤਕ ਹੋ ਸਕਦਾ ਹੈ ਬੱਚੇ ਨੂੰ ਨਵੀਂ ਸਚਿਆਈ ਨੂੰ ਖੋਜਣ ਲਈ ਆਪਣੇ ਆਸਰੇ ਤੇ ਹੀ ਛਡ ਦਿੱਤਾ ਜਾਂਦਾ ਹੈ। ਬੱਚੇ ਨੂੰ ਉਹ ਹੀ ਸਹਾਇਤਾ ਦਿਤੀ ਜਾਂਦੀ ਹੈ ਜਿਥੇ ਉਹ ਆਪ ਸਹਾਇਤਾ ਮੰਗਦਾ ਹੈ। ਵਿਗਿਆਨਿਕ ਵਿਸ਼ਿਆਂ ਦੇ ਪੜ੍ਹਾਉਣ ਵਿਚ ਇਹ ਢੰਗ ਬੜਾ ਸਫਲ ਸਾਬਤ ਹੋਇਆ ਹੈ।

ਇਸ ਢੰਗ ਬਾਰੇ ਇਹ ਕਹਿ ਦੇਣਾ ਜ਼ਰੂਰੀ ਹੈ ਕਿ ਬੱਚੇ ਨੂੰ ਸੁਤੰਤਰ ਖੋਜ ਲਈ ਥੋੜ੍ਹੀ ਦੂਰ ਤਕ ਹੀ ਛਡਿਆ ਜਾ ਸਕਦਾ ਹੈ। ਬੱਚੇ ਦੇ ਜਾਨਣ ਯੋਗ ਬਹੁਤ ਸਾਰੀਆਂ ਗਲਾਂ ਉਸਤਾਦ ਨੂੰ ਆਪ ਦਸਣੀਆਂ ਪੈਣਗੀਆਂ। ਜੇ ਕੋਈ ਬੱਚਾ ਹਰ ਗੱਲ ਨੂੰ ਸੁਤੰਤਰ ਖੋਜ ਨਾਲ ਸਮਝੇ ਤਾਂ ਉਹ ਉੱਨਾ ਹੀ ਚਿਰ ਲਾਵੇਗਾ ਜਿੰਨਾ ਮਨੁਖ ਸਮਾਜ ਨੇ ਲਾਇਆ ਹੈ। ਦੂਜੇ ਸੁਤੰਤਰ ਖੋਜ ਲਈ ਪਹਿਲਾਂ ਤੋਂ ਹੀ ਕਾਫੀ ਗਿਆਨ ਦਾ ਹੋਣਾ ਜ਼ਰੂਰੀ ਹੈ। ਬਚੇ ਦੇ ਦਿਮਾਗ ਦੀ ਅਵਿਕਸਤ ਅਵਸਥਾ ਵਿਚ ਉਸ ਕੋਲ ਬਹੁਤ ਹੀ ਸੀਮਤ ਗਿਆਨ ਹੁੰਦਾ ਹੈ। ਅਜਿਹੀ

ਅਵਸਥਾ ਵਿਚ ਉਹ ਕਾਫੀ ਭੁਲਾਂ ਕਰ ਕੇ ਹੌਲੀ ਹੌਲੀ ਹੀ ਕਿਸੇ ਨਵੀਂ ਗਲ ਨੂੰ ਲਭਦਾ ਹੈ। ਸਾਨੂੰ ਇਸ ਗਲ ਨੂੰ ਨਹੀਂ ਭੁਲਣਾ ਚਾਹੀਦਾ ਕਿ ਬੱਚੇ ਨੇ ਜਿਹੜੀਆਂ ਗਲਾਂ ਸਮਝਣੀਆਂ ਹਨ ਉਹ ਅਨੇਕ ਹਨ ਅਤੇ ਉਸ ਦੀ ਪੜ੍ਹਾਈ ਦਾ ਸਮਾਂ ਥੋੜਾ ਹੈ। ਜੇ ਕੋਈ ਬਾਲਕ ਪੜ੍ਹਾਈ ਦੇ ਸਮੇਂ ਵਿਚ ਹੀ ਕਾਫੀ ਗਿਆਨ ਪਰਾਪਤ ਨਹੀਂ ਕਰ ਲੈਂਦਾ ਤਾਂ ਉਹ ਆਪਣੇ ਜੀਵਨ ਨੂੰ ਸਫਲ ਨਹੀਂ ਬਣਾ ਸਕਦਾ। ਇਸ ਲਈ ਬੱਚੇ ਦੇ ਮਾਨਸਿਕ ਵਿਕਾਸ ਵਿਚ ਦੂਜਿਆਂ ਤੋਂ ਨਵੀਆਂ ਗਲਾਂ ਸਿਖਣਾ ਉੱਨੀ ਹੀ ਮਹੱਤਾ ਰਖਦਾ ਹੈ ਜਿੱਨੀ ਨਵੀਆਂ ਗਲਾਂ ਦੀ ਆਪ ਖੋਜ ਕਰਨਾ। ਖੋਜ ਅਤੇ ਨਕਲ ਦੋਵੇਂ ਹੀ ਬੱਚੇ ਵਿਚ ਪਾਈਆਂ ਜਾਂਦੀਆਂ ਹਨ। ਇਨ੍ਹਾਂ ਦੋਵਾਂ ਦਾ ਉਸ ਦੇ ਜੀਵਨ ਵਿਚ ਮਹੱਤਾ ਵਾਲਾ ਥਾਂ ਹੈ। ਇਹ ਇਕ ਦੂਜੇ ਵਿਰੋਧੀ ਨਹੀਂ ਹਨ, ਸਗੋਂ ਇਕ ਦੂਜੇ ਦੇ ਪੂਰਕ ਸਨ। ਨਕਲ ਖੋਜ ਦੀ ਪੌੜੀ ਹੀ ਬਣ ਜਾਂਦੀ ਹੈ। ਦੂਜੇ, ਥੋੜੇ ਹੀ ਬੱਚੇ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਇੰਨੀ ਪਰਤਿਭਾ ਹੁੰਦੀ ਹੈ ਕਿ ਉਹ ਨਵੀਆਂ ਗਲਾਂ ਦੀ ਖੋਜ ਕਰ ਸਕਣ ਜਾਂ ਖੋਜ ਦੇ ਕੰਮ ਵਿਚ ਰੁਚੀ ਰਖਣ। ਬਹੁਤੇ ਬੱਚੇ ਦੂਜੇ ਦੇ ਦੱਸੇ ਰਾਹ ਤੇ ਚਲਣ ਦੀ ਯੋਗਤਾ ਹੀ ਰਖਦੇ ਹਨ। ਉਨ੍ਹਾਂ ਕੋਲੋਂ ਵਧੇਰੇ ਖੋਜ ਦੀ ਆਸ ਰਖਣਾ ਬਿਅਰਥ ਹੈ। ਬਚਿਆਂ ਦੀ ਯੋਗਤਾ ਅਨੁਸਾਰ ਹੀ ਉਨ੍ਹਾਂ ਨੂੰ ਕੰਮ ਦੇਣਾ ਚਾਹੀਦਾ ਹੈ।

‡‡‡‡

# ਛੇਵਾਂ ਪਰਕਰਨ

## ਸਾਂਝਾ ਪਰਬੰਧ

### ਪਾਠ-ਵਿਸ਼ਿਆਂ ਵਿਚ ਸਬੰਧ ਕਾਇਮ ਕਰਨ ਦੀ ਲੋੜ

**ਸਮੇਂ ਦੀ ਬਚਤ:**—ਬੱਚਿਆਂ ਨੂੰ ਜਮਾਤ ਵਿਚ ਕਈ ਵਿਸ਼ੇ ਪੜ੍ਹਾਏ ਜਾਂਦੇ ਹਨ। ਕਈ ਵਾਰੀ ਇਨ੍ਹਾਂ ਸਾਰਿਆਂ ਵਿਸ਼ਿਆਂ ਨੂੰ ਇਕ ਹੀ ਉਸਤਾਦ ਪੜ੍ਹਾਉਂਦਾ ਹੈ। ਪਰ ਸਾਡੀਆਂ ਵਧੇਰੇ ਪਾਠਸ਼ਾਲਾਂ ਵਿਚ ਅੱਡ ਅੱਡ ਵਿਸ਼ਿਆਂ ਲਈ ਵੱਖ ਵੱਖ ਉਸਤਾਦ ਹੁੰਦੇ ਹਨ। ਹਰ ਉਸਤਾਦ ਚਾਹੁੰਦਾ ਹੈ ਕਿ ਆਪਣੇ ਵਿਸ਼ੇ ਨੂੰ ਪੜ੍ਹਾਉਣ ਲਈ ਉਸਨੂੰ ਵਧ ਤੋਂ ਵਧ ਸਮਾਂ ਮਿਲੇ। ਜੇ ਹਰ ਉਸਤਾਦ ਨੂੰ ਆਪਣਾ ਆਪਣਾ ਵਿਸ਼ਾ ਪੜ੍ਹਾਉਣ ਲਈ ਮਨ ਮਰਜ਼ੀ ਦਾ ਸਮਾਂ ਦੇ ਦਿਤਾ ਜਾਵੇ ਤਾਂ ਕੋਰਸ ਦੇ ਸੰਪੂਰਨ ਵਿਸ਼ਿਆਂ ਨੂੰ ਪੜ੍ਹਾਉਂਣਾ ਅਸੰਭਵ ਹੋ ਜਾਵੇ। ਇਸ ਔਕੜ ਨੂੰ ਦੋ ਤਰ੍ਹਾਂ ਹਲ ਕੀਤਾ ਜਾਂਦਾ ਹੈ—ਇਕ ਤਾਂ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਵਿਸਥਾਰ ਘਟਾਕੇ ਅਤੇ ਦੂਜੇ ਵਖ ਵਖ ਵਿਸ਼ਿਆਂ ਵਿਚ ਮੇਲ ਪੈਦਾ ਕਰਕੇ। ਹਰ ਵਿਸ਼ੇ ਵਿਚ ਕਈ ਅਜੇਹੀਆਂ ਗਲਾਂ ਹੁੰਦੀਆਂ ਹਨ ਜਿਹੜੀਆਂ ਦੂਜਿਆਂ ਵਿਸ਼ਿਆਂ ਵਿਚ ਵੀ ਉਸੇ ਰੂਪ ਵਿਚ ਹੁੰਦੀਆਂ ਹਨ। ਇਨ੍ਹਾਂ ਨੂੰ ਘੜੀ ਮੁੜੀ ਦੁਹਰਾਉਣਾ ਬੇਲੋੜਾ ਹੈ, ਇਸ ਲਈ ਵਖ ਵਖ ਵਿਸ਼ਿਆਂ ਵਿਚ ਮੇਲ ਹੋਣ ਨਾਲ ਇਕ ਵਿਸ਼ੇ ਦਾ ਉਸਤਾਦ ਦੂਜੇ ਵਿਸ਼ੇ ਦੇ ਉਸਤਾਦ ਦੀ ਮਿਹਨਤ ਤੋਂ ਲਾਭ ਉਠਾ ਸਕਦਾ ਹੈ। ਉਸਨੂੰ ਉਹ ਗਲ ਬਚਿਆਂ ਨੂੰ ਪੜ੍ਹਾਉਣ ਦੀ ਲੋੜ ਨਹੀਂ ਰਹਿੰਦੀ ਜਿਹੜੀ ਦੂਜੇ ਉਸਤਾਦ ਨੇ ਪੜ੍ਹਾ ਦਿਤੀ ਹੋਵੇ।

**ਅਰਥ ਵਿਚ ਵਾਧਾ:**—ਇਕ ਵਿਸ਼ੇ ਦਾ ਦੂਜੇ ਨਾਲ ਸਬੰਧ ਕਾਇਮ ਹੋ ਜਾਣ ਨਾਲ ਹਰ ਵਿਸ਼ੇ ਵਿਚ ਪੜ੍ਹਾਈ ਗਈ ਗਲ ਦਾ ਅਰਥ ਵਧ ਜਾਂਦਾ ਹੈ। ਉਹ ਬਚਿਆਂ ਨੂੰ ਯਾਦ ਵੀ ਵਧੇਰੇ ਰਹਿੰਦੀ ਹੈ। ਜਦ ਇਕ ਵਿਸ਼ੇ ਵਿਚ ਪੜ੍ਹਾਈ ਗਈ ਗਲ ਦਾ ਦੂਸਰੇ ਵਿਸ਼ੇ ਵਿਚ ਪੜ੍ਹਾਈ ਜਾਣ ਵਾਲੀ ਗਲ ਨਾਲ ਮੇਲ ਪੈਦਾ ਨਹੀਂ ਕੀਤਾ ਜਾਂਦਾ ਤਾਂ ਉਸ ਨੂੰ ਹਰ ਵਿਸ਼ੇ ਦੀਆਂ ਗਲਾਂ ਨਾਲ ਰਟਕੇ ਯਾਦ ਕੀਤਾ ਜਾਂਦਾ ਹੈ। ਇੰਨਾ ਹੀ ਨਹੀਂ ਸਗੋਂ ਕਈ ਵਾਰੀ ਇਕ ਵਿਸ਼ੇ ਦੀਆਂ ਗਲਾਂ ਪੜ੍ਹਦਿਆਂ ਦੂਸਰੇ ਵਿਸ਼ੇ ਦੀਆਂ ਗਲਾਂ ਦਾ ਲਾਭ ਵੀ ਨਹੀਂ ਸਮਝਦਾ। ਮੰਨ ਲੋ, ਇਕ ਉਸਤਾਦ ਇਤਿਹਾਸ ਪੜ੍ਹਾ ਰਿਹਾ ਹੈ। ਇਤਿਹਾਸ ਦੀਆਂ ਕੁਝ ਘਟਨਾਵਾਂ ਨੂੰ ਸਮਝਣ ਲਈ ਭੂਗੋਲਿਕ ਗਿਆਨ ਦੀ ਲੋੜ ਹੁੰਦੀ ਹੈ। ਇਤਿਹਾਸ ਦੇ ਉਸਤਾਦ ਦਾ ਕੰਮ ਹੈ ਜਿਹੜੀਆਂ ਭੂਗੋਲਿਕ ਗਲਾਂ ਦੀ ਇਤਿਹਾਸ ਦੇ ਵਿਸ਼ੇ ਨੂੰ ਸਮਝਾਉਂਣ ਲਈ ਲੋੜ ਹੈ, ਬੱਚੇ ਨੂੰ ਯਾਦ ਕਰਾਏ, ਅਤੇ ਜੇ ਉਸਨੂੰ ਯਾਦ ਨਾ ਆਉਣ ਤਾਂ ਉਨ੍ਹਾਂ ਨੂੰ ਫਿਰ ਤੋਂ ਪੜ੍ਹਾ ਦੇਵੇ। ਇਸ ਤਰ੍ਹਾਂ ਇਤਿਹਾਸ ਦਾ ਉਸਤਾਦ ਭੂਗੋਲ ਦੇ ਉਸਤਾਦ ਦੀ ਮਦਦ ਕਰੇਗਾ, ਅਤੇ ਨਾਲ ਹੀ ਇਤਿ-ਹਾਸ ਦੇ ਵਿਸ਼ੇ ਨੂੰ ਵੀ ਵਧੇਰੇ ਸੁਆਦਲਾ ਬਣਾ ਦੇਵੇਗਾ ਇਸ ਤਰ੍ਹਾਂ ਇਕ ਵਿਸ਼ਾ ਜਦ ਦੂਜੇ ਵਿਸ਼ੇ

ਨਾਲ ਸਬੰਧ ਵਿਖਾਕੇ ਪੜ੍ਹਾਇਆ ਜਾਂਦਾ ਹੈ ਤਾਂ ਉਹ ਬੱਚਿਆਂ ਨੂੰ ਬੜੀ ਚੰਗੀ ਤਰ੍ਹਾਂ ਸਮਝ ਆ ਜਾਂਦਾ ਹੈ ਅਤੇ ਕਈ ਦਿਨਾਂ ਤਕ ਉਨ੍ਹਾਂ ਨੂੰ ਯਾਦ ਵੀ ਰਹਿੰਦਾ ਹੈ। ਜਦ ਬਚਿਆਂ ਅੱਗੇ ਰੇਖਾ ਗਣਿਤ ਪੜ੍ਹਾਉਣ ਸਮੇਂ ਉਸ ਦਾ ਸਬੰਧ ਬੀਜ-ਗਣਿਤ ਨਾਲ ਪੈਦਾ ਕੀਤਾ ਜਾਂਦਾ ਹੈ ਤਾਂ ਕੇਵਲ ਰੇਖਾ ਗਣਿਤ ਦੀਆਂ ਗਲਾਂ ਹੀ ਚੰਗੀ ਤਰ੍ਹਾਂ ਸਮਝ ਨਹੀਂ ਆਉਂਦੀਆਂ ਸਗੋਂ ਬੀਜ ਗਣਿਤ ਦੀਆਂ ਗਲਾਂ ਦਾ ਗਿਆਨ ਵੀ ਚੰਗੀ ਤਰ੍ਹਾਂ ਹੋ ਜਾਂਦਾ ਹੈ।

**ਵਿਹਾਰ ਵਿਚ ਲਾਭ:**—ਮਨੁਖ ਦੇ ਵਿਹਾਰਿਕ ਜੀਵਨ ਵਿਚ ਉਹ ਗਿਆਨ ਹੀ ਲਾਭਦਾਇਕ ਸਿਧ ਹੁੰਦਾ ਹੈ ਜਿਹੜਾ ਸਦਾ ਬੱਚੇ ਦੀ ਚੇਤਨਾ ਵਿਚ ਰਹਿੰਦਾ ਹੈ। ਬੱਚੇ ਦਾ ਪਰਾਪਤ ਕੀਤਾ ਗਿਆਨ ਇਸ ਤਰ੍ਹਾਂ ਲਾਭਦਾਇਕ ਸਿਧ ਹੋਣ ਲਈ ਸੁਚੱਜੇ ਢੰਗ ਵਿਚ ਜੁੜਿਆ ਹੋਣਾ ਜ਼ਰੂਰੀ ਹੈ, ਅਰਥਾਤ ਜਦ ਹਰ ਸਿਖੀ ਹੋਈ ਗਲ ਦਾ ਕਈ ਗਲਾਂ ਨਾਲ ਸਬੰਧ ਕਾਇਮ ਹੋ ਜਾਂਦਾ ਹੈ ਤਾਂ ਫਿਰ, ਜਦ ਅਸੀਂ ਵਰਤੋਂ ਵਿਚ ਲਿਆਉਣ ਲਈ ਉਸਦਾ ਧਿਆਨ ਕਰਦੇ ਹਾਂ, ਉਹ, ਝੱਟ ਯਾਦ ਆ ਜਾਂਦੀ ਹੈ। ਜਿਸ ਗਲ ਦਾ ਇਸਤਰ੍ਹਾਂ ਦੂਜੀਆਂ ਗਲਾਂ ਨਾਲ ਸਬੰਧ ਕਾਇਮ ਨਹੀਂ ਹੁੰਦਾ ਉਹ ਲੋੜ ਪੈਣ ਤੇ ਕੰਮ ਨਹੀਂ ਆਉਂਦੀ। ਆਪਣੇ ਵਿਹਾਰ ਵਿਚ ਜਦ ਅਸੀਂ ਕਿਸੇ ਗਲ ਦੀ ਵਰਤੋਂ ਕਰਦੇ ਹਾਂ ਤਾਂ ਸਾਨੂੰ ਇਸ ਗਲ ਦਾ ਧਿਆਨ ਨਹੀਂ ਰਹਿੰਦਾ ਜੁ ਸਾਨੂੰ ਕਿਸ ਵਿਸ਼ੇ ਦਾ ਗਿਆਨ ਹੈ। ਅੱਡ ਅੱਡ ਵਿਸ਼ਿਆਂ ਰਾਹੀਂ ਪਰਾਪਤ ਕੀਤਾ ਗਿਆਨ ਜਦ ਚੰਗੀ ਤਰ੍ਹਾਂ ਗੱਠਿਤ ਹੋ ਕੇ ਕਿਸੇ ਸਮੱਸਿਆ ਦੇ ਹਲ ਕਰਨ ਲਈ ਵਰਤਿਆ ਜਾਂਦਾ ਹੈ ਤਾਂ ਹੀ ਉਹ ਸਮੱਸਿਆ ਹਲ ਹੁੰਦੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਅੱਡ ਅੱਡ ਵਿਸ਼ਿਆਂ ਵਿਚ ਸਬੰਧ ਕਾਇਮ ਹੋਏ ਬਿਨਾਂ ਬਾਲਕ ਲਾਭਦਾਇਕ ਵਿਹਾਰਿਕ ਗਿਆਨ ਪਰਾਪਤ ਨਹੀਂ ਕਰ ਸਕਦਾ।

**ਚਲਣ ਦੀ ਉਸਾਰੀ ਵਿਚ ਵਰਤੋਂ:**—ਪਰਸਿਧ ਸਿਖਿਆ-ਵਿਗਿਆਨੀ ਹਰਬਰਟ ਦਾ ਕਹਿਣਾ ਹੈ ਕਿ ਬਚੇ ਦੇ ਚਲਣ ਨੂੰ ਤਾਕਤਵਰ ਬਨਾਉਣ ਲਈ ਅੱਡ ਅੱਡ ਕਿਸਮ ਦੇ ਵਿਚਾਰਾਂ ਦਾ ਆਪਸ ਵਿਚ ਸਬੰਧ ਕਾਇਮ ਕਰਨਾ ਬੜਾ ਜ਼ਰੂਰੀ ਹੈ। ਜਿਸ ਵਿਅਕਤੀ ਦੇ ਵਿਚਾਰ ਠੁਕ ਸਿਰ ਜੁੜੇ ਹੋਏ ਹੁੰਦੇ ਹਨ ਉਸਦਾ ਆਚਰਨ ਵੀ ਠੁਕ ਵਾਲਾ ਹੁੰਦਾ ਹੈ ਅਤੇ ਇਸ ਦੇ ਕਾਰਨ ਉਸ ਦਾ ਚਲਣ ਵੀ ਤਾਕਤਵਰ ਹੁੰਦਾ ਹੈ। ਅਵਾਗ, ਬੇਠੁਕੇ ਵਿਚਾਰਾਂ ਨਾਲ ਇੱਛਾ-ਸ਼ਕਤੀ ਕਮਜ਼ੋਰ ਹੋ ਜਾਂਦੀ ਹੈ, ਅਤੇ ਜੀਵਨ ਦਾ ਕੋਈ ਨਿਸ਼ਾਨਾ ਸਾਹਮਣੇ ਨਹੀਂ ਰਹਿੰਦਾ। ਜਿਨ੍ਹਾਂ ਵਿਅਕਤੀਆਂ ਦੇ ਵਿਚਾਰਾਂ ਵਿਚ ਏਕਤਾ ਨਹੀਂ ਰਹਿੰਦੀ ਉਨ੍ਹਾਂ ਦੀ ਇੱਛਾ—ਸ਼ਕਤੀ ਵਿਚ ਵੀ ਏਕਤਾ ਨਹੀਂ ਰਹਿੰਦੀ। ਅਜਿਹੇ ਵਿਅਕਤੀ ਜਿਹੜਾ ਵੀ ਕੰਮ ਕਰਦੇ ਹਨ ਉਹ ਦੁਬਧਾ ਵਿਚ ਭਰੇ ਕਰਦੇ ਹਨ। ਕਿੰਨੇ ਹੀ ਲੋਕਾਂ ਦੇ ਧਾਰਮਕ ਵਿਚਾਰ ਉਨ੍ਹਾਂ ਦੇ ਦਿਮਾਗ ਦੀ ਇਕ ਨੁਕਰੇ ਲੱਗੇ ਰਹਿੰਦੇ ਹਨ ਅਤੇ ਵਿਪਾਰ ਦੇ ਵਿਚਾਰ ਦੂਜੀ ਨੁਕਰੇ। ਉਨ੍ਹਾਂ ਵਿਚ ਸੁਮੇਲ ਨਾ ਹੋਣ ਕਰਕੇ ਇਕ ਹੀ ਮਨੁਖ ਇਕ ਪਾਸੇ ਵਡਾ ਧਾਰਮਕ ਮਨੁਖ ਬਣਿਆ ਰਹਿੰਦਾ ਹੈ ਅਤੇ ਦੂਜੇ ਪਾਸੇ ਆਪਣੇ ਕੰਮਕਾਰ ਵਿਚ ਹਰ ਤਰ੍ਹਾਂ ਦੀਆਂ ਚਲਾਕੀਆਂ ਤੇ ਠੱਗੀਆਂ ਦੀ ਵਰਤੋਂ ਕਰਦਾ ਹੈ। ਸੁਚੱਜੀ ਸਿਖਿਆ ਦਾ ਇਹ ਨਿਸ਼ਾਨਾ ਹੈ ਕਿ ਮਨੁਖ ਦੀ ਇਸ ਤਰ੍ਹਾਂ ਦੀ ਮਾਨਸਿਕ ਹਾਲਤ ਨੂੰ ਖਤਮ ਕਰ ਦੇਵੇ। ਹਰਬਰਟ ਦਾ ਕਹਿਣਾ ਹੈ ਕਿ ਅਜਿਹੇ ਉਸਤਾਦ ਹੀ ਬੱਚੇ ਨੂੰ ਸੱਚੀ ਸਿਖਿਆ ਦਿੰਦੇ ਹਨ ਜਿਹੜੇ ਬੱਚੇ ਦੇ ਮਨ ਵਿਚ ਸੁਚੱਜੀ ਲੜੀ ਵਿਚ ਅਰਥਾਤ ਸਾਰੇ ਅੰਗਾਂ ਦਾ

ਆਪਸ ਦਾ ਸਬੰਧ ਬਣਾਕੇ, ਵਿਚਾਰਾਂ ਦੀ ਉਸਾਰੀ ਕਰਦੇ ਹਨ।*

## ਸਾਂਝੇ ਸਬੰਧ ਦੀਆਂ ਕਿਸਮਾਂ

ਸਾਂਝਾ ਸਬੰਧ ਹੇਠ ਲਿਖੇ ਤਿੰਨ ਤਰ੍ਹਾਂ ਦਾ ਹੁੰਦਾ ਹੈ :—

(੧) ਇਕ ਹੀ ਵਿਸ਼ੇ ਦੇ ਵੱਖ ਵੱਖ ਅੰਗਾਂ ਦਾ ਸਬੰਧ।

(੨) ਪਾਠ-ਕ੍ਰਮ ਦੇ ਵੱਖ ਵੱਖ ਵਿਸ਼ਿਆਂ ਦਾ ਸਬੰਧ।

(੩) ਸਕੂਲ ਦੀ ਪੜ੍ਹਾਈ ਦਾ ਜੀਵਨ ਦੇ ਕਾਰ ਵਿਹਾਰਾਂ ਨਾਲ ਸਬੰਧ।

ਇਨ੍ਹਾਂ ਤਿੰਨਾਂ ਤਰ੍ਹਾਂ ਦੀਆਂ ਸਾਂਝਾਂ ਉਤੇ ਹੁਣ ਅਸੀਂ ਅੱਡ ਅੱਡ ਵਿਚਾਰ ਕਰਾਂਗੇ।

**ਅੱਡ ਅੱਡ ਅੰਗਾਂ ਦੀ ਸਾਂਝ :—** ਕਿਸੇ ਵਿਸ਼ੇ ਨੂੰ ਪੜ੍ਹਾਉਣ ਸਮੇਂ ਉਸਤਾਦ ਨੂੰ ਚਾਹੀਦਾ ਹੈ ਕਿ ਉਸ ਵਿਸ਼ੇ ਦੇ ਵੱਖ ਵੱਖ ਅੰਗਾਂ ਦੇ ਗਿਆਨ ਨੂੰ ਧਿਆਨ ਵਿਚ ਰਖੇ ਅਤੇ ਇਕ ਅੰਗ ਦਾ ਸਬੰਧ ਦੂਜੇ ਅੰਗ ਨਾਲ ਜੋੜਨ ਦਾ ਯਤਨ ਕਰੇ।

ਉਦਾਹਰਨ ਵਜੋਂ, ਜਦ ਇਕ ਉਸਤਾਦ ਕਿਸੇ ਵਾਰਤਕ ਦੀ ਸੰਥਾ ਬਚਿਆਂ ਨੂੰ ਪੜ੍ਹਾ ਰਿਹਾ ਹੋਵੇ ਤਾਂ ਉਸ ਨੂੰ ਇਸ ਸੰਥਾ ਦਾ ਸਬੰਧ ਵਿਆਕਰਨ ਦੀ ਸੰਥਾ ਨਾਲ ਜੋੜਨ ਦਾ ਯਤਨ ਕਰਨਾ ਚਾਹੀਦਾ ਹੈ। ਸੰਗਿਆ ਸ਼ਬਦ ਨੂੰ ਪੜ੍ਹਾਉਣ ਸਮੇਂ ਉਨ੍ਹਾਂ ਦੇ ਵਖ ਵਖ ਰੂਪ ਦਸਣਾ ਚੰਗਾ ਹੈ। ਇਸੇ ਤਰ੍ਹਾਂ ਕਿਰਿਆ ਪਦ ਨੂੰ ਪੜ੍ਹਾਉਣ ਵੇਲੇ ਕਿਰਿਆ ਦੀ ਧਾਤੂ ਅਤੇ ਉਸ ਦੇ ਅੱਡ ਅੱਡ ਕਾਲਾਂ ਦੇ ਰੂਪ ਦਸਣ ਨਾਲ ਇਕ ਤੇ ਬਚਿਆਂ ਦਾ ਗਿਆਨ ਪੱਕਾ ਹੋ ਜਾਂਦਾ ਹੈ ਅਤੇ ਦੂਜੇ ਉਹ ਕਿਰਿਆ ਪਦ ਨੂੰ ਵੀ ਚੰਗੀ ਤਰ੍ਹਾਂ ਸਮਝ ਜਾਂਦੇ ਹਨ। ਸੰਥਾ ਵਿਚ ਪੜ੍ਹੇ ਵਿਸ਼ੇ ਉਤੇ ਹੀ ਲੇਖ ਲਿਖਵਾਇਆ ਜਾ ਸਕਦਾ ਹੈ। ਇਸ ਤਰ੍ਹਾਂ ਵਾਰਤਕ ਸੰਥਾ ਦਾ ਸਬੰਧ ਇਕ ਪਾਸੇ ਵਿਆਕਰਨ ਨਾਲ ਅਤੇ ਦੂਜੇ ਪਾਸੇ ਲੇਖ ਲਿਖਣ ਦੇ ਅਭਿਆਸ ਨਾਲ ਜੋੜਿਆ ਜਾ ਸਕਦਾ ਹੈ।

**ਅੱਡ ਅੱਡ ਵਿਸ਼ਿਆਂ ਦਾ ਆਪਸੀ ਸਬੰਧ :—** ਜਿਸ ਤਰ੍ਹਾਂ ਇਕ ਹੀ ਵਿਸ਼ੇ ਦੇ ਅੱਡ ਅੱਡ ਅੰਗਾਂ ਵਿਚ ਆਪਸੀ ਸਬੰਧ ਕਾਇਮ ਕਰ ਕੇ ਪੜ੍ਹਾਇਆ ਜਾ ਸਕਦਾ ਹੈ, ਉਸੇ ਤਰ੍ਹਾਂ ਵਖ ਵਖ ਵਿਸ਼ਿਆਂ ਨੂੰ, ਇਕ ਦੂਜੇ ਨਾਲ ਸਬੰਧ ਬਣਾ ਕੇ, ਪੜ੍ਹਾਇਆ ਜਾ ਸਕਦਾ ਹੈ। ਇਤਿਹਾਸ ਦਾ ਸਬੰਧ ਭੂਗੋਲ ਅਤੇ ਬੋਲੀ ਦੇ ਪਾਠ ਨਾਲ ਜੋੜਿਆ ਜਾ ਸਕਦਾ ਹੈ। ਬੋਲੀ ਦੀ ਸੰਥਾ ਦਾ ਸਬੰਧ ਭੂਗੋਲ, ਇਤਿਹਾਸ, ਨਾਗਰਿਕ ਸ਼ਾਸਤਰ ਜਾਂ ਸਰਲ ਵਿਗਿਆਨ ਨਾਲ ਪੈਦਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੇ ਸਬੰਧ ਕਾਇਮ ਕਰਨ ਵਿਚ ਇਸ ਗਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਬਿਆਨ ਕੀਤੇ ਜਾ ਰਹੇ ਵਿਸ਼ੇ ਦੀ ਬੱਚਿਆਂ ਨੂੰ ਚੰਗੀ ਤਰ੍ਹਾਂ ਸਮਝ ਆਵੇ ਤੇ ਦੇਰ ਤਕ ਯਾਦ ਰਹੇ। ਕਿਸੇ ਵੀ ਵਿਸ਼ੇ ਦਾ ਜਿੰਨਾ ਵਧੇਰੇ ਪਹਿਲਾਂ ਪੜ੍ਹੇ ਹੋਰਨਾਂ ਵਿਸ਼ਿਆਂ ਨਾਲ ਸਬੰਧ ਕਾਇਮ ਹੋ ਜਾਵੇ ਉਨਾ ਹੀ ਵਧੇਰੇ ਉਹ ਯਾਦ ਰਹਿੰਦਾ ਹੈ। ਇਸ ਤਰ੍ਹਾਂ

---

*"Those only wield the full power of education who know how to cultivate in the youthful soul a large circle of thought closely connected in all its parts".

—*Science of Education*. *P. 92.*

ਪੜ੍ਹੀ ਸੰਥਾ ਸੁਆਦੀ ਹੋ ਜਾਂਦੀ ਹੈ ਅਤੇ ਵੇਲੇ ਸਿਰ ਯਾਦ ਆ ਜਾਂਦੀ ਹੈ।

**ਪੜ੍ਹਾਈ ਦੀ ਕਾਰ ਵਿਹਾਰ ਨਾਲ ਸਾਂਝ :**—ਹਰ ਉਸਤਾਦ ਦਾ ਫਰਜ਼ ਹੈ ਕਿ ਉਹ ਕਿਸੇ ਵਿਸ਼ੇ ਨੂੰ ਇਸ ਤਰ੍ਹਾਂ ਪੜ੍ਹਾਏ ਕਿ ਬੱਚਾ ਆਪਣੀ ਪੜ੍ਹੀ ਹੋਈ ਗਲ ਦੀ ਸਚਿਆਈ ਦਾ ਸਬੂਤ ਆਪਣੇ ਤਜਰਬੇ ਵਿਚ ਆਈਆਂ ਗਲਾਂ ਵਿਚ ਲਭ ਸਕੇ। ਇਸ ਦੇ ਲਈ ਉਸਤਾਦ ਨੂੰ ਬੱਚੇ ਦੇ ਤਜਰਬੇ ਨੂੰ ਜਾਨਣਾ ਹੋਵੇਗਾ ਅਤੇ ਕਿਸੇ ਵੀ ਵਿਸ਼ੇ ਨੂੰ ਪੜ੍ਹਾਉਣ ਸਮੇਂ ਉਸ ਤਜਰਬੇ ਨੂੰ ਧਿਆਨ ਵਿਚ ਰਖਣਾ ਹੋਵੇਗਾ। ਮੰਨ ਲੋ, ਕੋਈ ਉਸਤਾਦ ਨਦੀ ਦੇ ਹੜ ਬਾਰੇ ਸੰਥਾ ਪੜ੍ਹਾ ਰਿਹਾ ਹੈ। ਉਸ ਸੰਥਾ ਨੂੰ ਪੜ੍ਹਾਉਣ ਵੇਲੇ ਉਸ ਨੂੰ ਬਚਿਆਂ ਨੂੰ ਕਿਸੇ ਨਦੀ ਦੇ ਹੜ ਦਾ ਅਨੁਭਵ ਯਾਦ ਕਰਾਉਣਾ ਹੋਵੇਗਾ। ਜਿਨ੍ਹਾਂ ਗਲਾਂ ਨੂੰ ਉਸਤਾਦ ਦਸਣਾ ਚਾਹੰਦਾ ਹੈ, ਉਨ੍ਹਾਂ ਵਿਚੋਂ ਬਹੁਤੀਆਂ ਦੀ ਬੱਚਾ ਪਹਿਲਾਂ ਤੋਂ ਜਾਣਕਾਰੀ ਰਖਦਾ ਹੈ। ਬਚਿਆਂ ਦੇ ਪਹਿਲੇ ਗਿਆਨ ਅਨੁਭਵ ਨੂੰ ਧਿਆਨ ਵਿਚ ਰਖ ਕੇ ਪੜ੍ਹਾਉਣ ਨਾਲ ਉਨ੍ਹਾਂ ਨੂੰ ਪੜ੍ਹਾਇਆ ਪਾਠ ਚੰਗੀ ਤਰ੍ਹਾਂ ਸਮਝ ਵਿਚ ਆ ਜਾਂਦਾ ਹੈ ਅਤੇ ਜੀਵਨ ਦੀਆਂ ਸਮੱਸਿਆਵਾਂ ਹਲ ਕਰਨ ਦੇ ਕੰਮ ਆਉਂਦਾ ਹੈ।

## ਪਾਠ-ਵਿਸ਼ਿਆਂ ਦਾ ਸਾਂਝਾ-ਸਬੰਧ ਅਤੇ ਕੇਂਦਰੀ ਕਰਨ

ਕਦੇ ਕਦੇ ਉਸਤਾਦ ਪਾਠ-ਵਿਸ਼ਿਆਂ ਦੇ ਸਾਂਝੇ ਸਬੰਧ ਦਾ ਅਰਥ ਉਨ੍ਹਾਂ ਦੇ ਕੇਂਦਰੀ ਕਰਨ ਲਾ ਲੈਂਦੇ ਹਨ। ਸਾਂਝਾ ਸਬੰਧ ਕੇਂਦਰ ਕਰਨ ਤੋਂ ਵਖਰੀ ਕਿਰਿਆ ਹੈ। ਸਾਂਝੇ-ਸਬੰਧ ਦਾ ਉਦੇਸ਼ ਕਿਸੇ ਵਿਸ਼ੇ ਨੂੰ ਇਸ ਤਰ੍ਹਾਂ ਪੜ੍ਹਾਉਣਾ ਹੈ ਜਿਸ ਨਾਲ ਬੱਚੇ ਨੂੰ ਉਸ ਦਾ ਦੂਜੇ ਵਿਸ਼ਿਆਂ ਨਾਲ ਸਬੰਧ ਚੰਗੀ ਤਰ੍ਹਾਂ ਸਪਸ਼ਟ ਹੋ ਜਾਵੇ। ਸਾਂਝੇ ਸਬੰਧ ਦਾ ਮੁਖ ਨਿਸ਼ਾਨਾ ਬਿਆਨ ਕੀਤੇ ਜਾ ਰਹੇ ਪਾਠ ਨੂੰ ਪੜ੍ਹਾਉਣਾ ਹੈ, ਉਸ ਨਾਲ ਸਬੰਧਤ ਦੂਜੇ ਵਿਸ਼ਿਆਂ ਦੀ ਸੁਤੰਤਰ ਰੂਪ ਵਿਚ ਚਰਚਾ ਕਰਨ ਲਗ ਜਾਣਾ ਨਹੀਂ ਹੈ। ਹਰ ਉਸਤਾਦ ਦਾ ਫਰਜ਼ ਹੈ ਕਿ ਉਹ ਇਕ ਪਾਠ ਨੂੰ ਪੜ੍ਹਾਉਣ ਵੇਲੇ ਆਪਣੇ ਵਿਸ਼ੇ ਦਾ ਵਿਸ਼ੇਸ਼ ਧਿਆਨ ਰੱਖੇ। ਦੂਜੇ ਵਿਸ਼ਿਆਂ ਨੂੰ ਆਪਣੇ ਪਾਠ ਵਿਚ ਉਥੋਂ ਤਕ ਹੀ ਆਉਣ ਦੇਵੇ ਜਿਥੋਂ ਤਕ ਉਹ ਬਿਆਨ ਕੀਤੇ ਜਾ ਰਹੇ ਵਿਸ਼ੇ ਨੂੰ ਪੜ੍ਹਾਉਣ ਵਿਚ ਸਹਾਇਕ ਹੋਣ। ਜਦ ਕੋਈ ਉਸਤਾਦ ਇਸ ਨਿਯਮ ਨੂੰ ਧਿਆਨ ਵਿਚ ਨਹੀਂ ਰਖਦਾ ਤਾਂ ਉਹ ਕਿਸੇ ਵੀ ਵਿਸ਼ੇ ਨੂੰ ਚੰਗੀ ਤਰ੍ਹਾਂ ਪੜ੍ਹਾਉਣ ਵਿਚ ਸਫਲ ਨਹੀਂ ਹੁੰਦਾ। ਬਚਿਆਂ ਵਿਚ ਆਪਣੇ ਵਿਚਾਰਾਂ ਵਿਚ ਇਕ ਥਾਂ ਕੇਂਦ੍ਰਿਤ ਕਰਨ ਦੀ ਸ਼ਕਤੀ ਨਹੀਂ ਆਉਂਦੀ। ਬੱਚੇ ਦੀ ਸਿਖਾਈ ਵਿਚ ਹਰ ਵਿਸ਼ੇ ਦੀ ਆਪਣੀ ਮਹੱਤਾ ਹੈ। ਸਧਾਰਨ ਤੌਰ ਤੇ ਕਿਸੇ ਇਕ ਵਿਸ਼ੇ ਦੀ ਪੜ੍ਹਾਈ ਨੂੰ ਇੱਨੀ ਮਹੱਤਾ ਨਹੀਂ ਦਿਤੀ ਜਾ ਸਕਦੀ ਕਿ ਬਾਕੀ ਵਿਸ਼ੇ ਉਸ ਦੇ ਅਧੀਨ ਹੋ ਜਾਣ। ਜਦ ਕੋਈ ਉਸਤਾਦ ਇਕ ਵਿਸ਼ੇ ਨੂੰ ਹੀ ਮੁਖ ਵਿਸ਼ਾ ਬਣਾ ਲੈਂਦਾ ਹੈ ਅਤੇ ਦੂਜੇ ਵਿਸ਼ਿਆਂ ਨੂੰ ਉਸ ਦੇ ਅਧੀਨ ਕਰ ਦਿੰਦਾ ਹੈ ਤਾਂ ਉਹ ਸਾਰੇ ਵਿਸ਼ਿਆਂ ਦਾ ਸਮੁਚਾ ਗਿਆਨ ਦੇਣ ਦੀ ਥਾਂ ਪਰਧਾਨ ਵਿਸ਼ੇ ਦਾ ਹੀ ਵਧੇਰੇ ਗਿਆਨ ਕਰਵਾਉਂਦਾ ਹੈ। ਇਸ ਤਰ੍ਹਾਂ ਦੀ ਸਿਖਾਈ-ਵਿਧੀ ਨੂੰ ਪਾਠ-ਵਿਸ਼ਿਆਂ ਦਾ ਕੇਂਦਰੀ ਕਰਨ ਕਿਹਾ ਜਾਂਦਾ ਹੈ।

ਜਦ ਬੱਚੇ ਨੂੰ ਕਿਸੇ ਰੁਜ਼ਗਾਰ ਲਈ ਤਿਆਰ ਕਰਨਾ ਹੁੰਦਾ ਹੈ ਤਾਂ ਉਸ ਦੀ ਪੜ੍ਹਾਈ ਦੇ ਸਭ ਵਿਸ਼ਿਆਂ ਦਾ ਇਸੇ ਇਕ ਵਿਸ਼ੇ ਉਤੇ ਕੇਂਦਰੀ ਕਰਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦਾ ਕੇਂਦਰੀ-ਕਰਨ ਅੱਗੇ ਜਾ ਕੇ, ਜਦ ਬਾਲਕ ਕਿਸੇ ਧੰਦੇ ਵਿਚ ਦਾਖਲ ਹੋਣ ਲਈ ਸਿਖਿਆ ਪਰਾਪਤ ਕਰਦਾ ਹੈ, ਲਾਭਦਾਇਕ ਹੁੰਦਾ ਹੈ। ਪਰ ਬਚਿਆਂ ਦੀ ਮੁਢਲੀ ਸਿਖਿਆ ਵਿਚ

ਇਸ ਤਰ੍ਹਾਂ ਦਾ ਕੇਂਦਰੀ-ਕਰਨ ਕਰਨਾ ਉਨ੍ਹਾਂ ਦੇ ਬੌਧਿਕ ਵਿਕਾਸ ਵਿਚ ਰੋਕ ਬਣਦਾ ਹੈ। ਬਹੁਤ ਸਾਰੇ ਉਸਤਾਦ ਇਕ ਹੀ ਪਾਠ ਵਿਚ ਕਈ ਵਿਸ਼ਿਆਂ ਦੀਆਂ ਗੱਲਾਂ ਬਿਨਾਂ ਉਨ੍ਹਾਂ ਦਾ ਠੀਕ ਤਰ੍ਹਾਂ ਸਬੰਧ ਜੋੜਨ ਦੇ ਲੈ ਆਉਂਦੇ ਹਨ ਜਿਸ ਨਾਲ ਬਚਿਆਂ ਦਾ ਮੌਲਿਕ ਲਾਭ ਹੋਣ ਦੀ ਥਾਂ ਹਾਨੀ ਹੁੰਦੀ ਹੈ। ਇਸ ਤਰ੍ਹਾਂ ਦੀ ਸਾਂਝ ਝੂਠੀ ਸਾਂਝ ਹੈ। ਇਸ ਨੂੰ ਪ੍ਰਧਾਨ ਸਿਖਿਆ-ਵਿਦਵਾਨਾਂ ਨੇ ਬਿਅਰਥ ਕਿਹਾ ਹੈ।

ਵਰਤਮਾਨ ਸਮੇਂ ਵਿਚ ਭਾਰਤ ਵਰਸ਼ ਵਿਚ ਪੜ੍ਹਾਈ ਦੇ ਸਾਰੇ ਵਿਸ਼ਿਆਂ ਦਾ ਹੱਥ ਦੇ ਕੰਮ ਉਤੇ ਕੇਂਦਰੀ ਕਰਣ ਕਰਨ ਦੀ ਵਰਤੋਂ ਕੀਤੀ ਜਾ ਰਹੀ ਹੈ। ਸਾਡੀ 'ਬੇਸਿਕ' ਸਿਖਿਆ-ਪਰਨਾਲੀ ਵਿਚ ਕਿਸੇ ਬੁਨਿਆਦੀ ਕੰਮ ਨੂੰ ਕੇਂਦਰ ਬਣਾਇਆ ਜਾਂਦਾ ਹੈ। ਪੜ੍ਹਾਈ ਦੇ ਦੂਜੇ ਵਿਸ਼ਿਆਂ ਨੂੰ ਇਸ ਤਰ੍ਹਾਂ ਸਿਖਾਇਆ ਜਾਂਦਾ ਹੈ ਜਿਸ ਤੋਂ ਬੱਚਾ ਉਨ੍ਹਾਂ ਦਾ ਕਿਸੇ ਨਾ ਕਿਸੇ ਤਰ੍ਹਾਂ ਦੇ ਹਥ ਦੇ ਕੰਮ ਨਾਲ ਸਬੰਧ ਵੇਖ ਸਕੇ। ਹਰ ਵਿਸ਼ਾ ਪੜ੍ਹਾਉਣ ਵੇਲੇ ਉਸਤਾਦ ਨੂੰ ਬੁਨਿਆਦੀ ਕੰਮ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਸਮਝਿਆ ਜਾਂਦਾ ਹੈ ਅਤੇ ਉਸਨੂੰ ਨੀਂਹ ਮੰਨਕੇ ਹੀ ਦੂਜਿਆਂ ਵਿਸ਼ਿਆਂ ਦੀ ਪੜ੍ਹਾਈ ਕਰਾਈ ਜਾਂਦੀ ਹੈ। ਮਾਨਸਿਕ ਵਿਕਾਸ਼ ਦੀ ਦ੍ਰਿਸ਼ਟੀ ਤੋਂ ਇਸ ਤਰ੍ਹਾਂ ਦਾ ਕੇਂਦਰੀ-ਕਰਣ ਛੋਟੇ ਬਚਿਆਂ ਲਈ ਹਾਨੀਕਾਰਕ ਹੈ। ਛੋਟੇ ਬਚਿਆਂ ਲਈ ਅਨੇਕ ਵਿਸ਼ੇ ਪੜ੍ਹਾਏ ਜਾਣੇ ਜ਼ਰੂਰੀ ਹਨ ਅਤੇ ਉਨ੍ਹਾਂ ਵਿਚ ਆਪਸ ਦਾ ਇਨਾ ਸਬੰਧ ਹੀ ਕਾਇਮ ਕਰਨਾ ਠੀਕ ਹੈ ਜਿੰਨਾ ਕਿ ਹਰ ਵਿਸ਼ੇ ਨੂੰ ਸੁਆਦੀ ਬਨਾਉਣ ਲਈ ਅਤੇ ਉਸਦੀ ਸੁਤੰਤਰਤਾ ਰਖਣ ਲਈ ਜ਼ਰੂਰੀ ਹੈ। ਮੁਢਲੀਆਂ ਜਮਾਤਾਂ ਵਿਚ ਬਚਿਆਂ ਨੂੰ ਕੋਈ ਵਿਸ਼ਾ ਇਸ ਤਰ੍ਹਾਂ ਨਹੀਂ ਪੜ੍ਹਾਇਆ ਜਾਣਾ ਚਾਹੀਦਾ ਜਿਸ ਨਾਲ ਉਹ ਦੂਜੇ ਵਿਸ਼ੇ ਦੀ ਸੁਤੰਤਰਤਾ ਵਿਚ ਰੋਕ ਬਣ ਜਾਵੇ।*

ਮੁਢਲੀਆਂ ਜਮਾਤਾਂ ਦੇ ਬਚਿਆਂ ਲਈ ਇਸ ਤਰ੍ਹਾਂ ਦੇ ਕੇਂਦਰੀ-ਕਰਣ ਦੀ ਸਲਾਹ, ਵੀ ਕਿਸੇ ਯੋਗ ਸਿਖਿਆ-ਵਿਗਿਆਨੀ ਨੇ ਨਹੀਂ ਦਿਤੀ, ਜਿਸ ਤਰ੍ਹਾਂ ਦਾ ਕਿ ਸਾਡੀ ਬੇਸ਼ਿਕ ਸਿਖਿਆ-ਪਰਨਾਲੀ ਵਿਚ ਪਾਇਆ ਜਾਂਦਾ ਹੈ। ਇਸ ਪਰਸੰਗ ਵਿਚ ਡਾਕਟਰ ਐਸ. ਐਸ. ਲੋਰੀ

---

*ਇਸ ਪਰਸੰਗ ਵਿਚ ਰੇਮੰਟ ਦੇ ਹੇਠ ਲਿਖੇ ਵਿਚਾਰ ਲਿਖਣ ਯੋਗ ਹਨ:—

'No school pursuit can ever become a moral force in a person's life unless it assumes a position amongst what we call interests; no such interest is ever evoked unless the subject is ever well understood and no is art intelligently practised if the light which the other studies are able to throw upon it is deliberately shut out. This we take to be the true principle of correlation and this means that in teaching any subject so far as these will help towards the complete understanding of the thing in hand, it does not mean that we should go forth to seek connections that do not naturally suggest themaselves under the mistaken idea that we are thereby securing unity in the circle of thought."

—*Principles of Education* P. 234.

ਦਾ ਹੇਠ ਲਿਖਿਆ ਕਥਨ ਲਿਖਣ-ਯੋਗ ਹੈ:-

"ਆਧੁਨਿਕ ਕਾਲ ਵਿਚ ਬਚਿਆਂ ਦੀ ਮੁਢਲੀ ਸਿਖਾਈ ਵਿਚ ਅਨੇਕ ਸੁਤੰਤਰ ਵਿਸ਼ਿਆਂ ਦੇ ਰੱਖੇ ਜਾਣ ਦਾ ਯਤਨ ਕੀਤਾ ਜਾਂਦਾ ਹੈ। ਇਸ ਲਈ ਉਸਤਾਦ ਦਾ ਇਹ ਫਰਜ਼ ਹੈ ਕਿ ਉਹ ਆਪਣੀਆਂ ਸਿਖਾਈ-ਯੋਜਨਾਵਾਂ ਵਿਚ ਏਕਤਾ ਕਾਇਮ ਕਰਨ ਦਾ ਯਤਨ ਕਰੇ, ਪਰ ਬਣਾਵਟੀ ਏਕਤਾ ਬੇਲੋੜੀ ਹੈ ਅਤੇ ਉਹ ਕਾਰਵਿਹਾਰ ਵਿਚ ਜ਼ਰੂਰ ਅਸਫਲ ਸਿਧ ਹੋਵੇਗੀ। ਉਸਤਾਦ ਦੇ ਮਨ ਵਿਚ ਬਚਿਆਂ ਦੀ ਸਿਖਿਆ ਦਾ ਵਿਸ਼ੇਸ਼ ਨਿਸ਼ਾਨਾ ਹੋਣਾ ਚਾਹੀਦਾ ਹੈ। ਇਸ ਨਾਲ ਹੀ ਉਸਦੇ ਅੱਡ ਅੱਡ ਵਿਸ਼ਿਆਂ ਦੇ ਪੜ੍ਹਾਉਣ ਵਿਚ ਏਕਤਾ ਕਾਇਮ ਹੋ ਜਾਵੇਗੀ। ਪੜ੍ਹਾਈ ਦੇ ਅੱਡ ਅੱਡ ਵਿਸ਼ਿਆਂ ਦਾ ਸਫਲ ਏਕੀ-ਕਰਣ ਉਸਤਾਦ ਉਤੇ ਹੀ ਨਿਰਭਰ ਹੁੰਦਾ ਹੈ। ਜੇ ਉਸਤਾਦ ਦਾ ਗਿਆਨ ਠੁਕ ਸਿਰ ਜੁੜਿਆ ਹੋਇਆ ਹੈ ਤਾਂ ਉਹ ਹਰ ਵਿਸ਼ੇ ਨੂੰ ਇਸ ਤਰ੍ਹਾਂ ਪੜ੍ਹਾਏਗਾ ਕਿ ਬਚਿਆਂ ਦਾ ਅੱਡ ਅੱਡ ਵਿਸ਼ਿਆਂ ਦਾ ਗਿਆਨ ਵੀ ਠੁਕ ਸਿਰ ਜੁੜ ਜਾਵੇਗਾ।"*

---

*"It will be generally admitted that the number of subjects that now clmour for admission into school make it necessary that the master should select his course so as to give as much unity as possible to the instruction plan. But any attempt to achieve this unity in an artificial or mechanical fashion will certainly fail in its practical working. It is enough, I think, that the master himself should have a gocrning educational idea This will give unity and correlation to his teaching. All successful teaching depends upon the teacher himself and on the width of his culture." –

—*Arnold Tompkins, The Philosophy of Teaching,*

# ਸਤਵਾਂ ਪਰਕਰਨ

## ਪਾਠ ਸਿਖਾਈ-ਵਿਧੀ

### ਸਿਖਾਈ ਇਕ ਕਲਾ ਹੈ

ਸਿਖਾਈ ਇਕ ਕਲਾ ਹੈ ਅਤੇ ਵਿਗਿਆਨ ਵੀ, ਇਸ ਲਈ ਸੁਚੱਜਾ ਉਸਤਾਦ ਉਹ ਹੈ ਜਿਹੜਾ ਇਕ ਪਾਸੇ ਸਿਖਾਈ ਦੇ ਵਿਗਿਆਨਿਕ ਰੂਪ ਨੂੰ ਧਿਆਨ ਵਿਚ ਰਖਦਾ ਹੈ ਅਤੇ ਦੂਜੇ ਪਾਸੇ ਉਸ ਕਲਾ ਨੂੰ ਸਿਖਣ ਦਾ ਯਤਨ ਕਰਦਾ ਹੈ। ਵਿਗਿਆਨ ਸਮਝਣ ਦੀ ਚੀਜ਼ ਹੈ ਅਤੇ ਕਲਾ ਅਭਿਆਸ ਦੀ। ਇਕ ਉਸਤਾਦ ਸਿਖਾਈ ਦੇ ਕੰਮ ਵਿਚ ਜਿੱਠਾ ਵਿਚਾਰ ਭਰਿਆ ਅਭਿਆਸ ਕਰਦਾ ਹੈ ਉਨਾ ਹੀ ਉਹ ਉਸ ਕੰਮ ਵਿਚ ਪਰਬੀਨ ਹੋ ਜਾਂਦਾ ਹੈ। ਆਪਣੇ ਆਪ ਨੂੰ ਯੋਗ ਉਸਤਾਦ ਬਨਾਉਣ ਲਈ ਇਹ ਜ਼ਰੂਰੀ ਹੈ ਕਿ ਉਸਤਾਦ ਆਪਣੀ ਪੜ੍ਹਾਉਣ ਦੀ ਵਿਧੀ ਬਾਰੇ ਨਿੱਤ ਸੋਚੇ ਅਤੇ ਨਿੱਤ ਆਪਣੇ ਕੰਮ ਵਿਚ ਕੁਝ ਨਵੀਨਤਾ ਲਿਆਉਣ ਦਾ ਯਤਨ ਕਰੇ। ਜਿਹੜਾ ਉਸਤਾਦ ਆਪਣੀ ਸਿਖਾਈ-ਵਿਧੀ ਬਾਰੇ ਨਿੱਤ ਨਹੀਂ ਸੋਚਦਾ ਅਤੇ ਮਸ਼ੀਨ ਵਾਂਗੂ ਪੁਰਾਣੇ ਰਿਵਾਜਾਂ ਅਨੁਸਾਰ ਹੀ ਚਲਦਾ ਹੈ ਉਹ ਬਚਿਆਂ ਲਈ ਆਪਣਾ ਪਾਠ ਸੁਆਦੀ ਬਣਾਉਣ ਦੇ ਸਮਰੱਥ ਨਹੀਂ ਹੁੰਦਾ। ਅਜਿਹੇ ਉਸਤਾਦਾਂ ਕੋਲ ਬੱਚੇ ਖ਼ੁਸ਼ ਨਹੀਂ ਰਹਿੰਦੇ ਅਤੇ ਉਹ ਆਪਣੇ ਕੰਮ ਨੂੰ ਨਿਰਾ ਭਾਰ ਬਣਾ ਲੈਂਦੇ ਹਨ।

ਸਿਖਿਈ ਦਾ ਕੰਮ ਇਕ ਰਚਨਾਤਮਕ ਕੰਮ ਹੈ। ਹਰ ਰਚਨਾਤਮਕ ਕੰਮ ਵਿਚ ਵਿਚਾਰ ਦੀ ਪਰਧਾਨਤਾ ਹੁੰਦੀ ਹੈ। ਅਜਿਹਾ ਕੰਮ ਕਲਾ ਮਈ ਹੁੰਦਾ ਹੈ। ਰਚਨਾਤਮਕ ਕੰਮ ਦਾ ਨਿਸ਼ਾਨਾ ਹੁੰਦਾ ਹੈ। ਆਪਣੇ ਨਿਸ਼ਾਨੇ ਨੂੰ ਧਿਆਨ ਵਿਚ ਰਖਕੇ ਜਦ ਠੀਕ ਸਾਧਨਾਂ ਰਹੀਂ ਕੋਈ ਵਿਅਕਤੀ ਕਿਸੇ ਕੰਮ ਨੂੰ ਸ੍ਵੈ-ਫੁਰਨੇ ਨਾਲ ਕਰਦਾ ਹੈ ਤਾਂ ਉਹ ਕੰਮ ਉਸ ਨੂੰ ਖਾਸ ਤਰ੍ਹਾਂ ਦਾ ਅਨੰਦ ਦਿੰਦਾ ਹੈ। ਇਸੇ ਤਰ੍ਹਾਂ ਦੇ ਕੰਮ ਨੂੰ ਰਚਨਾਤਮਕ ਕੰਮ ਕਿਹਾ ਜਾਂਦਾ ਹੈ। ਬੱਚੇ ਅਜਿਹੇ ਕਈ ਰਚਨਾਤਮਕ ਕੰਮ ਕਰਦੇ ਹਨ ਜਿਨ੍ਹਾਂ ਨੂੰ ਅਸੀਂ ਖੇਡ ਆਖਦੇ ਹਾਂ। ਸਿਖਾਈ ਵੀ ਇਸੇ ਤਰ੍ਹਾਂ ਦਾ ਰਚਨਾਤਮਕ ਕੰਮ ਹੈ। ਜਿਹੜਾ ਉਸਤਾਦ ਸਿਖਾਈ ਦੇ ਕੰਮ ਵਿਚ ਉਸੇ ਤਰ੍ਹਾਂ ਦਾ ਅਨੰਦ ਮਾਣਦਾ ਹੈ ਜਿਸ ਤਰ੍ਹਾਂ ਦਾ ਬੱਚੇ ਆਪਣੀ ਖੇਡ ਵਿਚ, ਉਹ ਹੀ ਸੁਚੱਜਾ ਉਸਤਾਦ ਕਿਹਾ ਜਾਣਾ ਚਾਹੀਦਾ ਹੈ। ਬੱਚਾ ਆਪਣੀ ਖੇਡ ਤੋਂ ਕਦੇ ਵੀ ਨਹੀਂ ਉਕਤਾਉਂਦਾ। ਇਸੇ ਤਰ੍ਹਾਂ ਸੁਚੱਜਾ ਉਸਤਾਦ ਵੀ ਸਿਖਿਆ ਦੇ ਕੰਮ ਤੋਂ ਕਦੇ ਉਕਤਾਉਂਦਾ ਨਹੀਂ। ਉਸਦੀ ਇੱਛਾ ਸਦਾ ਵਧੇਰੇ ਪੜ੍ਹਾਉਣ ਦੀ ਹੁੰਦੀ ਹੈ। ਪੜ੍ਹਾਈ ਦੀ ਘੰਟੀ ਉਸ ਲਈ ਇਸ ਤਰ੍ਹਾਂ ਬੀਤ ਜਾਂਦੀ ਹੈ ਜਿਵੇਂ ਕੁਝ ਮਿੰਟ ਹੀ ਬੀਤੇ ਹੋਣ। ਮਨ ਲਾਕੇ ਖੁਸ਼ੀ-ਖੁਸ਼ੀ ਪਾਠ ਪੜ੍ਹਾਉਣ ਨਾਲ ਬਚਿਆਂ ਦਾ ਲਾਭ ਵੀ ਵਧੇਰੇ ਹੁੰਦਾ ਹੈ। ਜਿਸ ਪਾਠ ਵਿਚ ਉਸਤਾਦ ਦੀ ਆਪ ਰੁਚੀ ਹੁੰਦੀ ਹੈ ਅਤੇ ਜਿਸ ਨੂੰ ਉਹ ਆਪ ਖੁਸ਼ੀ ਖੁਸ਼ੀ ਪੜ੍ਹਾਉਂਦਾ ਹੈ ਉਸ ਪਾਠ ਵਿਚ ਬਚਿਆਂ ਦੀ ਰੁਚੀ ਵੀ ਹੋ ਜਾਂਦੀ ਹੈ ਅਤੇ ਬੱਚੇ ਬੜੇ ਚਾਅ ਨਾਲ ਉਸਨੂੰ ਪੜ੍ਹਦੇ ਹਨ। ਅਜਿਹਾ ਪਾਠ ਹੀ ਉਨ੍ਹਾਂ ਨੂੰ ਸਦਾ ਯਾਦ

ਰਹਿੰਦਾ ਹੈ। ਜਿਹੜੀ ਵਿਦਿਆ ਖੁਸ਼ੀ ਨਾਲ ਸਿੱਖੀ ਜਾਂਦੀ ਹੈ ਉਹ ਹੀ ਪੱਕੀ ਤਰ੍ਹਾਂ ਉਕਰੀ ਜਾਂਦੀ ਹੈ। ਜਿਹੜੀ ਬਝਿਆਂ ਰੁਝਿਆਂ ਸਿਖੀ ਜਾਵੇ ਉਹ ਭੁਲ ਜਾਂਦੀ ਹੈ ਅਤੇ ਲੋੜ ਪੈਣ ਤੇ ਕੰਮ ਨਹੀਂ ਆਉਂਦੀ।

ਉਪਰ ਕਹੀਆਂ ਗਲਾਂ ਨੂੰ ਧਿਆਨ ਵਿਚ ਰਖਕੇ ਹਰ ਉਸਤਾਦ ਨੂੰ ਬਚਿਆਂ ਨੂੰ ਆਪਣਾ ਪਾਠ ਪੜ੍ਹਾਉਂਣਾ ਅਰੰਭ ਕਰਨਾ ਚਾਹੀਦਾ ਹੈ। ਪਾਠ ਨੂੰ ਚੰਗੀ ਤਰ੍ਹਾਂ ਪੜ੍ਹਾਉਣ ਦੀਆਂ ਦੋ ਵਡੀਆਂ ਲੋੜਾਂ ਹਨ—ਪਾਠ ਦੀ ਪੂਰੀ ਤਿਆਰੀ ਅਤੇ ਉਸ ਨੂੰ ਵਿਧੀ ਪੂਰਬਕ ਪੜ੍ਹਾਉਂਣਾ। ਇਨ੍ਹਾਂ ਦੋਹਾਂ ਗਲਾਂ ਉੱਤੇ ਹੁਣ ਅਸੀਂ ਇਕ ਇਕ ਕਰਕੇ ਵਿਚਾਰ ਕਰਗੇ।

## ਪਾਠ ਦੀ ਤਿਆਰੀ

ਹਰ ਯੋਗ ਉਸਤਾਦ ਆਪਣੇ ਪਾਠ ਨੂੰ ਚੰਗੀ ਤਰ੍ਹਾਂ ਤਿਆਰ ਕਰਦਾ ਹੈ। ਕਿਸੇ ਵਿਸ਼ੇ ਨੂੰ ਜਮਾਤ ਵਿਚ ਪੜ੍ਹਾਉਣ ਲਈ ਪਹਿਲੀ ਜ਼ਰੂਰੀ ਗਲ ਇਹ ਹੈ ਕਿ ਉਸਦਾ ਉਸਤਾਦ ਨੂੰ ਕਾਫੀ ਗਿਆਨ ਹੋਵੇ। ਜਿਸ ਉਸਤਾਦ ਨੂੰ ਵਿਸ਼ੇ ਦਾ ਕਾਫੀ ਗਿਆਨ ਨਹੀਂ ਹੈ ਉਹ ਕਿਵੇਂ ਆਪਣੀ ਪੜ੍ਹਾਈ ਦੀ ਘੰਟੀ ਬਤੀਤ ਕਰਨ ਦਾ ਯਤਨ ਕਰਦਾ ਹੈ। ਉਸ ਨੂੰ ਡਰ ਲੱਗਿਆ ਰਹਿੰਦਾ ਹੈ ਕਿ ਕਿਤੇ ਕੋਈ ਬੱਚਾ ਜਮਾਤ ਵਿਚ ਸੁਆਲ ਨਾ ਪੁੱਛ ਲਵੇ। ਉਚੀਆਂ ਜਮਾਤਾਂ ਵਿਚ ਇਸ ਤਰ੍ਹਾਂ ਦਾ ਡਰ ਬਹੁਤ ਸਾਰੇ ਉਸਤਾਦਾਂ ਨੂੰ ਹੁੰਦਾ ਹੈ। ਕਿੰਨੇ ਹੀ ਉਸਤਾਦ ਬਚਿਆਂ ਨੂੰ ਸੁਆਲ ਪੁਛਣ ਦਾ ਉਤਸ਼ਾਹ ਹੀ ਨਹੀਂ ਦਿੰਦੇ। ਜੇ ਕਿਸੇ ਕੋਈ ਸੁਆਲ ਪੁਛ ਲਿਆ ਤਾਂ ਉਸ ਦਾ ਚੰਗੀ ਤਰ੍ਹਾਂ ਉੱਤਰ ਦੇਣ ਦੀ ਥਾਂ ਊਟ ਪਟਾਂਗ ਚਲਾਕੇ ਬੱਚੇ ਨੂੰ ਚੁਪ ਕਰਾ ਦਿੰਦੇ ਹਨ। ਕਈ ਉਸਤਾਦ ਤਾਂ ਸੁਆਲ ਪੁਛਣ ਉੱਤੇ ਬੱਚੇ ਨੂੰ ਡਾਂਟ ਹੀ ਦਿੰਦੇ ਹਨ। ਉਨ੍ਹਾਂ ਦਾ ਇਸ ਤਰ੍ਹਾਂ ਦਾ ਵਰਤਾਉ ਉਨ੍ਹਾਂ ਦੀ ਅਯੋਗਤਾ ਦਾ ਵਿਖਾਲਾ ਹੁੰਦਾ ਹੈ। ਇਸ ਦਾ ਵਡਾ ਕਾਰਨ ਸੰਥਾ ਦੀ ਤਿਆਰੀ ਦੀ ਘਾਟ ਅਰਥਾਤ ਵਿਸ਼ੇ ਦਾ ਕਾਫੀ ਗਿਆਨ ਦਾ ਨਾ ਹੋਣਾ ਹੁੰਦਾ ਹੈ।

ਜਿਹੜਾ ਉਸਤਾਦ ਨਿਤ ਦਿਨ ਆਪਣੀ ਸੰਥਾ ਤਿਆਰ ਨਹੀਂ ਕਰਦਾ ਉਸ ਵਿਚ ਸ੍ਵੈ-ਭਰੋਸੇ ਦੀ ਘਾਟ ਆ ਜਾਂਦੀ ਹੈ। ਇਸੇ ਘਾਟ ਦੇ ਕਾਰਨ ਜਦ ਅਜਿਹਾ ਉਸਤਾਦ ਕਿਸੇ ਸੰਥਾ ਦੀ ਚੰਗੀ ਤਰ੍ਹਾਂ ਤਿਆਰੀ ਕਰ ਵੀ ਲੈਂਦਾ ਹੈ ਤਾਂ ਵੀ ਉਹ ਬਚਿਆਂ ਦੇ ਪ੍ਰਸ਼ਨਾਂ ਤੋਂ ਘਬਰਾਉਂਦਾ ਹੈ। ਉਹ ਉਸਤਾਦ ਹੀ ਬਚਿਆਂ ਦੇ ਪ੍ਰਸ਼ਨਾਂ ਤੋਂ ਖੁਸ਼ੀ ਲੈਂਦਾ ਹੈ ਜਿਸ ਨੂੰ ਆਪਣੇ ਪਾਠ-ਵਿਸ਼ੇ ਦਾ ਪੂਰਾ ਗਿਆਨ ਹੋਵੇ ਅਤੇ ਜਿਹੜਾ ਉਸ ਗਿਆਨ ਨੂੰ ਬਚਿਆਂ ਨੂੰ ਦੇਣਾ ਚਾਹੁੰਦਾ ਹੈ। ਇਸਦੇ ਲਈ ਉਸਤਾਦ ਨੂੰ ਸੰਥਾ ਦੀ ਪੂਰੀ ਤਿਆਰੀ ਕਰਨੀ ਪੈਂਦੀ ਹੈ। ਉਸਨੂੰ ਉਨ੍ਹਾਂ ਗਲਾਂ ਦੇ ਜਾਨਣ ਦਾ ਯਤਨ ਕਰਨਾ ਪੈਂਦਾ ਹੈ ਜਿਹੜੀਆਂ ਬਚਿਆਂ ਦੇ ਜਾਨਣ ਯੋਗ ਹਨ। ਯੋਗ ਉਸਤਾਦ ਆਪਣੇ ਗਿਆਨ ਨੂੰ ਨਿਤ ਦਿਨ ਵਧਾਉਂਦਾ ਰਹਿੰਦਾ ਹੈ। ਉਹ ਆਪਣੇ ਵਿਸ਼ੇ ਉਤੇ ਨਵੀਆਂ ਨਵੀਆਂ ਪੁਸਤਕਾਂ ਇਸ ਦ੍ਰਿਸ਼ਟੀ ਤੋਂ ਪੜ੍ਹਦਾ ਰਹਿੰਦਾ ਹੈ ਕਿ ਉਸ ਨੂੰ ਬਚਿਆਂ ਨੂੰ ਦਸਣ ਦੀ ਕੋਈ ਨਾ ਕੋਈ ਸਮਗਰੀ ਮਿਲ ਜਾਵੇ। ਉਸਤਾਦ ਦਾ ਫਰਜ਼ ਹੈ ਕਿ ਆਪਣੇ ਵਿਸ਼ੇ ਦੀਆਂ ਪੁਸਤਕਾਂ ਨਿਰੀਆਂ ਆਪਣੇ ਅਨੰਦ ਲਈ ਹੀ ਨਾ ਪੜ੍ਹੇ ਸਗੋਂ ਬਚਿਆਂ ਦੇ ਲਾਭ ਨੂੰ ਵੀ ਧਿਆਨ ਵਿਚ ਰਖਕੇ ਪੜ੍ਹੇ। ਇਸਦੇ ਲਈ ਕਦੇ ਕਦੇ ਰੁਖੀ ਪੁਸਤਕ ਨੂੰ ਵੀ ਪੜ੍ਹਾਉਣਾ ਪੈਂਦਾ ਹੈ।

ਜਮਾਤ ਵਿਚ ਜਾਣ ਤੋਂ ਪਹਿਲਾਂ ਹਰ ਉਸਤਾਦ ਨੂੰ ਬਚਿਆਂ ਨੂੰ ਪੜ੍ਹਾਏ ਜਾਣ ਵਾਲੇ ਵਿਸ਼ੇ ਉਤੇ ਚੰਗੀ ਤਰ੍ਹਾਂ ਵਿਚਾਰ ਕਰ ਲੈਣਾ ਚਾਹੀਦਾ ਹੈ। ਜਿਹੜੀਆਂ ਗੱਲਾਂ ਉਨ੍ਹਾਂ ਨੂੰ

ਆਦ ਣਾ ਹੋਣ ਉਨ੍ਹਾਂ ਨੂੰ ਪੁਸਤਕ ਵਿਚੋਂ ਵੇਖ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਕ ਕਾਪੀ ਵਿਚ ਉਤਾਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਆਪਣੀ ਸੰਥਾ ਦੇ ਨਿਤ ਦਿਨ ਦੇ ਨੋਟ ਬਣਾ ਲੈਣਾ ਸਫਲ ਉਸਤਾਦ ਲਈ ਬੜਾ ਜ਼ਰੂਰੀ ਹੈ । ਨੋਟ ਲਿਖ ਲੈਣ ਨਾਲ ਵਿਚਾਰ ਰੁਖ ਸਿਰ ਹੋ ਜਾਂਦੇ ਹਨ ਅਤੇ ਜਿਹੜੀਆਂ ਗਲਾਂ ਸਾਨੂੰ ਯਾਦ ਨਹੀਂ ਹੁੰਦੀਆਂ, ਸਾਡੇ ਧਿਆਨ ਵਿਚ ਆ ਜਾਂਦੀਆਂ ਹਨ। ਕਿੰਨੇ ਹੀ ਨਵੇਂ ਉਸਤਾਦ ਜਿਹੜੇ ਆਪਣੇ ਵਿਸ਼ੇ ਦੇ ਵਿਦਵਾਨ ਹਨ ਜਮਾਤ ਵਿਚ ਦਸਣ ਯੋਗ ਸਧਾਰਨ ਗਲਾਂ ਨੂੰ ਨਹੀਂ ਜਾਣਦੇ; ਅਥਵਾ ਉਹ ਗਲਾਂ ਉਨ੍ਹਾਂ ਨੂੰ ਭੁਲੀਆਂ ਰਹਿੰਦੀਆਂ ਹਨ। ਦੂਜਿਆਂ ਨੂੰ ਸਮਝਾਉਣ ਵੇਲੇ ਹੀ ਸਾਨੂੰ ਇਹ ਪਤਾ ਚਲਦਾ ਹੈ ਕਿ ਜਿਸ ਵਿਸ਼ੇ ਉਤੇ ਅਸੀਂ ਆਪਣਾ ਪੂਰਾ ਅਧਿਕਾਰ ਸਮਝਦੇ ਹਾਂ ਉਸ ਦੀਆਂ ਲੋੜੀਂਦੀਆਂ ਗਲਾਂ ਦਾ ਵੀ ਸਾਨੂੰ ਕਿੰਨਾ ਘਟ ਪਤਾ ਹੈ । ਇਸ ਲਈ ਝੂਠੇ ਮਾਨ ਨੂੰ ਛਡ ਕੇ ਵਿਸ਼ੇ ਨੂੰ ਪੜ੍ਹਦੇ ਰਹਿਣਾ ਜ਼ਰੂਰੀ ਹੈ।

ਉਸਤਾਦ ਨੂੰ ਆਪਣੇ ਨੋਟਾਂ ਨੂੰ ਜਮਾਤ ਵਿਚ ਲੈ ਜਾਣਾ ਚਾਹੀਦਾ ਹੈ। ਸੰਥਾ ਪੜ੍ਹਾਉਂਦਿਆਂ ਜੇ ਅਸੀਂ ਕਿਸੇ ਖਾਸ ਗਲ ਨੂੰ ਭੁਲਦੇ ਹਾਂ ਤਾਂ ਆਪਣੇ ਨੋਟਾਂ ਦੀ ਵਰਤੋਂ ਕਰ ਕੇ ਉਸ ਗਲ ਨੂੰ ਯਾਦ ਕਰ ਸਕਦੇ ਹਾਂ ਅਤੇ ਨੋਟਾਂ ਦੀ ਸਹਾਇਤਾ ਨਾਲ ਬਚਿਆਂ ਨੂੰ ਠੀਕ ਠੀਕ ਗਲ ਦਸ ਸਕਦੇ ਹਾਂ । ਜਮਾਤ ਵਿਚ ਨੋਟਾਂ ਦਾ ਲੈ ਜਾਣਾ ਕੋਈ ਬੁਰੀ ਗਲ ਨਹੀਂ। ਇਹ ਉਸਤਾਦ ਦੀ ਅਯੋਗਤਾ ਦਾ ਵਿਖਾਲਾ ਨਹੀਂ ਸਗੋਂ ਉਸ ਨੂੰ ਆਪਣੇ ਫਰਜ਼ ਦੀ ਪਛਾਣ ਕਰਨ ਵਾਲਾ ਸਿੱਧ ਕਰਦਾ ਹੈ। ਹਰ ਵਿਅਕਤੀ ਭਾਵੇਂ ਉਸ ਦੀ ਯਾਦ-ਸ਼ਕਤੀ ਕਿੰਨੀ ਹੀ ਤਿੱਖੀ ਕਿਉਂ ਨਾ ਹੋਵ ਵੇਲੇ ਸਿਰ ਕੁਝ ਜ਼ਰੂਰੀ ਗਲਾਂ ਨੂੰ ਭੁਲ ਜਾਂਦਾ ਹੈ। ਇਸ ਲਈ ਆਪਣੀ ਸਹਾਇਤਾ ਲਈ ਜਮਾਤ ਵਿਚ ਨੋਟਾਂ ਨੂੰ ਲੈ ਜਾਣਾ ਠੀਕ ਹੈ।

ਪਰ ਤਿਆਰੀ ਦਾ ਅਰਥ ਵਿਸ਼ੇ ਦੇ ਨਿਰੇ ਅਧਿਅਨ ਤੋਂ ਨਹੀਂ ਹੈ । ਕਿੰਨੇ ਹੀ ਉਸਤਾਦਾਂ ਨੂੰ ਪਾਠ-ਵਿਸ਼ੇ ਦਾ ਪੂਰਾ ਗਿਆਨ ਹੁੰਦਾ ਹੈ, ਇਸ ਉਤੇ ਵੀ ਉਹ ਸੰਥਾ ਪੜ੍ਹਾਉਣ ਵਿਚ ਅਸਫਲ ਹੁੰਦੇ ਹਨ। ਸੰਥਾ ਨੂੰ ਪੜ੍ਹਾਉਣ ਲਈ ਪੜ੍ਹਾਉਣ ਦੀ ਵਿਧੀ ਉਤੇ ਵਿਚਾਰ ਕਰਨਾ, ਉਸ ਦੀ ਯੋਜਨਾ ਬਨਾਉਣਾ, ਬੜਾ ਜ਼ਰੂਰੀ ਹੈ।ਸਿਖਾਈ ਦੇ ਕੰਮ ਵਿਚ ਪਾਠ ਦੀ ਤਿਆਰੀ ਦਾ ਮੁਖ ਅਰਥ ਇਹ ਹੀ ਹੈ । ਹਰ ਉਸਤਾਦ ਨੂੰ ਜਮਾਤ ਵਿਚ ਜਾਣ ਤੋਂ ਪਹਿਲਾਂ ਇਹ ਸੋਚਣਾ ਜ਼ਰੂਰੀ ਹੁੰਦਾ ਹੈ ਕਿ ਉਸ ਵਿਸ਼ੇ ਦਾ ਬਾਲਕਾਂ ਨੂੰ ਕਿੰਨਾ ਕੁ ਗਿਆਨ ਹੈ । ਇਕ ਹੀ ਉਸਤਾਦ ਵਖ ਵਖ ਜਮਾਤ ਦੇ ਬਚਿਆਂ ਨੂੰ ਪੜ੍ਹਾਉਂਦਾ ਹੈ। ਇਸ ਲਈ ਉਸ ਨੂੰ ਬੱਚਿਆਂ ਦੀ ਯੋਗਤਾ ਨੂੰ ਧਿਆਨ ਵਿਚ ਰਖਣਾ ਬੜਾ ਜ਼ਰੂਰੀ ਹੈ। ਸਿਖਾਈ ਦਾ ਕੰਮ ਪੰਡਤਾਈ ਦਾ ਵਿਖਾਲਾ ਕਰਨਾ ਨਹੀਂ। ਜਿਹੜਾ ਉਸਤਾਦ ਆਪਣੀਆਂ ਸਾਰੀਆਂ ਗਲਾਂ ਜਿਹੜੀਆਂ ਉਹ ਜਾਣਦਾ ਹੈ, ਬਚਿਆਂ ਨੂੰ ਦਸ ਦੇਣਾ ਚਾਹੁੰਦਾ ਹੈ ਉਹ ਆਪਣੀ ਵਿਦਵਤਾ ਕਰਕੇ ਕੁਝ ਬਚਿਆਂ ਦਾ ਆਦਰ ਭਾਵੇਂ ਜਿੱਤ ਲਵੇ, ਬਚਿਆਂ ਦਾ ਵਧੇਰੇ ਲਾਭ ਨਹੀਂ ਕਰਦਾ। ਇਸ ਲਈ ਉਸਤਾਦ ਨੂੰ ਸਦਾ ਇਹ ਸੋਚਣਾ ਪੈਂਦਾ ਹੈ ਕਿ ਕਿਸ ਗਲ ਨੂੰ ਬੱਚਿਆਂ ਨੂੰ ਦਸਿਆ ਜਾਵੇ ਅਤੇ ਕਿਸ ਨੂੰ ਨਹੀਂ। ਇਸ ਦੀ ਉਸ ਨੂੰ ਪਹਿਲਾਂ ਤੋਂ ਯੋਜਨਾ ਬਨਾਉਣੀ ਪੈਂਦੀ ਹੈ। ਇਹ ਹੀ ਪਾਠ ਦੀ ਤਿਆਰੀ ਦਾ ਦੂਸਰਾ ਅੰਗ ਹੈ।

ਪਾਠ ਦੀ ਤਿਆਰੀ ਦਾ ਤੀਸਰਾ ਅੰਗ ਪਾਠ ਨੂੰ ਸੁਆਦੀ ਬਨਾਉਣ ਦੀ ਸਮੱਗਰੀ ਉਤੇ ਵਿਚਾਰ ਕਰਨਾ ਹੈ। ਸੁਚੇਜਾ ਉਸਤਾਦ ਇਸ ਗੱਲ ਤੇ ਨਿਤ ਵਿਚਾਰ ਕਰਦਾ ਹੈ । ਇਹ ਹੀ ਸਿਖਾਈ-ਕਲਾ ਦਾ ਪਰਧਾਨ ਅੰਗ ਹੈ । ਕਿਥੇ ਬਚਿਆਂ ਨੂੰ ਸੰਥਾ ਦੀਆਂ ਗਲਾਂ ਆਪ

ਦਸਣੀਆਂ ਹਨ, ਕਿੱਥੇ ਬਚਿਆਂ ਤੋਂ ਸੁਆਲ ਪੁਛ ਕੇ ਉਨ੍ਹਾਂ ਗੱਲਾਂ ਨੂੰ ਉਨ੍ਹਾਂ ਦੇ ਦਿਮਾਗ਼ ਵਿਚੋਂ ਉਤਾਰਨਾ ਹੈ, ਕਿਥੇ ਪਦਾਰਥ, ਮੂਰਤ ਆਦਿ ਵਿਖਾਉਣਾ ਹੈ, ਕਿਹੜੀ ਗਲ ਬਲੈਕ ਬੋਰਡ ਤੇ ਲਿਖਣੀ ਹੈ ਅਤੇ ਕਿਹੜੀ ਗਲ ਬਚਿਆਂ ਨੂੰ ਆਪਣੀਆਂ ਨੋਟ ਬੁਕਾਂ ਤੇ ਉਤਾਰਨ ਲਈ ਕਹਿਣਾ ਹੈ ਆਦਿ ਗਲਾਂ ਤੇ ਜਦ ਉਸਤਾਦ ਪਹਿਲਾਂ ਤੋਂ ਹੀ ਵਿਚਾਰ ਕਰ ਲੈਂਦਾ ਹੈ ਤਾਂ ਹੀ ਉਹ ਆਪਣੇ ਪਾਠ ਨੂੰ ਸੁਆਦੀ ਬਨਾਉਣ ਦੇ ਸਮਰੱਥ ਹੁੰਦਾ ਹੈ। ਜਿਨ੍ਹਾਂ ਉਸਤਾਦਾਂ ਨੂੰ ਇਸ ਤਰ੍ਹਾਂ ਪਾਠ ਦੀ ਤਿਆਰੀ ਦਾ ਅਭਿਆਸ ਨਹੀਂ ਹੁੰਦਾ ਉਹ ਵੇਲਾ ਆਉਣ ਉਤੇ ਪਾਠ ਪੜ੍ਹਾਉਣ ਦੀ ਲੋੜੀਂਦੀ ਸਮੱਗਰੀ ਵੀ ਜਮਾਤ ਵਿਚ ਲੈ ਜਾਣਾ ਭੁਲ ਜਾਂਦੇ ਹਨ। ਇਸ ਤਰ੍ਹਾਂ ਦੀਆਂ ਭੁਲਾਂ ਟ੍ਰੇਨਿੰਗ ਕਾਲਜ ਦੀ ਸਿਖਿਆ ਪਰਾਪਤ ਕਰਨ ਵਾਲੇ ਉਸਤਾਦਾਂ ਤੋਂ ਪਰੀਖਿਆ ਦੇ ਦਿਨ ਆਮ ਹੋ ਜਾਂਦੀਆਂ ਹਨ। ਇਹ ਭੁੱਲਾਂ ਇੱਨੀਆਂ ਨਵੇਂ ਉਸਤਾਦਾਂ ਤੋਂ ਨਹੀਂ ਹੁੰਦੀਆਂ ਜਿੰਨੀਆਂ ਪੁਰਾਣੇ ਉਸਤਾਦਾਂ ਤੋਂ ਹੁੰਦੀਆਂ ਹਨ। ਨਵੇਂ ਉਸਤਾਦ ਨੂੰ ਆਪਣੇ ਆਪ ਵਿਚ ਨਿਰੀ ਨਵੀਂ ਆਦਤ ਪਾਉਣ ਦਾ ਕੰਮ ਰਹਿੰਦਾ ਹੈ ਅਤੇ ਇਹ ਆਦਤ ਪੜਤਾਲੀਏ ਦੀਆਂ ਨਜ਼ਰਾਂ ਹੇਠ ਪਾਠ ਪੜ੍ਹਾਉਣ ਕਰ ਕੇ ਪੈ ਜਾਂਦੀ ਹੈ। ਪਰ ਪੁਰਾਣੇ ਉਸਤਾਦਾਂ ਨੂੰ ਆਪਣੇ ਪਾਠ ਦੀ ਤਿਆਰੀ ਨਾ ਕਰਨ ਦੀ ਆਦਤ ਤੋੜ ਕੇ ਨਵੀਂ ਬਨਾਉਣੀ ਪੈਂਦੀ ਹੈ। ਇਸ ਲਈ ਵਿਧੀ-ਪੂਰਬਕ ਪੜ੍ਹਾਉਣ ਵਿਚ ਉਨ੍ਹਾਂ ਕੋਲੋਂ ਵਧੇਰੇ ਭੁਲਾਂ ਹੋਣਾ ਸੁਭਾਵਕ ਹੈ। ਆਪਣੇ ਫਰਜ਼ ਦਾ ਧਿਆਨ ਰਖਣ ਨਾਲ ਇਸ ਤਰ੍ਹਾਂ ਦੀਆਂ ਭੁਲਾਂ ਨਹੀਂ ਹੁੰਦੀਆਂ।

## ਪਾਠ ਦੀ ਸਿਖਾਈ

ਪਾਠ ਦੀ ਪੂਰੀ ਤਿਆਰੀ ਕਰਕੇ ਅਤੇ ਉਚਿਤ ਸਮੱਗਰੀ ਲੈ ਕੇ ਜਦ ਇਕ ਉਸਤਾਦ ਜਮਾਤ ਵਿਚ ਆਉਂਦਾ ਹੈ ਤਾਂ ਉਸ ਨੂੰ ਸ੍ਵੈ-ਭਰੋਸਾ ਹੁੰਦਾ ਹੈ। ਪਰ ਪਾਠ ਨੂੰ ਸਫਲ ਬਨਾਉਣ ਲਈ ਪਾਠ ਦੀ ਤਿਆਰੀ ਤੋਂ ਬਿਨਾਂ ਉਸ ਨੂੰ ਵਿਧੀ-ਪੂਰਬਕ ਪੜ੍ਹਾਉਣਾ ਵੀ ਜ਼ਰੂਰੀ ਹੈ। ਪਾਠ ਦੀ ਸਿਖਾਈ ਦੀਆਂ ਹੇਠ ਲਿਖੀਆਂ ਪੰਜ ਪੌੜੀਆਂ ਹਨ।

(੧) ਉਤਸੁਕਤਾ ਨੂੰ ਉਭਾਰਨਾ (ਬਚਿਆਂ ਦੀ ਮਾਨਸਿਕ ਤਿਆਰੀ)।

(੨) ਪਾਠ ਦਾ ਸਪਸ਼ਟੀ ਕਰਣ।

(੩) ਸਬੰਧ ਬੰਨ੍ਹਣਾ।

(੪) ਲੜੀਬੱਧ ਕਰਨਾ।

(੫) ਅਮਲੀ ਵਰਤੋਂ ਕਰਨਾ।

ਉਪਰਲੀਆਂ ਪੰਜ ਪੌੜੀਆਂ ਨੂੰ ਚੰਗੀ ਤਰ੍ਹਾਂ ਜਾਨਣਾ ਸਿਖਾਈ-ਵਿਧੀ ਦੇ ਸਰੂਪ ਨੂੰ ਸਮਝਣ ਲਈ ਜ਼ਰੂਰੀ ਹੈ। ਇਸ ਲਈ ਇਕ ਇਕ ਕਰ ਕੇ ਉਨ੍ਹਾਂ ਉਤੇ ਚਾਨਣ ਪਾਇਆ ਜਾਵੇਗਾ।

**ਵਿਚਾਰਾਂ ਨੂੰ ਉਭਾਰਨਾ :**—ਪੜ੍ਹਾਉਣ ਦੀ ਪਹਿਲੀ ਪੌੜੀ ਵਿਚ ਬਚਿਆਂ ਦੀ ਮਾਨਸਿਕ ਤਿਆਰੀ ਕੀਤੀ ਜਾਂਦੀ ਹੈ। ਬੱਚਾ ਸੰਥਾ ਪੜ੍ਹਨ ਤੋਂ ਪਹਿਲਾਂ ਹੋਰ ਹੋਰ ਗੱਲਾਂ ਸੋਚਦਾ ਰਹਿੰਦਾ ਹੈ। ਇਸ ਲਈ ਉਸ ਦੇ ਧਿਆਨ ਨੂੰ ਪੜ੍ਹਾਏ ਜਾਣ ਵਾਲੇ ਪਾਠ ਵਲ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਬੱਚੇ ਦੀ ਮਾਨਸਿਕ ਤਿਆਰੀ ਕੀਤੀ ਜਾਵੇ। ਦੂਜੇ, ਜਿਸ ਵਿਸ਼ੇ ਨੂੰ ਉਸਤ ਦਾ ਪੜ੍ਹਾਉਣਾ ਚਾਹੁੰਦਾ ਹੈ ਉਸ ਨਾਲ ਸਬੰਧ ਰਖਣ ਵਾਲੀਆਂ ਕੁਝ ਗੱਲਾਂ

ਢੰਗ ਪੜ੍ਹਿਆਂ ਤੋਂ ਜੋ [illegible] ਪਾਠ ਹੈ [illegible] ਕਰਨ ਦੇਣ [illegible] ਵਿਚਾਰਾਂ ਦੇ [illegible] ਵਿਸ਼ੇ ਨੂੰ [illegible] ਹੈ। ਇਸ [illegible] ਜਾਂਦਾ ਹੈ।

ਬੱਚਿਆਂ ਦੀ [illegible] ਹੈ—ਮੰਤਵ ਦੀ ਭੂਮਕਾ [illegible] ਸੁਆਲ ਪੁਛਕੇ। [illegible] ਇਕ ਹੀ ਪਰਸੰਗ ਦੇ [illegible] ਵੇਲੇ ਪਿਛਲੇ ਦਿਨ ਪੜ੍ਹਾਈਆਂ [illegible] ਤਰ੍ਹਾਂ ਦੇ ਪ੍ਰਸ਼ਨਾਂ ਨਾਲ ਪਹਿਲਾ [illegible] ਜੁੜ ਜਾਂਦਾ ਹੈ। ਜਦ ਬਿਲਕੁਲ ਨਵਾਂ ਪਾਠ [illegible] ਪੜ੍ਹਾਉਣ ਵੇਲੇ ਪਿਛਲੇ ਦਿਨ ਪੜ੍ਹਾਈਆਂ [illegible] ਹੈ। ਇਸ ਤਰ੍ਹਾਂ ਦੇ ਪ੍ਰਸ਼ਨਾਂ ਨਾਲ ਪਹਿਲਾਂ ਪੜ੍ਹਾਈਆਂ [illegible] ਜਾਂਦਾ ਹੈ। ਜਦ ਬਿਲਕੁਲ ਨਵਾਂ ਪਾਠ ਉਸਤਾਦ ਪੜ੍ਹਾਉਂਦਾ ਹੈ ਤਾਂ [illegible] ਦੇ ਜੀਵਨ ਦੇ ਤਜਰਬਿਆਂ ਨੂੰ ਯਾਦ ਕਰਾਉਣ ਦਾ ਯਤਨ ਕਰਦਾ ਹੈ। ਕਦੇ ਕਦੇ ਨਵੇਂ ਪਾਠ ਨੂੰ ਪੜ੍ਹਾਉਣ ਤੋਂ ਪਹਿਲਾਂ ਭੂਮਕਾ ਦੇ ਰੂਪ ਵਿਚ ਉਸਤਾਦ ਬੱਚਿਆਂ ਨੂੰ ਕੁਝ ਕਹਿੰਦਾ ਹੈ ਜਾਂ ਕੋਈ ਕਹਾਣੀ, ਕਥਾ ਆਦਿ ਸੁਣਾਉਂਦਾ ਹੈ। ਕਦੇ ਕਦੇ ਕੁਝ ਮੂਰਤਾਂ ਵਿਖਾਕੇ ਅਤੇ ਉਨ੍ਹਾਂ ਦੀਆਂ ਗੱਲਾਂ ਵਲ ਧਿਆਨ ਖਿੱਚਕੇ ਬੱਚਿਆਂ ਦੀ ਪਾਠ ਲਈ ਮਾਨਸਿਕ ਤਿਆਰੀ ਕੀਤੀ ਜਾਂਦੀ ਹੈ। ਮੂਰਤ ਵਿਖਾਉਣ ਨਾਲ ਬੱਚਿਆਂ ਦਾ ਮਨ ਛੇਤੀ ਹੋਰ ਗੱਲਾਂ ਤੋਂ ਖਿੱਚਕੇ ਮੂਰਤ ਵਲ ਆ ਜਾਂਦਾ ਹੈ ਤਾਂ ਉਸਨੂੰ ਹੋਰ ਗੱਲਾਂ ਵਲ ਲੈ ਜਾਣਾ ਸੌਖਾ ਹੁੰਦਾ ਹੈ।

ਬੱਚਿਆਂ ਦਾ ਮਨ ਮੰਤਵ ਵਿਚ ਲਾਉਣ ਲਈ ਉਦੇਸ਼ ਦੱਸਣਾ ਜ਼ਰੂਰੀ ਹੈ। ਅਸਲ ਵਿਚ ਇਹ ਵੀ ਇਕ ਤਰ੍ਹਾਂ ਦੀ ਮਾਨਸਿਕ ਤਿਆਰੀ ਹੈ। ਮੰਤਵ ਦੇ ਉਦੇਸ਼ ਨੂੰ ਸਪਸ਼ਟ ਕਰਨ ਅਤੇ ਬੱਚਿਆਂ ਨੂੰ ਦੱਸ ਦੇਣ ਨਾਲ ਬੱਚਿਆਂ ਦੇ ਵਿਚਾਰ ਇਕ ਨਿਸ਼ਾਨੇ ਤੇ ਕੇਂਦ੍ਰਿਤ ਹੋ ਜਾਂਦੇ ਹਨ, ਇਸ ਤਰ੍ਹਾਂ ਨਾ ਕਰਨ ਨਾਲ ਉਨ੍ਹਾਂ ਦਾ ਮਨ ਇਧਰ ਉਧਰ ਭਟਕਦਾ ਰਹਿੰਦਾ ਹੈ। ਕਿੰਨੇ ਹੀ ਉਸਤਾਦ ਆਪਣੀ ਮੰਤਵ ਵਿਚ ਨਵੀਨਤਾ ਲਿਆਉਣ ਲਈ ਪਾਠ ਦੇ ਉਦੇਸ਼ ਬੱਚਿਆਂ ਨੂੰ ਨਹੀਂ ਦੱਸਦੇ। ਪਰਬੀਨ ਉਸਤਾਦ ਇਸ ਤਰ੍ਹਾਂ ਆਪਣੇ ਪਾਠ ਨੂੰ ਸੁਆਦੀ ਬਣਾਉਣ ਵਿਚ ਸਮੱਰਥ ਹੋ ਜਾਂਦੇ ਹਨ, ਪਰ ਆਮ ਉਸਤਾਦਾਂ ਲਈ ਇਸ ਢੰਗ ਦੀ ਨਕਲ ਕਰਨੀ ਔਖੀ ਹੈ। ਪਾਠ ਦਾ ਉਦੇਸ਼ ਬੱਚਿਆਂ ਦੇ ਸਾਹਮਣੇ ਨਾ ਰਖਣ ਨਾਲ [illegible] ਉਦੇਸ਼ ਨੂੰ ਨਹੀਂ ਸਮਝ ਰਹੇ ਹੁੰਦੇ, ਸਗੋਂ ਉਸਤਾਦ ਦੀ ਕਹੀ ਹਰੇਕ [illegible] ਹੈ ਅਤੇ ਇਸ ਦੇ ਕਾਰਨ ਉਸਦੇ ਵਿਚਾਰ ਇਕ [illegible] ਭਟਕਦੇ ਰਹਿੰਦੇ ਹਨ। ਤਦੇ ਉਸਤਾਦ ਨੂੰ ਪਾਠ ਦਾ ਉਦੇਸ਼ [illegible] ਚਾਹੀਦਾ ਹੈ।

ਉਦੇਸ਼ [illegible] ਸ਼ਬਦਾਂ ਵਿਚ [illegible] ਹੈ ਕਿ ਮੰਤਵ ਦਾ ਉਦੇਸ਼ [illegible]

**ਪਾਠ ਦਾ ਸਪਸ਼ਟੀ ਕਰਣ** :–ਉਦੇਸ਼ ਦਸਣ ਪਿਛੋਂ ਪਾਠ ਦੇ ਵਿਸ਼ੇ ਦਾ ਪੜ੍ਹਾਉਣਾ ਅਰੰਭ ਹੁੰਦਾ ਹੈ। ਨਵਾਂ ਪਾਠ ਪੜ੍ਹਾਉਣ ਵੇਲੇ ਉਸਤਾਦ ਕਈ ਤਰ੍ਹਾਂ ਦੇ ਸਾਧਨਾਂ ਨਾਲ ਪਾਠ ਨੂੰ ਸਮਝ ਵਿਚ ਆਉਣ ਵਾਲਾ ਅਤੇ ਸੁਆਦੀ ਬਨਾਉਣ ਦਾ ਯਤਨ ਕਰਦਾ ਹੈ। ਸੰਥਾ ਵਿਚ ਪੜ੍ਹਾਏ ਜਾਣ ਵਾਲੇ ਵਿਸ਼ੇ ਨੂੰ ਕਈ ਹਿੱਸਿਆਂ ਵਿਚ ਵੰਡ ਲਿਆ ਜਾਂਦਾ ਹੈ ਅਤੇ ਇਕ ਇਕ ਹਿੱਸੇ ਨੂੰ ਹੌਲੀ ਹੌਲੀ ਪੜ੍ਹਾਇਆ ਜਾਂਦਾ ਹੈ। ਸੰਥਾ ਨੂੰ ਪੜਾਉਣ ਵੇਲੇ "ਤਰਤੀਬਵਾਰ ਸਪਸ਼ਟੀਕਰਣ" ਦਾ ਨਿਯਮ ਵਰਤੋਂ ਵਿਚ ਲਿਆਂਦਿਆ ਜਾਂਦਾ ਹੈ, ਅਰਥਾਤ ਸੌਖੀ ਗਲ ਪਹਿਲਾਂ ਦਸੀ ਜਾਂਦੀ ਹੈ ਅਤੇ ਪਿਛੋਂ ਜਟੀਲ ਗਲ ਦਸੀ ਜਾਂਦੀ ਹੈ। ਪਹਿਲੀ ਦਸੀ ਗਲ ਦੀ ਵਰਤੋਂ ਅੱਗੋ ਦੱਸੀ ਜਾਣ ਵਾਲੀ ਗਲ ਵਿਚ ਵਰਤੋਂ ਕੀਤੀ ਜਾਂਦੀ ਹੈ।

ਪਾਠ ਦਾ ਸਪਸ਼ਟੀ ਕਰਣ ਕਰਦੇ ਸਮੇਂ ਤਰਤੀਬ ਵਾਰ ਬਚਿਆਂ ਦਾ ਧਿਆਨ ਪਾਠ ਦੀ ਕਿਸੇ ਵਿਸ਼ੇਸ਼ ਗਲ ਉਤੇ ਕੇਂਦ੍ਰਿਤ ਕੀਤਾ ਜਾਂਦਾ ਹੈ ਅਤੇ ਫਿਰ ਉਸਦਾ ਸਬੰਧ ਬਚਿਆਂ ਦੀਆਂ ਜਾਣੀਆਂ ਹੋਈਆਂ ਦੂਜੀਆਂ ਗੱਲਾਂ ਨਾਲ ਜੋੜਿਆ ਜਾਂਦਾ ਹੈ। ਮੰਨ ਲੌ, ਇਕ ਉਸਤਾਦ ਭਾਰਤ ਦੇ ਪੂਰਬੀ ਘਾਟ ਦੇ ਮੈਦਾਨਾਂ ਬਾਰੇ ਪੜ੍ਹਾ ਰਿਹਾ ਹੈ ਤਾਂ ਪਹਿਲਾਂ ਉਹ ਪੂਰਬੀ ਘਾਟ ਦੇ ਮੈਦਾਨਾਂ ਦੀਆਂ ਗਲਾਂ ਉਤੇ ਹੀ ਬਚਿਆਂ ਦਾ ਧਿਆਨ ਕੇਂਦ੍ਰਿਤ ਕਰੇਗਾ; ਪਿਛੋਂ ਉਹ ਪੂਰਬੀ ਘਾਟ ਦਾ ਸਬੰਧ ਦਖਣ ਦੀ ਪਠਾਰ ਅਤੇ ਭਾਰਤ ਦੀ ਧਰਤੀ ਦੇ ਦੂਜੇ ਹਿਸਿਆਂ ਨਾਲ ਜੜਨ ਦਾ ਯਤਨ ਕਰੇਗਾ। ਇਸੇ ਤਰ੍ਹਾਂ ਇਤਿਹਾਸ ਵਿਚ ਅਸ਼ੋਕ ਦੀ ਕਲਿੰਗਾ ਦੀ ਫਤੇ ਦਾ ਬਿਰਤਾਂਤ ਦਸਦਿਆਂ ਉਹ ਪਹਿਲਾਂ ਇਸ ਫਤੇ ਉੱਤੇ ਹੀ ਬਚਿਆਂ ਦਾ ਧਿਆਨ ਕੇਂਦ੍ਰਿਤ ਕਰੇਗਾ ਪਿਛੋਂ ਉਹ ਉਸ ਫਤਹ ਦੀ ਅਸ਼ੋਕ ਦੇ ਜੀਵਨ ਵਿਚ ਮੱਹਤਾ ਦਸਣ ਦਾ ਯਤਨ ਕਰੇਗਾ। ਕਿਸੇ ਵੀ ਘਟਨਾ ਨੂੰ ਪੜ੍ਹਾਉਣ ਵੇਲੇ ਪਹਿਲਾਂ ਉਸ ਘਟਨਾ ਉਤੇ ਹੀ ਬਚਿਆਂ ਦਾ ਧਿਆਨ ਇਕਾਗਰ ਕੀਤਾ ਜਾਂਦਾ ਹੈ ਪਿਛੋਂ ਉਸ ਦਾ ਸਬੰਧ ਦੂਜੀਆਂ ਘਟਨਾਵਾਂ ਨਾਲ ਜੋੜਿਆ ਜਾਂਦਾ ਹੈ। ਕਵਿਤਾ ਪੜ੍ਹਾਉਣ ਵਲ ਵੀ ਕਦੇ ਇਕ ਹੀ ਪਦ ਉਤੇ ਬੱਚਿਆਂ ਦਾ ਧਿਆਨ ਕੇਂਦ੍ਰਿਤ ਕੀਤਾ ਜਾਂਦਾ ਹੈ ਅਤੇ ਕਦੇ ਸਮੁਚੀ ਕਵਿਤਾ ਨਾਲ ਉਸਦੇ ਸਬੰਧ ਉਤੇ। ਇਸ ਤਰ੍ਹਾਂ ਕੰਮ ਦੇ ਅਧਿਅਨ ਅਤੇ ਵਿਚਾਰ ਕਰਨ ਦੇ ਨਿਯਮ ਦੀ ਬੱਚਿਆਂ ਦੀ ਸੰਥਾ ਦੀ ਪੜ੍ਹਾਈ ਵਿਚ ਵਰਤੋਂ ਕੀਤੀ ਜਾਂਦੀ ਹੈ। ਕਿਸੇ ਵੀ ਗਲ ਨੂੰ ਮਨ ਵਿਚ ਪਕੀ ਤਰ੍ਹਾਂ ਬਿਠਾਉਣ ਲਈ ਇਨ੍ਹਾਂ ਦੋਹਾਂ ਕੰਮਾਂ ਦਾ ਹੋਣਾ ਜ਼ਰੂਰੀ ਹੈ–ਨਵੀਂ ਗਲ ਨੂੰ ਗ੍ਰਹਿਣ ਕਰਨਾ ਅਤੇ ਪਿਛੋਂ ਉਸ ਉੱਤੇ ਵਿਚਾਰ ਕਰਨਾ। ਨਵੀਂ ਗਲ ਨੂੰ ਸਿਖਣ ਦੇ ਇਸ ਨਿਯਮ ਨੂੰ ਹੀ "ਤਰਤੀਬ ਵਾਰ ਅਧਿਅਨ ਅਤੇ ਵਿਚਾਰਨ ਦਾ ਨਿਯਮ" ਕਿਹਾ ਹੈ।

**ਸਬੰਧ ਬੰਨ੍ਹਣਾ**:–ਪੜ੍ਹੇ ਹੋਏ ਵਿਸ਼ੇ ਦਾ ਦੂਜੇ ਵਿਸ਼ਿਆ ਨਾਲ ਕਈ ਤਰ੍ਹਾਂ ਦਾ ਸਬੰਧ ਜੋੜਨਾ, ਇਹ ਸੰਥਾ ਪੜ੍ਹਾਉਣ ਦੀ ਤੀਜੀ ਪੌੜੀ ਹੈ। ਇਸ ਵਿਚ ਪੜ੍ਹਾਈ ਹੋਈ ਗਲ ਦੀ ਦੂਜੀਆਂ ਗਲਾਂ ਨਾਲ ਤੁਲਣਾ ਕੀਤੀ ਜਾਂਦੀ ਹੈ। ਇਤਿਹਾਸ, ਸਾਹਿੱਤ ਅਤੇ ਬਨਸਪਤੀ ਵਿਗਿਆਨ ਪੜ੍ਹਣ ਸਮੇਂ ਪੜ੍ਹਾਈਆਂ ਹੋਈਆਂ ਗਲਾਂ ਦੀ ਅਜੇਹੀਆਂ ਗਲਾਂ ਨਾਲ ਤੁਲਣਾ ਕੀਤੀ ਜਾਵੇਗੀ ਜਿਹੜੀਆਂ ਬੱਚਿਆਂ ਨੂੰ ਪਹਿਲਾਂ ਪਤਾ ਹੋਣ। ਇਸ ਤਰ੍ਹਾਂ ਦੀ ਤੁਲਣਾ ਕਰਨ ਵੇਲੇ ਇਸ ਗਲ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਹੈ ਕਿ ਜਿਨ੍ਹਾਂ ਗਲਾਂ ਨਾਲ ਤੁਲਣਾ ਕੀਤੀ ਜਾਂਦੀ ਹੈ ਉਹ ਬੱਚੇ ਨੂੰ ਪਹਿਲਾਂ ਤੋਂ ਪਤਾ ਹਨ। ਇਸ ਤਰ੍ਹਾਂ ਦੀ ਤੁਲਣਾ ਬਚਿਆਂ ਕੋਲੋਂ ਹੀ ਕੱਢੀ ਜਾਣੀ ਚਾਹੀਦੀ ਹੈ। ਪਰ ਜੇ ਤੁਲਣਾ ਦੀਆਂ ਗਲਾਂ ਬੱਚਿਆਂ ਨੂੰ ਆਪ ਪਤਾ ਨਹੀਂ ਤਾਂ ਉਹ ਇਹ ਤੁਲਣਾ ਕਿਵੇਂ ਕਰ ਸਕਣਗੇ। ਇਕ ਨਵੀਂ ਗਲ ਦੀ

ਤੁਲਣਾ ਕਿਸੇ ਦੂਸਰੀ ਨਵੀਂ ਗਲ ਨਾਲ ਕਰਨਾ ਬਿਅਰਥ ਹੈ। ਇਸ ਨਾਲ ਹਥਲੇ ਪਾਠ ਨੂੰ ਸਮਝਣ ਜਾਂ ਉਸ ਨੂੰ ਮਨ ਦੇ ਪਰਦੇ ਉਤੇ ਲਕੀਰਨ ਵਿਚ ਕੋਈ ਸਹਾਇਤਾ ਨਹੀਂ ਮਿਲਦੀ। ਪਾਠ ਵਿਚ ਪੜ੍ਹਾਈ ਹੋਈ ਕਵਿਤਾ ਦੀ ਤੁਲਣਾ ਬੱਚਿਆਂ ਦੀ ਪੜ੍ਹੀ ਹੋਈ ਕਵਿਤਾ ਨਾਲ ਕਰਨਾ ਹੀ ਠੀਕ ਹੈ।

ਤੁਲਣਾ ਬਾਰੇ ਦੂਸਰੀ ਗਲ ਇਹ ਧਿਆਨ ਵਿਚ ਰਖਣ ਯੋਗ ਹੈ ਕਿ ਉਹ ਹੀ ਤੁਲਣਾਂ ਲਾਭਦਾਇਕ ਹੁੰਦੀ ਹੈ ਜਿਹੜੀ ਬਚਿਆਂ ਨੂੰ ਕਿਸੇ ਨਿਯਮ ਵਲ ਲੈ ਜਾਂਦੀ ਹੈ। ਇਸ ਤਰ੍ਹਾਂ ਦੀਆਂ ਅਨੇਕ ਤੁਲਣਾਂ ਕਰਦਿਆਂ ਕਰਦਿਆਂ ਬੱਚਿਆਂ ਨੂੰ ਇਹ ਨਿਯਮ ਸਪਸ਼ਟ ਹੋ ਜਾਂਦਾ ਹੈ।

**ਲੜੀ ਬੱਧ ਕਰਨਾ**:—ਲੜੀ ਬੱਧ ਕਰਨਾ ਪਾਠ ਪੜ੍ਹਾਉਣ ਦੀ ਚੌਥੀ ਪੌੜੀ ਹੈ ਅਥਵਾ ਅਵਸਥਾ ਹੈ। ਇਸ ਅਵਸਥਾ ਤੇ ਪਹੁੰਚਨ ਉਤੇ ਕਿਸੇ ਵਿਸ਼ੇਸ਼ ਸਿਧਾਂਤ ਯਾਂ ਨਿਯਮ ਨੂੰ ਸਪਸ਼ਟ ਕੀਤਾ ਜਾਂਦਾ ਹੈ ਜਿਹੜਾ ਦਸੀਆਂ ਗਲਾਂ ਵਿਚ ਲੁਕਿਆ ਹੁੰਦਾ ਹੈ। ਜਿਸ ਪਾਠ ਦਾ ਨਿਸ਼ਾਨਾ ਕਿਸੇ ਵਿਗਿਆਨਿਕ ਨਿਯਮ ਨੂੰ ਦਸਣਾ ਹੈ, ਉਸ ਵਿਚ ਉਹ ਨਿਯਮ ਦਸਿਆ ਜਾਂਦਾ ਹੈ; ਹੋਰ ਕਿਸਮ ਦੇ ਪਾਠਾਂ ਵਿਚ ਕੁਝ ਚੁਣੇ ਹੋਏ ਸੁਆਲਾਂ ਰਾਹੀਂ ਪੜ੍ਹੇ ਹੋਏ ਪਾਠ ਦੀਆਂ ਖਾਸ ਖਾਸ ਗੱਲਾਂ ਨੂੰ ਬਚਿਆਂ ਨੂੰ ਫਿਰ ਯਾਦ ਕਰਵਾ ਦਿਤਾ ਜਾਂਦਾ ਹੈ। ਇਸ ਲਈ ਇਸ ਪੌੜੀ ਨੂੰ ਪਾਠ ਦਾ ਲੜੀਬੱਧ ਕਰਨਾ ਕਿਹਾ ਜਾਂਦਾ।

**ਦੁਹਰਾਈ**:—ਪੜ੍ਹਾਈ ਗਈ ਸੰਥਾ ਦੀ ਤੁਰਤ ਹੀ ਦੁਹਰਾਈ ਹੋਣ ਨਾਲ ਉਸ-ਦੀਆਂ ਮੋਟੀਆਂ ਮੋਟੀਆਂ ਗਲਾਂ ਬੱਚਿਆਂ ਦੇ ਮਨ ਵਿਚ ਬੈਠ ਜਾਂਦੀਆਂ ਹਨ। ਇਸ ਤਰ੍ਹਾਂ ਸੰਗੱਠਿਤ ਗਿਆਨ ਬਚਿਆਂ ਦੇ ਮਨ ਵਿਚ ਰਹਿ ਜਾਂਦਾ ਹੈ। ਜੇ ਪੜ੍ਹੀ ਹੋਈ ਗਲ ਬਾਰੇ ਤੁਰਤ ਨਹੀਂ ਸੋਚਿਆ ਜਾਂਦਾ ਤਾਂ ਉਸਦਾ ਬਹੁਤਾ ਹਿੱਸਾ ਭੁਲ ਜਾਂਦਾ ਹੈ। ਪੜ੍ਹੀ ਹੋਈ ਗਲ ਦੇ ਦੁਹਰਾਉਣ ਨਾਲ ਸ੍ਵੈ-ਪਰੀਖਿਆ ਹੁੰਦੀ ਹੈ ਅਤੇ ਇਸ ਨਾਲ ਸ੍ਵੈ-ਵਿਸ਼ਵਾਸ਼ ਵਿਚ ਵਾਧਾ ਹੁੰਦਾ ਹੈ। ਪਾਠ ਦੀ ਦੁਹਰਾਈ ਕਰਨ ਵੇਲੇ ਬਚਿਆਂ ਨੂੰ ਕਿਸੇ ਗਲ ਨੂੰ ਇਕ ਤਰਤੀਬ ਵਿਚ ਕਹਿਣ ਦਾ ਅਭਿਆਸ ਹੁੰਦਾ ਹੈ। ਇਸ ਤਰ੍ਹਾਂ ਉਨ੍ਹਾਂ ਵਿਚ ਆਪਣੇ ਵਿਚਾਰਾਂ ਨੂੰ ਦੂਜਿਆਂ ਅੱਗੇ ਪਰਗਟ ਕਰਨ ਦੀ ਯੋਗਤਾ ਆਉਂਦੀ ਹੈ। ਇਤਿਹਾਸ ਅਤੇ ਭੂਗੋਲ ਵਰਗੇ ਵਿਸ਼ਿਆਂ ਵਿਚ ਦੁਹਰਾਈ ਕਰਨਾ ਬੜਾ ਹੀ ਜ਼ਰੂਰੀ ਹੋ ਜਾਂਦਾ ਹੈ। ਬਚਿਆਂ ਦੇ ਉਤਰਾਂ ਨੂੰ ਸੰਗਠਿਤ ਕਰਕੇ ਉਸਤਾਦ ਨੂੰ ਬਲੈਕਬੋਰਡ ਉਤੇ ਲਿਖ ਦੇਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਇਨ੍ਹਾਂ ਨੂੰ ਆਪਣੀਆਂ ਨੋਟ ਬੁਕਾਂ ਉਤੇ ਉਤਾਰ ਲੈਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਬਚਿਆਂ ਦੇ ਮਨ ਵਿਚ ਵਿਸ਼ੇ ਦਾ ਤਰਤੀਬ ਸਿਰ ਗਿਆਨ ਬਣਿਆ ਰਹਿੰਦਾ ਹੈ।

**ਪ੍ਰਯੋਗ**:—ਸਿਖਾਈ-ਵਿਧੀ ਦੀ ਅਖੀਰਲੀ ਪੌੜੀ ਪ੍ਰਯੋਗ ਹੈ। ਪ੍ਰਯੋਗ ਰਾਹੀਂ ਪਰਾਪਤ ਕੀਤੇ ਹੋਏ ਗਿਆਨ ਦੀ ਸਚਿਆਈ ਪਰਖ ਹੋ ਜਾਂਦੀ ਹੈ। ਇਸ ਨਾਲ ਜਿਸ ਨਿਯਮ ਨੂੰ ਬੱਚੇ ਸਿਖਦੇ ਹਨ ਉਹ ਠੀਕ ਤਰ੍ਹਾਂ ਸਮਝ ਵਿਚ ਆ ਜਾਂਦਾ ਹੈ ਅਤੇ ਉਸਦੇ ਸੰਸਕਾਰ ਮਨ ਵਿਚ ਦ੍ਰਿੜ ਹੋ ਜਾਂਦੇ ਹਨ। ਵਿਗਿਆਨਿਕ ਵਿਸ਼ਿਆਂ ਵਿਚ ਪ੍ਰਯੋਗ ਦੀ ਪੌੜੀ ਦੀ ਬੜੀ ਮਹੱਤਾ ਹੈ। ਇਸੇ ਤਰ੍ਹਾਂ ਜਿਥੇ ਅਭਿਆਸ ਕਰਾਉਣਾ ਹੁੰਦਾ ਹੈ ਉਥੇ ਪ੍ਰਯੋਗ ਹੀ ਮਹੱਤਾ ਭਰੀ ਪੌੜੀ ਹੁੰਦੀ ਹੈ। ਵਿਆਕਰਨ ਦੇ ਇਕ ਨਿਯਮ ਨੂੰ ਪੜ੍ਹਾਕੇ ਜਦ ਤਕ ਉਸਦੇ ਕਈ ਪ੍ਰਯੋਗ ਬੱਚੇ ਤੋਂ ਨਹੀਂ ਕਰ-ਵਾਏ ਜਾਂਦੇ ਉਦੋਂ ਤਕ ਉਹ ਮਨ ਵਿਚ ਠੀਕ ਤਰ੍ਹਾਂ ਨਹੀਂ ਬੈਠਦਾ। ਇਸੇ ਤਰ੍ਹਾਂ ਗਣਿਤ ਦੀ ਇਕ ਰੀਤੀ ਨੂੰ ਸਮਝਾਕੇ ਬਚਿਆਂ ਨੂੰ ਕਈ ਸੁਆਲ ਉਸ ਰੀਤੀ ਦੇ ਦੇਣੇ ਚਾਹੀਦੇ ਹਨ। ਜਿੰਨਾ ਹੀ ਬੱਚੇ

ਅਭਿਆਸ ਕਰਦੇ ਹਨ ਉਨ੍ਹਾਂ ਦਾ ਗਿਆਨ ਉਂਨਾ ਹੀ ਪੱਕਾ ਹੁੰਦਾ ਹੈ। ਇਕ ਬੋਲੀ ਤੋਂ ਦੂਜੀ ਬੋਲੀ ਵਿਚ ਅਨੁਵਾਦ ਕਰਨਾ ਸਖਾਉਣ ਲਈ ਪ੍ਰਯੋਗ ਦੀ ਹੀ ਮੰਹਤਾ ਵਧੇਰੇ ਹੁੰਦੀ ਹੈ।

## ਪਾਠ-ਸਿਖਾਈ ਵਿਧੀ ਦੀ ਠੀਕ ਵਰਤੋਂ

ਉਪਰ ਕਹੀ ਸਿਖਾਈ ਵਿਧੀ ਉਸਤਾਦ ਦੇ ਬਚਿਆਂ ਨੂੰ ਪੜ੍ਹਾਉਣ ਦਾ ਨਿਰਾ ਸਹਾਰਾ ਹੀ ਸੀ। ਇਸ ਦੀ ਵਰਤੋਂ ਸਮਝ ਸੋਚ ਕੇ ਕਰਨੀ ਚਾਹੀਦੀ ਹੈ। ਆਪਣੇ ਅਨੁਭਵ ਦੇ ਅਨੁਸਾਰ ਉਸਤਾਦ ਕਿਸੇ ਪੌੜੀ ਤੇ ਵਧੇਰੇ ਸਮਾਂ ਲਾਉਂਦਾ ਹੈ ਅਤੇ ਕਿਸੇ ਤੇ ਘਟ। ਸਾਰੇ ਪਾਠਾਂ ਨੂੰ ਇਕ ਹੀ ਤਰ੍ਹਾਂ ਨਾਲ ਨਹੀਂ ਪੜ੍ਹਾਇਆ ਜਾ ਸਕਦਾ। ਵਿਦਿਆਰਥੀਆਂ ਦੀ ਯੋਗਤਾ ਅਤੇ ਸੰਥਾ ਦੀ ਵਿਲਖਣਤਾ ਨੂੰ ਧਿਆਨ ਵਿਚ ਰਖ ਕੇ ਹੀ ਉਪਰ ਦੱਸੀ ਵਿਧੀ ਦੀ ਠੀਕ ਵਰਤੋਂ ਕੀਤੀ ਜਾ ਸਕਦੀ ਹੈ। ਕਿਨੇ ਹੀ ਅਜਿਹੇ ਪਾਠ ਹੁੰਦੇ ਹਨ ਜਿਨ੍ਹਾਂ ਵਿਚ ਵਧੇਰੇ ਸਮਾਂ ਪ੍ਰਯੋਗ ਉਤੇ ਖਰਚ ਹੀ ਕਰਨਾ ਪੈਂਦਾ ਹੈ ਅਤੇ ਕਈਆਂ ਵਿਚ ਪਾਠ ਨੂੰ ਸਪਸ਼ਟ ਕਰਨ ਵਿਚ ਵਧੇਰੇ ਸਮਾਂ ਲਾਉਣਾ ਪੈਂਦਾ ਹੈ।

ਸਧਾਰਨ ਤੌਰ ਤੇ ਦੋ ਤਰ੍ਹਾਂ ਦੇ ਪਾਠ ਹੁੰਦੇ ਹਨ–ਇਕ ਗਿਆਨਾਤਮਕ ਅਤੇ ਦੂਜੇ ਅਧਿਆਸਾਮਕ। ਗਿਆਨਾਤਮਕ ਪਾਠਾਂ ਵਿਚ ਅਤੇ ਖਾਸ ਕਰ ਕੇ ਵਿਗਿਆਨ ਦੇ ਪਾਠਾਂ ਵਿਚ ਉਪਰ ਦਸੀ ਵਿਧੀ ਦੀ ਵਰਤੋਂ ਠੀਕ ਤਰ੍ਹਾਂ ਹੁੰਦੀ ਹੈ। ਅਭਿਆਸਾਤਮਕ ਪਾਠ ਵਿਚ ਉਪਰ ਦਸੀ ਵਿਧੀ ਦੀ ਪੂਰੀ ਵਰਤੋਂ ਨਹੀਂ ਹੁੰਦੀ। ਇਤਿਹਾਸ, ਭੂਗੋਲ, ਵਿਗਿਆਨ, ਵਿਆਕਰਨ ਆਦਿ ਵਿਸ਼ਿਆਂ ਦੇ ਪਾਠ ਗਿਆਨਾਤਮਕ ਪਾਠ ਅਖਵਾਉਂਦੇ ਹਨ ਅਤੇ ਡਰਾਇੰਗ, ਸੰਗੀਤ, ਅਤੇ ਹੱਥ ਦੇ ਕੰਮ ਸਿਖਾਉਣ ਲਈ ਜਿਹੜੀਆਂ ਸੰਥਾ ਦਿਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਅਭਿਆਸ਼ਾਤਮਕ ਸੰਥਾ ਆਖਦੇ ਹਨ। ਅਭਿਆਸਾਤਮਕ ਸੰਥਾ ਲਈ ਭੂਮਿਕਾ ਬੰਨ੍ਹਣਾ, ਕੁਝ ਨਿਯਮਾਂ ਨੂੰ ਦਸਣਾ ਅਤੇ ਫਿਰ ਪਰਯੋਗ ਦੀ ਲੋੜ ਹੁੰਦੀ ਹੈ। ਜਿੰਨਾ ਵਧੇਰੇ ਪਰਯੋਗ ਕੀਤਾ ਜਾਂਦਾ ਹੈ, ਅਰਥਾਤ ਕਲਾ ਉਤੇ ਅਧਿਕਾਰ ਪਰਾਪਤ ਕਰਨ ਲਈ ਅਭਿਆਸ ਕੀਤਾ ਜਾਂਦਾ ਹੈ ਉਂਨਾ ਹੀ ਬੱਚੇ ਵਧੇਰੇ ਹੁਸ਼ਿਆਰ ਹੁੰਦੇ ਹਨ।

---

# ਅਠਵਾਂ ਪਰਕਰਨ

## ਪੜ੍ਹਾਈ ਕਰਾਉਣ ਦੇ ਸਾਧਨ

### ਸਾਧਨਾਂ ਨੂੰ ਜਾਨਣ ਦੀ ਲੋੜ

ਪਿਛਲੇ ਪਰਕਰਨ ਵਿਚ ਸਿਖਾਈ-ਵਿਧੀ ਦੀ ਆਮ ਰੀਤੀ ਉਤੇ ਚਾਨਣ ਪਾਇਆ ਗਿਆ ਹੈ। ਇਸ ਰੀਤੀ ਨੂੰ ਸੁਆਦੀ ਬਨਾਉਣ ਲਈ ਅਤੇ ਪਾਠ ਨੂੰ ਸਮਝ ਵਿਚ ਲਿਆਉਣ ਲਈ ਕੁਝ ਖਾਸ ਸਾਧਨਾਂ ਤੋਂ ਕੰਮ ਲਿਆ ਜਾਂਦਾ ਹੈ। ਇਨ੍ਹਾਂ ਸਾਧਨਾਂ ਦੀ ਠੀਕ ਵਰਤੋਂ ਉਤੇ ਹੀ ਪੜ੍ਹਾਉਣ ਦੀ ਕਲਾ ਦੀ ਸਫਲਤਾ ਨਿਰਭਰ ਹੈ। ਵਿਗਿਆਨਿਕ ਰੂਪ ਤੋਂ ਕੋਈ ਵਿਅਕਤੀ ਸਿਖਿਆ ਦੇ ਕੰਮ ਨੂੰ ਕਿੰਨਾ ਹੀ ਕਿਉਂ ਨਾ ਸਮਝ ਜਾਵੇ ਪਰ ਜਦ ਤਕ ਉਸ ਨੂੰ ਪੜ੍ਹਾਈ ਕਰਾਉਣ ਦੇ ਸਾਧਨਾਂ ਦੀ ਵਰਤੋਂ ਠੀਕ ਤਰ੍ਹਾਂ ਕਰਨੀ ਨਹੀਂ ਆਉਂਦੀ ਉੱਨਾ ਚਿਰ ਤਕ ਉਹ ਹੁਸ਼ਿਆਰ ਉਸਤਾਦ ਨਹੀਂ ਬਣਦਾ। ਕਿਸੇ ਸੰਥਾ ਦੀ ਸੁੰਦਰਤਾ ਅਥਵਾ ਸੁਆਦ ਇਨ੍ਹਾਂ ਸਾਧਨਾਂ ਉਤੇ ਹੀ ਨਿਰਭਰ ਹੁੰਦਾ ਹੈ।

ਹਰ ਯੋਗ ਉਸਤਾਦ ਇਕ ਵਿਗਿਆਨੀ ਅਤੇ ਕਲਾਕਾਰ ਹੈ। ਵਿਗਿਆਨੀ ਹੋਣ ਕਰਕੇ ਉਸਨੂੰ ਬਾਲ-ਮਨੋਵਿਗਿਆਨ ਦਾ ਗਿਆਨ ਹੋਣਾ ਬੜਾ ਜ਼ਰੂਰੀ ਹੈ। ਉਸ ਨੂੰ ਆਪਣੀ ਦ੍ਰਿਸ਼ਟੀ ਸਦਾ ਪ੍ਰਯੋਗਾਤਮਕ ਰਖਣੀ ਪੈਂਦੀ ਹੈ ਅਤੇ ਬਚਿਆਂ ਲਈ ਜੋ ਲਾਭਵੰਦਾ ਸਿਧ ਹੁੰਦਾ ਹੈ ਉਸਨੂੰ ਕਰਨਾ ਪੈਂਦਾ ਹੈ। ਪਰ ਇਕ ਕਲਾਕਾਰ ਹੋਣ ਕਰਕੇ ਉਸ ਨੂੰ ਉਨ੍ਹਾਂ ਗਲਾਂ ਨੂੰ ਸਿਖਣਾ ਪੈਂਦਾ ਹੈ ਜਿਸ ਨਾਲ ਉਹ ਬਚਿਆਂ ਦਾ ਮਨ ਆਪਣੀ ਵਲ ਅਥਵਾ ਪੜ੍ਹਾਏ ਜਾਣ ਵਾਲੇ ਵਿਸ਼ੇ ਵਲ ਖਿਚ ਸਕੇ। ਜਿਸ ਤਰ੍ਹਾਂ ਨਟ ਕਈ ਤਰ੍ਹਾਂ ਦੀਆਂ ਗਲਾਂ ਸੁਣਾਕੇ, ਅਤੇ ਨਾਟਕ ਦਾ ਪਾਤਰ ਕਈ ਤਰ੍ਹਾਂ ਦੇ ਹਾਵ-ਭਾਵ ਨਾਲ ਦਰਸ਼ਕਾਂ ਦੇ ਧਿਆਨ ਨੂੰ ਖਿਚਣ ਦਾ ਯਤਨ ਕਰਦਾ ਹੈ, ਉਸੇ ਤਰ੍ਹਾਂ ਇਕ ਉਸਤਾਦ ਵੀ ਆਪਣੀ ਵਲ ਅਤੇ ਪੜ੍ਹਾਏ ਜਾਣ ਵਾਲੇ ਵਿਸ਼ੇ ਵਲ ਧਿਆਨ ਖਿਚਣ ਲਈ ਕਈ ਤਰ੍ਹਾਂ ਦੀਆਂ ਜੁਗਤੀਆਂ ਤੋਂ ਕੰਮ ਲੈਂਦਾ ਹੈ।

ਉਸਤਾਦ ਦਾ ਕੰਮ ਉਪਰ ਕਹੇ ਕਲਾਕਾਰਾਂ ਤੋਂ ਵੀ ਔਖਾ ਹੁੰਦਾ ਹੈ। ਨਾਟਕ ਦੇ ਪਾਤਰ ਨੂੰ ਜਾਂ ਨਟ ਨੂੰ ਦਰਸ਼ਕਾਂ ਵਿਚ ਸੁਤੰਤਰ ਸੋਚਨ ਦੀ ਸ਼ਕਤੀ ਦਾ ਵਾਧਾ ਨਹੀਂ ਕਰਨਾ ਹੁੰਦਾ। ਉਹ ਉਨ੍ਹਾਂ ਦੇ ਵਿਚਾਰਾਂ ਨੂੰ ਨਿਰਾ ਆਪਣੇ ਕਾਬੂ ਵਿਚ ਰਖਣ ਦਾ ਯਤਨ ਕਰਦੇ ਹਨ, ਪਰ ਸੁਚੱਜਾ ਉਸਤਾਦ ਬਚਿਆਂ ਵਿਚ ਸੁਤੰਤਰ ਸੋਚਣ ਦੀ ਸ਼ਕਤੀ ਦਾ ਵਾਧਾ ਕਰਦਾ ਹੈ। ਉਹ ਆਪ ਇੰਨਾ ਕੰਮ ਨਹੀਂ ਕਰਦਾ ਜਿੰਨਾ ਕਿ ਬਚਿਆਂ ਤੋਂ ਕਰਾਉਂਦਾ ਹੈ। ਉਹ ਆਪ ਘਟ ਬੋਲਕੇ ਬਚਿਆਂ ਦੇ ਮੂੰਹ ਤੋਂ ਹੀ ਵਧੇਰੇ ਬੁਲਾਉਂਦਾ ਹੈ। ਜਿਹੜਾ ਉਸਤਾਦ ਪਾਠ ਪੜ੍ਹਾਉਂਣ ਵਿਚ ਆਪਣੀਆਂ ਹੀ ਕਰਾਮਾਤਾਂ ਵਿਖਾਉਂਦਾ ਰਹਿੰਦਾ ਹੈ ਅਤੇ ਬਾਲਕਾਂ ਨੂੰ ਵਿਹਲੜ ਦਰਸ਼ਕਾਂ ਦੇ ਰੂਪ ਵਿਚ ਬਦਲ ਦਿੰਦਾ ਹੈ ਉਹ ਯੋਗ ਉਸਤਾਦ ਨਹੀਂ, ਨਿਕੰਮਾ ਸਮਝਿਆ ਜਾਂਦਾ ਹੈ। ਇਸ ਲਈ ਪਾਠ ਦੇ ਪੜ੍ਹਾਉਣ ਦੇ ਸਾਧਨਾਂ ਦਾ ਜਾਨਣਾ ਅਤੇ ਉਨ੍ਹਾਂ ਤੇ ਪੂਰਾ ਅਧਿਕਾਰ ਕਰ

ਲੈਣਾ ਪਾਠ ਨੂੰ ਸਫਲ ਬਨਾਉਣ ਲਈ ਬੜਾ ਜ਼ਰੂਰੀ ਹੈ। ਇਨ੍ਹਾਂ ਸਾਧਨਾਂ ਉਤੇ ਅਧਿਕਾ ਕਈ ਦਿਨਾਂ ਦੇ ਅਭਿਆਸ ਪਿਛੋਂ ਹੁੰਦਾ ਹੈ।

## ਸਾਧਨਾਂ ਦੀਆਂ ਕਿਸਮਾਂ

ਪੜ੍ਹਾਈ ਕਰਾਉਣ ਦੇ ਮੁਖ ਸਾਧਨ ਹੇਠ ਲਿਖੇ ਹਨ :--

੧. ਪ੍ਰਸ਼ਨ।

੨. ਵਿਆਖਿਆ।

੩. ਪਰਕਾਸ਼ ਪਾਉਣ ਵਾਲੀ ਸਮੱਗਰੀ।

੪. ਬਲੈਕ ਬੋਰਡ।

੫. ਨੋਟ ਬੁਕ।

੬. ਪਾਠ-ਪੁਸਤਕ।

੭. ਵਾਰਤਾਲਾਪ ਅਤੇ ਹਾਵ ਭਾਵ ਭਰੇ ਇਸ਼ਾਰੇ (ਐਕਟਿੰਗ)। ਹੁਣ ਅਸੀਂ ਇਨ੍ਹਾਂ ਸਾਧਨਾਂ ਉਤੇ ਇਕ ਇਕ ਕਰ ਕੇ ਵਿਚਾਰ ਕਰਦੇ ਹਾਂ।

## ਪ੍ਰਸ਼ਨ

**ਪ੍ਰਸ਼ਨ ਦੀ ਮਹੱਤਾ :**–ਕਿਸੇ ਪਾਠ ਨੂੰ ਪੜ੍ਹਾਉਣ ਵਿਚ ਪ੍ਰਸ਼ਨ ਦੀ ਜਿੰਨੀ ਮਹੱਤਾ ਹੈ ਉਨੀ ਕਿਸੇ ਹੋਰ ਦੂਜੇ ਸਾਧਨ ਦੀ ਨਹੀਂ। ਕਿੰਨਿਆਂ ਹੀ ਵਿਦਵਾਨਾਂ ਦੇ ਪ੍ਰਸ਼ਨਾਂ ਰਾਹੀਂ ਪੜ੍ਹਾਉਣਾ ਇਕ ਖਾਸ ਤਰ੍ਹਾਂ ਦੀ ਸਿਖਿਆ-ਢੰਗ ਹੀ ਮੰਨ ਲਿਆ ਹੈ। ਪਰ ਸਾਨੂੰ ਪ੍ਰਸ਼ਨਾਂ ਦਾ ਪੁਛਣਾ ਕਿਸੇ ਖਾਸ ਸਿਖਿਆ-ਢੰਗ ਦਾ ਰੂਪ ਮੰਨਣ ਦੀ ਥਾਂ ਸਾਰੇ ਸਿਖਿਆ-ਢੰਗ ਦਾ ਇਕ ਜ਼ਰੂਰੀ ਅੰਗ ਮੰਨਣਾ ਚਾਹੀਦਾ ਹੈ।। ਭਾਰਤ ਦੇ ਪੁਰਾਣੇ ਸਿਖਿਆ-ਢੰਗਾਂ ਵਿਚ ਵੀ ਪ੍ਰਸ਼ਨਾਂ ਦੀ ਵਰਤੋਂ ਹੁੰਦੀ ਸੀ। ਪਰ ਇਹ ਪ੍ਰਸ਼ਨ ਸ਼ਿਸ਼ ਪੁਛਦਾ ਸੀ ਅਤੇ ਗੁਰੂ ਇਨ੍ਹਾਂ ਦਾ ਉਤਰ ਦਿੰਦਾ ਸੀ। ਆਧੁਨਿਕ ਕਾਲ ਵਿਚ ਗੁਰੂ ਪ੍ਰਸ਼ਨ ਪੁਛਦਾ ਹੈ ਅਤੇ ਸ਼ਿਸ਼ ਉਸ ਦਾ ਉਤਰ ਦਿੰਦਾ ਹੈ। ਪ੍ਰਸ਼ਨ ਪੁਛਣ ਵਿਚ ਉਸਤਾਦ ਦੀ ਹੁਸ਼ਿਆਰੀ ਵੇਖੀ ਜਾਂਦੀ ਹੈ; ਅਤੇ ਉਤਰ ਦੇਣ ਵਿਚ ਸ਼ਿਸ਼ ਦੀ। ਇਕ ਉਸਤਾਦ ਮਨੋਵਿਗਿਆਨ ਦਾ ਜਿੰਨਾ ਵੀ ਗਿਆਨ ਰਖਦਾ ਹੈ ਅਤੇ ਪੜ੍ਹਾਉਣ ਦਾ ਕਲਾ ਵਿਚ ਚਤਰ ਹੁੰਦਾ ਹੈ ਉਹ ਪ੍ਰਸ਼ਨ ਦੇ ਕੰਮ ਵਿਚ ਓਨਾ ਹੀ ਯੋਗ ਹੁੰਦਾ ਹੈ। ਇਨ੍ਹਾਂ ਪ੍ਰਸ਼ਨਾਂ ਨਾਲ ਬੱਚੇ ਦੇ ਗਿਆਨ ਵਿਚ ਵਾਧਾ ਹੁੰਦਾ ਹੈ। ਉਸ ਦੇ ਵਿਚਾਰ ਤਰਤੀਬ ਵਾਰ ਹੁੰਦੇ ਹਨ ਅਤੇ ਆਪਣੇ ਭਾਵਾਂ ਅਤੇ ਉਨ੍ਹਾਂ ਵਿਚਾਰਾਂ ਨੂੰ ਦਸਣ ਦੀ ਸਮਰੱਥਾ ਆਉਂਦੀ ਹੈ। ਜੇ ਉਸ ਦੇ ਵਿਚਾਰਾਂ ਵਿਚ ਕੋਈ ਅਢੁਕਵੀਂ ਗਲ ਹੋਵੇ ਤਾਂ ਉਸ ਦਾ ਪਤਾ ਬੱਚੇ ਨੂੰ ਲੱਗ ਜਾਂਦਾ ਹੈ। ਪ੍ਰਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ ਸ਼ਿਖਿਆ ਦੇਣ ਦੀ ਵਿਧੀ ਦੀ ਵਧੇਰੇ ਵਰਤੋਂ ਯੂਨਾਨ ਦੇ ਪਰਸਿਧ ਫਿਲਾਸਫਰ ਸੁਕਰਾਤ ਨੇ ਕੀਤੀ ਸੀ। ਉਹ ਆਪਣੇ ਵਿਦਿਆਰਥੀਆਂ ਤੋਂ ਰਾਹ ਚਲਦਿਆਂ ਚਲਦਿਆਂ ਸੁਆਲ ਪੁਛਦਾ ਸੀ ਅਤੇ ਉਨ੍ਹਾਂ ਨੂੰ ਆਪਣੀਆਂ ਧਾਰਨਾਵਾਂ ਬਾਰੇ ਫਿਰ ਤੋਂ ਸੋਚਣ ਲਈ ਮਜਬੂਰ ਕਰ ਦਿੰਦਾ ਸੀ। ਇਸ ਤਰ੍ਹਾਂ ਉਹ ਲੋਕਾਂ ਦੇ ਝੂਠੇ ਵਿਸ਼ਵਾਸ਼ ਨੂੰ ਤੋੜ ਦਿੰਦਾ ਸੀ ਅਤੇ ਸਮਾਜਿਕ, ਰਾਜਸੀ, ਨੈਤਿਕ ਅਤੇ ਧਾਰਮਿਕ ਵਿਸ਼ਿਆਂ ਉਤੇ ਨਵੇਂ ਢੰਗ ਨਾਲ ਵਿਚਾਰ ਕਰਨ ਲਈ ਆਪਣੇ ਵਿਦਿਆਰਥੀਆਂ

ਨੂੰ ਮਜਬੂਰ ਕਰ ਦਿੰਦਾ ਸੀ । ਜਦ ਕਿਸੇ ਪ੍ਰਸ਼ਨ ਦਾ ਉਤਰ ਉਸ ਦਾ ਸ਼ਿਸ਼ ਨਹੀਂ ਸੀ ਸਕਦਾ ਤਾਂ ਉਹ ਉਸ ਤੋਂ ਕੋਈ ਹੋਰ ਪ੍ਰਸ਼ਨ ਪੁਛ ਕੇ ਪ੍ਰਸ਼ਨ ਦਾ ਉਤਰ ਕਢਵਾ ਲੈਂਦਾ ਸੀ। ਕਿਸੇ ਪ੍ਰਸ਼ਨ ਦਾ ਉਤਰ ਆਪ ਦੇਣ ਦੀ ਥਾਂ ਪ੍ਰਸ਼ਨਾਂ ਰਾਹੀਂ ਉਤਰ ਵਿਦਿਆਰਥੀਆਂ ਕੋਲੋਂ ਹੀ ਕਢਵਾਉਂਦਾ ਸੀ । ਇਸ ਤਰ੍ਹਾਂ ਇਕ ਪਾਸੇ ਤਾਂ ਉਹ ਆਪਣੇ ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਕਰਦਾ ਸੀ ਦੂਜੇ ਪਾਸੇ ਉਨ੍ਹਾਂ ਵਿਚ ਸੁਤੰਤਰ ਸੋਚਣ ਦੀ ਸ਼ਕਤੀ ਅਤੇ ਸ੍ਵੈ-ਭਰੋਸਾ ਵਧਾਉਂਦਾ ਸੀ । ਪੜ੍ਹਾਈ ਵਿਚ ਪ੍ਰਸ਼ਨ ਪੁਛਣ ਦਾ ਮੁਖ ਨਿਸ਼ਾਨਾ ਵੀ ਇਹ ਹੀ ਹੈ ।

ਇਕ ਸੁਚੱਜਾ ਉਸਤਾਦ ਜ਼ਬਾਨੀ ਸੁਆਲ ਹਰ ਵੇਲੇ ਵਿਦਿਆਰਥੀਆਂ ਤੋਂ ਪੁਛਦਾ ਰਹਿੰਦਾ ਹੈ। ਜ਼ਬਾਨੀ ਸੁਆਲਾਂ ਤੋਂ ਉਸਨੂੰ ਇਹ ਪਤਾ ਚਲ ਜਾਂਦਾ ਹੈ ਕਿ ਵਿਦਿਆਰਥੀ ਉਸਦੀਆਂ ਪੜ੍ਹਾਈਆਂ ਗਲਾਂ ਨੂੰ ਕਿੰਨਾ ਗ੍ਰਹਿਣ ਕਰ ਸਕੇ ਹਨ ਅਤੇ ਕਿਥੋਂ ਤਕ ਉਨ੍ਹਾਂ ਵਿਚ ਗ੍ਰਹਿਣ ਕਰਨ ਦੀ ਸ਼ਕਤੀ ਹੈ । ਇਸ ਤੋਂ ਇਹ ਵੀ ਪਤਾ ਚਲ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਹੋਰ ਕਿੰਨਾਂ ਗ੍ਰਹਿਣ ਕਰਨ ਲਈ ਬਾਕੀ ਰਹਿ ਗਿਆ ਹੈ। ਪਰ ਹੱਦ ਤੋਂ ਬਹੁਤੇ ਸੁਆਲ ਵਿਦਿਆਰਥੀਆਂ ਨੂੰ ਅਕਾ ਦਿੰਦੇ ਹਨ। ਉਨ੍ਹਾਂ ਦੀ ਪੜ੍ਹਨ ਤੋਂ ਰੁਚੀ ਹਟ ਜਾਂਦੀ ਹੈ।

**ਸੁਆਲ ਕਰਨ ਦਾ ਕੰਮ:**—ਪ੍ਰਸ਼ਨ ਕਰਨ ਦੀ ਕਲਾ ਦੀ ਵੰਡ ਤਿੰਨ ਹਿੱਸਿਆਂ ਵਿਚ ਕੀਤੀ ਜਾ ਸਕਦੀ ਹੈ। ਸੰਥਾ ਦੇ ਸ਼ੁਰੂ ਵਿਚ ਉਸਤਾਦ ਵਿਦਿਆਰਥੀਆਂ ਨੂੰ ਸੁਆਲ ਕਰਦਾ ਹੈ। ਇਸ ਸ਼ੁਰੂ ਦੇ ਸੁਆਲਾਂ ਤੋਂ ਉਸਤਾਦ ਦਾ ਇਹ ਜਾਨਣਾ ਉਦੇਸ਼ ਹੁੰਦਾ ਹੈ ਕਿ ਵਿਦਿਆਰਥੀ ਪਾਠ-ਵਿਸ਼ੇ ਬਾਰੇ ਕਿੰਨੀ ਜਾਣਕਾਰੀ ਰਖਦੇ ਹਨ। ਪਾਠ ਦੇ ਮਧ ਵਿਚ ਉਸਤਾਦ ਵਿਦਿਆਰਥੀਆਂ ਨੂੰ ਸੁਆਲ ਪੁਛਦਾ ਹੈ। ਉਹ ਇਹ ਜਾਨਣਾ ਚਾਹੁੰਦਾ ਹੈ ਕਿ ਵਿਦਿਆਰਥੀ ਹੁਣ ਤਕ ਪੜ੍ਹਾਈ ਗਲ ਨੂੰ ਕਿਥੋਂ ਤਕ ਸਮਝ ਗਏ ਹਨ। ਪ੍ਰਸ਼ਨ ਕਰਨ ਦਾ ਇਕ ਉਦੇਸ਼ ਇਹ ਵੀ ਹੁੰਦਾ ਹੈ ਕਿ ਵਿਦਿਆਰਥੀ ਅੱਗੇ ਪੜ੍ਹਾਏ ਜਾਣ ਵਾਲੇ ਵਿਸ਼ੇ ਉਤੇ ਧਿਆਨ ਦੇਵੇ। ਉਸਤਾਦ ਪਾਠ ਦੇ ਅੰਤ ਵਿਚ ਪ੍ਰਸ਼ਨ ਪੁਛਦਾ ਹੈ। ਉਸ ਦੇ ਇਸ ਪ੍ਰਸ਼ਨ ਦਾ ਇਹ ਮੰਤਵ ਹੁੰਦਾ ਹੈ ਕਿ ਵਿਦਿਆਰਥੀਆਂ ਨੇ ਉਸ ਦੀ ਪੜ੍ਹਾਈ ਸੰਪੂਰਨ ਗਲ ਉਤੇ ਧਿਆਨ ਦਿੱਤਾ ਹੈ ਕਿ ਨਹੀਂ । ਜੇ ਧਿਆਨ ਠੀਕ ਤਰ੍ਹਾਂ ਨਹੀਂ ਦਿੱਤਾ ਗਿਆ ਤਾਂ ਮੋਟੀਆਂ ਮੋਟੀਆਂ ਗਲਾਂ ਉਤੇ ਫਿਰ ਤੋਂ ਧਿਆਨ ਦੁਆ ਦੇਵੇ।

**ਸ਼ੁਰੂ ਦੇ ਪ੍ਰਸ਼ਨ:**—ਸ਼ੁਰੂ ਵਿਚ ਪ੍ਰਸ਼ਨ ਬਚਿਆਂ ਦਾ ਮਨ ਪੜ੍ਹਾਈ ਲਈ ਤਿਆਰ ਕਰਨ ਲਈ ਪੁੱਛੇ ਜਾਂਦੇ ਹਨ। ਇਹ ਦੋ ਤਰ੍ਹਾਂ ਦੇ ਪ੍ਰਸ਼ਨ ਹੁੰਦੇ ਹਨ। ਕੁਝ ਪ੍ਰਸ਼ਨ, ਪੜ੍ਹੇ ਹੋਏ ਪੁਰਾਣੇ ਪਾਠ ਦਾ ਬੱਚਿਆਂ ਨੂੰ ਚੇਤਾ ਕਰਵਾਉਂਦੇ ਹਨ। ਉਸਤਾਦ ਇਨ੍ਹਾਂ ਪ੍ਰਸ਼ਨਾਂ ਦੇ ਉਤਰਾਂ ਨਾਲ ਇਹ ਅੰਦਾਜ਼ਾ ਲਾਉਂਦਾ ਹੈ ਕਿ ਬੱਚਿਆਂ ਨੂੰ ਪਿਛਲਾ ਪਾਠ ਕਿੰਨਾ ਕੁ ਯਾਦ ਹੈ ਅਤੇ ਉਹ ਨਵੇਂ ਪਾਠ ਨੂੰ ਸਮਝਣ ਲਈ ਕਿਥੋਂ ਤਕ ਤਿਆਰ ਹਨ। ਇਨ੍ਹਾਂ ਪ੍ਰਸ਼ਨਾਂ ਦਾ ਪਹਿਲਾ ਮੰਤਵ ਬਚਿਆਂ ਦੇ ਦਿਮਾਗ ਵਿਚ ਉਨ੍ਹਾਂ ਪੁਰਾਣੇ ਵਿਚਾਰਾਂ ਨੂੰ ਲੈ ਆਉਣਾ ਹੁੰਦਾ ਹੈ ਜਿਹੜੇ ਵਰਤਮਾਨ ਪਾਠ ਨੂੰ ਸਮਝਣ ਲਈ ਜ਼ਰੂਰੀ ਹਨ।

ਸ਼ੁਰੂ ਵਿਚ ਪ੍ਰਸ਼ਨਾਂ ਦੇ ਪੁਛਣ ਦਾ ਦੂਜਾ ਮੰਤਵ ਬੱਚੇ ਦੀ ਉਤਸਕਤਾ ਜਗਾਉਣਾ ਹੁੰਦਾ ਹੈ। ਜਦ ਤਕ ਬੱਚਾ ਕਿਸੇ ਨਵੀਂ ਗਲ ਨੂੰ ਜਾਨਣ ਲਈ ਉਤਾਵਲਾ ਨਹੀਂ ਹੁੰਦਾ ਤਦ ਤਕ ਉਸ ਨੂੰ ਨਵੀਂ ਗਲ ਦਾ ਪੜ੍ਹਾਣਾ ਬੜਾ ਔਖਾ ਹੈ। ਬਚਿਆਂ ਦੇ ਧਿਆਨ ਦੀ ਇਕਾਗ੍ਰਤਾ ਲਈ ਇਸ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਜਾਣਾ ਵੀ ਜ਼ਰੂਰੀ ਹੁੰਦਾ ਹੈ। ਬੱਚੇ ਦਾ ਮਨ ਕਿਸੇ ਸੰਥਾ ਦੇ

ਪੜ੍ਹਾਏ ਜਾਣ ਤੋਂ ਪਹਿਲਾਂ ਕਿਸੇ ਹੋਰ ਪਾਸੇ ਲੱਗਾ ਹੁੰਦਾ ਹੈ। ਉਸਦੇ ਦਿਮਾਗ ਵਿਚ ਪਹਿਲੀ ਘੰਟੀ ਵਿਚ ਪੜ੍ਹੇ ਵਿਸ਼ੇ ਦੇ ਵਿਚਾਰ ਚਲਦੇ ਰਹਿੰਦੇ ਹਨ। ਇਨ੍ਹਾਂ ਵਿਚਾਰਾਂ ਨੂੰ ਵਖ ਕਰਨ ਲਈ ਅਤੇ ਨਵੇਂ ਵਿਸ਼ੇ ਦੇ ਵਿਚਾਰਾਂ ਨੂੰ ਉਸਦੇ ਮਨ ਅੰਦਰ ਜਗਾਉਣ ਲਈ ਸ਼ੁਰੂ ਵਿਚ ਪ੍ਰਸ਼ਨਾਂ ਦਾ ਪੁਛਣਾ ਜ਼ਰੂਰੀ ਹੈ।

ਸ਼ੁਰੂ ਦੇ ਪ੍ਰਸ਼ਨਾਂ ਬਾਰੇ ਕੁਝ ਸਾਵਧਾਨੀ ਰਖਣੀ ਜ਼ਰੂਰੀ ਹੈ। ਅਜਿਹੇ ਪ੍ਰਸ਼ਨ ਹੀ ਸ਼ੁਰੂ ਵਿਚ ਪੁੱਛੇ ਜਾਣ ਜਿਹੜੇ ਪੜ੍ਹਾਏ ਜਾਣ ਵਾਲੇ ਵਿਸ਼ੇ ਨਾਲ ਸਬੰਧ ਰਖਣ ਵਾਲੇ ਗਿਆਨ ਨੂੰ ਬੱਚੇ ਦੇ ਚੇਤੇ ਵਿਚ ਲੈ ਆਉਣ। ਬੱਚਿਆਂ ਤੋਂ ਅਜਿਹੇ ਪ੍ਰਸ਼ਨ ਕਦੇ ਵੀ ਨਹੀਂ ਪੁੱਛੇ ਜਾਣੇ ਚਾਹੀਦੇ ਜਿਨ੍ਹਾਂ ਦਾ ਸਬੰਧ ਬਚਿਆਂ ਨੂੰ ਉਸ ਹੀ ਘੰਟੇ ਵਿਚ ਪੜ੍ਹਾਏ ਜਾਣ ਵਾਲੇ ਪਾਠ ਨਾਲ ਨਾ ਹੋਵੇ। ਸ਼ੁਰੂ ਦੇ ਪ੍ਰਸ਼ਨਾਂ ਦੀ ਗਿਣਤੀ ਬੜੀ ਹੀ ਘਟ ਹੋਣੀ ਚਾਹੀਦੀ ਹੈ। ਸਧਾਰਨ ਤੌਰ ਤੇ ਦੋ ਤਿੰਨਾਂ ਤੋਂ ਵਧੇਰੇ ਸੁਆਲ ਜਮਾਤ ਵਿਚ ਨਹੀਂ ਪੁਛੇ ਜਾਣੇ ਚਾਹੀਦੇ। ਬੱਚੇ ਜਦ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਦੇਣ ਤਾਂ ਉਨ੍ਹਾਂ ਨੂੰ ਜੋ ਕੁਝ ਉਹ ਕਹਿਣ ਬਗੈਰ ਟੋਕੇ ਕਹਿੰਦੇ ਰਹਿਣ ਦੇਣਾ ਚਾਹੀਦਾ ਹੈ। ਇਹ ਯਾਦ ਰਖਣਾ ਚਾਹੀਦਾ ਹੈ ਕਿ ਮੁਢਲੇ ਪ੍ਰਸ਼ਨਾਂ ਦਾ ਮੁਖ ਮੰਤਵ ਨਿਰਾ ਪੁਰਾਣੇ ਗਿਆਨ ਦੀ ਜਾਂਚ ਕਰਨਾ ਹੁੰਦਾ ਹੈ। ਨਵਾਂ ਗਿਆਨ ਦੂਜੀ ਕਿਸਮ ਦੇ ਪ੍ਰਸ਼ਨਾਂ ਰਾਹੀਂ-ਜਿਨ੍ਹਾਂ ਨੂੰ ਸਮਝਾਉਣ ਵਾਲਾ ਪ੍ਰਸ਼ਨ ਕਿਹਾ ਜਾਂਦਾ ਹੈ-ਦਿਤਾ ਜਾਂਦਾ ਹੈ। ਜੇ ਕੋਈ ਉਸਤਾਦ ਬਹੁਤ ਦੇਰ ਤਕ ਮੁਢਲੇ ਸੁਆਲ ਹੀ ਪੁਛਦਾ ਰਹਿੰਦਾ ਹੈ ਤਾਂ ਬਚਿਆਂ ਦਾ ਦਿਮਾਗ ਨਵੇਂ ਗਿਆਨ ਦੀ ਪਰਾਪਤੀ ਲਈ ਤਿਆਰ ਹੋਣ ਦੀ ਥਾਂ ਪੁਰਾਣੇ ਗਿਆਨ ਦੀ ਦੁਹਰਾਈ ਵਿਚ ਹੀ ਲੱਗ ਜਾਂਦਾ ਹੈ। ਇਸੇ ਤਰ੍ਹਾਂ ਬਚਿਆਂ ਦੇ ਮੁਢਲੇ ਪ੍ਰਸ਼ਨਾਂ ਦੇ ਉੱਤਰਾਂ ਦੀ ਵਧੇਰੇ ਛਾਣ ਬੀਨ ਕਰਨ ਨਾਲ ਬੱਚਿਆਂ ਦੇ ਦਿਮਾਗ ਵਿਚ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਪੈਦਾ ਹੋ ਜਾਂਦੀਆਂ ਹਨ ਜਿਹੜੀਆਂ ਉਸ ਘੰਟੇ ਵਿਚ ਪੜ੍ਹਾਈ ਜਾਣ ਵਾਲੀ ਸੰਥਾ ਦੀ ਸਿਖਾਈ ਵਿਚ ਸਹਾਈ ਹੋਣ ਦੀ ਥਾਂ ਰੋਕ ਬਣ ਜਾਂਦੀਆਂ ਹਨ।

ਸ਼ੁਰੂ ਦੇ ਪ੍ਰਸ਼ਨਾਂ ਦਾ ਨਾਂ 'ਤਿਆਰ ਕਰਨ ਵਾਲੇ ਪ੍ਰਸ਼ਨ' ਵੀ ਹੈ। ਇਹ ਪ੍ਰਸ਼ਨ ਬੱਚੇ ਦੀ ਉਸ ਦਿਨ ਦੀ ਸੰਥਾ ਲਈ ਮਾਨਸਿਕ ਤਿਆਰੀ ਕਰਾਉਂਦੇ ਹਨ। ਇਸ ਗਲ ਨੂੰ ਹੀ ਧਿਆਨ ਵਿਚ ਰਖਕੇ ਮੁਢਲੇ ਪ੍ਰਸ਼ਨ ਪੁੱਛੇ ਜਾਣੇ ਚਾਹੀਦੇ ਹਨ।

**ਦੁਹਰਾਈ ਵਾਲੇ ਪ੍ਰਸ਼ਨ:**—ਜਿਸ ਤਰ੍ਹਾਂ ਸੰਥਾ ਸ਼ੁਰੂ ਹੋਣ ਤੋਂ ਪਹਿਲਾਂ ਮੁਢਲੇ ਪ੍ਰਸ਼ਨ ਪੁਛਣਾ ਜ਼ਰੂਰੀ ਹੈ, ਉਸੇ ਤਰ੍ਹਾਂ ਪਾਠ ਦੇ ਅੰਤ ਵਿਚ ਦੁਹਰਾਈ ਵਾਲੇ ਪ੍ਰਸ਼ਨ ਪੁਛਣਾ ਵੀ ਜ਼ਰੂਰੀ ਹੈ। ਪਾਠ ਦੇ ਅੰਤ ਵਿਚ ਜਿਹੜੇ ਪ੍ਰਸ਼ਨ ਪੁੱਛੇ ਜਾਂਦੇ ਹਨ ਉਨ੍ਹਾਂ ਦਾ ਮੰਤਵ ਪੜ੍ਹਾਏ ਪਾਠ ਨੂੰ ਦੁਹਰਾਉਣਾ ਹੁੰਦਾ ਹੈ। ਜੇ ਪਾਠ ਦੇ ਅੰਤ ਵਿਚ ਅਜਿਹੇ ਪ੍ਰਸ਼ਨ ਨਾ ਪੁਛੇ ਜਾਣ ਤਾਂ ਬਚਿਆਂ ਦਾ ਘੰਟੇ ਭਰ ਵਿਚ ਪਰਾਪਤ ਕੀਤਾ ਗਿਆਨ ਪੱਕਾ ਨਹੀਂ ਹੋ ਸਕੇਗਾ। ਉਸਤਾਦ ਬਾਲਕਾਂ ਨੂੰ ਇਕ ਪਾਠ ਦਾ ਸੰਪੂਰਨ ਵਿਸ਼ਾ ਥੋੜ੍ਹਾ ਥੋੜ੍ਹਾ ਕਰਕੇ ਕਈ ਵਿਧੀਆਂ ਰਾਹੀਂ ਪੜ੍ਹਾਉਂਦਾ ਹੈ। ਪਾਠ ਨੂੰ ਇਸ ਤਰ੍ਹਾਂ ਪੜ੍ਹਾਏ ਜਾਣ ਨਾਲ ਉਸ ਵਿਸ਼ੇ ਦਾ ਵਿਸ਼ਲੇਸ਼ਨ ਹੁੰਦਾ ਹੈ। ਜਿਹੜੇ ਪ੍ਰਸ਼ਨ ਪਾਠ ਪੜ੍ਹਾਉਂਦਿਆਂ ਪੁੱਛੇ ਜਾਂਦੇ ਹਨ ਉਹ ਵੀ ਵਿਸ਼ੇ ਦਾ ਵਿਸ਼ਲੇਸ਼ਨ ਕਰਦੇ ਹਨ। ਇਸ ਵਿਸ਼ਲੇਸ਼ਨ ਹੋਏ ਵਿਸ਼ੇ ਨੂੰ ਕਿਸੇ ਤਰ੍ਹਾਂ ਫਿਰ ਗੱਠਿਤ ਕਰਨਾ ਬੜਾ ਜ਼ਰੂਰੀ ਹੈ। ਦੁਹਰਾਈ ਵਾਲੇ ਪ੍ਰਸ਼ਨ ਰਾਹੀਂ ਇਹ ਕੰਮ ਉਸਤਾਦ ਬੱਚਿਆਂ ਕੋਲੋਂ ਹੀ ਕਰਵਾਉਂਦਾ ਹੈ। ਇਨ੍ਹਾਂ ਪ੍ਰਸ਼ਨਾਂ ਰਾਹੀਂ ਉਸਤਾਦ ਨੂੰ ਇਹ ਪਤਾ ਚਲ ਜਾਂਦਾ ਹੈ ਕਿ ਨਵੇਂ ਪਾਠ ਨੂੰ ਪੜ੍ਹਾਉਣ ਵਿਚ ਉਹ ਕਿਥੋਂ ਤਕ

ਸਫਲ ਹੋਇਆ ਹੈ।

ਪਾਠ ਦੇ ਅੰਤ ਵਿਚ ਪੁਛੇ ਜਾਣ ਵਾਲੇ ਪ੍ਰਸ਼ਨ ਅਰਥਾਤ ਪਾਠ ਦੀ ਦੁਹਰਾਈ ਕਰਨ ਵਾਲੇ ਪ੍ਰਸ਼ਨ ਮੁਢਲੇ ਪ੍ਰਸ਼ਨਾਂ ਵਾਂਗ ਗਿਣਤੀ ਵਿਚ ਘੱਟ ਹੋਣੇ ਚਾਹੀਦੇ ਹਨ। ਜਦ ਬੱਚੇ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦੇਣ ਤਾਂ ਉਨ੍ਹਾਂ ਨੂੰ ਵਿਚੋਂ ਟੋਕਣਾ ਵੀ ਨਹੀਂ ਚਾਹੀਦਾ। ਪਾਠ ਦੇ ਅੰਤ ਵਿਚ ਵਧੇਰੇ ਪ੍ਰਸ਼ਨ ਪੁਛਣ ਨਾਲ ਪੜ੍ਹਾਇਆ ਹੋਇਆ ਵਿਸ਼ਾ ਇਕਮੁਠ ਹੋਣ ਦੀ ਥਾਂ ਖਿਲਰਿਆ ਖਿਲਰਿਆ ਹੀ ਰਹਿੰਦਾ ਹੈ। ਕਦੇ ਕਦੇ ਉਸਤਾਦ ਦੁਹਰਾਈ ਵਾਲੇ ਪ੍ਰਸ਼ਨਾਂ ਦੇ ਉਤਰਾਂ ਦੀ ਬੋਲੀ ਸੁਧਾਰ ਕੇ ਬਲੈਕ ਬੋਰਡ ਤੇ ਲਿਖ ਦਿੰਦਾ ਹੈ। ਅਤੇ ਇਸ ਲਿਖੇ ਹੋਏ ਹਾਲ ਨੂੰ ਵਿਦਿਆਰਥੀ ਆਪਣੀਆਂ ਨੋਟ ਬੁਕਾਂ ਵਿਚ ਲਿਖ ਲੈਂਦੇ ਹਨ।

ਪਾਠ ਪੜ੍ਹਾਉਣ ਵੇਲੇ ਕਈ ਪਾਠ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਕਈ ਹਿਸਿਆਂ ਵਿਚ ਵੰਡਣਾ ਪੈਂਦਾ ਹੈ। ਕਦੇ ਕਦੇ ਦੁਹਰਾਈ ਵਾਲੇ ਪ੍ਰਸ਼ਨ ਪਾਠ ਦੇ ਇਕ ਹਿੱਸੇ ਦੇ ਪੜ੍ਹਾਏ ਜਾਣ ਪਿਛੋਂ ਪੁੱਛੇ ਜਾਂਦੇ ਹਨ ਤਾਂ ਜੁ ਪਾਠ ਦਾ ਇਕ ਹਿੱਸਾ ਠੀਕ ਤਰ੍ਹਾਂ ਮਨ ਵਿਚ ਬੈਠ ਜਾਵੇ। ਇਸੇ ਤਰ੍ਹਾਂ ਦੂਸਰੇ ਹਿੱਸੇ ਦੇ ਅੰਤ ਵਿਚ ਸੁਆਲ ਪੁੱਛੇ ਜਾਂਦੇ ਹਨ। ਫਿਰ ਕੁਝ ਸੁਆਲ ਸੰਪੂਰਨ ਪਾਠ ਦੇ ਅੰਤ ਵਿਚ ਪੁਛੇ ਜਾਂਦੇ ਹਨ ਤਾਂ ਜੁ ਪਾਠ ਦੇ ਅੱਡ ਅੱਡ ਹਿਸਿਆਂ ਦਾ ਗਿਆਨ ਲੜੀ ਬੱਧ ਹੋ ਜਾਵੇ। ਪਾਠ ਦੇ ਜਾਂ ਉਸਦੇ ਕਿਸੇ ਹਿੱਸੇ ਦੇ ਅੰਤ ਵਿਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉਤਰ ਲੰਬੇ ਹੋਣੇ ਚਾਹੀਦੇ ਹਨ। ਦੁਹਰਾਈ ਵਾਲੇ ਪ੍ਰਸ਼ਨਾਂ ਦਾ ਨਿਸ਼ਾਨਾ ਬਚਿਆਂ ਨੂੰ ਆਪਣੇ ਪਰਾਪਤ ਗਿਆਨ ਦਾ ਨਿਰਾ ਚੇਤਾ ਕਰਾਉਣਾ ਨਹੀਂ ਹੈ, ਉਸ ਗਿਆਨ ਨੂੰ ਸੁਥਰੀ ਬੋਲੀ ਵਿਚ ਲੜੀ ਬੱਧ ਕਰਕੇ ਪਰਗਟ ਕਰਨ ਦੀ ਯੋਗਤਾ ਦੇਣਾ ਵੀ ਹੈ। ਇਸ ਕਾਰਨ ਪਾਠ ਦੇ ਅਤ ਵਿਚ ਪ੍ਰਸ਼ਨਾਂ ਦੀ ਲੜੀ ਲਾ ਦੇਣਾ ਹਾਨੀਕਾਰਕ ਹੈ, ਕਿਉਂਜੁ ਜਦ ਉਸਤਾਦ ਬਚਿਆਂ ਤੋਂ ਵਧੇਰੇ ਪ੍ਰਸ਼ਨ ਪੁਛਦਾ ਹੈ ਤਾਂ ਉਨ੍ਹਾਂ ਦੇ ਉਤਰ ਛੋਟੇ ਛੋਟੇ ਹੁੰਦੇ ਹਨ ਅਤੇ ਇਸ ਤਰ੍ਹਾਂ ਦੇ ਉਤਰ ਦੇਣ ਨਾਲ ਬਾਲਕਾਂ ਵਿਚ ਕਿਸੇ ਲੰਬੇ ਵਰਣਨ ਦੀ ਸ਼ਕਤੀ ਨਹੀਂ ਆਉਂਦੀ। ਉਸਤਾਦ ਨੂੰ ਚਾਹੀਦਾ ਹੈ ਕਿ ਉਹ ਆਮ ਕਰਕੇ ਜਮਾਤ ਦੇ ਕਿਸੇ ਤਿੱਖੇ ਬੱਚੇ ਤੋਂ ਅਜਿਹੇ ਪ੍ਰਸ਼ਨਾਂ ਦਾ ਉਤਰ ਪੁੱਛੇ, ਇਸ ਨਾਲ ਉਸ ਬੱਚੇ ਦਾ ਤਾਂ ਵਧੇਰੇ ਲਾਭ ਹੁੰਦਾ ਹੀ ਹੈ ਬਾਕੀ ਸਧਾਰਨ ਬਚਿਆਂ ਦਾ ਵੀ ਵਧੇਰੇ ਲਾਭ ਹੁੰਦਾ ਹੈ।

**ਵਿਵੇਚਨਾਤਮਕ ਪ੍ਰਸ਼ਨ:**—ਤੀਸਰੀ ਕਿਸਮ ਦੇ ਪ੍ਰਸ਼ਨ ਵਿਵੇਚਨਾਤਮਕ ਪ੍ਰਸ਼ਨ (ਡਵੇਲੁਪਿੰਗ ਕੁਐਸਚਨ) ਅਖਵਾਉਂਦੇ ਹਨ। ਇਨ੍ਹਾਂ ਪ੍ਰਸ਼ਨਾਂ ਦਾ ਨਿਸ਼ਾਨਾ ਪਾਠ ਨੂੰ ਚੰਗੀ ਤਰ੍ਹਾਂ ਵਿਸ਼ਲੇਸ਼ਨ ਕਰਕੇ ਸਮਝਾਉਣਾ ਹੁੰਦਾ ਹੈ। ਇਨ੍ਹਾਂ ਪ੍ਰਸ਼ਨਾਂ ਨੂੰ ਕਦੀ ਕਦੀ ਸਿਖਾਈ ਦੇ ਪ੍ਰਸ਼ਨ ਵੀ ਕਹਿ ਲਿਆ ਜਾਂਦਾ ਹੈ। ਪਹਿਲੇ ਦੋ ਤਰ੍ਹਾਂ ਦੇ ਪ੍ਰਸ਼ਨ ਪ੍ਰੀਖਿਆਤਮਕ ਕਹਿਲਾਉਂਦੇ ਹਨ। ਉਸਤਾਦ ਦੀ ਪਾਠ ਪੜ੍ਹਾਉਣ ਦੀ ਚਤਰਾਈ ਦੀ ਪਰਖ ਪਰੀਖਿਆਤਮਕ ਪ੍ਰਸ਼ਨਾਂ ਦੇ ਕਰਨ ਵਿਚ ਇੰਨੀਂ ਹੁੰਦੀ ਜਿਨੀ ਸਿਖਾਈ ਦੇ ਪ੍ਰਸ਼ਨਾਂ ਅਥਵਾ ਵਿਵੇਚਨਾਤਮਕ ਪ੍ਰਸ਼ਨਾਂ ਤੋਂ ਹੁੰਦੀ ਹੈ। ਜਿਨ੍ਹਾਂ ਪਾਠਾਂ ਵਿਚ ਲੜੀ ਬੱਧ ਵਿਚਾਰ ਕਰਨ ਦੀ ਮੱਹਤਾ ਹੁੰਦੀ ਹੈ—ਉਦਾਹਰਨ ਵਜੋਂ ਰੇਖਾ ਗਣਿਤ ਦੇ ਸਿਧਾਂਤ ਸਬੰਧੀ ਕੋਈ ਪਾਠ-ਉਨ੍ਹਾਂ ਵਿਚ ਵਿਵੇਚਨਾਤਮਕ ਪ੍ਰਸ਼ਨਾਂ ਦੀ ਮੱਹਤਾ ਹੋਰ ਵੀ ਵਧੇਰੇ ਵਧ ਜਾਂਦੀ ਹੈ। ਜਦ ਕਿਸੇ ਉਸਤਾਦ ਨੂੰ ਵਿਆਕਰਨ ਦਾ ਨਵਾਂ ਨਿਯਮ ਪੜ੍ਹਾਉਣਾ ਹੁੰਦਾ ਹੈ ਅਥਵਾ ਰੇਖਾ-ਗਣਿਤ ਦਾ ਕੋਈ ਅਭਿਆਸ ਕਰਾਉਣਾ ਪੈਂਦਾ ਹੈ, ਅਥਵਾ ਕਿਸੇ ਦੇਸ਼ ਦੀ ਵਾਯੂ ਨਾਲ ਉਸ ਦੀ ਉਪਜ ਦਾ ਸਬੰਧ ਵਿਖਾਉਣਾ ਹੁੰਦਾ ਹੈ, ਤਾਂ ਬੱਚਿਆਂ ਦੇ ਦਿਮਾਗ ਤੇ ਜ਼ੋਰ ਦੇਣ ਲਈ, ਜਾਂ ਉਨ੍ਹਾਂ ਵਿਚ ਸੁਤੰਤਰ ਸੋਚਣ ਦੀ ਸ਼ਕਤੀ ਵਧਾਉਣ ਲਈ ਵਿਵੇਚਨਾਤਮਕ

ਪ੍ਰਸ਼ਨ ਪੁਛਣਾ ਬੜਾ ਜ਼ਰੂਰੀ ਹੈ। ਵਿਵੇਚਨਾਤਮਕ ਪ੍ਰਸ਼ਨ ਕਰਨ ਦੀ ਹੁਸ਼ਿਆਰੀ ਉਤੇ ਹੀ ਇਹ ਨਿਰਭਰ ਕਰਦਾ ਹੈ ਕਿ ਬੱਚਾ ਆਪਣੇ ਦਮਾਗ ਤੋਂ ਆਪ ਕੰਮ ਲਵੇ ਅਤੇ ਉਸਤਾਦ ਦੀ ਵਿਦਵਤਾ ਨੂੰ ਘੱਟਾ ਲਾਕੇ ਨਾ ਲਵੇ। ਜੇ ਕਿਸੇ ਉਸਤਾਦ ਦੇ ਪੜ੍ਹਾਉਣ ਦੇ ਢੰਗ ਨੂੰ ਸੂਖਮ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਅਸੀਂ ਉਸ ਨੂੰ ਕੁਝ ਹੋਰ ਦਾ ਹੋਰ ਪਰਤੀਤ ਕਰਾਂਗੇ। ਕਿੰਨੇ ਹੀ ਉਸਤਾਦਾਂ ਦੇ ਪਾਠਾਂ ਵਿਚ ਸੁਆਲਾਂ ਦੀ ਭਰਮਾਰ ਤਾਂ ਹੁੰਦੀ ਹੈ, ਪਰ ਉਹ ਪ੍ਰਸ਼ਨ ਅਜਿਹੇ ਹੁੰਦੇ ਹਨ ਜਾਂ ਉਨ੍ਹਾਂ ਦੀ ਤਰਤੀਬ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਬੱਚੇ ਦੀ ਸੋਚ ਸ਼ਕਤੀ ਉਤੇ ਕੋਈ ਖਾਸ ਜ਼ੋਰ ਨਹੀਂ ਪੈਂਦਾ। ਉਪਰੋਂ ਵੇਖਣ ਨਾਲ ਪ੍ਰਸ਼ਨਾਂ ਦੇ ਉਤਰ ਜਮਾਤ ਦੇ ਬੱਚੇ ਹੀ ਦਿੰਦੇ ਹਨ, ਪਰ ਅਸਲ ਵਿਚ ਉਤਰ ਉਸਤਾਦ ਰਾਹੀਂ ਸੁਝਾਏ ਹੋਏ ਹੁੰਦੇ ਹਨ। ਅਥਵਾ ਪ੍ਰਸ਼ਨਾਂ ਰਾਹੀਂ ਜਿਸ ਮੱਹਤਾ ਦੀ ਗਲ ਨੂੰ ਉਸਤਾਦ ਬਚਿਆਂ ਕੋਲੋਂ ਕਢਵਾਉਣਾ ਚਾਹੁੰਦਾ ਹੈ ਉਹ ਹੀ ਗਲ ਉਸਤਾਦ ਆਪ ਹੀ ਬਚਿਆਂ ਨੂੰ ਦੱਸ ਦੇਂਦਾ ਹੈ। ਇਸ ਤਰ੍ਹਾਂ ਉਪਰੋਂ ਵੇਖਣ ਨਾਲ ਤਾਂ ਜਮਾਤ ਦਾ ਉਤਰ ਬਹੁਤ ਹੀ ਚੰਗਾ ਹੁੰਦਾ ਹੈ ਪਰ ਅਸਲ ਵਿਚ ਬੱਚਿਆਂ ਦੀ ਯਾਦ ਸ਼ਕਤੀ ਨਹੀਂ ਵਧਦੀ।

ਜਿਸ ਤਰ੍ਹਾਂ ਕਿੰਨੇ ਹੀ ਉਸਤਾਦ ਬਚਿਆਂ ਨੂੰ ਕਿਸੇ ਪਾਠ ਨੂੰ ਪੜ੍ਹਾਉਣ ਵੇਲੇ ਜਿਥੇ ਪ੍ਰਸ਼ਨ ਕਰਨਾ ਚਾਹੀਦਾ ਹੈ ਉਥੇ ਨਹੀਂ ਕਰਦੇ ਪਰ ਬਚਿਆਂ ਤੋਂ ਕਢੀ ਜਾਣ ਵਾਲੀ ਮਹੱਤਾ ਦੀ ਗਲ ਉਨ੍ਹਾਂ ਨੂੰ ਆਪ ਦਸ ਦਿੰਦੇ ਹਨ, ਉਸੇ ਤਰ੍ਹਾਂ ਕਿੰਨੇ ਹੀ ਦੂਸਰੇ ਬੇਸਮਝ ਉਸਤਾਦ ਬਚਿਆਂ ਨੂੰ ਉਨ੍ਹਾਂ ਗਲਾਂ ਬਾਰੇ ਪ੍ਰਸ਼ਨ ਕਰਦੇ ਹਨ ਜਿਹੜੀਆਂ ਉਨ੍ਹਾਂ ਨੂੰ ਕਦੇ ਦੱਸੀਆਂ ਹੀ ਨਹੀਂ ਗਈਆਂ ਅਤੇ ਨਾ ਉਨ੍ਹਾਂ ਨੂੰ ਉਹ ਆਪਣੀ ਸੁਤੰਤਰ ਸੋਚ ਤੋਂ ਪਰਾਪਤ ਕਰ ਸਕਦੇ ਹਨ। ਇਤਿਹਾਸ ਅਤੇ ਭੂਗੋਲ ਦੀਆਂ ਕਿੰਨੀਆਂ ਹੀ ਅਜਿਹੀਆਂ ਗਲਾਂ ਹਨ ਜਿਨ੍ਹਾਂ ਨੂੰ ਪੜ੍ਹਾਉਣ ਦਾ ਸਭ ਤੋਂ ਚੰਗਾ ਢੰਗ, ਉਨ੍ਹਾਂ ਨੂੰ ਸਿੱਧੀ ਤਰ੍ਹਾਂ ਹੀ ਬਚਿਆਂ ਨੂੰ ਦੱਸ ਦੇਣਾ ਹੈ। ਅਕਬਰ ਦੇ ਜਨਮ-ਸਥਾਨ ਜਾਂ ਤਾਰੀਖ ਬਾਰੇ ਪ੍ਰਸ਼ਨ ਕਰਨਾ ਬਿਅਰਥ ਹੀ ਨਹੀਂ ਸਗੋਂ ਬੱਚਿਆਂ ਦਾ ਸਮਾਂ ਗੁਆਉਣਾ ਹੈ। ਇਸੇ ਤਰ੍ਹਾਂ ਕਿਸੇ ਦੇਸ਼ ਦੀ ਉਪਜ ਬਾਰੇ ਬਚਿਆਂ ਨੂੰ ਪ੍ਰਸ਼ਨ ਕਰਨਾ ਬਿਅਰਥ ਹੈ। ਬਚਿਆਂ ਤੋਂ ਇੰਨਾ ਹੀ ਪੁਛਿਆ ਜਾ ਸਕਦਾ ਹੈ ਕਿ ਜੇ ਫਲਾਣੇ ਦੇਸ਼ ਦਾ ਜਲਵਾਯੂ ਫਲਾਣੀ ਕਿਸਮ ਦਾ ਹੋਵੇ ਤਾਂ ਉਸ ਦੇਸ਼ ਵਿਚ ਕਿਹੜੀ ਫਸਲ ਹੋਣ ਦੀ ਸੰਭਾਵਨਾ ਹੈ। ਫਿਰ ਉਸਤਾਦ ਨੂੰ ਚਾਹੀਦਾ ਹੈ ਕਿ ਅਸਲ ਉਪਜ ਦਾ ਗਿਆਨ ਕਰਵਾ ਦੇਵੇ। ਸਿਖਾਈ ਦੇ ਪ੍ਰਸ਼ਨਾਂ ਦਾ ਨਿਸ਼ਾਨਾ ਬੱਚਿਆਂ ਦੇ ਦਿਮਾਗ ਵਿਚੋਂ ਨਵੇਂ ਗਿਆਨ ਦਾ ਕਢਣਾ ਨਹੀਂ ਸਗੋਂ ਨਵੇਂ ਗਿਆਨ ਦਾ ਪੁਰਾਣੇ ਗਿਆਨ ਨਾਲ ਨਿਰਾ ਸਬੰਧ ਜੋੜਨ ਦਾ ਹੈ। ਨਵੀਆਂ ਚੀਜ਼ਾਂ ਦਾ ਗਿਆਨ ਉਸਤਾਦ ਆਪ ਹੀ ਕਰਾਏਗਾ, ਪਰ ਬੱਚੇ ਦੇ ਮਨ ਵਿਚ ਇਸ ਗਿਆਨ ਦੀ ਭੁਖ ਯੋਗ ਪ੍ਰਸ਼ਨਾਂ ਰਾਹੀਂ ਪੈਦਾ ਕੀਤੀ ਜਾ ਸਕਦੀ ਹੈ, ਅਤੇ ਇਸ ਗਿਆਨ ਨੂੰ ਪ੍ਰਸ਼ਨਾਂ ਰਾਹੀਂ ਬੱਚੇ ਦੀ ਬੁਧੀ ਵਿਚ ਪੱਕਾ ਕੀਤਾ ਜਾ ਸਕਦਾ ਹੈ। ਬੱਚਾ ਆਪਣੀ ਅਕਲ ਤੋਂ ਨਵੀਆਂ ਚੀਜ਼ਾਂ ਨੂੰ ਪੈਦਾ ਨਹੀਂ ਕਰ ਸਕਦਾ ਪਰ ਉਹ ਆਪਣੀ ਅਕਲ ਤੋਂ ਨਵੀਂ ਅਗਿਆਤ ਚੀਜ਼ ਅਤੇ ਪੁਰਾਣੀ ਗਿਆਤ ਚੀਜ਼ ਵਿਚ ਸਬੰਧ ਕਾਇਮ ਕਰ ਸਕਦਾ ਹੈ

## ਚੰਗੇ ਪ੍ਰਸ਼ਨ ਦੇ ਲੱਛਣ

ਚੰਗੇ ਪ੍ਰਸ਼ਨਾਂ ਦੇ ਹੇਠ ਲਿਖੇ ਲੱਛਣ ਹਨ :—

(੧) ਚੰਗੇ ਪ੍ਰਸ਼ਨ ਵਿਚਾਰਾਂ ਨੂੰ ਉਭਾਰਦੇ ਹਨ।

(੨) ਚੰਗੇ ਪ੍ਰਸ਼ਨ ਦੇ ਉੱਤਰ ਵਿਚ ਅਨੁਮਾਨ (ਅੰਦਾਜ਼ਾ) ਲਾਉਣ ਦੀ ਕੋਈ ਥਾਂ ਨਹੀਂ ਹੁੰਦੀ।

(੩) ਉਹ ਸਪਸ਼ਟ ਸ਼ਬਦਾਂ ਅਤੇ ਸਰਲ ਵਾਕਾਂ ਵਿਚ ਕਹੇ ਜਾਂਦੇ ਹਨ।

(੪) ਚੰਗੇ ਪ੍ਰਸ਼ਨ ਦਾ ਇਕ ਹੀ ਨਿਸ਼ਚਤ ਉੱਤਰ ਹੁੰਦਾ ਹੈ।

(੫) ਚੰਗੇ ਪ੍ਰਸ਼ਨ ਝੜੀ ਵਾਂਗ ਨਹੀਂ ਵਰ੍ਹਦੇ।

(੬) ਚੰਗੇ ਪ੍ਰਸ਼ਨ ਪ੍ਰਸੰਨ ਚਿਹਰੇ ਨਾਲ ਪੁੱਛੇ ਜਾਂਦੇ ਹਨ।

ਹੁਣ ਅਸੀਂ ਪ੍ਰਸ਼ਨ ਦੇ ਉਪਰ ਕਹੇ ਲਛਣਾਂ ਉਤੇ ਇਕ ਇਕ ਕਰਕੇ ਵਿਚਾਰ ਕਰਦੇ ਹਾਂ।

**ਵਿਚਾਰ ਉਭਾਰਨਾ** :- ਪਾਠ ਪੜ੍ਹਾਉਣ ਵੇਲੇ ਪ੍ਰਸ਼ਨ ਕਰਨ ਦਾ ਨਿਸ਼ਾਨਾ ਬਚਿਆਂ ਵਿਚ ਸੁਤੰਤਰ ਸੋਚਣ ਦੀ ਸ਼ਕਤੀ ਵਧਾਉਣਾ ਹੈ। ਬੱਚਾ ਆਪਣੇ ਵਿਚਾਰਾਂ ਨੂੰ ਆਪਣੀ ਮਿਹਨਤ ਨਾਲ ਹੀ ਚੰਗੀ ਵਿਉਂਤ ਦਿੰਦਾ ਹੈ। ਉਸਤਾਦ ਬੱਚੇ ਤੋਂ ਪ੍ਰਸ਼ਨ ਪੁਛਕੇ ਇਸ ਮਾਨਸਿਕ ਮਿਹਨਤ ਲਈ ਉਭਾਰਦਾ ਹੈ। ਜਿਸ ਪਾਠ ਵਿਚ ਬੱਚੇ ਨੂੰ ਜਿੰਨਾ ਸੋਚਣ ਦਾ ਮੌਕਾ ਮਿਲਦਾ ਹੈ ਉਹ ਬਚੇ ਲਈ, ਸਿਖਿਆ ਦੀ ਦ੍ਰਿਸ਼ਟੀ ਤੋਂ ਉੱਨਾ ਹੀ ਲਾਭਦਾਇਕ ਹੈ। ਸਿਖਾਈ-ਵਿਧੀ ਦਾ ਇਕ ਸਧਾਰਨ ਨਿਯਮ ਇਹ ਹੈ ਕਿ ਸਾਨੂੰ ਬੱਚਿਆਂ ਨੂੰ ਕੋਈ ਅਜਿਹੀ ਗਲ ਨਹੀਂ ਕਹਿਣੀ ਚਾਹੀਦੀ ਜਿਹੜੀ ਬੱਚਾ ਆਪ ਸੋਚ ਕੇ ਆਪਣੇ ਦਿਮਾਗ ਵਿਚੋਂ ਕੱਢ ਸਕਦਾ ਹੈ। ਕਿਸੇ ਵੀ ਸੁਆਲ ਪੁੱਛਣ ਪਿਛੋਂ ਬੱਚੇ ਨੂੰ ਉੱਤਰ ਸੋਚਣ ਦਾ ਮੌਕਾ ਦੇਣਾ ਚਾਹੀਦਾ ਹੈ। ਬੱਚੇ ਦਾ ਦਿਮਾਗ ਮਸ਼ੀਨ ਨਹੀਂ ਕਿ ਜਿਵੇਂ ਹੀ ਸੁਆਲ ਪੁਛਿਆ ਜਾਵੇ ਤਿਵੇਂ ਹੀ ਘੜਿਆ ਘੜਾਇਆ ਉਤਰ ਨਿਕਲ ਆਵੇ। ਜਦ ਇਕ ਬੱਚਾ ਕਿਸੇ ਪ੍ਰਸ਼ਨ ਦਾ ਉਤਰ ਦੇਣ ਵਿਚ ਅਸਮਰੱਥ ਹੋਵੇ ਤਾਂ ਹੀ ਉਸ ਪ੍ਰਸ਼ਨ ਦਾ ਉਤਰ ਦੂਜੇ ਬੱਚੇ ਕੋਲੋਂ ਪੁਛਣਾ ਚਾਹੀਦਾ ਹੈ। ਬਚਿਆਂ ਤੋਂ ਇਸ ਤਰ੍ਹਾਂ ਦੇ ਪ੍ਰਸ਼ਨ ਨਹੀਂ ਪੁਛਣੇ ਚਾਹੀਦੇ ਜਿਨ੍ਹਾਂ ਦੇ ਉਤਰ ਬਿਲਕੁਲ ਸਪਸ਼ਟ ਹੋਣ ਅਤੇ ਜਿਨ੍ਹਾਂ ਨੂੰ ਸੋਚਣ ਲਈ ਉਨ੍ਹਾਂ ਨੂੰ ਕੋਈ ਮਿਹਨਤ ਨਾ ਕਰਨੀ ਪਵੇ।

**ਅਨੁਮਾਨ ਦਾ ਅਭਾਵ** :—ਚੰਗੇ ਪ੍ਰਸ਼ਨਾਂ ਵਿਚ ਉਤਰ ਦਾ ਅੰਦਾਜ਼ਾ ਲਾਉਣ ਲਈ ਕੋਈ ਥਾਂ ਨਹੀਂ ਹੁੰਦੀ। ਜਿਨ੍ਹਾਂ ਪ੍ਰਸ਼ਨਾਂ ਦਾ ਉਤਰ 'ਹਾਂ' ਜਾਂ 'ਨਹੀਂ' ਵਿਚ ਹੁੰਦਾ ਹੈ, ਇਸ ਲਈ ਇਸ ਤਰ੍ਹਾਂ ਦੇ ਪ੍ਰਸ਼ਨ ਬਿਅਰਥ ਹਨ। ਮੰਨ ਲੋ, ਇਕ ਉਸਤਾਦ ਜਮਾਤ ਵਿਚ ਸੁਆਲ ਕਰਦਾ ਹੈ—ਕੀ ਪੱਛਮੀ ਘਾਟ ਉਤੇ ਬਹੁਤ ਮੀਂਹ ਪੈਂਦਾ ਹੈ, ਜਾਂ ਕੀ ਰਾਜਪੂਤਾਨੇ ਵਿਚ ਬਹੁਤ ਬਾਰਸ਼ ਹੁੰਦੀ ਹੈ? ਇਸ ਤਰ੍ਹਾਂ ਦੇ ਪ੍ਰਸ਼ਨਾਂ ਵਿਚ ਉਤਰ 'ਹਾਂ' ਜਾਂ 'ਨਹੀਂ' ਦੇ ਰੂਪ ਵਿਚ ਆਉਂਦਾ ਹੈ। ਅਜਿਹੀ ਹਾਲਤ ਵਿਚ ਕੁਝ ਬੱਚੇ ਬਗੈਰ ਸੋਚੇ ਪ੍ਰਸ਼ਨ ਦਾ ਉਤਰ 'ਹਾਂ' ਵਿਚ ਅਤੇ ਕੁਝ 'ਨਹੀਂ' ਵਿਚ ਦੇਣਗੇ। ਵੇਖਿਆ ਜਾਂਦਾ ਹੈ ਕਿ ਜਦ ਕੁਝ ਬਚਿਆਂ ਦਾ 'ਹਾਂ' ਦਾ ਉਤਰ ਉਸਤਾਦ ਪਰਵਾਨ ਨਹੀਂ ਕਰਦਾ ਤਾਂ ਦੂਜੇ ਬੱਚੇ 'ਨਹੀਂ' ਉਤਰ ਦੇ ਦਿੰਦੇ ਹਨ। ਬਚਿਆਂ ਦੇ ਦਿਮਾਗ ਉਤੇ ਜ਼ੋਰ ਪਾਉਣ ਲਈ ਪ੍ਰਸ਼ਨ ਹੇਠ ਲਿਖੀ ਬਧੀ ਵਿਚ ਪੁੱਛੇ ਜਾਣੇ ਚਾਹੀਦੇ ਹਨ।

ੳ—ਪਛਮੀ ਘਾਟ ਉਤੇ ਬਰਖਾ ਕਿਹੋ ਜਹੀ ਹੁੰਦੀ ਹੈ?

ਅ—ਰਾਜਪੂਤਾਨੇ ਵਿਚ ਬਰਖਾ ਕਿਹੋ ਜਹੀ ਹੁੰਦੀ ਹੈ?

ਕਦੇ ਕਦੇ ਉਸਤਾਦ ਨੂੰ ਅਜਿਹੇ ਪ੍ਰਸ਼ਨ ਪੁੱਛਣੇ ਹੀ ਪੈਂਦੇ ਹਨ ਜਿਨ੍ਹਾਂ ਦਾ ਉਤਰ 'ਹਾਂ' ਜਾਂ 'ਨਹੀਂ' ਵਿਚ ਆਉਂਦਾ ਹੈ। ਜਦ ਕਦੀ ਉਸਤਾਦ ਅਜਿਹੇ ਪ੍ਰਸ਼ਨ ਨੂੰ ਪੁਛਣਾ ਹੀ

ਪਵੇ ਤਾਂ ਉਸਤਾਦ ਨੂੰ ਚਾਹੀਦਾ ਹੈ ਕਿ ਇਕ ਹੋਰ ਪ੍ਰਸ਼ਨ ਪੁਛ ਕੇ ਬੱਚੇ ਤੋਂ ਉਸ ਦੇ ਵਿਸ਼ੇਸ਼ 'ਹਾਂ' ਜਾਂ 'ਨਹੀਂ' ਦੇ ਉਤਰ ਦਾ ਕਾਰਨ ਪੁੱਛੇ। ਮੰਨ ਲੌ, ਇਕ ਉਸਤਾਦ ਇਤਿਹਾਸ ਪੜ੍ਹਾਉਣ ਵੇਲੇ ਬਚਿਆਂ ਤੋਂ ਪ੍ਰਸ਼ਨ ਪੁਛਦਾ ਹੈ—"ਕੀ ਅਕਬਰ ਦਾ ਰਾਜਪੂਤ ਲੜਕੀਆਂ ਨਾਲ ਸ਼ਾਦੀ ਕਰਨਾ ਠੀਕ ਸੀ ?" ਇਸ ਪ੍ਰਸ਼ਨ ਦੇ ਉੱਤਰ ਵਿਚ ਕੁਝ ਲੜਕੇ 'ਹਾਂ' ਕਹਿਣਗੇ ਅਤੇ ਕੁਝ 'ਨਹੀਂ' ਕਹਿਣਗੇ। ਜਿਹੜੇ ਮੁੰਡੇ ਉਤਰ ਵਿਚ 'ਹਾਂ' ਕਹਿਣ ਉਨ੍ਹਾਂ ਤੋਂ ਅਗੋਂ ਇਹ ਸੁਆਲ ਪੁਛਣਾ ਚਾਹੀਦਾ ਹੈ—"ਅਕਬਰ ਦੀ ਇਸ ਨੀਤੀ ਨੂੰ ਤੁਸੀਂ ਠੀਕ ਕਿਉਂ ਸਮਝਦੇ ਹੋ ?" ਇਸੇ ਤਰ੍ਹਾਂ 'ਨਹੀਂ' ਦਾ ਉਤਰ ਦੇਣ ਵਾਲਿਆਂ ਤੋਂ ਪੁਛਣਾ ਚਾਹੀਦਾ ਹੈ— 'ਤੁਸੀਂ ਅਕਬਰ ਦੀ ਨੀਤੀ ਨੂੰ ਗਲਤ ਕਿਉਂ ਸਮਝਦੇ ਹੋ ?"

ਜਿਸ ਤਰ੍ਹਾਂ 'ਹਾਂ' ਅਤੇ 'ਨਹੀਂ' ਵਿਚ ਉਤਰ ਆਉਣ ਵਾਲੇ ਪ੍ਰਸ਼ਨਾਂ ਦਾ ਪੁਛਣਾ ਠੀਕ ਨਹੀਂ ਉਸੇ ਤਰ੍ਹਾਂ ਇਕ ਹੀ ਸ਼ਬਦ ਵਿਚ ਉਤਰ ਆਉਣ ਵਾਲੇ ਪ੍ਰਸ਼ਨਾਂ ਦਾ ਪੁਛਣਾ ਠੀਕ ਨਹੀਂ। ਭੂਗੋਲ ਪੜ੍ਹਾਉਣ ਵੇਲੇ ਇਹ ਪ੍ਰਸ਼ਨ ਪੁਛਣਾ ਕਿ "ਇਟਲੀ ਵਿਚ ਕਾਰਖਾਨੇ ਵਧੇਰੇ ਹਨ ਕਿ ਖੇਤੀ ਬਾੜੀ ਦਾ ਕੰਮ ਵਧੇਰੇ ਹੈ ? ਬੰਗਾਲ ਦੀ ਜਲਵਾਯੂ ਗਰਮ ਹੈ ਕਿ ਠੰਡੀ ?" ਅਜਿਹੇ ਪ੍ਰਸ਼ਨਾਂ ਦਾ ਉਤਰ ਸੋਚਣ ਲਈ ਬਚਿਆਂ ਦੇ ਦਿਮਾਗ ਤੇ ਕੋਈ ਜ਼ੋਰ ਨਹੀਂ ਪੈਂਦਾ, ਇਸ ਲਈ ਇਨ੍ਹਾਂ ਨੂੰ ਨਹੀਂ ਪੁਛਣਾ ਚਾਹੀਦਾ। ਪ੍ਰਸ਼ਨ ਨੂੰ ਕਦੇ ਵੀ ਇਸ ਤਰ੍ਹਾਂ ਨਹੀਂ ਪੁਛਣਾ ਚਾਹੀਦਾ ਜਿਸ ਨਾਲ ਵਿਦਿਆਰਥੀਆਂ ਨੂੰ ਉਸ ਦੇ ਉਤਰ ਦਾ ਇਸ਼ਾਰਾ ਮਿਲ ਜਾਵੇ। "ਰਾਜਪੂਤਾਨੇ ਦਾ ਜਲਵਾਯੂ ਗਰਮ ਹੈ ਨਾ ?" ਇਸ ਤਰ੍ਹਾਂ ਦੇ ਪ੍ਰਸ਼ਨ ਵਿਚ ਉਤਰ ਦਾ ਇਸ਼ਾਰਾ ਮਿਲ ਜਾਂਦਾ ਹੈ। ਅਜਿਹੇ ਪ੍ਰਸ਼ਨ ਪੁਛਣਾ ਠੀਕ ਨਹੀਂ। ਇਨ੍ਹਾਂ ਤੋਂ ਵੀ ਬੁਰੇ ਉਹ ਪ੍ਰਸ਼ਨ ਹਨ ਜਿਹੜੇ ਬੱਚੇ ਨੂੰ ਠੀਕ ਉੱਤਰ ਦੇਣ ਦੀ ਥਾਂ ਗਲਤ ਉਤਰ ਦੇਣ ਦਾ ਇਸ਼ਾਰਾ ਕਰਦੇ ਹਨ, ਜਿਹਾ ਕਿ—"ਪੰਜਾਬ ਵਿਚ ਹਰ ਸਮੇਂ ਠੰਡ ਪੈਂਦੀ ਹੈ ਨਾ ?" ਇਸ ਤਰ੍ਹਾਂ ਦੇ ਪ੍ਰਸ਼ਨਾਂ ਨਾਲ ਬਚਿਆਂ ਦਾ ਵਿਚਾਰ ਬੇ-ਤਰਤੀਬਾ ਹੋ ਜਾਂਦਾ ਹੈ, ਉਨ੍ਹਾਂ ਦੇ ਮਨ ਵਿਚ ਗਲਤ ਸੰਸਕਾਰ ਵੀ ਵੜ ਜਾਂਦੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਅੱਗੇ ਜਾ ਕੇ ਅਨੇਕ ਤਰ੍ਹਾਂ ਦੇ ਵਿਸ਼ਿਆਂ ਦੇ ਸੋਚਣ ਵਿਚ ਔਕੜਾਂ ਹੁੰਦੀਆਂ ਹਨ।

**ਪ੍ਰਸ਼ਨਾਂ ਦੀ ਸਪਸ਼ਟਤਾ** :—ਚੰਗੇ ਪ੍ਰਸ਼ਨ ਹੇਰ ਫੇਰ ਪਾ ਕੇ ਨਹੀਂ ਆਖੇ ਜਾਂਦੇ, ਸਗੋਂ ਥੋੜੇ ਸ਼ਬਦਾਂ ਵਿਚ ਅਤੇ ਸਮਝ ਆਉਣ ਵਾਲੀ ਬੋਲੀ ਵਿਚ ਆਖੇ ਜਾਂਦੇ ਹਨ। ਜਿਥੋਂ ਤਕ ਹੋ ਸਕੇ ਪ੍ਰਸ਼ਨ ਦੀ ਬੋਲੀ ਦਾ ਵਾਕ ਮਿਸਰਤ-ਵਾਕ ਨਾ ਹੋਵੇ। ਮਿਸਰਤ-ਵਾਕ ਦੀ ਥਾਂ ਸਧਾਰਨ-ਵਾਕ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਦੇ ਲਈ ਇਕ ਲੰਬੇ ਪ੍ਰਸ਼ਨ ਨੂੰ ਤੋੜ ਕੇ ਕਈ ਹਿੱਸੇ ਕਰ ਲੈਣੇ ਚਾਹੀਦੇ ਹਨ। ਜੇ ਕੋਈ ਮਿਸਰਤ-ਵਾਕ ਵਾਲਾ ਹੀ ਪ੍ਰਸ਼ਨ ਪੁਛਣਾ ਪਵੇ ਤਾਂ ਉਸ ਦਾ ਪ੍ਰਸ਼ਨ-ਵਾਚਕ ਹਿੱਸਾ ਅੰਤ ਵਿਚ ਰਖਣਾ ਚਾਹੀਦਾ ਹੈ। ਉਦਾਹਰਨ ਵਜੋਂ— 'ਕ੍ਰਿਸ਼ਨ ਭਗਵਾਨ ਨੇ ਸੁਦਾਮਾਂ ਦਾ ਸਤਕਾਰ ਕਿਸ ਤਰ੍ਹਾਂ ਕੀਤਾ, ਜਦ ਸੁਦਾਮਾਂ ਉਨ੍ਹਾਂ ਕੋਲ ਗਿਆ ?" ਇਸ ਪ੍ਰਸ਼ਨ ਦੀ ਬੋਲੀ ਠੀਕ ਨਹੀਂ। ਪ੍ਰਸ਼ਨ ਨੂੰ ਸਿੱਧਾ ਤੇ ਸਪਸ਼ਟ ਬਨਾਉਣ ਲਈ ਉਸ ਨੂੰ ਹੇਠ ਲਿਖੇ ਰੂਪ ਵਿਚ ਰਖਣਾ ਚਾਹੀਦਾ ਹੈ—"ਜਦ ਸੁਦਾਮਾ ਕ੍ਰਿਸ਼ਨ ਭਗਵਾਨ ਕੋਲ ਗਿਆ ਤਾਂ ਉਨ੍ਹਾਂ ਨੇ ਸੁਦਾਮਾ ਦਾ ਸਤਕਾਰ ਕਿਸ ਤਰ੍ਹਾਂ ਕੀਤਾ ਹੈ ?"

ਪ੍ਰਸ਼ਨਾਂ ਨੂੰ ਪੁੱਛਣ ਵੇਲੇ ਪ੍ਰਸ਼ਨ-ਵਾਚਕ ਅਤੇ ਉਸ ਦੇ ਨਾਲ ਸਬੰਧੀ ਸ਼ਬਦਾਂ ਉਤੇ ਜ਼ੋਰ ਦੇਣਾ ਜ਼ਰੂਰੀ ਹੈ। ਇਸ ਨਾਲ ਬੱਚਿਆਂ ਦਾ ਧਿਆਨ ਪ੍ਰਸ਼ਨ ਦੇ ਪਰਮੁਖ ਵਾਕ ਉਤੇ ਕੇਂਦ੍ਰਿਤ ਹੋ ਜਾਂਦਾ ਹੈ।

ਪ੍ਰਸ਼ਨ ਅਧੂਰੇ ਵਾਕ ਵਿਚ ਨਹੀਂ ਪੁਛਣਾ ਚਾਹੀਦਾ। ਉਦਾਹਰਨ ਵਜੋਂ–"ਅਕਬਰ ਦਾ ਲੜਕਾ ਸੀ–?" "ਬੰਗਾਲ ਦਾ ਜਲਵਾਯੂ ਹੈ–"

ਕਦੇ ਕਦੇ ਉਸਤਾਦ ਅਜਿਹੇ ਪ੍ਰਸ਼ਨ ਪੁਛਦੇ ਹਨ ਕਿ ਬਚਿਆਂ ਨੂੰ ਪਤਾ ਹੀ ਨਹੀਂ ਚਲਦਾ ਕਿ ਉਸਤਾਦ ਦਾ ਸੁਆਲ ਕੀ ਹੈ ਅਤੇ ਉਹ ਕੀ ਉਤਰ ਚਾਹੁੰਦਾ ਹੈ । ਅਜਿਹੇ ਪ੍ਰਸ਼ਨ ਉਸਤਾਦ ਨੂੰ ਕਦੇ ਵੀ ਨਹੀਂ ਪੁਛਣੇ ਚਾਹੀਦੇ।

**ਉਤਰ ਦਾ ਨਿਸਚਿਤ ਹੋਣਾ** :–ਬੱਚਿਆਂ ਕੋਲੋਂ ਸਦਾ ਅਜਿਹੇ ਪ੍ਰਸ਼ਨ ਹੀ ਪੁਛੇ ਜਾਣੇ ਚਾਹੀਦੇ ਹਨ ਜਿਨ੍ਹਾਂ ਦੇ ਉਤਰ ਨਿਸਚਿਤ ਹੋਣ ਅਰਥਾਤ ਇਕ ਹੀ ਪ੍ਰਸ਼ਨ ਦੇ ਦੋ ਤਿੰਨ ਉਤਰ ਦੇਣਾ ਸੰਭਵ ਨਾ ਹੋਵੇ। ਮੰਨ ਲੋ, ਕੋਈ ਉਸਤਾਦ ਆਪਣੇ ਹੱਥ ਵਿਚ ਚੁਆਨੀ ਰਖ ਕੇ ਪੁਛਦਾ 'ਦੱਸੋ ਮੇਰੇ ਹੱਥ ਵਿਚ ਕੀ ਹੈ?" ਅਜਿਹਾ ਪ੍ਰਸ਼ਨ ਬਿਅਰਥ ਹੈ । ਇਸੇ ਤਰ੍ਹਾਂ, "ਬਨਾਰਸ ਵਿਚ ਕਿੰਨੇ ਤਰ੍ਹਾਂ ਦੇ ਲੋਕ ਰਹਿੰਦੇ ਹਨ?" ਅਜਿਹੇ ਪ੍ਰਸ਼ਨ ਅਸਪਸ਼ਟ ਹਨ ਅਤੇ ਇਨ੍ਹਾਂ ਦੇ ਕਈ ਉਤਰ ਹੋ ਸਕਦੇ ਹਨ। ਜਦ ਕੋਈ ਉਸਤਾਦ ਇਹ ਵੇਖੇ ਕਿ ਕਿਸੇ ਪ੍ਰਸ਼ਨ ਦੇ ਠੀਕ ਉਤਰ ਦੋ ਹੋ ਸਕਦੇ ਹਨ ਤਾਂ ਉਸ ਨੂੰ ਅਜਿਹੇ ਪ੍ਰਸ਼ਨ ਨਹੀਂ ਪੁਛਣੇ ਚਾਹੀਦੇ। ਉਦਾਹਰਨ ਵਜੋਂ––"ਜਿਥੇ ਮੀਂਹ ਘਟ ਪੈਂਦਾ ਹੈ ਉਥੋਂ ਦੀ ਫਸਲ ਕਿਹੋ ਜਹੀ ਹੁੰਦੀ ਹੈ?" ਇਹ ਪ੍ਰਸ਼ਨ ਉਚਿਤ ਨਹੀਂ।

**ਪ੍ਰਸ਼ਨਾਂ ਦੀ ਬਹੁਲਤਾ** :–ਸੁਚੱਜੀ ਸਿਖਾਈ ਲਈ ਪ੍ਰਸ਼ਨਾਂ ਦਾ ਪੁੱਛਿਆ ਜਾਣਾ ਬੜਾ ਜ਼ਰੂਰੀ ਹੈ ਪਰ ਕਿਸੇ ਪਾਠ ਵਿਚ ਬਹੁਤੇ ਹੀ ਪ੍ਰਸ਼ਨਾਂ ਦਾ ਹੋਣਾ ਪਾਠ ਦਾ ਔਗੁਣ ਮੰਨਿਆਂ ਜਾਂਦਾ ਹੈ। ਜਦ ਕਿਸੇ ਪਾਠ ਵਿਚ ਪ੍ਰਸ਼ਨਾਂ ਦੀ ਝੜੀ ਲੱਗ ਜਾਂਦੀ ਹੈ ਤਾਂ ਬੱਚਿਆਂ ਨੂੰ ਆਪਣੇ ਦਿਮਾਗ਼ ਤੇ ਜ਼ੋਰ ਦੇਣ ਲਈ ਵਿਹਲ ਹੀ ਨਹੀਂ ਮਿਲਦੀ। ਪ੍ਰਸ਼ਨਾਂ ਦੀ ਝੜੀ ਤਾਂ ਹੀ ਲਗਦੀ ਹੈ ਜਦ ਪ੍ਰਸ਼ਨਾਂ ਦੇ ਉਤਰ ਸੋਚਣ ਲਈ ਕੋਈ ਮਾਨਸਿਕ ਮਿਹਨਤ ਹੀ ਨਹੀਂ ਕਰਨੀ ਪੈਂਦੀ। ਜੇ ਹਰ ਪ੍ਰਸ਼ਨ ਦਾ ਉਤਰ ਬੱਚੇ ਸੋਚ ਸੋਚ ਕੇ ਦਿੰਦੇ ਹਨ ਤਾਂ, ਕੁਦਰਤੀ ਹੈ, ਪ੍ਰਸ਼ਨਾਂ ਦੀ ਗਿਣਤੀ ਘਟ ਹੋ ਜਾਵੇਗੀ। ਫਿਰ ਸਾਨੂੰ ਇਹ ਵੀ ਵੇਖਣਾ ਹੈ ਕਿ ਜਮਾਤ ਦੇ ਹਰ ਬੱਚੇ ਨੂੰ ਯਤਨ ਕਰਨ ਅਤੇ ਸ੍ਵੈ-ਪਰਗਟਾਵੇ ਦਾ ਮੌਕਾ ਮਿਲੇ । ਇਸ ਦੇ ਲਈ ਇਹ ਜ਼ਰੂਰੀ ਹੈ ਕਿ ਜਮਾਤ ਦੇ ਤਿੱਖੇ ਮੁੰਡਿਆਂ ਕੋਲੋਂ ਹੀ ਸੁਆਲ ਪੁਛਣ ਦੀ ਥਾਂ ਜਮਾਤ ਵਿਚ ਪਿੱਛੇ ਰਹੇ ਮੁੰਡਿਆਂ ਨੂੰ ਵੀ ਉਤਰ ਦੇਣ ਦਾ ਸਮਾਂ ਦਿੱਤਾ ਜਾਵੇ। ਉਸਤਾਦ ਨੂੰ ਆਪਣੇ ਪ੍ਰਸ਼ਨਾਂ ਨੂੰ ਜਮਾਤ ਵਿਚ ਇਸ ਤਰ੍ਹਾਂ ਵੰਡਣਾ ਚਾਹੀਦਾ ਹੈ ਕਿ ਔਖੇ ਪ੍ਰਸ਼ਨਾਂ ਦਾ ਉਤਰ ਦੇਣ ਦਾ ਭਾਰ ਜਮਾਤ ਦੇ ਤਿੱਖੇ ਮੁੰਡਿਆਂ ਉਤੇ ਪਵੇ ਅਤੇ ਸੌਖੇ ਪ੍ਰਸ਼ਨਾਂ ਦਾ ਉਤਰ ਦੇਣ ਦਾ ਭਾਰ ਜਮਾਤ ਦੇ ਢਿੱਲੇ ਮੁੰਡਿਆਂ ਅਥਵਾ ਸਧਾਰਨ ਮੁੰਡਿਆਂ ਉਤੇ। ਕਦੇ ਕਦੇ ਉਸਤਾਦ ਨੂੰ ਔਖੇ ਪ੍ਰਸ਼ਨਾਂ ਨੂੰ ਪਹਿਲੋਂ ਪਹਿਲ ਸਧਾਰਨ ਮੁੰਡਿਆਂ ਕੋਲੋਂ ਪੁੱਛਣਾ ਚਾਹੀਦਾ ਹੈ, ਪਿਛੋਂ ਜਦ ਉਹ ਪ੍ਰਸ਼ਨ ਦਾ ਠੀਕ ਉਤਰ ਨਾ ਦੇ ਸਕਣ ਤਾਂ ਜਮਾਤ ਦੇ ਤੇਜ਼ ਮੁੰਡਿਆਂ ਕੋਲੋਂ ਉਨ੍ਹਾਂ ਹੀ ਪ੍ਰਸ਼ਨਾਂ ਨੂੰ ਪੁਛਣਾ ਚਾਹੀਦਾ ਹੈ।

**ਪਰਸੰਨ ਚਿਹਰਾ** :–ਕਿਸੇ ਬੱਚੇ ਤੋਂ ਪ੍ਰਸ਼ਨ ਦਾ ਉਤਰ ਲੈਣਾ, ਇਹ ਉਸਤਾਦ ਦੇ ਪ੍ਰਸ਼ਨ ਪੁਛਣ ਦੇ ਲਹਿਜੇ ਉਤੇ ਬੜਾ ਕੁਝ ਨਿਰਭਰ ਰਖਦਾ ਹੈ। ਬਹੁਤੇ ਉਸਤਾਦ ਬਚਿਆਂ ਤੋਂ ਪ੍ਰਸ਼ਨ ਇਸ ਤਰ੍ਹਾਂ ਪੁਛਦੇ ਹਨ ਕਿ ਬੱਚਾ ਪ੍ਰਸ਼ਨ ਨੂੰ ਸੁਣਦਿਆਂ ਹੀ ਘਬਰਾ ਜਾਂਦਾ ਹੈ ਅਤੇ ਪ੍ਰਸ਼ਨ ਦਾ ਉਤਰ ਦੇਣ ਦੀ ਹਿੰਮਤ ਹੀ ਨਹੀਂ ਕਰਦਾ। ਕਦੇ ਕਦੇ ਉਤਰ ਦੇਣ ਵੇਲੇ

ਉਸਤਾਦ ਬਚਿਆਂ ਨੂੰ ਇਕ ਦੱਮ ਟੋਕ ਦਿੰਦੇ ਹਨ । ਇਸ ਨਾਲ ਉਨ੍ਹਾਂ ਦੇ ਵਿਚਾਰ ਬੇ-ਤਰਤੀਬੇ ਹੋ ਜਾਂਦੇ ਹਨ । ਜੋ ਕੁਝ ਉਨ੍ਹਾਂ ਨੂੰ ਆਉਂਦਾ ਹੁੰਦਾ ਹੈ ਉਹ ਵੀ ਭੁਲ ਜਾਂਦਾ ਹੈ । ਉਸਤਾਦ ਦਾ ਲਹਿਜਾ ਜਦ ਬਚਿਆਂ ਦੇ ਹਿਰਦੇ ਵਿਚ ਉਤਸ਼ਾਹ ਵਧਾਉਂਦਾ ਹੈ ਤਾਂ ਹਰ ਬੱਚਾ ਪ੍ਰਸ਼ਨ ਦਾ ਉਤਰ ਦੇਣ ਲਈ ਬਿਹਬਲ ਰਹਿੰਦਾ ਹੈ। ਬਚਿਆਂ ਨੂੰ ਆਪਣੇ ਉਤਰ ਬਾਰੇ ਠੀਕ ਜਾਂ ਗਲਤ ਹੋਣ ਦਾ ਯਕੀਨ ਨਹੀਂ ਹੁੰਦਾ । ਇਸ ਕਾਰਨ ਜਦ ਉਸਤਾਦ ਦੇ ਚਿਹਰੇ ਦਾ ਰੰਗ ਢੰਗ ਢੁਕਵਾਂ ਨਹੀਂ ਹੁੰਦਾ ਤਾਂ ਬਹੁਤੇ ਬੱਚੇ ਠੀਕ ਉਤਰ ਜਾਣਦਿਆਂ ਵੀ ਉਸਤਾਦ ਅੱਗੇ ਉਸ ਉਤਰ ਨੂੰ ਦਸਣ ਦਾ ਹੌਂਸਲਾ ਨਹੀਂ ਕਰਦੇ। ਗਲਤ ਉਤਰ ਦੇਣ ਨਾਲ ਆਪਣੇ ਸਾਥੀ ਬਚਿਆਂ ਸਾਹਮਣੇ ਸ੍ਵੈ-ਮਾਨ ਨੂੰ ਸੱਟ ਵਜਦੀ ਹੈ। ਦੂਜੇ, ਬੱਚੇ ਉਨ੍ਹਾਂ ਨੂੰ ਵਾਧੂ ਸਮਝਣ ਲਗ ਜਾਂਦੇ ਹਨ । ਉਤਰ ਨਾ ਦੇਣ ਉਤੇ ਅਜਿਹਾ ਨਹੀਂ ਹੁੰਦਾ। ਇਸ ਲਈ ਬਹੁਤ ਸਾਰੇ ਬੱਚੇ ਪ੍ਰਸ਼ਨ ਦੇ ਉਤਰ ਦੇਣ ਦੇ ਪੁਆੜੇ ਤੋਂ ਬਚਣ ਦਾ ਯਤਨ ਕਰਦੇ ਹਨ । ਜਿਨ੍ਹਾਂ ਬਚਿਆਂ ਦੇ ਮਨ ਵਿਚ ਸ੍ਵੈ-ਗਿਲਾਨੀ ਦੀ ਭਾਵਨਾ ਹੁੰਦੀ ਹੈ ਉਹ ਤਾਂ ਪ੍ਰਸ਼ਨਾਂ ਦਾਂ ਉਤਰ ਦੇਣ ਤੋਂ ਹੋਰ ਵੀ ਆਪਣੀ ਜਾਨ ਖਲਾਸੀ ਕਰਵਾਉਂਦੇ ਹਨ । ਅਜਿਹੇ ਬਚਿਆਂ ਦੀ ਮਾਨਸਿਕ ਹਾਲਤ ਨੂੰ ਸਮਝ ਕੇ ਉਨ੍ਹਾਂ ਨੂੰ ਉਤਸ਼ਾਹ ਦਿੰਦਿਆਂ ਪ੍ਰਸ਼ਨ ਦਾ ਉਤਰ ਦੇਣ ਲਈ ਕਹਿਣਾ ਚਾਹੀਦਾ ਹੈ । ਕਦੇ ਕਦੇ ਉਸਤਾਦ ਉਪਰੋਂ ਘਟੀਆ ਬੁਧੀ ਦੇ ਦਿਸਣ ਵਾਲੇ ਬਚਿਆਂ ਵਿਚ ਅਸਾਧਾਰਨ ਪ੍ਰਤਿਭਾ ਵੇਖਣਗੇ ।

## ਵਿਆਖਿਆ

ਸਾਡੇ ਵਰਤਮਾਨ ਸਕੂਲਾਂ ਵਿਚ ਬੱਚੇ ਜਮਾਤ ਵਿਚ ਬੈਠਕੇ ਪੜ੍ਹਦੇ ਹਨ । ਕਈ ਬੱਚੇ ਇਕ ਜਮਾਤ ਵਿਚ ਇਕੱਠੇ ਇਕ ਵਿਸ਼ੇ ਨੂੰ ਪੜ੍ਹਦੇ ਹਨ । ਇਸ ਤਰ੍ਹਾਂ ਦੀ ਪੜ੍ਹਾਈ ਵਿਚ ਉਸਤਾਦ ਦੀ ਵਿਆਖਿਆ ਦੀ ਭਾਰੀ ਮਹੱਤਾ ਹੁੰਦੀ ਹੈ । ਜਿਸ ਉਸਤਾਦ ਨੂੰ ਵਿਆਖਿਆ ਕਰਨ ਦੀ ਯੋਗਤਾ ਨਹੀਂ ਉਸ ਦਾ ਉਸਤਾਦ ਬਨਣਾ ਹੀ ਔਖਾ ਹੈ । ਉਸਤਾਦ ਨੂੰ ਨਾ ਨਿਰਾ ਬਚਿਆਂ ਨਾਲ ਪ੍ਰਸ਼ਨ-ਉਤਰ ਹੀ ਕਰਨਾ ਪੈਂਦਾ ਹੈ ਸਗੋਂ ਉਸਨੂੰ ਆਪ ਬਚਿਆਂ ਨੂੰ ਕਈ ਗਲਾਂ ਕਹਿਣੀਆਂ ਪੈਂਦੀਆਂ ਹਨ । ਇਸ ਲਈ ਸੁਚੱਜੀ ਵਿਆਖਿਆ ਦੀ ਵਿਧੀ ਨੂੰ ਜਾਨਣਾ ਉਸਤਾਦ ਲਈ ਬੜਾ ਜ਼ਰੂਰੀ ਹੈ। ਪ੍ਰਸ਼ਨ-ਉਤਰ ਰਾਹੀਂ ਬਾਲਕਾਂ ਦੇ ਵਿਚਾਰ ਤਰਤੀਬ ਸਿਰ ਅਤੇ ਸੰਗਠਿਤ ਨਹੀਂ ਹੁੰਦੇ । ਵਿਚਾਰਾਂ ਨੂੰ ਇਕ ਲੜੀ ਵਿਚ ਗੁੰਦਨ ਲਈ ਵਿਆਖਿਆ ਦੀ ਲੋੜ ਬੜੀ ਹੈ। ਉਸਤਾਦ ਵਿਚ ਜਿਸ ਤਰ੍ਹਾਂ ਪ੍ਰਸ਼ਨ-ਉਤਰ ਕਰਨ ਦੀ ਯੋਗਤਾ ਅਭਿਆਸ ਨਾਲ ਆਉਂਦੀ ਹੈ ਇਸੇ ਤਰ੍ਹਾਂ ਵਿਆਖਿਆ ਕਰਨ ਦੀ ਯੋਗਤਾ ਵੀ ਅਭਿਆਸ ਨਾਲ ਆਉਂਦੀ ਹੈ ।

ਹਰ ਉਸਤਾਦ ਨੂੰ ਸਦਾ ਇਹ ਵੇਖਣਾ ਚਾਹੀਦਾ ਹੈ ਕਿ ਕਿਥੇ ਪ੍ਰਸ਼ਨ ਕਰਨਾ ਉਚਿਤ ਹੈ ਅਤੇ ਕਿਥੇ ਆਪ ਵਿਆਖਿਆ ਕਰਨਾ । ਕਿਨੇ ਹੀ ਉਸਤਾਦ ਪ੍ਰਸ਼ਨ ਕਰਨ ਦੀ ਥਾਂ ਵਿਆਖਿਆ ਕਰਨ ਲਗ ਜਾਂਦੇ ਹਨ ਅਤੇ ਵਿਆਖਿਆ ਕਰਨ ਦੀ ਥਾਂ ਪ੍ਰਸ਼ਨ ਕਰਨ ਲਗ ਜਾਂਦੇ ਹਨ । ਜੇ ਇਕ ਉਸਤਾਦ ਨੇ ਰੇਖਾਗਣਿਤ ਦਾ ਸਿਧਾਂਤ ਜਮਾਤ ਵਿਚ ਸਾਬਤ ਕਰਨਾ ਸਿਖਾਣਾ ਹੈ ਤਾਂ ਮੰਥਾ ਵਿਚ ਬਹੁਤਾ ਕਰਕੇ ਪ੍ਰਸ਼ਨ ਉਤਰ ਦੇ ਢੰਗ ਤੋਂ ਕੰਮ ਲੈਣਾ ਪਵੇਗਾ । ਪਰ ਜੇ ਕਿਸੇ ਉਸਤਾਦ ਨੇ ਭੂਗੋਲ ਅਤੇ ਇਤਿਹਾਸ ਦੀ ਸੰਥਾ ਦੇਣੀ ਹੈ ਤਾਂ ਉਸਨੂੰ ਵਿਆਖਿਆ ਤੋਂ ਵਧੇਰੇ ਕੰਮ ਲੈਣਾ ਪਵੇਗਾ । ਪ੍ਰਸ਼ਨ ਉਨ੍ਹਾਂ ਗਲਾਂ ਬਾਰੇ ਹੀ ਪੁੱਛੇ ਜਾ ਸਕਦੇ ਹਨ ਜਿਹੜੀਆਂ ਬਚਿਆਂ ਨੂੰ ਪਤਾ ਹਨ । ਜਿਨ੍ਹਾਂ ਗਲਾਂ ਦਾ ਗਿਆਨ ਬਚਿਆਂ ਨੂੰ ਨਹੀਂ ਹੈ ਅਤੇ ਜਿਨ੍ਹਾਂ ਨੂੰ ਉਨ੍ਹਾਂ ਜਮਾਤ ਵਿਚ ਹੀ ਸਿਖਣਾ ਹੈ ਉਨ੍ਹਾਂ ਬਾਰੇ ਪ੍ਰਸ਼ਨ ਪੁਛਣਾ ਬਿਅਰਥ ਹੈ ।

ਕਈ ਉਸਤਾਦ ਆਪਣੀ ਵਿਆਖਿਆ ਦੀ ਅਯੋਗਤਾ ਨੂੰ ਲੁਕਾਉਣ ਲਈ ਪ੍ਰਸ਼ਨ-ਉਤਰ ਕਰਨ ਲੱਗ ਜਾਂਦੇ ਹਨ। ਪਰ ਉਹ ਇਸ ਤਰ੍ਹਾਂ ਸੰਥਾ ਨੂੰ ਸਫ਼ਲ ਨਹੀਂ ਬਣਾਉਂਦੇ। ਉਹ ਉਸਤਾਦ ਹੀ ਵਿਆਖਿਆ ਨੂੰ ਜਮਾਤ ਵਿਚ ਸਫਲ ਬਣਾ ਸਕਦਾ ਹੈ ਜਿਸ ਨੂੰ ਆਪਣੇ ਵਿਸ਼ੇ ਦਾ ਪੂਰਾ ਗਿਆਨ ਹੈ ਅਤੇ ਸ੍ਵੈ-ਵਿਸ਼ਵਾਸ਼ ਹੈ। ਉਸਤਾਦ ਦੀ ਵਿਆਖਿਆ ਦਾ ਪਰਭਾਵ ਬਚਿਆਂ ਦੇ ਅਚੇਤ ਮਨ ਉਤੇ ਪੈਂਦਾ ਹੈ। ਇਸ ਨਾਲ ਬਚਿਆਂ ਵਿਚ ਆਪ ਵਿਆਖਿਆ ਕਰਨ ਦੀ ਯੋਗਤਾ ਆਉਂਦੀ ਹੈ।

ਜਮਾਤ ਵਿਚ ਪੜ੍ਹਾਉਣ ਵੇਲੇ ਹਰ ਉਸਤਾਦ ਨੂੰ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਦਾ ਪੜ੍ਹਾਉਣ ਦਾ ਕੰਮ, ਜਮਾਤ ਲਈ ਵਧੇਰੇ ਲਾਭਦਾਇਕ ਹੋ ਜਾਂਦਾ ਹੈ।

**ਅਵਾਜ਼ ਦੀ ਠੀਕ ਵਰਤੋਂ:**—ਕਲਾਸ ਦੇ ਖਿੰਡੇ ਧਿਆਨ ਨੂੰ ਇਕੱਠਾ ਕਰਨ ਲਈ ਸਭ ਤੋਂ ਵਧ ਪਰਭਾਵ ਸ਼ਾਲੀ ਸਾਧਨ ਉਸਤਾਦ ਦੀ ਅਵਾਜ਼ ਹੈ। ਜਿਹੜਾ ਉਸਤਾਦ ਇਸਦੀ ਵਰਤੋਂ ਠੀਕ ਤਰ੍ਹਾਂ ਕਰਨ ਜਾਣਦਾ ਹੈ ਉਹ ਆਪਣੇ ਪੜ੍ਹਾਉਣ ਦੇ ਕੰਮ ਨੂੰ ਬਚਿਆਂ ਲਈ ਵਧ ਤੋਂ ਵਧ ਲਾਭਦਾਇਕ ਬਣਾ ਸਕਦਾ ਹੈ। ਉਸਤਾਦ ਦੀ ਅਵਾਜ਼ ਸਪਸ਼ਟ ਅਤੇ ਸਭ ਨੂੰ ਸੁਣਾਈ ਦੇਣ ਵਾਲੀ ਹੋਣੀ ਚਾਹੀਦੀ ਹੈ। ਬੋਲਣ ਵੇਲੇ ਫੇਫੜਿਆਂ ਵਿਚ ਕਾਫੀ ਹਵਾ ਹੋਣੀ ਚਾਹੀਦੀ ਹੈ। ਕਲਾਸ ਪੜ੍ਹਾਉਣ ਵੇਲੇ ਉਸ਼ਤਾਦ ਨੂੰ ਇਹ ਧਿਆਨ ਵਿਚ ਰਖਣਾ ਜ਼ਰੂਰੀ ਹੈ ਕਿ ਉਹ ਬਚਿਆਂ ਨਾਲ ਗੱਲਾਂ ਕਰ ਰਿਹਾ ਹੈ ਇਸ ਲਈ ਉਨ੍ਹਾਂ ਨਾਲ ਇਸ ਤਰ੍ਹਾਂ ਬੋਲਿਆ ਜਾਵੇ ਕਿ ਉਹ ਸਾਡੇ ਕਹੇ ਨੂੰ ਚੰਗੀ ਤਰ੍ਹਾਂ ਸੁਣ ਲੈਣ। ਇਸ ਗਲ ਨੂੰ ਧਿਆਨ ਵਿਚ ਰੱਖਿਆਂ ਉਸਤਾਦ ਦੀ ਅਵਾਜ਼ ਆਪਣੇ ਆਪ ਸੁਧਰ ਜਾਂਦੀ ਹੈ।

ਜਦ ਉਸਤਾਦ ਨੂੰ ਲਗਾਤਾਰ ਬੋਲਣਾ ਪਵੇ ਤਾਂ ਉਸਨੂੰ ਇਕ ਤਰ੍ਹਾਂ ਹੀ ਨਹੀਂ ਬੋਲਦੇ ਰਹਿਣਾ ਚਾਹੀਦਾ ਕਦੇ ਉੱਚੀ ਅਵਾਜ਼ ਨਾਲ ਕਦੇ ਧੀਮੀ ਅਵਾਜ਼ ਨਾਲ ਬੋਲਣਾ ਚਾਹੀਦਾ ਹੈ। ਉਸ ਨੂੰ ਇਹ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਜਮਾਤ ਨੂੰ ਪੜ੍ਹਾਉਣਾ ਲੈਕਚਰਬਾਜ਼ੀ ਨਹੀਂ। ਜਮਾਤ ਵਿਚ ਚੀਕਣ ਦੀ ਲੋੜ ਨਹੀਂ; ਬਚਿਆਂ ਨਾਲ ਗਲਾਂ ਕਰਨ ਦੀ ਲੋੜ ਹੈ। ਬਚਿਆਂ ਦੇ ਚਿਹਰਿਆਂ ਨੂੰ ਸਦਾ ਵੇਖਦੇ ਰਹਿਣਾ ਚਾਹੀਦਾ ਹੈ। ਜਦ ਕੋਈ ਬੱਚਾ ਘਬਰਾਇਆ ਹੋਇਆ ਜਿਹਾ ਵਿਖਾਈ ਦੇਵੇ ਤਾਂ ਰੁਕਕੇ ਉਸਨੂੰ ਪੁਛਣਾ ਚਾਹੀਦਾ ਹੈ ਕਿ ਉਹ ਕੀ ਨਹੀਂ ਸਮਝਿਆ। ਉਸਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਚਾਹੀਦਾ ਹੈ। ਬੋਲਦਿਆਂ ਬੋਲਦਿਆਂ ਵਿਚ ਵਿਚ ਰੁਕ ਜਾਣਾ ਵੀ ਜ਼ਰੂਰੀ ਹੈ, ਤਾਂ ਜੁ ਬਚਿਆਂ ਨੂੰ ਦੱਸੀਆਂ ਗਲਾਂ ਉਨ੍ਹਾਂ ਦੇ ਮਨ ਵਿਚ ਬੈਠ ਜਾਣ। ਜਿਹੜੇ ਉਸਤਾਦ ਜਲਦੀ ਜਲਦੀ ਬੋਲਦੇ ਹਨ ਉਹ ਬਚਿਆਂ ਦੇ ਮਨ ਵਿਚ ਘਬਰਾਹਟ ਪੈਦਾ ਕਰ ਦਿੰਦੇ ਹਨ। ਬਚਿਆਂ ਨੂੰ ਉਸਤਾਦ ਦੇ ਵਿਚਾਰ ਗ੍ਰਹਿਣ ਕਰਨ ਵਿਚ ਸਮਾਂ ਲਗਦਾ ਹੈ। ਵਿਚਾਰ ਉਨ੍ਹਾਂ ਲਈ ਨਵੇਂ ਹੁੰਦੇ ਹਨ। ਇਸ ਲਈ ਜਦ ਤਕ ਬਚਿਆਂ ਦੇ ਮਨ ਵਿਚ ਨਵੀਆਂ ਗਲਾਂ ਬੈਠਣ ਲਈ ਸਮਾਂ ਨਾ ਦਿਤਾ ਜਾਵੇ ਉਨ੍ਹਾਂ ਨੂੰ ਦੱਸੀ ਗਲ ਬਿਅਰਥ ਚਲੀ ਜਾਂਦੀ ਹੈ।

ਪੜ੍ਹਾਉਣ ਵੇਲੇ ਉਸਤਾਦ ਦੀ ਨਜ਼ਰ ਪਿੱਛੇ ਬੈਠੇ ਬਚਿਆਂ ਵਲ ਖਾਸ ਤੌਰ ਤੇ ਹੋਣੀ ਚਾਹੀਦੀ ਹੈ। ਵੇਖਿਆ ਗਿਆ ਹੈ ਕਿ ਇਥੇ ਹੀ ਪਛੜੇ ਹੋਏ ਬੱਚੇ ਬੈਠੇ ਹੁੰਦੇ ਹਨ। ਇਸ ਲਈ ਜਿਹੜੀ ਗਲ ਉਨ੍ਹਾਂ ਦੀ ਸਮਝ ਵਿਚ ਆ ਗਈ ਉਹ ਕਲਾਸ ਦੇ ਸਾਰੇ ਬੱਚਿਆਂ ਦੀ ਸਮਝ

ਵਿਚ ਆ ਗਈ ਹੋਵੇਗੀ, ਇਹ ਅੰਦਾਜ਼ਾ ਲਾਉਣਾ ਆਮ ਕਰਕੇ ਗਲਤ ਸਾਬਤ ਨਹੀਂ ਹੁੰਦਾ। ਦੂਜੇ, ਇਸ ਨਾਲ ਉਸਤਾਦ ਦਾ ਕਲਾਸ ਤੇ ਕਾਬੂ ਵੀ ਠੀਕ ਤਰ੍ਹਾਂ ਰਹਿੰਦਾ ਹੈ। ਜਦ ਕਲਾਸ ਦੇ ਸਾਰੇ ਬੱਚੇ ਇਹ ਜਾਣ ਲੈਂਦੇ ਹਨ ਕਿ ਪਿੱਛੇ ਬੈਠੇ ਬੱਚੇ ਵੀ ਉਸਤਾਦ ਦੀਆਂ ਨਜ਼ਰਾਂ ਵਿਚ ਹਨ ਤਾਂ ਉਹ ਸਦਾ ਚਿੰਤਨ ਰਹਿੰਦੇ ਹਨ ਅਤੇ ਧਿਆਨ ਨਾਲ ਉਸਤਾਦ ਨੂੰ ਸੁਣਦੇ ਹਨ। ਉਸਤਾਦ ਨੂੰ ਇੱਨੀ ਉੱਚੀ ਅਵਾਜ਼ ਵਿਚ ਬੋਲਣਾ ਚਾਹੀਦਾ ਹੈ ਕਿ ਜਮਾਤ ਦਾ ਅਖੀਰਲਾ ਮੁੰਡਾ ਉਸਨੂੰ ਚੰਗੀ ਤਰ੍ਹਾਂ ਸੁਣ ਸਕੇ।

**ਬੋਲੀ ਦੀ ਵਰਤੋਂ:**—ਉਸਤਾਦ ਨੂੰ ਬੋਲੀ ਦੀ ਵਰਤੋਂ ਵਿਚ ਬੜਾ ਹੁਸ਼ਿਆਰ ਹੋਣ ਦੀ ਲੋੜ ਹੁੰਦੀ ਹੈ। ਇਸ ਬਾਰੇ ਹੇਠ ਲਿਖੇ ਇਸ਼ਾਰਿਆਂ ਦਾ ਪਾਲਣ ਕਰਨਾ ਲਾਭਕਾਰੀ ਹੁੰਦਾਂ ਹੈ—

੧. ਘਟ ਬੋਲਣਾ।
੨. ਹੌਲੀ ਹੌਲੀ ਬੋਲਣਾ!
੩. ਸਰਲ ਬੋਲੀ ਵਿਚ ਬੋਲਣਾ।
੪. ਅਵਾਜ਼ ਬਦਲ ਬਦਲ ਬੋਲਣਾ।
੫. ਹਾਵ ਭਾਵ ਨਾਲ ਬੋਲਣਾ।
੬. ਮਹੱਤਾ ਵਾਲੇ ਵਾਕਾਂ ਨੂੰ ਦੁਹਰਾਉਣਾ।
੭. ਵਾਕ ਵਿਚਲੇ ਮਹੱਤਾ ਭਰੇ ਸ਼ਬਦ ਉਤੇ ਜ਼ੋਰ ਦੇਣਾ।
੮. ਬੋਲਦਿਆਂ ਬੋਲਦਿਆਂ ਬੱਚਿਆਂ ਵਲ ਵੇਖਣਾ।
੯. ਬੋਲਣ ਪਿਛੋਂ ਮੋਟੀਆਂ ਮੋਟੀਆਂ ਗਲਾਂ ਗਿਣਾ ਦੇਣਾ।
੧੦. ਵਿਚ ਵਿਚ ਪ੍ਰਸ਼ਨ ਕਰਨਾ।

ਹੁਣ ਅਸੀਂ ਇਨ੍ਹਾਂ ਦੀ ਮਹੱਤਾ ਉਤੇ ਇਕ ਇਕ ਕਰ ਕੇ ਵਿਚਾਰ ਕਰਾਂਗੇ।

**ਘਟ ਬੋਲਣਾ:**—ਕਿੰਨੇ ਹੀ ਉਸਤਾਦਾਂ ਨੂੰ ਵਧੇਰੇ ਬੋਲਣ ਦੀ ਆਦਤ ਹੁੰਦੀ ਹੈ। ਉਹ ਜਮਾਤ ਵਿਚ ਵੜਦਿਆਂ ਹੀ ਬੁੜਬੜਾਉਣਾ ਸ਼ੁਰੂ ਕਰਦੇ ਹਨ ਅਤੇ ਘੰਟੀ ਵਜਣ ਤਕ ਬੁੜਬੜਾਉਂਦੇ ਹੀ ਰਹਿੰਦੇ ਹਨ। ਉਨ੍ਹਾਂ ਨੂੰ ਇਸ ਦੀ ਪਰਵਾਹ ਨਹੀਂ ਹੁੰਦੀ ਕਿ ਬੱਚੇ ਉਨ੍ਹਾਂ ਦੇ ਇਸ ਤਰ੍ਹਾਂ ਬੋਲਣ ਤੋਂ ਕਿਥੋਂ ਤੁਕ ਲਾਭ ਉਠਾ ਰਹੇ ਹਨ। ਉਹ ਸਮਝਦੇ ਹਨ ਕਿ ਉਹ ਜੋ ਕੁਝ ਕਹਿ ਰਹੇ ਹਨ ਉਹ ਸਭ ਕੁਝ ਮੌਲਿਕ ਹੈ ਤੇ ਬੱਚੇ ਜ਼ਰੂਰ ਧਿਆਨ ਨਾਲ ਸੁਣਦੇ ਹੋਣਗੇ। ਪਰ ਅਸਲ ਵਿਚ ਗਲ ਇਉਂ ਨਹੀਂ ਹੁੰਦੀ। ਬੱਚੇ ਦੇ ਚੁਪ ਚਾਪ ਬੈਠੇ ਰਹਿਣ ਨਾਲ ਸਾਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਧਿਆਨ ਨਾਲ ਸੁਣ ਰਿਹਾ ਹੈ। ਸੰਭਵ ਹੈ ਉਹ ਸਾਡੇ ਵਲ ਵੇਖ ਰਿਹਾ ਹੋਵੇ ਅਤੇ ਉਸ ਦਾ ਧਿਆਨ ਕਿਸੇ ਹੋਰ ਪਾਸੇ ਹੋਵੇ। ਸੰਭਵ ਹੈ ਸਾਡੀ ਕਹੀ ਗਲ ਵਿਚੋਂ ਹੀ ਕਿਸੇ ਗਲ ਨੂੰ ਸੋਚਣ ਲੱਗ ਗਿਆ ਹੋਵੇ। ਇਸ ਸਬੰਧ ਵਿਚ ਡੰਬੇਲ ਦਾ ਆਪਣੀ "ਹਊ ਟੂ ਟੀਚ" ਨਾਮੀ ਪੁਸਤਕ ਵਿਚ ਦਿੱਤੀ ਹੇਠ ਲਿਖੀ ਉਦਾਹਰਨ ਲਿਖਣਯੋਗ ਹੈ:—

ਇਕ ਅਧਿਆਪਕਾ ਇਕ ਦਿਨ ਬੜੀਆਂ ਚੰਗੀਆਂ ਚੰਗੀਆਂ ਗਲਾਂ ਆਪਣੀ ਇਕ ਪ੍ਰਾਇਮਰੀ ਸਕੂਲ ਦੀਆਂ ਕੁੜੀਆਂ ਨੂੰ ਦੱਸ ਰਹੀ ਸੀ। ਉਸ ਦੀਆਂ ਗਲਾਂ ਸਾਰੀਆਂ ਕੁੜੀਆਂ ਬੜੇ ਧਿਆਨ ਨਾਲ ਸੁਣ ਰਹੀਆਂ ਹਨ। ਉਨ੍ਹਾਂ ਕੁੜੀਆਂ ਵਿਚ ਇਕ ਅਜਿਹੀ

ਕੁੜੀ ਵੀ ਸੀ ਜਿਹੜੀ ਕਦੀ ਜਮਾਤ ਦੀ ਪੜ੍ਹਾਈ ਵਿਚ ਮਨ ਨਹੀਂ ਸੀ ਦਿੰਦੀ ਹੁੰਦੀ। ਅਧਿਆਪਕਾ ਉਸ ਨੂੰ ਆਪਣੀ ਗਲ ਬੜੇ ਧਿਆਨ ਨਾਲ ਸੁਣਦੀ ਵੇਖ ਕੇ ਬੜੀ ਖੁਸ਼ ਹੋਈ। ਉਸ ਨੇ ਮਨ ਵਿਚ ਸੋਚਿਆ ਅਜ ਦੀ ਉਸ ਦੀ ਕਰਾਈ ਪੜ੍ਹਾਈ ਬੜੀ ਸਫਲ ਰਹੀ ਕਿਉਂ ਜੁ ਉਸ ਦੇ ਪੜ੍ਹਾਉਣ ਨਾਲ ਉਹ ਚੰਚਲ ਕੁੜੀ ਵੀ ਪਰਭਾਵਤ ਹੋ ਗਈ।

ਜਮਾਤ ਦੀ ਪੜ੍ਹਾਈ ਖਤਮ ਹੋਣ ਉਤੇ ਉਸ ਅਧਿਆਪਕਾ ਨੇ ਉਸ ਕੁੜੀ ਨੂੰ ਬੜੇ ਪਿਆਰ ਨਾਲ ਸੱਦਿਆ ਅਤੇ ਕਿਹਾ "ਆ ਮੇਰੀ ਧੀ, ਅਜ ਤਾਂ ਤੂੰ ਮੇਰੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਹੀ ਸੀ, ਦਸ ਖਾਂ ਭਲਾ ਤੈਨੂੰ ਮੇਰੀਆਂ ਦਸੀਆਂ ਗਲਾਂ ਵਿਚੋਂ ਕਿਹੜੀ ਬਹੁਤੀ ਚੰਗੀ ਲਗੀ ਹੈ?" ਉਸ ਕੁੜੀ ਨੇ ਬੜੇ ਸਰਲ ਜਿਹੇ ਲਹਿਜੇ ਵਿਚ ਕਿਹਾ, "ਮੈਂ ਤੁਹਾਡੇ ਮੂੰਹ ਵਲ ਨੀਝ ਲਾ ਕੇ ਇਸ ਲਈ ਵੇਖ ਰਹੀ ਸੀ ਕਿ ਮੈਂ ਜਾਨਣਾ ਚਾਹੁੰਦੀ ਸਾਂ ਕਿ ਬੋਲਣ ਵੇਲੇ ਤੁਹਾਡਾ ਕਿਹੜਾ ਜਬਾੜਾ ਹਿਲਦਾ ਹੈ, ਉਪਰਲਾ ਜਾਂ ਹੇਠਲਾ, ਮੈਂ ਵੇਖਿਆ ਤੁਹਾਡਾ ਬੋਲਣ ਵੇਲੇ ਹੇਠਲਾ ਜਬਾੜਾ ਹਿਲ ਰਿਹਾ ਸੀ, ਕੁਝ ਕੁੜੀਆਂ ਕਹਿੰਦੀਆਂ ਹਨ ਜੁ ਬੋਲਣ ਵੇਲੇ ਤੁਹਾਡਾ ਉਪਰਲਾ ਜਬਾੜਾ ਹਿਲਦਾ ਹੁੰਦਾ ਹੈ।" ਇਸ ਉਤਰ ਨੂੰ ਸੁਣ ਕੇ ਅਧਿਆਪਕਾ ਅਸਚਰਜ ਰਹਿ ਗਈ। ਉਸ ਦੀ ਸ੍ਵੈ-ਪਰਸੰਸਾ ਦੀ ਭਾਵਨਾ ਖਤਮ ਹੋ ਗਈ ਅਤੇ ਉਸਨੂੰ ਹੁਣ ਪਤਾ ਚੱਲਿਆ ਕਿ ਉਸਤਾਦ ਵਲ ਧਿਆਨ ਨਾਲ ਵੇਖਣ ਵਾਲੇ ਸਾਰੇ ਬੱਚੇ ਧਿਆਨ ਨਾਲ ਨਹੀਂ ਸੁਣਦੇ। ਉਨ੍ਹਾਂ ਦੀਆਂ ਅੱਖਾਂ ਉਸਤਾਦ ਵਲ ਰਹਿੰਦੀਆਂ ਹਨ ਅਤੇ ਉਨ੍ਹਾਂ ਦਾ ਮਨ ਕਿਤੇ ਹੋਰ ਹੀ ਗਿਆ ਹੋਇਆ ਹੁੰਦਾ ਹੈ।

ਬੋਲਣ ਦਾ ਵਧੇਰੇ ਕੰਮ ਉਸਤਾਦ ਨੂੰ ਆਪ ਕਰਨ ਦੀ ਥਾਂ ਬੱਚਿਆਂ ਕੋਲੋਂ ਹੀ ਕਰਾਉਣਾ ਚਾਹੀਦਾ ਹੈ। ਜਮਾਤ ਵਿਚ ਛੋਟੇ ਬਚਿਆਂ ਨੂੰ ਪੜ੍ਹਾਉਣਾ ਲੈਕਚਾਰ ਬਾਜ਼ੀ ਨਹੀਂ। ਲੈਕਚਰ ਦੇਣ ਵਾਲਾ ਇਹ ਪਰਵਾਹ ਨਹੀਂ ਕਰਦਾ ਕਿ ਉਸਦੀਆਂ ਗਲਾਂ ਨੂੰ ਕਿਥੋਂ ਤਕ ਸਰੋਤੇ ਚੇਤੇ ਰਖਣਗੇ। ਪਰ ਉਸਤਾਦ ਨੂੰ ਤਾਂ ਆਪਣੀਆਂ ਦਸੀਆਂ ਗਲਾਂ ਨੂੰ ਬਚਿਆਂ ਦੀ ਯਾਦ ਵਿਚ ਬਠਾਉਣਾ ਹੁੰਦਾ ਹੈ। ਇਸ ਲਈ ਥੋੜਾ ਬੋਲਕੇ ਬਚਿਆਂ ਤੋਂ ਆਪਣੀਆਂ ਕਹੀਆਂ ਗਲਾਂ ਦੀ ਦੁਹਰਾਈ ਕਰਾਉਣੀ ਜ਼ਰੂਰੀ ਹੈ। ਪ੍ਰਸ਼ਨ ਪੁੱਛ ਪੁੱਛ ਕੇ ਬਚਿਆਂ ਦੇ ਮੂੰਹੋਂ ਹੀ ਬਹੁਤੀਆਂ ਗਲਾਂ ਕਢਵਾਉਣੀਆਂ ਚਾਹੀਆਂ ਹਨ। ਥੋੜੀਆਂ ਗਲਾਂ ਉਸਤਾਦ ਨੂੰ ਆਪ ਦੱਸ ਦੇਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਕੰਮ ਕਰਨ ਨਾਲ ਉਸਤਾਦ ਨੂੰ ਘਟ ਬੋਲਣਾ ਪਵੇਗਾ ਅਤੇ ਬਚਿਆਂ ਨੂੰ ਵਧੇਰੇ ਬੋਲਣਾ ਪਵੇਗਾ। ਪੜ੍ਹਾਉਣਾ ਅਤੇ ਬੋਲਣਾ ਇਕੋ ਗਲ ਨਹੀਂ। ਉਸਤਾਦ ਨੂੰ ਇਹ ਪਹਿਲਾਂ ਸੋਚਣਾ ਪਵੇਗਾ ਕਿ ਕਿਥੇ ਉਹ ਬਿਨਾਂ ਬੋਲੇ ਆਪਣੀ ਪੜ੍ਹਾਈ ਦਾ ਕੰਮ ਚਲਾ ਸਕਦਾ ਹੈ। ਜਿੱਥ ਬਿਨਾਂ ਬੋਲਣ ਦੇ ਕਿਸੇ ਹੋਰ ਢੰਗ ਨਾਲ ਪੜ੍ਹਾ ਸਕਦਾ ਹੋਵੇ ਉੱਥੇ ਉਸ ਢੰਗ ਨੂੰ ਵਰਤੋਂ ਵਿੱਚ ਲਿਆਉਣਾ ਜ਼ਰੂਰੀ ਹੈ। ਬਲੈਕ ਬੋਰਡ ਤੇ ਲਿਖਣਾ, ਮੂਰਤਾਂ ਬਣਾਉਣਾ, ਤਸਵੀਰਾਂ ਵਿਖਾਉਣਾ ਨਕਸ਼ੇ ਵਿਖਾਉਣਾ, ਆਦਿ ਕੰਮ ਬੋਲਣ ਦੇ ਕੰਮ ਨੂੰ ਘਟਾ ਦਿੰਦੇ ਹਨ, ਇਸ ਲਈ ਇਨਾਂ ਦੀ ਵਰਤੋਂ ਕਾਫੀ ਕਰਨੀ ਚਾਹੀਦੀ ਹੈ। ਬਚਿਆਂ ਨੂੰ ਸ਼ਬਦ ਤੋਂ ਜਿੰਨਾ ਗਿਆਨ ਹੁੰਦਾ ਹੈ ਉਸ ਤੋਂ ਕਿਤੇ ਵੱਧ ਉਪਰ ਕਹੀਆਂ ਚੀਜ਼ਾਂ ਦੀ ਮਦਦ ਨਾਲ ਹੁੰਦਾ ਹੈ। ਇਨ੍ਹਾਂ ਸਾਰਿਆਂ ਦੀ ਵਰਤੋਂ ਪੜ੍ਹਾਈ ਵਿਚ ਹੋਣੀ ਚਾਹੀਦੀ ਹੈ।

ਬਹੁਤਾ ਬੋਲਣ ਨਾਲ ਉਸਤਾਦ ਦੀ ਸਰੀਰਕ ਸੱਤਾ ਖਰਚ ਹੋ ਜਾਂਦੀ ਹੈ। ਜਿਹੜਾ ਵਿਅਕਤੀ ਵਧੇਰੇ ਬੋਲਦਾ ਉਹੋ ਸਦੀ ਉਮਰ ਥੋੜੀ ਹੋ ਜਾਂਦੀ ਹੈ। ਜੋ ਉਸਤਾਦ ਬਹੁਤਾ ਬੋਲਦਾ ਹੈ ਉਹ ਆਪਣੀ ਸਿਹਤ ਛੇਤੀ ਬਰਬਾਦ ਕਰ ਲੈਂਦਾ ਹੈ। ਹਰ ਉਸਤਾਦ ਨੂੰ

ਚਾਹੀਦਾ ਹੈ ਕਿ ਉਹ ਆਪਣਾ ਪੜ੍ਹਾਉਣ ਦਾ ਕੰਮ ਇਸ ਤਰ੍ਹਾਂ ਕਰੇ ਜਿਸ ਨਾਲ ਉਹ ਕੌਮ ਦੀ ਵਧ ਤੋਂ ਵਧ ਸੇਵਾ ਕਰ ਸਕੇ। ਜਿਹੜੇ ਉਸਤਾਦ ਬਹੁਤਾ ਬੋਲਦੇ ਹਨ ਉਨ੍ਹਾਂ ਵਿਚ ਨਿਤਾਕਤੀ ਆ ਜਾਂਦੀ ਹੈ। ਅਜਿਹੀ ਹਾਲਤ ਵਿਚ ਉਨ੍ਹਾਂ ਦਾ ਸੁਭਾ ਚਿੜਚੜਾ ਹੋ ਜਾਂਦਾ ਹੈ ਅਤੇ ਉਹ ਬਚਿਆਂ ਦੀ ਯੋਗ ਸੇਵਾ ਨਹੀਂ ਕਰ ਸਕਦੇ। ਸ਼ਾਂਤ ਚਿਤ ਅਤੇ ਪਰਸੰਨਤਾ ਤੋਂ ਬਿਨਾਂ ਹਰ ਤਰ੍ਹਾਂ ਦੀ ਸੇਵਾ ਬਿਅਰਥ ਹੋ ਜਾਂਦੀ ਹੈ।

**ਸਰਲ ਬੋਲੀ ਵਿਚ ਬੋਲਣਾ:**—ਉਸਤਾਦ ਨੂੰ ਅਜਿਹੀ ਬੋਲੀ ਵਿਚ ਬੋਲਣਾ ਚਾਹੀਦਾ ਹੈ ਜਿਸ ਨੂੰ ਬੱਚੇ ਸੌਖੀ ਤਰ੍ਹਾਂ ਸਮਝ ਸਕਣ। ਬਚਿਆਂ ਸਾਹਮਣੇ ਉਸਤਾਦ ਨੂੰ ਆਪਣੀ ਪੰਡਤਾਈ ਨਹੀਂ ਵਖਾਉਣੀ ਚਾਹੀਦੀ। ਜਿਹੜੇ ਉਸਤਾਦ ਘਟ ਪੜ੍ਹੇ ਲਿਖੇ ਹੁੰਦੇ ਹਨ ਅਥਵਾ ਜਿਨ੍ਹਾਂ ਨੂੰ ਆਪਣੀ ਵਿਦਿਆ ਉਤੇ ਪੂਰਾ ਅਧਿਕਾਰ ਨਹੀਂ ਹੁੰਦਾ ਉਹ ਹੀ ਬਚਿਆਂ ਸਾਹਮਣੇ ਆਪਣੀ ਪੰਡਤਾਈ ਛਾਂਟਣ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਦਾ ਯਤਨ ਉਸਤਾਦ ਦੇ ਮਨ ਵਿਚ ਸ੍ਵੈ-ਹੀਣਤਾ ਦੀ ਗੁੰਝਲ ਪਈ ਹੋਣ ਦਾ ਸਿੱਟਾ ਹੁੰਦਾ ਹੈ।

ਜਰਮਨੀ ਦੇ ਇਕ ਵਡੇ ਫ਼ਿਲਾਸਫ਼ਰ ਨੇ ਕਿਹਾ ਹੈ ਕਿ ਵੱਡਾ ਲੇਖਕ ਉਹ ਹੈ ਜਿਹੜਾ ਅਨੋਖੀਆਂ ਗਲਾਂ ਨੂੰ ਸਮਝ ਆਉਣ ਵਾਲੀ ਬੋਲੀ ਵਿਚ ਕਹੇ, ਉਹ ਨਹੀਂ ਜੋ ਸਧਾਰਨ ਤੇ ਸੌਖੀਆਂ ਗਲਾਂ ਨੂੰ ਗੁੰਝਲਦਾਰ ਬੋਲੀ ਵਿਚ ਕਹੇ। ਇਹ ਪਰਖ ਸੁਚੱਜੇ ਉਸਤਾਦ ਦੀ ਵੀ ਹੈ। ਸਚੱਜਾ ਉਸਤਾਦ ਗੰਭੀਰ ਤੋਂ ਗੰਭੀਰ ਵਿਸ਼ਿਆਂ ਨੂੰ ਵੀ ਬਚਿਆਂ ਨੂੰ ਸੌਖੀ ਬੋਲੀ ਵਿਚ ਸਮਝਾਉਂਦਾ ਹੈ। ਬੱਚਿਆਂ ਨਾਲ ਬੋਲਣ ਵੇਲੇ ਸਾਨੂੰ ਦੋ ਗਲਾਂ ਦਾ ਧਿਆਨ ਰਖਣਾ ਚਾਹੀਦਾ ਹੈ—ਇਕ ਬਚਿਆਂ ਦੀ ਸ਼ਬਦਾਵਲੀ ਗਿਣਵੀਂ ਮਿਣਵੀਂ ਹੁੰਦੀ ਹੈ। ਉਨ੍ਹਾਂ ਦੀ ਸ਼ਬਦਾਵਲੀ ਵਿਚ ਉਹ ਸ਼ਬਦ ਨਹੀਂ ਹੁੰਦੇ ਜਿਹੜੇ ਸਾਡੀ ਸ਼ਬਦਾਵਲੀ ਵਿਚ ਹੁੰਦੇ ਹਨ। ਇਸ ਲਈ ਉਨ੍ਹਾਂ ਦੀ ਸ਼ਬਦਾਵਲੀ ਨੂੰ ਧਿਆਨ ਵਿਚ ਰਖਦਿਆਂ ਹੀ ਸਾਨੂੰ ਉਨ੍ਹਾਂ ਨਾਲ ਬੋਲਣਾ ਚਾਹੀਦਾ ਹੈ। ਖੋਟਿਆ ਭਾਗਾਂ ਨੂੰ, ਭਾਰਤ ਵਿਚ ਹਾਲੀ ਤਕ ਵਖ ਵਖ ਉਮਰਾਂ ਦੇ ਬੱਚਿਆਂ ਦੀ ਸ਼ਬਦਾਵਲੀ ਦੀ ਸੂਚੀ ਨਹੀਂ ਬਣੀ। ਇਸ ਪਾਸੇ ਕਿਸੇ ਸਿਖਿਆ-ਵਿਗਿਆਨੀ ਦਾ ਧਿਆਨ ਵੀ ਨਹੀਂ ਗਿਆ। ਯੂਰਪ ਵਿਚ ਖਾਸ ਕਰਕੇ ਅੰਗਰੇਜ਼ੀ ਬੋਲੀ ਵਿਚ, ਬੜੀ ਸਖਤ ਮਿਹਨਤ ਪਿੱਛੋਂ, ਮਨੋ-ਵਿਗਿਆਨਕਾਂ ਨੇ ਅਜਿਹੀ ਸੂਚੀ ਬਣਾ ਦਿਤੀ ਹੈ ਜਿਸ ਵਿਚ ਤੁਸੀਂ ਹਰ ਉਮਰ ਦੇ ਬਚਿਆਂ ਦੀ ਸ਼ਬਦਾਵਲੀ ਨੂੰ ਜਾਣ ਸਕਦੇ ਹੋ ਅਤੇ ਹਰ ਸ਼ਬਦ ਦੀ ਵਿਆਪਕਤਾ ਵੀ ਇਨ੍ਹਾਂ ਸੂਚੀਆਂ ਤੋਂ ਪਤਾ ਚਲ ਜਾਂਦੀ ਹੈ।*

ਬਚਿਆਂ ਨਾਲ ਬੋਲਣ ਵੇਲੇ ਉਨ੍ਹਾਂ ਦੇ ਅਨੁਭਵ ਨੂੰ ਧਿਆਨ ਵਿਚ ਰਖਣਾ ਵੀ ਜ਼ਰੂਰੀ ਹੈ। ਉਨ੍ਹਾਂ ਦਾ ਅਨੁਭਵ ਆਮ ਕਰਕੇ ਆਪਣੇ ਸਾਥੀਆਂ ਅਤੇ ਖੇਡਣ ਦੀਆਂ ਚੀਜ਼ਾਂ ਤਕ ਸੀਮਤ ਰਹਿੰਦਾ ਹੈ। ਜਦ ਅਸੀਂ ਬਚਿਆਂ ਨੂੰ ਅਜਿਹੀ ਅਵਸਥਾ ਵਿਚ ਵੱਡੀਆਂ ਵੱਡੀਆਂ

---

*ਬੜਿਆਂ ਤਜਰਬਿਆਂ ਰਾਹੀਂ ਬਚਿਆਂ ਅਤੇ ਬਾਲਗ ਵਿਅਕਤੀਆਂ ਦੀ ਹਠ ਲਿਖੀ ਸ਼ਬਦਾਵਲੀ ਜਾਣੀ ਗਈ ਹੈ—

| ਉਮਰ | ਸ਼ਬਦ ਸੰਖਿਆ | ਉਮਰ | ਸ਼ਬਦ ਸੰਖਿਆ |
|---|---|---|---|
| ੫ ਸਾਲ | ੧੦੦੦ | ੧੪ ਸਾਲ | ੯,੦੦੦ |
| ੮ ਸਾਲ | ੩,੬੦੦ | ਬਾਲਗ | ੧੧,੭੦੦ |
| ੧੦ ਸਾਲ | ੫,੪੦੦ | ਤੇਜ਼ ਬੁਧ ਵਾਲੇ ਬਾਲਗ | ੧੩,੫੦੦ |
| ੧੨ ਸਾਲ | ੭,੨੦੦ | ਉਸਤਾਦ | ੧੭,੦੦੦ |

ਗੱਲਾਂ ਦਸਦੇ ਹਾਂ ਅਤੇ ਉਨ੍ਹਾਂ ਤੋਂ ਆਸ਼ ਕਰਦੇ ਹਾਂ ਕਿ ਉਹ ਉਨ੍ਹਾਂ ਨੂੰ ਧਿਆਨ ਵਿਚ ਰਖਣ ਤਾਂ ਉਹ ਸਾਡੀਆਂ ਕਹੀਆਂ ਗਲਾਂ ਨੂੰ ਨਿਰਾ ਰਟ ਲੈਂਦੇ ਹਨ, ਸਮਝਦੇ ਨਹੀਂ। ਲੇਖਕ ਇਕ ਵਾਰੀ ਇਕ ਮਿਡਲ ਸਕੂਲ ਵਿਚ ਗਿਆ। ਇਸ ਸਕੂਲ ਦੇ ਬੱਚੇ ਪਰੀਖਿਆ ਵਿਚ ਬੜੇ ਲਾਇਕ ਸਾਬਤ ਹੁੰਦੇ ਸਨ। ਉਸਤਾਦ ਨੇ ਆਪਣੀ ਪੜ੍ਹਾਈ ਵਿਚ ਹੁਸ਼ਿਆਰੀ ਵਿਖਾਉਣ ਲਈ ਬਚਿਆਂ ਨੂੰ ਪੜ੍ਹਾਉਣਾ ਅਰੰਭ ਕੀਤਾ। ਉਸ ਨੇ ਪਹਿਲੇ ਸਿਪਾਹੀ ਵਿਦ੍ਰੋਹ ਦੇ ਕਾਰਨ ਪੜ੍ਹਾਏ ਸੀ। ਉਨ੍ਹਾਂ ਕਾਰਨਾਂ ਨੂੰ ਬੱਚਿਆਂ ਕੋਲੋਂ ਪੁਛਿਆ। ਇਕ ਇਕ ਬਾਲਕ ਸਿਪਾਹੀ ਵਿਦ੍ਰੋਹ ਦੇ ਪੰਦਰਾਂ ਕਾਰਨ ਗਿਨਾਉਣ ਲੱਗਾ। ਇਸ ਸਮੇਂ ਲੇਖਕ ਇਕ ਵਿਦਿਆਰਥੀ ਤੋਂ ਪੁਛ ਬੈਠਾ ਕਿ ਝਾਂਸੀ ਕਿਥੇ ਹੈ, ਉਸਨੂੰ ਇਸਦਾ ਕੋਈ ਪਤਾ ਨਹੀਂ ਸੀ। ਇਸੇ ਤਰ੍ਹਾਂ ਹੋਰ ਪ੍ਰਸ਼ਨਾਂ ਦੇ ਉੱਤਰ ਵੀ ਸੰਤੋਖ ਜਣਕ ਨਹੀਂ ਸਨ। ਇਸ ਤੋਂ ਇਹ ਪਰਤਖ ਹੈ ਕਿ ਬੱਚੇ ਉਸਤਾਦ ਦੀਆਂ ਕਹੀਆਂ ਬਹੁਤੀਆਂ ਗੱਲਾਂ ਨੂੰ ਯਾਦ ਕਰ ਲੈਂਦੇ ਹਨ, ਪਰ ਉਨ੍ਹਾਂ ਦਾ ਅਰਥ ਨਹੀਂ ਸਮਝਦੇ, ਉਨ੍ਹਾਂ ਦਾ ਗਿਆਨ ਨਿਰਾ ਸ਼ਬਦੀ ਹੁੰਦਾ ਹੈ।

ਸਾਡੇ ਬਚਿਆਂ ਨੂੰ ਕਿੰਨੇ ਹੀ ਗਦਯ ਅਤੇ ਪਦਯ ਪਾਠ ਅਜਿਹੇ ਪੜ੍ਹਾਏ ਜਾਂਦੇ ਹਨ ਜਿਨ੍ਹਾਂ ਦੇ ਅਰਥ ਦਾ ਬੱਚਿਆਂ ਨੂੰ ਅਸਲ ਗਿਆਨ ਹੋਣਾ ਅਸੰਭਵ ਹੈ। ਇਸੇ ਤਰ੍ਹਾਂ ਕਈ ਉਸਤਾਦ ਪੜ੍ਹਾਉਂਦਿਆਂ ਆਪਣੀ ਗਲ ਸਪਸ਼ਟ ਕਰਨ ਲਈ ਅਜਿਹੇ ਉਦਾਹਰਨ ਦਿੰਦੇ ਹਨ ਜਿਨ੍ਹਾਂ ਦਾ ਬਾਲਕ ਦੇ ਅਨੁਭਵ ਨਾਲ ਕੋਈ ਸਬੰਧ ਨਹੀਂ ਹੁੰਦਾ।

**ਲਹਿਜਾ ਬਦਲ ਬਦਲ ਬੋਲਣਾ :**—ਬਚਿਆਂ ਨਾਲ ਬੋਲਣ ਵੇਲੇ ਇਕੋ ਤਰ੍ਹਾਂ ਬੋਲੀ ਜਾਣ ਨਾਲ ਸੁਰ ਬਦਲ ਬਦਲ ਬੋਲਣ ਨਾਲ ਬਚਿਆਂ ਦੇ ਮਨ ਤੇ ਵਧੇਰੇ ਪਰਭਾਵ ਪੈਂਦਾ ਹੈ। ਲਿਖਤੀ ਤੇ ਬੋਲੇ ਜਾਣ ਵਾਲੀ ਬੋਲੀ ਵਿਚ ਬੜਾ ਫਰਕ ਹੁੰਦਾ ਹੈ। ਉਹ ਹੀ ਵਾਕ ਲਿਖ ਕੇ ਪਰਗਟ ਕਰਨ ਨਾਲ ਪਰਭਾਵਹੀਨ ਹੋ ਜਾਂਦਾ ਹੈ ਜਿਹੜਾ ਠੀਕ ਤਰ੍ਹਾਂ ਬੋਲਣ ਨਾਲ ਪਰਭਾਵਸ਼ਾਲੀ ਹੁੰਦਾ ਹੈ। ਬੋਲਣ ਵੇਲੇ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ ਜਿਵੇਂ ਕਿ ਅਸੀਂ ਪੁਸਤਕ ਪੜ੍ਹ ਰਹੇ ਹੋਈਏ। ਸ਼ਬਦਾਂ ਨੂੰ ਢੁਕਵੇਂ ਮੇਲਾਂ ਵਿਚ ਪੇਸ਼ ਕਰਨਾ ਅਤੇ ਠੀਕ ਉਚਾਰਨ ਵਿਚ ਬੋਲਣਾ ਆਪਣੀਆਂ ਕਹੀਆਂ ਗੱਲਾਂ ਨੂੰ ਪਰਭਾਵਸ਼ਾਲੀ ਬਨਾਉਣ ਅਤੇ ਉਨ੍ਹਾਂ ਨੂੰ ਬਚਿਆਂ ਦੀ ਸਮਝ ਵਿਚ ਲਿਆਉਣ ਲਈ ਬੜਾ ਜ਼ਰੂਰੀ ਹੈ।

**ਹਾਵਾਂ ਭਾਵਾਂ ਦੀ ਵਰਤੋਂ :**—ਬੋਲਣ ਵੇਲੇ ਢੁਕਵੇਂ ਹਾਵਾਂ ਭਾਵਾਂ ਦਾ ਵਿਖਾਵਾ ਵੀ ਬੋਲਣ ਨੂੰ ਪਰਭਾਵਸ਼ਾਲੀ ਬਨਾਉਣ ਲਈ ਜ਼ਰੂਰੀ ਹੈ। ਅਸੀਂ ਬੋਲਾਂ ਵਿਚ ਹੀ ਆਪਣੇ ਭਾਵ ਪਰਗਟ ਨਹੀਂ ਕਰਦੇ, ਆਪਣੀਆਂ ਅੱਖਾਂ, ਆਪਣੇ ਹੱਥਾਂ ਅਤੇ ਮੂੰਹ ਦੀਆਂ ਬਣਾਵਟਾਂ ਹਰਕਤਾਂ ਨਾਲ ਵੀ ਆਪਣੇ ਭਾਵ ਪਰਗਟ ਕਰਦੇ ਹਾਂ। ਇਨ੍ਹਾਂ ਬਣਾਵਟਾਂ ਦਾ ਬੜਾ ਡੂੰਘਾ ਅਸਰ ਬੱਚੇ ਦੇ ਮਨ ਉਤੇ ਪੈਂਦਾ ਹੈ। ਬੱਚਾ ਆਪ ਇਨ੍ਹਾਂ ਇਸ਼ਾਰਿਆਂ, ਬਣਾਵਟਾਂ ਦਾ ਬੜਾ ਪਿਆਰਾ ਹੈ। ਜਿਹੜੀ ਗਲ ਇਸ਼ਾਰਿਆਂ, ਹਾਵਾਂ ਭਾਵਾਂ ਨਾਲ ਉਸ ਨੂੰ ਦੱਸੀ ਜਾਂਦੀ ਹੈ ਉਹ ਉਸ ਨੂੰ ਸੁਆਦੀ ਅਤੇ ਪਿਆਰੀ ਲਗਦੀ ਹੈ। ਬਾਲਕ ਜਿੰਨਾ ਛੋਟਾ ਹੁੰਦਾ ਹੈ ਉੱਨਾ ਹੀ ਇਹ ਹਰਕਤਾਂ ਉਸਨੂੰ ਪਿਆਰੀਆਂ ਲਗਦੀਆਂ ਹਨ। ਜਿਵੇਂ ਬੱਚਾ ਆਪਣੇ ਮਨ ਦੇ ਭਾਵਾਂ ਨੂੰ ਇਸ਼ਾਰਿਆਂ ਨਾਲ ਪਰਗਟ ਕਰਨਾ ਚਾਹੁੰਦਾ ਹੈ ਉਸੇ ਤਰ੍ਹਾਂ ਉਹ ਦੂਜਿਆਂ ਕੋਲੋਂ ਹਾਵਾਂ ਭਾਵਾਂ ਅਤੇ ਇਸ਼ਾਰਿਆਂ ਨਾਲ ਵਿਚਾਰਾਂ ਨੂੰ ਪਰਗਟ ਕਰਨ ਦੀ ਆਸ ਰਖਦਾ ਹੈ। ਉਸਤਾਦ ਦੇ ਹਾਵ ਭਾਵ ਬਚਿਆਂ ਨੂੰ ਉਸ ਦੇ ਬੋਲੇ ਵਾਕਾਂ ਦੇ ਅਰਥ ਸਮਝਣ ਵਿਚ ਸਹਾਇਤਾ

ਦਿੰਦੇ ਹਨ । ਵੈਸੇ ਤਾਂ ਇਨ੍ਹਾਂ ਹਾਵਾਂ ਭਾਵਾਂ ਤੋਂ ਹਰ ਵਿਅਕਤੀ ਨੂੰ ਸਹਾਇਤਾ ਮਿਲਦੀ ਹੈ ਪਰ ਬਚਿਆਂ ਨੂੰ ਤਾਂ ਖਾਸ ਤਰ੍ਹਾਂ ਦੀ ਸਹਾਇਤਾ ਮਿਲਦੀ ਹੈ । ਕੋਈ ਵੀ ਵਿਅਕਤੀ ਕਿਸੇ ਲੈਕਚਰ ਦੇਣ ਵਾਲੇ ਦੇ ਵਖਿਆਣ ਨੂੰ ਅੱਖਾਂ ਖੋਲ੍ਹ ਕੇ ਸੁਣੇ ਅਤੇ ਫਿਰ ਅਖਾਂ ਬੰਦ ਕਰ ਕੇ ਸੁਣੇ ਤਾਂ ਉਹ ਵੇਖੇਗਾ ਕਿ ਉਸ ਨੂੰ ਅਰਥ ਸਮਝਣ ਵਿਚ ਕਿੰਨਾ ਸੁਆਦ ਆਉਂਦਾ ਹੈ ।

**ਦੁਹਰਾਈ ਦੀ ਵਰਤੋਂ :**—ਬਚਿਆਂ ਦੇ ਮਨ ਵਿਚ ਮਹੱਤਾ ਵਾਲੀਆਂ ਗੱਲਾਂ ਠੀਕ ਤਰ੍ਹਾਂ ਟਿਕਾਉਣ ਲਈ ਉਨ੍ਹਾਂ ਨੂੰ ਦੁਹਰਾਉਂਦੇ ਰਹਿਣਾ ਚਾਹੀਦਾ ਹੈ । ਕਿਸੇ ਵਾਕ ਨੂੰ ਦੁਹਰਾਉਣ ਨਾਲ ਬਚੇ ਦਾ ਧਿਆਨ ਉਸ ਵਲ ਖਾਸ ਤਰ੍ਹਾਂ ਨਾਲ ਖਿਚਿਆ ਜਾਂਦਾ ਹੈ । ਹਰ ਲੈਕਚਰਾਰ ਇਸ ਗਲ ਨੂੰ ਜਾਣਦਾ ਹੈ; ਇਸ ਲਈ ਉਹ ਆਪਣੀ ਮੁਖ ਗਲ ਨੂੰ ਜਨਤਾ ਅੱਗੇ ਕਈ ਵਾਰ ਦੁਹਰਾਉਂਦਾ ਹੈ ।

**ਮਹੱਤਾ ਵਾਲੇ ਸ਼ਬਦਾਂ ਨੂੰ ਜ਼ੋਰ ਨਾਲ ਬੋਲਣਾ :**—ਜਿਹੜਾ ਸ਼ਬਦ ਖਾਸ ਮਹੱਤਾ ਵਾਲਾ ਹੋਵੇ ਉਸ ਨੂੰ ਜ਼ੋਰ ਨਾਲ ਬੋਲਣ ਨਾਲ ਬਚਿਆਂ ਦਾ ਉਸ ਵਲ ਧਿਆਨ ਖਿਚਿਆ ਜਾਂਦਾ ਹੈ । ਕਦੇ ਕਦੇ ਉਸ ਸ਼ਬਦ ਦੇ ਕਾਰਨ ਸਾਰਾ ਵਾਕ ਅਤੇ ਕਹਿਣ ਦਾ ਭਾਵ ਬਚਿਆਂ ਨੂੰ ਯਾਦ ਰਹਿ ਜਾਂਦਾ ਹੈ ।

**ਅੱਖ ਦੀ ਵਰਤੋਂ :**—ਜਦ ਉਸਤਾਦ ਜਮਾਤ ਵਿਚ ਕੁਝ ਬੋਲ ਰਿਹਾ ਹੋਵੇ ਤਾਂ ਉਸ ਨੂੰ ਹਰ ਇਕ ਦੀ ਅੱਖ ਵਲ ਵੇਖਣਾ ਚਾਹੀਦਾ ਹੈ । ਇਸ ਨਾਲ, ਜਮਾਤ ਵਿਚ ਕੰਟਰੋਲ ਠੀਕ ਰਹਿੰਦਾ ਹੈ । ਜਦ ਉਸਤਾਦ ਪੜ੍ਹਾਉਂਦਾ ਹੁੰਦਾ ਹੈ ਤਾਂ ਕੁਝ ਬੱਚੇ ਹੋਰ ਹੀ ਕੁਝ ਕਰਦੇ ਰਹਿੰਦੇ ਹਨ । ਉਸਤਾਦ ਨੂੰ ਚਾਹੀਦਾ ਹੈ ਕਿ ਉਹ ਇਹ ਵੇਖੇ ਕਿ ਸਾਰੇ ਬੱਚੇ ਉਸ ਵਲ ਵੇਖ ਰਹੇ ਹਨ । ਦੂਜੇ, ਉਸਤਾਦ ਬਚਿਆਂ ਦੇ ਹਾਵਾਂ ਭਾਵਾਂ ਅਤੇ ਚਿਹਰੇ ਦੀ ਬਣਾਵਟ ਤੋਂ ਇਹ ਪਛਾਣ ਸਕਦਾ ਹੈ ਕਿ ਬੱਚੇ ਉਸ ਦੇ ਕਹੇ ਨੂੰ ਸਮਝ ਰਹੇ ਹਨ ਕਿ ਨਹੀਂ । ਜਦ ਬੱਚੇ ਉਦਾਸ ਬੈਠੇ ਵਿਖਾਈ ਦੇਣ ਤਾਂ ਉਸ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਉਸ ਦੇ ਪੜ੍ਹਾਉਣ ਵਿਚ ਜ਼ਰੂਰ ਕੁਝ ਕਸਰ ਹੈ, ਬੱਚੇ ਸਮਝ ਨਹੀਂ ਰਹੇ । ਉਸ ਨੂੰ ਬਚਿਆਂ ਤੇ ਸੁਆਲ ਕਰ ਕੇ ਇਹ ਨਿਸਚਾ ਕਰ ਲੈਣਾ ਚਾਹੀਦਾ ਹੈ ਕਿ ਬੱਚੇ ਕਿਥੋਂ ਕੁ ਤਕ ਸਮਝ ਰਹੇ ਹਨ ।

ਉਸਤਾਦ ਦੇ ਮੂੰਹ ਵਲ ਵੇਖਣ ਨਾਲ ਬਚਿਆਂ ਨੂੰ ਵੀ ਭਾਵ ਸਪਸ਼ਟ ਅਤੇ ਆਪਣਾ ਧਿਆਨ ਇਕਾਗਰ ਕਰਨ ਵਿਚ ਸਹਾਇਤਾ ਮਿਲਦੀ ਹੈ । ਇਸ ਲਈ ਉਸਤਾਦ ਨੂੰ ਬਚਿਆਂ ਵਲ ਵੇਖਕੇ ਹੀ ਬੋਲਣਾ ਚਾਹੀਦਾ ਹੈ । ਕਿੰਨੇ ਹੀ ਉਸਤਾਦ ਬਲੈਕ ਬੋਰਡ ਤੇ ਲਿਖਣ ਵੇਲੇ ਜਮਾਤ ਵਿਚ ਬੋਲਿਆ ਕਰਦੇ ਹਨ । ਇਸ ਤਰ੍ਹਾਂ ਬੋਲਣ ਨਾਲ ਬਚਿਆਂ ਨੂੰ ਵਧੇਰੇ ਲਾਭ ਨਹੀਂ ਹੁੰਦਾ । ਜੇ ਲਿਖਣਾ ਅਤੇ ਬੋਲਣਾ ਨਾਲ ਨਾਲ ਹੋਣਾ ਜ਼ਰੂਰੀ ਹੋਵੇ ਤਾਂ ਇਕ ਵਾਰੀ ਉਸਤਾਦ ਬਲੈਕ ਬੋਰਡ ਉਤੇ ਲਿਖੇ ਅਤੇ ਫਿਰ ਬਚਿਆਂ ਵਲ ਵੇਖੇ । ਇਸ ਤਰ੍ਹਾਂ ਦਾ ਲਿਖਣਾ ਅਤੇ ਬੋਲਣਾ ਤਾਂ ਹੀ ਠੀਕ ਹੁੰਦਾ ਹੈ ਜਦ ਬੱਚੇ ਆਪ ਵੀ ਉਸਤਾਦ ਦੇ ਕਹੇ ਨੂੰ ਲਿਖ ਰਹੇ ਹੋਣ ।

**ਨਿਚੋੜ ਦਸਣਾ :**—ਬੋਲਣ ਪਿਛੋਂ ਉਸਤਾਦ ਨੂੰ ਆਪਣੀਆਂ ਕਹੀਆਂ ਮੋਟੀਆਂ ਮੋਟੀਆਂ ਗਲਾਂ ਦੁਹਰਾ ਦੇਣੀਆਂ ਚਾਹੀਦੀਆਂ ਹਨ । ਆਮ ਕਰਕੇ ਉਸਤਾਦ ਪੜ੍ਹਾਉਂਦਿਆਂ ਕਈ ਉਦਾਹਰਨਾਂ ਰਾਹੀਂ ਇਕ ਸਿਧਾਂਤ ਨੂੰ ਸਮਝਾਉਂਦਾ ਹੈ, ਇਸ ਨਾਲ ਬੱਚੇ ਕਦੇ ਕਦੇ ਇਸ ਵਹਿਮ ਵਿਚ ਪੈ ਜਾਂਦੇ ਹਨ ਕਿ ਕਿਹੜੀ ਗਲ ਸਮਝਾਈ ਗਈ ਹੈ । ਇਸ ਲਈ ਜਿਹੜੀ ਪਰਧਾਨ ਗਲ ਹੋਵੇ ਉਸਨੂੰ ਕਹਿਣ ਪਿਛੋਂ ਦੁਹਰਾ ਦੇਣਾ ਚਾਹੀਦਾ ਹੈ । ਧਿਆਨ ਵਿਚ

ਰਖੀਆਂ ਜਾਣ ਵਾਲੀਆਂ ਗਲਾਂ ਦੀ ਗਿਣਤੀ ਕਰਵਾ ਦੇਣੀ ਚਾਹੀਦੀ ਹੈ।

ਪ੍ਰਸ਼ਨ ਦੀ ਵਰਤੋਂ :–ਜਿਸ ਤਰ੍ਹਾਂ ਪਹਿਲਾਂ ਦਸਿਆ ਜਾ ਚੁਕਾ ਹੈ ਕਿ ਬਚਿਆਂ ਤੋਂ ਆਪਣੇ ਕਥਨ ਦੇ ਵਿਚ ਵਿਚ ਪ੍ਰਸ਼ਨ ਕਰਦੇ ਰਹਿਣਾ ਜ਼ਰੂਰੀ ਹੈ। ਜੇ ਕਥਨ ਦੀ ਸਮੱਸਿਆ ਦੇ ਰੂਪ ਵਿਚ ਹੋਵੇ ਤਾਂ ਹੋਰ ਵੀ ਚੰਗਾ ਹੈ। ਪ੍ਰਸ਼ਨ ਕਰਨ ਨਾਲ ਬਚਿਆਂ ਦਾ ਧਿਆਨ ਕਹਿਣ ਵਾਲੇ ਦੇ ਕਥਨ ਵਿਚ ਖਿਚਿਆ ਜਾਂਦਾ ਹੈ। ਦੂਜੇ ਉਸਤਾਦ ਇਹ ਵੀ ਪਤਾ ਕਰ ਸਕਦਾ ਹੈ ਕਿ ਬੱਚੇ ਉਸਨੂੰ ਕਿਥੋਂ ਤਕ ਸਮਝ ਰਹੇ ਹਨ।

## ਉੱਤਰਾਂ ਦੀ ਪਰਖ

ਜਿਸ ਤਰ੍ਹਾਂ ਉਸਤਾਦ ਦੀ ਚਤਰਾਈ ਪ੍ਰਸ਼ਨ ਕਰਨ ਅਤੇ ਵਿਆਖਿਆ ਵਿਚ ਵੇਖੀ ਜਾਂਦੀ ਹੈ, ਉਸੇ ਤਰ੍ਹਾਂ ਉਸ ਦੀ ਹੁਸ਼ਿਆਰੀ ਪ੍ਰਸ਼ਨ ਦੇ ਉੱਤਰਾਂ ਨੂੰ ਬਚਿਆਂ ਦੀ ਸਿਖਿਆ ਵਿਚ ਕੰਮ ਲਿਆਉਣ ਵਿਚ ਵੇਖੀ ਜਾਂਦੀ ਹੈ। ਕਿਸੇ ਵੀ ਪ੍ਰਸ਼ਨ ਦੇ ਤਿੰਨ ਤਰ੍ਹਾਂ ਦੇ ਉਤਰ ਹੋ ਸਕਦੇ ਹਨ--ਪੂਰੇ ਠੀਕ, ਪੂਰੇ ਗਲਤ ਅਤੇ ਰਲੇ ਮਿਲੇ। ਪੂਰੇ ਠੀਕ ਉਤਰ ਬਾਰੇ ਉਸਤਾਦ ਨੂੰ ਕੁਝ ਵੀ ਨਹੀਂ ਕਰਨਾ ਪੈਂਦਾ। ਠੀਕ ਉਤਰ ਨੂੰ ਸਵੀਕਾਰ ਕਰਕੇ ਉਸਤਾਦ ਅੱਗੇ ਚਲਦਾ ਹੈ। ਜੇ ਕਿਸੇ ਸੰਥਾ ਨੂੰ ਪੜ੍ਹਾਉਣ ਵਿਚ ਅਜਿਹੇ ਪ੍ਰਸ਼ਨ ਹੀ ਪੁਛੇ ਜਾਣ ਜਿਨ੍ਹਾਂ ਦਾ ਸਾਰੇ ਬਾਲਕ ਠੀਕ ਉਤਰ ਦਿੰਦੇ ਹਨ ਤਾਂ ਉਹ ਸੰਥਾ ਕੋਈ ਬੋਧਿਕ ਵਿਕਾਸ ਨਹੀਂ ਕਰਦੀ। ਅਜਿਹੇ ਪਾਠ ਵਿਚ ਉਸਤਾਦ ਦੀ ਪੜ੍ਹਾਉਣ ਦੀ ਕਲਾ ਵਿਚ ਹੁਸ਼ਿਆਰੀ ਦੀ ਪਛਾਣ ਨਹੀਂ ਹੁੰਦੀ। ਇਸੇ ਤਰ੍ਹਾਂ ਜਿਨ੍ਹਾਂ ਪ੍ਰਸ਼ਨਾਂ ਦਾ ਉਤਰ ਪੂਰਾ ਗਲਤ ਹੈ ਉਨ੍ਹਾਂ ਨੂੰ ਉਸਤਾਦ ਅਸਵੀਕਾਰ ਕਰ ਦਿੰਦਾ ਹੈ। ਅਜਿਹੇ ਉਤਰ ਬਾਰੇ ਵੀ ਉਸਤਾਦ ਨੂੰ ਕੋਈ ਮਾਨਸਿਕ ਮਿਹਨਤ ਨਹੀਂ ਕਰਨੀ ਪੈਂਦੀ।

ਉਸਤਾਦ ਦੀ ਹੁਸ਼ਿਆਰੀ ਉਨ੍ਹਾਂ ਉਤਰਾਂ ਵਿਚ ਵੇਖੀ ਜਾਂਦੀ ਹੈ ਜਿਨ੍ਹਾਂ ਵਿਚ ਕੁਝ ਹਿੱਸਾ ਠੀਕ ਤੇ ਕੁਝ ਗਲਤ ਹੁੰਦਾ ਹੈ। ਅਜਿਹੀ ਹਾਲਤ ਵਿਚ ਬਚਿਆਂ ਉਤੇ ਹੋਰ ਪ੍ਰਸ਼ਨ ਕਰਕੇ ਉਨ੍ਹਾਂ ਦੇ ਉਤਰਾਂ ਨੂੰ ਠੀਕ ਕਰਨ ਦਾ ਯਤਨ ਕੀਤਾ ਜਾਂਦਾ ਹੈ। ਠੀਕ ਉਤਰ ਨੂੰ ਬਚਿਆਂ ਕੋਲੋਂ ਹੀ ਕਢਵਾਉਣ ਵਿਚ ਉਸਤਾਦ ਦੀ ਹੁਸ਼ਿਆਰੀ ਪਛਾਣੀ ਜਾਂਦੀ ਹੈ। ਮੰਨ ਲੌ, ਇਕ ਬੱਚੇ ਨੂੰ ਸੁਆਲ ਕੀਤਾ ਜਾਂਦਾ ਹੈ ਕਿ ਸਮਕੋਣ ਚਤਰਭੁਜ ਕਿਸਨੂੰ ਕਹਿੰਦੇ ਹਨ ਅਤੇ ਉਹ ਜਵਾਬ ਦਿੰਦਾ ਹੈ ਕਿ ਸਮਕੋਣ ਚਤਰਭੁਜ ਉਹ ਚਤਰਭੁਜ ਹੈ ਜਿਸਦੀਆਂ ਚਾਰੇ ਕੋਣਾਂ ਅਤੇ ਚਾਰੇ ਭੁਜਾਂ ਬਰਾਬਰ ਹੋਣ ਤਾਂ ਉਸ ਤੋਂ ਅਗੇ ਹੋਰ ਸੁਆਲ ਪੁਛਕੇ ਉਤਰ ਨੂੰ ਠੀਕ ਕਰਵਾਉਣਾ ਚਾਹੀਦਾ ਹੈ।

ਕਿੰਨੇ ਹੀ ਉਸਤਾਦ ਬੱਚਿਆਂ ਦੇ ਉੱਤਰਾਂ ਨੂੰ ਆਪ ਦੁਹਰਾਉਂਦੇ ਹਨ ਅਤੇ ਕਿਨਿਆਂ ਹੀ ਬਚਿਆਂ ਦੇ ਹਰ ਉੱਤਰ ਪਿਛੋਂ 'ਸ਼ਾਬਾਸ਼' ਕਹਿੰਦੇ ਹਨ, ਇਹ ਠੀਕ ਨਹੀਂ। ਜਿਸ ਪ੍ਰਸ਼ਨ ਦੇਣ ਵਿਚ ਬਚਿਆਂ ਨੂੰ ਸਚਮੁਚ ਮਾਨਸਿਕ ਮਿਹਨਤ ਕਰਨੀ ਪਵੇ ਉਸ ਦੇ ਅੰਤ ਵਿਚ ਹੀ 'ਸ਼ਾਬਾਸ਼' ਕਹਿਣਾ ਚਾਹੀਦਾ ਹੈ।

ਕਦੇ ਕਦੇ ਉਸਤਾਦ ਪ੍ਰਸ਼ਨਾਂ ਦੇ ਉਤਰ ਪੂਰੇ ਵਾਕਾਂ ਵਿਚ ਦੇਣ ਲਈ ਬੱਚਿਆਂ ਨੂੰ ਮਜਬੂਰ ਕਰਦੇ ਹਨ। ਅਜਿਹਾ ਕਰਨਾ ਠੀਕ ਨਹੀਂ। ਉਸਤਾਦ ਦਾ ਪ੍ਰਸ਼ਨ ਹੀ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਦਾ ਉਤਰ ਪੂਰੇ ਵਾਕ ਕਹੇ ਬਿਨਾਂ ਦਿਤਾ ਹੀ ਨਾ ਜਾ ਸਕੇ। ਪਰ ਜਦ ਇਕ ਹੀ ਸ਼ਬਦ ਨਾਲ ਕੰਮ ਚਲ ਜਾਂਦਾ ਹੋਵੇ ਤਾਂ ਬੱਚੇ ਤੋਂ ਪੂਰਾ ਵਾਕ ਅਖਵਾਉਣ ਦੀ ਲੋੜ ਨਹੀਂ। ਮੰਨ ਲੌ; ਉਸਤਾਦ ਨੇ ਸੁਆਲ ਕੀਤਾ ਹੈ, "ਸੰਸਾਰ ਦਾ ਸਭ ਤੋਂ ਉੱਚਾ ਪਹਾੜ ਕਿਹੜਾ ਹੈ?" ਅਤੇ ਬੱਚੇ ਨੇ ਉਤਰ ਦਿਤਾ–"ਹਿਮਾਲੀਆ" ਤਾਂ ਬੱਚੇ ਨੂੰ ਪੂਰਾ ਵਾਕ

ਕਹਿਣ ਲਈ ਮਜਬੂਰ ਕਰਨ ਦੀ ਲੋੜ ਨਹੀਂ ।

## ਪਰਦਰਸ਼ਨ ਸਮੱਗਰੀ

**ਪਰਦਰਸ਼ਨ ਸਮੱਗਰੀ ਦੀ ਉਪਯੋਗਤਾ :**—ਕਿਸੇ ਵਿਸ਼ੇ ਨੂੰ ਸੁਆਦੀ ਜਾਂ ਸਮਝ ਵਿਚ ਆਉਣ ਵਾਲਾ ਬਨਾਉਣ ਲਈ ਪਰਦਰਸ਼ਨ ਸਮੱਗਰੀ ਦੀ ਲੋੜ ਹੁੰਦੀ ਹੈ। ਵੈਸੇ ਤਾਂ ਸਾਰੀਆਂ ਉਮਰਾਂ ਦੇ ਬਚਿਆਂ ਲਈ ਪਰਦਰਸ਼ਨ ਸਮੱਗਰੀ ਦੀ ਲੋੜ ਹੁੰਦੀ ਹੈ, ਪਰ ਛੋਟੇ ਬਚਿਆਂ ਲਈ ਇਸ ਦੀ ਖਾਸ ਕਰ ਕੇ ਲੋੜ ਹੁੰਦੀ ਹੈ। ਪਰਦਰਸ਼ਨ ਸਮੱਗਰੀ ਰਾਹੀਂ ਬਚਿਆਂ ਦਾ ਮਨ ਪੜ੍ਹਾਏ ਜਾਣ ਵਾਲੇ ਵਿਸ਼ੇ ਉਤੇ ਕੇਂਦ੍ਰਿਤ ਹੋ ਜਾਂਦਾ ਹੈ ਅਤੇ ਇਸ ਦੇ ਸਹਾਰੇ ਪਾਠ ਦੀਆਂ ਗਲਾਂ ਸੌਖੀ ਤਰ੍ਹਾਂ ਬਚਿਆਂ ਨੂੰ ਦੱਸੀਆਂ ਜਾ ਸਕਦੀਆਂ ਹਨ। ਜਦ ਬਚਿਆਂ ਦਾ ਧਿਆਨ ਇਧਰ ਉਧਰ ਜਾ ਰਿਹਾ ਹੋਵੇ ਤਾਂ ਪਰਦਰਸ਼ਨ ਸਮੱਗਰੀ ਰਾਹੀਂ ਪਾਠ ਵਲ ਲਿਆਇਆ ਜਾ ਸਕਦਾ ਹੈ।

ਪਰਦਰਸ਼ਨ ਸਮੱਗਰੀ ਦਾ ਪਰਯੋਜਨ ਨਿਰਾ ਬਚਿਆਂ ਵਿਚ ਵਿਚਾਰ ਦਾ ਵਾਧਾ ਕਰਨਾ ਹੈ । ਇਸ ਨੂੰ ਪਾਠ ਦਾ ਜ਼ਰੂਰੀ ਹਿੱਸਾ ਨਹੀਂ ਸਮਝ ਲੈਣਾ ਚਾਹੀਦਾ। ਕਦੇ ਕਦੇ ਉਸਤਾਦ ਆਪਣੇ ਪਾਠ ਨੂੰ ਸੁਆਦੀ ਬਣਾਉਣ ਲਈ ਇੰਨੀ ਪਰਦਰਸ਼ਨ ਸਮੱਗਰੀ ਲੈ ਆਉਂਦੇ ਸਨ ਕਿ ਸੰਥਾ ਦਾ ਵਿਚਾਰ-ਉਭਾਰਨ ਵਾਲਾ ਗੁਣ ਹੀ ਮਾਰਿਆ ਜਾਂਦਾ ਹੈ । ਪਰਦਰਸ਼ਨ ਸਮੱਗਰੀ ਕਦੇ ਕਦੇ ਵਿਸ਼ੇ ਨਾਲ ਸਬੰਧ ਨਾ ਰਖਣ ਵਾਲੀਆਂ ਗਲਾਂ ਵਲ ਮਨ ਨੂੰ ਲੈ ਜਾਂਦੀ ਹੈ। ਜਦ ਪਰਦਰਸ਼ਨ ਸਮੱਗਰੀ ਇਸ ਤਰ੍ਹਾਂ ਦੀ ਸਾਬਤ ਹੋਣ ਲੱਗੇ ਤਾਂ ਉਸ ਦੀ ਵਰਤੋਂ ਨਾ ਕਰਨਾ ਚੰਗਾ ਹੈ।

**ਪਰਦਰਸ਼ਨ ਸਮੱਗਰੀ ਦੀਆਂ ਕਿਸਮਾਂ :** ਪਾਠ ਨੂੰ ਸਮਝ ਗੋਚਰੇ ਅਤੇ ਸੁਆਦੀ ਬਨਾਉਣ ਵਾਲੀ ਸਮੱਗਰੀ ਕਈ ਤਰ੍ਹਾਂ ਦੀ ਹੁੰਦੀ ਹੈ। ਪਰਤੱਖ ਚੀਜ਼, ਖਿਡੌਣੇ, ਮੂਰਤਾਂ, ਸਿੱਕੇ, ਤਸਵੀਰਾਂ, ਨਕਸ਼ੇ, ਸਰਣੀਆਂ ਆਦਿ ਸਾਰੇ ਪਦਾਰਥ ਪਰਦਰਸ਼ਨ ਸਮੱਗਰੀ ਦਾ ਕੰਮ ਦਿੰਦੇ ਹਨ। ਇਨ੍ਹਾਂ ਨੂੰ ਮਨੋ-ਵਿਗਿਆਨਿਕ ਦ੍ਰਿਸ਼ਟੀ ਤੋਂ ਹੇਠ ਲਿਖੇ ਪੰਜ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ।

੧. ਪਰਤੱਖ ਪਦਾਰਥ—ਇਨ੍ਹਾਂ ਵਿਚ ਕਲਪਣਾ ਲਈ ਕੋਈ ਥਾਂ ਨਹੀਂ ਹੁੰਦਾ।

੨, ਮੂਰਤਾਂ—ਇਨ੍ਹਾਂ ਵਿਚ ਕਲਪਣਾ ਲਈ ਬਥੇਰਾ ਥਾਂ ਹੈ।

੩. ਤਸਵੀਰਾਂ ਅਤੇ ਫੋਟੋਗਰਾਫ—ਇਨ੍ਹਾਂ ਵਿਚ ਕਲਪਣਾ ਲਈ ਹੋਰ ਵੀ ਵਧੇਰੇ ਥਾਂ ਹੁੰਦੀ ਹੈ।

੪. ਨਕਸ਼ੇ ਅਤੇ ਸਰਣੀਆਂ—ਇਨ੍ਹਾਂ ਵਿਚ ਕਲਪਣਾ ਲਈ ਪਹਿਲਾਂ ਤੋਂ ਵੀ ਵਧ ਥਾਂ ਹੁੰਦੀ ਹੈ।

੫. ਸ਼ਬਦੀ ਉਦਾਹਰਣ—ਇਨ੍ਹਾਂ ਵਿਚ ਸਾਰੀਆਂ ਗਲਾਂ ਬਚਿਆਂ ਦੀ ਕਲਪਣਾ ਉਤੇ ਛਡ ਦਿਤੀਆਂ ਜਾਂਦੀਆਂ ਹਨ।

ਇਨ੍ਹਾਂ ਸਮੱਗਰੀਆਂ ਦੀ ਵਰਤੋਂ ਪਾਠ ਦੀ ਵਿਸ਼ੇਸ਼ਤਾ ਅਤੇ ਬਚਿਆਂ ਦੇ ਮਾਨਸਿਕ ਵਿਕਾਸ ਦੀ ਅਵਸਥਾ ਉਤੇ ਨਿਰਭਰ ਹੈ। ਕਿੰਨੇ ਹੀ ਪਾਠ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਪਰਤੱਖ ਚੀਜ਼ ਵਿਖਾਣਾ ਹੀ ਠੀਕ ਹੈ। ਕਿਸੇ ਵਿਗਿਆਨਿਕ ਪਾਠ ਨੂੰ ਪੜ੍ਹਾਉਂਦਿਆਂ ਪਰਤੱਖ ਚੀਜ਼ ਨੂੰ ਹੀ ਬੱਚਿਆਂ ਅਗੇ ਰੱਖਿਆ ਜਾਂਦਾ ਹੈ। ਕਿਉਂ ਜੁ ਇਸ ਦੇ ਪਾਠ ਨੂੰ ਪੜ੍ਹਾਉਣ

ਦਾ ਮੁਖ ਮੰਤਵ ਬਚਿਆਂ ਵਿਚ ਪੜਤਾਲਣ ਦੀ ਸ਼ਕਤੀ ਨੂੰ ਵਧਾਉਣਾ ਭੀ ਹੁੰਦਾ ਹੈ । ਮੱਛਰਾਂ ਦਾ ਪਾਠ ਪੜ੍ਹਾਉਂਦਿਆਂ ਵਖ ਵਖ ਕਿਸਮ ਦੇ ਮੱਛਰਾਂ ਨੂੰ ਵਿਖਾਉਣਾ ਹੀ ਠੀਕ ਹੈ । ਇਤਿਹਾਸ ਅਤੇ ਭੂਗੋਲ ਪੜ੍ਹਾਉਂਦਿਆਂ ਮੂਰਤਾਂ, ਚਿੱਤਰ, ਨਕਸ਼ੇ ਸਰਣੀਆਂ ਆਦਿ ਤੋਂ ਕੰਮ ਲਿਆ ਜਾਂਦਾ ਹੈ। ਬੋਲੀ ਦਾ ਪਾਠ ਪੜ੍ਹਾਉਂਦਿਆਂ ਚਿੱਤਰ ਤੋਂ ਕੰਮ ਲੈਣਾ ਠੀਕ ਹੈ ।

ਪਰਦਰਸ਼ਨ ਸਮੱਗਰੀ ਦੇ ਚਿਤਰ ਕਈ ਤਰ੍ਹਾਂ ਦੇ ਹੁੰਦੇ ਹਨ; ਇਨ੍ਹਾਂ ਦੀ ਠੀਕ ਵਰਤੋਂ ਕਰਨ ਲਈ ਪਾਠ ਦੀ ਲੋੜ ਅਤੇ ਬਚਿਆਂ ਦੀ ਉਮਰ ਨੂੰ ਧਿਆਨ ਵਿਚ ਰਖਣਾ ਹੁੰਦਾ ਹੈ। ਕੁਝ ਚਿੱਤਰ ਰੰਗੀਨ ਹੁੰਦੇ ਹਨ, ਕੁਝ ਸਾਦੇ ਅਤੇ ਕੁਝ ਨਿਰੇ ਲਕੀਰੇ ਹੀ ਹੁੰਦੇ ਹਨ । ਛੋਟੇ ਬਚਿਆਂ ਨੂੰ ਰੰਗੀਨ ਚਿੱਤਰ ਵਿਖਾਉਣਾ ਠੀਕ ਹੈ ਵਧੇਰੀ ਉਮਰ ਦੇ ਬਚਿਆਂ ਨੂੰ ਸਾਦੇ ਅਤੇ ਉਨ੍ਹਾਂ ਤੋਂ ਵੀ ਵੱਡੀ ਉਮਰ ਵਾਲਿਆਂ ਨੂੰ ਨਿਰੇ ਖਾਕੇ ਵਿਖਾਉਣਾ ਕਾਫੀ ਹੈ । ਚਿਤਰਾਂ ਨੂੰ ਵਡਿਆਂ ਕਰ ਕੇ ਵਿਖਾਉਣ ਲਈ ਐਪੀਡਾਇਆ-ਸਕੋਪ ਦੀ ਕਾਢ ਨਿਕਲੀ ਹੈ । ਇਸੇ ਤਰ੍ਹਾਂ ਮੈਜਿਕ ਲੈਂਟਰਨ ਰਾਹੀਂ ਚਿਤਰਾਂ ਨੂੰ ਚਲਦਿਆਂ ਵਿਖਾਇਆ ਜਾ ਸਕਦਾ ਹੈ । ਇਨ੍ਹਾਂ ਕਾਢਾਂ ਦੀ ਠੀਕ ਵਰਤੋਂ ਕਰਨਾ ਉਸਤਾਦ ਦੀ ਅਕਲਮੰਦੀ ਉਤੇ ਨਿਰਭਰ ਹੈ। ਕਿਸੇ ਪਾਠ ਦਾ ਮੁਖ ਨਿਸ਼ਾਨਾ ਵਸਤੂ ਦਾ ਵਿਖਾਲਾ ਹੁੰਦਾ ਹੈ । ਅਜਿਹੇ ਪਾਠ ਵਿਚ ਐਮੀਡਾਇਆਸਕੋਪ ਦੀ ਵਰਤੋਂ ਲਾਭਦਾਇਕ ਸਿੱਧ ਹੁੰਦੀ ਹੈ। ਛੋਟੀ ਉਮਰ ਦੇ ਬਚਿਆਂ ਨੂੰ ਪੜ੍ਹਾਉਂਦਿਆਂ ਇਸ ਤਰ੍ਹਾਂ ਦੇ ਯੰਤਰਾਂ ਨੂੰ ਵਰਤੋਂ ਵਿਚ ਲਿਆਉਣਾ ਚੰਗਾ ਹੈ। ਪਰ ਜਿਸ ਪਾਠ ਦਾ ਮੁਖ ਨਿਸ਼ਾਨਾ ਬਚਿਆਂ ਵਿਚ ਵਿਗਿਆਨਿਕ ਵਿਚਾਰ ਦਾ ਵਾਧਾ ਹੈ ਉਸ ਵਿਚ ਐਮੀਡਾਇਆਸਕੋਪ ਜਾਂ ਮੈਜਿਕ ਲੈਂਟਰਨ ਦੀ ਵਰਤੋਂ ਜ਼ਰੂਰੀ ਹੈ। ਉਸਤਾਦਾਂ ਨੂੰ ਸਦਾ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਕਿਸੇ ਪਾਠ ਨੂੰ ਪੜ੍ਹਾਉਣ ਦਾ ਵੱਡਾ ਨਿਸ਼ਾਨਾ ਉਸ ਨੂੰ ਸੁਆਦੀ ਬਨਾਉਣਾ ਨਹੀਂ ਸਗੋਂ ਉਸ ਨੂੰ ਲਾਭਦਾਇਕ ਬਨਾਉਣਾ ਹੈ । ਕੋਈ ਵੀ ਪਾਠ ਸਿਖਿਆ ਦੀ ਦ੍ਰਿਸ਼ਟੀ ਤੋਂ ਉਦੋਂ ਤਕ ਲਾਭਦਾਇਕ ਨਹੀਂ ਸਮਝਿਆ ਜਾਂਦਾ ਜਦ ਤਕ ਉਹ ਬਚਿਆਂ ਦੀ ਸੋਚ ਸ਼ਕਤੀ ਜਾਂ ਕਲਪਣਾ ਅਤੇ ਯਾਦ ਸ਼ਕਤੀ ਵਿਚ ਵਾਧਾ ਨਹੀਂ ਕਰਦਾ । ਪਾਠ ਦਾ ਪੜ੍ਹਾਉਣਾ ਹਾਵਾਂ ਭਾਵਾਂ ਰਾਹੀਂ ਨਾਟਕ ਰਚਾਉਣਾ ਨਹੀਂ । ਉਸ ਦਾ ਮੁਖ ਨਿਸ਼ਾਨਾ ਬਚਿਆਂ ਨੂੰ ਨਿਰਾ ਅਨੰਦ ਦੇਣਾ ਨਹੀਂ, ਸਗੋਂ ਉਨ੍ਹਾਂ ਦੇ ਦਿਮਾਗ ਉਤੇ ਜ਼ੋਰ ਪਾਉਣਾ ਹੈ।

ਪਰਦਰਸ਼ਨ ਸਮੱਗਰੀ ਜਿੰਨੀ ਘਟ ਹੋਵੇ ਉੱਨੇ ਉਤੇ ਹੀ ਸੰਤੋਖ ਰਖਣਾ ਠੀਕ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਬਚਿਆਂ ਨੂੰ ਪੜ੍ਹਾਈ ਗਈ ਗਲ ਦੀ ਸਮਝ ਹੀ ਨਾ ਆਵੇ । ਇਸ ਦਾ ਇਤਨਾ ਹੀ ਅਰਥ ਹੈ ਕਿ ਜੇ ਸਾਦੇ ਚਿਤਰ ਨਾਲ ਕੰਮ ਚਲ ਸਕਦਾ ਹੈ ਤਾਂ ਉਸ ਨੂੰ ਰੰਗੀਨ ਚਿਤਰ ਜਾਂ ਉਸ ਚੀਜ਼ ਦੀ ਮੂਰਤ ਜਮਾਤ ਵਿਚ ਲਿਆਉਣ ਦੀ ਲੋੜ ਨਹੀਂ। ਜਮਾਤ ਵਿਚ ਬਚਿਆਂ ਨੂੰ ਬਹੁਤ ਛੋਟੇ ਜਾਂ ਅਸਪਸ਼ਟ ਚਿੱਤਰ ਨਹੀਂ ਵਿਖਾਉਣੇ ਚਾਹੀਦੇ । ਜੇ ਛੋਟਾ ਚਿੱਤਰ ਬਚਿਆਂ ਨੂੰ ਵਿਖਾਉਣਾ ਹੀ ਪਵੇ ਤਾਂ ਉਸਤਾਦ ਨੂੰ ਚਾਹੀਦਾ ਹੈ ਕਿ ਉਹ ਇਕ ਇਕ ਬੱਚੇ ਕੋਲ ਜਾ ਕੇ ਚਿਤਰ ਨੂੰ ਵਿਖਾਵੇ । ਇਸ ਤਰ੍ਹਾਂ ਦਾ ਚਿੱਤਰ ਵਿਖਾਉਣ ਦਾ ਜਿੰਨਾ ਘਟ ਮੌਕਾ ਬਣੇ ਚੰਗਾ ਹੈ।

ਸਿਖਿਆ-ਵਿਗਿਆਨੀਆਂ ਦਾ ਮਤ ਹੈ ਕਿ ਚਿੱਤਰ, ਨਕਸ਼ੇ ਸਰਣੀ ਆਦਿ, ਜਿਸ ਕਿਸੇ ਦਾ ਵੀ, ਉਸਤਾਦ ਬਚਿਆਂ ਅੱਗੇ ਵਿਖਾਲਾ ਕਰੇ ਉਹ ਆਪ ਬਣਾਉਣ ਤਾਂ ਵਧੇਰੇ ਚੰਗਾ ਹੈ। ਜਿਹੜੀ ਚੀਜ਼ ਬੱਚਿਆਂ ਦੇ ਸਾਹਮਣੇ ਹੌਲੀ ਹੌਲੀ ਬਣਾਈ ਜਾਂਦੀ ਹੈ ਉਸ ਉਤੇ ਬਚਿਆਂ ਦਾ ਧਿਆਨ ਇਕਾਗਰ ਹੁੰਦਾ ਹੈ ਅਤੇ ਉਹ ਦੇਰ ਨਾਲ ਬਚਿਆਂ ਨੂੰ ਯਾਦ ਰਹਿੰਦੀ

ਹੈ। ਦੂਜੇ, ਪਰਦਰਸ਼ਨ ਸਮੱਗਰੀ ਨੂੰ ਬਚਿਆਂ ਅੱਗੇ ਪਹਿਲਾਂ ਹੀ ਨਹੀਂ ਲਿਆ ਰਖਣਾ ਚਾਹੀਦਾ ਸਗੋਂ ਮਦਾਰੀ ਵਾਂਗ ਥੈਲੇ ਵਿਚੋਂ ਇਕ ਇਕ ਕਰ ਕੇ ਲੋੜ ਅਨੁਸਾਰ ਕਢਣਾ ਚਾਹੀਦਾ ਹੈ ਅਤੇ ਵਿਖਾਲਣਾ ਚਾਹੀਦਾ ਹੈ। ਜਿਸ ਸਮੱਗਰੀ ਦੀ ਵਰਤੋਂ ਹੋ ਜਾਵੇ ਉਸ ਨੂੰ ਬਚਿਆਂ ਦੀ ਨਜ਼ਰੋਂ ਉਹਲੇ ਕਰ ਦੇਣਾ ਚਾਹੀਦਾ ਹੈ ਤਾਂ ਜੁ ਅਗਲੀ ਗੱਲ ਉਤੇ ਧਿਆਨ ਇਕਾਗਰ ਕਰਨ ਵਿਚ ਰੋਕ ਨਾ ਬਣੇ।

ਕਿੰਨੇ ਹੀ ਉਸਤਾਦ ਬੋਲੀ ਦੀ ਸੰਥਾ ਵਿਚ ਸ਼ਬਦਾਂ ਦਾ ਅਰਥ ਸਮਝਾਉਣ ਲਈ ਉਦਾਹਰਨਾਂ ਦੀ ਵਰਤੋਂ ਬੜੀ ਕਰਦੇ ਹਨ। ਇਹ ਠੀਕ ਨਹੀਂ। ਸ਼ਬਦਾਂ ਦੇ ਅਰਥ ਕਈ ਤਰ੍ਹਾਂ ਦੱਸੇ ਜਾ ਸਕਦੇ ਹਨ, ਉਦਾਹਰਨ ਰਾਹੀਂ ਦਸਣਾ ਉਨ੍ਹਾਂ ਵਿਚੋਂ ਇਕ ਹੈ।

ਪਰਦਰਸ਼ਨ ਸਮੱਗਰੀ ਦੀ ਘਾਟ ਅਤੇ ਬਹੁਲਤਾ ਦੋਵੇਂ ਪਾਠ ਨੂੰ ਵਿਗਾੜਦੇ ਹਨ। ਇਸ ਲਈ ਜਿੰਨੀ ਪਰਦਰਸ਼ਨ ਸਮੱਗਰੀ ਕੰਮ ਵਿਚ ਲਿਆਉਣੀ ਠੀਕ ਹੈ ਉੱਨੀ ਹੀ ਲਿਆਉਣੀ ਚਾਹੀਦੀ ਹੈ।

## ਬਲੈਕ ਬੋਰਡ

**ਬਲੈਕ ਬੋਰਡ ਦੀ ਵਰਤੋਂ**:—ਪਾਠ ਨੂੰ ਸੁਆਦੀ ਬਨਾਉਣ ਅਤੇ ਕੁਝ ਜ਼ਰੂਰੀ ਗੱਲਾਂ ਬੱਚਿਆਂ ਦੇ ਮਨ ਉੱਤੇ ਉਕਰਨ ਲਈ ਬਲੈਕ ਬੋਰਡ ਦੀ ਵਰਤੋਂ ਕਰਨੀ ਜ਼ਰੂਰੀ ਹੈ। ਬਲੈਕ ਬੋਰਡ ਦੀ ਵਰਤੋਂ ਚਿਤਰ ਬਨਾਉਣ, ਨਕਸ਼ੇ ਖਿਚਣ, ਸਰਣੀ ਬਨਾਉਣ, ਅਤੇ ਪਾਠ ਦੀਆਂ ਮੋਟੀਆਂ ਮੋਟੀਆਂ ਗਲਾਂ ਜਾਂ ਸ਼ਬਦਾਂ ਦੇ ਰੂਪ ਲਿਖਣ ਲਈ ਹੁੰਦੀ ਹੈ। ਬਲੈਕ ਬੋਰਡ ਤੇ ਲਿਖਣ ਦੇ ਦੋ ਮੰਤਵ ਹਨ—ਇਕ, ਬਚਿਆਂ ਦਾ ਧਿਆਨ ਪਾਠ ਵਲ ਖਿਚਣਾ ਅਤੇ ਦੂਜੇ, ਪੜ੍ਹਾਈ ਗਈ ਗਲ ਨੂੰ ਬਚਿਆਂ ਦੇ ਮਨ ਉਤੇ ਠੀਕ ਤਰ੍ਹਾਂ ਉੱਕਰ ਦੇਣਾ। ਇਸ ਤੋਂ ਬਿਨਾਂ ਪਾਠ ਨੂੰ ਸਮਝਾਉਣ ਲਈ ਵੀ ਬਲੈਕ ਬੋਰਡ ਦੀ ਲੋੜ ਹੁੰਦੀ ਹੁੰਦੀ ਹੈ। ਨਕਸ਼ੇ ਰਾਹੀਂ ਜਿਹੜੀ ਭੂਗੋਲ ਜਾਂ ਇਤਿਹਾਸ ਦੀ ਸੰਥਾ ਪੜ੍ਹਾਈ ਜਾਂਦੀ ਹੈ ਉਹ ਨਕਸ਼ੇ ਦੀ ਸਹਾਇਤਾ ਤੋਂ ਬਗੈਰ ਪੜ੍ਹਾਈ ਗਈ ਸੰਥਾਂ ਤੋਂ ਕਿਤੇ ਵਧ ਸੁਆਦੀ ਲਗਦੀ, ਸਮਝ ਵਿਚ ਆਉਂਦੀ ਅਤੇ ਯਾਦ ਵਿਚ ਵਧੇਰੇ ਚਿਰ ਟਿਕਦੀ ਹੈ। ਇਸੇ ਤਰ੍ਹਾਂ ਚਿੱਤਰ ਰਾਹੀਂ ਪੜ੍ਹਾਈ ਸੰਥਾ ਬਚਿਆਂ ਨੂੰ ਵਧੇਰੇ ਸਮਝ ਆਉਂਦੀ ਅਤੇ ਸੁਆਦੀ ਲਗਦੀ ਹੈ ਇਸ ਲਈ ਵਧੇਰੇ ਚਿਰ ਚੇਤੇ ਰਹਿੰਦੀ ਹੈ।

ਕਿਸੇ ਨਕਸ਼ੇ ਨੂੰ ਘਰ ਤੋਂ ਬਣਾਕੇ ਨਹੀਂ ਲਿਆਉਣਾ ਚਾਹੀਦਾ। ਜਦ ਬੱਚਿਆਂ ਦੇ ਸਾਹਮਣੇ ਹੀ ਉਸਤਾਦ ਉਸਨੂੰ ਬਣਾਉਂਦਾ ਹੈ ਤਾਂ ਉਸਦੀ, ਸਿਖਿਆ ਦੇ ਪੱਖ ਤੋਂ, ਮੱਹਤਾ ਵਧੇਰੇ ਹੋ ਜਾਂਦੀ ਹੈ। ਬੱਚੇ ਆਪਣੇ ਸਾਹਮਣੇ ਬਨਣ ਵਾਲੇ ਨਕਸ਼ੇ ਦੀ ਇਕ ਇਕ ਗਲ ਉਤੇ ਧਿਆਨ ਦਿੰਦੇ ਹਨ ਅਤੇ ਉਹ ਉਨ੍ਹਾਂ ਦੀ ਯਾਦ ਵਿਚ ਟਿਕ ਜਾਂਦੀ ਹੈ।,

ਬਲੈਕ ਬੋਰਡ ਦੀ ਵਰਤੋਂ ਬਚਿਆਂ ਦੀ ਕਲਪਨਾ ਦੀ ਦ੍ਰਿਸ਼ਟੀ ਤੋਂ ਵੀ ਜ਼ਰੂਰੀ ਹੈ। ਅਸੀਂ ਆਪਣੇ ਅਨੁਭਵਦੀਆਂ ਪੁਰਾਣੀਆਂ ਗੱਲਾਂ ਆਪਣੀ ਕਲਪਨਾ ਦੀ ਸਹਾਇਤਾ ਨਾਲ ਯਾਦ ਕਰਦੇ ਹਾਂ। ਕਲਪਣਾ ਵਖ ਵਖ ਕਿਸਮ ਦੇ ਮਾਨਸਿਕ ਅਕਸਾਂ ਦੀ ਬਣੀ ਹੁੰਦੀ ਹੈ। ਇਹ ਮਾਨਸਿਕ ਅਕਸ ਵਖ ਵਖ ਕਿਸਮ ਦੇ ਹੁੰਦੇ ਹਨ। ਕੁਝ ਬੱਚੇ ਇਕ ਤਰ੍ਹਾਂ ਦੇ ਮਾਨਸਿਕ ਅਕਸਾਂ ਵਿਚ ਪਰਬੀਨ ਹੁੰਦੇ ਹਨ ਅਤੇ ਕੁਝ ਦੂਜੀ ਤਰ੍ਹਾਂ ਦੇ ਅਕਸਾਂ ਵਿਚ। ਜਿਨ੍ਹਾਂ ਬਚਿਆਂ ਦੀ ਸ਼ਬਦ ਅਕਸਾਂ ਦੀ ਸ਼ਕਤੀ ਚੰਗੀ ਹੁੰਦੀ ਹੈ ਉਹ ਸੁਣੀ ਹੋਈ ਗਲ ਨੂੰ ਵਧੇਰੇ ਚਿਰ ਯਾਦ ਰਖਦੇ ਹਨ ਅਤੇ

ਜਿਨ੍ਹਾਂ ਦੀ ਦ੍ਰਿਸ਼ਟੀ ਅਕਸਾਂ ਦੀ ਸ਼ਕਤੀ ਚੰਗੀ ਹੁੰਦੀ ਹੈ ਉਹ ਵੇਖੀ ਹੋਈ ਗਲ ਨੂੰ ਵਧੇਰੇ ਚਿਰ ਯਾਦ ਰਖਦੇ ਹਨ। ਸਧਾਰਨ ਤੌਰ ਤੇ ਸਾਰੇ ਬਚਿਆਂ ਵਿਚ ਕੁਝ ਸ਼ਬਦ ਅਕਸਾਂ ਅਤੇ ਕੁਝ ਦ੍ਰਿਸ਼ਟੀ ਅਕਸਾਂ ਦੀ ਸ਼ਕਤੀ ਹੁੰਦੀ ਹੈ। ਇਸ ਲਈ ਕਿਸੇ ਵਿਸ਼ੇ ਨੂੰ ਯਾਦ ਕਰਨ ਵੇਲੇ ਉਹ ਕਦੇ ਇਕ ਤਰ੍ਹਾਂ ਦੀ ਅਤੇ ਕਦੇ ਦੂਜੀ ਤਰ੍ਹਾਂ ਦੀ ਸ਼ਕਤੀ ਤੋਂ ਕੰਮ ਲੈਂਦੇ ਹਨ। ਕਦੇ ਕਦੇ ਦੋਹਾਂ ਦਾ ਸਹਿਯੋਗ ਹੁੰਦਾ ਹੈ। ਜੇ ਕਿਸੇ ਬੱਚੇ ਦੀ ਇਕ ਕਿਸਮ ਦੇ ਅਕਸਾਂ ਦੀ ਸ਼ਕਤੀ ਘਟ ਹੋ ਗਈ ਤਾਂ ਉਹ ਦੂਜੀ ਕਿਸਮ ਦੇ ਅਕਸਾਂ ਦੀ ਸ਼ਕਤੀ ਦੀ ਸਹਾਇਤਾ ਨਾਲ ਵਿਸ਼ੇ ਨੂੰ ਚੇਤੇ ਕਰ ਲੈਂਦਾ ਹੈ। ਇਸ ਲਈ ਉਸਤਾਦ ਨੂੰ ਚਾਹੀਦਾ ਹੈ ਕਿ ਉਹ ਪਾਠ ਦੀਆਂ ਜ਼ਰੂਰੀ ਗੱਲਾਂ ਨਾ ਸਿਰਫ ਸ਼ਬਦਾਂ ਵਿਚ ਬੋਲਕੇ ਸਮਝਾਏ, ਸਗੋਂ ਉਹ ਬਲੈਕ ਬੋਰਡ ਉਤੇ ਲਿਖ ਕੇ ਜਾਂ ਚਿੱਤਰ ਖਿਚਕੇ ਵੀ ਸਮਝਾਏ। ਜਿਥੋਂ ਤਕ ਸੰਭਵ ਹੋਵੇ ਜੋ ਕੁਝ ਉਸਤਾਦ ਬਲੈਕ ਬੋਰਡ ਉਤੇ ਲਿਖੇ ਉਸਨੂੰ ਬਚਿਆਂ ਨੂੰ ਆਪਣੀਆਂ ਨੋਟ ਬੁਕਾਂ ਉਤੇ ਉਤਾਰਨ ਲਈ ਵੀ ਕਹੇ। ਇਸ ਨਾਲ ਬੱਚਿਆਂ ਦੀ ਲਿਖੀ ਗਲ ਸਪਰਸ਼-ਅਕਸ ਰਾਹੀਂ ਵੀ ਯਾਦ ਰਹੇਗੀ।

ਬਲੈਕ ਬੋਰਡ ਦੀ ਵਰਤੋਂ ਬਚਿਆਂ ਵਿਚ ਜ਼ਬਤ ਰਖਣ ਦੇ ਕੰਮ ਵੀ ਆਉਂਦੀ ਹੈ। ਜੇ ਉਸਤਾਦ ਬਲੈਕ ਬੋਰਡ ਉਤੇ ਕੁਝ ਨਾ ਕੁਝ ਲਿਖਦਾ ਰਹੇ ਅਤੇ ਬਚਿਆਂ ਨੂੰ ਵੀ ਲਿਖੀ ਗਲ ਨੂੰ ਆਪਣੀਆਂ ਨੋਟ ਬੁਕਾਂ ਉਤੇ ਉਤਾਰਨ ਦਾ ਹੁਕਮ ਕਰੇ ਤਾਂ ਬਚਿਆਂ ਦਾ ਧਿਆਨ ਇਕ ਉਸਾਰੂ ਕੰਮ ਵਿਚ ਲੱਗ ਜਾਵੇਗਾ ਅਤੇ ਉਨ੍ਹਾਂ ਨੂੰ ਸ਼ਰਾਰਤਾਂ ਲਈ ਵਿਹਲ ਹੀ ਨਹੀਂ ਰਹੇਗੀ। ਬਚਿਆਂ ਨੂੰ ਝਿੜਕਣ ਝੰਬਣ ਦੀ ਥਾਂ ਉਨ੍ਹਾਂ ਨੂੰ ਉਸਾਰੂ ਕੰਮਾਂ ਵਿਚ ਲਾਕੇ ਜ਼ਬਤ ਵਿਚ ਰਖਣਾ ਵਧੇਰੇ ਭਲਾ ਹੈ। ਝਿੜਕਣ ਝੰਬਣ ਨਾਲ ਬੱਚਿਆਂ ਦੇ ਮਨ ਦੀ ਇਕਾਗਰਤਾ ਸਗੋਂ ਨਾਸ ਹੋ ਜਾਂਦੀ ਹੈ। ਉਨ੍ਹਾਂ ਦਾ ਸ੍ਵੈ-ਵਿਸ਼ਵਾਸ਼ ਜਾਂਦਾ ਰਹਿੰਦਾ ਹੈ। ਅਜਿਹੀ ਹਾਲਤ ਵਿਚ ਜਮਾਤ ਵਿਚ ਕਈ ਤਰ੍ਹਾਂ ਦੀਆਂ ਜ਼ਬਤ ਸਬੰਧੀ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।

**ਬਲੈਕ ਬੋਰਡ ਦੀ ਢੁਕਵੀਂ ਵਰਤੋਂ** :—ਬਲੈਕ ਬੋਰਡ ਉਤੇ ਜਿਹੜੇ ਚਿਤਰ ਖਿੱਚੇ ਜਾਣ ਉਹ ਸ਼ੁਧ, ਸਪਸ਼ਟ ਅਤੇ ਸੁੰਦਰ ਹੋਣ। ਇਸੇ ਤਰ੍ਹਾਂ ਜੋ ਕੁਝ ਬਲੈਕ ਬੋਰਡ ਤੇ ਲਿਖਿਆ ਜਾਵੇ ਉਹ ਵੀ ਸ਼ੁਧ, ਸਪਸ਼ਟ ਅਤੇ ਸੁੰਦਰ ਲਿਖਾਈ ਵਿਚ ਲਿਖਿਆ ਜਾਵੇ। ਜੋ ਕੋਈ ਉਸਤਾਦ ਬਲੈਕ ਬੋਰਡ ਤੇ ਲਿਖਣ ਲਗਿਆਂ ਘੜੀ ਮੁੜੀ ਭੁੱਲਾਂ ਕਰਦਾ ਹੈ ਤਾਂ ਉਹ ਜਾਂ ਬਚਿਆਂ ਦੀ ਹਾਨੀ ਕਰਦਾ ਹੈ ਜਾਂ ਆਪਣੇ ਸਨਮਾਨ ਨੂੰ ਗੁਆ ਲੈਂਦਾ ਹੈ। ਬਲੈਕ ਬੋਰਡ ਤੇ ਸ਼ੁਧ ਲਿਖਣ ਲਈ ਇਹ ਜ਼ਰੂਰੀ ਹੈ ਕਿ ਉਸਤਾਦ ਨੇ ਜਿਨ੍ਹਾਂ ਗਲਾਂ ਨੂੰ ਜਮਾਤ ਸਾਹਮਣੇ ਲਿਖਣਾ ਹੈ ਉਨ੍ਹਾਂ ਨੂੰ ਪਹਿਲਾਂ ਹੀ ਸੋਚ ਲਵੇ। ਜੇ ਉਸ ਨੂੰ ਕਿਸੇ ਸ਼ਬਦ ਦੇ ਰੂਪ ਵਿਚ ਸ਼ਕ ਹੋ ਗਿਆ ਹੈ ਤਾਂ ਉਸ ਦਾ ਸ਼ਬਦ ਕੋਸ਼ ਵਿਚੋਂ ਸ਼ੁਧ ਰੂਪ ਵੇਖ ਲਵੇ। ਕਿੰਨੇ ਹੀ ਉਸਤਾਦ ਇਕ ਸ਼ਬਦ ਦੇ ਠੀਕ ਰੂਪ ਨੂੰ ਠੀਕ ਤਰ੍ਹਾਂ ਸਮਝਾਉਣ ਲਈ ਬੱਚਿਆਂ ਦੇ ਦੱਸੇ ਜਾਂ ਉਨ੍ਹਾਂ ਦੀਆਂ ਨੋਟ ਬੁਕਾਂ ਵਿਚ ਲਿਖੇ ਰੂਪ ਦਾ ਬਲੈਕ ਬੋਰਡ ਉਤੇ ਵਿਖਾਲਾ ਕਰਦੇ ਹਨ। ਅਜਿਹਾ ਕਰਨਾ ਕੁਝ ਹੱਦ ਤਕ ਠੀਕ ਹੈ। ਪਰ ਇਸ ਤਰ੍ਹਾਂ ਗਲਤ ਰੂਪ ਨੂੰ ਬਲੈਕ ਬੋਰਡ ਤੇ ਲਿਖਣ ਨਾਲ ਉਹ ਗਲਤ ਰੂਪ ਵੀ ਬਾਲਕਾਂ ਦੇ ਮਨ ਤੇ ਸੰਸਕਾਰ ਛਡ ਜਾਂਦਾ ਹੈ ਅਤੇ ਜਦ ਉਸ ਸ਼ਬਦ ਦਾ ਸ਼ੁਧ ਰੂਪ ਲਿਖਣਾ ਹੁੰਦਾ ਹੈ ਤਾਂ ਗਲਤ ਰੂਪ ਵੀ ਸਾਹਮਣੇ ਆ ਜਾਂਦਾ ਹੈ। ਇਹ ਫਿਰ ਠੀਕ ਰੂਪ ਬਾਰੇ ਭਰਮ ਪੈਦਾ ਕਰ ਦਿੰਦਾ ਹੈ। ਇਸ ਤਰ੍ਹਾਂ 'ਪੜ੍ਹ' ਅਤੇ 'ਪੜ' ਦੋਵੇਂ ਹੀ ਬਲੈਕ ਬੋਰਡ ਉਤੇ ਲਿਖ ਦਿਤੇ ਜਾਣ ਤਾਂ ਜਦ 'ਪੜ੍ਹ' ਲਿਖਣ ਦਾ ਮੌਕਾ ਬਾਲਕਾਂ ਨੂੰ ਆਵੇਗਾ ਤਾਂ 'ਪੜ੍ਹ' ਵੀ ਯਾਦ ਦੇ ਪਰਦੇ ਤੇ ਆ ਕੇ ਸ਼ੁਧ ਰੂਪ ਵਿਚ ਸੰਦੇਹ ਪੈਦਾ ਕਰ ਦੇਵੇਗਾ।

ਇਸ ਲਈ ਜਿਥੋਂ ਤਕ ਹੋ ਸਕੇ ਗਲਤ ਸ਼ਬਦ ਜਾਂ ਵਾਕ ਬੱਚਿਆਂ ਨੂੰ ਉਸ ਦੀ ਗਲਤੀ ਸਮਝਾਉਣ ਲਈ ਵੀ ਬਲੈਕ ਬੋਰਡ ਤੇ ਨਹੀਂ ਲਿਖਣਾ ਚਾਹੀਦਾ। ਹਾਂ ਜੇ ਅਸ਼ੁਧੀਆਂ ਸਮਝਾਉਣ ਦਾ ਹੀ ਪਾਠ ਹੋਵੇ ਤਾਂ ਅਜਿਹਾ ਕਰਨਾ ਹਾਨੀ ਕਾਰਕ ਨਹੀਂ।

ਬਲੈਕ ਬੋਰਡ ਤੇ ਲਿਖਣ ਦੀ ਦੂਜੀ ਲੋੜ ਸਪਸ਼ਟਤਾ ਹੈ ਜੋ ਕੁਝ ਬਲੈਕ ਬੋਰਡ ਤੇ ਲਿਖਿਆ ਜਾਵੇ ਉਹ ਇੰਨਾ ਸਪਸ਼ਟ ਹੋਵੇ ਕਿ ਹਰ ਬੱਚਾ ਉਸ ਨੂੰ ਸੌਖ ਨਾਲ ਵੇਖ ਸਕੇ। ਇਸ ਦੇ ਲਈ ਇਹ ਜ਼ਰੂਰੀ ਹੈ ਕਿ ਜੋ ਕੁਝ ਬਲੈਕ ਬੋਰਡ ਤੇ ਲਿਖਿਆ ਜਾਂ ਖਿੱਚਿਆ ਜਾਵੇ ਵੱਡਾ ਹੋਵੇ। ਬਲੈਕ ਬੋਰਡ ਤੇ ਖਿੱਚੇ ਨਕਸ਼ਿਆਂ ਵਿਚ ਬਹੁਤ ਸਾਰੀਆਂ ਗੱਲਾਂ ਇਕੱਠੀਆਂ ਨਹੀਂ ਵਿਖਾਉਣੀਆਂ ਚਾਹੀਦੀਆਂ। ਅਜਿਹਾ ਕਰਨ ਨਾਲ ਦਿਖਾਈਆਂ ਗੱਲਾਂ ਉਤੇ ਧਿਆਨ ਦੀ ਇਕਾਗਰਤਾ ਨਹੀਂ ਰਹਿੰਦੀ। ਬਲੈਕ ਬੋਰਡ ਉੱਤੇ ਲਿਖੇ ਅੱਖਰ ਜਮਾਤ ਦੀ ਅਖੀਰਲੀ ਕਤਾਰ ਦੇ ਮੁੰਡਿਆਂ ਨੂੰ ਸਾਫ ਸਾਫ ਦਿਖਾਈ ਦੇਣੇ ਚਾਹੀਦੇ ਹਨ। ਕਿਸੇ ਪਾਠ ਦਾ ਸਾਰ ਅੰਸ਼ ਲਿਖਦਿਆਂ ਇਸ ਗਲ ਨੂੰ ਧਿਆਨ ਵਿਚ ਰਖਣਾ ਬੜਾ ਜ਼ਰੂਰੀ ਹੈ। ਪਾਠ ਦੀਆਂ ਮੋਟੀਆਂ ਮੋਟੀਆਂ ਗੱਲਾਂ ਹੀ ਬਲੈਕ ਬੋਰਡ ਤੇ ਲਿਖੀਆਂ ਜਾਣੀਆਂ ਚਾਹੀਦੀਆਂ ਹਨ। ਬਲੈਕ ਬੋਰਡ ਤੇ ਬਹੁਤੀਆਂ ਗੱਲਾਂ ਲਿਖਣ ਨਾਲ ਬਚਿਆਂ ਦੇ ਮਨ ਤੇ ਸਪਸ਼ਟ ਯਾਦ ਨਹੀਂ ਰਹਿੰਦੀ। ਬਲੈਕ ਬੋਰਡ ਤੇ ਲਿਖਣ ਲਈ ਤੀਜੀ ਲੋੜ ਸੁੰਦਰਤਾ ਹੈ। ਬਲੈਕ ਬੋਰਡ ਦੀ ਲਿਖਾਈ ਜਮਾਤ ਦੇ ਬਚਿਆਂ ਲਈ ਨਮੂਨੇ ਦੀ ਲਿਖਾਈ ਹੁੰਦੀ ਹੈ। ਜਿਸ ਤਰ੍ਹਾਂ ਦਾ ਉਹ ਉਸਤਾਦ ਨੂੰ ਬਲੈਕ ਬੋਰਡ ਤੇ ਲਿਖਦਿਆਂ ਵੇਖਦੇ ਹਨ ਆਪ ਵੀ ਉਸੇ ਤਰ੍ਹਾਂ ਦਾ ਲਿਖਣ ਲਗ ਜਾਂਦੇ ਹਨ। ਜੇ ਕੋਈ ਉਸਤਾਦ ਚੰਗੇ ਚਿਤਰ ਬਲੈਕ ਬੋਰਡ ਤੇ ਨਹੀਂ ਬਣਾ ਸਕਦਾ ਤਾਂ ਉਸਨੂੰ ਇਨ੍ਹਾਂ ਚਿੱਤਰਾਂ ਦੇ ਬਨਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ। ਪਰ ਹਰ ਉਸਤਾਦ ਨੂੰ ਬਲੈਕ ਬੋਰਡ ਤੇ ਲਿਖਣਾ ਜ਼ਰੂਰ ਪੈਂਦਾ ਹੈ। ਕੋਈ ਵੀ ਪਾਠ ਅਜਿਹਾ ਨਹੀਂ ਹੁੰਦਾ ਜਿਸ ਵਿਚ ਉਸਤਾਦ ਨੂੰ ਬਲੈਕ ਬੋਰਡ ਉਤੇ ਕੁਝ ਨਾ ਕੁਝ ਲਿਖਣਾ ਨਾ ਪਵੇ। ਇਸ ਲਈ ਉਸਤਾਦ ਨੂੰ ਬਲੈਕ ਬੋਰਡ ਉਤੇ ਸੁੰਦਰ ਅੱਖਰ ਲਿਖਣ ਦਾ ਚੰਗਾ ਅਭਿਆਸ ਕਰ ਲੈਣਾ ਚਾਹੀਦਾ ਹੈ। ਪਹਿਲਾਂ ਪਹਿਲ ਸੁੰਦਰ ਅੱਖਰ ਹੌਲੀ ਹੌਲੀ ਲਿਖੇ ਜਾਂਦੇ ਹਨ। ਅਭਿਆਸ ਹੋ ਜਾਣ ਉਤੇ ਹਰ ਉਸਤਾਦ ਜਲਦੀ ਜਲਦੀ ਵੀ ਬਲੈਕ ਬੋਰਡ ਤੇ ਸੁੰਦਰ ਅਤੇ ਸਡੌਲ ਅੱਖਰ ਲਿਖਣ ਲਗ ਜਾਂਦਾ ਹੈ।

ਬਲੈਕ ਬੋਰਡ ਦੀ ਲਿਖਾਈ ਦੀ ਸੁੰਦਰਤਾ ਦੀ ਪਰਖ ਹੇਠ ਲਿਖੀਆਂ ਤਿੰਨ ਗੱਲਾਂ ਤੋਂ ਹੋ ਸਕਦੀ ਹੈ – ਅੱਖਰਾਂ ਦੀ ਸਮਾਨਤਾ, ਉਨ੍ਹਾਂ ਦੀ ਸਿਧਾਈ ਅਤੇ ਸਮਾਨੰਤਰ ਪੰਗਤੀਆਂ ਵਿਚ ਹੋਣ ਨਾਲ ਉਨ੍ਹਾਂ ਦੀ ਸੁੰਦਰਤਾ ਮਾਪੀ ਜਾਂਦੀ ਹੈ। ਇਸ ਲਈ ਸਾਰੇ ਅੱਖਰ ਇਕੋ ਜਿੱਡੇ ਹੀ ਹੋਣੇ ਚਾਹੀਦੇ ਹਨ। ਸਾਰੇ ਅੱਖਰ ਸਿੱਧੇ (ਖੜੇ) ਲਿਖਣੇ ਚਾਹੀਦੇ ਹਨ। ਕਈਆਂ ਨੂੰ ਡਿੰਗੇ ਟੇਢੇ ਅੱਖਰ ਲਿਖਣ ਦਾ ਅਭਿਆਸ ਹੁੰਦਾ ਹੈ। ਇਸ ਤਰ੍ਹਾਂ ਦੇ ਅੱਖਰ ਬੁਰੇ ਲਗਦੇ ਹਨ। ਫਿਰ ਅਖਰਾਂ ਦੀ ਪੰਗਤੀ ਸਿੱਧੀ ਹੋਣੀ ਚਾਹੀਦੀ ਹੈ, ਜਦ ਸਾਰੀਆਂ ਪੰਗਤੀਆਂ ਸਮਾਨੰਤਰ ਹੁੰਦੀਆਂ ਹਨ ਤਾਂ ਲਿਖਾਈ ਸੁੰਦਰ ਦਿਖਾਈ ਦਿੰਦੀ ਹੈ। ਪੁਸਤਕਾਂ ਲਿਖਣ ਦੀ ਸੁੰਦਰਤਾ ਅਭਿਆਸ ਨਾਲ ਆਉਂਦੀ ਹੈ, ਉਸਤਾਦ ਨੂੰ ਬਲੈਕ ਬੋਰਡ ਦੀ ਲਿਖਾਈ ਦਾ ਨਮੂਨਾ ਪੁਸਤਕਾਂ ਦੀ ਲਿਖਾਈ ਦੇ ਨਮੂਨੇ ਤੇ ਹੀ ਰਖਣਾ ਚਾਹੀਦਾ ਹੈ। ਜਿਸ ਤਰ੍ਹਾਂ ਅੱਖਰ ਛਾਪੇ ਵਿਚ ਬਣਦੇ ਹਨ ਉਸੇ ਤਰ੍ਹਾਂ ਉਸ ਨੂੰ ਬਲੈਕ ਬੋਰਡ ਤੇ ਲਿਖਣੇ ਚਾਹੀਦੇ ਹਨ।

# ਨੋਟ ਬੁਕ

ਬੱਚਿਆਂ ਨੂੰ ਠੀਕ ਢੰਗ ਨਾਲ ਸੰਥਾ ਪੜ੍ਹਾਉਣ ਦਾ ਸਾਧਨ ਬੱਚਿਆਂ ਤੋਂ ਜਮਾਤ ਵਿਚ ਅਤੇ ਉਸ ਦੇ ਪਿਛੋਂ ਨੋਟ ਬੁਕ ਦੀ ਵਰਤੋਂ ਕਰਾਉਣਾ ਹੈ । ਜਿਸ ਤਰ੍ਹਾਂ ਉਸਤਾਦ ਦਾ ਸਮਾਂ ਵਿਆਖਿਆ ਅਤੇ ਬਲੈਕ ਬੋਰਡ ਤੇ ਲਿਖਣ ਵਿਚ ਵੰਡਿਆ ਹੁੰਦਾ ਹੈ, ਉਸੇ ਤਰ੍ਹਾਂ ਬਚਿਆਂ ਦਾ ਸਮਾਂ ਵੀ ਦਿਮਾਗੀ ਤੇ ਹੱਥ ਦੇ ਕੰਮ ਵਿਚ ਵੰਡਿਆ ਰਹਿਣਾ ਚਾਹੀਦਾ ਹੈ । ਜਿਥੋਂ ਤਕ ਹੋ ਸਕੇ ਦਿਮਾਗੀ ਕੰਮ—ਅਰਥਾਤ ਉਸਤਾਦ ਦੀਆਂ ਗਲਾਂ ਨੂੰ ਧਿਆਨ ਨਾਲ ਸੁਨਣਾ, ਉਸਦੇ ਪ੍ਰਸ਼ਨਾਂ ਦਾ ਉਤਰ ਦੇਣਾ, ਆਪਣੇ ਪ੍ਰਸ਼ਨ ਪੁਛਣਾ, ਬਲੈਕ ਬੋਰਡ ਤੇ ਲਿਖੀਆਂ ਗਲਾਂ ਨੂੰ ਧਿਆਨ ਨਾਲ ਵੇਖਣਾ, ਉਸਤਾਦ ਦੀ ਕਹੀ ਗਲ ਜਾਂ ਬਲੈਕ ਬੋਰਡ ਤੇ ਲਿਖੀ ਗਲ ਨੂੰ ਲਿਖਣਾ—ਅਤੇ ਹੱਥ ਦੇ ਕੰਮ ਵਿਚ ਸਮਾਂ ਅਧਾ ਅਧਾ ਵੰਡਿਆ ਹੋਣਾ ਚਾਹੀਦਾ ਹੈ ਅਤੇ ਇਹ ਕੰਮ ਵਾਰੋ ਵਾਰੀ ਸਾਰੇ ਪਾਠ ਵਿਚ ਹੁੰਦਾ ਰਹਿਣਾ ਚਾਹੀਦਾ ਹੈ ।

ਸਧਾਰਨ ਤੌਰ ਤੇ ਜੋ ਕੁਝ ਉਸਤਾਦ ਬਲੈਕ ਬੋਰਡ ਤੇ ਲਿਖੇ ਬਚਿਆਂ ਨੂੰ ਵੀ ਉਹ ਨੋਟ ਬੁਕਾਂ ਤੇ ਉਤਾਰ ਲੈਣਾ ਚਾਹੀਦਾ ਹੈ । ਜੇ ਉਸਤਾਦ ਕੋਈ ਨਕਸ਼ਾ ਜਾਂ ਸਰਣੀ ਬਲੈਕ-ਬੋਰਡ ਤੇ ਬਣਾਉਂਦਾ ਹੈ ਤਾਂ ਬਚਿਆਂ ਨੂੰ ਵੀ ਉਸ ਨਕਸ਼ੇ ਜਾਂ ਸਰਣੀ ਨੂੰ ਆਪਣੀਆਂ ਨੋਟ ਬੁਕਾਂ ਵਿਚ ਬਨਾਉਣਾ ਚਾਹੀਦਾ ਹੈ । ਇਸ ਨਾਲ ਉਸਤਾਦ ਦੀ ਮਿਹਨਤ ਵਧੇਰੇ ਗੁਣਕਾਰੀ ਹੋ ਜਾਂਦੀ ਹੈ । ਆਪਣੇ ਹੱਥ ਨਾਲ ਬਣਾਇਆ ਨਕਸ਼ਾ ਅਤੇ ਸਰਣੀ ਚਾਹੇ ਉਹ ਕਿੱਨੇ ਵੀ ਅਪੂਰਨ ਕਿਉਂ ਨਾ ਹੋਣ, ਸਿਖਿਆ ਦੀ ਦ੍ਰਿਸ਼ਟੀ ਤੋਂ ਬੜੇ ਲਾਭਕਾਰੀ ਹਨ । ਇਹ ਆਪ ਨਿਸ਼ਾਨਾ ਨਾ ਸਮਝ ਲਏ ਜਾਣ । ਇਹ ਸੰਥਾ ਦੀਆਂ ਮੁਖ ਗਲਾਂ ਨੂੰ ਨਿਰਾ ਯਾਦ ਵਿਚ ਉਕਰਨ ਦਾ ਸਾਧਨ ਹਨ । ਇਸ ਲਈ ਹਰ ਬੱਚੇ ਨੂੰ ਇਨ੍ਹਾਂ ਨਕਸ਼ਿਆਂ ਅਤੇ ਸਰਣੀਆਂ ਨੂੰ ਆਪਣੀ ਨੋਟ ਬੁਕ ਵਿਚ ਬਨਾਉਣ ਲਈ ਉਤਸ਼ਾਹ ਦੇਣਾਂ ਚਾਹੀਦਾ ਹੈ ।

ਬੱਚੇ ਜਦ ਕੁਝ ਆਪਣੀ ਨੋਟ ਬੁਕ ਉਤੇ ਲਿਖਣ ਤਾਂ ਉਸਤਾਦ ਨੂੰ ਇਕ ਵਾਰ ਜਮਾਤ ਵਿਚ ਘੁੰਮ ਕੇ ਵੇਖਣਾ ਚਾਹੀਦਾ ਹੈ । ਜਦ ਬਚਿਆਂ ਨੂੰ ਪਤਾ ਹੋਵੇ ਕਿ ਉਸਤਾਦ ਉਨ੍ਹਾਂ ਦੇ ਕੰਮ ਨੂੰ ਵੇਖੇਗਾ ਤਾਂ ਉਹ ਉਸ ਸਾਵਧਾਨੀ ਨਾਲ ਕਰਦੇ ਹਨ । ਦੂਜੇ, ਕਿੱਨੇ ਹੀ ਛੋਟੀਆਂ ਜਮਾਤਾਂ ਦੇ ਬੱਚੇ ਆਪਣੀਆਂ ਨੋਟਬੁਕਾਂ ਦੀ ਠੀਕ ਤਰ੍ਹਾਂ ਵਰਤੋਂ ਨਹੀਂ ਕਰ ਸਕਦੇ । ਉਨ੍ਹਾਂ ਨੂੰ ਨੋਟ ਬੁਕਾਂ ਵਿਚ ਲਿਖਣ ਦੀ ਜਾਚ ਨਹੀਂ ਆਉਂਦੀ । ਅਜਿਹੇ ਬਚਿਆਂ ਦੀ ਵੇਖ ਭਾਲ ਕਰਨਾ ਅਤੇ ਉਨ੍ਹਾਂ ਦੀ ਸਹਾਇਤਾ ਕਰਨਾ ਜ਼ਰੂਰੀ ਹੈ । ਜਦ ਬੱਚੇ ਕੁਝ ਲਿਖਦੇ ਹੁੰਦੇ ਹਨ ਤਾਂ ਸੁੱਚਜਾ ਉਸਤਾਦ ਹਰ ਬੱਚੇ ਦੇ ਕੋਲ ਜਾ ਕੇ ਜਿਤੇ ਲੋੜ ਜਾਪੇ ਸੁਝਾਓ ਦਿੰਦਾ ਹੈ । ਅਤੇ ਹੋਰ ਹਰ ਤਰ੍ਹਾਂ ਦੀ ਸਹਾਇਤਾ ਦਿੰਦਾ ਹੈ ।

ਜਮਾਤ ਵਿਚ ਜੋ ਕੁਝ ਬੱਚਾ ਲਿਖੇ ਉਸ ਨੂੰ ਉਸਤਾਦ ਇਕ ਵਾਰ ਜਮਾਤ ਖ਼ਤਮ ਹੋਣ ਪਿਛੋਂ ਵੇਖ ਲਵੇ । ਸਾਡੇ ਆਮ ਸਕੂਲਾਂ ਵਿਚ ਬਚਿਆਂ ਦੇ ਘਰੋਂ ਲਿਖਕੇ ਲਿਆਂਦੇ ਲੇਖ ਜਾਂ ਅਭਿਆਸ ਵੇਖਣ ਦਾ ਰਿਵਾਜ ਤਾਂ ਹੈ, ਪਰ ਜਮਾਤ ਵਿਚ ਲਿਖੀਆਂ ਗਲਾਂ ਨੂੰ ਵੇਖਣ ਦਾ ਰਿਵਾਜ ਨਹੀਂ । ਇਸ ਕਰਕੇ ਬਚਿਆਂ ਵਿਚ ਜਿਹੜੀ ਬੌਧਿਕ ਢਿਲਪੁਣਾ ਆ ਜਾਂਦਾ ਹੈ ਉਹ ਉਹ ਬਚਿਆਂ ਲਈ ਬੜਾ ਹਾਨੀਕਾਰਕ ਸਿੱਧ ਹੁੰਦਾ ਹੈ । ਬੱਚੇ ਜਦ ਇਹ ਜਾਣਦੇ ਹਨ ਕਿ ਉਨ੍ਹਾਂ ਦੀ ਜਮਾਤ ਵਾਲੀ ਨੋਟਬੁਕ ਉਸਤਾਦ ਨਹੀਂ ਦੇਖਦਾ ਤਾਂ ਉਹ ਉਸ ਵਿਚ ਗਲਤ ਮਲਤ ਲਿਖ ਲੈਂਦੇ ਹਨ ਅਤੇ ਕੰਮ ਵੀ ਬੜੀ ਬੇਪਰਵਾਹੀ ਨਾਲ ਕਰਦੇ ਹਨ । ਇਸ ਤਰ੍ਹਾਂ ਜਮਾਤ ਦੀ ਲਿਖਾਈ ਬਚਿਆਂ ਵਿਚ ਹੋਰ ਵੀ ਲਾਪਰਵਾਹੀ ਨਾਲ ਗਲਤ ਲਿਖਣ ਦਾ ਅਭਿਆਸ

ਕਰਾ ਦਿੰਦੀ ਹੈ। ਪਿਛੋਂ ਜਾ ਕੇ ਇਸ ਅਭਿਆਸ ਤੋਂ ਛੁਟਕਾਰਾ ਪਾਉਣਾ ਔਖਾ ਹੋ ਜਾਂਦਾ ਹੈ। ਜਮਾਤ ਵਿਚ ਜੋ ਕੁਝ ਲਿਖਿਆ ਜਾਂਦਾ ਹੈ ਉਸ ਨੂੰ ਬੱਚੇ 'ਰਫ ਵਰਕ' ਕਹਿੰਦੇ ਹਨ ਅਤੇ ਘਰ ਤੋਂ ਲਿਖਕੇ ਲਿਆਂਦੇ ਨੂੰ 'ਫੇਅਰ' ਆਖਦੇ ਹਨ। ਇਹ ਸਮਝ ਲਿਆ ਜਾਂਦਾ ਹੈ ਕਿ ਜਮਾਤ ਵਿਚ ਬੇਪਰਵਾਹੀ ਨਾਲ ਲਿਖਣਾ ਮੁਆਫ ਹੈ। ਇਹ ਹੀ ਆਦਤ ਅੱਗੇ ਲਈ ਵੀ ਬਣੀ ਰਹਿੰਦੀ ਹੈ ਅਤੇ ਉਨ੍ਹਾਂ ਦੀ ਬਾਲਗ ਅਵਸਥਾ ਵਿਚ ਜਾ ਕੇ ਕਈ ਤਰ੍ਹਾਂ ਦੀਆਂ ਉਝਿਚਨਾ ਦਾ ਕਾਰਨ ਬਣਦੀ ਹੈ।

ਬਚਿਆਂ ਦੀਆਂ ਨੋਟਬੁਕਾਂ ਨੂੰ ਵੇਖਣਾ ਵੀ ਇਕ ਭਾਰੀ ਜਿਮੇਵਾਰੀ ਦਾ ਕੰਮ ਹੈ। ਆਪਣੇ ਵਿਚਾਰਾਂ ਨੂੰ ਸੁਧ ਬੋਲੀ ਵਿਚ ਪਰਗਟ ਕਰਨ ਦੀ ਯੋਗਤਾ ਅਭਿਆਸ ਨਾਲ ਹੀ ਆਉਂਦੀ ਹੈ। ਬੱਚਿਆਂ ਨੂੰ ਜਿਸ ਤਰ੍ਹਾਂ ਦੀ ਬੋਲੀ ਦੇ ਬੋਲਣ ਜਾਂ ਲਿਖਣ ਦਾ ਅਭਿਆਸ ਹੋ ਜਾਂਦਾ ਹੈ ਉਸੇ ਤਰ੍ਹਾਂ ਉਹ ਆਪਣੀ ਬਾਲਗ ਉਮਰ ਵਿਚ ਜਾ ਕੇ ਲਿਖਦੇ ਜਾਂ ਬੋਲਦੇ ਹਨ। ਕਈ ਉਸਤਾਦ ਬਚਿਆਂ ਤੋਂ ਲਿਖਣ ਦਾ ਕੰਮ ਤਾਂ ਕਾਫੀ ਕਰਵਾਉਂਦੇ ਹਨ ਪਰ ਉਹ ਵੇਖਣ ਦਾ ਯਤਨ ਨਹੀਂ ਕਰਦੇ ਕਿ ਉਸ ਤੋਂ ਬੱਚੇ ਨੂੰ ਲਾਭ ਕਿੰਨਾ ਕੁ ਹੁੰਦਾ ਹੈ। ਉਹ ਬਚਿਆਂ ਦੀਆਂ ਨੋਟਬੁਕਾਂ ਵਿਚ ਕੀਤੀਆਂ ਭੁੱਲਾਂ ਨੂੰ ਬੜੀ ਹੁਸ਼ਿਆਰੀ ਨਾਲ ਠੀਕ ਕਰਦੇ ਹਨ ਪਰ ਇਹ ਜਾਨਣ ਦਾ ਯਤਨ ਨਹੀਂ ਕਰਦੇ ਕਿ ਉਨ੍ਹਾਂ ਦੀ ਮਿਹਨਤ ਦਾ ਬਚਿਆਂ ਨੇ ਕਿੰਨਾ ਕੁ ਲਾਭ ਉਠਾਇਆ ਹੈ। ਕਈ ਬੱਚੇ ਉਸਤਾਦ ਦੇ ਦਿੱਤੇ ਕੰਮ ਨੂੰ ਕਰ ਲੈਂਦੇ ਹਨ ਪਰ ਉਸਤਾਦ ਦੀਆਂ ਠੀਕ ਕੀਤੀਆਂ ਗਲਤੀਆਂ ਵਲ ਧਿਆਨ ਨਹੀਂ ਦਿੰਦੇ। ਇਕ ਬੱਚਾ ਆਪਣੀ ਨੋਟਬੁਕ ਵਿਚ ਜਿੰਨੀਆਂ ਵਧੇਰੇ ਗਲਤੀਆਂ ਕਰਦਾ ਹੈ ਉੱਨਾ ਹੀ ਉਸ ਦਾ ਉਸਤਾਦ ਦੀਆਂ ਠੀਕ ਕੀਤੀਆਂ ਗਲਤੀਆਂ ਵਲ ਘਟ ਧਿਆਨ ਹੁੰਦਾ ਹੈ। ਜਿਸ ਬੱਚੇ ਦਾ ਲੇਖ ਲਾਲ ਸਿਆਹੀ ਨਾਲ ਰੰਗਿਆ ਹੁੰਦਾ ਹੈ ਉਹ ਉਸ ਨੂੰ ਖੋਲ੍ਹ ਕੇ ਵੀ ਨਹੀਂ ਵੇਖਦਾ ਅਤੇ ਜੇ ਵੇਖਦਾ ਹੈ ਤਾਂ ਉਸ ਨੂੰ ਇਕ ਪਾਸੇ ਸਿੱਟ ਪਾਦਾਂ ਹੈ। ਆਪਣੀਆਂ ਭੁਲਾਂ ਦਾ ਦੂਜੇ ਵਿਅਕਤੀ ਰਾਹੀਂ ਸੁਧਾਰ ਕਿਸੇ ਨੂੰ ਵੀ ਚੰਗਾ ਨਹੀਂ ਲਗਦਾ। ਇਸ ਨਾਲ ਸ੍ਵੈ ਤ੍ਰਿਸਕਾਰ ਦੀ ਭਾਵਨਾ ਪੈਦਾ ਹੁੰਦੀ ਹੈ ਜਿਸ ਤੋਂ ਹਰ ਵਿਅਕਤੀ ਬਚਣਾ ਚਾਹੁੰਦਾ ਹੈ। ਬੱਚਾ ਵੀ ਉਸ ਹੱਦ ਤਕ ਆਪਣੀਆਂ ਗਲਤੀਆਂ ਦਾ ਸੁਧਾਰ ਕਰਨ ਲਈ ਤਿਆਰ ਹੁੰਦਾ ਹੈ ਜਿਥੋਂ ਤਕ ਉਸ ਨੂੰ ਯਕੀਨ ਹੋਵੇ ਕਿ ਉਹ ਇਨ੍ਹਾਂ ਗਲਤੀਆਂ ਤੋਂ ਛੁਟਕਾਰਾ ਪਾ ਸਕਦਾ ਹੈ। ਜਦ ਬਚਾ ਗਲਤੀ ਦੇ ਸੁਧਾਰ ਵਲੋਂ ਨਿਰਾਸ ਹੋ ਜਾਂਦਾਂ ਹੈ ਤਾਂ ਕੁਦਰਤੀ ਤੌਰ ਤੇ ਆਪਣੀਆਂ ਕਮਜ਼ੋਰੀਆਂ ਬਾਰੇ ਨਾ ਸੋਚਣਾ ਹੀ ਠੀਕ ਸਮਝਦਾ ਹੈ।

ਉਪਰ ਦਸੀ ਮਨੋਵਿਗਿਆਨਕ ਸਚਿਆਈ ਸਮਝ ਕੇ ਉਸਤਾਦ ਨੂੰ ਚਾਹੀਦਾ ਹੈ ਕਿ ਉਹ ਜਿਥੋਂ ਤਕ ਹੋ ਸਕੇ ਆਮ ਬਚਿਆਂ ਤੋਂ ਗਲਤੀਆਂ ਠੀਕ ਕਰਵਾਏ। ਆਪ ਗਲਤੀਆਂ ਠੀਕ ਕਰਨ ਨਾਲ ਮਨੁਖ ਵਿਚ ਸ੍ਵੈ-ਭਰੋਸਾ ਪੈਦਾ ਹੁੰਦਾ ਹੈ, ਉਸ ਦੀਆਂ ਗਲਤੀਆਂ ਦੀ ਗਿਣਤੀ ਨਿਤ ਦਿਨ ਘਟਦੀ ਜਾਂਦੀ ਹੈ ਅਤੇ ਉਸ ਨੂੰ ਨਵਾਂ ਕੰਮ ਕਰਨ ਲਈ ਉਤਸ਼ਾਹ ਮਿਲਦਾ ਹੈ। ਜਿਥੋਂ ਤਕ ਹੋ ਸਕੇ ਉਸਤਾਦ ਬੱਚੇ ਦੀ ਭੁਲ ਦੱਸ ਦੇਵੇ ਪਰ ਉਸ ਨੂੰ ਠੀਕ ਕਰਨ ਦਾਂ ਭਾਰ ਬੱਚੇ ਉਤੇ ਰਹਿਣ ਦੇਵੇ। ਬੱਚੇ ਆਪਣੀ ਲਿਖਾਈ ਵਿਚ ਕਈ ਤਰ੍ਹਾਂ ਦੀਆਂ ਭੁਲਾਂ ਕਰਦੇ ਹਨ। ਭੁਲਾਂ ਨੂੰ ਦਸਣ ਲਈ ਵਖ ਵਖ ਇਸ਼ਾਰੇ ਬੰਨ੍ਹ ਲੈਣੇ ਚਾਹੀਦੇ ਹਨ।

ਬਚਿਆਂ ਨੂੰ ਇਕ ਵਾਰੀ ਬਹੁਤ ਸਾਰੀਆਂ ਗਲਤੀਆਂ ਨਾ ਦੱਸੀਆਂ ਜਾਣ। ਇਸ ਨਾਲ ਉਨ੍ਹਾਂ ਦਾ ਉਤਸ਼ਾਹ ਖਤਮ ਹੋ ਜਾਂਦਾ ਹੈ। ਜੇ ਕੋਈ ਬੱਚਾ ਆਪਣੀ ਲਿਖਾਈ ਵਿਚ

ਐਨੀਆਂ ਭੁਲਾਂ ਕਰਦਾ ਹੈ ਕਿ ਉਹ ਉਨ੍ਹਾਂ ਨੂੰ ਸੁਧਾਰ ਹੀ ਨਹੀਂ ਸਕਦਾ ਤਾਂ ਅਜਿਹੀ ਲਿਖਾਈ ਨੂੰ ਉਸ ਤੋਂ ਲਿਖਾਉਣਾ ਹੀ ਬੇ ਲੋੜਾ ਹੈ। ਛੋਟੀਆਂ ਜਮਾਤਾਂ ਵਿਚ ਬਚਿਆਂ ਦਾ ਸਾਰਾ ਕੰਮ ਜਮਾਤ ਵਿਚ ਹੀ ਹੋਣਾ ਚਾਹੀਦਾ ਹੈ। ਜੇ ਕਦੇ ਘਰੋਂ ਲਿਖ ਕੇ ਲਿਆਉਣ ਦਾ ਕੰਮ ਦਿਤਾ ਜਾਵੇ ਤਾਂ ਹੋ ਸਕਦਾ ਹੈ ਕਿ ਨਿਰੀ ਪੁਸਤਕ ਦੀ ਨਕਲ ਹੋਵੇ।

ਜਿਹੜੇ ਉਸਤਾਦ ਬਚਿਆਂ ਤੋਂ ਲੇਖ ਤਾਂ ਲਿਖਵਾਉਂਦੇ ਹਨ ਪਰ ਉਨ੍ਹਾਂ ਨੂੰ ਠੀਕ ਨਹੀਂ ਕਰਦੇ ਜਾਂ ਠੀਕ ਕਰ ਕੇ ਇਹ ਧਿਆਨ ਨਹੀਂ ਦਿੰਦੇ ਕਿ ਬਚਿਆਂ ਦਾ ਇਸ ਤਰ੍ਹਾਂ ਠੀਕ ਕਰਨ ਨਾਲ ਲਾਭ ਹੋਇਆ ਹੈ ਕਿ ਨਹੀਂ, ਉਹ ਬਾਲਕਾਂ ਨਾਲ ਅਨਿਆਇ ਕਰਦੇ ਹਨ। ਬਾਰ ਬਾਰ ਗਲਤ ਲਿਖਣ ਨਾਲ ਬੱਚੇ ਗਲਤ ਲਿਖਣ ਦੇ ਆਦੀ ਹੋ ਜਾਂਦੇ ਹਨ। ਆਮ ਤੌਰ ਤੇ ਘਰ ਤੋਂ ਲਿਖ ਕੇ ਲਿਆਂਦੇ ਲੇਖਾਂ ਦਾ ਇਹ ਹੀ ਸਿੱਟਾ ਹੁੰਦਾ ਹੈ। ਫਿਰ ਜਦ ਗਲਤ ਲਿਖਣ ਦੀ ਆਦਤ ਬਣ ਜਾਵੇ ਤਾਂ ਇਸ ਆਦਤ ਨੂੰ ਤੋੜਨਾ ਬੜਾ ਔਖਾ ਹੋ ਜਾਂਦਾ ਹੈ। ਉਸਤਾਦ ਨੂੰ ਸਦਾ ਇਹ ਵੇਖਣਾ ਚਾਹੀਦਾ ਹੈ ਕਿ ਜਿਸ ਗਲਤੀ ਨੂੰ ਬੱਚੇ ਨੇ ਇਕ ਵਾਰ ਆਪਣੀ ਨੋਟ ਬੁਕ ਵਿਚ ਕੀਤਾ ਹੈ ਉਹ ਘੜੀ ਮੁੜੀ ਤਾਂ ਨਹੀਂ ਉਹ ਗਲਤੀ ਕਰ ਰਿਹਾ। ਜੇ ਕੋਈ ਬੱਚਾ ਇਸ ਤਰ੍ਹਾਂ ਕਰਦਾ ਹੈ ਤਾਂ ਉਸ ਨੂੰ ਵਖ ਸੱਦ ਕੇ ਉਸ ਨੂੰ ਘੜੀ ਮੁੜੀ ਕੀਤੀਆਂ ਗਲਤੀਆਂ ਸਮਝਾਂ ਦੇਣੀਆਂ ਚਾਹੀਦੀਆਂ ਹਨ।

ਬਚਿਆਂ ਨੂੰ ਠੀਕ ਅਤੇ ਗਲਤ ਲਿਖਣ ਦੀਆਂ ਦੋ ਵਖ ਵਖ ਨੋਟ ਬੁਕਾਂ ਬਨਾਉਣ ਦੀ ਸਲਾਹ ਕਦੇ ਵੀ ਨਹੀਂ ਦੇਣੀ ਚਾਹੀਦੀ। ਉਨ੍ਹਾਂ ਵਿਚ ਇਹ ਆਦਤ ਪਾਉਣੀ ਚਾਹੀਦੀ ਹੈ ਕਿ ਉਹ ਜੋ ਕੁਝ ਲਿਖਣ, ਸ਼ੁਧ, ਸਪਸ਼ਟ ਅਤੇ ਸੁੰਦਰ ਹੋਵੇ। ਸਾਰੇ ਕੰਮ ਨੂੰ ਹੁਸ਼ਿਆਰੀ ਨਾਲ ਕਰਨ ਨਾਲ ਹੀ ਹੁਸ਼ਿਆਰ ਰਹਿਣ ਦੀ ਆਦਤ ਪੈਂਦੀ ਹੈ। ਜਿਹੜਾ ਵਿਅਕਤੀ ਇਕ ਕੰਮ ਬੇਪਰਵਾਹੀ ਨਾਲ ਕਰਦਾ ਹੈ ਉਹ ਦੂਜੇ ਕੰਮ ਨੂੰ ਵੀ ਬੇਪਰਵਾਹੀ ਨਾਲ ਕਰੇਗਾ।

## ਪਾਠ-ਪੁਸਤਕ

ਜਮਾਤ ਨੂੰ ਪੜ੍ਹਾਉਣ ਦਾ ਇਕ ਸਾਧਨ ਪਾਠ ਪੁਸਤਕ ਦੀ ਵਰਤੋਂ ਹੈ। ਕੁਝ ਵਿਸ਼ੇ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਪਾਠ-ਪੁਸਤਕ ਦਾ ਸਦਾ ਬਚਿਆਂ ਦੇ ਹੱਥ ਵਿਚ ਰਹਿਣਾ ਜ਼ਰੂਰੀ ਹੈ। ਵਿਸ਼ਾ ਪਾਠ-ਪੁਸਤਕ ਰਾਹੀਂ ਹੀ ਪੜ੍ਹਾਇਆ ਜਾਂਦਾ ਹੈ, ਜਾਂ ਪਾਠ-ਪੁਸਤਕ ਹੈ ਪੜ੍ਹਾਉਣਾ ਹੀ ਪਾਠ ਦਾ ਨਿਸ਼ਾਨਾ ਹੁੰਦਾ ਹੈ। ਪਰ ਕੁਝ ਵਿਸ਼ੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਵਿਚ ਪਾਠ-ਪੁਸਤਕ ਦੀ ਵਰਤੋਂ ਹਰ ਵੇਲੇ ਨਹੀਂ ਕੀਤੀ ਜਾਂਦੀ ਅਤੇ ਲੋੜ ਪੈਣ ਉਤੇ ਹੀ ਬਚਿਆਂ ਨੂੰ ਆਪਣੀ ਪਾਠ-ਪੁਸਤਕ ਵੇਖਣ ਲਈ ਆਖਿਆ ਜਾਂਦਾ ਨੂੰ। ਬੱਚੇ ਪਾਠ-ਪੁਸਤਕ ਨੂੰ ਘਰ ਤੋਂ ਪੜ੍ਹ ਕੇ ਆਉਂਦੇ ਹਨ ਜਾਂ ਪਾਠ ਪੜ੍ਹਾਉਣ ਪਿਛੋਂ ਉਸ ਨੂੰ ਘਰ ਜਾ ਕੇ ਪੜ੍ਹਦੇ ਹਨ। ਬੋਲੀ ਦੀ ਸਿੱਖਿਆ ਲਈ ਪਾਠ-ਪੁਸਤਕ ਸਿੱਖਿਆ ਦਾ ਅਧਾਰ ਹੁੰਦਾ ਹੈ, ਇਤਿਹਾਸ, ਭੂਗੋਲ ਆਦਿ ਵਿਸ਼ਿਆਂ ਲਈ ਪਾਠ-ਪੁਸਤਕ ਦਾ ਨਿਰਾ ਸਹਾਰਾ ਹੀ ਲਿਆ ਜਾਂਦਾ ਹੈ ਅਤੇ ਵਿਗਿਆਨਿਕ ਵਿਸ਼ਿਆਂ ਲਈ ਪਾਠ-ਪੁਸਤਕ ਬੱਚੇ ਆਮ ਤੌਰ ਤੇ ਘਰ ਜਾ ਕੇ ਹੀ ਪੜ੍ਹਦੇ ਹਨ।

ਪਾਠ-ਪੁਸਤਕ ਦੀ ਵਰਤੋਂ ਬਾਰੇ ਇੰਨਾ ਕਹਿਣਾ ਕਾਫੀ ਹੈ ਕਿ ਜਿਥੇ ਜ਼ਰੂਰੀ ਹੋਵੇ ਉਥੇ ਇਸਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਕਿੰਨੇ ਹੀ ਬਚਿਆਂ ਨੂੰ ਪਾਠ-ਪੁਸਤਕ ਪੜ੍ਹਨੀ ਤਕ ਨਹੀਂ ਆਉਂਦੀ। ਉਸਤਾਦ ਦਾ ਫਰਜ਼ ਹੈ ਕਿ ਉਹ ਬਚਿਆਂ ਨੂੰ ਪਾਠ-ਪੁਸਤਕ ਦਾ ਪੜ੍ਹਨਾ ਅਤੇ ਅਧਿਅਨ ਕਰਨਾ ਸਿਖਾਵੇ। ਬੋਲੀ ਦੀ ਸਿੱਖਿਆ ਵਿਚ ਜਦ ਬਚੇ ਪਾਠ-ਪੁਸਤਕ ਨੂੰ ਪੜ੍ਹਨ

ਵਿਚ ਗਲਤੀ ਕਰਨ ਤਾਂ ਉਨ੍ਹਾਂ ਦੀ ਗਲਤੀ ਆਪ ਠੀਕ ਕਰਨ ਦੀ ਥਾਂ ਦੂਜਿਆਂ ਬਚਿਆਂ ਕੋਲੋਂ ਕਰਵਾਉਣੀ ਚਾਹੀਦੀ ਹੈ। ਜਦ ਇਤਿਹਾਸ ਅਤੇ ਭੂਗੋਲ ਵਿਚ ਕੋਈ ਬਚਾ ਕਿਸੇ ਗਲ ਬਾਰੇ ਗਲਤੀ ਕਰੇ ਤਾਂ ਉਸਨੂੰ ਆਪਣੀ ਪਾਠ-ਪੁਸਤਕ ਖੋਲ੍ਹਕੇ ਵੇਖਣ ਲਈ ਆਖਣਾ ਚਾਹੀਦਾ ਹੈ। ਇਨਾਂ ਪਾਠਾਂ ਨੂੰ ਪੜ੍ਹਾਉਣ ਵੇਲੇ ਹਰ ਬੱਚੇ ਕੋਲ ਆਪਣੀ ਪਾਠ-ਪੁਸਤਕ ਹੋਣੀ ਚਾਹੀਦੀ ਹੈ। ਛੋਟੀਆਂ ਜਮਾਤਾਂ ਵਿਚ ਇਤਿਹਾਸ ਦੀ ਸਿੱਖਿਆ ਪਾਠ-ਪੁਸਤਕ ਦੇ ਅਧਾਰ ਤੇ ਹੀ ਪੜ੍ਹਾਈ ਜਾਂਦੀ ਹੈ।

ਬਚਿਆਂ ਦੀਆਂ ਪਾਠ-ਪੁਸਤਕਾਂ ਮੋਟੇ ਮੋਟੇ ਅਖਰਾਂ ਵਿਚ ਲਿਖੀਆਂ ਹੋਣੀਆਂ ਚਾਹੀਦੀਆਂ ਹਨ। ਜਿੰਨੀ ਛੋਟੀ ਜਮਾਤ ਹੋਵੇ ਉੱਨੀ ਹੀ ਮੋਟੇ ਅਖਰਾਂ ਵਿਚ ਲਿਖੀ ਪੁਸਤਕ ਵਰਤੋਂ ਵਿਚ ਲਿਆਉਣੀ ਚਾਹੀਦੀ ਹੈ। ਛੋਟੀ ਜਮਾਤ ਦੇ ਬਚਿਆਂ ਦੀ ਪਾਠ-ਪੁਸਤਕ ਦੇ ਪੰਨੇ ਛੋਟੇ ਹੋਣੇ ਚਾਹੀਦੇ ਹਨ। ਪਾਠ-ਪੁਸਤਕ ਵਿਚ ਪਾਠ ਦਾ ਵਿਸ਼ਾ ਚਿੱਤਰਾਂ ਰਾਹੀਂ ਜਿੰਨਾ ਵਧੇਰੇ ਦਰਕਾਸ਼ਿਆ ਗਿਆ ਹੋਵੇ ਉੱਨਾ ਹੀ ਚੰਗਾ ਹੈ। ਛੋਟੇ ਬਚਿਆਂ ਦੀਆਂ ਪੁਸਤਕਾਂ ਰੰਗੀਨ ਚਿਤਰਾਂ ਨਾਲ ਭਰੀਆਂ ਹੋਣੀਆ ਚਾਹੀਦੀਆਂ ਹਨ।

ਜਦ ਜਮਾਤ ਵਿਚ ਕੋਈ ਬੱਚਾ ਪਾਠ-ਪੁਸਤਕ ਪੜ੍ਹ ਰਿਹਾ ਹੋਵੇ ਤਾਂ ਉਸਤਾਦ ਨੂੰ ਚਾਹੀਦਾ ਹੈ ਕਿ ਉਹ ਵੇਖੇ ਕਿ ਬੱਚਾ ਪੁਸਤਕ ਨੂੰ ਅੱਖਾਂ ਦੇ ਬਹੁਤ ਨੇੜੇ ਤਾਂ ਨਹੀਂ ਲੈ ਜਾਂਦਾ। ਆਮ ਤੌਰ ਤੇ ੧੨ ਇੰਚ ਦੀ ਦੂਰੀ ਉਤੇ ਪੁਸਤਕ ਰੱਖੀ ਜਾਣੀ ਚਾਹੀਦੀ ਹੈ ਜਦ ਬੱਚਿਆਂ ਨੂੰ ਇਸ ਤਰ੍ਹਾਂ ਨਹੀਂ ਕਿਹਾ ਜਾਂਦਾ ਤਾਂ ਉਹ ਪਾਠ-ਪੁਸ਼ਤਕ ਨੂੰ ਅਖਾਂ ਦੇ ਬਹੁਤ ਨੇੜੇ ਲੈਜਾਕੇ ਪੜ੍ਹਨ ਦੀ ਆਦਤ ਪਾ ਲੈਂਦੇ ਹਨ। ਇਸ ਨਾਲ ਇਕ ਤਾਂ ਉਨ੍ਹਾਂ ਦੀ ਨਜ਼ਰ ਖਰਾਬ ਹੋ ਜਾਂਦੀ ਹੈ ਦੂਜੇ ਉਨ੍ਹਾਂ ਦੀ ਬੁੱਧੀ ਨੂੰ ਵੀ ਹਾਨੀ ਪਹੁੰਚਦੀ ਹੈ। ਪਾਠ ਪੁਸਕਤ ਨੂੰ ਅਖਾਂ ਦੇ ਬਹੁਤ ਹੀ ਨੇੜੇ ਰਖ ਕੇ ਪੜ੍ਹਨ ਵਾਲੇ ਬੱਚੇ ਨੂੰ ਲਿਖਤੀ ਵਿਸ਼ੇ ਉੱਨੀ ਜਲਦੀ ਸਮਝ ਨਹੀਂ ਪੈਂਦੇ ਜਿੰਨੀ ਜਲਦੀ ਦੂਰ ਰਖਕੇ ਪੜ੍ਹਨ ਨਾਲ ਪੈਂਦੇ ਹਨ। ਇਸ ਬਾਰੇ ਕਈ ਮਨੋ-ਵਿਗਿਆਨਕ ਪ੍ਰਯੋਗ ਕੀਤੇ ਜਾ ਚੁਕੇ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਪਾਠ-ਪੁਸਤਕ ਨੂੰ ਅਖਾਂ ਦੇ ਬਹੁਤ ਨੇੜੇ ਰਖਣ ਨਾਲ ਬਚਿਆਂ ਨੂੰ ਭਾਰੀ ਮਾਨਸਿਕ ਹਾਨੀ ਹੁੰਦੀ ਹੈ।

## ਵਾਰਤਾਲਾਪ ਅਤੇ ਐਕਟਿੰਗ

ਪਾਠ ਨੂੰ ਸੁਆਦੀ ਤੇ ਸਮਝ ਗੋਚਰੇ ਬਨਾਉਣ ਲਈ ਇਕ ਉਪਾ ਬਾਲਕਾਂ ਕੋਲੋਂ ਪਾਠ ਬਾਰੇ ਆਪਸ ਵਿਚ ਗਲਬਾਤ ਕਰਾਉਣਾ ਤੇ ਹਥਾਂ ਦੇ ਇਸ਼ਾਰੇ ਨਾਲ ਐਕਟਿੰਗ ਕਰਾਉਣਾ ਹੈ। ਆਪਸ ਵਿਚ ਗਲ ਬਾਤ ਕਰਨ ਨਾਲ ਬਚਿਆਂ ਵਿਚ ਆਪਣੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਜੋੜਕੇ ਪਰਭਾਵਸ਼ਾਲੀ ਬੋਲੀ ਵਿਚ ਤੁਰਤ ਕਹਿਣ ਦੀ ਆਦਤ ਪੈਂਦੀ ਹੈ। ਆਪਣੀ ਗਲ ਨੂੰ ਦੂਜਿਆਂ ਦੇ ਮਨ ਵਿਚ ਬਠਾਉਣਾ ਇਕ ਖਾਸ ਕਿਸਮ ਦੀ ਕਲਾ ਹੈ। ਸਿਆਣਾ ਬੱਚਾ ਹੀ ਆਪਣੇ ਭਾਵ ਆਪਣੇ ਸਾਥੀਆਂ ਅੱਗੇ ਸਪਸ਼ਟ ਢੰਗ ਵਿਚ ਪਰਗਟ ਕਰ ਸਕਦਾ ਹੈ। ਦੋ ਬਚਿਆਂ ਦੀ ਆਪਸ ਵਿਚ ਗਲ ਬਾਤ ਹੋਣ ਵੇਲੇ ਉਸਤਾਦ ਨੂੰ ਧਿਆਨ ਰਖਣਾ ਚਾਹੀਦਾ ਹੈ ਕਿ ਬੱਚੇ ਨੂੰ ਆਪਣੇ ਭਾਵ ਪਰਗਟ ਕਰਨ ਵਿਚ ਕਿਸ ਤਰ੍ਹਾਂ ਦੀਆਂ ਔਕੜਾਂ ਆਉਂਦੀਆਂ ਹਨ ਅਤੇ ਉਹ ਕਿਸ ਤਰ੍ਹਾਂ ਦੀਆਂ ਗਲਤੀਆਂ ਕਰਦਾ ਹੈ। ਉਨ੍ਹਾਂ ਗਲਤੀਆਂ ਨੂੰ ਬਾਦ ਵਿਚ ਉਸਤਾਦ ਨੂੰ ਠੀਕ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਬੱਚੇ ਨੂੰ ਨਿਰ ਉਤਸ਼ਾਹ ਕਰਨ ਤੋਂ ਬਗੈਰ ਜੇ ਭੁਲਾਂ ਤੁਰਤ ਸੁਧਾਰੀਆਂ ਜਾ ਸਕਣ ਤਾਂ ਹੋਰ ਵੀ ਚੰਗਾ ਹੈ। ਜਦ ਬੱਚਾ ਸ੍ਵੈ-ਪਰਗਟਾਵੇ ਵਿਚ ਕੁਝ ਝਿਜਕ ਪਰਤੀਤ ਕਰੇ ਤਾਂ ਉਸਨੂੰ ਉਤਸ਼ਾਹ ਦੇਣਾ ਜ਼ਰੂਰੀ ਹੈ। ਜਿਹੜਾ ਬੱਚਾ ਇਸ ਤਰ੍ਹਾਂ ਉਤਸ਼ਾਹ

ਪਰਾਪਤ ਕਰਕੇ ਆਪਣੇ ਵਿਚਾਰਾਂ ਨੂੰ ਪਰਗਟ ਕਰਨ ਦੇ ਸਮੱਰਥ ਹੋ ਜਾਂਦਾ ਹੈ ਉਹ ਬਾਦ ਵਿਚ ਆਪਣੇ ਵਿਚਾਰਾਂ ਨੂੰ ਪਰਗਟ ਕਰਨ ਵਿਚ ਨਹੀਂ ਝਿਜਕਦਾ। ਜਦ ਬੱਚੇ ਆਪਣੀ ਸਫਲਤਾ ਤੋਂ ਜਾਣੂ ਹੋ ਜਾਂਦੇ ਹਨ ਤਾਂ ਗਲ ਬਾਤ ਕਰਨ ਲਈ ਆਪਣੇ ਆਪ ਕਾਹਲੇ ਰਹਿੰਦੇ ਹਨ। ਜਦ ਵੀ ਉਨ੍ਹਾਂ ਨੂੰ ਮੌਕਾ ਮਿਲਦਾ ਹੈ ਉਹ ਆਪਣੇ ਵਿਚਾਰ ਦੂਜਿਆਂ ਅੱਗੇ ਰਖਣ ਦਾ ਯਤਨ ਕਰਦੇ ਹਨ।

ਜਿਸ ਤਰ੍ਹਾਂ ਵਾਰਤਾਲਾਪ ਵਚ ਸ੍ਵੈ-ਵਿਸ਼ਵਾਸ਼ ਆਉਂਦਾ ਹੈ, ਉਸੇ ਤਰ੍ਹਾਂ ਐਕਟਿੰਗ ਨਾਲ ਵੀ ਬਚਿਆਂ ਨੂੰ ਕਈ ਤਰ੍ਹਾਂ ਦੇ ਬੌਧਿਕ ਅਤੇ ਅਧਿਆਤਮਕ ਲਾਭ ਹੁੰਦੇ ਹਨ। ਬੋਲੀ ਦੀ ਸਿਖਿਆ ਵਿਚ ਐਕਟਿੰਗ ਦੀ ਬੜੀ ਮੱਹਤਾ ਹੈ। ਇਸੇ ਤਰ੍ਹਾਂ ਇਤਿਹਾਸ ਦੀਆਂ ਕੁਝ ਥਾਵਾਂ ਐਕਟਿੰਗ ਰਾਹੀਂ ਸੁਆਦੀ ਬਣਾਈਆਂ ਜਾਂ ਸਕਦੀਆਂ ਹਨ; ਇਥੇ ਐਕਟਿੰਗ ਦਾ ਅਰਥ ਸਟੇਜ ਤੇ ਨਾਟਕ ਖੇਡਣ ਤੋਂ ਨਹੀਂ। ਜਮਾਤ ਵਿਚ ਕੀਤੀ ਜਾਣ ਵਾਲੀ ਐਕਟਿੰਗ ਸਟੇਜ ਕੀਤੀ ਜਾਣ ਵਾਲੀ ਐਕਟਿੰਗ ਤੋਂ ਵਖਰੀ ਹੈ। ਇਸ ਵਿਚ ਬਚਿਆਂ ਨੂੰ ਸਾਰੀਆਂ ਕਲਪਿਤ ਗਲਾਂ ਕਰਨੀਆਂ ਪੈਂਦੀਆਂ ਹਨ। ਇਨ੍ਹਾਂ ਦਾ ਮੁਖ ਮੰਤਵ ਬਚਿਆਂ ਵਿਚ ਭਾਵ ਪੂਰਤ ਗਲ ਬਾਤ ਕਰਨ ਜਾਂ ਆਪਣੇ ਵਿਚਾਰਾਂ ਨੂੰ ਪਰਗਟ ਕਰਨ ਦੀ ਸ਼ਕਤੀ ਵਧਾਉਣਾ ਹੈ। ਇਸ ਐਕਟਿੰਗ ਲਈ ਕਿਸੇ ਤਰ੍ਹਾਂ ਦੀ ਸਜਾਵਟ ਦੀ ਲੋੜ ਨਹੀਂ ਹੁੰਦੀ।

ਜਿਸ ਸਿਖਿਆ ਨੂੰ ਬਾਲਕ ਚੰਗੀ ਤਰ੍ਹਾਂ ਪੜ੍ਹ ਚੁੱਕੇ ਹਨ ਉਸ ਵਿਚ ਹੀ ਐਕਟਿੰਗ ਦੀ ਵਰਤੋਂ ਹੋ ਸਕਦੀ ਹੈ। ਐਕਟਿੰਗ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦੀ ਬੁਧੀ ਹੋਰ ਬਚਿਆਂ ਨਾਲੋਂ ਤਿਖੀ ਹੋਣੀ ਜ਼ਰੂਰੀ ਹੈ ਤਾਂ ਜੁ ਉਹ ਬਹੁਤ ਸਾਰੀਆਂ ਗਲਾਂ ਜ਼ਬਾਨੀ ਯਾਦ ਕਰਕੇ ਕਹਿ ਸਕਣ ਅਤੇ ਗਲ ਗਲ ਵਿਚ ਗਲਤੀ ਨਾ ਕਰਨ।

## ਪੜ੍ਹਾਈ ਕਰਾਉਣ ਦੇ ਹੋਰ ਸਾਧਨ

ਉਪਰ ਅਸਾਂ ਅਜਿਹੇ ਸਾਧਨਾਂ ਦਾ ਵਰਣਨ ਕੀਤਾ ਹੈ ਜਿਹੜੇ ਕਿਸੇ ਪਾਠ ਨੂੰ ਸਫਲ ਬਨਾਉਣ ਲਈ ਜ਼ਰੂਰੀ ਹਨ। ਇਨ੍ਹਾਂ ਤੋਂ ਬਿਨਾਂ ਕੁਝ ਸਾਧਨ ਅਜਿਹੇ ਵੀ ਹਨ ਜਿਨ੍ਹਾਂ ਨਾਲ ਪੂਰੇ ਸਕੂਲ ਦੀ ਪੂਰੀ ਪੜ੍ਹਾਈ ਨੂੰ ਲਾਭਕਾਰੀ ਅਤੇ ਸੁਆਦੀ ਬਣਾਇਆ ਜਾ ਸਕਦਾ ਹੈ। ਸਕੂਲ-ਪੁਸਤਕਾਲਾ, ਸਕੂਲ ਅਜੈਬਘਰ, ਪਰੀਖਿਆਵਾਂ, ਜਮਾਤ ਅਤੇ ਸਕੂਲ ਵਿਚ ਕੀਤੇ ਜਾਂਦੇ ਵਾਦ-ਵਿਵਾਦ (ਚਰਚਾ) ਪੜ੍ਹਾਈ ਨੂੰ ਲਾਭਕਾਰੀ ਬਨਾਉਣ ਦੇ ਹੋਰ ਸਾਧਨ ਹਨ। ਜਿਨ੍ਹਾਂ ਤੇ ਅਸੀਂ ਇਕ ਇਕ ਕਰ ਕੇ ਵਿਚਾਰ ਕਰਾਂਗੇ।

**ਪੁਸਤਕਾਲੇ ਦਾ ਲਾਭ :—** ਹਰ ਸਕੂਲ ਵਿਚ ਇਕ ਪੁਸਤਕਾਲਾ ਹੋਣਾ ਚਾਹੀਦਾ ਹੈ। ਇਨ੍ਹਾਂ ਪੁਸਤਕਾਲਿਆਂ ਤੋਂ ਉਸਤਾਦ ਆਪ ਲਾਭ ਉਠਾਉਂਦੇ ਹਨ ਅਤੇ ਸਮੇਂ ਸਮੇਂ ਬਚਿਆਂ ਨੂੰ ਉਸ ਦੀ ਵਰਤੋਂ ਕਰਨੀ ਸਿਖਾਉਂਦੇ ਹਨ। ਖੋਟਿਆਂ ਭਾਗਾਂ ਨੂੰ ਸਾਡੇ ਦੇਸ ਦੇ ਪ੍ਰਾਇਮਰੀ ਸਕੂਲਾਂ ਵਿਚ ਤਾਂ ਪਾਠ-ਪੁਸਤਕਾਂ ਤੋਂ ਬਿਨਾ ਕੋਈ ਹੋਰ ਪੁਸਤਕ ਹੁੰਦੀ ਹੀ ਨਹੀਂ। ਇਸ ਕਾਰਨ ਬਚਿਆਂ ਦਾ ਤਾਂ ਭਲਾ ਕੀ ਪੁਛਣਾ ਹੋਇਆ ਉਸਤਾਦਾਂ ਨੂੰ ਵੀ ਆਪਣੇ ਗਿਆਨ ਭੰਡਾਰ ਨੂੰ ਵਧਾਉਣ ਦੀ ਕੋਈ ਸਹੂਲਤ ਨਹੀਂ ਹੁੰਦੀ। ਜੇ ਬੱਚੇ ਪਾਠ-ਪੁਸਤਕ ਨੂੰ ਚੰਗੀ ਤਰ੍ਹਾਂ ਪੜ੍ਹ ਸਕਣ ਤਾਂ ਇੰਨਾ ਹੀ ਕਾਫੀ ਸਮਝਣਾ ਚਾਹੀਦਾ ਹੈ।

ਜਿਨ੍ਹਾਂ ਵਡੇ ਸਕੂਲਾਂ ਵਿਚ ਪੁਸਤਕਾਲੇ ਹੁੰਦੇ ਹਨ ਉਨ੍ਹਾਂ ਦੀ ਵਰਤੋਂ ਕਰਨਾ ਬਚਿਆਂ ਨੂੰ ਨਹੀਂ ਸਿਖਾਇਆ ਜਾਂਦਾ। ਜਦੋਂ ਤਕ ਬੱਚੇ ਨੂੰ ਉਸ ਦੀ ਯੋਗਤਾ ਅਨੁਸਾਰ ਪੁਸਤਕ ਉਸਤਾਦ

ਆਪ ਪੁਸਤਕਾਲੇ ਵਿਚੋਂ ਕਢ ਕੇ ਨਹੀਂ ਦਿੰਦਾ ਓਦੋਂ ਤਕ ਬੱਚਾ ਆਪਣੀ ਪਾਠ-ਪੁਸਤਕ ਤੋਂ ਬਿਨਾਂ ਕੋਈ ਹੋਰ ਪੁਸਤਕ ਨਹੀਂ ਪੜ੍ਹਦਾ । ਪੁਸਤਕਾਂ ਦੇ ਭੰਡਾਰ ਵਿਚੋਂ ਉਹ ਕਿਹੜੀ ਲਵੇ ਅਤੇ ਕਿਹੜੀ ਨਾ ਲਵੇ ਇੰਨੀ ਯੋਗਤਾ ਵੀ ਉਸ ਵਿਚ ਨਹੀਂ ਹੁੰਦੀ । ਪੁਸਤਕਾਲੇ ਦੀ ਪੁਸਤਕ ਦੀ ਵਰਤੋਂ ਕਰਨ ਜਾਂ ਅਜਿਹੀਆਂ ਪੁਸਤਕਾਂ ਦੇ ਪੜ੍ਹਨ ਦੀ ਜਾਚ ਵੀ ਬੱਚਾ ਉਸਤਾਦ ਕੋਲੋਂ ਸਿਖਦਾ ਹੈ ।

## ਅਜੈਬ ਘਰ (ਸੰਗ੍ਰਹਿਆਲਾ)

ਹਰ ਵੱਡੇ ਸਕੂਲ ਵਿਚ ਇਕ ਅਜੈਬ ਘਰ ਹੋਣਾ ਚਾਹੀਦਾ ਹੈ । ਇਸ ਤਰ੍ਹਾਂ ਦੇ ਅਜੈਬ ਘਰ ਵਿਚ ਅਜਿਹੀਆਂ ਚੀਜ਼ਾਂ ਇਕੱਠੀਆਂ ਕਰ ਕੇ ਰੱਖੀਆਂ ਜਾਂਦੀਆਂ ਹਨ ਜਿਹੜੀਆਂ ਬਚਿਆਂ ਨੂੰ ਉਨ੍ਹਾਂ ਦੇ ਪੜ੍ਹੇ ਪਾਠਾਂ ਨੂੰ ਸੁਆਦੀ ਬਨਾਉਣ ਜਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾਉਣ ਵਿਚ ਸਹਾਈ ਹੁੰਦੀਆਂ ਹਨ । ਸਕੂਲ ਦੇ ਅਜੈਬਘਰ ਵਿਚ ਵਖ ਵਖ ਕਿਸਮ ਦੇ ਪੱਥਰ, ਫੁਲ, ਪੱਤੀਆਂ, ਕੀੜੇ, ਜਾਨਵਰਾਂ ਦੇ ਚਿਤਰ, ਵੱਖ ਵੱਖ ਦੇਸਾਂ ਦੇ ਡਾਕਖਾਨਿਆਂ ਦੀਆਂ ਟਿਕਟਾਂ, ਸਿੱਕੇ, ਕੁਝ ਵਿਗਿਆਨਿਕ ਯੰਤਰ ਆਦਿ ਦਾ ਰਹਿਣਾ ਬੜਾ ਜ਼ਰੂਰੀ ਹੈ । ਜਿਹੜੀਆਂ ਬਚਿਆਂ ਦੀ ਉਤਸਕਤਾ ਜਗਾਉਣ ਵਾਲੀਆਂ ਚੀਜ਼ਾਂ ਹੋਣ ਅਤੇ ਜਿਨ੍ਹਾਂ ਨੂੰ ਬਚਿਆਂ ਆਪ ਇਕੱਠਾ ਕੀਤਾ ਹੋਵੇ, ਉਨ੍ਹਾਂ ਨੂੰ ਸਕੂਲ ਦੇ ਅਜੈਬ ਘਰ ਵਿਚ ਰਖਣਾ ਚਾਹੀਦਾ ਹੈ ।

ਸਕੂਲਾਂ ਵਿਚ ਅਜੈਬ ਘਰ ਹੋਣਾ ਵਖਰੀ ਗਲ ਹੈ । ਅਤੇ ਉਸ ਦੀ ਵਰਤੋਂ ਕਰਨਾ ਵਖਰੀ ਗਲ । ਅਜੈਬ ਘਰ ਕਦੇ ਕਦੇ ਲੋੜ ਪੈਣ ਉਤੇ ਬਚਿਆਂ ਨੂੰ ਵਖਾਉਣਾ ਚਾਹੀਦਾ ਹੈ। ਬੱਚਿਆਂ ਤੋਂ ਪ੍ਰਸ਼ਨ ਪੁਛ ਕੇ ਅਜੈਬ ਘਰ ਵਿਚ ਰਖੀਆਂ ਚੀਜ਼ਾਂ ਵਿਚ ਰੁਚੀ ਵਧਾਈ ਜਾ ਸਕਦੀ ਹੈ। ਜਦ ਕਿਸੇ ਸੰਥਾ ਵਿਚ ਅਜੈਬਘਰ ਵਿਚ ਇਕੱਠੀ ਕੀਤੀ ਚੀਜ਼ ਦਾ ਵਰਣਨ ਹੋਵੇ ਤਾਂ ਬਚਿਆਂ ਨੂੰ ਅਜੈਬ ਘਰ ਵਿਚ ਲੈ ਜਾ ਕੇ ਉਹ ਚੀਜ਼ ਵਿਖਾਉਣੀ ਚਾਹੀਦੀ ਹੈ । ਕਦੇ ਕਦੇ ਇਤਿਹਾਸ ਜਾਂ ਭੂਗੋਲ ਦੇ ਪਾਠ ਵਿਚ ਅਜੈਬਘਰ ਤੋਂ ਚੀਜ਼ਾਂ ਲਿਆ ਕੇ ਬਚਿਆਂ ਨੂੰ ਵਖਾਉਣੀਆਂ ਚਾਹੀਦੀਆਂ ਹਨ ।

## ਪਰੀਖਿਆਵਾਂ

ਬੱਚੇ ਦੀ ਪੜ੍ਹਾਈ ਵਿਚ ਪਰੀਖਿਆਵਾਂ ਵੀ ਮਹੱਤਾ ਵਾਲਾ ਥਾਂ ਹੈ। ਪਰੀਖਿਆਵਾਂ ਦੇ ਕਾਰਨ ਬੱਚੇ ਪਾਠ ਨੂੰ ਚੰਗੀ ਤਰ੍ਹਾਂ ਯਾਦ ਕਰਦੇ ਹਨ । ਪਰੀਖਿਆ ਰਾਹੀਂ ਉਸਤਾਦ ਨੂੰ ਵੀ ਆਪਣੀ ਸਫਲਤਾ ਦਾ ਗਿਆਨ ਹੋ ਜਾਂਦਾ ਹੈ। ਇਹ ਪਰੀਖਿਆਵਾਂ ਮਾਸਿਕ, ਤ੍ਰੈਮਾਸਿਕ, ਜਾਂ ਸਲਾਨਾ ਹੁੰਦੀਆਂ ਹਨ । ਪਰੀਖਿਆਵਾਂ ਦਾ ਵਧੇਰੇ ਹੋਣਾ ਵੀ ਹਾਨੀ ਕਾਰਕ ਹੈ। ਇਨ੍ਹਾਂ ਕਰਕੇ ਬੱਚਾ ਨਿਰਾ ਪਰੀਖਿਆ ਲਈ ਹੀ ਪੜ੍ਹਨ ਲੱਗ ਜਾਂਦਾ ਹੈ । ਸਧਾਰਨ ਪਰੀਖਿਆਵਾਂ ਰਾਹੀਂ ਬਹੁਤੇ ਬਚਿਆਂ ਦੀ ਯਾਦਸ਼ਕਤੀ ਦੀ ਹੀ ਜਾਂਚ ਹੁੰਦੀ ਹੈ ਉਨ੍ਹਾਂ ਦੀ ਸਮਝ ਦੀ ਪਰੀਖਿਆ ਨਹੀਂ ਹੁੰਦੀ । ਇਸ ਲਈ ਪਰੀਖਿਆਵਾਂ ਵਿਚ ਵਧੇਰੇ ਨੰਬਰ ਲੈਣ ਵਾਲੇ ਬਹੁਤੇ ਲੜਕੇ ਵਿਸ਼ੇ ਦਾ ਅਧੂਰਾ ਗਿਆਨ ਹੀ ਰਖਦੇ ਹਨ ।

## ਵਾਦ-ਵਿਵਾਦ (ਚਰਚਾ)

ਸਿਖਿਆ ਨੂੰ ਲਾਭਕਾਰੀ ਬਨਾਉਣ ਲਈ ਬਚਿਆਂ ਵਿਚ ਕਦੇ ਕਦੇ ਵਾਦ-ਵਿਵਾਦ ਕਰਾਉਣਾ ਜ਼ਰੂਰੀ ਹੈ । ਇਸ ਨਾਲ ਬਚਿਆਂ ਦੀ ਬੁਧੀ ਵਿਚ ਪਕਿਆਈ ਆਉਂਦੀ ਹੈ, ਉਨ੍ਹਾਂ ਦੇ ਵਿਚਾਰਾਂ ਵਿਚ ਪਕਿਆਈ ਆਉਂਦੀ ਹੈ ਅਤੇ ਉਨ੍ਹਾਂ ਵਿਚ ਸ੍ਵੈ-ਭਰੋਸਾ ਆਉਂਦਾ ਹੈ, ਆਪਣੇ

ਪੜ੍ਹੇ, ਪਾਠ ਦੀ ਸੁਚੱਜੀ ਵਰਤੋਂ ਕਿਵੇਂ ਕਰਨੀ ਹੈ ਇਹ ਬੱਚਾ ਵਾਦ ਵਿਵਾਦ ਤੋਂ ਹੀ ਸਿਖਦਾ ਹੈ। ਇਸ ਨਾਲ ਬੱਚੇ ਦੀ ਦੂਜਿਆਂ ਅੱਗੇ ਆਪਣੇ ਵਿਚਾਰ ਪਰਗਟ ਕਰਨ ਦੀ ਸੰਗ ਵੀ ਲਹਿ ਜਾਂਦੀ ਹੈ।

ਵਾਦ-ਵਿਵਾਦ ਸਾਰੇ ਸਕੂਲ ਦੇ ਬਚਿਆਂ ਵਿਚ ਹੋ ਸਕਦਾ ਹੈ ਜਾਂ ਇਕ ਹੀ ਜਮਾਤ ਦੇ ਬਚਿਆਂ ਵਿਚ ਹੋ ਸਕਦਾ ਹੈ। ਵਾਦ ਵਿਵਾਦ ਦੇ ਵਿਸ਼ੇ ਅਜਿਹੇ ਹੋਣ ਜਿਨ੍ਹਾਂ ਬਾਰੇ ਬੱਚੇ ਪਹਿਲਾਂ ਤੋਂ ਵੀ ਕੁਝ ਜਾਣਦੇ ਹੋਣ ਅਤੇ ਜਿਨ੍ਹਾਂ ਦੀ ਚਰਚਾ ਪਹਿਲਾਂ ਕਦੇ ਜਮਾਤ ਵਿਚ ਕੀਤੀ ਜਾ ਚੁਕੀ ਹੋਵੇ। ਬਚਿਆਂ ਕੋਲੋਂ ਨਵੇਂ ਵਿਚਾਰ ਦੀ ਆਸ ਕਰਨਾ ਬਿਅਰਥ ਹੈ। ਸਾਨੂੰ ਇਥੇ ਇੰਨਾ ਹੀ ਵੇਖਣਾ ਹੈ ਕਿ ਕਿਥੋਂ ਤਕ ਬੱਚੇ ਆਪਣੇ ਵਿਚਾਰਾਂ ਨੂੰ ਸਪਸ਼ਟ ਬੋਲੀ ਵਿਚ ਪਰਗਟ ਕਰ ਸਕਦੇ ਹਨ।

***

# ਨੌਵਾਂ ਪਰਕਰਨ

## ਸਿਖਿਆ ਵਿਚ ਨਵੀਂ ਦ੍ਰਿਸ਼ਟੀ

ਵਰਤਮਾਨ ਕਾਲ ਸਿਖਿਆ ਦੇ ਖੇਤਰ ਵਿਚ ਭਾਰੀ ਤਬਦੀਲੀ ਲੇ ਆਉਣ ਵਾਲਾ ਕਾਲ ਹੈ। ਮਨੋ-ਵਿਗਿਆਨ ਦੀਆਂ ਨਵੀਨ ਖੋਜਾਂ ਕਰਕੇ ਸੰਸਾਰ ਦੇ ਸਿਖਿਆ-ਵਿਗਿਆਨੀਆਂ ਦਾ ਬੱਚੇ ਦੀ ਸਿਖਿਆ ਬਾਰੇ ਦ੍ਰਿਸ਼ਟੀ ਕੋਣ ਬਦਲ ਗਿਆ ਹੈ। ਜਿਨ੍ਹਾਂ ਗੱਲਾਂ ਨੂੰ ਪਹਿਲਾਂ ਬਹੁਤ ਮਹੱਤਾ ਦਿੱਤੀ ਜਾਂਦੀ ਸੀ ਹੁਣ ਉਨ੍ਹਾਂ ਦੀ ਕੋਈ ਮਹੱਤਾ ਨਹੀਂ ਰਹੀ। ਦੂਜੀਆਂ ਤੋਰ ਕਈ ਅਜਿਹੀਆਂ ਗਲਾਂ ਹਨ ਜਿਨ੍ਹਾਂ ਨੂੰ ਹੁਣ ਮਹੱਤਾ ਭਰਿਆ ਸਮਝਿਆ ਜਾਂਦਾ ਹੈ। ਬਦਲੇ ਹੋਏ ਦ੍ਰਿਸ਼ਟੀਕੋਣ ਅਨੁਸਾਰ ਜਿਨ੍ਹਾਂ ਗੱਲਾਂ ਨੂੰ ਮਹੱਤਾ ਦਿਤੀ ਜਾਂਦੀ ਹੈ ਉਨ੍ਹਾਂ ਵਿਚੋਂ ਮੋਟੀਆਂ ਮੋਟੀਆਂ ਹੇਠ ਲਿਖੀਆਂ ਹਨ।

੧. ਸਿਖਿਆ ਦੀ ਇਕਾਈ ਜਮਾਤ ਦੀ ਥਾਂ ਬੱਚਾ ਹੋਣਾ ਚਾਹੀਦਾ ਹੈ।

੨. ਬੱਚੇ ਨੂੰ ਉਸਦੀ ਯੋਗਤਾ ਅਨੁਸਾਰ ਸਿਖਿਆ ਦੇਣੀ ਚਾਹੀਦੀ ਹੈ।

੩. ਸਿਖਿਆ ਦਾ ਨਿਸ਼ਾਨਾ ਸਮੁਚੇ ਬੱਚੇ ਦੀ ਸਿਖਿਆ ਹੋਣਾ ਚਾਹੀਦਾ ਹੈ।

੪. ਸਿਖਿਆ ਵਿਚ ਬੱਚੇ ਨੂੰ ਸ੍ਵੈ-ਆਸਰਿਤ ਹੋਣ ਲਈ ਉਤਸ਼ਾਹ ਦੇਣਾ ਚਾਹੀਦਾ ਹੈ।

੫. ਬਚਿਆਂ ਵਿਚ ਇਕ ਦੂਜੇ ਨਾਲ ਮਿਲ ਕੇ ਕੰਮ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ।

੬. ਸਿਖਿਆ ਵਿਚ ਰਚਨਾਤਮਕ (ਉਸਾਰੂ) ਕੰਮਾਂ ਦਾ ਵਾਧਾ ਹੋਣਾ ਚਾਹੀਦਾ ਹੈ।

੭. ਬਾਲਕ ਨੂੰ ਸਿਖਿਆ ਉਸਦੇ ਘਰ ਦੇ ਅਤੇ ਸਮਾਜ ਦੇ ਵਾਤਾਵਰਨ ਨੂੰ ਧਿਆਨ ਵਿਚ ਰਖਕੇ ਦਿੱਤੀ ਜਾਣੀ ਚਾਹੀਦੀ ਹੈ।

੮. ਸਿਖਿਆ ਵਿਚ ਦਿਮਾਗੀ ਅਤੇ ਹੱਥ ਦੇ ਕੰਮ ਦਾ ਸਹਿਯੋਗ ਹੋਣਾ ਚਾਹੀਦਾ ਹੈ।

੯. ਸਿਖਿਆ ਵਿਚ ਸੁਤੰਤਰ ਜ਼ਬਤ ਦਾ ਵਾਧਾ ਹੋਣਾ ਚਾਹੀਦਾ ਹੈ।

੧੦. ਸਿਖਿਆ ਰਾਹੀਂ ਬੱਚੇ ਵਿਚ ਸਮਾਨਤਾ ਦੇ ਭਾਵ ਦਾ ਵਾਧਾ ਕਰਨਾ ਚਾਹੀਦਾ ਹੈ।

ਹੁਣ ਅਸੀਂ ਉੱਪਰ ਦਸੇ ਸਿਧਾਂਤਾਂ ਉਤੇ ਇਕ ਇਕ ਕਰਕੇ ਵਿਚਾਰ ਕਰਦੇ ਹਾਂ।

## ਬੱਚਾ ਸਿਖਿਆ ਦੀ ਇਕਾਈ

ਸਾਡੇ ਵਰਤਮਾਨ ਸਕੂਲਾਂ ਵਿਚ ਸਿਖਿਆ ਦੀ ਇਕਾਈ ਜਮਾਤ ਮੰਨੀ ਜਾਂਦੀ ਹੈ। ਜਮਾਤ ਨੂੰ ਧਿਆਨ ਵਿਚ ਰਖਕੇ ਹੀ ਉਸਤਾਦ ਆਪਣੀ ਸੰਥਾ ਪੜ੍ਹਾਉਣ ਦਾ ਪ੍ਰੋਗ੍ਰਾਮ ਬਣਾਉਂਦਾ ਹੈ। ਉਹ ਜੋ ਕੁਝ ਕਹਿੰਦਾ ਹੈ ਸਭ ਬਚਿਆਂ ਨੂੰ ਕਹਿੰਦਾ ਹੈ। ਕਿਸੇ ਵਿਸ਼ੇਸ਼ ਬੱਚੇ ਨੂੰ ਧਿਆਨ

ਵਿਚ ਰਖਕੇ ਉਹ ਆਪਣੀ ਪੜ੍ਹਾਈ ਦੇ ਪਰੋਗਰਾਮ ਨੂੰ ਨਹੀਂ ਬਣਾਉਂਦਾ। ਜੇ ਉਹ ਹਰ ਬੱਚੇ ਵਲ ਆਪਣਾ ਧਿਆਨ ਦੇਵੇ ਤਾਂ ਪੜ੍ਹਾਈ ਕਰਾਉਣ ਦਾ ਕੰਮ ਬੜਾ ਗੁੰਝਲਦਾਰ ਬਣ ਜਾਵੇ।

ਇਸ ਤਰ੍ਹਾਂ ਦੀ ਪੜ੍ਹਾਈ ਤੋਂ ਜਮਾਤ ਦੇ ਸਧਾਰਨ ਕਿਸਮ ਦੇ ਬੱਚੇ ਨੂੰ ਲਾਭ ਹੁੰਦਾ ਹੈ। ਉਸਤਾਦ ਆਪਣੀ ਸੰਥਾ ਜਮਾਤ ਨੂੰ ਇਸ ਤਰ੍ਹਾਂ ਪੜ੍ਹਾਉਂਦਾ ਹੈ ਜਿਸ ਤੋਂ ਉਸਦੀ ਪੜ੍ਹਾਈ ਦਾ ਲਾਭ ਜਮਾਤ ਦੇ ਵਧ ਤੋਂ ਵਧ ਬੱਚੇ ਉਠਾ ਸਕਣ। ਜਮਾਤ ਦੇ ਵਧੇਰੇ ਬੱਚੇ ਅਰਥਾਤ ੭੫ ਪ੍ਰਤੀ ਸੈਂਕੜਾ ਸਧਾਰਨ ਸਮਝ ਰਖਣ ਵਾਲੇ ਹੀ ਹੁੰਦੇ ਹਨ। ਘਟੀਆ ਬੁਧੀ ਦੇ ਅਤੇ ਪ੍ਰਤਿਭਾ ਵਾਲੇ ਬਚਿਆਂ ਦੀ ਗਿਣਤੀ ਥੋੜੀ ਹੁੰਦੀ ਹੈ। ਇਸ ਲਈ ਅਜਿਹੇ ਬਚਿਆਂ ਨੂੰ ਜਮਾਤ ਦੀ ਪੜ੍ਹਾਈ ਨਾਲ ਵਧੇਰੇ ਲਾਭ ਨਹੀਂ ਹੁੰਦਾ। ਵਿਸ਼ੇਸ਼ ਯੋਗਤਾ ਵਾਲੇ ਬਚੇ ਦੂਜਿਆਂ ਦੇ ਟਾਕਰੇ ਆਪਣਾ ਕੰਮ ਜਲਦੀ ਕਰ ਲੈਂਦੇ ਹਨ। ਜਮਾਤ ਦੀ ਪੜ੍ਹਾਈ ਵਿਚ ਸਦਾ ਅੱਗੇ ਰਹਿਣ ਦੇ ਕਾਰਨ ਉਨ੍ਹਾਂ ਦਾ ਮਨ ਉਸਤਾਦ ਦੀਆਂ ਕਹੀਆਂ ਗਲਾਂ ਸੁਨਣ ਵਿਚ ਨਹੀਂ ਲਗਦਾ। ਅਜਿਹੇ ਬਚਿਆਂ ਦੀ ਸ਼ਕਤੀ ਦੀ ਪੂਰੀ ਵਰਤੋਂ ਨਹੀਂ ਹੁੰਦੀ ਇਸ ਲਈ ਉਨ੍ਹਾਂ ਦੀ ਸ਼ਕਤੀ ਸ਼ਰਾਰਤਾਂ ਕਰਨ ਵਿਚ ਖਰਚ ਹੁੰਦੀ ਹੈ। ਆਮ ਕਰਕੇ ਜਮਾਤ ਦੇ ਤਿਖੇ ਮੁੰਡੇ ਹੀ ਸ਼ਰਾਰਤੀ ਹੋ ਜਾਂਦੇ ਹਨ। ਹਰ ਬਚੇ ਦੇ ਮਾਨਸਿਕ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਉਸਦੇ ਸਾਹਮਣੇ ਸਦਾ ਟਿੱਲਾਂ ਕੰਮ ਰਹੇ ਕਿ ਉਹ ਪੂਰਾ ਯਤਨ ਕਰਨ ਤੇ ਵੀ ਉਸਨੂੰ ਖਤਮ ਨਾ ਕਰ ਸਕੇ। ਕਿਸੇ ਬੱਚੇ ਨੂੰ ਨਾ ਆਪਣੀ ਯੋਗਤਾ ਤੋਂ ਵਧ ਅਤੇ ਨਾ ਘਟ ਕੰਮ ਦੇਣਾ ਚਾਹੀਦਾ ਹੈ। ਜਮਾਤ ਦੇ ਤੇਜ਼ ਬੁਧੀ ਵਾਲੇ ਬਚਿਆਂ ਨੂੰ ਉਨ੍ਹਾਂ ਦੀ ਯੋਗਤਾ ਤੋਂ ਘਟ ਕੰਮ ਮਿਲਦਾ ਹੈ। ਇਸ ਲਈ ਉਨ੍ਹਾਂ ਦੀ ਮਾਨਸਿਕ ਸ਼ਕਤੀ ਦੀ ਪੂਰੀ ਵਰਤੋਂ ਨਹੀਂ ਹੁੰਦੀ ਇਸ ਲਈ ਉਨ੍ਹਾਂ ਦੀ ਬੁਧੀ ਦਾ ਸਮੁਚਾ ਵਿਕਾਸ ਵੀ ਨਹੀਂ ਹੁੰਦਾ।

ਜਮਾਤ ਦੇ ਕਮਜ਼ੋਰ ਬੱਚੇ ਵੀ ਜਮਾਤ ਪੜ੍ਹਾਈ ਵਿਧੀ ਕਰਕੇ ਨੁਕਸਾਨ ਵਿਚ ਰਹਿੰਦੇ ਹਨ। ਇਹ ਬੱਚੇ ਜਮਾਤ ਨਾਲ ਨਹੀਂ ਚਲ ਸਕਦੇ। ਸਾਰਾ ਜ਼ੋਰ ਲਾਉਣ ਤੇ ਵੀ ਜਦ ਉਹ ਜਮਾਤ ਦੀ ਪੜ੍ਹਾਈ ਵਿਚ ਪਿੱਛੇ ਰਹਿੰਦੇ ਜਾਂਦੇ ਹਨ ਤਾਂ ਉਨ੍ਹਾਂ ਦਾ ਉਤਸ਼ਾਹ ਮਾਰਿਆ ਜਾਂਦਾ ਹੈ ਅਤੇ ਉਨ੍ਹਾਂ ਵਿਚ ਸ੍ਵੈ-ਭਰੋਸਾ ਵੀ ਨਹੀਂ ਰਹਿੰਦਾ। ਜਦ ਕਿਸੇ ਬੱਚੇ ਵਿਚ ਸ੍ਵੈ-ਭਰੋਸਾ ਨਾ ਰਹੇ ਤਾਂ ਉਸਨੂੰ, ਸਧਾਰਨ ਕੰਮ ਵੀ ਪਹਾੜ ਜਾਪਦਾ ਹੈ। ਅਜਿਹੇ ਬਚਿਆਂ ਤੋਂ ਡਰਾਕੇ ਕੰਮ ਲਿਆ ਜਾਂਦਾ ਹੈ। ਇਸ ਨਾਲ ਇਨ੍ਹਾਂ ਬਚਿਆਂ ਦੀ ਯੋਗਤਾ ਦਾ ਵਿਕਾਸ ਹੋਣ ਦੀ ਥਾਂ ਹਾਨੀ ਹੁੰਦੀ ਹੈ। ਜਿਸ ਤਰ੍ਹਾਂ ਆਪਣੇ ਆਪ ਸ਼ੌਕ ਨਾਲ ਕੀਤਾ ਕੰਮ ਮਨੁਖ ਦੀ ਮਾਨਸਿਕ ਸ਼ਕਤੀ ਦਾ ਵਿਕਾਸ ਕਰਦਾ ਹੈ, ਉਸੇ ਤਰ੍ਹਾਂ ਡਰ ਨਾਲ ਕਰਾਇਆ ਕੰਮ ਉਸ ਦੀ ਮਾਨਸਿਕ ਸ਼ਕਤੀ ਦਾ ਨਾਸ ਕਰਦਾ ਹੈ। ਜਿਹੜੇ ਬੱਚੇ ਸਦਾ ਡਰ ਕਰਕੇ ਸਕੂਲ ਦਾ ਕੰਮ ਕਰਦੇ ਹਨ ਉਨ੍ਹਾਂ ਲਈ ਸਕੂਲ ਜੇਲ੍ਹ ਬਣ ਜਾਂਦਾ ਹੈ। ਉਨ੍ਹਾਂ ਨੂੰ ਸਕੂਲ ਦਾ ਜੀਵਨ ਬੜਾ ਦੁਖੀ ਦਿਸਦਾ ਹੈ। ਅਜਿਹੇ ਬੱਚੇ ਸਕੂਲ ਦੀ ਪੜ੍ਹਾਈ ਤੋਂ ਪਿੱਛਾ ਛਡਾਉਣ ਲਈ ਕਈ ਤਰ੍ਹਾਂ ਦੇ ਬਹਾਨੇ ਲਭਦੇ ਹਨ। ਜਦ ਇਨ੍ਹਾਂ ਬਹਾਨਿਆਂ ਨਾਲ ਵੀ ਕੰਮ ਨਹੀਂ ਚਲਦਾ ਤਾਂ ਵਿਚਾਰੇ ਬੀਮਾਰ ਹੋਣ ਲਈ ਅਰਦਾਸੇ ਕਰਦੇ ਹਨ। ਚਲਣ ਵਿਚ ਕਈ ਤਰ੍ਹਾਂ ਦੇ ਔਗਣ ਵੀ ਅਜਿਹੇ ਬਚਿਆਂ ਵਿਚ ਪਾਏ ਜਾਂਦੇ ਹਨ।

ਚਲਣ ਦੇ ਸਭ ਤਰ੍ਹਾਂ ਦੇ ਚੰਗੇ ਗੁਣਾਂ ਦਾ ਅਧਾਰ ਮਨੁਖ ਦਾ ਸ੍ਵੈ-ਵਿਸ਼ਵਾਸ਼ ਹੁੰਦਾ ਹੈ। ਇਹ ਸ੍ਵੈ-ਵਿਸਵਾਸ ਉਸ ਵਿਚ ਰਚਨਾਤਮਕ (ਉਸਾਰੂ) ਕੰਮ ਕਰਨ ਨਾਲ ਆਉਂਦਾ ਹੈ।

ਰਚਨਾਤਮਕ ਕੰਮ ਉਹ ਹੈ ਜਿਹੜਾ ਆਪਣੇ ਆਪ ਸ਼ੌਕ ਨਾਲ ਕੀਤਾ ਜਾਵੇ ਅਤੇ ਜਿਸ ਦੇ ਕਰਨ ਵਿਚ ਮਨੁਖ ਕਾਹਲਾ ਪਿਆ ਪਰਤੀਤ ਕਰੇ। ਰਚਨਾਤਮਕ ਕੰਮ ਵਿਚ ਆਸ ਦੀ ਪਰੇਰਨਾ ਹੁੰਦੀ ਹੈ। ਜਿਹੜਾ ਕੰਮ ਡਰ ਦੀ ਪਰੇਰਨਾ ਤੋਂ ਕੀਤਾ ਜਾਂਦਾ ਹੈ ਉਹ ਨਿਰਾਕਾਰ ਬਣ ਜਾਂਦਾ ਹੈ। ਜਿਸ ਬੱਚੇ ਵਿਚ ਆਪਣੇ ਆਪ ਸ਼ੌਕ ਨਾਲ ਕੰਮ ਕਰਨ ਦੀ ਆਦਤ ਨਹੀਂ ਪੈਂਦੀ ਉਸਨੂੰ ਅਸਲ ਖੁਸ਼ੀ ਪਰਾਪਤ ਨਹੀਂ ਹੁੰਦੀ। ਜਦ ਉਹ ਆਪਣੇ ਸਕੂਲ ਦੇ ਕੰਮ ਵਿਚ ਖੁਸ਼ੀ ਪਰਾਪਤ ਨਹੀਂ ਕਰਦਾ ਤਾਂ ਉਹ ਖੁਸ਼ੀ ਦੀ ਭਾਲ ਹੋਰ ਹੋਰ ਕੰਮਾਂ ਵਿਚ ਲਭਦਾ ਹੈ। ਇਸ ਤਰ੍ਹਾਂ ਦਾ ਬੱਚਾ ਏਂਦ੍ਰਿਕ ਸੁਖ ਦੀ ਭਾਲ ਵਿਚ ਪੈ ਜਾਂਦਾ ਹੈ। ਇਸ ਦੇ ਨਾਲ ਉਸ ਵਿਚ ਕਈ ਤਰ੍ਹਾਂ ਦੇ ਔਗੁਣ ਆ ਜਾਂਦੇ ਹਨ। ਵਿਭਚਾਰ ਦੀ ਬਿਰਤੀ, ਕਾਮ-ਚੇਸ਼ਟਾ, ਸਿਗਰਟ ਪੀਣਾ, ਚੋਰੀ ਕਰਨਾ, ਝੂਠ ਬੋਲਣਾ, ਬਕਵਾਸ ਕਰਨਾ, ਚੁਗਲੀਆਂ ਮਾਰਨਾ ਆਦਿ ਆਦਤਾਂ ਅਜਿਹੇ ਬਚਿਆਂ ਵਿਚ ਹੀ ਪਾਈਆਂ ਜਾਂਦੀਆਂ ਹਨ। ਇਨ੍ਹਾਂ ਬਚਿਆਂ ਵਿਚ ਸ੍ਵੈ-ਗਿਲਾਨੀ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਹ ਭਾਵ ਮਾਨਸਿਕ ਗੁੰਝਲਾਂ ਨਾਲ ਰਲਕੇ ਕਈ ਤਰ੍ਹਾਂ ਦੇ ਔਗੁਣਾਂ ਵਿਚ ਪਰਗਟ ਹੁੰਦਾ ਹੈ। ਜਿਸ ਬੱਚੇ ਵਿਚ ਆਤਮ-ਵਿਸ਼ਵਾਸ਼ ਦੀ ਘਾਟ ਹੁੰਦੀ ਹੈ ਉਸਦੀ ਇੱਛਾ-ਸ਼ਕਤੀ ਨਿਰਬਲ ਹੋ ਜਾਂਦੀ ਹੈ। ਜੇ ਉਹ ਕਿਸੇ ਬੁਰੀ ਆਦਤ ਵਿਚ ਪੈ ਜਾਂਦਾ ਹੈ ਤਾਂ ਉਸ ਤੋਂ ਆਪਣੇ ਆਪ ਨੂੰ ਮੁਕਤ ਕਰਨ ਵਿਚ ਸਫਲ ਨਹੀਂ ਹੁੰਦਾ।

ਬਹੁਤ ਸਾਰੇ ਬੱਚੇ ਸਮਝ ਵਿਚ ਕਿਸੇ ਤਰ੍ਹਾਂ ਘਟ ਨਾ ਹੁੰਦਿਆਂ ਵੀ ਜਮਾਤ ਤੋਂ ਪਿੱਛੇ ਰਹਿ ਜਾਂਦੇ ਹਨ। ਇਸ ਦਾ ਕਾਰਨ ਕਿਸੇ ਮਹੱਤਾ ਵਾਲੀ ਸੰਥਾ ਨੂੰ ਸਮਝਾਉਣ ਵਲੇ ਉਸਦਾ ਗੈਰ-ਹਾਜ਼ਰ ਹੋਣਾ ਹੁੰਦਾ ਹੈ। ਕਦੇ ਕਦੇ ਬੱਚਾ ਸੰਥਾ ਦੇ ਵਿਸ਼ੇਸ਼ ਹਿਸੇ ਨੂੰ ਸਮਝ ਨਹੀਂ ਸਕਦਾ ਜਿਸ ਕਰਕੇ ਉਹ ਉਸ ਵਿਸ਼ੇ ਵਿਚ ਕਮਜ਼ੋਰ ਹੋ ਜਾਂਦਾ ਹੈ। ਲੇਖਕ ਦਾ ਇਕ ਤਿੱਖੀ ਬੁੱਧੀ ਵਾਲਾ ਵਿਦਿਆਰਥੀ ਹਾਈ ਸਕੂਲ ਦੀ ਪਰੀਖਿਆ ਇਸ ਲਈ ਪਾਸ ਨਹੀਂ ਕਰ ਸਕਿਆ ਕਿ ਉਹ ਛੋਟੀ ਜਮਾਤ ਵਿਚ ਹੀ ਗਣਿਤ ਵਿਚ ਕਮਜ਼ੋਰ ਹੋ ਗਿਆ ਸੀ। ਇਸ ਕਮਜ਼ੋਰੀ ਦਾ ਕਾਰਨ ਤ੍ਰੈ-ਰਾਸ਼ਿਕ ਨਿਯਮ ਨੂੰ ਨਾ ਸਮਝ ਸਕਣਾ ਸੀ। ਜੇ ਕੋਈ ਹੁਸ਼ਿਆਰ ਉਸਤਾਦ ਇਸ ਗਲ ਦਾ ਪਤਾ ਕਢ ਲੈਂਦਾ ਅਤ ਵਲੇ ਸਿਰ ਉਸਦੀ ਕਮਜ਼ੋਰੀ ਦਾ ਇਲਾਜ ਕਰ ਦਿੰਦਾ ਤਾਂ ਉਹ ਉਸ ਬੱਚੇ ਨੂੰ ਸਦਾ ਲਈ ਗਣਿਤ ਵਿਚ ਹੁਸ਼ਿਆਰ ਬਣਾ ਦਿੰਦਾ।

ਕਿੰਨਿਆਂ ਹੀ ਬਚਿਆਂ ਵਿਚ ਖਾਸ ਤਰ੍ਹਾਂ ਦੀਆਂ ਸਰੀਰਕ ਜਾਂ ਮਾਨਸਿਕ ਕਮਜ਼ੋਰੀਆਂ ਜਾਂ ਔਕੜਾਂ ਹੁੰਦੀਆਂ ਹਨ। ਬੱਚੇ ਦੇ ਮਾਨਸਿਕ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਉਸਤਾਦ ਇਨ੍ਹਾਂ ਕਮਜ਼ੋਰੀਆਂ ਨੂੰ ਸਮਝੇ। ਅੱਖਾਂ ਦੀ ਕਮਜ਼ੋਰੀ ਹੋਣ ਕਰਕੇ ਬੱਚੇ ਦੀ ਪੜ੍ਹਾਈ ਵਿਚ ਕਈ ਤਰ੍ਹਾਂ ਦੀਆਂ ਔਕੜਾਂ ਪੈਦਾ ਹੋ ਜਾਂਦੀਆਂ ਹਨ। ਜਿਹੜਾ ਬੱਚਾ ਅਖਾਂ ਤੋਂ ਕਮਜ਼ੋਰ ਹੁੰਦਾ ਹੈ ਉਹ ਬਲੈਕ ਬੋਰਡ ਤੇ ਲਿਖੀ ਗਲ ਦੂਰ ਤੋਂ ਨਹੀਂ ਵੇਖ ਸਕਦਾ। ਕਦੇ ਕਦੇ ਬੱਚਾ ਆਪਣੀ ਪੁਸਤਕ ਪੜ੍ਹਨ ਲਈ ਆਪਣੀਆਂ ਅੱਖਾਂ ਤੇ ਖਾਸ ਜ਼ੋਰ ਪਾਉਂਦਾ ਹੈ। ਇਸ ਨਾਲ ਉਸਦੇ ਦਿਮਾਗ਼ ਉਤੇ ਵੀ ਜ਼ੋਰ ਪੈਂਦਾ ਹੈ। ਅਜਿਹਾ ਬੱਚਾ ਦੂਜਿਆ ਦੇ ਟਾਕਰੇ ਛੇਤੀ ਥੱਕ ਜਾਂਦਾ ਹੈ। ਪਰ ਉਸ ਨੂੰ ਥਕਾਵਟ ਦੀ ਹਾਲਤ ਵਿਚ ਵੀ ਕੰਮ ਕਰਨਾ ਪੈਂਦਾ ਹੈ। ਇਸ ਤਰ੍ਹਾਂ ਬੱਚੇ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ। ਸਿਰਦਰਦ, ਬਦਹਜ਼ਮੀ, ਚਿੜਚੜਾਪਣ ਆਦਿ ਬੀਮਾਰੀਆਂ ਅੱਖ ਦੀ ਕਮਜ਼ੋਰੀ ਕਰਕੇ ਪੈਦਾ ਹੋ ਜਾਂਦੀਆਂ ਹਨ। ਕਮਜ਼ੋਰ ਨਜ਼ਰ ਵਾਲੇ ਬੱਚੇ ਨੂੰ ਪੁਸਤਕ ਦੇ ਪੜ੍ਹਨ ਅਤੇ ਸੰਥਾ ਦੇ ਸਮਝਣ ਵਿਚ ਔਖ ਹੁੰਦਾ ਹੈ। ਇਸ ਲਈ ਬੱਚਾ ਜਮਾਤ ਵਿਚ ਪਿੱਛੇ ਰਹਿਣ ਲੱਗ ਜਾਂਦਾ।

ਕੁਝ ਬੱਚੇ ਘਰ ਦੇ ਵਾਤਾਵਰਨ ਕਰ ਕੇ ਜਾਂ ਕਿਸੇ ਮਾਨਸਿਕ ਗੁੰਝਲ ਕਰ ਕੇ ਪੜ੍ਹਾਈ ਵਿਚ ਪਿਛੇ ਰਹਿਣ ਲੱਗ ਜਾਂਦੇ ਹਨ। ਕੋਈ ਵਿਰਲਾ ਉਸਤਾਦ ਹੀ ਬੱਚੇ ਦੀਆਂ ਇਨ੍ਹਾਂ ਔਕੜਾਂ ਨੂੰ ਜਾਣਨ ਦਾ ਯਤਨ ਕਰਦਾ ਹੈ। ਉਹ ਇਹ ਆਪਣਾ ਫਰਜ਼ ਨਹੀਂ ਸਮਝਦਾ ਕਿ ਹਰ ਬੱਚੇ ਦੀ ਮਾਨਸਿਕ ਔਕੜ ਨੂੰ ਸਮਝਣ ਦਾ ਯਤਨ ਕਰੇ। ਘਰੋਂ ਕਠੋਰ ਵਰਤਾਉ ਜਾਂ ਵਿਸ਼ੇਸ਼ ਲਾਡ-ਪਿਆਰ ਬੱਚੇ ਦੀ ਪੜ੍ਹਾਈ ਉਤੇ ਪਰਭਾਵ ਪਾਉਂਦਾ ਹੈ। ਕਠੋਰ ਵਾਤਾਵਰਨ ਵਿਚ ਰਹਿਣ ਵਾਲਾ ਬੱਚਾ ਨਿਰਉਤਸ਼ਾਹ ਹੋ ਜਾਂਦਾ ਹੈ ਅਤੇ ਲਾਡ-ਪਿਆਰ ਵਿਚ ਰਹਿਣ ਵਾਲਾ ਆਲਸੀ ਅਤੇ ਨਿਕੰਮਾ ਹੋ ਜਾਂਦਾ ਹੈ। ਕੁਝ ਬਚਿਆਂ ਵਿਚ ਜਟਿਲ ਆਦਤਾਂ ਹੁੰਦੀਆਂ ਹਨ। ਇਨ੍ਹਾਂ ਆਦਤਾਂ ਕਰ ਕੇ ਵੀ ਬੱਚਾ ਪੜ੍ਹਾਈ ਵਿਚ ਪਿੱਛੇ ਰਹਿਣ ਲੱਗ ਜਾਂਦਾ ਹੈ। ਜਦ ਬੱਚਾ ਇਨ੍ਹਾਂ ਆਦਤਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਤਾਂ ਉਹ ਪੜ੍ਹਾਈ ਵਿਚ ਬੜੀ ਉੱਨਤੀ ਵਿਖਾਉਣ ਲੱਗ ਜਾਂਦਾ ਹੈ।

ਬੱਚੇ ਦੀ ਸਿਖਿਆ ਦੇ ਸਾਰੇ ਦੋਸ਼ਾਂ ਦਾ ਅੰਤ ਬੱਚੇ ਨੂੰ ਸਿਖਿਆ ਦੀ ਇਕਾਈ ਬਨਾਉਣ ਨਾਲ ਹੋ ਜਾਂਦਾ ਹੈ। ਜਦ ਉਸਤਾਦ ਹਰ ਬਚੇ ਦੇ ਵਿਅਕਤਿਤਵ ਦਾ ਅਧਿਅਨ ਕਰਨਾ ਆਪਣਾ ਫਰਜ਼ ਬਣਾ ਲੈਂਦਾ ਹੈ ਤਾਂ ਬਚਿਆਂ ਦੀਆਂ ਕਈ ਮਾਨਸਿਕ ਔਕੜਾਂ ਸੌਖਿਆਂ ਖਤਮ ਹੋ ਜਾਂਦੀਆਂ ਹਨ। ਬੱਚੇ ਦੀਆਂ ਬਹੁਤ ਸਾਰੀਆਂ ਮਾਨਸਿਕ ਗੁੰਝਲਾਂ ਉਸਤਾਦ ਦੇ ਉਸ ਦੇ ਜੀਵਨ ਵਿਚ ਰੁਚੀ ਰਖਣ ਨਾਲ ਹੀ ਖਤਮ ਹੋ ਜਾਂਦੀਆਂ ਹਨ। ਜਦ ਉਸਤਾਦ ਇਕ ਬੱਚੇ ਵਲ ਆਪਣਾ ਧਿਆਨ ਖਾਸ ਤਰ੍ਹਾਂ ਨਾਲ ਦੇਣ ਲੱਗ ਜਾਂਦਾ ਹੈ ਤਾਂ ਉਸ ਬੱਚੇ ਵਿਚ ਸ੍ਵੈ-ਭਰੋਸਾ ਪੈਦਾ ਹੋ ਜਾਂਦਾ ਹੈ ਅਤੇ ਇਸ ਨਾਲ ਉਸ ਵਿਚ ਰਚਨਾਤਮਕ ਕੰਮ ਕਰਨ ਦੀ ਸ਼ਕਤੀ ਵਧ ਜਾਂਦੀ ਹੈ। ਰਚਨਾਤਮਕ ਕੰਮ ਕਰਨ ਨਾਲ ਬੱਚੇ ਦੀ ਮਾਨਸਿਕ ਨਾ-ਬਰਾਬਰੀ ਖਤਮ ਹੋ ਜਾਂਦੀ ਹੈ ਅਤੇ ਉਸ ਦੇ ਚਰਿਤਰ ਦਾ ਸੁਧਾਰ ਆਪਣੇ ਆਪ ਹੋ ਜਾਂਦਾ ਹੈ।

ਬਚਿਆਂ ਦੀ ਉਚਿਤ ਸਿਖਿਆ ਲਈ ਉਨ੍ਹਾਂ ਦੇ ਮਨ ਉਤੇ ਕਾਬੂ ਪਾਉਣਾ ਬੜਾ ਜ਼ਰੂਰੀ ਹੈ। ਜਿਸ ਉਸਤਾਦ ਦਾ ਬਚਿਆਂ ਦੇ ਮਨ ਉਤੇ ਕਾਬੂ ਰਹਿੰਦਾ ਹੈ ਉਹ ਬਚਿਆਂ ਦਾ ਆਚਰਨ ਸੌਖੀ ਤਰ੍ਹਾਂ ਹੀ ਆਪਣੀ ਮਰਜ਼ੀ ਅਨੁਸਾਰ ਬਣਾ ਲੈਂਦਾ ਹੈ। ਉਸ ਅੱਗੇ ਜ਼ਬਤ ਦੀਆਂ ਸਮਸਿਆਵਾਂ ਪੈਦਾ ਹੀ ਨਹੀਂ ਹੁੰਦੀਆਂ। ਜਦ ਬੱਚੇ ਅਤੇ ਉਸਤਾਦ ਵਿਚ ਮਨ ਕਰ ਕੇ ਏਕਤਾ ਰਹਿੰਦੀ ਹੈ ਤਾਂ ਜਿਹੜੀਆਂ ਗਲਾਂ ਉਸਤਾਦ ਬੱਚੇ ਨੂੰ ਕਹਿੰਦਾ ਹੈ ਉਨ੍ਹਾਂ ਨੂੰ ਉਹ ਧਿਆਨ ਨਾਲ ਸੁਣਦਾ ਹੈ; ਜੇ ਉਸਤਾਦ ਕਿਸੇ ਵਾਕ ਦੇ ਅਰਥ ਸਪਸ਼ਟ ਨਹੀਂ ਕਰ ਸਕਦਾ ਤਾਂ ਵੀ ਬੱਚਾ ਉਸ ਦੇ ਇਸ਼ਾਰਿਆਂ ਨੂੰ ਸਮਝ ਲੈਂਦਾ ਹੈ। ਬਹੁਤ ਸਾਰੇ ਉਸਤਾਦ ਜਮਾਤ ਦੇ ਸਾਰੇ ਬੱਚਿਆਂ ਦੇ ਨਾਂ ਵੀ ਨਹੀਂ ਜਾਣਦੇ। ਉਸਤਾਦ ਦਾ ਜਿੰਨਾ ਬੱਚੇ ਉਤੇ ਕਾਬੂ ਉਸ ਦਾ ਨਾਂ ਜਾਣਨ ਨਾਲ ਹੁੰਦਾ ਹੈ ਉੱਨਾ ਬਿਨਾਂ ਨਾਂ ਜਾਣੇ ਨਹੀਂ ਹੁੰਦਾ।

## ਯੋਗਤਾ ਅਨੁਸਾਰ ਸਿਖਿਆ

ਜੇ ਜਮਾਤ ਦੀ ਥਾਂ ਬੱਚੇ ਨੂੰ ਸਿਖਿਆ ਦੀ ਇਕਾਈ ਮੰਨ ਲਿਆ ਜਾਵੇ ਤਾਂ ਬੱਚੇ ਦੀ ਸਿਖਿਆ ਵਿਚ ਉਸ ਦੀ ਯੋਗਤਾ ਦਾ ਧਿਆਨ ਰਖਣਾ ਪਵੇਗਾ। ਹਰ ਬੱਚੇ ਨੂੰ ਉਸ ਦੀ ਯੋਗਤਾ ਅਨੁਸਾਰ ਸਿਖਿਆ ਦੇਣੀ ਹੋਵੇਗੀ। ਵਖ ਵਖ ਬਚਿਆਂ ਵਿਚ ਵਖ ਵਖ ਯੋਗਤਾਵਾਂ ਹੁੰਦੀਆਂ ਹਨ ਕੋਈ ਬੱਚਾ ਤਿੱਖੀ ਸਮਝ ਵਾਲਾ ਹੁੰਦਾ ਹੈ ਤੇ ਕੋਈ ਘਟੀਆ ਸਮਝ ਵਾਲਾ, ਕੋਈ ਬੋਲੀ ਵਿਚ ਵਧੇਰੇ ਯੋਗਤਾ ਰਖਦਾ ਅਤੇ ਕੋਈ ਗਣਿਤ ਵਿਚ। ਕਿਸੇ ਦੀ ਰੁਚੀ ਪੜ੍ਹਨ ਲਿਖਣ ਵਲ ਹੁੰਦੀ ਹੈ ਅਤੇ ਕਿਸੇ ਦੀ ਚਿਤਰਕਾਰੀ ਵਿਚ, ਉਸ ਦੀ ਰੁਚੀ ਅਤੇ ਯੋਗਤਾ ਅਨੁਸਾਰ ਸਿਖਿਆ ਦੇਣ ਨਾਲ ਉਸ ਦੀਆਂ ਮਾਨਸਿਕ ਸ਼ਕਤੀਆਂ ਦਾ ਸਮੁੱਚਾ ਵਿਕਾਸ ਹੁੰਦਾ ਹੈ।

ਬਚਿਆਂ ਦੀਆਂ ਯੋਗਤਾਵਾਂ ਨੂੰ ਜਾਣਨ ਲਈ ਬੁਧੀ-ਮਾਪਿਕ ਪਰੀਖਿਆਵਾਂ ਦੀ ਕਾਢ ਕਢੀ ਗਈ ਹੈ। ਇਨ੍ਹਾਂ ਪਰੀਖਿਆਵਾਂ ਦਾ ਯੂਰਪ ਅਤੇ ਅਮਰੀਕਾ ਵਿਚ ਬੜਾ ਪਰਚਾਰ ਹੋ ਰਿਹਾ ਹੈ। ਬੱਚੇ ਦੀ ਸਮੁਚੀ ਬੁਧੀ ਦੀ ਜਾਂਚ ਕਰ ਲੈਣ ਉਤੇ ਹੀ ਇਹ ਜਾਣਿਆ ਜਾ ਸਕਦਾ ਹੈ ਕਿ ਕਿਹੜੇ ਬੱਚੇ ਵਿਚ ਕਿੰਨੀ ਕੰਮ ਕਰਨ ਦੀ ਸ਼ਕਤੀ ਹੈ ਅਤੇ ਉਹ ਕਿਸ ਕੰਮ ਨੂੰ ਆਪਣੇ ਆਪ ਸ਼ੌਂਕ ਨਾਲ ਕਰ ਸਕਦਾ ਹੈ। ਹਰ ਬੱਚੇ ਨੂੰ ਜਦ ਉਸ ਦੀ ਵਿਸ਼ੇਸ਼ ਮਾਨਸਿਕ ਯੋਗਤਾ ਅਨੁਸਾਰ, ਸ਼ਕਤੀ ਬਰਾਬਰ ਕੰਮ ਮਿਲਦਾ ਹੈ ਤਾਂ ਉਸ ਦੀਆਂ ਮਾਨਸਿਕ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਜਦ ਕਿਸੇ ਬੱਚੇ ਨੂੰ ਉਸ ਦੀ ਮਾਨਸਿਕ ਸ਼ਕਤੀ ਦੇ ਉਲਟ ਕੰਮ ਮਿਲਦਾ ਹੈ ਤਾਂ ਉਹ ਉਸ ਕੰਮ ਨੂੰ ਚੰਗੀ ਤਰ੍ਹਾਂ ਨਹੀਂ ਕਰ ਸਕਦਾ। ਉਹ ਆਪਣੀ ਵਿਸ਼ੇਸ਼ ਯੋਗਤਾ ਨੂੰ ਵੀ ਗੁਆ ਲੈਂਦਾ ਹੈ। ਇਸੇ ਤਰ੍ਹਾਂ ਜਦ ਸ਼ਕਤੀ ਬਰਾਬਰ ਬੱਚੇ ਨੂੰ ਕੰਮ ਨਹੀਂ ਮਿਲਦਾ ਤਾਂ ਉਹ ਆਪਣੀ ਯੋਗਤਾ ਨੂੰ ਖਤਮ ਕਰ ਲੈਂਦਾ ਹੈ।

ਪੱਛਮੀ ਦੇਸਾਂ ਵਿਚ ਬਚੇ ਦੀ ਵਿਸ਼ੇਸ਼ ਯੋਗਤਾ ਦਾ ਪਤਾ ਕਢ ਕੇ ਉਸ ਨੂੰ ਉਸ ਦੇ ਐਨ ਢੁਕਵਾਂ ਕੰਮ ਕਰਨ ਲਈ ਦਿਤਾ ਜਾਂਦਾ ਹੈ। ਸਮੇਂ ਸਮੇਂ ਉਸ ਦੀਆਂ ਅਜੇਹੀਆਂ ਪਰੀਖਿਆਵਾਂ ਵੀ ਕੀਤੀਆਂ ਜਾਂਦੀਆਂ ਹਨ ਜਿਸ ਨਾਲ ਇਹ ਪਤਾ ਲੱਗੇ ਕਿ ਉਹ ਆਪਣੀ ਬੁਧੀ ਦੀ ਕਿਥੋਂ ਤਕ ਸੁਚੱਜੀ ਵਰਤੋਂ ਕਰ ਰਿਹਾ ਹੈ। ਕਿੰਨੇ ਹੀ ਵਧੇਰੇ ਯੋਗਤਾ ਰਖਣ ਵਾਲੇ ਬੱਚੇ ਇਸ ਤਰ੍ਹਾਂ ਦੀਆਂ ਪਰੀਖਿਆਵਾਂ ਦੀ ਅਣਹੋਂਦ ਕਰ ਕੇ ਉੱਨਾ ਕੰਮ ਹੀ ਕਰਦੇ ਰਹਿੰਦੇ ਹਨ ਜਿੰਨਾ ਆਮ ਸਧਾਰਨ ਬੁਧੀ ਵਾਲੇ ਬੱਚੇ ਕਰਦੇ ਹਨ। ਇਸ ਤਰ੍ਹਾਂ ਉਹ ਆਪਣੀ ਵਿਸ਼ੇਸ਼ ਯੋਗਤਾ ਨੂੰ ਕੰਮ ਵਿਚ ਨਹੀਂ ਲਿਆਉਂਦੇ। ਕੰਮ ਵਿਚ ਨਾ ਲਿਆਉਣ ਨਾਲ ਯੋਗਤਾ ਵਿਚ ਘਾਟ ਆ ਜਾਂਦੀ ਹੈ ਅਤੇ ਉਸ ਨੂੰ ਘੜੀ ਮੁੜੀ ਵਰਤੋਂ ਵਿਚ ਲਿਆਉਣ ਨਾਲ ਉਸ ਦਾ ਵਾਧਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਹਰ ਬੱਚੇ ਦੀ ਯੋਗਤਾ ਨੂੰ ਜਾਣ ਕੇ ਉਸ ਅਨੁਸਾਰ ਹੀ ਉਸ ਨੂੰ ਸਿਖਿਆ ਦੇਣਾ ਬੜਾ ਜ਼ਰੂਰੀ ਹੈ।

ਅਮਰੀਕਾ ਅਤੇ ਯੂਰਪ ਦੇ ਕੁਝ ਅੱਗੇ ਵਧੂ ਦੇਸ਼ਾਂ ਵਿਚ ਵਿਸ਼ੇਸ਼ ਯੋਗਤਾ ਵਾਲੇ ਬਚਿਆਂ ਲਈ ਵਖਰੇ ਸਕੂਲ ਹੁੰਦੇ ਹਨ ਜਾਂ ਇਕ ਹੀ ਸਕੂਲ ਵਿਚ ਉਨ੍ਹਾਂ ਨੂੰ ਪੜ੍ਹਾਉਣ ਲਈ ਵਖਰੀਆਂ ਜਮਾਤਾਂ ਹੁੰਦੀਆਂ ਹਨ। ਜਿਹੜਾ ਕੋਰਸ ਸਧਾਰਨ ਬੱਚੇ ਇਕ ਸਾਲ ਵਿਚ ਪੂਰਾ ਕਰਦੇ ਹਨ ਓਹੋ ਕੋਰਸ ਇਨ੍ਹਾਂ ਬਚਿਆਂ ਨੂੰ ਛੇ ਮਹੀਨਿਆਂ ਵਿਚ ਕਰਾਇਆ ਜਾਂਦਾ ਹੈ।

ਸਧਾਰਨ ਬਚਿਆਂ ਦੇ ਟਾਕਰੇ ਵਿੱਚ ਉਨ੍ਹਾਂ ਨੂੰ ਵਧ ਕੰਮ ਕਰਨ ਲਈ ਦਿਤਾ ਜਾਂਦਾ ਹੈ। ਉਨ੍ਹਾਂ ਦੀਆਂ ਪਾਠ-ਪੁਸਤਕਾਂ ਵੀ ਵਧੇਰੇ ਹੁੰਦੀਆਂ ਹਨ ਅਤੇ ਪੁਸਤਕਾਲੇ ਦੀ ਵਰਤੋਂ ਲਈ ਵੀ ਉਨ੍ਹਾਂ ਨੂੰ ਵਧੇਰੇ ਪ੍ਰੇਰਿਆ ਜਾਂਦਾ ਹੈ। ਸਾਡੇ ਦੇਸ਼ ਵਿਚ ਇਸ ਤਰ੍ਹਾਂ ਦਾ ਕੋਈ ਪਰਬੰਧ ਨਹੀਂ ਹੈ। ਅੱਗੇ ਵਧੂ ਦੇਸਾਂ ਦੀ ਸਾਨੂੰ ਇਸ ਗਲ ਵਿਚ ਰੀਸ ਕਰਨੀ ਚਾਹੀਦੀ ਹੈ। ਜਦ ਤਕ ਇਹੋ ਜਹੀਆਂ ਸੰਸਥਾਵਾਂ ਸਾਡੇ ਦੇਸ ਵਿਚ ਨਹੀਂ ਬਣਾਈਆਂ ਜਾਂਦੀਆਂ, ਓਦੋਂ ਤਕ ਸਾਨੂੰ ਵਿਸ਼ੇਸ਼ ਯੋਗਤਾ ਵਾਲੇ ਬਚਿਆਂ ਨੂੰ ਕੁਝ ਵਧ ਸਮਾਂ ਦੇ ਕੇ ਆਪਣੀਆਂ ਯੋਗਤਾਵਾਂ ਦੀ ਸੁਚੱਜੀ ਵਰਤੋਂ ਕਰਨ ਲਈ ਉਤਸ਼ਾਹ ਦੇਣਾ ਚਾਹੀਦਾ ਹੈ। ਜੇ ਸਾਡੇ ਸਕੂਲ ਵਿਚ ਸਧਾਰਨ ਜਮਾਤ ਦੀ ਪੜ੍ਹਾਈ ਤੋਂ ਬਿਨਾਂ ਵਿਸ਼ੇਸ਼ ਯੋਗਤਾ ਵਾਲੇ ਬਚਿਆਂ ਨੂੰ ਟਟੋਰੀਅਲ ਕਲਾਸਾਂ ਰਾਹੀਂ ਵਧੇਰੇ ਕੰਮ ਕਰਨ ਲਈ ਢੁਕਵੀਂ ਅਗਵਾਈ ਮਿਲੇ ਤਾਂ ਚੰਗਾ ਹੈ। ਇਨ੍ਹਾਂ ਜਮਾਤਾਂ ਵਿਚ ਬਚਿਆਂ ਦੀ ਗਿਣਤੀ ਘਟ ਹੋਣੀ ਜ਼ਰੂਰੀ ਹੈ। ਇਨ੍ਹਾਂ ਵਿਚ ਬਚਿਆਂ ਨੂੰ ਆਪਣੇ ਲੇਖ ਪੜ੍ਹਨ ਜਾਂ ਆਪਣੀਆਂ ਰਚਨਾਵਾਂ ਨੂੰ ਸੁਨਾਉਣ ਦਾ ਮੌਕਾ ਦੇਣ ਚਾਹੀਦਾ ਹੈ।

ਘਟੀਆ ਬੁਧੀ ਵਾਲੇ ਜਾਂ ਪਿੱਛੇ ਰਹਿ ਗਏ ਬੱਚੇ ਜਮਾਤ ਦੇ ਸਧਾਰਨ ਬਚਿਆਂ ਨਾਲ ਨਹੀਂ ਚਲ ਸਕਦੇ। ਅਮਰੀਕਾ ਅਤੇ ਯੂਰਪ ਵਿਚ ਇਨ੍ਹਾਂ ਬਚਿਆਂ ਲਈ ਵਖਰੀਆਂ ਜਮਾਤਾਂ ਹੁੰਦੀਆਂ ਹਨ। ਇਨ੍ਹਾਂ ਜਮਾਤਾਂ ਵਿਚ ਇਨ੍ਹਾਂ ਬਚਿਆਂ ਨੂੰ ਵਿਸ਼ੇਸ਼ ਢੰਗ ਨਾਲ ਪੜ੍ਹਾਇਆ ਜਾਂਦਾ ਹੈ। ਉਨ੍ਹਾਂ ਤੋਂ ਇੰਨਾ ਕੰਮ ਵੀ ਨਹੀਂ ਲਿਆ ਜਾਂਦਾ ਜਿੰਨਾ ਆਮ ਸਧਾਰਨ ਬਚਿਆਂ ਤੋਂ ਲਿਆ ਜਾਂਦਾ ਹੈ। ਇਸ ਤਰ੍ਹਾਂ ਦੇ ਪਰਬੰਧ ਨਾਲ ਇਕ ਤਾਂ ਘਟੀਆ ਬੁਧੀ ਵਾਲੇ ਬਚਿਆਂ ਦੇ ਕਾਰਨ ਸਧਾਰਨ ਬਚਿਆਂ ਦੀ ਪੜ੍ਹਾਈ ਵਿਚ ਰੋਕ ਨਹੀਂ। ਪੈਂਦੀ ਅਤੇ ਦੂਜੇ, ਘਟੀਆ ਬੁਧੀ ਜਾਂ ਪਿੱਛੇ ਰਹਿ ਗਏ ਬਚੇ ਦੀ ਪੜ੍ਹਾਈ ਵੀ ਠੀਕ ਤਰ੍ਹਾਂ ਹੁੰਦੀ ਹੈ। ਜਦ ਕੋਈ ਬੱਚਾ ਆਪਣੇ ਨਿਤ ਦੇ ਕੰਮ ਵਿਚ ਆਪਣੇ ਸਾਥੀਆਂ ਦੇ ਟਾਕਰੇ ਬਹੁਤ ਅਗੇ ਵਧ ਜਾਂਦਾ ਹੈ ਅਤੇ ਉਹ ਆਮ ਸਧਾਰਨ ਬੁਧੀ ਦੇ ਬਚਿਆਂ ਬਰਾਬਰ ਕੰਮ ਕਰਨ ਲਗ ਜਾਂਦਾ ਹੈ ਤਾਂ ਉਸ ਨੂੰ ਘਟੀਆ ਬੁਧੀ ਵਾਲੀ ਜਮਾਤ ਤੋਂ ਕਢ ਕੇ ਸਕੂਲ ਦੀਆਂ ਆਮ ਜਮਾਤਾਂ ਵਿਚ ਦਾਖਲ ਕਰ ਲਿਆ ਜਾਂਦਾ ਹੈ।

ਅਧੁਨਿਕ ਕਾਲ ਵਿਚ ਦੋ ਤਰ੍ਹਾਂ ਦੀਆਂ ਬੁਧੀ-ਮਾਪਕ ਪਰੀਖਿਆਵਾ ਦੀ ਕਾਢ ਕੱਢੀ ਗਈ ਹੈ। ਇਕ ਕਿਸਮ ਦੀ ਪਰੀਖਿਆ ਨਾਲ ਬਚਿਆਂ ਦੀ ਸੰਪੂਰਨ ਬੁਧੀ ਕਿਹੋ ਜਹੀ ਹੈ ਦਾ ਪਤਾ ਕਢਿਆ ਜਾਂਦਾ ਹੈ ਅਰਥਾਤ ਇਹ ਜਾਨਣ ਦਾ ਯਤਨ ਕੀਤਾ ਜਾਂਦਾ ਹੈ ਕਿ ਉਹ ਤੇਜ ਬੁਧੀ ਦਾ ਹੈ, ਆਮ ਸਧਾਰਨ ਬੁਧੀ ਦਾ ਹੈ ਜਾਂ ਘਟੀਆ ਬੁਧੀ ਦਾ ਹੈ। ਦੂਜੀ ਕਿਸਮ ਦੀ ਪਰੀਖਿਆ ਵਿਚ ਬੱਚੇ ਦੀ ਵਿਸ਼ੇਸ਼ ਕਿਸਮ ਦੀ ਰੁਚੀ ਅਤੇ ਵਿਸ਼ੇਸ ਯੋਗਤਾ ਦਾ ਪਤਾ ਕਰਨ ਦਾ ਯਤਨ ਕੀਤਾ ਜਾਂਦਾ ਹੈ। ਬੱਚੇ ਦੀਆਂ ਵਿਸ਼ੇਸ਼ ਯੋਗਤਾਵਾਂ ਬਾਰੇ ਹਾਲੇ ਇੰਨੀ ਖੋਜ ਨਹੀਂ ਹੋ ਸਕੀ ਜਿੰਨੀ ਬੱਚੇ ਦੀ ਸੰਪੂਰਨ ਬੁਧੀ ਦੇ ਮਾਪ ਬਾਰੇ ਖੋਜ ਹੋ ਚੁੱਕੀ ਹੈ। ਇਨ੍ਹਾਂ ਖੋਜਾਂ ਦੇ ਸਿੱਟੇ ਵਜੋਂ ਸਿਖਿਆ ਦੇ ਪਰਬੰਧ ਵਿਚ ਮੌਲਕ ਤਬਦੀਲੀ ਹੋਣੀ ਜ਼ਰੂਰੀ ਹੋ ਗਈ ਹੈ। ਇਹ ਤਬਦੀ-ਲੀਆਂ ਹੁਣ ਹੌਲੀ ਹੌਲੀ ਹੋਣੀਆਂ ਸ਼ੁਰੂ ਹੋ ਗਈਆਂ ਹਨ। ਹੁਣ ਸਧਾਰਨ ਪਰੀਖਿਆਵਾਂ ਨੂੰ ਇੰਨੀ ਮਹੱਤਾ ਨਹੀਂ ਦਿੱਤੀ ਜਾਂਦੀ ਜਿੰਨੀ ਕਿ ਪਹਿਲਾਂ ਦਿੱਤੀ ਜਾਂਦੀ ਸੀ। ਇਸਦੀ ਥਾਂ ਬੱਚੇ ਦੀ ਯੋਗਤਾ ਬੱਚੇ ਦੇ ਹਰ ਰੋਜ਼ ਦੇ ਕੰਮ ਜਾਂ ਬੁਧੀ-ਮਾਪ ਪਰੀਖਿਆਵਾਂ ਰਾਹੀਂ ਵਧੇਰੇ ਮਾਪੀ ਜਾਂਦੀ ਹੈ। ਜਿਹੜੇ ਬੱਚੇ ਉਮਰ ਵਿਚ ਵੱਡੇ ਹੋਣ ਕਰਕੇ ਜਾਂ ਵਧੇਰੇ ਮਿਹਨਤ ਕਰਕੇ ਸਲਾਨਾ ਪਰੀਖਿਆ ਵਿਚ ਵਧੇਰੇ ਨੰਬਰ ਲੈ ਜਾਂਦੇ ਹਨ ਉਨ੍ਹਾਂ ਨੂੰ ਵਧੇਰੇ ਬੁਧੀ ਵਾਲੇ ਬਚਿਆਂ ਦੇ ਟਾਕਰੇ ਵਧੇਰੇ ਯੋਗ ਨਹੀਂ ਸਮਝਿਆ ਜਾਂਦਾ। ਜੇ ਕੋਈ ਬੱਚਾ ਪਰੀਖਿਆ ਵੇਲੇ ਕਿਸੇ ਬੀਮਾਰੀ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਗੈਰ-ਹਾਜ਼ਰ ਹੋ ਜਾਂਦਾ ਹੈ ਤਾਂ ਉਸ ਨੂੰ ਅਗਲੀ ਜਮਾਤ ਵਿਚ ਚੜ੍ਹਾਉਣ ਤੋਂ ਨਹੀਂ ਰੋਕਿਆ ਜਾਂਦਾ। ਬਚਿਆਂ ਨੂੰ ਵਜ਼ੀਫਾ ਦੇਣ ਵੇਲੇ ਨਿਰੀ ਉਨ੍ਹਾਂ ਦੀ ਪੜ੍ਹਾਈ ਜਾਂ ਮਿਹਨਤ ਦੀ ਜਾਂਚ ਨਹੀਂ ਕੀਤੀ ਜਾਂਦੀ ਸਗੋਂ ਉਨ੍ਹਾਂ ਦੀ ਬੁਧੀ ਦੀ ਜਾਂਚ ਵੀ ਕੀਤੀ ਜਾਂਦੀ ਹੈ। ਤਿੱਖੀ ਬੁਧੀ ਅਤੇ ਪ੍ਰਤਿਭਾ ਵਾਲੇ ਬਚਿਆਂ ਨੂੰ ਹੀ ਵਿਸ਼ਵ-ਵਿਦਿਆਲੇ ਵਿਚ ਸਿਖਿਆ ਲੈਣ ਲਈ ਵਜ਼ੀਫਾ ਦੇ ਕੇ ਉਤਸ਼ਾਹ ਦਿੱਤਾ ਜਾਂਦਾ ਹੈ।

## ਸਮੁੱਚੇ ਬੱਚੇ ਦੀ ਸਿਖਿਆ

ਸਾਡੀ ਵਰਤਮਾਨ ਸਿਖਿਆ ਪਰਨਾਲੀ ਵਿਚ ਬੱਚੇ ਦੀ ਇਕਾਂਗੀ ਸਿਖਿਆ ਹੁੰਦੀ ਹੈ, ਉਸਦੇ ਸੰਪੂਰਨ ਵਿਅਕਤਿਤਵ ਦੀ ਸਿਖਿਆ ਨਹੀਂ ਹੁੰਦੀ। ਸਾਡਾ ਪਾਠ-ਕਰਮ ਬਹੁਤਾ ਕਰਕੇ ਬੱਚੇ ਦੇ ਬੌਧਿਕ ਵਿਕਾਸ ਲਈ ਹੀ ਬਣਾਇਆ ਜਾਂਦਾ ਹੈ। ਉਸਦੇ ਭਾਵਾਤਮਕ ਜੀਵਨ ਅਤੇ ਉਸਦੀ ਸਰੀਰਕ ਸਿਖਿਆ ਉਤੇ ਉੱਨਾ ਧਿਆਨ ਨਹੀਂ ਦਿਤਾ ਜਾਂਦਾ। ਇਸ ਕਰਕੇ

ਬੱਚੇ ਦਾ ਬੌਧਿਕ ਵਿਕਾਸ ਤਾਂ ਕਾਫੀ ਹੋ ਜਾਂਦਾ ਹੈ ਪਰ ਉਸ ਦੇ ਭਾਵਾਂ ਦਾ ਕੋਈ ਵਿਕਾਸ ਨਹੀਂ ਹੁੰਦਾ। ਉਨ੍ਹਾ ਦੇ ਮਨ ਵਿਚ ਅਜੋੜਤਾ ਪੈਦਾ ਹੋ ਜਾਂਦੀ ਹੈ। ਅਜਿਹੇ ਲੋਕਾਂ ਨੂੰ ਕਈ ਮਾਨਸਿਕ ਰੋਗ ਹੋ ਜਾਂਦੇ ਹਨ। ਮਾਨਸਿਕ ਰੋਗਾਂ ਦਾ ਖਾਤਮਾ ਕਰਨ ਲਈ ਇਹ ਜ਼ਰੂਰੀ ਹੈ ਕਿ ਬਚਿਆਂ ਦੇ ਬੌਧਿਕ ਵਿਕਾਸ ਦੇ ਨਾਲ ਨਾਲ ਉਨ੍ਹਾਂ ਦਾ ਭਾਵਾਤਮਕ ਵਿਕਾਸ ਵੀ ਹੋਵੇ।

ਜਿਨ੍ਹਾਂ ਲੋਕਾਂ ਦਾ ਬੌਧਿਕ ਵਿਕਾਸ ਤਾਂ ਹੋ ਜਾਂਦਾ ਹੈ ਪਰ ਉਨ੍ਹਾਂ ਦੇ ਭਾਵਾਂ ਦਾ ਵਿਕਾਸ ਹੋਣੋਂ ਰਹਿ ਜਾਂਦਾ ਹੈ ਉਹ ਰਾਖਸ਼ੀ ਮਨ-ਬਿਰਤੀ ਦੇ ਹੋ ਜਾਂਦੇ ਹਨ। ਇਕ ਪਾਸੇ ਤਾਂ ਉਹ ਬੜੇ ਕੁਕਰਮੀ ਹੁੰਦੇ ਹਨ ਦੂਜੇ ਪਾਸੇ ਆਪਣੇ ਕੁਕਰਮਾਂ ਨੂੰ ਠੀਕ ਸਾਬਤ ਕਰਨ ਲਈ ਅਤੇ ਦੁਨੀਆਂ ਦੀਆਂ ਅਖਾਂ ਵਿਚ ਮਿੱਟੀ ਪਾਉਣ ਲਈ ਕਈ ਤਰ੍ਹਾਂ ਦੀਆਂ ਜੁਗਤਾਂ ਬਣਾਉਂਦੇ ਹਨ। ਬੁਧੀ ਵਿਚ ਵਾਧਾ ਵਿਗਿਆਨਿਕ ਕਾਢਾਂ ਵਿਚ ਸਹਾਇਤਾ ਦਿੰਦਾ ਹੈ। ਜੇ ਮਨੁਖ ਦੇ ਭਾਵ ਸ਼ੁਧ ਹੁੰਦੇ ਜਾਂ ਉਸਦੇ ਵਿਚਾਰਾਂ ਵਿਚ ਉਦਾਰਤਾ ਹੁੰਦੀ ਤਾਂ ਉਹ ਆਪਣੀ ਬੁਧੀ ਨੂੰ ਅਜੇਹੀਆਂ ਵਿਗਿਆਨਕ ਕਾਢਾਂ ਕਢਣ ਵਿਚ ਵਰਤਦਾ ਜਿਨ੍ਹਾਂ ਨਾਲ ਸੰਸਾਰ ਦੇ ਲੋਕਾਂ ਦਾ ਭਲਾ ਹੁੰਦਾ। ਪਰ ਉਸ ਨੂੰ ਭਾਵਾਂ ਦੀ ਕਿਸੇ ਤਰ੍ਹਾਂ ਦੀ ਸਿਖਿਆ ਨਹੀਂ ਦਿੱਤੀ ਗਈ। ਇਸ ਲਈ ਬੁਧੀ ਦੀ ਵਰਤੋਂ ਉਨ੍ਹਾਂ ਕਾਢਾਂ ਦੇ ਕਢਣ ਵਿਚ ਹੁੰਦੀ ਹੈ ਜਿਸ ਨਾਲ ਮਨੁਖ ਸਮਾਜ ਜਲਦੀ ਤੋਂ ਜਲਦੀ ਗਰਕ ਹੋ ਜਾਵੇ। ਅਜ ਸੰਸਾਰ ਦੇ ਲੋਕ ਇਕ ਦੂਜੇ ਦੇ ਵਿਰੋਧੀ ਟੋਲੀਆਂ ਵਿਚ ਵੰਡੇ ਜਾ ਚੁੱਕੇ ਹਨ ਅਤੇ ਉਹ ਆਪਣੀ ਬੁਧੀ ਨੂੰ ਅਜਿਹੇ ਕੰਮਾਂ ਵਿਚ ਖਰਚ ਕਰ ਰਹੇ ਹਨ ਜਿਨ੍ਹਾ ਨਾਲ ਉਹ ਇਕ ਦੂਜੇ ਨੂੰ ਸੌਖੀ ਤਰ੍ਹਾਂ ਖਤਮ ਕਰ ਦੇਣ। ਇਸ ਤਰ੍ਹਾਂ ਦੀ ਹਾਲਤ ਵਿਅਕਤੀ ਦੀ ਬੌਧਿਕ ਸਿਖਿਆ ਉੱਤੇ ਬਹੁਤਾ ਹੀ ਜ਼ੋਰ ਦੇਣ ਕਰਕੇ ਪੈਦਾ ਹੋਈ ਹੈ।

ਪੁਰਾਣੇ ਸਮੇਂ ਵਿਚ ਸੰਸਾਰ ਦੇ ਸਿਖਿਆ-ਘਰਾਂ ਵਿਚ ਮਨੁਖ ਨੂੰ ਬੌਧਿਕ ਸਿਖਿਆ ਦੇ ਨਾਲ ਨਾਲ ਧਾਰਮਕ ਸਿਖਿਆ ਵੀ ਦਿੱਤੀ ਜਾਂਦੀ ਸੀ। ਸਮਾਜ ਦਾ ਸੁਸਿਖਿਅਤ ਵਿਅਕਤੀ ਉਹ ਸਮਝਿਆ ਜਾਂਦਾ ਸੀ ਜਿਸ ਦਾ ਵਰਤਾਰਾ ਧਰਮ ਅਨੁਸਾਰ ਹੋਵੇ। ਧਾਰਮਕ ਸਿਖਿਆ ਮਨੁਖ ਦੇ ਭਾਵਾਂ ਨੂੰ ਸ਼ੁਧ ਕਰਨ ਦਾ ਸਾਧਨ ਸੀ। ਵਰਤਮਾਨ ਕਾਲ ਵਿਚ ਵਿਗਿਆਨ ਦੇ ਵਾਧੇ ਕਰਕੇ ਜਾਂ ਬੁਧੀ ਵਾਦ ਦੇ ਵਧਣ ਨਾਲ ਸੰਸਾਰ ਦੇ ਸਾਰੇ ਲੋਕਾਂ ਵਿਚ ਧਰਮ ਲਈ ਸ਼ਰਧਾ ਖਤਮ ਹੋ ਗਈ ਹੈ। ਹੁਣ ਧਰਮ ਦੀ ਅਣਹੋਂਦ ਕਰਕੇ ਕੋਈ ਅਜਿਹਾ ਸਾਧਨ ਨਹੀਂ ਰਿਹਾ ਜਿਸ ਨਾਲ ਮਨੁਖ ਦੇ ਪਸ਼ੂਪੁਣੇ ਉਤੇ ਕੋਈ ਰੋਕ ਲੱਗ ਸਕੇ ਅਥਵਾ ਉਸਦੇ ਅੰਦਰਲੇ ਸੁਭਾ ਦੀ ਸੁਧੀ ਹੋ ਸਕੇ। ਸੰਸਾਰ ਦੇ ਸਿਖਿਆ ਵਿਗਿਆਨੀ ਬੌਧਿਕ ਸਿਖਿਆ ਤੋਂ ਅੱਕ ਗਏ ਹਨ ਅਤੇ ਉਹ ਬਚਿਆਂ ਨੂੰ ਅਜਿਹੀ ਸਿਖਿਆ ਦੇਣਾ ਚਾਹੁੰਦੇ ਹਨ ਜਿਸ ਨਾਲ ਸੰਸਾਰ ਉਤੋਂ ਘਿਰਨਾ ਦੇ ਭਾਵਾਂ ਦਾ ਖਾਤਮਾਂ ਹੋਵੇ ਅਤੇ ਉਸਦੀ ਥਾਂ ਪਿਆਰ ਅਤੇ ਮਿਤਰਤਾ ਵਿਚ ਵਾਧਾ ਹੋਵੇ।

ਅਮਰੀਕਾ ਦੇ ਵਿਦਿਆਲਿਆਂ ਵਿਚ ਆਧੁਨਿਕ ਕਾਲ ਵਿਚ ਵਿਹਾਰਕ ਸਿਖਿਆ ਉਤੇ ਜ਼ੋਰ ਦਿਤਾ ਜਾਂਦਾ ਹੈ। ਵਿਹਾਰਕ ਸਿਖਿਆ ਰਾਹੀਂ ਬੱਚੇ ਵਿਚ ਨਿਰੀ ਸੋਚਣ ਦੀ ਸ਼ਕਤੀ ਹੀ ਨਹੀਂ ਵਧਦੀ ਸਗੋਂ ਉਸ ਵਿਚ ਕੰਮ ਕਰਨ ਦੀ ਸ਼ਕਤੀ ਵੀ ਵਧਦੀ ਹੈ। ਬਹੁਤ ਸਾਰੇ ਬਚਿਆਂ ਵਿਚ ਸੂਖਮ ਤੋਂ ਸੂਖਮ ਵਿਚਾਰ ਕਰਨ ਦੀ ਯੋਗਤਾ ਹੁੰਦੀ ਹੈ। ਪਰ ਜਦ ਉਨ੍ਹਾਂ ਅੱਗੇ ਅਜਿਹੀ ਸਮਸਿਆ ਆ ਖੜੀ ਹੁੰਦੀ ਹੈ ਜਿਸ ਨੂੰ ਹੱਲ ਕਰਨ ਲਈ ਵਿਹਾਰਕ ਤਜਰਬੇ ਦੀ ਲੋੜ ਹੁੰਦੀ ਹੈ ਤਾਂ ਉਹ ਆਪਣੇ ਆਪ ਨੂੰ ਨਿਆਸਰਾ ਪਰਤੀਤ ਕਰਦੇ ਹਨ। ਇਸ ਲਈ ਅਮਰੀਕਾ ਦੇ ਲੋਕਾਂ ਨੇ ਇਕ ਨਵੀਂ ਸਿਖਿਆ-ਢੰਗ ਦੀ ਕਾਢ ਕਢੀ ਹੈ ਜਿਸ ਨੂੰ "ਪ੍ਰਾਜੈਕਟ

ਬਡ" ਆਖਿਆ ਜਾਂਦਾ ਹੈ। ਇਸ ਢੰਗ ਵਿਚ ਬਚਿਆਂ ਅੱਗੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆਉਂਦੀਆਂ ਹਨ ਅਤੇ ਉਨ੍ਹਾਂ ਨੂੰ ਜਿਹੜੀ ਬੋਧਿਕ ਸਿਖਿਆ ਦਿਤੀ ਜਾਂਦੀ ਹੈ ਉਹ ਇਨ੍ਹਾਂ ਸਮਸਿਆਵਾਂ ਦੇ ਹਲ ਕਰਨ ਦੇ ਨਾਲ ਨਾਲ ਹੀ ਦਿਤੀ ਜਾਂਦੀ ਹੈ। ਅਮਰੀਕਾ ਦੇ ਲੋਕ ਇਸ ਤਰ੍ਹਾਂ ਦੀ ਸਿਖਿਆ ਨੂੰ ਸੰਪੂਰਨ ਬੱਚੇ ਦੀ ਸਿਖਿਆ ਆਖਦੇ ਹਨ।

## ਸਿਖਿਆ ਵਿਚ ਨਿਜੀ ਸਹਾਰਾ

ਵਰਤਮਾਨ ਕਾਲ ਦੇ ਪਰਧਾਨ ਸਿਖਿਆ ਢੰਗ-ਮਾਂਨਟਸੋਰੀ ਢੰਗ, ਡਾਲਟਨ ਸਿਖਿਆ ਢੰਗ, ਅਤੇ ਪ੍ਰਾਜੇਕਟ ਸਿਖਿਆਂ ਢੰਗ ਹਨ। ਇਨ੍ਹਾਂ ਸਿਖਿਆ ਢੰਗਾਂ ਵਿਚ ਬੱਚੇ ਨੂੰ ਆਪਣੀ ਸਿਖਿਆ ਵਿਚ ਸ੍ਵੈ-ਆਸਰੇ ਬਨਾਉਣ ਦਾ ਯਤਨ ਕੀਤਾ ਜਾਂਦਾ ਹੈ। ਬਚਿਆਂ ਨੂੰ ਕੁਝ ਕੰਮ ਕਰਨ ਨੂੰ ਜਾਂ ਕੋਈ ਸਮੱਸਿਆ ਹਲ ਕਰਨ ਲਈ ਦਿੱਤੀ ਜਾਂਦੀ ਹੈ। ਬੱਚੇ ਨੂੰ ਹੁਣ ਆਪਣੀ ਸਮਝ ਨਾਲ ਅਛਾਈ ਨਾਲ ਕੰਮ ਕਰਨ ਲਈ ਪਰੇਰਨਾ ਦਿਤੀ ਜਾਂਦੀ ਹੈ। ਬੱਚੇ ਨੂੰ ਉਥੇ ਹੀ ਸਹਾਇਤਾ ਦਿਤੀ ਜਾਂਦੀ ਹੈ ਜਿਥੇ ਉਹ ਆਪ ਸਹਾਇਤਾ ਮੰਗਦਾ ਹੈ। ਇਨ੍ਹਾਂ ਸਿਖਿਆ ਢੰਗਾਂ ਵਿਚ ਉਸਤਾਦ ਆਗੂ ਦਾ ਕੰਮ ਨਹੀਂ ਕਰਦਾ। ਇਨ੍ਹਾਂ ਵਿਚ ਉਸਤਾਦ ਦੀਆਂ ਵਿਆਖਿਆਵਾਂ ਘਟ ਹੁੰਦੀਆਂ ਹਨ। ਜਮਾਤ ਦੇ ਸਾਰੇ ਬਚਿਆਂ ਨੂੰ ਇਕੱਠੀ ਸਹਾਇਤਾ ਨਹੀਂ ਦਿੱਤੀ ਜਾਂਦੀ। ਹਰ ਬੱਚੇ ਨਾਲ ਅੱਡ ਅੱਡ ਗਲ ਕੀਤੀ ਜਾਂਦੀ ਹੈ ਅਤੇ ਉਸ ਦੀ ਲੋੜ ਅਨੁਸਾਰ ਉਸ ਨੂੰ ਸਹਾਇਤਾ ਦਿੱਤੀ ਜਾਂਦੀ ਹੈ। ਇਨ੍ਹਾਂ ਸਿਖਿਆ-ਪਰਨਾਲੀਆਂ ਵਿਚ ਸਮੇਂ ਦਾ ਵੀ ਉਸ ਤਰ੍ਹਾਂ ਦਾ ਬੰਧਨ ਨਹੀਂ ਹੁੰਦਾ ਜਿਸ ਤਰ੍ਹਾਂ ਸਾਡੀਆਂ ਵਰਤਮਾਨ ਸਿਖਿਆ ਪਰਨਾਲੀਆਂ ਵਿਚ ਹੁੰਦਾ ਹੈ। ਸਾਡੀ ਵਰਤਮਾਨ ਸਿਖਿਆ ਪਰਨਾਲੀ ਵਿਚ ਘੰਟੀ ਵਜਦਿਆਂ ਹੀ ਉਸਤਾਦ ਆਪਣੇ ਵਿਸ਼ੇਸ਼ ਵਿਸ਼ੇ ਨੂੰ ਪੜ੍ਹਾਉਣਾ ਬੰਦ ਕਰ ਦਿੰਦਾ ਹੈ ਅਤੇ ਬੱਚੇ ਵੀ ਹਥਲਾ ਕੰਮ ਛਡ ਕੇ ਦੂਜਾ ਵਿਸ਼ਾ ਪੜ੍ਹਨ ਲਈ ਤਿਆਰ ਹੋ ਜਾਂਦੇ ਹਨ। ਜੇ ਕੋਈ ਜਟਿਲ ਸਮੱਸਿਆ ਜਮਾਤ ਅੱਗੇ ਹੋਵੇ ਤਾਂ ਉਹ ਅਧੂਰੀ ਹੀ ਛਡ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਬਚਿਆਂ ਦਾ ਬਹੁਤ ਸਾਰਾ ਸਮਾਂ ਬਿਅਰਥ ਖਰਚ ਹੁੰਦਾ ਹੈ। ਨਵੀਂ ਸਿਖਿਆ-ਪਰਨਾਲੀ ਇਸ ਤਰ੍ਹਾਂ ਦੀ ਹਾਲਤ ਦੇ ਵਿਰੁਧ ਹੈ। ਜਦ ਤਕ ਹਥ ਵਿਚ ਲਏ ਕੰਮ ਨੂੰ ਕੋਈ ਬੱਚਾ ਪੂਰਾ ਨਹੀਂ ਕਰਦਾ ਉਦੋਂ ਤਕ ਉਸ ਨੂੰ ਕੋਈ ਨਵਾਂ ਕੰਮ ਨਹੀਂ ਦਿੱਤਾ ਜਾਂਦਾ।

## ਮਿਲ ਕੇ ਕੰਮ ਕਰਨਾ

ਬਚਿਆਂ ਦੀ ਮਿਲ ਕੇ ਕੰਮ ਕਰਨ ਦੀ ਮਹੱਤਾ ਨੂੰ ਪਹਿਲਾਂ ਪਹਿਲ ਫਰੋਬੇਲ ਨੇ ਦਰਸਾਇਆ ਸੀ। ਫਰੋਬੇਲ ਦੇ ਕਿੰਡਰਗਾਰਟਨ ਨਾਮੀ ਸਿਖਿਆ ਢੰਗ ਵਿਚ ਜਮਾਤ ਦੇ ਬੱਚੇ ਕਈ ਟੋਲੀਆਂ ਵਿਚ ਵੰਡੇ ਜਾਂਦੇ ਹਨ ਅਤੇ ਉਹ ਆਪਸ ਵਿਚ ਮਿਲ ਕੇ ਕਈ ਤਰ੍ਹਾਂ ਦੀਆਂ ਖੇਡਾਂ ਖੇਡਦੇ ਹਨ। ਇਹ ਸਾਰੀਆਂ ਖੇਡਾਂ ਸਿਖਿਆ ਦੇਣ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਨਿਰਾ ਸਹਿਜ ਸੁਭਾ ਬੌਧਿਕ ਵਿਕਾਸ ਹੀ ਨਹੀਂ ਹੁੰਦਾ ਸਗੋਂ ਉਨ੍ਹਾਂ ਵਿਚ ਮਿਲਵਰਤਨ ਅਤੇ ਸਹਿਨਸ਼ੀਲਤਾ ਦੇ ਭਾਵਾਂ ਦਾ ਵਾਧਾ ਵੀ ਹੁੰਦਾ ਹੈ। ਇਸ ਸਿਖਿਆ ਢੰਗ ਨਾਲ ਬੱਚੇ ਵਿਚ ਸਮਾਜਿਕ ਗੁਣਾਂ ਦਾ ਵਿਕਾਸ ਹੁੰਦਾ ਹੈ ਜਿਹੜੇ ਉਸ ਦੇ ਜੀਵਨ ਨੂੰ ਸਮਾਜ ਲਈ ਲਾਭਦਾਇਕ ਬਣਾਉਂਦੇ ਹਨ। ਜਿਹੜਾ ਬੱਚਾ ਦੂਜਿਆਂ ਨਾਲ ਮਿਲ ਕੇ ਕੰਮ ਕਰਨ ਦੀ ਆਦਤ ਆਪਣੀ ਬਾਲ-ਅਵਸਥਾ ਵਿਚ ਪਾ ਲੈਂਦਾ ਹੈ ਅਤੇ ਮਿਲਵਰਤਨ ਦੇ ਭਾਵ ਦੀ ਕੀਮਤ ਚੰਗੀ ਤਰ੍ਹਾਂ ਸਮਝ ਲੈਂਦਾ ਹੈ ਉਹ ਆਪਣੀ ਬਾਲਗ ਉਮਰ ਵਿਚ ਵੀ ਦੂਜਿਆਂ ਨਾਲ ਮਿਲ ਕੇ ਕੰਮ ਕਰਨ ਦਾ ਯਤਨ

ਕਰਦਾ ਹੈ।

ਜਿਸ ਤਰ੍ਹਾਂ ਕਿੰਡਰਗਾਰਟਨ ਵਿਚ ਛੋਟੇ ਬਚਿਆਂ ਵਿਚ ਇਕ ਦੂਜੇ ਦੇ ਨਾਲ ਮਿਲ ਕੇ ਕੰਮ ਕਰਨ ਦੀ ਮਨ-ਬਿਰਤੀ ਨੂੰ ਵਧਾਇਆ ਜਾਂਦਾ ਹੈ ਉਸੇ ਤਰ੍ਹਾਂ ਡਾਲਟਨ ਸਿਖਿਆ ਢੰਗ ਵਿਚ ਅਤੇ ਪ੍ਰਾਜੈਕਟ-ਸਿਖਿਆ ਢੰਗ ਵਿਚ ਵੀ ਆਪਸ ਵਿਚ ਇਕ ਦੂਜੇ ਦੀ ਸਹਾਇਤਾ ਕਰ ਕੇ ਆਪਣੇ ਕੰਮ ਨੂੰ ਪੂਰਾ ਕਰਨ ਅਥਵਾ ਸਮੱਸਿਆਵਾਂ ਨੂੰ ਹਲ ਕਰਨ ਦੀ ਬਿਰਤੀ ਨੂੰ ਵਧਾਇਆ ਜਾਂਦਾ ਹੈ। ਬਚਿਆਂ ਨੂੰ ਸਝਾਇਆ ਜਾਂਦਾ ਹੈ ਕਿ ਉਹ ਪੈਰ ਪੈਰ ਉਤੇ ਉਸਤਾਦ ਦੀ ਸਹਾਇਤਾ ਲੈਣ ਲਈ ਉਸ ਦੇ ਮੂੰਹ ਵਲ ਨਾ ਝਾਕਣ ਸਗੋਂ ਜਿੱਥੇ ਲੋੜ ਜਾਪੇ ਆਪਣੇ ਸਾਥੀਆਂ ਤੋਂ ਸਹਾਇਤਾ ਲੈਣ। ਇਸ ਤਰ੍ਹਾਂ ਬਚਿਆਂ ਵਿਚ ਇਕ ਤਾਂ ਸਮਾਜਕਤਾ ਦੇ ਭਾਵ ਦਾ ਵਾਧਾ ਹੁੰਦਾ ਹੈ ਦੂਜੇ ਉਨ੍ਹਾਂ ਅੰਦਰ ਸ੍ਵੈ-ਆਸਰੇ ਹੋਣ ਦੇ ਭਾਵ ਪੈਦਾ ਹੋ ਜਾਂਦੇ ਹਨ।

## ਰਚਨਾਤਮਕ ਕੰਮਾਂ ਵਿਚ ਵਾਧਾ

ਰਚਨਾਤਮਕ ਕੰਮ ਉਹ ਹੈ ਜਿਸ ਨੂੰ ਕਰਨ ਵਿਚ ਬੱਚਾ ਸ਼ੌਕ, ਸੁਤੰਤਰਤਾ ਅਤੇ ਖੁਸ਼ੀ ਅਨੁਭਵ ਕਰਦਾ ਹੈ। ਬੱਚਾ ਇਸ ਤਰ੍ਹਾਂ ਦੇ ਭਾਵਾਂ ਦਾ ਅਨੁਭਵ ਆਪਣੀ ਖੇਡ ਵਿਚ ਕਰਦਾ ਹੈ। ਵਰਤਮਾਨ ਕਾਲ ਵਿਚ ਇਸ ਗੱਲ ਉਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਬੱਚੇ ਦੀ ਸਿਖਿਆ ਇਸ ਤਰ੍ਹਾਂ ਹੋਵੇ ਕਿ ਉਹ ਸਕੂਲ ਦੇ ਕੰਮ ਨੂੰ ਭਾਰ ਸਮਝਣ ਦੀ ਥਾਂ ਉਸ ਨੂੰ ਉਸੇ ਤਰ੍ਹਾਂ ਖੁਸ਼ੀ ਖੁਸ਼ੀ ਕਰੇ ਜਿਵੇਂ ਉਹ ਖੁਸ਼ੀ ਖੁਸ਼ੀ ਖੇਡਾਂ ਖੇਡਦਾ ਹੈ। ਇਸ ਦੇ ਲਈ ਸਿਖਿਆ ਵਿਚ ਖੇਡ ਦੇ ਢੰਗ ਨੂੰ ਲਿਆਉਣ ਉਤੇ ਜ਼ੋਰ ਦਿਤਾ ਜਾਂਦਾ ਹੈ। ਬੱਚਾ ਖੇਡਣ ਵਿਚ ਸੁਤੰਤਰ ਰਹਿੰਦਾ ਹੈ। ਜਦ ਤਕ ਉਹ ਚਾਹੁੰਦਾ ਹੈ ਉਦੋਂ ਤਕ ਉਹ ਖੇਡ ਖੇਡਦਾ ਹੈ ਅਤੇ ਜਦ ਉਹ ਥੱਕ ਜਾਂਦਾ ਹੈ ਤਾਂ ਆਪਣੀ ਖੇਡ ਬੰਦ ਕਰ ਦਿੰਦਾ ਹੈ। ਕਿਸੇ ਸਿਹਤਮੰਦ ਬੱਚੇ ਨੂੰ ਖੇਡਣ ਲਈ ਮਿੰਨਤ ਨਹੀਂ ਕਰਨੀ ਪੈਂਦੀ। ਬੱਚੇ ਦੀ ਸਿਖਿਆ ਵੀ ਇਸੇ ਤਰ੍ਹਾਂ ਹੋਣੀ ਚਾਹੀਦੀ ਹੈ ਜਿਸ ਨਾਲ ਉਹ ਆਪਣੇ ਆਪ ਉਨ੍ਹਾਂ ਕੰਮਾਂ ਨੂੰ ਕਰਨ ਲੱਗ ਜਾਵੇ ਜਿਹੜੇ ਉਸ ਦੇ ਮਾਨਸਿਕ ਵਿਕਾਸ ਲਈ ਲਾਭ-ਦਾਇਕ ਹਨ।

ਇਸ ਦੇ ਲਈ ਬਚਿਆਂ ਦੀ ਰੁਚੀ ਦਾ ਅਧਿਆਨ ਕਰਨਾ ਜ਼ਰੂਰੀ ਹੈ। ਜਦ ਬੱਚਿਆਂ ਦੀ ਸਿਖਿਆ ਉਨ੍ਹਾਂ ਦੀ ਰੁਚੀ ਦੇ ਅਨੁਸਾਰ ਹੁੰਦੀ ਹੈ ਤਾਂ ਉਹ ਸਿਖਿਆ ਦੇ ਕੰਮ ਵਿਚ ਉਸੇ ਤਰ੍ਹਾਂ ਮਨ ਲਾਉਂਦੇ ਹਨ ਜਿਸ ਤਰ੍ਹਾਂ ਆਪਣੀਆਂ ਖੇਡਾਂ ਵਿਚ। ਫਰੋਬੇਲ ਨੇ ਛੋਟੇ ਬਚਿਆਂ ਲਈ ਅਜਿਹੀਆਂ ਕਈ ਖੇਡਾਂ ਦੀ ਕਾਢ ਕਢੀ ਹੈ ਜਿਨ੍ਹਾਂ ਨਾਲ ਇਕ ਤਾਂ ਬਚਿਆਂ ਦੀ ਖੁਸ਼ੀ ਵਿਚ ਵਾਧਾ ਹੁੰਦਾ ਹੈ ਅਤੇ ਦੂਜੇ ਉਹ ਆਪਣੇ ਜੀਵਨ ਵਿਚ ਕੰਮ ਆਉਣ ਵਾਲੀਆਂ ਕਈ ਜ਼ਰੂਰੀ ਗਲਾਂ ਸਿੱਖ ਲੈਂਦੇ ਹਨ। ਉਸ ਦੇ ਸਿਖਿਆ ਢੰਗ ਵਿਚ ਨੱਚਣਾ, ਗਾਉਣਾ, ਐਕਟਿੰਗ ਕਰਨਾ, ਕਹਾਣੀ ਸੁਣਾਉਣਾ, ਕਈ ਤਰ੍ਹਾਂ ਦੇ ਖਿਡੌਣੇ ਬਣਾਉਣਾ, ਚਿਤਰਕਾਰੀ ਕਰਨਾ ਆਦਿ ਕਈ ਰਚਨਾਤਮਕ ਕੰਮਾਂ ਉਤੇ ਕਾਫੀ ਜ਼ੋਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਮਾਨਟਸੋਰੀ ਸਿਖਿਆ-ਪਰਨਾਲੀ ਵਿਚ ਵੀ ਬੱਚੇ ਨੂੰ ਆਪਣੇ ਸ਼ੌਕ ਨਾਲ ਕੰਮ ਕਰਨ ਦੀ ਬਿਰਤੀ ਅਤੇ ਰਚਨਾਤਮਕ ਕੰਮ ਉਤੇ ਜ਼ੋਰ ਦਿੱਤਾ ਗਿਆ ਹੈ। ਡਾਲਟਨ ਅਤੇ ਪ੍ਰਾਜੈਕਟ ਸਿਖਿਆ-ਢੰਗ ਵਿਚ ਵੀ ਰਚਨਾਤਮਕ ਕੰਮ ਨੂੰ ਵਿਸ਼ੇਸ਼ ਮਹੱਤਾ ਦਿਤੀ ਜਾਂਦੀ ਹੈ ਪਰ ਇਨ੍ਹਾਂ ਢੰਗਾਂ ਦੇ ਰਚਨਾਤਮਕ ਕੰਮ ਬਹੁਤੇ ਬੌਧਿਕ ਹੁੰਦੇ ਹਨ। ਛੋਟੇ ਬੱਚਿਆਂ ਦੇ ਰਚਨਾਤਮਕ ਕੰਮਾਂ ਵਿਚ ਹੱਥ ਦੇ ਕੰਮਾਂ ਦੀ ਪਰਧਾਨਤਾ ਰਹਿੰਦੀ ਹੈ।

## ਸਿਖਿਆ ਵਿਚ ਘਰ ਅਤੇ ਸਮਾਜ ਦਾ ਵਾਤਾਵਰਨ

ਅਮਰੀਕਾ ਦੇ ਨਵੇਂ ਸਿਖਿਆ-ਢੰਗ ਵਿਚ ਇਸ ਗੱਲ ਤੇ ਜ਼ੋਰ ਦਿਤਾ ਜਾਂਦਾ ਹੈ ਕਿ ਬੱਚੇ ਦੇ ਸਕੂਲ ਤੋਂ ਬਾਹਰਲੇ ਜੀਵਨ ਅਤੇ ਸਕੂਲੀ ਜੀਵਨ ਵਿਚ ਜਿਥੋਂ ਤਕ ਹੋ ਸਕੇ ਕਿਸੇ ਤਰ੍ਹਾਂ ਦਾ ਵਿਰੋਧ ਨਾ ਰਹੇ। ਜਿਨ੍ਹਾਂ ਸਮੱਸਿਆਵਾਂ ਨੂੰ ਬੱਚੇ ਨੇ ਘਰ ਰਹਿੰਦਿਆਂ ਹਲ ਕਰਨਾਂ ਹੁੰਦਾ ਹੈ ਉਨ੍ਹਾਂ ਹੀ ਸਮੱਸਿਆਵਾਂ ਨੂੰ ਹਲ ਕਰਨ ਵਿਚ ਸਕੂਲੀ ਸਿਖਿਆ ਸਹਾਇਤਾ ਦਿੰਦੀ ਹੈ। ਸਕੂਲ ਬੱਚੇ ਨੂੰ ਨਿਰਾ ਭਵਿਖਤ ਦੇ ਜੀਵਨ ਲਈ ਹੀ ਤਿਆਰ ਨਹੀਂ ਕਰਦਾ ਸਗੋਂ ਉਹ ਉਸਨੂੰ ਵਰਤਮਾਨ ਜੀਵਨ ਵਿਚ ਵੀ ਸੁਯੋਗ ਬਣਾਉਂਦਾ ਹੈ। ਕਿੰਨੇ ਹੀ ਬਚੇ ਭਾਵੇਂ ਉਹ ਬਹੁਤ ਚਿਰ ਤਕ ਸਕੂਲ ਵਿਚ ਸਿਖਿਆ ਪਾਉਂਦੇ ਰਹਿੰਦੇ ਹਨ, ਆਪਣੇ ਆਪ ਨੂੰ ਸਮਾਜਿਕ ਜੀਵਨ ਦੀਆਂ ਜ਼ਿਮੇਂਵਾਰੀਆਂ ਚੁਕਣ ਤੋਂ ਅਸਮਰੱਥ ਪਾਉਂਦੇ ਹਨ। ਉਨ੍ਹਾਂ ਦਾ ਦਿਮਾਗ ਪੋਥੀਆਂ ਦੇ ਵਿਚਾਰਾਂ ਨਾਲ ਇੱਨਾ ਭਰ ਜਾਂਦਾ ਹੈ ਕਿ ਉਹ ਅਸਲੀਅਤ ਦੇ ਸਾਹਮਣੇ ਨਹੀਂ ਹੋ ਸਕਦੇ ਅਤੇ ਕਿਸ ਜਟੀਲ ਅਸਲੀਅਤ ਨਾਲ ਮੱਥਾ ਲਗਣ ਨਾਲ ਉਸ ਤੋਂ ਆਪਣਾ ਆਪ ਬਚਾਉਣ ਦੇ ਅਸਮਰੱਥ ਰਹਿ ਜਾਂਦੇ ਹਨ। ਸੰਸਾਰ ਵਿਚ ਅਜਿਹੇ ਪੜ੍ਹੇ ਲਿਖੇ ਮੂਰਖਾਂ ਦਾ ਕਾਲ ਨਹੀਂ ਜਿਹੜੇ ਆਪਣੇ ਅਨੁਭਵ ਦੇ ਆਸਰੇ ਕਿਸੇ ਸਿੱਟੇ ਤੇ ਪਹੁੰਚ ਹੀ ਨਹੀਂ ਸਕਦੇ। ਉਨ੍ਹਾਂ ਨੂੰ ਸਦਾ ਕਿਸੇ ਸਿੱਟੇ ਤੇ ਪਹੁੰਚਣ ਲਈ ਕਿਸੇ ਗਰੰਥ ਦੀ ਜਾਂ ਗੁਰਵਾਕ ਦੀ ਸਹਾਇਤਾ ਦੀ ਲੋੜ ਹੁੰਦੀ ਹੈ। ਉਹ ਆਪਣੇ ਜੀਵਨ ਨੂੰ ਉਸੇ ਤਰ੍ਹਾਂ ਅਸਫਲ ਬਣਾ ਦਿੰਦੇ ਹਨ ਜਿਸ ਤਰ੍ਹਾਂ ਹੈਮਲਿਟ ਨੇ ਬਹੁਤੀ ਵਿਦਿਆ ਵਿਚਾਰਨ ਕਰਕੇ ਆਪਣੇ ਜੀਵਨ ਨੂੰ ਅਸਫਲ ਬਣਾਇਆ ਸੀ। ਅਜਿਹੇ ਲੋਕ ਹਰ ਤਰ੍ਹਾਂ ਦੀਆਂ ਸ਼ੁਭ ਕਾਮਨਾਵਾਂ ਰਖਦਿਆਂ ਹੋਇਆਂ ਵੀ ਸੰਸਾਰ ਲਈ ਇਕ ਵੀ ਲਾਭਦਾਇਕ ਕੰਮ ਕਰਨ ਵਿਚ ਸਫਲ ਨਹੀਂ ਹੁੰਦੇ। ਇਸ ਲਈ ਅਧੁਨਿਕ ਸਿਖਿਆ ਢੰਗਾਂ ਵਿਚ ਇਸ ਗਲ ਤੇ ਜ਼ੋਰ ਦਿਤਾ ਜਾਂਦਾ ਹੈ ਕਿ ਬੱਚੇ ਦੀ ਸਿਖਿਣਾ ਸਦਾ ਇਸ ਕਿਸਮ ਦੀ ਹੋਵੇ ਜਿਸ ਨਾਲ ਉਹ ਆਪਣੀਆਂ ਅਤੇ ਸਮਾਜ ਦੀਆਂ ਸਮੱਸਿਆਵਾਂ ਨਾਲ ਵਧ ਤੋਂ ਵਧ ਜਾਣਕਾਰੀ ਕਰਦਾ ਰਹੇ ਅਤੇ ਉਸ ਵਿਚ ਵਿਹਾਰਕ ਗਿਆਨ ਅਤੇ ਕੰਮ ਕਰਨ ਦੀ ਸਮਰਥਾ ਵਿਚ ਲਗਾਤਾਰ ਵਾਧਾ ਹੁੰਦਾ ਜਾਵੇ।

## ਦਿਮਾਗੀ ਅਤੇ ਹਥ ਦੇ ਕੰਮ ਦਾ ਸਹਿਯੋਗ

ਅਧੁਨਿਕ ਕਾਲ ਵਿਚ ਕੰਮ ਰਾਹੀਂ ਬਚਿਆਂ ਦੀ ਸਿਖਿਆ ਉਤੇ ਜ਼ੋਰ ਦਿੱਤਾ ਜਾਂਦਾ ਹੈ। ਸਿਖਿਆ-ਵਿਦਿਵਾਨਾਂ ਦਾ ਕਥਨ ਹੈ ਕਿ ਬੱਚੇ ਨੂੰ ਜਿਹੜਾ ਗਿਆਨ ਕੰਮ ਕਰਨ ਨਾਲ ਮਿਲਦਾ ਹੈ ਉਹ ਠੋਸ ਅਤੇ ਚਿਰ ਰਹਿਣਾ ਹੁੰਦਾ ਹੈ। ਦੂਜੇ ਬਚਿਆਂ ਦੀ ਹੱਥ ਦੇ ਕੰਮ ਕਰਨ ਵਿਚ ਰੁਚੀ ਵਧੇਰੇ ਹੁੰਦੀ ਹੈ। ਇਸ ਲਈ ਜਿਸ ਬੌਧਿਕ ਗਿਆਨ ਦਾ ਸਹਿਯੋਗ ਕੰਮ ਨਾਲ ਰਹਿੰਦਾ ਹੈ ਉਹ ਉਨ੍ਹਾਂ ਨੂੰ ਸਰਲ ਅਤੇ ਖੁਸ਼ੀ ਦੇਣ ਵਾਲਾ ਪਰਤੀਤ ਹੁੰਦਾ ਹੈ। ਅਜਿਹੇ ਕੰਮਾਂ ਦੇ ਕਰਨ ਨਾਲ ਬੱਚੇ ਨੂੰ ਮਾਨਸਿਕ ਥਕਾਵਟ ਛੇਤੀ ਨਹੀਂ ਹੁੰਦੀ। ਜਦ ਬੌਧਿਕ ਗਿਆਨ ਦੀ ਪਰਾਪਤੀ ਬੱਚਾ ਹੱਥ ਦੇ ਕੰਮ ਰਾਹੀਂ ਕਰਦਾ ਹੈ ਤਾਂ ਉਸਦੇ ਮਨ ਵਿਚ ਉਸ ਤਰ੍ਹਾਂ ਦੀ ਮਾਨਸਿਕ ਅਜੋੜਤਾ ਪੈਦਾ ਨਹੀਂ ਹੁੰਦੀ ਜਿਸ ਤਰ੍ਹਾਂ ਦੀ ਇਸ ਤਰ੍ਹਾਂ ਨਾ ਹੋਣ ਕਰਕੇ ਪੈਦਾ ਹੋ ਜਾਂਦੀ ਹੈ।

ਛੋਟੇ ਬਚਿਆਂ ਨੂੰ ਹੱਥ ਦੇ ਕੰਮਾਂ ਵਿਚ ਰਚਨਾਤਮਕ ਅਨੰਦ ਦਾ ਅਨੁਭਵ ਹੁੰਦਾ ਹੈ; ਇਸ ਲਈ ਸਿਖਿਆ ਵਿਚ ਅਜਿਹੇ ਕੰਮ ਦੇ ਵਾਧੇ ਦੀ ਲੋੜ ਸਮਝੀ ਜਾਂਦੀ ਹੈ। ਹੱਥ ਦੇ ਕੰਮ ਵਿਚ ਪਰਬੀਨ ਬੱਚਾ ਕਿਸੇ ਕਲਪਣਾ ਦੇ ਦੇਸ਼ ਵਿਚ ਨਹੀਂ ਰਹਿੰਦਾ। ਉਹ ਆਪਣੀ ਰੋਜ਼ੀ

ਲਈ ਵੀ ਦੂਜੇ ਦਾ ਸਹਾਰਾ ਨਹੀਂ ਲਭਦਾ। ਜਦ ਲੋੜ ਪੈਂਦੀ ਹੈ ਤਾਂ ਉਹ ਆਪਣੇ ਕੰਮ ਲਈ ਕਿਸੇ ਮਜ਼ਦੂਰ ਨੂੰ ਢੂੰਢਣ ਦੀ ਥਾਂ ਆਪ ਹੀ ਉਸਨੂੰ ਕਰ ਲੈਂਦਾ ਹੈ।

ਬੱਚਿਆਂ ਦੀ ਸਿਖਿਆ ਵਿਚ ਹੱਥ ਦੇ ਕੰਮ ਨੂੰ ਮਹੱਤਾ ਦੇਣਾ ਬਚਿਆਂ ਵਿਚ ਸਮਾਜਿਕ ਬਰਾਬਰੀ ਦੇ ਭਾਵਾਂ ਦੇ ਵਿਕਾਸ ਲਈ ਵੀ ਜ਼ਰੂਰੀ ਮੰਨਿਆ ਗਿਆ ਹੈ। ਸਮਾਜ ਆਮ ਕਰਕੇ ਦਿਮਾਗੀ ਕੰਮ ਕਰਨ ਵਾਲਿਆਂ ਨੂੰ ਆਦਰ ਦੀ ਦ੍ਰਿਸ਼ਟੀ ਨਾਲ ਅਤੇ ਹੱਥ ਦੀ ਮਿਹਨਤ ਕਰਕੇ ਖਾਣ ਵਾਲਿਆਂ ਨੂੰ ਨਿਰਾਦਰ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਇਸ ਦੇ ਕਾਰਨ ਨਾ ਦਿਮਾਗੀ ਕੰਮ ਕਰਨ ਵਾਲੇ ਸੁਖੀ ਹੁੰਦੇ ਹਨ ਅਤੇ ਨਾ ਮਿਹਨਤ ਕਰਨ ਵਾਲੇ। ਦਿਮਾਗੀ ਕੰਮ ਕਰਨ ਵਾਲੇ ਹੋਰ ਤਰ੍ਹਾਂ ਨਾਲ ਕਮਾਈ ਕਰਨ ਵਾਲਿਆਂ ਉਤੇ ਆਪਣਾ ਦਾਬਾ ਬਣਾਈ ਰਖਣ ਦਾ ਯਤਨ ਕਰਦੇ ਹਨ। ਦਿਮਾਗੀ ਕੰਮ ਕਰਨ ਵਾਲਿਆਂ ਵਿਚ ਹੰਕਾਰ ਦੇ ਭਾਵ ਹੁੰਦੇ ਹਨ ਅਤੇ ਹੱਥ ਦੀ ਕਿਰਤ ਕਰਨ ਵਾਲਿਆਂ ਵਿਚ ਹੀਣਤਾ ਦੀ ਭਾਵਨਾ ਰਹਿੰਦੀ ਹੈ। ਇਸ ਕਰਕੇ ਸਮਾਜ ਵਿਚ ਸਦਾ ਅਸ਼ਾਂਤੀ ਰਹਿੰਦੀ ਹੈ। ਜੇ ਹਰ ਬਾਲਕ ਤੋਂ ਉਨ੍ਹਾਂ ਦੇ ਸਿਖਿਆ ਕਾਲ ਵਿਚ ਬੌਧਿਕ ਕੰਮ ਦੇ ਨਾਲ ਨਾਲ ਹੱਥ ਦੇ ਕੰਮ ਵੀ ਕਰਾਏ ਜਾਣ ਤਾਂ ਇਕ ਪਾਸੇ ਬੌਧਿਕ ਕੰਮ ਕਰਨ ਵਾਲੇ ਲੋਕਾਂ ਦਾ ਝੂਠਾ ਹੰਕਾਰ ਖਤਮ ਹੋ ਜਾਵੇ ਅਤੇ ਉਹ ਮਿਹਨਤ ਕਰਨ ਵਾਲਿਆਂ ਨੂੰ ਪਿਆਰ ਦੀ ਨਜ਼ਰ ਨਾਲ ਵੇਖਣ ਅਤੇ ਦੂਜੇ ਪਾਸੇ ਮਿਹਨਤ ਕਰਨ ਵਾਲੇ ਵੀ ਅਜਿਹੀ ਮਾਨਸਿਕ ਹਾਲਤ ਹੀ ਸਾਮਵਾਦ ਦਾ ਆਧਾਰ ਹੋ ਸਕਦੀ ਹੈ। ਪੂੰਜੀਵਾਦ ਦੇ ਵਿਨਾਸ ਲਈ ਇਹ ਜ਼ਰੂਰੀ ਹੈ ਕਿ ਕੌਮ ਦੇ ਹਰ ਬਾਲਕ ਦੇ ਹਿਰਦੇ ਵਿਚ ਸਰੀਰਕ ਮਿਹਨਤ ਸਬੰਧੀ ਸਰਧਾ ਦੇ ਭਾਵ ਪੈਦਾ ਕੀਤੇ ਜਾਣ, ਅਤੇ ਇਹ ਤਾਂ ਹੀ ਹੋ ਸਕਦਾ ਹੈ ਜਦ ਹਰ ਬਾਲਕ ਵਿਚ ਉਸਦੇ ਸਿਖਿਆ ਕਾਲ ਵਿਚ ਕਾਫੀ ਸਰੀਰਕ ਮਿਹਨਤ ਕਰਨ ਦਾ ਅਭਿਆਸ ਹੋ ਜਾਵੇ।

## ਸਿਖਿਆ ਵਿਚ ਸੁਤੰਤਰ ਜ਼ਬਤ

ਅਸਾਂ ਇਸ ਪੁਸਤਕ ਦੇ ਚੌਥੇ ਪਰਕਰਨ ਵਿਚ ਜ਼ਬਤ ਬਾਰ ਵਖ ਵਖ ਕਿਸਮ ਦੇ ਮਤਾਂ ਦੀ ਚਰਚਾ ਕਰਦਿਆਂ ਬੰਧਨ ਰਹਿਤ ਜ਼ਬਤ ਅਰਥਾਤ ਸੁਤੰਤਰ ਜ਼ਬਤ ਦੀ ਵਿਆਖਿਆ ਕੀਤੀ ਹੈ। ਸੁਤੰਤਰ ਜ਼ਬਤ ਅਨੁਸਾਰ ਬੱਚੇ ਨੂੰ ਸ੍ਵੈ-ਕਾਬੂ ਦੀ ਸ਼ਕਤੀ ਪਰਾਪਤ ਕਰਨ ਲਈ ਸਭ ਤਰ੍ਹਾਂ ਦੀਆਂ ਸਹੂਲਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ। ਉਸਤਾਦ ਦਾ ਫਰਜ਼ ਹੈ ਕਿ ਉਹ ਬਚਿਆਂ ਨਾਲ ਕਠੋਰਤਾ ਦੀ ਥਾਂ ਹਮਦਰਦੀ ਦਾ ਵਰਤਾਉ ਕਰੇ। ਬਚਿਆਂ ਨੂੰ ਇਸ ਤਰਾਂ ਸਿਖਿਆ ਦਿਤੀ ਜਾਵੇ ਕਿ ਉਹ ਆਪਣੇ ਸਕੂਲਾਂ ਨੂੰ ਉਸ ਤਰ੍ਹਾਂ ਹੀ ਪਿਆਰ ਦੀ ਨਜ਼ਰ ਨਾਲ ਵੇਖਣ ਜਿਸ ਤਰ੍ਹਾਂ ਉਹ ਆਪਣੇ ਖੇਡਣ ਦੇ ਮੈਦਾਨ ਨੂੰ ਵੇਖਦੇ ਹਨ। ਮਾਂਟਸੋਰੀ ਅਤੇ ਕਿੰਡਰਗਾਰਟਨ ਸਕੂਲਾਂ ਦੇ ਬੱਚੇ ਅਸਲ ਵਿਚ ਇਸ ਤਰ੍ਹਾਂ ਦੀ ਹੀ ਸੁਤੰਤਰਤਾ ਨਾਲ ਰੱਖੇ ਜਾਂਦੇ ਹਨ। ਇਨ੍ਹਾਂ ਸਕੂਲਾਂ ਦੇ ਉਸਤਾਦ ਵਧੇਰੇ ਕਰਕੇ ਇਸਤਰੀਆਂ ਹੀ ਹੁੰਦੀਆਂ ਹਨ ਜਿਹੜੀਆਂ ਬੱਚਿਆਂ ਨਾਲ ਉਸੇ ਤਰ੍ਹਾਂ ਦਾ ਕੋਮਲ ਵਰਤਾਉ ਕਰਦੀਆਂ ਹਨ ਜਿਹੋ ਜਿਹਾ ਕਿ ਘਰਾਂ ਵਿਚ ਮਾਵਾਂ ਉਨ੍ਹਾਂ ਨਾਲ ਕਰਦੀਆਂ ਹਨ। ਇਨ੍ਹਾਂ ਸਕੂਲਾਂ ਵਿਚ ਸ਼ਰਾਰਤ ਕਰਨ ਉਤੇ ਬਚਿਆਂ ਨੂੰ ਤਾੜਿਆ ਨਹੀਂ ਜਾਂਦਾ। ਇਸੇ ਤਰ੍ਹਾਂ ਡਾਲਟਨ ਢੰਗ ਅਤੇ ਪ੍ਰਾਜੈਕਟ ਢੰਗ ਰਾਹੀਂ ਚਲਾਏ ਜਾਣ ਵਾਲੇ ਸਕੂਲਾਂ ਵਿਚ ਸੁਤੰਤਰ ਜ਼ਬਤ ਉਤੇ ਜ਼ੋਰ ਦਿੱਤਾ ਜਾਂਦਾ ਹੈ। ਇਨ੍ਹਾਂ ਸਕੂਲਾਂ ਵਿਚ ਬਚਿਆਂ ਨੂੰ ਕਿਸੇ ਕਿਸਮ ਦੀ ਮਾਰ ਕੁਟਾਈ ਜਾਂ ਝਾੜ ਝੰਬ ਨਹੀਂ ਸਹਿਣੀ

ਪੈਂਦੀ। ਇਸ ਕਿਸਮ ਦੀ ਜ਼ਬਤ ਦੀ ਮਨੋ-ਬਿਰਤੀ ਆਮ ਕਰਕੇ ਹੁਣ ਸਾਰੇ ਸਭਯ ਦੇਸਾਂ ਦੇ ਸਭ ਤਰ੍ਹਾਂ ਦੇ ਸਕੂਲਾਂ ਵਿਚ ਪਾਈ ਜਾਂਦੀ ਹੈ। ਸੰਸਾਰ ਦੇ ਆਮ ਕਰ ਕੇ ਸਾਰੇ ਸਰੇਸ਼ਟ ਸਿਖਿਆ-ਵਿਗਿਆਨੀਆਂ ਦਾ ਮੱਤ ਸਰੀਰਕ ਦੰਡ ਦੇ ਵਿਰੁਧ ਹੈ। ਸਕੂਲ ਦੇ ਬਚਿਆਂ ਨੂੰ ਸਰੀਰਕ ਦੰਡ ਦੇਣਾ ਅਧੁਨਿਕ ਕਾਲ ਵਿਚ ਜਾਂਗਲੀਪੁਣਾ ਸਮਝਿਆ ਜਾਂਦਾ ਹੈ।

## ਬਰਾਬਰੀ ਦੇ ਭਾਵ ਦਾ ਵਿਕਾਸ

ਸੰਸਾਰ ਦੇ ਸਾਰੇ ਦੇਸਾਂ ਵਿਚ ਸਿਖਿਆ ਦਾ ਇਕ ਵੱਡਾ ਨਿਸ਼ਾਨਾ ਬਚਿਆਂ ਵਿਚ ਪਰਜਾ ਤੰਤਰਵਾਦ ਅਰਥਾਤ ਬਰਾਬਰੀ ਦੇ ਭਾਵਾਂ ਦਾਂ ਵਿਕਾਸ ਕਰਨਾ ਹੈ। ਇਸੇ ਦ੍ਰਿਸ਼ਟੀ ਨਾਲ ਬੱਚੇ ਨੂੰ ਸਮਾਜਿਕ ਕੰਮਾਂ ਵਿਚ ਅਰਥਾਤ ਸਮਾਜ ਸੇਵਾ ਲਈ ਪਰੇਰਨਾ ਕੀਤੀ ਜਾਂਦੀ ਹੈ। ਰੂਸ ਦੇ ਸਿਖਿਆਂ ਢੰਗ ਵਿਚ ਬਾਲਕ ਨੂੰ ਕੁਝ ਨਾ ਕੁਝ ਸਰੀਰਕ ਮਿਹਨਤ ਹਰ ਰੋਜ਼ ਕਰਨੀ ਹੁੰਦੀ ਹੈ। ਬੱਚੇ ਵਿਚ ਸਿਖਿਆ ਰਾਹੀਂ ਊਚ ਨੀਚ ਦਾ ਭਾਵ ਖ਼ਤਮ ਕਰ ਦਿਤਾ ਜਾਂਦਾ ਹੈ। ਉਸ ਨੂੰ ਸਿਖਾਇਆ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਵਿਸੇਸ਼ ਜਾਤ ਦਾ ਵਿਅਕਤੀ ਨਾ ਸਮਝੇ ਅਤੇ ਸਾਰੇ ਲੋਕਾਂ ਦਾ ਆਦਰ ਉਸੇ ਤਰ੍ਹਾਂ ਕਰੇ ਜਿਸ ਤਰ੍ਹਾਂ ਦਾ ਉਹ ਆਪਣੇ ਆਪ ਦਾ ਕਰਦਾ ਹੈ। ਕੋਈ ਵੀ ਪਰਜਾਤੰਤਰ ਅਜਿਹੇ ਨਾਗਰਿਕਾਂ ਵਿਚ ਨਹੀਂ ਠਹਿਰ ਸਕਦਾ ਜਿਨ੍ਹਾਂ ਵਿਚ ਊਚ ਨੀਚ ਦੇ ਭਾਵ ਕੁਟ ਕੁਟ ਕੇ ਭਰੇ ਹੋਏ ਹੋਣ। ਜਿਥੇ ਊਚ ਨੀਚ ਦੇ ਭਾਵਾਂ ਦ ਬਹੁਲਤਾ ਹੁੰਦੀ ਹੈ ਉਥੇ ਇਕ ਜ਼ਾਤ ਦੇ ਲੋਕ ਰਾਜ ਕਰਦੇ ਹਨ ਅਤੇ ਦੂਜੇ ਲੋਕ ਸਦਾ ਉਨ੍ਹਾਂ ਦ ਗੁਲਾਮੀ ਕਰਦੇ ਹਨ। ਅਗਾਂਹ ਵਧੂ ਸਿਖਿਆ ਦਾ ਇਕ ਮੁਖ ਨਿਸ਼ਾਨਾ ਇਸ ਕਿਸਮ ਦੀ ਮਨ-ਬਿਰਤੀ ਦਾ ਖ਼ਾਤਮਾ ਕਰਨਾ ਹੈ।

★★★

# ਦਸਵਾਂ ਪਰਕਰਨ

## ਨਵੇਂ ਸਿਖਿਆ-ਢੰਗ

ਪਿਛਲੇ ਪਰਕਰਨ ਵਿਚ ਅਸਾਂ ਸਿਖਿਆ ਵਿਚ ਨਵੀਂ ਦ੍ਰਿਸ਼ਟੀ ਦਾ ਸੰਖੇਪ ਨਾਲ ਵਰਣਨ ਕੀਤਾ ਹੈ। ਇਸ ਦ੍ਰਿਸ਼ਟੀ ਅਨੁਸਾਰ ਬੱਚਿਆਂ ਦੀ ਸਿਖਿਆ ਵਿਚ ਮੌਲਕ ਤਬਦੀਲੀ ਆਈ ਹੈ ਅਤੇ ਕਈ ਨਵੇਂ ਸਿਖਿਆ ਢੰਗ ਬਣਾਏ ਗਏ ਹਨ। ਸੰਸਾਰ ਦੇ ਅਗਾਂਹ ਵਧੂ ਦੇਸ਼ਾਂ ਵਿਚ ਸਿਖਿਆ ਬਾਰੇ ਕਈ ਤਜਰਬੇ ਹੋ ਰਹੇ ਹਨ ਅਤੇ ਉਨ੍ਹਾਂ ਦੇ ਸਿੱਟੇ ਵਜੋਂ ਸਿਖਿਆ ਦੀਆਂ ਨਵੀਆਂ ਨਵੀਆਂ ਯੋਜਨਾਵਾਂ ਬਣ ਰਹੀਆਂ ਹਨ। ਇਨ੍ਹਾਂ ਸਿਖਿਆ ਢੰਗਾਂ ਅਤੇ ਯੋਜਨਾਵਾਂ ਬਾਰੇ ਪੂਰਾ ਗਿਆਨ ਰਖਣਾ ਹਰ ਉਸਤਾਦ ਦਾ ਫਰਜ਼ ਹੈ। ਨਵੇਂ ਸਿਖਿਆ ਢੰਗਾਂ ਵਿਚੋਂ ਹੇਠ ਲਿਖੇ ਚਾਰ ਸਿਖਿਆ ਢੰਗ ਖਾਸ ਤੌਰ ਤੇ ਲਿਖਣ ਯੋਗ ਹਨ—

੧. ਕਿੰਡਰ ਗਾਰਟਨ ਸਿਖਿਆ-ਢੰਗ।
੨. ਮਾਂਟਸੋਰੀ ਸਿਖਿਆ-ਢੰਗ।
੩. ਡਾਲਟਨ ਸਿਖਿਆ-ਢੰਗ।
੪. ਪ੍ਰਾਜੈਕਟ ਸਿਖਿਆ-ਢੰਗ।

ਉਪਰ ਦੱਸੀਆਂ ਸਿਖਿਆ ਪਰਨਾਲੀਆਂ ਦੇ ਕੁਝ ਵਿਸ਼ੇਸ਼ ਮੌਲਿਕ ਸਿਧਾਂਤ ਹਨ। ਇਨ੍ਹਾਂ ਸਿਧਾਂਤਾਂ ਨੂੰ ਸਮਝਣ ਲਈ ਇਨ੍ਹਾਂ ਪਰਨਾਲੀਆਂ ਦਾ ਸੰਖੇਪ ਜਿਹਾ ਵਰਣਨ ਕਰਨਾ ਜ਼ਰੂਰੀ ਹੈ। ਇੱਥੇ ਅਸੀਂ ਇਨ੍ਹਾਂ ਸਿਖਿਆ ਪਰਨਾਲੀਆਂ ਦੇ ਸਿਧਾਂਤਾਂ ਅਤੇ ਉਨ੍ਹਾਂ ਦਾ ਬਾਲ-ਸਿਖਿਆ ਲਈ ਢੁਕਵੇਂ ਹੋਣ ਬਾਰੇ ਵਿਚਾਰ ਕਰਾਂਗੇ।

## ਕਿੰਡਰਗਾਰਟਨ ਸਿਖਿਆ-ਢੰਗ

ਕਿੰਡਰਗਾਰਟਨ ਸਿਖਿਆ-ਢੰਗ ਬੱਚਿਆਂ ਦਾ ਸਿਖਿਆ-ਢੰਗ ਹੈ। ਇਹ ਸਿਖਿਆ ਢੰਗ ਚਾਰ ਤੋਂ ਅਠ ਸਾਲ ਦੇ ਬਚਿਆਂ ਲਈ ਢੁਕਦਾ ਹੈ। ਇਸ ਦੀ ਕਾਢ ਕਢਣ ਵਾਲੇ ਜਰਮਨੀ ਦੇ ਪਰਸਿਧ ਸਿਖਿਆ-ਵਿਗਿਆਨੀ ਔਲਫਰੈਡ ਫਰੋਬੇਲ ਸਨ। ਇਸ ਸਿਖਿਆ ਢੰਗ ਦੀ ਕਾਢ ਉਨਵੀਂ ਸਦੀ ਦੇ ਮੁਢ ਵਿਚ ਕਢੀ ਗਈ ਸੀ, ਪਰ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ, ਇਸ ਵਿਚ ਕੁਝ ਨਾ ਕੁਝ ਵਾਧਾ ਹੁੰਦਾ ਰਿਹਾ। ਇਥੋਂ ਤਕ ਕਿ ਅਧੁਨਿਕ ਕਾਲ ਵਿਚ ਵੀ ਕਿੰਡਰਗਾਰਟਨ ਪਰਨਾਲੀ ਵਿਚ ਕੁਝ ਨਾ ਕੁਝ ਨਵੀਆਂ ਗੱਲਾਂ ਜੋੜੀਆਂ ਜਾ ਰਹੀਆਂ ਹਨ। ਹਰ ਦੇਸ਼ ਦੇ ਕਿੰਡਰਗਾਰਟਨ ਭੌਤਿਕ ਅਤੇ ਸਮਾਜਿਕ ਵਾਤਾਵਰਨ ਕਰਕੇ ਅੱਡ ਅੱਡ ਕਿਸਮ ਦੇ ਹੋ ਗਏ ਹਨ। ਅਮਰੀਕਾ ਦੇ ਕਿੰਡਰਗਾਰਟਨ ਸਕੂਲ ਬਿਲਕੁਲ ਉਸੇ ਤਰ੍ਹਾਂ ਦੇ ਨਹੀਂ ਹਨ ਜਿਸ ਤਰ੍ਹਾਂ ਦੇ ਜਰਮਨੀ ਦੇ; ਅਤੇ ਸਾਡੇ ਸਾਰੇ ਅਧੁਨਿਕ ਕਿੰਡਰਗਾਰਟਨ ਸਕੂਲ ਉਨ੍ਹਵੀਂ ਸਦੀ ਦੇ ਕਿੰਡਰਗਾਰਟਨ ਸਕੂਲਾਂ ਤੋਂ ਅਡਰੇ ਹਨ। ਪਰ ਇਨ੍ਹਾਂ ਫਰਕਾਂ ਦੇ ਹੁੰਦਿਆਂ ਹੋਇਆਂ ਵੀ ਸਾਰੇ ਕਿੰਡਰਗਾਰਟਨ ਸਕੂਲਾਂ ਦੇ ਮੌਲਿਕ ਸਿਧਾਂਤ ਉਹੋ ਹੀ ਹਨ ਜਿਹੜੇ ਫਰੋਬੇਲ ਨੇ ਦੱਸੇ ਸਨ। ਇਹ ਸਿਧਾਂਤ ਇੱਨੇ ਵਿਆਪਕ ਹਨ ਕਿ ਦੇਸ਼ ਅਤੇ ਕਾਲ ਕਰ ਕੇ

ਅਰਥਾਤ ਹਾਲਤ ਬਦਲ ਜਾਣ ਨਾਲ ਜਿਹੜੇ ਫਰਕ ਪੈ ਜਾਂਦੇ ਹਨ ਉਨ੍ਹਾਂ ਦਾ ਇਨ੍ਹਾਂ ਨਾਲ ਕੋਈ ਵਿਰੋਧ ਨਹੀਂ ਹੁੰਦਾ। ਕਈ ਤਰ੍ਹਾਂ ਦੇ ਫਰਕ ਇਨ੍ਹਾਂ ਸਿਧਾਤਾਂ ਦੇ ਅੰਦਰ ਹੀ ਹਿਲਮਿਲ ਜਾਂਦੇ ਹਨ। ਫਰੋਬੇਲ ਦੇ ਸਿਖਿਆ-ਢੰਗ ਦੇ ਮੌਲਿਕ ਸਿਧਾਂਤ ਹੇਠ ਲਿਖੇ ਹਨ—

(੧) ਬਚਿਆਂ ਦੀ ਸਿਖਿਆ ਉਨ੍ਹਾਂ ਦੇ ਸ਼ੌਂਕ-ਵਾਲੇ ਕੰਮਾਂ ਰਾਹੀਂ ਹੋਣੀ ਚਾਹੀਦੀ ਹੈ।

(੨) ਉਨ੍ਹਾਂ ਦੀ ਸਿਖਿਆ ਵਿਚ ਸੁਤੰਤਰਤਾ ਦਾ ਵਾਧਾ ਹੋਣਾ ਚਾਹੀਦਾ ਹੈ।

(੩) ਉਨ੍ਹਾਂ ਦੀ ਸਿਖਿਆ ਖੇਡ ਰਾਹੀਂ ਹੋਣੀ ਚਾਹੀਦੀ ਹੈ।

(੪) ਸਿਖਿਆ ਰਾਹੀਂ ਰਲ ਮਿਲ ਕੇ ਇਕੱਠਿਆਂ ਕੰਮ ਕਰਨ ਵਾਲੀ ਬਿਰਤੀ ਵਿਚ ਵਾਧਾ ਹੋਣਾ ਚਾਹੀਦਾ ਹੈ।

ਇਨ੍ਹਾਂ ਸਿਧਾਤਾਂ ਨੂੰ ਅਮਲੀ ਵਰਤੋਂ ਵਿਚ ਲਿਆਉਣ ਲਈ ਬਚਿਆਂ ਦੇ ਸਕੂਲਾਂ ਵਿਚ ਕਈ ਕਿਸਮ ਦੀ ਪੜ੍ਹਾਈ ਕਰਾਉਣ ਵਾਲੀ ਸਮੱਗਰੀ ਹੋਣੀ ਚਾਹੀਦੀ ਹੈ ਅਤੇ ਉਸ ਸਮੱਗਰੀ ਨੂੰ ਠੀਕ ਤਰ੍ਹਾਂ ਕੰਮ ਵਿਚ ਲਿਆਉਣ ਲਈ ਉਸਤਾਦਾਂ ਨੂੰ ਖਾਸ ਕਿਸਮ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਨ੍ਹਾਂ ਸਕੂਲਾਂ ਵਿਚ ਆਮ ਤੌਰ ਤੇ ਮਰਦ ਅਧਿਆਪਕਾਂ ਦੀ ਥਾਂ ਇਸਤਰੀ ਅਧਿਆਪਕਾਵਾਂ ਹੀ ਕਮ ਕਰਦੀਆਂ ਹਨ। ਛੋਟੇ ਬੱਚੇ ਲਈ ਸਕੂਲ ਦਾ ਵਾਤਾਵਰਨ ਖਿੱਚ ਰਖਣ ਵਾਲਾ ਬਣਾਉਣ ਲਈ ਇਸਤਰੀਆਂ ਹੀ ਵਧੇਰੇ ਯੋਗ ਸਮਝੀਆਂ ਜਾਂਦੀਆਂ ਹਨ। ਹੁਣ ਅਸੀਂ ਫਰੋਬੇਲ ਦੇ ਦੱਸੇ ਸਿਧਾਤਾਂ ਦੀ ਇਕ ਇਕ ਕਰ ਕੇ ਜਾਂਚ ਕਰਦੇ ਹਾਂ।

**ਸਿਖਿਆ ਵਿਚ ਸ਼ੌਂਕ ਰਾਹੀਂ ਕਰਨ ਵਾਲੇ ਕੰਮ** :—ਫਰੋਬੇਲ ਦਾ ਕਹਿਣਾ ਹੈ ਕਿ ਸ਼ੌਂਕ ਨਾਲ ਕੀਤੇ ਕੰਮ ਹੀ ਮਨੁਖ ਦੀ ਇੱਛਾ ਸ਼ਕਤੀ ਨੂੰ ਦ੍ਰਿੜ੍ਹ ਬਣਾਉਂਦੇ ਹਨ ਅਤੇ ਉਸ ਵਿਚ ਚੰਗੇ ਗੁਣਾਂ ਦਾ ਸੰਚਾਰ ਕਰਦੇ ਹਨ। ਮਨੁਖ ਸਦਾ ਆਪਣੇ ਵਾਤਾਵਰਨ ਨਾਲ ਘੋਲ ਕਰਦਾ ਰਹਿੰਦਾ ਹੈ। ਜਦੋਂ ਤਕ ਉਹ ਆਪਣੇ ਵਾਤਾਵਰਨ ਉਤੇ ਜਿੱਤ ਪਰਾਪਤ ਕਰਨ ਦਾ ਯਤਨ ਕਰਦਾ ਹੈ ਉਦੋਂ ਤਕ ਉਹ ਆਪਣੇ ਵਿਚ ਦੈਵੀ ਗੁਣ ਵਿਕਾਸ ਕਰਦਾ ਹੈ। ਜਦ ਉਹ ਆਪਣੇ ਆਲੇ ਦੁਆਲੇ ਨਾਲ ਮੱਥਾ ਲਾਉਣ ਤੋਂ ਦਿਲ ਛੱਡ ਬੈਠਦਾ ਹੈ ਅਤੇ ਆਪਣੇ ਆਪ ਨੂੰ ਹਾਲਤ ਦੇ ਤਰਸ ਤੇ ਕਰ ਦਿੰਦਾ ਹੈ ਤਾਂ ਉਹ ਆਪਣੇ ਦੈਵੀ ਗੁਣਾਂ ਨੂੰ ਗੁਆ ਲੈਂਦਾ ਹੈ।

ਉਪਰ ਕਹੇ ਫਿਲਾਸਫੀ ਦੇ ਸਿਧਾਂਤ ਨੂੰ ਸਭ ਤੋਂ ਪਹਿਲਾਂ ਪਰਚਲਤ ਕਰਨ ਵਾਲਾ ਫਿਸ਼ਟੇ ਸੀ। ਉਸ ਦੇ ਦਾਰਸ਼ਨਿਕ ਸਿਧਾਤਾਂ ਨੂੰ ਫਰੋਬੇਲ ਨੇ ਆਪਣੇ ਸਿਖਿਆ ਢੰਗ ਵਿਚ ਸਫਲਤਾ ਨਾਲ ਨਿਭਾਇਆ ਹੈ। ਕਿਸੇ ਮਨੁਖ ਵਿਚ ਬਾਲਪਣ ਤੋਂ ਹੀ ਜਿਸ ਤਰ੍ਹਾਂ ਦੀ ਆਦਤ ਪੈ ਜਾਵੇ ਉਹ ਉਸੇ ਤਰ੍ਹਾਂ ਦਾ ਵਰਤ ਵਰਤਾਰਾ ਉਮਰ ਭਰ ਕਰਦਾ ਹੈ। ਜੇ ਕਿਸੇ ਬੱਚੇ ਵਿਚ ਆਪਣੇ ਆਪ ਸ਼ੌਂਕ ਨਾਲ ਕੰਮ ਕਰਨ ਦੀ ਅਰਥਾਤ ਆਪਣੇ ਵਾਤਾਵਰਨ ਉਤੇ ਜਿੱਤ ਪਰਾਪਤ ਕਰਨ ਦੀ ਆਦਤ ਛੋਟੀ ਉਮਰ ਵਿਚ ਹੀ ਪੈ ਜਾਏ, ਉਹ ਸਾਰੀ ਉਮਰ ਆਪਣੇ ਆਪ ਸ਼ੌਂਕ ਨਾਲ ਕੰਮ ਕਰੇਗਾ ਅਤੇ ਔਕੜਾਂ ਤੋਂ ਮੂੰਹ ਫੇਰਨ ਦਾ ਯਤਨ ਨਹੀਂ ਕਰੇਗਾ ਸਗੋਂ ਉਨ੍ਹਾਂ ਨਾਲ ਲੜਾਈ ਕਰ ਕੇ ਜਿੱਤ ਪ੍ਰਾਪਤ ਕਰਨ ਦਾ ਯਤਨ ਕਰੇਗਾ।

ਜਿਹੜੇ ਬੱਚੇ ਬਚਪਣ ਵਿਚ ਬੱਝ ਕੇ ਕੰਮ ਕਰਦੇ ਹਨ, ਉਨ੍ਹਾਂ ਨੂੰ ਜਦ ਆਪਣੀ ਮਰਜ਼ੀ ਤੇ ਛੱਡ ਦਿਤਾ ਜਾਂਦਾ ਹੈ ਤਾਂ ਵਿਹਲਿਆਂ ਹੀ ਸਮਾਂ ਬਤੀਤ ਕਰਦੇ ਹਨ। ਉਹ ਸਦਾ ਲਈ ਗੁਲਾਮ ਮਨ-ਬਿਰਤੀ ਦੇ ਹੋ ਜਾਂਦੇ ਹਨ। ਉਨ੍ਹਾਂ ਦੀ ਬਚਪਣ ਦੀ ਆਦਤ ਪੱਕ

ਜਾਂਦੀ ਹੈ। ਅਜਿਹੇ ਵਿਅਕਤੀਆਂ ਵਿਚ ਕਿਸੇ ਤਰ੍ਹਾਂ ਦਾ ਸ੍ਵੈ-ਵਿਸ਼ਵਾਸ਼ ਨਹੀਂ ਹੁੰਦਾ। ਜਿਸ ਤਰ੍ਹਾਂ ਕਿਸੇ ਕਿਹਾ ਉਸੇ ਤਰ੍ਹਾਂ ਕਰਨ ਲੱਗ ਜਾਂਦੇ ਹਨ। ਅਜਿਹੇ ਲੋਕਾਂ ਵਿਚ ਨਾ ਸੁਤੰਤਰ ਵਰਤ ਵਰਤਾਰੇ ਦੀ ਸ਼ਕਤੀ ਹੁੰਦੀ ਹੈ ਅਤੇ ਨਾ ਸੁਤੰਤਰ ਵਿਚਾਰ ਦੀ। ਕਿਸੇ ਨਵੇਂ ਵਿਚਾਰ ਨੂੰ ਸੰਸਾਰ ਅੱਗੇ ਰਖਣਾ ਕਿਸੇ ਸੁਤੰਤਰ ਸਰੀਰਕ ਕੰਮ ਨਾਲੋਂ ਕਿਤੇ ਵਧ ਔਖਾ ਹੈ। ਮਾਨਸਿਕ ਗੁਲਾਮੀ ਦੇ ਵਾਤਾਵਰਨ ਵਿਚ ਪਲੇ ਹੋਏ, ਪੜ੍ਹੇ ਲਿਖੇ ਬੱਚੇ ਸਦਾ ਲਕੀਰ ਦੇ ਫਕੀਰ ਹੁੰਦੇ ਹਨ ਅਤੇ ਸੰਸਾਰ ਵਿਚ ਗੁਲਾਮਾਂ ਅਤੇ ਆਪਣੀ ਕਿਸਮਤ ਨੂੰ ਰੋਂਦੇ ਰਹਿਣ ਵਾਲਿਆਂ ਦੀ ਗਿਣਤੀ ਵਧਾਉਂਦੇ ਹਨ। ਫਰੋਬੇਲ ਦਾ ਸਿਖਿਆ ਸੁਧਾਰ ਦਾ ਵਡਾ ਮਨੋਰਥ ਮਨੁਖ ਦਾ ਅਧਿਆਤਮਕ ਸੁਧਾਰ ਸੀ। ਉਸ ਨੇ ਅਜਿਹੇ ਸਿਖਿਆ ਘਰ ਬਣਾਏ ਜਿਨ੍ਹਾਂ ਵਿਚ ਬੱਚੇ ਖੁਸ਼ੀ ਖੁਸ਼ੀ ਜਾਂਦੇ ਅਤੇ ਆਪਣੀ ਖੁਸ਼ੀ ਨਾਲ ਹੀ ਉੱਥੇ ਦੱਸੇ ਜਾਂਦੇ ਕਈ ਤਰ੍ਹਾਂ ਦੇ ਕੰਮ ਕਰਦੇ।

ਹਰ ਵਿਅਕਤੀ ਉਸੇ ਕੰਮ ਨੂੰ ਸ਼ੌਂਕ ਨਾਲ ਕਰਦਾ ਹੈ ਜਿਹੜਾ ਉਸ ਦੀ ਰੁਚੀ ਅਤੇ ਯੋਗਤਾ ਅਨੁਸਾਰ ਹੁੰਦਾ ਹੈ। ਜਿਸ ਕੰਮ ਵਿਚ ਕਿਸੇ ਵਿਅਕਤੀ ਦੀ ਰੁਚੀ ਨਹੀਂ ਹੁੰਦੀ ਉਸ ਨੂੰ ਉਹ ਬੰਨ੍ਹਿਆ ਰੁੰਨ੍ਹਿਆ ਹੀ ਕਰਦਾ ਹੈ। ਇਸੇ ਤਰ੍ਹਾਂ ਯੋਗਤਾ ਤੋਂ ਪਰੇ ਕੰਮ ਨੂੰ ਕਰਨ ਲਈ ਵੀ ਕਿਸੇ ਅੰਦਰ ਪਰੇਰਨਾ ਨਹੀਂ ਜਾਗਦੀ। ਇਸ ਤੋਂ ਇਹ ਸਪਸ਼ਟ ਹੈ ਕਿ ਜੇ ਅਸੀਂ ਬਚਿਆਂ ਵਿਚ ਸ਼ੌਂਕ ਨਾਲ ਕੰਮ ਕਰਨ ਦੀ ਬਿਰਤੀ ਨੂੰ ਵਧਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਬੱਚਿਆਂ ਦੇ ਸੁਭਾ ਦਾ ਅਧਿਅਨ ਕਰਨਾ ਪਵੇਗਾ ਅਤੇ ਸਕੂਲ ਦੇ ਵਾਤਾਵਰਨ ਨੂੰ ਉਨ੍ਹਾਂ ਦੇ ਸੁਭਾ ਦੇ ਅਨੁਕੂਲ ਬਣਾਉਣਾ ਹੋਵੇਗਾ। ਕਿਸੇ ਵੀ ਬੱਚੇ ਨੂੰ ਕਿਸੇ ਵੀ ਕੰਮ ਵਿਚ ਲਾਉਣ ਲਗਿਆਂ ਉਸ ਦੀ ਵਿਸ਼ੇਸ਼ ਰੁਚੀ ਅਤੇ ਯੋਗਤਾ ਨੂੰ ਧਿਆਨ ਵਿਚ ਰਖਣਾ ਹੋਵੇਗਾ। ਕਿੰਡਰ ਗਾਰਟਨ ਸਿਖਿਆ-ਢੰਗ ਵਿਚ ਅਜਿਹਾ ਹੀ ਕੀਤਾ ਜਾਂਦਾ ਹੈ। ਇਸ ਲਈ ਇਹ ਢੰਗ ਬਚਿਆਂ ਲਈ ਲਾਭਕਾਰੀ ਹੈ।

**ਸਿਖਿਆ ਵਿਚ ਸੁਤੰਤਰਤਾ:**—ਕੋਈ ਵੀ ਸ਼ੌਂਕ ਨਾਲ ਕੀਤਾ ਜਾਣ ਵਾਲਾ ਕੰਮ ਸੁਤੰਤਰਤਾ ਬਿਨਾਂ ਸੰਭਵ ਨਹੀਂ। ਇਸ ਲਈ ਫਰੋਬੇਲ ਦੇ ਪਹਿਲੇ ਸਿਧਾਂਤ (ਅਰਥਾਤ ਸ਼ੌਂਕ ਰਾਹੀਂ ਕੰਮ ਕਰਨ ਦੇ) ਵਿਚ ਸੁਤੰਤਰਤਾ ਦਾ ਸਿਧਾਂਤ ਲੁਕਿਆ ਹੋਇਆ ਹੈ। ਕਿੰਡਰ ਗਾਰਟਨ ਸਕੂਲਾਂ ਵਿਚ ਬੱਚਿਆਂ ਨੂੰ ਸੁਤੰਤਰ ਰਹਿਣ ਦਾ ਅਭਿਆਸ ਕਰਾਇਆ ਜਾਂਦਾ ਹੈ। ਇਸ ਲਈ ਇਨ੍ਹਾਂ ਸਕੂਲਾਂ ਵਿਚ ਜ਼ਬਤ ਇੰਨਾ ਕਰੜਾ ਨਹੀਂ ਹੁੰਦਾ ਜਿੰਨਾ ਸਾਡੇ ਆਮ ਸਕੂਲਾਂ ਵਿਚ ਹੁੰਦਾ ਹੈ; ਇੰਨਾ ਹੀ ਨਹੀਂ ਸਗੋਂ ਉਨ੍ਹਾਂ ਵਿਚ ਪ੍ਰੇਮ ਦਾ ਵਾਤਾਵਰਨ ਰਹਿੰਦਾ ਹੈ ਅਤੇ ਬੱਚੇ ਉਸਤਾਦ ਦੇ ਡਰ ਤੋਂ ਚੁਪ ਚਾਪ ਬੁੱਤ ਬਣ ਕੇ ਬੈਠਣ ਦੀ ਥਾਂ ਇਕ ਦੂਜੇ ਨਾਲ ਮਨ ਮਰਜ਼ੀ ਦੀ ਗੱਲ ਬਾਤ ਕਰਦੇ ਹਨ ਅਤੇ ਕਈ ਤਰ੍ਹਾਂ ਦੀਆਂ ਉਸਤਾਦ ਦੀਆਂ ਦੱਸੀਆਂ ਖੇਡਾਂ ਖੇਡਦੇ ਹਨ। ਇਨ੍ਹਾਂ ਸਕੂਲਾਂ ਵਿਚ ਖੁਸ਼ੀ ਦਾ ਵਾਤਾਵਰਨ ਰਹਿੰਦਾ ਹੈ।

ਬੱਚਿਆਂ ਵਿਚ ਸੁਤੰਤਰਤਾ ਦਾ ਵਾਧਾ ਉਨ੍ਹਾਂ ਦਾ ਇਕ ਦੂਜੇ ਨਾਲ ਮਿਲ ਕੇ ਰਹਿਣ ਅਤੇ ਖੇਡਾਂ ਖੇਡਣ ਤੋਂ ਵੀ ਹੁੰਦਾ ਹੈ। ਕਿੰਡਰਗਾਰਟਨ ਸਕੂਲਾਂ ਦੀਆਂ ਜਮਾਤਾਂ ਦੇ ਬੱਚੇ ਖੇਡ ਖੇਡਣ ਵੇਲੇ ਕਈ ਟੋਲੀਆਂ ਵਿਚ ਵੰਡ ਹੋ ਜਾਂਦੇ ਹਨ ਅਤੇ ਹਰ ਬੱਚਾ ਆਪਣੀ ਟੋਲੀ ਦੇ ਬਚਿਆਂ ਨਾਲ ਰਲ ਕੇ ਕੰਮ ਕਰਨਾ ਸਿਖਦਾ ਹੈ। ਉਹ ਜਿਸ ਖੇਡ ਨੂੰ ਖੇਡਦਾ ਹੈ, ਉਸਦੇ ਨਿਯਮ ਨੂੰ ਜਾਣਨ ਦੀ ਅਤੇ ਉਸ ਅਨੁਸਾਰ ਚੱਲਣ ਦਾ ਯਤਨ ਕਰਦਾ ਹੈ। ਇਸ

ਤਰ੍ਹਾਂ ਉਸ ਵਿਚ ਸਮੂਹਕ ਜ਼ਬਤ ਵਿਚ ਰਹਿਣ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਸੁਤੰਤਰਤਾ ਅਸਲ ਵਿਚ ਮਨੁਖ ਦੇ ਸਮਾਜਕ ਵਰਤ ਵਰਤਾਰੇ ਵਿਚ ਹੀ ਹੈ। ਇਕੱਲਿਆਂ ਰਹਿਣ ਵਿਚ ਜਿਹੜਾ ਵਿਅਕਤੀ ਆਪਣੇ ਆਪ ਨੂੰ ਸੁਤੰਤਰ ਸਮਝਦਾ ਹੈ, ਉਹ ਅਸਲ ਵਿਚ ਸੁਤੰਤਰ ਨਹੀਂ। ਸਮਾਜ ਵਿਚ ਮਿਲਣ ਨਾਲ ਹੀ ਪਤਾ ਚਲਦਾ ਹੈ ਕਿ ਕਿਸ ਵਿਅਕਤੀ ਵਿਚ ਸ੍ਵੈ-ਕਾਬੂ ਹੈ ਤੇ ਕਿਸ ਵਿਚ ਨਹੀਂ। ਕਿਹੜਾ ਸ੍ਵੈ-ਪਰੇਰਨਾ ਤੋਂ ਕੰਮ ਕਰਨ ਦੀ ਯੋਗਤਾ ਰਖਦਾ ਹੈ ਅਤੇ ਕਿਹੜਾ ਗੁਲਾਮ ਮਨ ਬਿਰਤੀ ਦਾ ਹੈ। ਬਚਿਆਂ ਵਿਚ ਜਿਹੜੇ ਸੁਤੰਤਰਤਾ ਜਾਂ ਸ੍ਵੈ-ਆਸਰੇ ਹੋਣ ਦੇ ਭਾਵ, ਜਮਾਤ ਦੇ ਬਚਿਆਂ ਨਾਲ ਇਕੱਠਿਆਂ ਖੇਡ ਖੇਡ ਕੇ ਜਾਂ ਕੰਮ ਕਰ ਕੇ ਆਉਂਦੇ ਹਨ ਉਹ ਹੋਰ ਤਰ੍ਹਾਂ ਨਾਲ ਨਹੀਂ ਆਉਂਦੇ।

ਕਿੰਡਰ ਗਾਰਟਨ ਸਕੂਲਾਂ ਵਿਚ ਕਿਸੇ ਵੀ ਬੱਚੇ ਨੂੰ ਉਦੋਂ ਤਕ ਮਾਰਿਆ ਕੁਟਿਆ ਨਹੀਂ ਜਾਂਦਾ ਜਦੋਂ ਤਕ ਉਹ ਕਿਸੇ ਦੂਜੇ ਬੱਚੇ ਨੂੰ ਤੰਗ ਨਾ ਕਰੇ ਅਤੇ ਜ਼ਿਦ ਵਿਚ ਆ ਕੇ ਮਨ ਮਰਜ਼ੀ ਦੀ ਗੱਲ ਨਾ ਕਰਨ ਲਗ ਜਾਵੇ। ਇਨ੍ਹਾਂ ਸਕੂਲਾਂ ਵਿਚ ਕਿਸੇ ਬੱਚੇ ਨੂੰ ਇਕੱਲਿਆਂ ਨਹੀਂ ਰਹਿਣ ਦਿਤਾ ਜਾਂਦਾ ਅਤੇ ਨਾ ਵਿਹਲਿਆਂ ਬੈਠਣ ਦਿੱਤਾ ਜਾਂਦਾ ਹੈ। ਜਦੋਂ ਤਕ ਬੱਚਾ ਕਿਸੇ ਰਚਨਾਤਮਕ ਕੰਮ ਵਿਚ ਲਗਿਆ ਰਹਿੰਦਾ ਹੈ ਉਦੋਂ ਤਕ ਹੀ ਉਸ ਦੀ ਸੁਤੰਤਰਤਾ ਰਹਿੰਦੀ ਹੈ। ਜਦ ਉਹ ਆਪਣਾ ਸਮਾਂ ਬਿਅਰਥ ਗੁਆਉਣ ਲਗ ਜਾਂਦਾ ਹੈ ਤਾਂ ਉਸਤਾਦ ਉਸ ਨੂੰ ਠੀਕ ਰਾਹ ਤੇ ਲਾ ਦਿੰਦਾ ਹੈ ਅਤੇ ਕਦੇ ਕਦੇ ਝਿੜਕ ਝੰਬ ਵੀ ਦਿੰਦਾ ਹੈ। ਫਰੋਬੇਲ ਸੁਤੰਤਰਤਾ ਨੂੰ ਮਨ-ਮਰਜ਼ੀ ਨਾਲੋਂ ਵਖਰੀ ਚੀਜ਼ ਸਮਝਦਾ ਹੈ। ਇਸ ਲਈ ਕਿੰਡਰ ਗਾਰਟਨ ਸਕੂਲਾਂ ਵਿਚ ਹਰ ਤਰ੍ਹਾਂ ਨਾਲ ਜ਼ਬਤ ਦੀ ਅਣਹੋਂਦ ਨਹੀਂ ਹੁੰਦੀ ਅਤੇ ਨਾ ਉਨ੍ਹਾਂ ਵਿਚ ਮਾਂਟਸੋਰੀ ਸਕੂਲਾਂ ਵਰਗੀ ਸੁਤੰਤਰਤਾ ਦਿਤੀ ਜਾਂਦੀ ਹੈ।

**ਖੇਡ ਰਾਹੀਂ ਸਿਖਿਆ** :–ਅਧੁਨਿਕ ਕਾਲ ਵਿਚ ਖੇਡ ਰਾਹੀਂ ਸਿਖਿਆ ਦੇਣ ਉਤੇ ਬੜਾ ਜ਼ੋਰ ਦਿੱਤਾ ਜਾਂਦਾ ਹੈ। ਇਸ ਸਿਧਾਂਤ ਨੂੰ ਪਹਿਲੇ ਪਹਿਲ ਪਰਚਲਤ ਕਰਨ ਵਾਲਾ ਫਰੋਬੇਲ ਸੀ। ਉਸ ਨੇ ਆਪਣੇ ਸਿਖਿਆ ਘਰਾਂ ਦਾ ਨਾਂ ਕਿੰਡਰ ਗਾਰਟਨ ਰਖਿਆ ਜਿਸ ਦਾ ਅਰਥ ਬਚਿਆਂ ਦੇ ਖੇਡਣ ਦਾ ਬਗੀਚਾ ਹੈ। ਖੇਡ ਰਾਹੀਂ ਸਿਖਿਆ ਦੇਣ ਨਾਲ ਬੱਚਿਆਂ ਨੂੰ ਸਿਖਿਆ ਲੈਣ ਦਾ ਕੰਮ ਪਿਆਰਾ ਲਗਣ ਲੱਗ ਜਾਂਦਾ ਹੈ। ਸ਼ੌਂਕ ਨਾਲ ਕੰਮ ਕਰਨ ਨਾਲ ਉਨ੍ਹਾਂ ਵਿਚ ਸੁਤੰਤਰਤਾ ਦੇ ਭਾਵਾਂ ਦਾ ਵਾਧਾ ਹੁੰਦਾ ਹੈ। ਇਸ ਨਾਲ ਬੱਚਿਆਂ ਵਿਚ ਰਚਨਾਤਮਕ ਕਲਪਣਾਂ ਅਤੇ ਰਚਨਾਤਮਕ ਕੰਮ ਕਰਨ ਦੀ ਸ਼ਕਤੀ ਵਧਦੀ ਹੈ। ਬਾਲਗ ਲੋਕਾਂ ਦੇ ਸਧਾਰਨ ਕੰਮ ਅਤੇ ਕਾਰ ਵਿਹਾਰ ਹੀ ਬਚਿਆਂ ਦੇ ਖੇਡਣ ਦਾ ਸਮਾਨ ਬਣ ਜਾਂਦੇ ਹਨ। ਇਸ ਤਰ੍ਹਾਂ ਬੱਚਾ ਖੇਡ ਰਾਹੀਂ ਬਾਲਗ ਉਮਰ ਦੀਆਂ ਜ਼ਿੰਮੇਵਾਰੀਆਂ ਲਈ ਆਪਣੇ ਆਪ ਨੂੰ ਤਿਆਰ ਕਰਦਾ ਹੈ।

ਕਿੰਡਰ ਗਾਰਟਨ ਦੀਆਂ ਖੇਡਾਂ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ:–

(੧) ਸਾਰੀਆਂ ਖੇਡਾਂ ਬਚਿਆਂ ਲਈ ਸਿਖਿਆ ਦਾਤੀਆਂ ਹੁੰਦੀਆਂ ਹਨ। ਉਨ੍ਹਾਂ ਰਾਹੀਂ ਬਚਿਆਂ ਵਿਚ ਸੁਚੱਜੀ ਤਰ੍ਹਾਂ ਬੋਲਣ ਅਤੇ ਲਿਖਣ ਦੀ ਯੋਗਤਾ ਆਉਂਦੀ ਹੈ।

(੨) ਇਨ੍ਹਾਂ ਖੇਡਾਂ ਵਿਚ ਕਲਪਣਾ ਦੀ ਪਰਧਾਨਤਾ ਹੁੰਦੀ ਹੈ। ਅਸਲ ਵਿਚ ਬੱਚੇ ਨੂੰ ਆਮ ਕੰਮਾਂ ਨੂੰ ਖੇਡਣ ਲਈ ਦੇਣਾ ਨਿਰਾ ਉਨ੍ਹਾਂ ਦੀ ਕਲਪਣਾਂ ਉਤੇ ਜਿੱਤ ਕਰਨ ਲਈ ਹੀ ਹੁੰਦਾ ਹੈ। ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਜਾਨਵਰਾਂ ਦੀਆਂ ਅਤੇ ਕਲਪਿਤ (ਮਨ ਘੜਿਤ) ਕਹਾਣੀਆਂ ਸੁਣਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਖੇਡਾਂ ਵਿਚ ਸਾਂਗ ਉਤਾਰਿਆ

ਜਾਂਦਾ ਹੈ।

(ਕ) ਕਿੰਡਰ ਗਾਰਟਨ ਦੀਆਂ ਖੇਡਾਂ ਸਮੂਹਕ ਹੁੰਦੀਆਂ ਹਨ । ਇਨ੍ਹਾਂ ਖੇਡਾਂ ਰਾਹੀਂ ਸਮੂਹਕ ਭਾਵਾਂ ਦਾ ਵਾਧਾ ਕੀਤਾ ਜਾਂਦਾ ਹੈ।

ਕਿੰਡਰ ਗਾਰਟਨ ਸਿਖਿਆ-ਢੰਗ ਵਿਚ ਬਚਿਆਂ ਦੀ ਸਿਖਿਆ ਖੇਡਣ ਵਾਲੀਆਂ ਚੀਜ਼ਾਂ ਰਾਹੀਂ ਦਿਤੀ ਜਾਂਦੀ ਹੈ। ਗਿਣਤੀ ਲਕੜੀ ਦੀਆਂ ਗੁਡੀਆਂ ਰਾਹੀਂ ਸਿਖਾਈ ਜਾਂਦੀ ਹੈ। ਇਸੇ ਤਰ੍ਹਾਂ ਅੱਖਰਾਂ ਦਾ ਪੜ੍ਹਨਾ ਅਤੇ ਲਿਖਣਾ ਖੇਡ ਵਿਚ ਹੀ ਲਕੜੀ ਦੇ ਟੋਟਿਆਂ, ਰੇਤ ਅਤੇ ਦੂਜੀ ਸਮੱਗਰੀ ਰਾਹੀਂ ਸਿਖਾਇਆ ਜਾਂਦਾ ਹੈ। ਹਰ ਕੰਮ ਕਰਨ ਵੇਲੇ ਬੱਚਿਆਂ ਦੀ ਕਲਪਣਾ ਨੂੰ ਤਿਖਿਆਂ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਕੰਮ ਨੂੰ ਸੁਆਦੀ ਬਣਾਇਆ ਜਾਂਦਾ ਹੈ।

ਕਿੰਡਰ ਗਾਰਟਨ ਸਿਖਿਆ-ਢੰਗ ਵਿਚ ਬੱਚੇ ਕੰਮ ਕਰਨ ਵੇਲੇ ਜਾਂ ਖੇਡਣ ਵੇਲੇ ਗਾਉਂਦੇ ਅਤੇ ਨਚਦੇ ਵੀ ਹਨ। ਉਹ ਕਈ ਤਰ੍ਹਾਂ ਦੇ ਸਾਂਗ ਉਤਾਰਦੇ ਹਨ ਅਤੇ ਐਕਟਿੰਗ ਕਰਦੇ ਹਨ। ਇਹ ਸਾਰੀਆਂ ਖੇਡਾਂ ਜਮਾਤ ਦੇ ਮਨੀਟਰ ਜਾਂ ਉਸਤਾਦ ਦੀਆਂ ਨਜ਼ਰਾਂ ਹੇਠ ਖੇਡੀਆਂ ਜਾਂਦੀਆਂ ਹਨ। ਉਸਤਾਦ ਵੀ ਕਦੀ ਕਦੀ ਇਨ੍ਹਾਂ ਖੇਡਾਂ ਵਿਚ ਹਿੱਸਾ ਲੈਂਦਾ ਹੈ। ਪਰ ਉਹ ਸਦਾ ਖੇਡ ਦੇ ਨਿਯਮ ਦੱਸਦਾ ਰਹਿੰਦਾ ਹੈ। ਬਚੇ ਆਪਣੇ ਉਸਤਾਦ ਨੂੰ ਰਾਹ ਪਾਉਣ ਵਾਲੇ ਜਾਂ ਆਗੂ ਦੇ ਰੂਪ ਵਿਚ ਹੀ ਵੇਖਦੇ ਹਨ ਅਤੇ ਇਸ ਤਰ੍ਹਾਂ ਬਚਿਆਂ ਵਿਚ ਵਡਿਆਂ ਦਾ ਕਿਹਾ ਮੰਨਣ ਦੀ ਆਦਤ ਵੀ ਪੈਂਦੀ ਹੈ।

ਇਸ ਸਿਖਿਆ ਢੰਗ ਵਿਚ ਵਿਸ਼ੇਸ਼ ਧਿਆਨ ਬਚਿਆਂ ਦੀ ਕਲਪਣਾ ਉਤੇ ਦਿੱਤਾ ਜਾਂਦਾ ਹੈ। ਕਲਪਣਾ ਨੂੰ ਹੀ ਮਾਨਸਿਕ ਵਿਕਾਸ ਦਾ ਅਧਾਰ ਸਮਝ ਕੇ ਇਸ ਪਰਨਾਲੀ ਵਿਚ ਕਈ ਤਰ੍ਹਾਂ ਦੇ ਕੰਮਾਂ ਦੀ ਕਾਢ ਕਢੀ ਗਈ ਹੈ। ਕੋਈ ਵੀ ਖੇਡ ਚੁਪ ਚਾਪ ਨਹੀਂ ਖੇਡੀ ਜਾਂਦੀ। ਬੱਚਾ ਖੇਡਣ ਵੇਲੇ ਜਾਂ ਕਿਸੇ ਹੋਰ ਬਚੇ ਨਾਲ ਗੱਲ ਬਾਤ ਕਰਦਾ ਹੈ ਜਾਂ ਆਪ ਕੋਈ ਗਾਣਾ ਗਾਉਂਦਾ ਹੈ ਜਿਸ ਨਾਲ ਉਸ ਦਾ ਕੰਮ ਸੁਆਦੀ ਹੋ ਜਾਂਦਾ ਹੈ।

ਖੋਟਿਆਂ ਭਾਗਾਂ ਨੂੰ ਭਾਰਤ ਵਿਚ ਅਜਿਹੇ ਸਕੂਲਾਂ ਦੀ ਘਾਟ ਹੈ। ਕੁਝ ਸਾਲ ਪਹਿਲਾਂ ਜਿਹੜਾ ਉਤ ਾਹ ਅਜਿਹੇ ਸਕੂਲਾਂ ਦੇ ਖੋਲ੍ਹਣ ਵਿਚ ਸੀ ਉਹ ਹੁਣ ਢਿੱਲਾ ਪੈ ਗਿਆ ਹੈ। ਇਸ ਲਈ ਸਾਡੇ ਬੱਚੇ ਸਭ ਤਰ੍ਹਾਂ ਦੇ ਸਿਖਿਆ-ਸੁਧਾਰ ਹੁੰਦਿਆਂ ਪੁਰਾਣੀਆਂ ਲੀਹਾਂ ਤੇ ਹੀ ਪੜ੍ਹਾਏ ਜਾਂਦੇ ਹਨ। ਪਰ ਹੁਣ ਆਸ ਹੈ ਕਿ ਭਵਿਖ ਵਿਚ ਇਨ੍ਹਾਂ ਦਾ ਵਾਧਾ ਹੋਵੇਗਾ।

## ਮਾਂਟਸੋਰੀ ਸਿਖਿਆ-ਢੰਗ

ਮਾਂਟਸੋਰੀ ਸਿਖਿਆ ਢੰਗ ਅਧੁਨਿਕ ਕਾਲ ਦਾ ਇਕ ਅੱਗੇ ਵਧੂ ਸਿਖਿਆ-ਢੰਗ ਮੰਨਿਆ ਜਾਂਦਾ ਹੈ। ਕਈ ਸਿਖਿਆ-ਵਿਗਿਆਨਿਕ ਛੋਟੇ ਬਚਿਆਂ ਲਈ ਇਸ ਸਿਖਿਆ-ਢੰਗ ਤੋਂ ਵਧੇਰੇ ਲਾਭਦਾਇਕ ਕਿਸੇ ਹੋਰ ਸਿਖਿਆ ਢੰਗ ਨੂੰ ਨਹੀਂ ਮੰਨਦੇ। ਇਸ ਸਿਖਿਆ-ਢੰਗ ਦੇ ਮੂਲ ਸਿਧਾਂਤ ਉਹੋ ਹੀ ਹਨ ਜਿਹੜੇ ਕਿੰਡਰ ਗਾਰਟਨ ਸਿਖਿਆ-ਢੰਗ ਦੇ ਹਨ, ਪਰ ਇਸ ਵਿਚ ਵਿਗਿਆਨਿਕ ਵਿਚਾਰਾਂ ਦਾ ਵਧੇਰੇ ਪ੍ਰਭਾਵ ਪਾਇਆ ਜਾਂਦਾ ਹੈ। ਜਿਸ ਤਰ੍ਹਾਂ ਫਰੋਬੇਲ ਨੇ ਦਾਰਸ਼ਨਿਕ ਵਿਚਾਰ ਤੋਂ ਪਰਭਾਵਤ ਹੋ ਕੇ ਕਿੰਡਰ ਗਾਰਟਨ ਸਿਖਿਆ-ਢੰਗ ਦੀ ਉਸਾਰੀ ਕੀਤੀ, ਇਸੇ ਤਰ੍ਹਾਂ ਮੈਡਮ ਮਾਂਟਸੋਰੀ ਨੇ ਕੁਝ ਮਨੋ-ਵਿਗਿਆਨਿਕ ਤਜਰਬਿਆਂ ਦੇ ਅਧਾਰ ਉਤੇ ਆਪਣੀ ਸਿਖਿਆ ਪਰਨਾਲੀ ਨੂੰ ਉਸਾਰਿਆ।

ਮਾਂਟਸੋਰੀ ਸਿਖਿਆ ਢੰਗ ਵਿਚ ਬੱਚਿਆਂ ਦੇ ਇੰਦਰਕ ਗਿਆਨ ਦੀ ਸਿਖਿਆ ਉੱਤੇ ਵਿਸ਼ੇਸ਼ ਜ਼ੋਰ ਦਿਤਾ ਜਾਂਦਾ ਹੈ ਅਤੇ ਉਸ ਦੇ ਲਈ ਇਕ ਖਾਸ ਤਰ੍ਹਾਂ ਦੇ ਯੰਤਰ ਦੀ ਕਾਢ ਕਢੀ ਗਈ ਹੈ ਜਿਸ ਨੂੰ 'ਡਾਈ ਡੇਕਟਿਕ ਅਪ੍ਰੇਟਿਸ' ਕਿਹਾ ਜਾਂਦਾ ਹੈ।

## ਮਾਂਟਸੋਰੀ ਸਿਖਿਆ ਢੰਗ ਦੇ ਮੌਲਿਕ ਸਿਧਾਂਤ

ਮਾਂਟਸੋਰੀ ਸਿਖਿਆ-ਢੰਗ ਦੇ ਹੇਠ ਲਿਖੇ ਮੌਲਿਕ ਸਿਧਾਂਤ ਹਨ--

(੧) ਬੱਚਿਆਂ ਦੀ ਸਿਖਿਆ ਦਾ ਨਿਸ਼ਾਨਾ ਉਨ੍ਹਾਂ ਵਿਚ ਖਾਸ ਕਿਸਮ ਦੇ ਵਿਅਕਤਿਤਵ ਦਾ ਵਿਕਾਸ ਹੋਣਾ ਚਾਹੀਦਾ ਹੈ।

(੨) ਬੱਚਿਆਂ ਦੀ ਸਿਖਿਆ ਵਿਚ ਸੁਤੰਤਰਤਾ ਦਾ ਵਾਤਾਵਰਨ ਰਹਿਣਾ ਚਾਹੀਦਾ ਹੈ।

(੩) ਬੱਚਿਆਂ ਨੂੰ ਆਪਣੀ ਸਿਖਿਆ ਵਿਚ ਆਪਣੇ ਆਪ ਤੇ ਨਿਰਭਰ ਹੋਣ ਵਾਲਾ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ।

(੪) ਬੱਚਿਆਂ ਦੀ ਸਿਖਿਆ ਉਨ੍ਹਾਂ ਦੇ ਇੰਦਰਕ-ਗਿਆਨ ਦੇ ਵਿਕਾਸ ਦੇ ਅਧਾਰ ਉੱਤੇ ਹੋਣੀ ਚਾਹੀਦੀ ਹੈ।

(੫) ਬਚਿਆਂ ਨੂੰ ਪੜ੍ਹਨਾ ਲਿਖਣਾ ਉਨ੍ਹਾਂ ਦੀਆਂ ਖੇਡਾਂ ਰਾਹੀਂ ਹੀ ਸਿਖਾਇਆ ਜਾਣਾ ਚਾਹੀਦਾ ਹੈ।

(੬) ਬੱਚਿਆਂ ਨੂੰ ਨਿਤ ਦਿਨ ਦੇ ਕੰਮਾਂ ਦੀ ਸਿਖਿਆ ਦੇਣੀ ਚਾਹੀਦੀ ਹੈ।

ਹੁਣ ਅਸੀਂ ਇਨ੍ਹਾਂ ਸਿਧਾਂਤਾਂ ਤੇ ਇਕ ਇਕ ਕਰ ਕੇ ਵਿਚਾਰ ਕਰਾਂਗੇ ਅਤੇ ਇਹ ਵੇਖਣ ਦਾ ਯਤਨ ਕਰਾਂਗੇ ਕਿ ਮਾਂਟਸੋਰੀ ਢੰਗ ਬਚਿਆਂ ਲਈ ਕਿਥੋਂ ਤਕ ਲਾਭਕਾਰੀ ਹੈ।

**ਵਿਸ਼ੇਸ਼ ਵਿਅਕਤਿਤਵ ਦਾ ਵਿਕਾਸ :**--ਮੈਡਮ ਮਾਂਟਸੋਰੀ ਅਨੁਸਾਰ ਸਿਖਿਆ ਦਾ ਨਿਸ਼ਾਨਾ ਬੱਚੇ ਦੇ ਵਿਸ਼ੇਸ਼ ਵਿਅਕਤਿਤਵ ਦਾ ਵਿਕਾਸ ਹੈ। ਇਸਦੇ ਲਈ ਇਹ ਜ਼ਰੂਰੀ ਹੈ ਕਿ ਉਸਤਾਦ ਹਰ ਬੱਚੇ ਦੀਆਂ ਵਿਸ਼ੇਸ਼ ਰੁਚੀਆਂ ਨੂੰ ਸਮਝੇ ਅਤੇ ਉਸਦੇ ਸੁਭਾ ਅਨੁਸਾਰ ਉਸ ਨੂੰ ਕੰਮ ਦੇਵੇ। ਬਚਿਆਂ ਦੇ ਵਿਅਕਤਿਤਵ ਦੇ ਵਿਕਾਸ ਲਈ ਇਕ ਤਾਂ ਉਨ੍ਹਾਂ ਨੂੰ ਸਦਾ ਕੰਮ ਵਿਚ ਲਾਈ ਰਖਣਾ ਚਾਹੀਦਾ ਹੈ ਅਤੇ ਦੂਜੇ ਉਨ੍ਹਾਂ ਨੂੰ ਸੁਤੰਤਰਤਾ ਦੇ ਵਾਤਾਵਰਨ ਵਿਚ ਰਹਿਣ ਦੇਣਾ ਜ਼ਰੂਰੀ ਹੈ। ਇਕ ਬੱਚਾ ਜਿੰਨੀ ਦੇਰ ਕਿਸੇ ਕੰਮ ਨੂੰ ਕਰਨਾ ਚਾਹੁੰਦਾ ਹੈ ਉਸ ਨੂੰ ਕਰਨ ਦੇਣਾ ਚਾਹੀਦਾ ਹੈ। ਜਦ ਉਸ ਦਾ ਮਨ ਕਿਸੇ ਇਕ ਕੰਮ ਤੋਂ ਅੱਕ ਜਾਵੇ ਤਾਂ ਹੀ ਉਸ ਨੂੰ ਦੂਜਾ ਕੰਮ ਦੇਣਾ ਚਾਹੀਦਾ ਹੈ। ਜਮਾਤ-ਸਿਖਿਆ-ਢੰਗ ਵਿਚ ਇਹ ਹੋਣਾ ਅਸੰਭਵ ਹੈ। ਉਸ ਵਿਚ ਜਮਾਤ ਦੇ ਹਰ ਬੱਚੇ ਨੂੰ ਇਕ ਹੀ ਕੰਮ ਕਰਨਾ ਪੈਂਦਾ ਹੈ। ਜਦੋਂ ਘੰਟੀ ਸ਼ੁਰੂ ਹੁੰਦੀ ਹੈ ਤਾਂ ਜਮਾਤ ਦੇ ਸਾਰੇ ਬੱਚੇ ਕਿਸੇ ਇਕ ਕੰਮ ਨੂੰ ਅਰੰਭ ਕਰਦੇ ਹਨ ਅਤੇ ਘੰਟੀ ਖਤਮ ਹੋਣ ਤੇ ਉਸ ਨੂੰ ਛਡ ਕੇ ਸਾਰੇ ਹੀ ਬੱਚੇ ਕਿਸੇ ਹੋਰ ਕੰਮ ਵਿਚ ਲੱਗ ਜਾਂਦੇ ਹਨ। ਜੇ ਕੋਈ ਬੱਚਾ ਦੇਰ ਤਕ ਕਿਸੇ ਵਿਸ਼ੇ ਨੂੰ ਪੜ੍ਹਨਾ ਚਾਹੁੰਦਾ ਹੈ ਤਾਂ ਉਹ ਉਸ ਨੂੰ ਨਹੀਂ ਪੜ੍ਹ ਸਕਦਾ ਅਤੇ ਨਾ ਕਿਸੇ ਕੰਮ ਤੋਂ ਅੱਕ ਜਾਣ ਨਾਲ ਉਸ ਨੂੰ ਛਡ ਸਕਦਾ ਹੈ। ਇਸ ਨਾਲ ਉਸ ਦੇ ਵਿਅਕਤਿਤਵ ਨੂੰ ਬੜਾ ਨੁਕਸਾਨ ਪਹੁੰਚਦਾ ਹੈ। ਉਹ ਨਾ ਆਪਣੀ ਖਾਸ ਤਰ੍ਹਾਂ ਦੀ ਰੁਚੀ ਨੂੰ ਵਿਕਸਤ ਕਰ ਸਕਦਾ ਹੈ ਅਤੇ ਨਾ ਆਪਣੇ ਕੰਮ ਬਾਰੇ ਸੋਚ ਸਕਦਾ

ਹੈ। ਜਿਹੜਾ ਬੱਚਾ ਇਹ ਸੋਚਦਾ ਹੈ ਕਿ ਕਿਹੜੇ ਕੰਮ ਨੂੰ ਉਹ ਕਿਥੋਂ ਤਕ ਕਰੇ ਉਸ ਦੀ ਆਪਣੇ ਆਪ ਕਿਸੇ ਗਲ ਦਾ ਨਿਰਨਾ ਕਰ ਲੈਣ ਦੀ ਸ਼ਕਤੀ ਵਧਦੀ ਹੈ ਅਤੇ ਉਹ ਆਪਣੇ ਪੈਰਾਂ ਤੇ ਖੜਾਂ ਹੋ ਸਕਣ ਵਾਲਾ ਹੋ ਜਾਂਦਾ ਹੈ। ਕਈ ਅਧੁਨਿਕ ਸਿਖਿਆ-ਵਿਗਿਆਨੀਆਂ ਦਾ ਕਹਿਣਾ ਹੈ ਕਿ ਕੌਮ ਦੀ ਉੱਨਤੀ ਹਰ ਨਾਗਰਿਕ ਨੂੰ ਦੂਜੇ ਨਾਗਰਿਕ ਦੇ ਬਰਾਬਰ ਬਣਾਉਣ ਵਿਚ ਨਹੀਂ ਸਗੋਂ ਉਨ੍ਹਾਂ ਦੇ ਵਿਸ਼ੇਸ਼ ਵਿਅਕਤਿਤਵ ਦੇ ਵਿਕਾਸ ਵਿਚ ਹੁੰਦੀ ਹੈ। ਮਾਂਟਸੋਰੀ ਸਿਖਿਆ ਢੰਗ ਵਿਚ ਬੱਚੇ ਨੂੰ ਇਸ ਪਾਸੇ ਹੀ ਲਿਜਾਇਆ ਜਾਂਦਾ ਹੈ। ਮਾਂਟਸੋਰੀ ਸਿਖਿਆ-ਢੰਗ ਵਿਚ ਬੱਚਾ ਜਮਾਤ ਦੇ ਦੂਜੇ ਬੱਚਿਆਂ ਨਾਲ ਰਲ ਕੇ ਬੈਠਦਾ ਹੈ ਪਰ ਉਹੋ ਕੰਮ ਨਹੀਂ ਕਰਦਾ ਜਿਹੜਾ ਹੋਰ ਬੱਚੇ ਕਰਦੇ ਹੋਣ । ਹਰ ਬੱਚੇ ਦਾ ਕੰਮ ਦੂਜਿਆਂ ਨਾਲੋਂ ਵਖਰਾ ਹੁੰਦਾ ਹੈ। ਕੋਈ ਬੱਚਾ ਪੌੜੀ ਉਸਾਰਦਾ ਰਹਿੰਦਾ ਹੈ ਤਾਂ ਕੋਈ ਰੰਗ ਦੀ ਪਛਾਣ ਵਿਚ ਲੱਗਾ ਹੁੰਦਾ ਹੈ ਅਤੇ ਕੋਈ ਗੋਲ ਕਿੱਲੀਆਂ ਉਨ੍ਹਾਂ ਦੇ ਖਾਨਿਆਂ ਵਿਚ ਪਾਉਣ ਦੇ ਯਤਨ ਵਿਚ ਹੁੰਦਾ ਹੈ । ਇਸ ਤਰ੍ਹਾਂ ਹਰ ਬੱਚਾ ਸੁਤੰਤਰਤਾ ਨਾਲ ਆਪਣਾ ਕੰਮ ਕਰਦਾ ਰਹਿੰਦਾ ਹੈ। ਮੈਡਮ ਮਾਂਟਸੋਰੀ ਦਾ ਕਥਨ ਹੈ ਕਿ ਇਸ ਤਰ੍ਹਾਂ ਦੇ ਕੰਮਾਂ ਨਾਲ ਉਨ੍ਹਾਂ ਦੇ ਵਿਅਕਤਿਤਵ ਦਾ ਵਿਕਾਸ ਹੁੰਦਾ ਹੈ।

**ਸਿਖਿਆ ਵਿਚ ਸੁਤੰਤਰਤਾ** :—ਮੈਡਮ ਮਾਂਟਸੋਰੀ ਨੇ ਆਪਣੀ ਸਿਖਿਆ-ਪਰਨਾਲੀ ਵਿਚ ਬੱਚਿਆਂ ਨੂੰ ਪੂਰਨ ਸੁਤੰਤਰਤਾ ਦੇਣ ਦਾ ਯਤਨ ਕੀਤਾ ਹੈ । ਇਸ ਸਿਖਿਆ ਪਰਨਾਲੀ ਵਿਚ ਕਿਸੇ ਬੱਚੇ ਨੂੰ ਮਾਰਿਆ ਕੁਟਿਆ ਨਹੀਂ ਜਾਂਦਾ ਅਤੇ ਨਾ ਝਾੜਿਆ ਝੰਬਿਆ ਜਾਂਦਾ ਹੈ। ਸਾਰੇ ਬਚਿਆਂ ਨਾਲ ਪਿਆਰ ਭਰਿਆ ਵਰਤਾਉ ਕੀਤਾ ਜਾਂਦਾ ਹੈ। ਮੈਡਮ ਮਾਂਟਸਰੀ ਦੇ ਸਕੂਲਾਂ ਵਿਚ ਪੜ੍ਹਾਉਣ ਵਾਲੀਆਂ ਸਾਰੀਆਂ ਉਸਤਾਨੀਆਂ ਹੀ ਹੁੰਦੀਆਂ ਹਨ। ਕਿੰਡਰ ਗਾਰਟਨ ਸਿਖਿਆ ਪਰਨਾਲੀ ਵਿਚ ਇਸਤਰੀਆਂ ਦਾ ਹੀ ਪੜ੍ਹਾਉਣ ਲਈ ਲਈ ਚੁਣਿਆ ਜਾਣਾ ਜ਼ਰੂਰੀ ਨਹੀਂ। ਇਸਤਰੀਆਂ ਸੁਭਾ ਤੋਂ ਹੀ ਕੋਮਲ ਹੁੰਦੀਆਂ ਹਨ। ਜੇ ਕੋਈ ਛੋਟਾ ਬੱਚਾ ਕੰਮ ਵਿਗਾੜ ਦੇਵੇ ਤਾਂ ਜਿੰਨਾ ਪਿਤਾ ਗੁੱਸੇ ਹੁੰਦਾ ਹੈ ਉਨੀ ਮਾਤਾ ਨਹੀਂ ਹੁੰਦੀ। ਮਾਂਟਸੋਰੀ ਸਿਖਿਆ ਪਰਨਾਲੀ ਦੀਆਂ ਉਸਤਾਨੀਆਂ ਨੂੰ ਕਿਹਾ ਹੁੰਦਾ ਹੈ ਕਿ ਉਹ ਬੱਚਿਆਂ ਨਾਲ ਉਸੇ ਤਰ੍ਹਾਂ ਦਾ ਵਰਤਾਉ ਕਰਨ ਜਿਹੋ ਜਿਹਾ ਮਾਤਾ ਆਪਣੇ ਬੱਚੇ ਨਾਲ ਕਰਦੀ ਹੈ। ਉਸ ਨੂੰ ਜਿਹੜੀ ਵੀ ਗਲ ਸਿਖਾਉਣ ਬੜੇ ਪਿਆਰ ਨਾਲ ਸਿਖਾਉਣ।

ਜਦ ਬੱਚੇ ਨੂ ਕੋਈ ਕੰਮ ਦਿਤਾ ਜਾਂਦਾ ਹੈ ਤਾਂ ਉਸ ਤੋਂ ਪੁਛ ਲਿਆ ਜਾਂਦਾ ਹੈ ਕਿ ਉਹ ਉਸ ਨੂੰ ਕਰਨਾ ਪਸੰਦ ਕਰਦਾ ਹੈ ਕਿ ਨਹੀਂ । ਜਦੋਂ ਤਕ ਬੱਚਾ ਕਿਸੇ ਕੰਮ ਨੂੰ ਕਰਨਾ ਚਾਹੁੰਦਾ ਹੈ ਉਦੋਂ ਤਕ ਉਸ ਨੂੰ ਕਰਨ ਦਿਤਾ ਜਾਂਦਾ ਹੈ ਪਰ ਜਦ ਉਸ ਦਾ ਮਨ ਉਸ ਤੋਂ ਅੱਕ ਜਾਂਦਾ ਹੈ ਤਾਂ ਉਹ ਉਸ ਨੂੰ ਛਡ ਦੇਣ ਵਿਚ ਸੁਤੰਤਰ ਹੁੰਦਾ ਹੈ। ਬੱਚਿਆਂ ਨੂੰ ਚੁਪ ਚਾਪ ਬੈਠਣ ਲਈ ਮਜਬੂਰ ਨਹੀਂ ਕੀਤਾ ਜਾਂਦਾ । ਮਾਂਟਸੋਰੀ ਸਕੂਲ ਵਿਚ ਬੱਚੇ ਰੌਣਕ ਲਾਈ ਰਖਦੇ ਹਨ ਅਤੇ ਉਹ ਖੁਸ਼ੀ ਨਾਲ ਹੋਰ ਬਚਿਆਂ ਨੂੰ ਆਪਣੇ ਕੋਲ ਲੈ ਜਾ ਸਕਦੇ ਹਨ ਅਤੇ ਆਪਣਾ ਕੰਮ ਵਿਖਾ ਸਕਦੇ ਹਨ।

ਮੈਡਮ ਮਾਂਟਸੋਰੀ ਦਾ ਕਹਿਣਾ ਹੈ ਕਿ ਅਜਿਹੇ ਵਾਤਾਵਰਨ ਵਿਚ ਰਹਿਣ ਨਾਲ ਬੱਚੇ ਧਿਆਨ ਨਾਲ ਚਾਈਂ ਚਾਈਂ ਕੰਮ ਕਰਦੇ ਹਨ । ਉਹ ਸਕੂਲ ਦੇ ਕੰਮ ਨੂੰ ਖੇਡ ਹੀ ਸਮਝਦੇ ਹਨ ਅਤੇ ਜਦ ਤਕ ਕਿਸੇ ਕੰਮ ਵਿਚ ਸਫਲ ਨਹੀਂ ਹੋ ਜਾਂਦੇ ਉਸ ਨੂੰ ਘੜੀ ਮੁੜੀ ਕਰਦੇ ਰਹਿੰਦੇ ਹਨ। ਇਕ ਬੱਚਾ ਲਕੜੀ ਦੇ ਟੋਟਿਆਂ ਨੂੰ ਇਕ ਦੂਜੇ ਉਤੇ

ਰਖ ਕੇ ਮਨਾਰਾ ਬਣਾ ਰਿਹਾ ਸੀ। ਉਸ ਦਾ ਮਨਾਰਾ ਘੜੀ ਘੜੀ ਡਿਗ ਪੈਂਦਾ । ਪਰ ਉਸ ਮਨਾਰਾ ਬਣਾਉਣ ਵਿਚ ਹਿੰਮਤ ਨਾ ਛੱਡੀ । ਉਸ ਨੇ ਪੰਜਾਹ ਤੋਂ ਵਧ ਵਾਰ ਯਤਨ ਕੀਤਾ ਅਤੇ ਜਦੋਂ ਤਕ ਮਨਾਰਾ ਠੀਕ ਤਰ੍ਹਾਂ ਖੜਾ ਨਾ ਹੋ ਗਿਆ ਉਸ ਨੇ ਉਸ ਕੰਮ ਤੋਂ ਮੂੰਹ ਨਾ ਮੋੜਿਆ।

ਮਾਂਟਸੋਰੀ ਸਕੂਲ ਦੀਆਂ ਉਸਤਾਨੀਆਂ ਬਚਿਆਂ ਨੂੰ ਆਪੋ ਆਪਣੇ ਕੰਮ ਕਰਨ ਵਿਚ ਨਿਰਾ ਇਸ਼ਾਰਾ ਹੀ ਦਿੰਦੀਆਂ ਹਨ। ਉਹ ਉਨ੍ਹਾਂ ਨੂੰ ਕੋਈ ਖਾਸ ਕੰਮ ਕਰਨ ਲਈ ਮਜਬੂਰ ਨਹੀਂ ਕਰਦੀਆਂ। ਇਸ ਸਿਖਿਆ-ਢੰਗ ਵਿਚ ਸਿਖਿਆ ਦੇਣ ਵਾਲਾ ਨਿਰਾ ਰਾਹ ਪਾਉਣ ਵਾਲਾ ਹੀ ਹੁੰਦਾ ਹੈ। ਉਸਤਾਨੀ ਨੂੰ, ਇਸੇ ਲਈ, 'ਉਸਤਾਨੀ' ਕਹਿਣ ਦੀ ਥਾਂ 'ਡਾਇਰੈਕਟ੍ਰੈਸ' ਅਰਥਾਤ ਰਾਹ ਦੱਸਣ ਵਾਲੀ ਕਿਹਾ ਜਾਂਦਾ ਹੈ।

**ਸ੍ਵੈ-ਸਿਖਿਆ** :—ਮਾਂਟਸੋਰੀ ਸਕੂਲਾਂ ਵਿਚ ਬੱਚਿਆਂ ਨੂੰ ਸਿਖਿਆ ਵਿਚ ਸ੍ਵੈ ਆਸਰਿਤ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਹਰ ਬੱਚੇ ਵਿਚ ਸ੍ਵੈ-ਸਿਖਿਆ ਦੀ ਆਦਤ ਪਾਈ ਜਾਂਦੀ ਹੈ। ਮੈਡਮ ਮਾਂਟਸੋਰੀ ਨੇ ਇਕ ਖਾਸ ਕਿਸਮ ਦੇ ਯੰਤਰ ਦੀ ਕਾਢ ਕਢੀ ਹੈ। ਇਸ ਨੂੰ "ਡਾਈਡੈਕਟਿਕ ਅਪ੍ਰੇਟਿਸ" ਆਖਦੇ ਹਨ। ਬੱਚੇ ਨੂੰ ਇਸ ਅਪ੍ਰੇਟਿਸ ਦੀ ਕੋਈ ਚੀਜ਼ ਖੇਡਣ ਲਈ ਦੇ ਦਿੱਤੀ ਜਾਂਦੀ ਹੈ। ਜਦ ਬੱਚਾ ਕੋਈ ਗਲਤੀ ਕਰ ਦਿੰਦਾ ਹੈ ਤਾਂ ਉਸ ਨੂੰ ਆਪਣੀ ਗਲਤੀ ਦਾ ਆਪਣੇ ਆਪ ਪਤਾ ਚਲ ਜਾਂਦਾ ਹੈ। ਜਦੋਂ ਤਕ ਠੀਕ ਸਿੱਟਾ ਨਹੀਂ ਨਿਕਲਦਾ ਉਸ ਦੀਆਂ ਸਾਰੀਆਂ ਚੀਜ਼ਾਂ ਇਕ ਦੂਜੇ ਉੱਤੇ ਠੀਕ ਤਰ੍ਹਾਂ ਨਹੀਂ ਬੈਠਦੀਆਂ। ਮੰਨ ਲੌ, ਇਕ ਬੱਚਾ ਮਨਾਰਾ ਬਣਾ ਰਿਹਾ ਹੈ ਅਤੇ ਉਹ ਲਕੜੀ ਦੇ ਗਟੂਆਂ ਨੂੰ ਰਖਣ ਵਿਚ ਕਿਸੇ ਤਰ੍ਹਾਂ ਦੀ ਗਲਤੀ ਕਰ ਦਿੰਦਾ ਹੈ ਅਰਥਾਤ ਛੋਟੇ ਨੂੰ ਉਹ ਪਹਿਲਾਂ ਰੱਖ ਦਿੰਦਾ ਹੈ ਅਤੇ ਵੱਡੇ ਨੂੰ ਉਹ ਪਿਛੋਂ ਰਖਦਾ ਹੈ ਤਾਂ ਉਸ ਦਾ ਮਨਾਰਾ ਡਿਗ ਪੈਂਦਾ ਹੈ। ਇਸ ਤਰ੍ਹਾਂ ਉਸ ਨੂੰ ਆਪਣੀ ਗਲਤੀ ਦਾ ਆਪਣੇ ਆਪ ਪਤਾ ਚਲ ਜਾਂਦੀ ਹੈ। ਉਸਤਾਨੀ ਜਾਣ ਬੁਝ ਕੇ ਉਸ ਦੀ ਗਲਤੀ ਉਸ ਨੂੰ ਨਹੀਂ ਦੱਸਦੀ। ਇਸ ਤਰ੍ਹਾਂ ਕਰਨ ਨਾਲ ਬਚਿਆਂ ਵਿਚ ਉਸਤਾਨੀ ਦਾ ਸਹਾਰਾ ਲੈਣ ਦੀ ਆਦਤ ਪੈ ਜਾਂਦੀ ਹੈ। ਉਹ ਫਿਰ ਆਪਣੀ ਭੁਲ ਆਪਣੇ ਆਪ ਜਾਣਨ ਦਾ ਯਤਨ ਹੀ ਨਹੀਂ ਕਰਦਾ। ਕਦੇ ਕਦੇ ਬੱਚਾ ਦੂਜਿਆਂ ਬਚਿਆਂ ਨੂੰ ਵੇਖ ਕੇ ਆਪਣਾ ਕੰਮ ਠੀਕ ਕਰ ਲੈਂਦਾ ਅਤੇ ਕਦੇ ਉਹ ਦੂਜਿਆਂ ਬੱਚਿਆਂ ਕੋਲੋਂ ਆਪਣੀ ਗਲਤੀ ਠੀਕ ਕਰਾਉਣ ਵਿਚ ਸਹਾਇਤਾ ਵੀ ਲੈਂਦਾ ਹੈ। ਇਹ ਸ੍ਵੈ-ਸਿਖਿਆ ਦੇ ਸਿਧਾਂਤ ਦੇ ਉਲਟ ਨਹੀਂ ਹੈ।

**ਇੰਦਰਕ-ਗਿਆਨ ਦਾ ਵਿਕਾਸ** :—ਮਾਂਟਸੋਰੀ ਸਿਖਿਆ-ਢੰਗ ਦੀ ਇਕ ਵੱਡੀ ਵਿਸ਼ੇਸ਼ਤਾ ਬਚਿਆਂ ਦੀ ਏਂਦ੍ਰਿਕ ਗਿਆਨ ਦੀ ਸਿਖਿਆ ਹੈ। ਮੈਡਮ ਮਾਂਟਸੋਰੀ ਦਾ ਕਹਿਣਾ ਹੈ ਕਿ ਜਿਸ ਬੱਚੇ ਦਾ ਏਂਦ੍ਰਿਕ ਗਿਆਨ ਚੰਗੀ ਤਰ੍ਹਾਂ ਵਿਕਸਤ ਹੋਇਆ ਹੈ ਉਸ ਦੀ ਬੁਧੀ ਵੀ ਚੰਗੀ ਤਰ੍ਹਾਂ ਵਿਕਸਤ ਹੁੰਦੀ ਹੈ। ਜਿਹੜਾ ਬੱਚਾ ਦੋ ਇਕੋ ਤਰ੍ਹਾਂ ਪਰਤੀਤ ਹੋਣ ਵਾਲੀਆਂ ਚੀਜ਼ਾਂ, ਪਰ ਜਿਹੜੀਆਂ ਹੋਣ ਵਖਰੀਆਂ ਵਖਰੀਆਂ, ਵਿਚ ਫਰਕ ਸਮਝ ਸਕਦਾ ਹੈ ਉਹ ਦੋ ਇਕੋ ਜਿਹੇ ਜਾਪਣ ਵਾਲੇ ਵਿਚਾਰਾਂ ਵਿਚ ਵੀ ਫਰਕ ਜਾਣ ਸਕਦਾ ਹੈ। ਆਪਣੇ ਗਿਆਨ ਨੂੰ ਠੋਸ ਆਸਰੇ ਤੇ ਰਖਣ ਲਈ ਵੀ ਏਂਦ੍ਰਿਕ ਗਿਆਨ ਦੀ ਬੜੀ ਲੋੜ ਹੈ।

ਅਸੀਂ ਆਪਣੇ ਸਾਧਾਰਨ ਸਕੂਲਾਂ ਵਿਚ ਪਹਾੜੇ ਰਟਦਿਆਂ ਵੇਖਦੇ ਹਾਂ, ਪਰ ਉਹ ਅਸਲ ਵਿਚ ਪਹਾੜੇ ਦੇ ਕਿਸੇ ਇਕ ਅੰਕ ਦਾ ਦੂਜੇ ਅੰਕ ਨਾਲ ਗੁਣਾ ਕਰਨ ਦਾ ਅਰਥ ਨਹੀਂ ਸਮਝਦੇ। ਜਦ ਕੋਈ ਬਚਾ 'ਚਾਰ ਤੀਆ ਬਾਰਾਂ' ਆਖਦਾ ਹੈ ਤਾਂ ਉਸ ਨੂੰ ਪਤਾ ਨਹੀਂ ਹੁੰਦਾ

ਕਿ ਚਾਰ ਚੀਜ਼ਾਂ ਤਿੰਨ ਵਾਰ ਲੈਣ ਨਾਲ ਬਾਰਾਂ ਹੋ ਜਾਂਦੀਆਂ ਹਨ। ਇਸ ਗਿਆਨ ਦੇ ਪੈਦ ਹੋਣ ਲਈ ਬੱਚੇ ਦੇ ਹੱਥ ਵਿਚ ਚਾਰ ਚਾਰ ਗੋਲੀਆਂ, ਗੁੱਡੀਆਂ ਜਾਂ ਬੀਜ ਤਿੰਨ ਵਾਰ ਦੇਣਾ ਅਤੇ ਫਿਰ ਉਸ ਤੋਂ ਗਿਣਵਾਉਣਾ ਜ਼ਰੂਰੀ ਹੈ । ਇਸੇ ਤਰ੍ਹਾਂ $\frac{1}{2}$ ਦਾ $\frac{1}{3}$ ਸਮਝਾਉਣ ਲਈ ਕਿਸੇ ਠੋਸ ਚੀਜ਼ ਨੂੰ ਪਹਿਲਾਂ ਦੋ ਹਿੱਸਿਆਂ ਵਿਚ ਵੰਡਣਾ ਅਤੇ ਫਿਰ ਉਸ ਅੱਧੇ ਨੂੰ ਤਿੰਨ ਹਿੱਸਿਆਂ ਵਿਚ ਵੰਡਣਾ ਜ਼ਰੂਰੀ ਹੈ। ਜਦ ਬੱਚੇ ਆਪਣੀਆਂ ਵਖ ਵਖ ਇੰਦਰੀਆਂ ਰਾਹੀਂ ਇਸ ਤਰ੍ਹਾਂ ਦੇ ਵਿਚਾਰਾਂ ਦਾ ਅਰਥ ਸਮਝ ਜਾਂਦੇ ਹਨ ਤਾਂ ਉਨ੍ਹਾਂ ਦਾ ਗਿਆਨ ਪੱਕਾ ਹੋ ਜਾਂਦਾ ਹੈ।

ਮਾਂਟਸੋਰੀ ਸਿਖਿਆ-ਢੰਗ ਵਿਚ ਛੋਟੇ ਬੱਚਿਆਂ ਦੇ ਵੱਖ ਵੱਖ ਇੰਦਰਕ-ਗਿਆਨ ਦੀ ਸਿੱਖਿਆ ਲਈ ਵੱਖ ਵੱਖ ਤਰ੍ਹਾਂ ਦੀਆਂ ਚੀਜ਼ਾਂ ਹੁੰਦੀਆਂ ਹਨ । ਬਚਿਆਂ ਨੂੰ ਆਪਣੇ ਕੰਮ ਤੇ ਕਾਬੂ ਪਾਉਣ ਲਈ ਪੌੜੀ ਬਣਾਉਣਾ, ਮਨਾਰਾ ਬਣਾਉਣ ਆਦਿ ਦੇ ਕੰਮ ਦਿੱਤੇ ਜਾਂਦੇ ਹਨ । ਅੱਖ ਦੀ ਸਿਖਿਆ ਵਖ ਵਖ ਕਿਸਮ ਦੇ ਰੰਗਾਂ ਦੀ ਪਛਾਣ ਕਰਾਉਣ ਅਤੇ ਵਖ ਵਖ ਅਕਾਰ ਦੀਆਂ ਚੀਜ਼ਾਂ ਦੀ ਠੀਕ ਤਰ੍ਹਾਂ ਪਛਾਣ ਕਰਨ ਵਿਚ ਹੁੰਦੀ ਹੈ। ਇਸੇ ਤਰ੍ਹਾਂ ਕੰਨਾਂ ਦੀ ਸਿਖਿਆ ਲਈ ਖਾਸ ਤਰ੍ਹਾਂ ਦੇ ਯੰਤਰ ਹਨ । ਬੱਚੇ ਨੂੰ ਉਸ ਵਿਚੋਂ ਪੈਦਾ ਹੋਣ ਵਾਲੀਆਂ ਅਵਾਜ਼ਾਂ ਨੂੰ ਠੀਕ ਤਰ੍ਹਾਂ ਪਛਾਨਣਾ ਪੈਂਦਾ ਹੈ। ਛੋਹ (ਸਪਰਸ਼) ਦੀ ਸਿਖਿਆ ਲਈ ਚਿਕਣੇ ਅਤੇ ਖੁਰਦਰੇ ਕਾਗਜ਼ ਅਤੇ ਚੀਜ਼ਾਂ ਦੀ ਪਛਾਣ ਕਰਾਈ ਜਾਂਦੀ ਹੈ। ਸੇਕ (ਤਾਪ) ਦਾ ਗਿਆਨ ਕਰਾਉਣ ਲਈ ਵਖ ਵਖ ਸੇਕ ਵਾਲੇ ਪਾਣੀ ਵਿਚ ਹੱਥ ਪੁਆ ਕੇ ਉਨ੍ਹਾਂ ਦੇ ਸੇਕ ਦੀ ਪਛਾਣ ਕਰਾਈ ਜਾਂਦੀ ਹੈ।

ਮਾਂਟਸੋਰੀ ਸਿਖਿਆ-ਢੰਗ ਦਾ ਇਕ ਵੱਡਾ ਸਿਧਾਂਤ ਇਹ ਹੈ ਕਿ ਇਕ ਹੀ ਇੰਦਰੀ ਦੀ ਇਕ ਸਮੇਂ ਸਿਖਿਆ ਹੋਣੀ ਚਾਹੀਦੀ ਹੈ। ਜਦ ਅੱਖ ਦੀ ਸਿਖਿਆ ਹੁੰਦੀ ਹੋਵੇ ਤਾਂ ਜਿਥੋਂ ਤਕ ਹੋ ਸਕੇ ਕੰਨ ਤੋਂ ਕੰਮ ਨਹੀਂ ਲਿਆ ਜਾਣਾ ਚਾਹੀਦਾ। ਇਸੇ ਤਰ੍ਹਾਂ ਜਦ ਸਪਰਸ਼ ਇੰਦਰੇ ਜਾਂ ਕੰਨ ਇੰਦਰੇ ਦੀ ਸਿਖਿਆ ਹੋ ਰਹੀ ਹੋਵੇ ਤਾਂ ਅੱਖ ਤੋਂ ਕੰਮ ਲੈਣ ਦਾ ਕੰਮ ਬੰਦ ਕਰ ਦੇਣਾ ਹੀ ਠੀਕ ਹੈ। ਜਦ ਬੱਚੇ ਨੂੰ ਕਿਸੇ ਚੀਜ਼ ਨੂੰ ਛੂਹ ਕੇ ਉਸ ਦੇ ਗਿਆਨ ਦਾ ਅਭਿਆਸ ਕਰਾਇਆ ਜਾਂਦਾ ਹੈ ਤਾਂ ਉਸ ਦੀਆਂ ਅੱਖਾਂ ਬੰਨ੍ਹ ਦਿਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਜਦ ਉਸ ਨੂੰ ਅਵਾਜ਼ ਸੁਣ ਕੇ ਕਿਸੇ ਚੀਜ਼ ਦੀ ਦੂਰੀ ਅਤੇ ਦਿਸ਼ਾ ਦੀ ਪਛਾਣ ਕਰਾਈ ਜਾਂਦਾ ਹੈ ਤਾਂ ਉਸ ਦੀਆਂ ਅੱਖਾਂ ਬੰਨ੍ਹ ਦਿਤੀਆਂ ਜਾਂਦੀਆਂ ਹਨ। ਜਦ ਅੱਖ ਬੰਨ੍ਹ ਕੇ ਬੱਚਾ ਕਿਸੇ ਜੀਨ ਨੂੰ ਪਛਾਣਨ ਦਾ ਯਤਨ ਕਰਦਾ ਹੈ ਜਾਂ ਕਿਸੇ ਮਿਥੇ ਥਾਂ ਉਤੇ ਉਸ ਨੂੰ ਪਹੁੰਚਾਉਣ ਦਾ ਯਤਨ ਕਰਦਾ ਹੈ ਤਾਂ ਦੂਜੇ ਬੱਚੇ ਉਸ ਦੀਆਂ ਭੁਲਾਂ ਨੂੰ ਵੇਖਦੇ ਹਨ ਅਤੇ ਇਹ ਸਾਰਾ ਅਭਿਆਸ ਖੇਡ ਬਣ ਜਾਂਦਾ ਹੈ।

**ਖੇਡ ਰਾਹੀਂ ਸਿਖਿਆ** :—ਮਾਂਟਸੋਰੀ ਸਿਖਿਆ ਢੰਗ ਵਿਚ 'ਡਾਈ ਡੇਕਟਿਕ ਅਪ੍ਰੇਟਿਸ' (ਸਿਖਿਆ ਯੰਤਰ) ਰਾਹੀਂ ਹੀ ਵਧੇਰੇ ਗੱਲਾਂ ਸਿਖਾਈਆਂ ਜਾਂਦੀਆਂ ਹਨ । ਮੈਡਮ ਮਾਂਟਸੋਰੀ ਦਾ ਕਹਿਣਾ ਹੈ ਕਿ ਬਚਿਆਂ ਵਿਚ ਸੁਭਾਵਕ ਤੌਰ ਤੇ ਹੱਥ ਦੇ ਕੰਮ ਕਰਨ ਦੀ ਰੁਚੀ ਹੁੰਦੀ ਹੈ ਅਤੇ ਇਸ ਰੁਚੀ ਨੂੰ ਕੰਮ ਵਿਚ ਲਿਆਉਣਾ ਯੋਗ ਹੈ। ਹੱਥ ਦੇ ਕੰਮ ਹੀ ਬੱਚੇ ਦੀਆਂ ਖੇਡਾਂ ਬਣ ਜਾਂਦੀਆਂ ਹਨ। ਮਾਂਟਸੋਰੀ ਸਿਖਿਆ-ਢੰਗ ਦੀਆਂ ਖੇਡਾਂ ਆਮ ਖੇਡਾਂ ਵਰਗੀਆਂ ਨਹੀਂ ਹੁੰਦੀਆਂ। ਇਨ੍ਹਾਂ ਖੇਡਾਂ ਨੂੰ ਬਚਾ ਆਮ ਕਰਕੇ ਇਕੱਲਿਆਂ ਹੀ ਖੇਡਦਾ ਹੈ । ਅਸਲ ਵਿਚ ਮਾਂਟਸੋਰੀ ਸਿਖਿਆ ਢੰਗ ਵਿਚ ਬੱਚਿਆਂ ਨੂੰ ਖੇਡ ਦੇ ਰੂਪ ਵਿਚ ਕੁਝ ਨਹੀਂ ਦਸਿਆ ਜਾਂਦਾ।

ਮਾਂਟਸੋਰੀ ਸਿਖਿਆ-ਢੰਗ ਰਾਹੀਂ ਬੱਚਾ ਛੇਤੀ ਹੀ ਪੜ੍ਹਨਾ ਲਿਖਣਾ ਅਤੇ ਜੋੜ, ਬਾਕੀ, ਗੁਣਾ, ਭਾਗ ਆਦਿ ਸਿਖ ਜਾਂਦਾ ਹੈ। ਇਹੋ ਇਸ ਸਿਖਿਆ ਢੰਗ ਦਾ ਵੱਡਾ ਲਾਭ ਹੈ। ਸਾਢੇ ਪੰਜ ਸਾਲ ਦੀ ਉਮਰ ਵਿਚ ਹੀ ਜਦ ਦੂਜੇ ਬੱਚੇ ਨਿਰਾ ਗਿਣਤੀ ਕਰਨਾ ਸਿਖਦੇ ਹਨ, ਮਾਂਟਸੋਰੀ ਸਿਖਿਆ ਢੰਗ ਰਾਹੀਂ ਸਿਖਿਆ ਪਾਉਣ ਵਾਲੇ ਬੱਚੇ ਇਕ ਅੰਕ ਦਾ ਗੁਣਾ ਕਰਨਾ ਸਿਖ ਜਾਂਦੇ ਹਨ। ਇਸ ਸਿਖਿਆ ਢੰਗ ਦਾ ਮੁਖ ਨਿਸ਼ਾਨਾ ਬੱਚਿਆਂ ਨੂੰ ਜਲਦੀ ਤੋਂ ਜਲਦੀ ਪੜ੍ਹਨਾ ਲਿਖਣਾ ਸਿਖਾਉਣਾ ਵਿਖਾਈ ਦਿੰਦਾ ਹੈ।

**ਨਿਤ ਦਿਨ ਦੇ ਕੰਮ ਦੀ ਸਿਖਿਆ** :—ਮਾਂਟਸੋਰੀ ਸਿਖਿਆ-ਢੰਗ ਵਿਚ ਬੱਚੇ ਨੂੰ ਆਪਣਾ ਕੰਮ ਕਰਨ ਦੀ ਸਿਖਿਆ ਦਿਤੀ ਜਾਂਦੀ ਹੈ। ਉਸ ਨੂੰ ਨਿਜੀ ਸਹਾਰੇ ਵਾਲਾ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਬੱਚੇ ਆਪਣੀਆਂ ਡੈਸਕਾਂ ਨੂੰ ਆਪ ਰਖਦੇ ਹਨ ਅਤੇ ਕਮਰੇ ਦੀ ਸਫਾਈ ਆਪਣੇ ਆਪ ਕਰ ਲੈਂਦੇ ਹਨ। ਉਨ੍ਹਾਂ ਨੂੰ ਹਰ ਚੀਜ਼ ਨੂੰ ਸਾਵਧਾਨੀ ਨਾਲ ਰਖਣਾ ਸਿਖਾਇਆ ਜਾਂਦਾ ਹੈ। ਕਦੇ ਕਦੇ ਬੱਚਿਆਂ ਤੋਂ ਦੂਜੇ ਲੋਕਾਂ ਦੀ ਸੇਵਾ ਵੀ ਕਰਾਈ ਜਾਂਦੀ ਹੈ ਅਤੇ ਉਨ੍ਹਾਂ ਨੂੰ ਹਰ ਕੰਮ ਬੜੀ ਹੁਸ਼ਿਆਰੀ ਨਾਲ ਕਰਨ ਦਾ ਅਭਿਆਸ ਕਰਾਇਆ ਜਾਂਦਾ ਹੈ।

## ਮਾਂਟਸੋਰੀ ਸਿਖਿਆ-ਢੰਗ ਦੀ ਪੜਚੋਲ

ਭਾਰਤ ਵਿਚ ਮਾਂਟਸੋਰੀ ਸਿਖਿਆ-ਢੰਗ ਦਾ ਪਰਚਾਰ ਬੜੇ ਜ਼ੋਰ ਨਾਲ ਹੋ ਰਿਹਾ ਹੈ। ਸੰਸਾਰ ਦੇ ਦੂਸਰੇ ਸੱਭਯ ਦੇਸਾਂ ਵਿਚ ਵੀ ਇਸ ਦਾ ਪਰਚਾਰ ਹੈ। ਜਦ ਇਸ ਸਿਖਿਆ-ਢੰਗ ਦੀ ਪਹਿਲੋਂ ਪਹਿਲ ਕਾਢ ਕਢੀ ਗਈ ਤਾਂ ਇਸ ਵਲ ਬਹੁਤ ਸਾਰੇ ਲੋਕ ਖਿੱਚੇ ਗਏ ਅਤੇ ਇਸ ਦੇ ਦੋਸ਼ਾਂ ਵਲ ਕਿਸੇ ਦਾ ਧਿਆਨ ਨਹੀਂ ਸੀ ਜਾਂਦਾ। ਪਰ ਹੁਣ ਮਨੋ-ਵਿਗਿਆਨਿਕ ਦ੍ਰਿਸ਼ਟੀ ਤੋਂ ਮਾਂਟਸੋਰੀ ਸਿਖਿਆ ਢੰਗ ਦੀ ਕਰੜੀ ਅਲੋਚਨਾ ਹੋਣ ਲੱਗ ਪਈ ਹੈ। ਹੁਣ ਸੰਸਾਰ ਦੇ ਮੂਹਰਲੀ ਕਤਾਰ ਵਿਚ ਗਿਣੇ ਜਾਣ ਵਾਲੇ ਸਿਖਿਆ ਵਿਗਿਆਨੀ ਇਸ ਨੂੰ ਕਿੰਡਰ ਗਾਰਟਨ ਸਿਖਿਆ-ਢੰਗ ਨਾਲੋਂ ਵਧੇਰੇ ਲਾਭਦਾਇਕ ਨਹੀਂ ਸਮਝਦੇ। ਅਮਰੀਕਾ ਦੇ ਪਰਸਿਧ ਸਿਖਿਆ ਵਿਗਿਆਨਿਕ ਕਿਲਪੇਟ੍ਰਿਕ ਨੇ ਆਪਣਾ "ਮਾਂਟਸੋਰੀ ਐਗਜ਼ਾਮਿੰਡ" ਨਾਮੀ ਪੁਸਤਕ ਵਿਚ ਮਾਂਟਸੋਰੀ ਸਿਖਿਆ-ਢੰਗ ਦੇ ਗੁਣਾਂ ਅਤੇ ਦੋਸ਼ਾਂ ਦੀ ਪੜਤਾਲ ਕੀਤੀ ਹੈ, ਅਤੇ ਉਸ ਨੇ ਇਸ ਨੂੰ ਕਿੰਡਰ ਗਾਰਟਨ ਸਿਖਿਆ-ਢੰਗ ਤੋਂ ਵਧੇਰੇ ਲਾਭਦਾਇਕ ਨਹੀਂ ਮੰਨਿਆ। ਇੰਨਾ ਹੀ ਨਹੀਂ, ਉਸ ਦਾ ਕਹਿਣਾ ਹੈ ਕਿ ਮਾਂਟਸੋਰੀ ਸਿਖਿਆ-ਢੰਗ ਰਾਹੀਂ ਬਚਿਆਂ ਦੇ ਸਮੁੱਚੇ ਮਾਨਸਿਕ ਵਿਕਾਸ ਵਿਚ ਰੋਕ ਪੈਂਦੀ ਹੈ! ਇਸੇ ਤਰ੍ਹਾਂ ਜਰਮਨੀ ਦੇ ਪਰਸਿਧ ਮਨੋ-ਵਿਗਿਆਨੀ ਵਿਲੀਅਮ ਸਟਰਨ ਨੇ ਵੀ ਆਪਣੀ "ਸਾਈਕਾਲੋਜੀ ਆਫ ਅਰਲੀ ਚਾਈਲਡਹੁਡ" ਨਾਮੀ ਪੁਸਤਕ ਵਿਚ ਕਈ ਥਾਵਾਂ ਤੇ ਮਾਂਟਸੋਰੀ ਸਿਖਿਆ ਢੰਗ ਨੂੰ ਅਮਨੋ-ਵਿਗਿਆਨਿਕ ਦਰਸਾਉਣ ਦਾ ਯਤਨ ਕੀਤਾ ਹੈ। ਉਪਰਲੇ ਵਿਦਿਵਾਨਾਂ ਦੇ ਮਤ ਦੇ ਅਧਾਰ ਉਤੇ ਇਥੇ ਮਾਂਟਸੋਰੀ ਸਿਖਿਆ-ਢੰਗ ਉੱਤੇ ਵਿਚਾਰ ਕੀਤਾ ਜਾਂਦਾ ਹੈ।

ਮਾਂਟਸੋਰੀ ਸਿਖਿਆ ਦਾ ਮੁਖ ਨਿਸ਼ਾਨਾ ਬੱਚਿਆਂ ਦੇ ਵਿਸ਼ੇਸ਼ ਵਿਅਕਤਿਤਵ ਦਾ ਵਿਕਾਸ ਹੈ। ਇਸ ਦੇ ਲਈ ਬਚਿਆਂ ਨੂੰ ਇਕ ਦੂਜੇ ਦੀ ਨਕਲ ਕਰਨ ਤੋਂ ਰੋਕਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਰੁਚੀ ਅਨੁਸਾਰ ਕੰਮ ਕਰਨ ਨੂੰ ਦਿੱਤਾ ਜਾਂਦਾ ਹੈ। ਪਰ ਇਸ ਤਰ੍ਹਾਂ

ਦੀ ਆਦਤ ਪੈ ਜਾਣ ਨਾਲ ਬੱਚੇ ਦੇ ਸਵਾਰਥੀ ਬਣ ਜਾਣ ਦਾ ਡਰ ਹੁੰਦਾ ਹੈ। ਜਿਹੜੇ ਬੱਚੇ ਦੂਜਿਆਂ ਨਾਲ ਮਿਲ ਕੇ ਕੰਮ ਕਰਦੇ ਹਨ ਉਨ੍ਹਾਂ ਵਿਚ ਸਮਾਜਕਤਾ ਦੇ ਭਾਵਾਂ ਦਾ ਵਿਕਾਸ ਹੁੰਦਾ ਹੈ, ਇਸ ਦੇ ਉਲਟ ਜਿਹੜੇ ਬੱਚੇ ਸਦਾ ਆਪਣੇ ਹੀ ਕੰਮ ਕਾਰ ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਵਿਚ ਦੂਜਿਆਂ ਦੇ ਕੰਮ ਵਿਚ ਬੇਪਰਵਾਹੀ ਵਿਖਾਉਣ ਦੀ ਆਦਤ ਪੈ ਜਾਂਦੀ ਹੈ। ਇਸ ਕਰਕੇ ਸਮਾਜ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ। ਦੂਜਿਆਂ ਦੇ ਸੁਖ ਦੁਖ ਦੀ ਪਰਵਾਹ ਨਾ ਕਰਨ ਵਾਲੇ ਬੱਚੇ ਹੀ ਅੱਗੇ ਜਾ ਕੇ ਦੂਜਿਆਂ ਦੀ ਅਯੋਗ ਵਰਤੋਂ ਕਰ ਕੇ ਪੂੰਜੀਪਤੀ ਬਣ ਜਾਂਦੇ ਹਨ। ਬੱਚੇ ਦੇ ਵਿਅਕਤਿਤਵ ਦੀ ਵਿਸ਼ੇਸ਼ਤਾ ਦਾ ਵਿਕਾਸ ਕਰਨਾ ਜਿੰਨਾ ਜ਼ਰੂਰੀ ਹੈ ਉਸ ਤੋਂ ਕਿਤੇ ਵਧ ਜ਼ਰੂਰੀ ਸਮਾਜਕ ਭਾਵਾਂ ਦਾ ਬੀਜ ਬੀਜਣਾ ਹੈ। ਮਾਂਟਸੋਰੀ ਸਿਖਿਆ ਢੰਗ ਵਿਚ ਇਹ ਨਹੀਂ ਹੁੰਦਾ।

ਦੂਜਿਆਂ ਬਚਿਆਂ ਨਾਲ ਮਿਲ ਕੇ ਕੰਮ ਕਰਨਾ ਇਕ ਹੋਰ ਦ੍ਰਿਸ਼ਟੀ ਤੋਂ ਵੀ ਜ਼ਰੂਰੀ ਹੈ। ਦੂਜਿਆਂ ਨਾਲ ਮਿਲਕੇ ਕੰਮ ਕਰਦਿਆਂ ਹਰ ਬੱਚੇ ਨੂੰ ਦੂਜੇ ਬਚਿਆਂ ਨਾਲ ਗੱਲ ਬਾਤ ਕਰਨ ਅਤੇ ਵਿਚਾਰ ਵਟਾਉਣ ਦਾ ਅਵਸਰ ਮਿਲਦਾ ਹੈ। ਇਸ ਨਾਲ ਉਨ੍ਹਾਂ ਦਾ ਬੌਧਿਕ ਵਿਕਾਸ ਹੁੰਦਾ ਹੈ ਤੇ ਉਨ੍ਹਾਂ ਵਿਚ ਸੱਚਾ ਸ੍ਵੈ-ਵਿਸ਼ਵਾਸ਼ ਆਉਂਦਾ ਹੈ। ਛੋਟੀ ਉਮਰ ਵਿਚ ਹੀ ਬੱਚੇ ਵਿਚ ਇਕੱਲਿਆਂ ਰਹਿਣ ਦਾ ਅਭਿਆਸ ਪਾਉਣਾ ਉਸ ਦੇ ਵਿਅਕਤਿਤਵ ਦੇ ਵਿਕਾਸ ਨੂੰ ਸਹਾਇਤਾ ਦੇਣ ਦੀ ਥਾਂ ਉਸ ਵਿਚ ਰੋਕ ਪਾਉਂਦਾ ਹੈ। ਅਜਿਹਾ ਬੱਚਾ ਆਪਣੇ ਵਿਸ਼ੇ ਵਿਚ ਵਡਾ ਹੋਣ ਦਾ ਖਿਆਲ ਲੈ ਆਉਂਦਾ ਹੈ ਅਤੇ ਅਭਿਮਾਨੀ ਹੋ ਜਾਂਦਾ ਹੈ। ਉਸ ਦੇ ਮਨ ਵਿਚ ਕਈ ਤਰ੍ਹਾਂ ਦੀਆਂ ਦੋਖੀ ਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ ਜਿਹੜੀਆਂ ਪਿਛੋਂ ਜਾ ਕੇ ਉਸ ਦੇ ਜੀਵਨ ਨੂੰ ਦੁਖੀ ਬਣਾ ਦਿੰਦੀਆਂ ਹਨ।

ਸਿਖਿਆ ਵਿਚ ਸੁਤੰਤਰਤਾ ਦਾ ਸਿਧਾਂਤ ਕਿੰਡਰ ਗਾਰਟਨ ਸਿਖਿਆ-ਢੰਗ ਤੋਂ ਲਿਆ ਗਿਆ ਹੈ। ਇਹ ਸਿਧਾਂਤ ਹਰ ਤਰ੍ਹਾਂ ਆਦਰ ਕਰਨ ਯੋਗ ਹੈ। ਪਰ ਮਾਂਟਸੋਰੀ ਸਕੂਲਾਂ ਦੇ ਬੱਚਿਆਂ ਨੂੰ ਅਸਲ ਸੁਤੰਤਰਤਾ ਨਹੀਂ ਹੁੰਦੀ। ਬੱਚਿਆਂ ਨੂੰ ਜਿਹੜੇ ਕੰਮ ਦਿੱਤੇ ਜਾਂਦੇ ਹਨ ਉਨ੍ਹਾਂ ਨੂੰ ਉਸੇ ਤਰ੍ਹਾਂ ਕਰਨਾ ਪੈਂਦਾ ਹੈ ਜਿਸ ਤਰ੍ਹਾਂ ਉਸਤਾਨੀ ਕਹਿੰਦੀ ਹੈ। ਬੱਚਿਆਂ ਨੂੰ ਦੂਜਿਆਂ ਬਚਿਆਂ ਨਾਲ ਮਿਲਣ, ਉਨ੍ਹਾਂ ਨਾਲ ਗੱਲ ਬਾਤ ਕਰਨ ਜਾਂ ਖੇਡ ਨੂੰ ਆਪਣੀ ਕਲਪਣਾ ਅਨੁਸਾਰ ਖੇਡਣ ਦਾ ਮੌਕਾ ਨਹੀਂ ਦਿੱਤਾ ਜਾਂਦਾ। ਇਸ ਕਰਕੇ ਬਚਿਆਂ ਦੀ ਸੁਤੰਤਰਤਾ ਉਨ੍ਹਾਂ ਦੀ ਖੁਸ਼ੀ ਦਾ ਕਾਰਨ ਬਣਨ ਦੀ ਥਾਂ ਉਨ੍ਹਾਂ ਲਈ ਭਾਰ ਬਣ ਜਾਂਦੀ ਹੈ। ਬੱਚਿਆਂ ਨੂੰ ਦਿੱਤੇ ਕੰਮ ਕਰਨ ਦੀ ਚੁਪ ਚਾਪ ਬੈਠਣ ਜਾਂ ਅਰਾਮ ਕੁਰਸੀ ਉੱਤੇ ਸੌਣ ਤਕ ਦੀ ਸੁਤੰਤਰਤਾ ਹੁੰਦੀ ਹੈ। ਜਿਹੜੇ ਕੰਮ ਬਚਿਆਂ ਨੂੰ ਦਿੱਤੇ ਜਾਂਦੇ ਹਨ ਉਨ੍ਹਾਂ ਵਿਚ ਕਲਪਣਾ ਨੂੰ ਕੋਈ ਥਾਂ ਨਹੀਂ ਹੁੰਦਾ। ਇਸ ਲਈ ਥੋੜ੍ਹੇ ਹੀ ਚਿਰ ਵਿਚ ਉਨ੍ਹਾਂ ਤੋਂ ਬਚਿਆਂ ਦਾ ਮਨ ਅੱਕ ਜਾਣਾ ਕੁਦਰਤੀ ਹੈ ਪਰ ਫਿਰ ਵੀ ਬਚਿਆਂ ਨੂੰ ਉਨ੍ਹਾਂ ਕੰਮਾਂ ਵਿਚ ਹੀ ਲੱਗਿਆ ਰਹਿਣਾ ਪੈਂਦਾ ਹੈ। ਇਹ ਬਚਿਆਂ ਦੀ ਅਸਲ ਸੁਤੰਤਰਤਾ ਨਹੀਂ ਹੈ।

ਮਾਂਟਸੋਰੀ ਸਿਖਿਆ-ਢੰਗ ਦੀ ਤੀਜੀ ਵਿਸ਼ੇਸ਼ਤਾ ਬਚਿਆਂ ਦਾ ਸਿਖਿਆ ਵਿਚ ਆਪਣੇ ਆਪ ਤੇ ਨਿਰਭਰ ਹੋਣਾ ਹੈ। ਉਨ੍ਹਾਂ ਨੂੰ ਸ੍ਵੈ-ਸਿਖਿਆ ਕਰਨਾ ਸਿਖਾਇਆ ਜਾਂਦਾ ਹੈ। ਪਰ ਇਹ ਵੀ ਅਮਨੋ-ਵਿਗਿਆਨਿਕ ਯਤਨ ਹੈ। ਇੰਨੀ ਛੋਟੀ ਅਵਸਥਾ ਦੇ ਬੱਚਿਆਂ ਨੂੰ ਸ੍ਵੈ-ਸਿਖਿਆ ਦਾ ਪਾਠ ਸਿਖਾਉਣਾ ਠੀਕ ਨਹੀਂ। ਉਨ੍ਹਾਂ ਦੀ ਮਨ ਨੂੰ ਇਕਾਗਰ ਕਰਨ ਦੀ ਸ਼ਕਤੀ ਮਿਣਵੀਂ ਹੁੰਦੀ ਹੈ। ਜਿਸ ਕੰਮ ਵਿਚ ਬੱਚਾ ਘੜੀ ਮੁੜੀ ਅਸਫਲ ਹੁੰਦਾ ਹੈ, ਉਹਨੂੰ ਵਿਰਲਾ ਹੀ ਬੱਚਾ ਕਰਦਾ ਰਹਿੰਦਾ ਹੈ। ਛੋਟੇ ਬੱਚਿਆਂ ਨੂੰ ਪੈਰ ਪੈਰ ਤੇ ਸਹਾਇਤਾ ਦੇਣਾ

ਜ਼ਰੂਰੀ ਹੈ। ਛੋਟੇ ਬੱਚਿਆਂ ਵਿਚ ਜਿੰਨੀ ਆਪਣੇ ਆਪ ਤੇ ਨਿਰਭਰ ਹੋਣ ਦੀ ਆਦਤ ਪਾਉਣੀ ਜ਼ਰੂਰੀ ਹੈ ਉਸ ਤੋਂ ਕਿਤੇ ਵਧ ਜ਼ਰੂਰੀ ਉਸ ਵਿਚ ਦੂਜੇ ਬਚਿਆ ਨਾਲ ਮਿਲ ਕੇ ਕੰਮ ਕਰਨ ਦੀ ਆਦਤ ਪਾਉਣਾ ਹੈ। ਮਾਨਸਿਕ ਵਿਕਾਸ ਦੀ ਸਭ ਤੋਂ ਉੱਚੀ ਹਾਲਤ ਵਿਚ ਹੀ ਬੱਚੇ ਸ੍ਵੈ-ਸਿਖਿਆ ਕਰ ਸਕਦੇ ਹਨ। ਆਰੰਭ ਵਿਚ ਹੀ ਬਚਿਆਂ ਨੂੰ ਸਿਖਿਆ ਵਿਚ ਆਪਣੇ ਆਪ ਤੇ ਨਿਰਭਰ ਬਣਾਉਣ ਦਾ ਯਤਨ ਕਰਨਾ, ਉਨ੍ਹਾਂ ਨੂੰ ਉਸਤਾਦ ਦੇ ਉਪਦੇਸ਼ ਅਤੇ ਸਾਥੀਆਂ ਦੀ ਬੁੱਧੀ ਤੋਂ ਲਾਭ ਉਠਾਉਣ ਤੋਂ ਰੋਕਣਾ ਹੈ। ਇਸ ਤਰ੍ਹਾਂ ਦੀ ਸਿਖਿਆਂ ਤੋਂ ਬੱਚਿਆਂ ਦੀ ਬੁਧੀ ਦੇ ਤੰਗ ਹੋ ਜਾਣ ਦਾ ਡਰ ਹੈ।

ਬਚਿਆਂ ਦੀ ਸਿਖਿਆ ਦਾ ਅਧਾਰ ਏਂਦ੍ਰਿਕ-ਗਿਆਨ ਦਾ ਵਿਕਾਸ ਬਣਾਉਣਾ ਵੀ ਬੇਲੋੜਾ ਹੈ। ਮਾਂਟਸੋਰੀ ਸਕੂਲਾਂ ਵਿਚ ਬਚਿਆਂ ਨੂੰ ਜਿਹੜੀ ਏਂਦ੍ਰਿਕ ਗਿਆਨ ਦੀ ਸਿਖਿਆ ਦਿੱਤੀ ਜਾਂਦੀ ਹੈ ਉਹ ਅਮਨੋ-ਵਿਗਿਆਨਿਕ ਹੈ ਅਤੇ ਜੀਵਨ ਦੇ ਕਿਸੇ ਕੰਮ ਨਹੀਂ ਆਉਂਦੀ। ਪਹਿਲਾਂ ਤਾਂ ਇਦਰੀਆਂ ਦੀ ਟ੍ਰੇਨਿੰਗ ਦਾ ਸਿਧਾਂਤ ਹੀ ਅਧੁਨਿਕ ਮਨੋ-ਵਿਗਿਆਨ ਖੋਜਾਂ ਦੇ ਉਲਟ ਹੈ। ਇਸ ਤਰ੍ਹਾਂ ਦੀ ਟ੍ਰੇਨਿੰਗ ਨਾਲ ਕਿਸੇ ਵੀ ਮਾਨਸਿਕ ਸ਼ਕਤੀ ਦਾ ਵਿਕਾਸ ਨਹੀਂ ਹੁੰਦਾ। ਕਿਲਪੇਟ੍ਰਿਕ ਦਾ ਕਹਿਣਾ ਹੈ ਕਿ ਜਿਹੜਾ ਬੱਚਾ ਸਿਖਿਆ ਯੰਤਰ ਦੀਆਂ ਟੁਕੜੀਆਂ ਦੇ ਤੋਲ ਨੂੰ ਠੀਕ ਤਰ੍ਹਾਂ ਦਸ ਸਕਦਾ ਹੈ, ਉਹ ਕਿਸੇ ਚਿੱਠੀ ਜਾਂ ਲਫਾਫੇ ਦੇ ਵਜ਼ਨ ਦਾ ਅੰਦਾਜ਼ਾ ਨਹੀਂ ਲਾ ਸਕਦਾ, ਅਰਥਾਤ ਮਾਂਟਸੋਰੀ ਸਿਖਿਆ-ਢੰਗ ਰਾਹੀਂ ਉਨ੍ਹਾਂ ਦੇ ਤੋਲ-ਗਿਆਨ ਦੀ ਸਿਖਿਆ ਉਸ ਦੇ ਜੀਵਨ ਦੇ ਕੰਮਾਂ ਵਿਚ ਲਾਭਦਾਇਕ ਸਾਬਤ ਨਹੀਂ ਹੁੰਦੀ।

ਕਿੰਨੇ ਹੀ ਲੋਕ ਏਂਦ੍ਰਿਕ ਗਿਆਨ ਵਿਚ ਪਰਬੀਨ ਹੁੰਦੇ ਹਨ, ਪਰ ਬੁਧੀ ਦੇ ਘਟੀਆ ਹੁੰਦੇ ਹਨ ਅਤੇ ਕਿੰਨੇ ਹੀ ਤੇਜ਼ ਬੁਧੀ ਵਾਲੇ ਵਿਦਿਵਾਨਾਂ ਦੇ ਏਂਦ੍ਰਿਕ ਗਿਆਨ ਦੀ ਸ਼ਕਤੀ ਸਧਾਰਨ ਬਾਲਾਂ ਨਾਲੋਂ ਵੀ ਘਟ ਹੁੰਦੀ ਹੈ। ਜਾਂਗਲੀ ਜਾਤਾਂ ਦੇ ਲੋਕਾਂ ਦੇ ਗਿਆਨ-ਇੰਦਰੇ ਸਭਯ ਜਾਤ ਦੇ ਲੋਕਾਂ ਦੇ ਗਿਆਨ-ਇੰਦਰੀਆ ਨਾਲੋਂ ਤਿੱਖੇ ਹੁੰਦੇ ਹਨ, ਪਰ ਇਸ ਤੋਂ ਉਹ ਵਧੇਰੇ ਬੁਧਵਾਨ ਨਹੀਂ ਹੋ ਜਾਂਦੇ। ਇਸ ਲਈ ਇੰਦਰੀਆਂ ਦੀ ਟ੍ਰੇਨਿੰਗ ਨੂੰ ਬੌਧਿਕ ਵਿਕਾਸ ਦਾ ਅਧਾਰ ਬਣਾਉਣਾ ਬੇਲੋੜਾ ਹੈ।

ਫਿਰ ਇਕ ਵੇਲੇ ਇਕ ਹੀ ਇੰਦਰੇ ਦੀ ਟ੍ਰੇਨਿੰਗ ਦਾ ਸਿਧਾਂਤ ਵੀ ਮਾਨਸਿਕ ਵਿਕਾਸ ਦਾ ਵਿਰੋਧੀ ਹੈ। ਜੀਵਨ ਵਿਚ ਇੰਦਰੀਆਂ ਨੂੰ ਇਕ ਦੂਜੇ ਨਾਲ ਮਿਲ ਕੇ ਕੰਮ ਕਰਨਾ ਪੈਂਦਾ ਹੈ, ਇਸ ਲਈ ਅਜਿਹੀ ਸਿਖਿਆ ਹੀ ਦੇਣੀ ਚਾਹੀਦੀ ਹੈ ਜਿਸ ਵਿਚ ਸਾਰੇ ਗਿਆਨ-ਇੰਦਰੀਆ ਨੂੰ ਮਿਲ ਕੇ ਕੰਮ ਕਰਨ ਦਾ ਅਭਿਆਸ ਹੋਵੇ। ਇਹ ਸਿਖਿਆ ਬਚਿਆਂ ਦੇ ਆਮ ਕੰਮਾਂ ਕਾਰਾਂ ਅਤੇ ਖੇਡਾਂ ਵਿਚੋਂ ਉਨ੍ਹਾਂ ਨੂੰ ਵਧੇਰੇ ਮਿਲਦੀ ਹੈ। ਮੈਡਮ ਮਾਂਟਸੋਰੀ ਦਾ ਸਿਖਿਆ ਯੰਤਰ ਬੜਾ ਮਹਿੰਗਾ ਹੋਣ ਉਤੇ ਵੀ ਬੱਚਿਆਂ ਦੀ ਸਿਖਿਆ ਦੀ ਦ੍ਰਿਸ਼ਟੀ ਤੋਂ ਆਮ ਕਰਕੇ ਬੇਫਾਇਦਾ ਹੈ। ਅਮੀਰ ਲੋਕਾਂ ਨੂੰ ਇਹੋ ਜਿਹੀਆਂ ਕਾਢਾਂ ਦਾ ਸ਼ੌਕ ਹੁੰਦਾ ਹੈ। ਫਿਰ ਨਵੀਂ ਗਲ ਤਾਂ ਨੌਂ ਦਿਨ ਕਹਿੰਦੇ ਹਨ, ਸਾਰਿਆਂ ਨੂੰ ਚੰਗੀ ਲਗਦੀ ਹੈ। ਇਸ ਲਈ ਮਾਂਟਸੋਰੀ ਦੇ ਸਿਖਿਆ-ਯੰਤਰ ਦਾ ਮਨੋ-ਵਿਗਿਆਨਿਕ ਲਾਭ ਉਤੇ ਸਮੁਚਾ ਵਿਚਾਰ ਕਰਨ ਬਿਨਾਂ ਹੀ ਪਰਚਾਰ ਹੋ ਰਿਹਾ ਹੈ।

**ਖੇਡ ਰਾਹੀਂ ਸਿਖਿਆ :–** ਮਾਂਟਸੋਰੀ ਸਿਖਿਆ-ਢੰਗ "ਖੇਡ ਰਾਹੀਂ ਸਿਖਿਆ ਦਾ ਢੰਗ" ਮੰਨਿਆ ਗਿਆ ਹੈ, ਪਰ ਅਸਲ ਵਿਚ ਇਸ ਤਰ੍ਹਾਂ ਦੀ ਗੱਲ ਨਹੀਂ ਹੈ। ਕਿੰਡਰ ਗਾਰਟਨ ਸਿਖਿਆ-ਢੰਗ ਇਸ ਤਰ੍ਹਾਂ ਦਾ ਕਿਹਾ ਜਾ ਸਕਦਾ ਹੈ, ਪਰ ਮਾਂਟਸੋਰੀ ਸਿਖਿਆ-ਢੰਗ ਨੂੰ "ਖੇਡ-ਰਾਹੀਂ ਸਿਖਿਆ ਦਾ ਢੰਗ" ਦਾ ਨਾਂ ਦੇਣਾ ਠੀਕ ਨਹੀਂ।

ਆਪ ਮਾਂਟਸੋਰੀ ਬਚਿਆਂ ਲਈ ਖੇਡ ਦੀ ਲੋੜ ਨਹੀਂ ਸਮਝਦੀ । ਇਸ ਸਿਖਿਆ ਢੰਗ ਵਿਚ ਬਚਿਆਂ ਨੂੰ ਜਿਹੜੇ ਕੰਮ ਦਸੇ ਜਾਂਦੇ ਹਨ, ਉਹੋ ਕਰਨੇ ਪੈਂਦੇ ਹਨ। ਉਨ੍ਹਾਂ ਨੂੰ ਲਕੜੀ ਦੀਆਂ ਟੁਕੜੀਆਂ ਨਾਲ ਹੀ ਵਧੇਰੇ ਕੰਮ ਕਰਦੇ ਰਹਿਣਾ ਪੈਂਦਾ ਹੈ। ਫਿਰ ਉਹ ਇਕੱਲਿਆਂ ਇਕੱਲਿਆਂ ਕੰਮ ਕਰਦੇ ਹਨ। ਅਜਿਹੇ ਕੰਮ ਨੂੰ ਕਿਵੇਂ ਖੇਡ ਕਿਹਾ ਜਾ ਸਕਦਾ ਹੈ । ਸਾਥੀ ਬਿਨਾਂ ਖੇਡ ਖੇਡਣੀ ਸੰਭਵ ਨਹੀਂ ।

ਫਿਰ ਖੇਡ ਵਿਚ ਕਲਪਣਾ ਦਾ ਬੜਾ ਹਿੱਸਾ ਹੁੰਦਾ ਹੈ । ਮਾਂਟਸੋਰੀ ਆਪਣੀ ਸਿਖਿਆ ਵਿਚ ਕਲਪਣਾ ਨੂੰ ਪਰੇ ਹੀ ਰਖਦੀ ਹੈ । ਜੇ ਬੱਚਾ ਸਿਖਿਆ ਯੰਤਰ ਨਾਲ ਕੋਈ ਕਲਪਣਾ ਮਈ ਖੇਡ ਖੇਡਣ ਲਗ ਜਾਂਦਾ ਹੈ ਤਾਂ ਉਸ ਨੂੰ ਰੋਕ ਦਿਤਾ ਜਾਂਦਾ ਹੈ। ਮਾਂਟਸੋਰੀ ਸਿਖਿਆ ਢੰਗ ਵਿਚ ਕਲਪਣਾ ਮਈ ਕਹਾਣੀਆਂ ਨੂੰ ਅਤੇ ਉਨ੍ਹਾਂ ਦੇ ਅਧਾਰ ਉਤੇ ਸਾਂਗ ਉਤਾਰਨ ਦਾ ਕੋਈ ਥਾਂ ਨਹੀਂ । ਉਹ ਬੱਚਿਆਂ ਨੂੰ ਸਦਾ ਅਸਲੀਅਤ ਦੇ ਵਾਤਾਵਰਨ ਵਿਚ ਹੀ ਰਖਣਾ ਚਾਹੁੰਦੀ ਹੈ। ਕਲਪਣਾ ਦੇ ਵਾਧੇ ਨੂੰ ਬਚਿਆਂ ਦੇ ਮਾਨਸਿਕ ਵਾਧੇ ਵਿਚ ਰੋਕ ਮੰਨਿਆ ਗਿਆ ਹੈ। ਮੈਡਮ ਮਾਂਟਸੋਰੀ ਦਾ ਕਹਿਣਾ ਹੈ ਕਿ ਇਹ ਬਚਿਆਂ ਨੂੰ ਮਨ-ਘੜਤ ਦੁਨੀਆਂ ਵਿਚ ਲੈ ਜਾਂਦੀ ਹੈ ਜਿਸ ਨਾਲ ਉਹ ਦਿਸਦੇ ਜਗਤ ਦੀਆਂ ਪਰਿਸਥੀਆਂ (ਹਾਲਤਾਂ) ਦਾ ਟਾਕਰਾ ਕਰਨ ਦੇ ਯੋਗ ਨਹੀਂ ਰਹਿੰਦੇ । ਜਾਨਵਰਾਂ ਦੀਆਂ ਕਹਾਣੀਆਂ ਅਤੇ ਪੁਰਾਣਿਕ ਕਹਾਣੀਆਂ ਨੂੰ ਮਾਂਟਸੋਰੀ ਸਕੂਲਾਂ ਵਿਚ ਸੁਣਾਉਣ ਨਹੀਂ ਦਿਤਾ ਜਾਂਦਾ। ਮੈਡਮ ਮਾਂਟਸੋਰੀ ਅਨੁਸਾਰ ਕਹਾਣੀਆਂ ਬਚਿਆਂ ਵਿਚ ਅੰਧ-ਵਿਸ਼ਵਾਸ ਦੀ ਬਰਤੀ ਨੂੰ ਵਧਾਉਂਦੀਆਂ ਹਨ।

ਪਰ ਅਸਲ ਵਿਚ ਛੋਟੇ ਬਚਿਆਂ ਨੂੰ ਇਸ ਤਰ੍ਹਾਂ ਦੀਆਂ ਕਹਾਣੀਆਂ ਉਨ੍ਹਾਂ ਦੇ ਮਾਨਸਿਕ ਵਿਕਾਸ ਲਈ ਹਰ ਤਰ੍ਹਾਂ ਢੁਕਵੀਆਂ ਹਨ । ਬਚਿਆਂ ਦੀ ਕਲਪਣਾ ਦੇ ਵਿਕਾਸ ਲਈ ਮੈਡਮ ਮਾਂਟਸੋਰੀ ਨੇ ਸਮੁਚਾ ਮੌਕਾ ਨਾ ਦੇ ਕੇ ਆਪਣੀ ਸਿਖਿਆ ਪਰਨਾਲੀ ਨੂੰ ਅਸਲ ਵਿਚ ਬਚਿਆਂ ਲਈ ਲਾਭਕਾਰੀ ਬਣਾਉਣ ਦੀ ਥਾਂ ਹਾਨੀਕਾਰਕ ਬਣਾਇਆ ਹੈ। ਕਲਪਣਾ ਹੀ ਬਾਲ-ਜੀਵਨ ਦਾ ਸੁਆਦਲਾ ਤੇ ਮਿਠਾ ਆਸਰਾ ਹੈ । ਕਲਪਣਾ ਬਚਿਆਂ ਦੀ ਖੇਡਾਂ ਦੀ ਜਿੰਦ ਜਾਨ ਹੈ । ਕਲਪਣਾ ਵਲੋਂ ਅਣਗਹਿਲੀ ਕਰ ਕੇ ਮਾਂਟਸੋਰੀ ਨੇ ਆਪਣੇ ਸਕੂਲਾਂ ਦੇ ਬਚਿਆਂ ਦਾ ਅੰਤਰੀ ਜੀਵਨ ਰੁੱਖਾ ਅਤੇ ਖੁਸ਼ੀ-ਰਹਿਤ ਬਣਾ ਦਿਤਾ ਹੈ। ਕਲਪਣਾ ਹੀ ਬਚਿਆਂ ਦੇ ਸਾਰੇ ਰਚਨਾਤਮਕ ਕੰਮਾਂ ਦਾ ਮੂਲ ਸੋਮਾਂ ਹੈ । ਰਚਨਾਤਮਕ ਕੰਮਾਂ ਦੀ ਅਣਹੋਂਦ ਵਿਚ ਬਚਿਆਂ ਵਿਚ ਅਸਲ ਮਾਨਸਿਕ ਵਿਕਾਸ ਦਾ ਹੋਣਾ ਸੰਭਵ ਨਹੀਂ।

ਮਾਂਟਸੋਰੀ-ਸਿਖਿਆ ਢੰਗ ਵਿਚ ਸਮਾਜਿਕ ਭਾਵਾਂ ਦੇ ਵਿਕਾਸ ਦਾ ਕੋਈ ਉਪਾ ਨਹੀਂ ਸੋਚਿਆ ਗਿਆ। ਬੱਚੇ ਇਕ ਦੂਜੇ ਦੇ ਨੇੜੇ ਜ਼ਰੂਰ ਬੈਠਦੇ ਹਨ, ਪਰ ਇਕ ਦੂਜੇ ਨਾਲ ਮਿਲ ਕੇ ਕੋਈ ਕੰਮ ਨਹੀਂ ਕਰਦੇ । ਜਦੋਂ ਤਕ ਬੱਚੇ ਇਕ ਦੂਜੇ ਨਾਲ ਮਿਲ ਕੇ ਕੰਮ ਨਾ ਕਰਨ ਅਤੇ ਜਦੋਂ ਤਕ ਉਹ ਇਹ ਨਹੀਂ ਸਮਝ ਜਾਂਦੇ ਕਿ ਉਹ ਆਪਣੇ ਆਪ ਨੂੰ ਦੂਜਿਆਂ ਦੀ ਸਹਾਇਤਾ ਬਿਨਾਂ ਸੁਖੀ ਨਹੀਂ ਬਣਾ ਸਕਦੇ, ਉਦੋਂ ਤਕ ਉਨ੍ਹਾਂ ਵਿਚ ਅਸਲ ਸਮਾਜਕਤਾ ਦੇ ਭਾਵਾਂ ਦਾ ਵਿਕਾਸ ਨਹੀਂ ਹੋ ਸਕਦਾ । ਕਿੰਡਰ ਗਾਰਟਨ ਸਿਖਿਆ ਢੰਗ ਵਿਚ ਸਮਾਜਿਕ ਖੇਡਾਂ ਰਾਹੀਂ ਇਸ ਕਿਸਮ ਦੇ ਭਾਵਾਂ ਦਾ ਵਿਕਾਸ ਹੁੰਦਾ ਹੈ । ਅਜਿਹੀਆਂ ਖੇਡਾਂ ਦੀ ਮਾਂਟਸੋਰੀ ਸਿਖਿਆ-ਢੰਗ ਵਿਚ ਅਣਹੋਂਦ ਹੈ।

ਸਮਾਜਿਕ ਖੇਡਾਂ ਰਾਹੀਂ ਬਚਿਆਂ ਵਿਚ ਨਿਰੀ ਦੂਜਿਆਂ ਨਾਲ ਮਿਲ ਕੇ

ਕੰਮ ਕਰਨ ਦੀ ਅਤੇ ਉਨ੍ਹਾਂ ਦੇ ਭਾਵਾਂ ਦਾ ਆਦਰ ਕਰਨ ਦੀ ਆਦਤ ਹੀ ਨਹੀਂ ਪੈਂਦੀ ਸਗੋਂ ਹੋਰ ਵੀ ਕਈ ਲਾਭ ਬਚਿਆਂ ਨੂੰ ਹੁੰਦੇ ਹਨ। ਇਕ ਤਾਂ ਉਨ੍ਹਾਂ ਵਿਚ ਆਪਣੇ ਵਿਚਾਰਾਂ ਨੂੰ ਸਪਸ਼ਟਤਾ ਨਾਲ ਦੂਜਿਆਂ ਅੱਗੇ ਪਰਗਟ ਕਰਨ ਦੀ ਸ਼ਕਤੀ ਵਧਦੀ ਹੈ। ਇਸ ਨਾਲ ਉਨ੍ਹਾਂ ਦਾ ਬੋਲੀ ਤੇ ਕਾਬੂ ਵਧਦਾ ਹੈ ਅਤੇ ਬੋਧਿਕ ਵਿਕਾਸ ਹੁੰਦਾ ਹੈ, ਦੂਜੇ ਉਨ੍ਹਾਂ ਵਿਚ ਆਪਣੇ ਆਪ ਸ਼ੌਂਕ ਨਾਲ ਕੰਮ ਕਰਨ ਅਤੇ ਸਦਾ ਸਾਵਧਾਨ ਰਹਿਣ ਦੀ ਆਦਤ ਪੈਂਦੀ ਹੈ। ਸਮਾਜਿਕ ਖੇਡ ਵਿਚ ਬੱਚਾ ਆਪਣਾ ਸਵਾਰਥੀ ਪਣ ਗੁਆ ਕੇ ਦੂਜਿਆਂ ਦੇ ਜ਼ਬਤ ਵਿਚ ਰਹਿਣ ਅਤੇ ਆਗੂ ਦੀ ਆਗਿਆ ਮੰਨਣ ਦੀ ਜਾਚ ਵੀ ਸਿਖਦਾ ਹੈ। ਮਾਂਟਸੋਰੀ ਸਿਖਿਆ-ਢੰਗ ਦੇ ਬੱਚੇ ਇਨ੍ਹਾਂ ਗੁਣਾਂ ਨੂੰ ਆਪਣੇ ਵਿਚ ਵਿਕਸਿਤ ਕਰਨ ਤੋਂ ਕੋਰੇ ਰਹਿ ਜਾਂਦੇ ਹਨ।

## ਪ੍ਰਾਜੈਕਟ ਸਿਖਿਆ-ਢੰਗ

**ਪ੍ਰਾਜੈਕਟ ਸਿਖਿਆ-ਢੰਗ ਦਾ ਅਧਾਰ :-** ਵਰਤਮਾਨ ਸਮੇਂ ਵਿਚ ਸਿਖਿਆ-ਵਿਦਵਾਨ ਵਿਗਿਆਨਿਕ ਸਿਖਿਆ ਨੂੰ ਵਿਹਾਰਿਕ ਬਣਾਉਣ ਦਾ ਯਤਨ ਕਰ ਰਹੇ ਹਨ। ਸਿਖਿਆ ਦਾ ਉਦੇਸ਼ ਜਿਹੜਾ ਪੁਰਾਣੇ ਸਮੇਂ ਵਿਚ ਸੀ ਉਹ ਅਜ ਨਹੀਂ ਰਿਹਾ। ਪੁਰਾਣੇ ਸਮੇਂ ਵਿਚ ਸਿਖਿਆ ਦਾ ਉਦੇਸ਼ ਧਾਰਮਕ ਅਤੇ ਸੰਸਕ੍ਰਿਤਿਕ ਸੀ। ਅਧੁਨਿਕ ਕਾਲ ਵਿਚ ਸੰਸਾਰ ਵਿਚ ਸਫਲ ਜੀਵਨ ਬਤੀਤ ਕਰਨਾ ਸਿਖਿਆ ਦਾ ਉਦੇਸ਼ ਹੈ। ਇਹ ਉਦੇਸ਼ ਤਾਂ ਹੀ ਪਰਾਪਤ ਹੋ ਸਕਦਾ ਹੈ ਜਦ ਬੱਚੇ ਨੂੰ ਅਜਿਹੀ ਸਿਖਿਆ ਦਿਤੀ ਜਾਵੇ ਜਿਸ ਨਾਲ ਉਸ ਨੂੰ ਨਿਰੇ ਸੰਸਾਰ ਦੇ ਵਖ ਵਖ ਪਦਾਰਥਾਂ ਦਾ ਗਿਆਨ ਹੀ ਨਾ ਹੋਵੇ ਸਗੋਂ ਉਸ ਨੂੰ ਵਖ ਵਖ ਤਰ੍ਹਾਂ ਦੇ ਕੰਮ ਕਰਨ ਦੀ ਜਾਚ ਆਵੇ। ਧਾਰਮਕ ਅਤੇ ਸੰਸਕ੍ਰਿਤਕ ਸਿਖਿਆ ਵਿਚ ਯਾਦ ਸ਼ਕਤੀ ਉਤੇ ਵਧੇਰੇ ਜ਼ੋਰ ਸੀ। ਵਿਹਾਰਿਕ ਸਿਖਿਆ ਵਿਚ ਹੱਥ ਦੇ ਕੰਮ ਅਤੇ ਕੰਮ ਬਾਰੇ ਵਿਚਾਰ ਕਰਨ ਉਤੇ ਜ਼ੋਰ ਹੈ। ਕੰਮ ਕਰਨ ਨਾਲ ਹੀ ਕੰਮ ਆਉਂਦਾ ਹੈ ਅਤੇ ਜਿਹੜਾ ਗਿਆਨ ਮਨੁਖ ਨੂੰ ਕੰਮ ਕਰਨ ਨਾਲ ਆਉਂਦਾ ਹੈ ਉਹ ਪੱਕਾ ਹੋ ਜਾਂਦਾ ਹੈ। ਸੱਚੇ ਗਿਆਨ ਦਾ ਅਧਾਰ ਨਾ ਪੁਸਤਕਾਂ ਦੀ ਪੜ੍ਹਾਈ ਹੋ ਸਕਦੀ ਹੈ ਅਤੇ ਨਾ ਉਸਤਾਦ ਦੇ ਵਖਿਆਨ ਅਤੇ ਉਪਦੇਸ਼। ਸੱਚੇ ਗਿਆਨ ਦਾ ਅਧਾਰ ਬੱਚੇ ਦਾ ਆਪਣਾ ਤਜਰਬਾ ਹੀ ਹੋ ਸਕਦਾ ਹੈ। ਜਿਹੜਾ ਗਿਆਨ ਬੱਚਾ ਆਪਣੇ ਤਜਰਬੇ ਰਾਹੀਂ ਪਰਾਪਤ ਕਰਦਾ ਹੈ, ਉਸ ਉਤੇ ਉਸ ਨੂੰ ਭਰੋਸਾ ਹੁੰਦਾ ਹੈ। ਪ੍ਰਾਜੈਕਟ ਢੰਗ ਦਾ ਅਧਾਰ ਤਜਰਬੇ ਰਾਹੀਂ ਸਿਖਿਆ ਹੈ। ਇਹ ਸਿਖਿਆ ਬੱਚੇ ਨੂੰ ਵਿਹਾਰ ਕਾਰ ਵਿਚ ਸੁਰੱਜਾ ਬਣਾਉਂਦੀ ਹੈ।

**ਮਨੋ-ਵਿਗਿਆਨਿਕ ਅਧਾਰ :-** ਪ੍ਰਾਜੈਕਟ-ਢੰਗ ਦਾ ਮਨੋ-ਵਿਗਿਆਨਿਕ ਅਧਾਰ ਬੱਚੇ ਦੀ ਰੁਚੀ ਦਾ ਅਧੀਨ ਹੈ। ਬੱਚਾ ਉਨ੍ਹਾਂ ਗੱਲਾਂ ਵਿਚ ਹੀ ਰੁਚੀ ਰਖਦਾ ਹੈ ਜਿਹੜੀਆਂ ਉਸ ਦੀਆਂ ਲੋੜਾਂ ਨਾਲ ਸਬੰਧ ਰਖਦੀਆਂ ਹਨ। ਉਹ ਉਨ੍ਹਾਂ ਗੱਲਾਂ ਵਿਚ ਕਦੇ ਵੀ ਰੁਚੀ ਨਹੀਂ ਰਖ ਸਕਦਾ ਜਿਹੜੀਆਂ ਉਸ ਦੀਆਂ ਲੋੜਾਂ ਨਾਲ ਸਬੰਧ ਨਹੀਂ ਰਖਦੀਆਂ। ਬੱਚੇ ਦੇ ਮਨ ਨੂੰ ਕਿਸੇ ਕੰਮ ਵਿਚ ਲਗਣ ਲਈ ਇਹ ਜ਼ਰੂਰੀ ਹੈ ਕਿ ਉਸ ਦੇ ਸਾਹਮਣੇ ਅਸੀਂ ਜ਼ਾਹਰ ਕਰ ਦਈਏ ਕਿ ਉਹ ਕੰਮ ਉਸ ਲਈ ਲੋੜੀਦਾ ਹੈ। ਜੇ ਬਚਿਆਂ ਨੂੰ ਨਵਾਂ ਵਿਸ਼ਾ ਇਸ ਤਰ੍ਹਾਂ ਪੜ੍ਹਾਇਆ ਜਾਵੇ ਜਿਸ ਨਾਲ ਉਹ ਆਪਣੀਆਂ ਔਕੜਾਂ ਸੌਖੀ ਤਰ੍ਹਾਂ ਹਲ ਕਰ ਸਕਣ ਤਾਂ ਉਹ ਉਸ ਸੰਥਾ ਨੂੰ ਬੜੇ ਚਾਅ ਨਾਲ ਪੜ੍ਹਨਗੇ। ਹਰਬਰਟ ਦਾ

ਕਹਿਣਾ ਹੈ ਕਿ ਕਿਸੇ ਵਿਸ਼ੇ ਵਿਚ ਰੁਚੀ ਦਾ ਅਧਾਰ ਉਸ ਬਾਰੇ ਸਾਡਾ ਪਹਿਲਾ ਗਿਆਨ ਹੈ। ਜਿਸ ਵਿਸ਼ੇ ਬਾਰੇ ਬੱਚਾ ਕੁਝ ਜਾਣਦਾ ਹੈ ਉਸ ਵਿਚ ਉਹ ਰੁਚੀ ਰਖਦਾ ਹੈ ਅਤੇ ਜਿਸ ਬਾਰੇ ਉਹ ਕੁਝ ਵੀ ਨਹੀਂ ਜਾਣਦਾ ਉਸ ਵਿਚ ਉਸ ਦੀ ਰੁਚੀ ਨਹੀਂ ਹੁੰਦੀ। ਪ੍ਰਾਜੈਕਟ ਢੰਗ ਦੇ ਵਿਦਿਵਾਨ ਹਰਬਰਟ ਦੇ ਇਸ ਵਿਚਾਰ ਨੂੰ ਅਸੀਂ ਨਿਰਾ ਭਰਮ ਸਮਝਦੇ ਹਾਂ। ਉਸ ਦੇ ਕਹਿਣ ਅਨੁਸਾਰ ਕਿਸੇ ਕੰਮ ਵਿਚ ਰੁਚੀ ਦਾ ਅਧਾਰ, ਨਿਸ਼ਾਨੇ ਅਤੇ ਕਾਰਜ ਦੇ ਸਬੰਧ ਦਾ ਗਿਆਨ ਹੈ। ਜਿਸ ਨਿਸ਼ਾਨੇ ਨੂੰ ਬੱਚਾ ਪਰਾਪਤ ਕਰਨਾ ਚਾਹੁੰਦਾ ਹੈ ਉਸ ਨੂੰ ਪਰਾਪਤ ਕਰਨ ਲਈ ਜਿਹੜਾ ਕੰਮ ਕਰਨਾ ਪੈਂਦਾ ਹੈ ਉਸ ਵਿਚ ਉਹ ਰੁਚੀ ਰਖਦਾ ਹੈ ਅਤੇ ਜਿਸ ਨਿਸ਼ਾਨੇ ਨੂੰ ਉਹ ਪਰਾਪਤ ਨਹੀਂ ਕਰਨਾ ਚਾਹੁੰਦਾ ਉਸ ਨਾਲ ਸਬੰਧ ਰਖਣ ਵਾਲੇ ਕੰਮਾਂ ਨੂੰ ਸਿਖਣਾ ਉਸ ਲਈ ਬੜਾ ਔਖਾ ਹੋ ਜਾਂਦਾ ਹੈ। ਪ੍ਰਾਜੈਕਟ-ਢੰਗ ਦੀ ਸਿਖਿਆ-ਵਿਧੀ ਬੱਚੇ ਦੀਆਂ ਇਛਾਂ ਅਤੇ ਉਸ ਦੇ ਨਿਸ਼ਾਨੇ ਨੂੰ ਧਿਆਨ ਵਿਚ ਰਖਦੀ ਹੈ। ਜਿਵੇਂ ਜਿਵੇਂ ਬੱਚੇ ਦੀਆਂ ਇੱਛਾਂ ਵਿਚ ਵਿਕਾਸ ਹੁੰਦਾ ਹੈ ਅਤੇ ਉਸ ਦੇ ਨਿਸ਼ਾਨੇ ਵਿਚ ਤਬਦੀਲੀ ਆਉਂਦੀ ਹੈ ਤਿਵੇਂ ਤਿਵੇਂ ਉਸ ਨੂੰ ਨਵੇਂ ਗਿਆਨ ਪਰਾਪਤ ਕਰਨ ਅਤੇ ਨਵੇਂ ਕੰਮ ਸਿਖਣ ਦੀ ਇੱਛਾ ਹੁੰਦੀ ਹੈ। ਜਦ ਕਿਸੇ ਕੰਮ ਨੂੰ ਬੱਚਾ ਆਪ ਸਿਖਣਾ ਚਾਹੁੰਦਾ ਹੈ ਜਾਂ ਕੋਈ ਨਵਾਂ ਗਿਆਨ ਪਰਾਪਤ ਕਰਨਾ ਚਾਹੁੰਦਾ ਹੈ, ਅਤੇ ਉਸ ਦੀ ਇੱਛਾ ਦੇ ਅਨੁਕੂਲ ਕੰਮ ਸਿਖਾਇਆ ਜਾਂਦਾ ਹੈ ਜਾਂ ਗਿਆਨ ਦਿੱਤਾ ਜਾਂਦਾ ਹੈ ਤਾਂ ਸਿਖਿਆ ਦੇਣ ਦਾ ਕੰਮ ਸੌਖਾ ਹੋ ਜਾਂਦਾ ਹੈ। ਇਸ ਦੇ ਉਲਟ ਜਦ ਬੱਚੇ ਦਾ ਮਨ ਕਿਸੇ ਕੰਮ ਵਿਚ ਨਹੀਂ ਲਗਦਾ ਤਾਂ ਉਸ ਨੂੰ ਉਸ ਗੱਲ ਵਲ ਲਿਆਉਣਾ ਬੜਾ ਔਖਾ ਹੁੰਦਾ ਹੈ। ਇਸ ਦੇ ਲਈ ਰੁਚੀ ਵਧਾਉਣ ਵਾਲੇ ਬਣਾਉਟੀ ਸਾਧਨਾ ਨੂੰ ਵਰਤੋਂ ਵਿਚ ਲਿਆਉਣਾ ਪੈਂਦਾ ਹੈ ਜਾਂ ਡਰ ਦਾ ਵਿਖਾਲਾ ਕਰਨਾ ਪੈਂਦਾ ਹੈ। ਜਦ ਬੱਚੇ ਦਾ ਮਨ ਨਹੀਂ ਲਗਦਾ ਤਾਂ ਹੀ ਸਕੂਲ ਦੇ ਪਰਬੰਧ ਵਿਚ ਡੰਡ ਦੇ ਨਿਯਮ ਦੀਆਂ ਕਈ ਸਮੱਸਿਆਵਾਂ ਖੜੀਆਂ ਹੋ ਜਾਂਦੀਆਂ ਹਨ। ਬੱਚੇ ਦਾ ਮਨ ਪੜ੍ਹਾਈ ਵਿਚ ਇਸ ਲਈ ਨਹੀਂ ਲਗਦਾ ਕਿ ਉਸ ਦੀ ਸਿਖਾਈ ਮਨੋ-ਵਿਗਿਆਨ ਦੇ ਠੀਕ ਸਿਧਾਂਤ ਉਤੇ ਨਹੀਂ ਉਸਾਰੀ ਗਈ। ਜਿਸ ਪੜ੍ਹਾਈ ਦਾ ਨਿਸ਼ਾਨਾ ਬੱਚਾ ਨਹੀਂ ਜਾਣਦਾ ਉਸ ਵਿਚ ਉਸ ਦੀ ਰੁਚੀ ਕਿਸ ਤਰ੍ਹਾਂ ਹੋ ਸਕਦੀ ਹੈ? ਬੱਚੇ ਨੂੰ ਜਿਹੜੀ ਸਿਖਿਆ ਸਾਡੇ ਆਮ ਸਕੂਲਾਂ ਵਿਚ ਦਿਤੀ ਜਾਂਦੀ ਹੈ, ਉਸ ਦੇ ਨਿਸ਼ਾਨੇ ਦਾ ਪਤਾ ਉਸਤਾਦ ਨੂੰ ਹੀ ਰਹਿੰਦਾ ਹੈ ਬਚਿਆਂ ਨੂੰ ਨਹੀਂ। ਬਚਿਆਂ ਅਤੇ ਉਸਤਾਦ ਦੇ ਨਿਸ਼ਾਨਿਆਂ ਵਿਚ ਏਕਤਾ ਹੋਣਾ ਅਸੰਭਵ ਹੈ। ਬੱਚਾ ਬੱਚਾ ਹੀ ਹੈ ਅਤੇ ਉਸਤਾਦ ਦੀ ਨਾ ਤੇ ਰੁਚੀ ਵਿਚ ਏਕਤਾ ਹੋ ਸਕਦੀ ਹੈ ਅਤੇ ਨਾ ਨਿਸ਼ਾਨੇ ਵਿਚ। ਪੁਰਾਣਾ ਸਿਖਿਆ ਢੰਗ ਉਸਤਾਦ ਦੀਆਂ ਲੋੜਾਂ ਨੂੰ ਮੁਖ ਰਖ ਕੇ ਉਸਾਰਿਆ ਗਿਆ ਸੀ ਪਰ ਪ੍ਰਾਜੈਕਟ-ਢੰਗ ਬੱਚੇ ਦੀਆਂ ਲੋੜਾਂ ਮੁਖ ਰਖ ਕੇ ਉਸਾਰਿਆ ਗਿਆ ਹੈ। ਜਿਹੜਾ ਗਿਆਨ ਬੱਚੇ ਨੂੰ ਪ੍ਰਾਜੈਕਟ-ਢੰਗ ਅਨੁਸਾਰ ਦਿਤਾ ਜਾਂਦਾ ਹੈ ਉਹ ਉਸ ਦੀਆਂ ਸਮੱਸਿਆਵਾਂ ਨੂੰ ਹਲ ਕਰਨ ਵਿਚ ਸਹਾਇਤਾ ਦਿੰਦਾ ਹੈ। ਇਸ ਲਈ ਅਜਿਹੇ ਗਿਆਨ ਨੂੰ ਬੱਚਾ ਲੱਭ ਲੱਭ ਕੇ ਪਰਾਪਤ ਕਰਨ ਦਾ ਯਤਨ ਕਰਦਾ ਹੈ।

ਪੁਰਾਣੇ ਸਿਖਿਆ-ਢੰਗ ਵਿਚ ਉਸਤਾਦ ਬੱਚੇ ਨੂੰ ਗਿਆਨ ਦਿੰਦਾ ਹੈ। ਪ੍ਰਾਜੈਕਟ-ਢੰਗ ਵਿਚ ਬੱਚਾ ਆਪ ਗਿਆਨ ਪਰਾਪਤ ਕਰਦਾ ਹੈ। ਦੂਜੇ ਸਿਖਿਆ ਢੰਗਾਂ ਵਿਚ ਬੱਚਾ ਉਸਤਾਦਾਂ ਰਾਹੀਂ ਪਰੇਰਿਆ ਜਾ ਕੇ ਕੰਮ ਕਰਦਾ ਹੈ, ਪ੍ਰਾਜੈਕਟ ਢੰਗ ਵਿਚ ਉਹ ਸ੍ਵੈ-ਪਰੇਰਣਾ ਨਾਲ ਕੰਮ ਕਰਦਾ ਹੈ। ਇਸ ਤਰ੍ਹਾਂ ਜਿਹੜਾ ਉਸ ਨੂੰ ਅਨੰਦ ਮਿਲਦਾ ਹੈ ਉਹੋ ਉਸ ਨੂੰ ਕੰਮ ਵਿਚ

ਛਾਈ ਰਖਣ ਦਾ ਕਾਰਨ ਬਣ ਜਾਂਦਾ ਹੈ। ਸ੍ਵੈ-ਪ੍ਰੇਰਨਾ ਤੋਂ ਕੀਤਾ ਕੰਮ ਬੱਚੇ ਦੀ ਪ੍ਰਤਿਭਾ ਅਤੇ ਰਚਨਾਤਮਕ ਸ਼ਕਤੀ ਵਿਚ ਵਾਧਾ ਕਰਦਾ ਹੈ ਅਤੇ ਉਸ ਵਿਚ ਅਜਿਹਾ ਸ੍ਵੈ-ਭਰੋਸਾ ਲਿਆਉਂਦਾ ਹੈ ਜਿਸ ਨਾਲ ਉਹ ਨਵੀਆਂ ਹਾਲਤਾਂ ਵਿਚ ਪੈ ਜਾਣ ਤੇ ਵੀ ਆਪਣੀਆਂ ਸਮੱਸਿਅਵਾਂ ਹਲ ਕਰ ਲੈਂਦਾ ਹੈ।

**ਪ੍ਰਾਜੈਕਟ ਸਿਖਿਆ ਢੰਗ ਦੀ ਵਿਸ਼ੇਸ਼ਤਾ:**—ਪੁਰਾਣੇ ਸਿਖਿਆ ਢੰਗ ਵਿਚ ਸਿਧਾਂਤ ਪਹਿਲਾਂ ਦੱਸ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦਾ ਕਾਰ ਵਿਹਾਰ ਵਿਚ ਲਾਭ ਪਿਛੋਂ ਦਸਿਆ ਜਾਂਦਾ ਹੈ। ਅਜਿਹੇ ਬਹੁਤ ਸਾਰੇ ਸਿਧਾਂਤ ਬਚੇ ਦੀ ਯਾਦ ਸ਼ਕਤੀ ਤੇ ਨਿਰਾ ਬੋਝ ਜਿਹਾ ਬਣ ਜਾਂਦੇ ਹਨ। ਪ੍ਰਾਜੈਕਟ-ਢੰਗ ਚਲਾਉਣ ਵਾਲਿਆਂ ਦਾ ਕਹਿਣਾ ਹੈ ਕਿ ਬਚਿਆਂ ਨੂੰ ਅਜਿਹਾ ਗਿਆਨ ਦਿੱਤਾ ਹੀ ਨਾ ਜਾਵੇ ਜਿਸ ਦੀ ਵਰਤੋਂ ਉਹ ਆਪਣੇ ਵਿਹਾਰਿਕ ਜੀਵਨ ਵਿਚ ਨਹੀਂ ਕਰਦਾ। ਮੰਨ ਲੋ, ਮੈਕਸੀਕੋ ਦਾ ਜਲ-ਵਾਯੂ ਜਾਣਨ ਨਾਲ ਬੱਚੇ ਦੀ ਕੋਈ ਲੋੜ ਪੂਰੀ ਨਹੀਂ ਹੁੰਦੀ ਤਾਂ ਉਸ ਨੂੰ ਅਜਿਹਾ ਪਾਠ ਪੜ੍ਹਾਇਆ ਹੀ ਨਹੀਂ ਜਾਣਾ ਚਾਹੀਦਾ। ਇਸੇ ਤਰ੍ਹਾਂ ਜਿਨ੍ਹਾਂ ਨਾਪਾਂ ਤੋਲਾਂ ਨੂੰ ਬੱਚਾ ਆਪਣੇ ਵਿਹਾਰਿਕ ਜੀਵਨ ਵਿਚ ਕੰਮ ਵਿਚ ਨਹੀਂ ਲਿਆ ਸਕਦਾ ਉਨ੍ਹਾਂ ਨੂੰ ਉਨ੍ਹਾਂ ਦੇ ਸਿਖਾਉਣ ਦਾ ਕੀ ਲਾਭ ? ਸਾਡੀ ਸਧਾਰਨ ਸਿਖਿਆ ਪਰਨਾਲੀ ਵਿਚ ਪਰਯੋਗ ਲਈ ਬੜੀ ਘਟ ਥਾਂ ਹੈ, ਇਸ ਲਈ ਇਨ੍ਹਾਂ ਸਿਖਿਆ-ਪਰਨਾਲੀਆਂ ਨਾਲ ਜਿਹੜਾ ਗਿਆਨ ਬਚੇ ਨੂੰ ਮਿਲਦਾ ਹੈ ਉਹ ਪਰਯੋਗਾਤਮਕ ਨਾ ਹੋਣ ਕਰਕੇ ਉਸ ਨੂੰ ਆਪਣੀਆਂ ਸਮਸਿਆਵਾਂ ਹਲ ਕਰਨ ਵਿਚ ਸਯੋਗ ਨਹੀਂ ਬਣਾਉਂਦਾ। ਪ੍ਰਾਜੈਕਟ—ਢੰਗ ਰਾਹੀਂ ਪਰਾਪਤ ਕੀਤਾ ਗਿਆਨ ਬੱਚੇ ਨੂੰ ਆਪਣੀਆਂ ਸਮੱਸਿਆਵਾਂ ਹਲ ਕਰਨ ਦੀ ਯੋਗਤਾ ਦਿੰਦਾ ਹੈ। ਇਸ ਅਨੁਸਾਰ ਬਚੇ ਨੂੰ ਕੇਵਲ ਉਹ ਗਿਆਨ ਹੀ ਦਿੱਤਾ ਜਾਂਦਾ ਹੈ ਜਿਸ ਦੀ ਉਸ ਨੂੰ ਲੋੜ ਹੁੰਦੀ ਹੈ ਅਤੇ ਜਿਸਦੀ ਉਹ ਕੀਮਤ ਸਮਝਦਾ ਹੈ। ਬੱਚੇ ਦੇ ਦਮਾਗ ਨੂੰ ਭਾਨਮਤੀ ਦਾ ਪਟਾਰਾ ਬਣਾਉਣ ਦਾ ਯਤਨ ਨਹੀਂ ਕੀਤਾ ਜਾਂਦਾ।

ਪ੍ਰਾਜੈਕਟ-ਢੰਗ ਬਣਾਉਣ ਵਾਲਿਆਂ ਦਾ ਕਹਿਣਾ ਹੈ ਕਿ ਸਿਖਿਆ ਦਾ ਨਿਸ਼ਾਨਾ ਬਾਲਕ ਨੂੰ ਉਹ ਯੋਗਤਾ ਦੇਣਾ ਹੈ ਜਿਸ ਨਾਲ ਸੰਸਾਰ ਵਿਚ ਉਹ ਆਪਣੇ ਆਪ ਨੂੰ ਸਫਲ ਵਿਅਕਤੀ ਬਣਾ ਸਕੇ, ਜੀਵਨ—ਘੋਲ ਵਿਚ ਜਿਹੜੀਆਂ ਔਕੜਾਂ ਆਉਂਦੀਆਂ ਹਨ ਉਨ੍ਹਾਂ ਨੂੰ ਸੌਖੀ ਤਰ੍ਹਾਂ ਹੱਲ ਕਰ ਸਕੇ। ਪਰ ਇਸਦੇ ਲਈ ਬੱਚਾ ਤਾਂ ਹੀ ਯੋਗ ਹੋ ਸਕਦਾ ਹੈ ਜੇ ਉਸਨੂੰ ਪਹਿਲਾਂ ਤੋਂ ਹੀ ਆਪਣੀਆਂ ਕਠਨਾਈਆਂ ਹਲ ਕਰਨ ਦੀ ਸਿਖਿਆ ਦਿਤੀ ਜਾਵੇ ਅਤੇ ਔਕੜਾਂ ਨੂੰ ਹਲ ਕਰਨ ਦਾ ਉਸਨੂੰ ਸਕੂਲ ਵਿਚ ਹੀ ਅਭਿਆਸ ਹੋ ਜਾਵੇ। ਡਯੂਵੀ ਦਾ ਕਹਿਣਾ ਹੈ ਕਿ ਸਿਖਿਆ ਨਿਰਾ ਬਾਲਗ ਉਮਰ ਦੀਆਂ ਜ਼ਿੰਮੇਵਾਰੀਆਂ ਚੁਕਣ ਲਈ ਤਿਆਰ ਕਰਨਾ ਹੀ ਨਹੀਂ ਹੈ ਸਗੋਂ ਹਰ ਸਮੇਂ ਦੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਚੁਕ ਸਕਣ ਦੀ ਯੋਗਤਾ ਪ੍ਰਾਪਤ ਕਰਨਾ ਹੀ ਸਿਖਿਆ ਹੈ। ਸਿਖਿਆ ਜੀਵਨ ਹੈ ਨਾ ਕਿ ਜੀਵਨ ਲਈ ਤਿਆਰੀ। ਇਸ ਲਈ ਬਚੇ ਨੂੰ ਇਸ ਤਰ੍ਹਾਂ ਸਿਖਿਆ ਦੇਣੀ ਚਾਹੀਦੀ ਹੈ ਜਿਸ ਨਾਲ ਉਹ ਬਚਪਣ ਨੂੰ ਚੰਗੀ ਤਰ੍ਹਾਂ ਬਤੀਤ ਕਰੇ, ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨਾ ਸਿੱਖੇ ਅਤੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਦਾ ਯਤਨ ਕਰਨ ਦੀ ਥਾਂ ਉਨ੍ਹਾਂ ਨੂੰ ਖਿੜੇ ਮਥੇ ਆਪਣੇ ਮੋਢਿਆਂ ਤੇ ਲਵੇ।

## ਪ੍ਰਾਜੈਕਟ ਢੰਗ ਦਾ ਵਿਹਾਰਿਕ ਸਰੂਪ

**ਸਮੱਸਿਆਵਾਂ ਅਤੇ ਉਨ੍ਹਾਂ ਦਾ ਹੱਲ ਕਰਨਾ:** ਪ੍ਰਾਜੈਕਟ-ਵਿਧੀ, ਗਿਆਨ ਅਤੇ ਕਾਰਜ ਦੀ ਏਕਤਾ ਦੇ ਸਿਧਾਂਤ ਉਤੇ ਖੜੀ ਕੀਤੀ ਗਈ ਹੈ। ਜਿਹੜਾ ਗਿਆਨ ਕਾਰਜ ਵਿਚ ਢਾਲਿਆਂ ਜਾ ਸਕਦਾ ਹੈ ਉਹ ਠੋਸ ਅਤੇ ਪੱਕਾ ਹੁੰਦਾ ਹੈ। ਇਸ ਲਈ ਪ੍ਰਾਜੈਕਟ-ਢੰਗ ਰਾਹੀਂ ਪੜ੍ਹਾਈ ਕਰਾਉਣ ਵਿਚ ਉਸਤਾਦ ਨੂੰ ਅਜਿਹਾ ਵਾਤਾਵਰਨ ਪੈਦਾ ਕਰਨ ਦੀ ਲੋੜ ਹੁੰਦੀ ਹੈ ਜਿਸ ਨਾਲ ਬੱਚੇ ਦੇ ਮਨ ਵਿਚ ਕਈ ਤਰ੍ਹਾਂ ਦੀਆਂ ਸਮਸਿਆਵਾਂ ਪੈਦਾ ਹੋਣ ਅਤੇ ਉਹ ਇਨ੍ਹਾਂ ਸਮਸਿਆਵਾਂ ਨੂੰ ਹੱਲ ਕਰਨ ਦਾ ਆਪਣੇ ਆਪ ਯਤਨ ਕਰੇ। ਉਸਤਾਦ ਦਾ ਫਰਜ਼ ਹੈ ਕਿ ਉਹ ਬੱਚੇ ਨੂੰ ਆਪਣੀਆਂ ਸਮਸਿਆਵਾਂ ਹੱਲ ਕਰਨ ਵਿਚ ਸਹਾਇਤਾ ਦੇਵੇ। ਸਮਸਿਆਵਾਂ ਨੂੰ ਹੱਲ ਕਰਨ ਵੇਲੇ ਬੱਚੇ ਨੂੰ ਕਈ ਤਰ੍ਹਾਂ ਦੇ ਗਿਆਨ ਦੀ ਲੋੜ ਹੁੰਦੀ ਹੈ। ਇਸ ਗਿਆਨ ਨੂੰ ਉਸਤਾਦ ਦਿੰਦਾ ਹੈ ਅਤੇ ਜਿਨ੍ਹਾਂ ਕਿਤਾਬਾਂ ਵਿਚੋਂ ਇਹ ਗਿਆਨ ਮਿਲ ਸਕਦਾ ਹੈ ਉਨ੍ਹਾਂ ਨੂੰ ਪੜ੍ਹਨ ਦਾ ਇਸ਼ਾਰਾ ਕਰਦਾ ਹੈ। ਪ੍ਰਾਜੈਕਟ-ਵਿਧੀ ਬੱਚੇ ਨੂੰ ਆਪਣੇ ਆਪ ਯਤਨ ਕਰਨ ਦੀ ਅਤੇ ਨਿਜੀ ਸਹਾਰੇ ਹੋਣ ਦੀ ਸਿਖਿਆ ਦਿੰਦੀ ਹੈ।

ਮੰਨ ਲੋ, ਬੱਚਾ ਆਪਣੇ ਖੇਤ ਵਿਚ ਆਲੂ ਬੀਜਣਾ ਚਾਹੁੰਦਾ। ਹੁਣ ਉਸਨੂੰ ਆਲੂ ਬੀਜਣ ਦਾ ਸਮਾਂ ਜਾਣਨ ਦੀ ਲੋੜ ਪੈਂਦੀ ਹੈ। ਜਦ ਉਸਤਾਦ ਬੱਚੇ ਨੂੰ ਆਲੂ ਬੀਜਣ ਦਾ ਸਮਾਂ ਦਸਦਾ ਹੈ ਤਾਂ ਨਾਲ ਇਹ ਵੀ ਦਸਦਾ ਹੈ ਕਿ ਆਲੂ ਲਈ ਕਿਸ ਕਿਸਮ ਦੇ ਮੌਸਮ ਦੀ ਲੋੜ ਹੁੰਦੀ ਹੈ। ਨਾਲ ਹੀ ਗਾਜਰ, ਮੂਲੀ ਸ਼ਲਗਮ ਆਦਿ ਸਬਜ਼ੀਆਂ ਦਾ ਸਮਾਂ ਵੀ ਦਸਦਾ ਹੈ। ਇਸ ਤਰ੍ਹਾਂ ਕਿਸ ਸਬਜ਼ੀ ਲਈ ਕਿਸ ਤਰ੍ਹਾਂ ਦਾ ਜਲ ਵਾਯੂ ਚਾਹੀਦਾ ਹੈ ਅਤੇ ਉਹ ਕਿਹੜੇ ਮੌਸਮ ਵਿਚ ਹੋ ਸਕਦੀ ਹੈ, ਬੱਚੇ ਨੂੰ ਪਤਾ ਲੱਗ ਜਾਂਦਾ ਹੈ।

ਆਲੂ ਨੂੰ ਖਾਸ ਤਰ੍ਹਾਂ ਦੀ ਖਾਦ ਅਤੇ ਮਿੱਟੀ ਦੀ ਲੋੜ ਹੁੰਦੀ ਹੈ। ਆਲੂ ਲਈ ਢੁਕਵੀਂ ਖਾਦ ਅਤੇ ਮਿੱਟੀ ਜਾਣਣ ਲਈ ਵਖ ਵਖ ਕਿਸਮ ਦੀਆਂ ਖਾਦਾਂ ਅਤੇ ਮਿੱਟੀਆਂ ਦਾ ਅਧਿਐਨ ਹੋ ਜਾਂਦਾ ਹੈ। ਉਸਤਾਦ ਇਕ ਸੰਥਾ ਮਿੱਟੀਆਂ ਬਾਰੇ ਦਿੰਦਾ ਹੈ ਅਤੇ ਇਕ ਖਾਦ ਬਾਰੇ। ਇਨ੍ਹਾਂ ਪਾਠਾਂ ਦਾ ਇੰਨਾਂ ਕੁ ਹੀ ਵਿਸਥਾਰ ਕੀਤਾ ਜਾਂਦਾ ਹੈ ਜਿਨਾ ਆਲੂ ਲਈ ਖਾਦ ਅਤੇ ਮਿੱਟੀ ਦੇ ਗਿਆਨ ਨੂੰ ਪੱਕਿਆਂ ਕਰਨ ਲਈ ਜ਼ਰੂਰੀ ਹੈ। ਇਸ ਤਰ੍ਹਾਂ ਬੱਚਾ ਆਪਣੀਆਂ ਸਮੱਸਿਆਵਾਂ ਨੂੰ ਹਲ ਕਰਨ ਦੇ ਯਤਨ ਵਿਚ ਮਿੱਟੀ ਅਤੇ ਖਾਦ ਦੀਆਂ ਕਿਸਮਾਂ ਅਤੇ ਉਨ੍ਹਾਂ ਦੇ ਲਾਭਾਂ ਨੂੰ ਜਾਣ ਲੈਂਦਾ ਹੈ ਉਸ ਦਾ ਮੁਖ ਨਿਸ਼ਾਨਾ ਆਪਣੀ ਸਮੱਸਿਆ ਹੱਲ ਕਰਨਾ ਹੁੰਦਾ ਹੈ, ਪਰ ਉਸ ਦਾ ਸੰਸਾਰ ਦੇ ਪਦਾਰਥਾਂ ਬਾਰੇ ਗਿਆਨ ਵਧਦਾ ਹੈ।

ਇਥੇ ਉਸਤਾਦ ਬੱਚੇ ਨੂੰ ਆਪਣੀ ਵਲੋਂ ਪਾਠ ਨਹੀਂ ਪੜ੍ਹਾਉਂਦਾ ਸਗੋਂ ਬਾਲਕ ਆਪ ਉਸਤਾਦ ਤੋਂ ਕਈ ਗੱਲਾਂ ਪੁਛਦਾ ਹੈ ਅਤੇ ਉਸਤਾਦ ਉਨ੍ਹਾਂ ਦਾ ਉੱਤਰ ਦਿੰਦਾ ਹੈ। ਉਸਤਾਦ ਨੂੰ ਇਹ ਜ਼ਰੂਰੀ ਨਹੀਂ ਹੁੰਦਾ ਕਿ ਉਹ ਬੱਚਿਆਂ ਦਾ ਧਿਆਨ ਸੰਥਾ ਵਲ ਖਿਚਣ ਲਈ ਕੋਈ ਖਾਸ ਤਰ੍ਹਾਂ ਦਾ ਯਤਨ ਕਰੇ। ਉਸ ਨੂੰ ਸੰਥਾ ਨੂੰ ਸੁਆਦੀ ਬਣਾਉਣ ਲਈ ਬਣਾਉਟੀ ਉਪਾਵਾਂ ਦਾ ਸਹਾਰਾ ਲੈਣ ਦੀ ਲੋੜ ਨਹੀਂ ਹੁੰਦੀ। ਜਿਸ ਗਲ ਵਿਚ ਬੱਚੇ ਦਾ ਆਪਣੇ ਆਪ ਮਨ ਲੱਗਿਆ ਹੋਇਆ ਹੈ ਉਸ ਨੂੰ ਹੋਰ ਸੁਆਦੀ ਬਣਾਉਣ ਦੀ ਲੋੜ ਵੀ ਕਿਹੜੀ ਹੈ। ਜਦ ਬੱਚੇ ਦਾ ਮਨ ਆਪਣੀ ਸਮੱਸਿਆ ਹੱਲ ਕਰਨ ਵਿਚ ਲੱਗਾ ਹੋਇਆ ਹੋਵੇ ਤਾਂ ਉਸ ਨੂੰ ਕਿਸੇ ਤਰ੍ਹਾਂ ਦੀ ਸ਼ਰਾਰਤ ਕਰਨ ਦੀ ਵਿਹਲ ਹੀ ਨਹੀਂ ਹੁੰਦੀ। ਬੱਚੇ ਕੋਲ ਜਦ ਕੋਈ ਕੰ

ਨਾ ਹੋਵੇ ਤਾਂ ਹੀ ਉਸਨੂੰ ਸ਼ਰਾਰਤਾਂ ਸੁਝਦੀਆਂ ਹਨ। ਸ਼ਰਾਰਤ ਕਰਨ ਦੀ ਬਿਰਤੀ ਵਾਧੂ ਬਿਰਤੀ ਹੈ। ਇਹ ਬਿਰਤੀ ਬੱਚੇ ਨੂੰ ਉਸਾਰੂ ਕੰਮ ਵਿਚ ਲਾ ਦੇਣ ਨਾਲ ਖਤਮ ਹੋ ਜਾਂਦੀ ਹੈ। ਕੋਈ ਬੱਚਾ ਜਿੰਨਾ ਵਧੇਰੇ ਰਚਨਾਤਮਕ (ਉਸਾਰੂ) ਕੰਮ ਵਿਚ ਲਗਿਆ ਰਹਿੰਦਾ ਹੈ ਉੱਨਾ ਹੀ ਉਹ ਆਪਣੇ ਆਪ ਵਿਚ ਵਿਚ ਸੁਖੀ ਤੇ ਸ਼ਾਂਤ ਹੁੰਦਾ ਹੈ ਅਤੇ ਦੂਜਿਆਂ ਨੂੰ ਵੀ ਸੁਖੀ ਬਣਾਉਣ ਦਾ ਯਤਨ ਕਰਦਾ ਹੈ। ਦੁਖੀ ਬੱਚਾ ਹੀ ਸ਼ਰਾਰਤੀ ਹੁੰਦਾ ਹੈ ਅਰਥਾਤ ਉਹ ਦੂਜਿਆਂ ਨੂੰ ਵੀ ਦੁਖੀ ਬਣਾਉਣ ਦਾ ਯਤਨ ਕਰਦਾ ਹੈ। ਰਚਨਾਤਮਕ ਕੰਮ ਵਿਚ ਬੱਚੇ ਨੂੰ ਲਾਉਣ ਨਾਲ ਇਕ ਤਾਂ ਉਸਦਾ ਬੌਧਿਕ ਵਿਕਾਸ ਹੁੰਦਾ ਹੈ ਅਤੇ ਦੂਜੇ ਨੈਤਿਕ ਵਿਕਾਸ।

ਆਲੂ ਬੀਜਣ ਦੀ ਉਪਰਲੀ ਸਮੱਸਿਆ ਲੈਕੇ ਬੱਚੇ ਨੂੰ ਭੂਗੋਲ ਦੇ ਗਿਆਨ ਦੀ ਲੋੜ ਹੁੰਦੀ ਹੈ। ਆਲੂ ਕਿੱਥੇ ਪੈਦਾ ਹੁੰਦਾ ਹੈ? ਕਿੱਥੇ ਚੰਗਾ ਆਲੂ ਪੈਦਾ ਹੁੰਦਾ ਹੈ ਤੇ ਕਿਥੋਂ ਸਾਨੂੰ ਬੀਜ ਦਾ ਆਲੂ ਮੰਗਵਾਉਣਾ ਚਾਹੀਦਾ ਹੈ? ਇਨ੍ਹਾਂ ਸਮਸਿਆਵਾਂ ਨੂੰ ਲੈ ਕੇ ਬੱਚੇ ਨੂੰ ਕਈ ਭੂਗੋਲ ਦੇ ਪਾਠ ਪੜ੍ਹਾਏ ਜਾ ਸਕਦੇ ਹਨ।

ਆਲੂ ਮੰਗਵਾਉਣ ਲਈ ਚਿੱਠੀ ਲਿਖਣ ਦੀ ਲੋੜ ਪੈਂਦੀ ਹੈ। ਪਰ ਬਚਿਆਂ ਨੂੰ ਠੀਕ ਚਿੱਠੀ ਲਿਖਣ ਦੀ ਜਾਚ ਨਹੀਂ ਹੁੰਦੀ। ਉਸਤਾਦ ਆਲੂ ਮੰਗਵਾਉਣ ਲਈ ਚਿੱਠੀ ਲਿਖਣ ਦੀ ਸਮੱਸਿਆ ਲੈਕੇ ਬਚਿਆਂ ਨੂੰ ਖਤ ਲਿਖਣ ਦਾ ਢੰਗ ਸਿਖਾ ਸਕਦਾ ਹੈ। ਇਸ ਤਰ੍ਹਾਂ ਉਹ ਇਕ ਜਾਂ ਦੋ ਬੋਲੀ ਅਤੇ ਲੇਖ ਲਿਖਣ ਦੇ ਪਾਠ ਬਚਿਆਂ ਨੂੰ ਪੜ੍ਹਾ ਸਕਦਾ ਹੈ। ਚਿੱਠੀ ਨੂੰ ਲਿਖਕੇ ਲਫਾਫੇ ਵਿਚ ਕਿਵੇਂ ਰਖਿਆ ਜਾਂਦਾ ਹੈ, ਲਫਾਫੇ ਉਤੇ ਪਿਤਾ ਕਿਥੇ ਤੇ ਕਿਵੇਂ ਲਿਖਿਆ ਜਾਂਦਾ ਹੈ ਅਤੇ ਲੈਟਰ-ਬਕਸ ਵਿਚ ਕਿਵੇਂ ਪਾਇਆ ਜਾਂਦਾ ਹੈ ਜਾਂ ਰਜਿਸਟਰੀ ਕਿਵੇਂ ਕਰਾਈ ਜਾਂਦੀ ਹੈ, ਇਹ ਸਾਰੀਆਂ ਗੁਲਾਂ ਉਸਤਾਦ ਨੂੰ ਚਿਠੀ ਲਿਖਣ ਦੇ ਸਬੰਧ ਵਿਚ ਦਸਣੀਆਂ ਪੈਂਦੀਆਂ ਹਨ।

ਇਥੇ ਧਿਆਨ ਰਖਣਾ ਕਿ ਬੱਚਾ ਖਿਆਲੀ ਖਤ ਨਹੀਂ ਲਿਖਦਾ ਸਗੋਂ ਸਚਮੁਚ ਚਿੱਠੀ ਲਿਖਦਾ ਹੈ ਅਤੇ ਖਿਆਲੀ ਦੁਕਾਨਦਾਰ ਨੂੰ ਇਹ ਖਤ ਨਹੀਂ ਭੇਜਿਆ ਜਾਂਦਾ ਸਗੋਂ ਸਚਮੁਚ ਦੇ ਦੁਕਾਨਦਾਰ ਨੂੰ ਇਹ ਖਤ ਭੇਜਿਆ ਜਾਂਦਾ ਹੈ। ਜਦ ਖਤ ਦਾ ਜਵਾਬ ਆਉਂਦਾ ਹੈ ਤਾਂ ਫਿਰ ਕਈ ਹੋਰ ਸਮੱਸਿਆਵਾਂ ਖੜੀਆਂ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਲੈਕੇ ਬਚਿਆਂ ਨੂੰ ਗਣਿਤ ਸਿਖਾਇਆ ਜਾਂਦਾ ਹੈ। ਇਸ ਤਰ੍ਹਾਂ ਇਕ ਹੀ ਸਮੱਸਿਆ ਕਈ ਦਿਨਾਂ ਤਕ ਪੜ੍ਹਾਈ ਦਾ ਅਧਾਰ ਬਣ ਜਾਂਦੀ ਹੈ।

ਪ੍ਰਾਜੈਕਟ ਅਜਿਹੀ ਯੋਜਨਾ ਦਾ ਨਾਂ ਹੈ ਜਿਸ ਤੋਂ ਕੋਈ ਸਮੱਸਿਆ ਹੱਲ ਹੋਵੇ। ਪ੍ਰਾਜੈਕਟ ਛੋਟੇ ਅਤੇ ਵੱਡੇ ਦੋਹਾਂ ਤਰ੍ਹਾਂ ਦੇ ਹੁੰਦੇ ਹਨ। ਕਈ ਪ੍ਰਾਜੈਕਟਾਂ ਵਿਚ ਬੱਚਾ ਇਕੱਲਾ ਹੀ ਕੰਮ ਕਰਦਾ ਹੈ ਅਤੇ ਕਈ ਪ੍ਰਾਜੈਕਟਾਂ ਵਿਚ ਬਹੁਤ ਸਾਰੇ ਬੱਚੇ ਮਿਲ ਕੇ ਕੰਮ ਕਰਦੇ ਹਨ। ਕਈ ਪ੍ਰਾਜੈਕਟ ਇਕ ਹੀ ਦਿਨ ਜਾਂ ਇਕ ਹੀ ਘੰਟੀ ਦੇ ਹੁੰਦੇ ਹਨ ਅਤੇ ਕਈ ਹਫਤਿਆਂ ਅਤੇ ਮਹੀਨਿਆਂ ਬੱਧੀ ਚਲਦੇ ਰਹਿੰਦੇ ਹਨ। ਪ੍ਰਾਜੈਕਟ ਬਣਾਉਟੀ ਵਾਤਾਵਰਨ ਵਿਚ ਨਹੀਂ ਸਗੋਂ ਸਚਮੁਚ ਦੇ ਵਾਤਾਵਰਨ ਵਿਚ ਪੂਰੇ ਕੀਤੇ ਜਾਂਦੇ ਹਨ। ਜਿਸ ਤਰ੍ਹਾਂ ਦਾ ਵਰਤ ਵਰਤਾਰਾ ਬੱਚੇ ਨੂੰ ਸਕੂਲ ਤੋਂ ਬਾਹਰ ਆਪਣੀ ਸਮਸਿਆ ਨੂੰ ਹੱਲ ਕਰਨ ਵਿਚ ਕਰਨਾ ਪੈਂਦਾ ਹੈ ਅਤੇ ਜਿਸ ਤਰ੍ਹਾਂ ਉਹ ਸਕੂਲ ਤੋਂ ਬਾਹਰ ਗਿਆਨ ਪਰਾਪਤ ਕਰਦਾ ਹੈ, ਉਸੇ ਤਰ੍ਹਾਂ ਦਾ ਵਰਤ ਵਰਤਾਰਾ ਉਹ ਸਕੂਲ ਵਿਚ ਵੀ ਕਰਦਾ ਹੈ ਅਤੇ ਸਕੂਲ ਵਿਚ ਵੀ ਉਸੇ ਤਰ੍ਹਾਂ ਦਾ ਆਪਣਾ ਗਿਆਨ ਵਧਾਉਣ ਦਾ ਯਤਨ ਕਰਦਾ ਹੈ।

**ਪ੍ਰਾਜੈਕਟ-ਢੰਗ ਵਿਚ ਸਿਖਿਆ-ਕਰਮ :—** ਪ੍ਰਾਜੈਕਟ—ਢੰਗ ਵਿਚ ਸਿਖਿਆ-ਕਰਮ ਦੇ ਵਖ ਵਖ ਵਿਸ਼ਿਆਂ ਦੀ ਪੜ੍ਹਾਈ ਅੱਡ ਅੱਡ ਨਹੀਂ ਹੁੰਦੀ । ਨਾ ਪ੍ਰਾਜੈਕਟ ਰਾਹੀਂ ਪੜ੍ਹਾਉਣ ਨਾਲ ਸਾਡਾ ਵਰਤਮਾਨ ਸਮਾਂ ਵੰਡਿਆ ਰਹਿ ਜਾਂਦਾ ਹੈ ਅਤੇ ਨਾ ਸਿਖਿਆ-ਕਰਮ ਹੀ ਰਹਿ ਜਾਂਦਾ ਹੈ। ਕਿਸੇ ਪ੍ਰਾਜੈਕਟ ਦਾ ਕੰਮ ਅੱਧਾ ਘੰਟਾ ਚਲਦਾ ਹੈ ਤਾਂ ਕਿਸੇ ਦਾ ਸਾਰਾ ਦਿਨ ਚਲਦਾ ਰਹਿੰਦਾ ਹੈ। ਕਿਸੇ ਪ੍ਰਾਜੈਕਟ ਵਿਚ ਇਕ ਹੀ ਵਿਸ਼ੇ ਦੇ ਗਿਆਨ ਦੀ ਲੋੜ ਹੁੰਦੀ ਹੈ ਤਾਂ ਕਿਸੇ ਵਿਚ ਪੰਜ ਸੱਤ ਵਿਸ਼ਿਆਂ ਦੇ ਗਿਆਨ ਦੀ । ਇਕ ਹੀ ਉਸਤਾਦ ਇਨ੍ਹਾਂ ਸਾਰਿਆਂ ਵਿਸ਼ਿਆਂ ਦੇ ਗਿਆਨ ਨੂੰ ਦਸਦਾ ਹੈ। ਸਾਡੇ ਸਧਾਰਨ ਸਿਖਿਆ ਢੰਗ ਦਾ ਇਕ ਸਿੱਟਾ ਇਹ ਹੁੰਦਾ ਹੈ ਕਿ ਬੱਚੇ ਇਕ ਵਿਸ਼ੇ ਦਾ ਦੂਸਰੇ ਵਿਸ਼ੇ ਨਾਲ ਸਬੰਧ ਨਹੀਂ ਸਮਝਦੇ। ਵਖਰੇ ਵਖਰੇ ਗਿਆਨ ਵਿਚ ਇਸ ਤਰ੍ਹਾਂ ਘੱਪੇ ਪੈ ਜਾਂਦੇ ਹਨ । ਬੱਚੇ ਦਾ ਭੂਗੋਲ ਦਾ ਗਿਆਨ ਉਸਦੇ ਦਿਮਾਗ ਦੀ ਇਕ ਨੁਕਰੇ ਪਿਆ ਹੁੰਦਾ ਹੈ ਤੇ ਇਤਿਹਾਸ, ਪ੍ਰਕ੍ਰਿਤੀ ਦੀ ਜਾਂਚ ਪੜਤਾਲ ਜਾਂ ਬੋਲੀ ਸਬੰਧੀ ਗਿਆਨ ਕਿਸੇ ਹੋਰ ਨੁਕਰੇ । ਪਰ ਜਿਹੜਾ ਗਿਆਨ ਕਾਰ ਵਿਹਾਰ ਵਿਚੋਂ ਵਰਤਿਆ ਜਾਂਦਾ ਹੈ ਉਹ ਇਸ ਤਰ੍ਹਾਂ ਦਾ ਸਬੰਧ-ਰਹਿਤ ਨਹੀਂ ਹੁੰਦਾ। ਕਾਰ-ਵਿਹਾਰ ਵਿਚ ਸਾਨੂੰ ਹਰ ਤਰ੍ਹਾਂ ਦੇ ਗਿਆਨ ਦੀ ਇਕ ਵਾਰ ਹੀ ਲੋੜ ਹੁੰਦੀ ਹੈ। ਇਸ ਲਈ ਸਾਡੀ ਸਧਾਰਨ ਸਿਖਿਆ-ਵਿਧੀ ਅਤੇ ਪਾਠ-ਕਰਮ ਅਨੁਸਾਰ ਪੜ੍ਹਿਆ ਬੱਚਾ, ਜੀਵਨ ਦੀਆਂ ਸਮਸਿਆਵਾਂ ਹੱਲ ਕਰਨ ਵਿਚ ਆਪਣੇ ਗਿਆਨ ਨੂੰ ਵਰਤਣ ਤੋਂ ਅਸਮਰਥ ਰਹਿੰਦਾ ਹੈ। ਮਨੁੱਖ ਦਾ ਮਨ ਅਭਿਆਸ ਦਾ ਦਾਸ ਹੈ। ਜਿਸ ਤਰ੍ਹਾਂ ਦਾ ਅਭਿਆਸ ਸਕੂਲ ਵਿਚ ਬਚਿਆਂ ਨੂੰ ਕਰਾਇਆ ਜਾਂਦਾ ਹੈ ਉਸੇ ਤਰ੍ਹਾਂ ਦੀ ਆਦਤ ਉਨ੍ਹਾਂ ਨੂੰ ਜੀਵਨ ਭਰ ਬਣੀ ਰਹਿੰਦੀ ਹੈ। ਜਦ ਸਕੂਲ ਵਿਚ ਇਕ ਵਿਸ਼ੇ ਨੂੰ ਪੜ੍ਹਾਉਂਦਿਆਂ ਦੂਜੇ ਵਿਸ਼ੇ ਨਾਲ ਉਸ ਦਾ ਸਬੰਧ ਨਹੀਂ ਦਸਿਆ ਜਾਂਦਾ, ਅਤੇ ਜਦ ਬੱਚਾ ਆਪ ਇਸ ਤਰ੍ਹਾਂ ਦੇ ਸਬੰਧ ਦੇ ਗਿਆਨ ਦੀ ਲੋੜ ਪਰਤੀਤ ਨਹੀਂ ਕਰਦਾ, ਤਾਂ ਅੱਗੇ ਜਾਕੇ ਵੀ ਜੀਵਨ ਵਿਚ ਉਹ ਇਕ ਗੱਲ ਦਾ ਦੂਜੀ ਗੱਲ ਨਾਲ ਸਬੰਧ ਪਛਾਨਣ ਵਿਚ ਅਸਮਰਥ ਹੁੰਦਾ ਹੈ।

ਜੇ ਸਾਡੇ ਸਕੂਲਾਂ ਵਿਚ ਪ੍ਰਾਜੈਕਟ-ਵਿਧੀ ਅਨੁਸਾਰ ਸਿਖਿਆ ਦਿੱਤੀ ਜਾਣ ਲੱਗ ਪਵੇ, ਤਾਂ ਨਾ ਸਾਡਾ ਵਰਤਮਾਨ ਸਿਖਿਆ-ਕਰਮ ਰਹਿ ਸਕੇਗਾ ਅਤੇ ਨਾ ਵਰਤਮਾਨ ਸਮੇਂ ਦੀ ਵੰਡ। ਇਨ੍ਹਾਂ ਦੀ ਥਾਂ ਵਖ ਵਖ ਜਮਾਤਾਂ ਲਈ ਪੰਜਾਹ, ਸੌ ਜਾਂ ਦੋ ਸੌ ਪ੍ਰਾਜੈਕਟ ਹੋਣਗੇ ਜਿਹੜੇ ਬੱਚੇ ਦੀ ਰੁਚੀ ਅਤੇ ਜੀਵਨ ਵਿਚ ਉਨ੍ਹਾਂ ਦੀ ਉਪਯੋਗਤਾ ਨੂੰ ਮੁਖ ਰਖਕੇ ਨਿਸ਼ਚਿਤ ਕੀਤੇ ਜਾਣਗੇ। ਜਿਹੜਾ ਬੱਚਾ ਆਪਣੀ ਜਮਾਤ ਦੇ ਸਾਰੇ ਪ੍ਰਾਜੈਕਟਾਂ ਨੂੰ ਪੂਰਾ ਕਰ ਲਵੇਗਾ ਉਸ ਨੂੰ ਅਗਲੀ ਜਮਾਤ ਵਿਚ ਚੜ੍ਹਾ ਦਿਤਾ ਜਾਵੇਗਾ।

**ਪ੍ਰਾਜੈਕਟ-ਵਿਧੀ ਅਤੇ ਪਰੀਖਿਆਵਾਂ :—** ਪ੍ਰਾਜੈਕਟ ਵਿਧੀ ਵਿਚ ਪਰੀਖਿਆਵਾਂ ਲਈ ਕੋਈ ਥਾਂ ਨਹੀਂ ਹੁੰਦਾ। ਹਰ ਪ੍ਰਾਜੈਕਟ ਨੂੰ ਠੀਕ ਤਰ੍ਹਾਂ ਨਾਲ ਕਰਨਾ ਹੀ ਪਰੀਖਿਆ ਹੈ। ਬਚਾ ਜਿੰਨਾ ਕੰਮ ਕਰਦਾ ਹੈ ਉਨਾ ਵਧੇਰੇ ਉਸ ਦਾ ਅਨੁਭਵ ਵਧਦਾ ਹੈ। ਇਸ ਅਨੁਭਵ ਦੀ ਪਰੀਖਿਆ ਕੰਮ ਰਾਹੀਂ ਹੀ ਹੋ ਸਕਦੀ ਹੈ, ਸਧਾਰਨ ਪਰੀਖਿਆਵਾਂ ਦੇ ਪ੍ਰਸ਼ਨ ਪੱਤਰਾਂ ਦਾ ਉਤਰ ਦੇਣ ਨਾਲ ਨਹੀਂ। ਇਹ ਹੋ ਸਕਦਾ ਹੈ ਕਿ ਬੱਚਾ ਕੰਮ ਕਰਨ ਦੀ ਵਿਧੀ ਜਾਣਦਾ ਹੋਵੇ ਪਰ ਉਹ ਲੇਖ ਦੇ ਰੂਪ ਵਿਚ ਲਿਖਕੇ ਉਸ ਨੂੰ ਦਸ ਨਾ ਸਕੇ। ਕਿੰਨੇ ਹੀ ਸਚੱਜੇ ਉਸਤਾਦ ਆਪਣੀ ਪੜ੍ਹਾਈ ਕਰਾਉਣ ਦੀ ਵਿਧੀ ਦੀ ਕਲਾ ਦਾ ਲਿਖਕੇ

ਬਿਰਤਾਂਤ ਨਹੀਂ ਦਸ ਸਕਦੇ ਅਤੇ ਕਿੱਨੇ ਹੀ ਅਜਿਹੇ ਹੁੰਦੇ ਹਨ। ਜਿਹੜੇ ਸਿਖਾਈ ਦੀ ਕਲਾ ਉੱਤੇ ਬੜਾ ਸੁਹਣਾ ਲੇਖ ਜਾਂ ਪੁਸਤਕ ਲਿਖ ਸਕਦੇ ਹਨ, ਪਰ ਪੜ੍ਹਾਉਣ ਵਿਚ ਸੁਖ ਸਾਂਦ ਹੀ ਹੁੰਦੇ ਹਨ। ਕੰਮ ਕਰਨਾ ਅਤੇ ਉਸ ਬਾਰੇ ਚਰਚਾ ਕਰਨਾ ਦੋ ਵਖ ਵਖ ਗੱਲਾਂ ਹਨ। ਕੰਮ ਕਰਨ ਨਾਲ ਕੰਮ ਆਉਂਦਾ ਹੈ। ਅਤੇ ਉਸ ਬਾਰੇ ਚਰਚਾ ਕਰਨ ਨਾਲ ਚਰਚਾ ਕਰਨੀ ਆਉਂਦੀ ਹੈ। ਪ੍ਰਾਜੈਕਟ ਵਿਧੀ ਕੰਮ ਕਰਨਾ ਸਿਖਾਉਂਦੀ ਹੈ, ਉਸ ਬਾਰੇ ਚਰਚਾ ਕਰਨਾ ਇੰਨਾ ਨਹੀਂ ਸਿਖਾਉਂਦੀ।

ਸਾਡੀਆਂ ਸਧਾਰਨ ਪਰੀਖਿਆਵਾਂ ਵਿਚ ਬੱਚਿਆਂ ਦੀ ਸਮਝ ਜਾਂ ਕੰਮ ਕਰਨ ਦੀ ਯੋਗਤਾ ਦੀ ਇੰਨੀ ਪਰੀਖਿਆ ਨਹੀਂ ਹੁੰਦੀ ਜਿੰਨੀ ਉਨ੍ਹਾਂ ਦੀ ਯਾਦ ਸ਼ਕਤੀ ਦੀ। ਸ਼ਬਦੀ ਗਿਆਨ ਨੂੰ ਪੱਕਿਆਂ ਕਰਨ ਲਈ ਉਸਨੂੰ ਘੋਟਾ ਲਾਉਣ ਦੀ ਲੋੜ ਹੁੰਦੀ ਹੈ ਅਸਲ ਗਿਆਨ ਨੂੰ ਪੱਕਿਆਂ ਕਰਨ ਲਈ ਹੱਥੀਂ ਕਰਕੇ ਕਢਣ ਦੀ ਲੋੜ ਹੁੰਦੀ ਹੈ। ਸਾਡੀਆਂ ਸਧਾਰਨ ਪਰੀਖਿਆਵਾਂ ਵਿਚ ਜਿਹੜੇ ਲੋਕ ਪਹਿਲੇ ਦਰਜੇ ਵਿਚ ਪਾਸ ਹੁੰਦੇ ਹਨ ਉਹ ਕਦੇ ਕਦੇ ਕਾਰ ਵਿਹਾਰ ਵਿਚ ਨਿਕੱਮੇ ਸਿੱਧ ਹੁੰਦੇ ਹਨ। ਪਰੀਖਿਆਵਾਂ ਵਿਚ ਪਾਸ ਹੋਣਾ ਸ਼ਬਦੀ ਗਿਆਨ ਅਤੇ ਯਾਦ ਸ਼ਕਤੀ ਉੱਤੇ ਨਿਰਭਰ ਹੁੰਦਾ ਹੈ ਪਰ ਜੀਵਨ ਵਿਚ ਸਫਲ ਹੋਣਾ ਮਨੁਖ ਦੇ ਅਨੁਭਵ ਦੇ ਵਿਸਥਾਰ ਅਰਥਾਤ ਵਸਤੂ-ਗਿਆਨ ਦੇ ਵਾਧੇ ਅਤੇ ਕੰਮ ਕਰ ਸਕਣ ਦੀ ਯੋਗਤਾ, ਉਸ ਦੇ ਸ੍ਵੈ-ਭਰੋਸੇ ਅਤੇ ਸ਼ੌਂਕ ਉੱਤੇ ਨਿਰਭਰ ਹੈ। ਪ੍ਰਾਜੈਕਟ-ਵਿਧੀ ਵਿਚ ਬੱਚੇ ਦੀ ਯੋਗਤਾ ਪ੍ਰਸ਼ਨ-ਪੱਤਰਾਂ ਦੀ ਲਿਖਤੀ ਉੱਤਰਾਂ ਨਾਲ ਨਹੀਂ ਜਾਚੀ ਜਾਂਦੀ ਸਗੋਂ ਉਸਦੇ ਨਿਤ ਦਿਨ ਦੇ ਕੰਮ ਕਰਨ ਅਤੇ ਆਪਣੇ ਗਿਆਨ ਦੇ ਵਧਾਉਂਣ ਦੀ ਲਗਨ ਤੋਂ ਜਾਚੀ ਜਾਂਦੀ ਹੈ।

## ਪ੍ਰਾਜੈਕਟ ਸਿਖਿਆ-ਢੰਗ ਦੀ ਜਾਂਚ ਪੜਤਾਲ

ਪ੍ਰਾਜੈਕਟ-ਢੰਗ ਨਾਲ ਬਚਿਆਂ ਦੇ ਵਿਹਾਰਿਕ ਗਿਆਨ ਵਿਚ ਵਾਧਾ ਹੁੰਦਾ ਹੈ। ਅਤੇ ਉਨ੍ਹਾਂ ਵਿਚ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਯੋਗਤਾ ਆਉਂਦੀ ਹੈ। ਮਨੁਖ ਦਾ ਸੁਭਾ ਅਭਿਆਸ ਦਾ ਗੋਲਾ ਹੈ। ਜਿਸ ਤਰ੍ਹਾਂ ਦਾ ਉਸਦਾ ਅਭਿਆਸ ਹੁੰਦਾ ਹੈ ਉਸ ਦੀ ਯੋਗਤਾ ਵੀ ਉਸੇ ਅਨੁਸਾਰ ਵਧਦੀ ਹੈ। ਜੇ ਬਚਿਆਂ ਨੂੰ ਨਿਰੇ ਪਾਠ-ਵਿਸ਼ੇ ਹੀ ਪੜ੍ਹਾਏ ਜਾਣ ਅਤੇ ਉਨ੍ਹਾਂ ਨੂੰ ਆਪਣੀਆਂ ਸਮਸਿਆਵਾਂ ਦੇ ਹੱਲ ਕਰਨ ਦਾ ਅਭਿਆਸ ਨਾ ਕਰਾਇਆ ਜਾਵੇ, ਤਾਂ ਉਹ ਪੜ੍ਹਨ ਲਿਖਣ ਵਿਚ ਤਿੱਖੇ ਹੁੰਦੇ ਹੋਇਆਂ ਵੀ ਵਿਹਾਰਿਕ ਸਮੱਸਿਆਵਾਂ ਹੱਲ ਕਰਨ ਵਿਚ ਬੜੀਆਂ ਔਕੜਾਂ ਪਰਤੀਤ ਕਰਨਗੇ। ਬੱਚਿਆਂ ਨੇ ਜੀਵਨ ਵਿਚ ਕਈ ਸਮਸਿਆਵਾਂ ਹਲ ਕਰਨੀਆਂ ਹੁੰਦੀਆਂ ਹਨ। ਜੇ ਸਿਖਿਆ ਦਾ ਨਿਸ਼ਾਨਾ ਬਚਿਆਂ ਨੂੰ ਆਪਣੇ ਭਵਿਖ ਦੇ ਜੀਵਨ ਦੀਆਂ ਜ਼ਿੰਮੇਵਾਰੀਆਂ ਚੁੱਕਣ ਲਈ ਤਿਆਰ ਕਰਨਾ ਹੈ ਤਾਂ ਉਨ੍ਹਾਂ ਨੂੰ ਹੁਣੇ ਤੋਂ ਹੀ ਉਨ੍ਹਾਂ ਜ਼ਿਮੇਵਾਰੀਆਂ ਨੂੰ ਚੁਕਣ ਦਾ ਅਭਿਆਸ ਕਰਾਉਣਾ ਚਾਹੀਦਾ ਹੈ। ਇਸੇ ਦ੍ਰਿਸ਼ਟੀ ਤੋਂ ਪ੍ਰਾਜੈਕਟ ਸਿਖਿਆ ਢੰਗ ਦੀ ਉਸਾਰੀ ਹੋਈ।

ਪਰ ਇਸ ਸਿਖਿਆ-ਢੰਗ ਵਿਚ ਦੋ ਵਿਸ਼ੇਸ਼ ਔਕੜਾਂ ਹਨ। ਇਕ ਤਾਂ ਇਸ ਦੇ ਲਈ ਅਜਿਹੇ ਉਸਤਾਦ ਚਾਹੀਦੇ ਹਨ ਜਿਹੜੇ ਬਚਿਆਂ ਨੂੰ ਯੋਗ ਸਮਸਿਆਵਾਂ ਹਲ ਕਰਨ ਲਈ ਦਿੰਦੇ ਰਹਿਣ ਅਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਹੱਲ ਕਰਨ ਵਿਚ ਸਹਾਇਤਾ ਦੇਣ। ਇਹ ਸਹਾਇਤਾ ਅਜਿਹੀ ਹੋਵੇ ਜਿਸ ਨਾਲ ਇਕ ਤਾਂ ਬਚੇ ਦੀ ਬੁਧੀ ਉਤੇ ਪੂਰਾ ਜ਼ੋਰ ਪਵੇ ਅਤੇ ਦੂਜੇ ਉਹ ਬੇਹੌਂਸਲਾ ਨਾ ਹੋ ਬੈਠੇ।

ਦੂਜੇ ਇਸ ਸਿਖਿਆ-ਢੰਗ ਵਿਚ ਪਾਠ-ਕਰਮ ਦੇ ਵਿਸ਼ੇ ਪੂਰੀ ਤਰ੍ਹਾਂ ਨਹੀਂ ਪੜ੍ਹਾਏ

ਜਾ ਸਕਦੇ। ਸਮਸਿਆਵਾਂ ਨੂੰ ਹੱਲ ਕਰਦਿਆਂ ਬਚਿਆਂ ਨੂੰ ਵਿਸ਼ੇ ਦੇ ਉਸ ਪੱਖ ਦਾ ਵਿਸ਼ੇਸ਼ ਗਿਆਨ ਹੋਵੇਗਾ ਜਿਸਦੀ ਵਰਤੋਂ ਸਮੱਸਿਆ ਨੂੰ ਹੱਲ ਕਰਨ ਵਿਚ ਹੁੰਦੀ ਹੈ। ਪਰ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਵਰਤੋਂ ਵਿਚ ਲਿਆਉਣ ਲਈ ਕੋਈ ਸਮੱਸਿਆ ਖੜੀ ਨਹੀਂ ਕੀਤੀ ਜਾ ਸਕਦੀ। ਇਸ ਲਈ ਇਸ ਢੰਗ ਨਾਲ ਬਚਿਆਂ ਨੂੰ ਉੱਨਾ ਗਿਆਨ ਹੋਣਾ ਸੰਭਵ ਨਹੀਂ ਜਿੰਨਾ ਵਰਤਮਾਨ ਸਿਖਿਆ ਢੰਗ ਵਿਚ ਹੋਣਾ ਸੰਭਵ ਹੈ।

ਸਾਡੇ ਵਰਤਮਾਨ ਸਿਖਿਆ-ਢੰਗ ਵਿਚ ਵੀ ਬੱਚਿਆਂ ਨੂੰ ਕੁਝ ਸਮੱਸਿਆਵਾਂ ਹੱਲ ਕਰਨੀਆਂ ਪੈਂਦੀਆਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਚਿਆਂ ਦੇ ਵਿਹਾਰਿਕ ਗਿਆਨ ਵਿਚ ਭਾਵੇਂ ਵਾਧਾ ਨਾ ਹੁੰਦਾ ਹੋਵੇ ਪਰ ਉਨ੍ਹਾਂ ਦੀ ਬੁਧੀ ਦਾ ਵਿਕਾਸ ਜ਼ਰੂਰ ਹੁੰਦਾ ਹੈ। ਵਿਕਸਤ ਬੁਧੀ ਵਾਲਾ ਮਨੁਖ ਆਪਣੇ ਜੀਵਨ ਦੀ ਕਿਸੇ ਤਰ੍ਹਾਂ ਦੀ ਵੀ ਸਮੱਸਿਆ ਨੂੰ ਚੰਗੀ ਤਰ੍ਹਾਂ ਹਲ ਕਰ ਸਕਦਾ ਹੈ।

ਪ੍ਰਾਜੈਕਟ ਸਿਖਿਆ ਢੰਗ ਦੇ ਉਪਰਲੇ ਗੁਣ ਅਤੇ ਦੋਸ਼ਾਂ ਤੇ ਵਿਚਾਰ ਕਰਨ ਨਾਲ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਾਨੂੰ ਜਿਥੇਂ ਕਿਤੇ ਸੰਭਵ ਹੋਵੇ ਇਸ ਢੰਗ ਤੋਂ ਕੰਮ ਲੈਣਾ ਚਾਹੀਦਾ ਹੈ ਪਰ ਨਿਰੇ ਇਸੇ ਢੰਗ ਦੇ ਗੁਲਾਮ ਨਹੀਂ ਹੋ ਜਾਣਾ ਚਾਹੀਦਾ। ਬਚਿਆਂ ਨੂੰ ਉਨ੍ਹਾਂ ਦੇ ਵਿਸ਼ੇ ਕਰਮ ਵਾਰ ਪੜ੍ਹਾਏ ਜਾਣੇ ਚਾਹੀਦੇ ਹਨ। ਫਿਰ ਉਨ੍ਹਾਂ ਦੇ ਕਮਾਏ ਗਿਆਨ ਦਾ ਪਰੀਖਿਆ ਲਈ ਉਨ੍ਹਾਂ ਨੂੰ ਸਮਸਿਆਵਾਂ ਵੀ ਦੇਣੀਆਂ ਚਾਹੀਦੀਆਂ ਹਨ। ਆਪਣੀਆਂ ਸਮਸਿਆਵਾਂ ਨੂੰ ਹੱਲ ਕਰਦਿਆਂ ਬਚੇ ਆਪਣੇ ਕਮਾਏ ਗਿਆਨ ਦਾ ਲਾਭ ਸਮਝ ਸਕਣਗੇ ਅਤੇ ਉਸ ਨੂੰ ਪਕਿਆਂ ਵੀ ਬਣਾ ਸਕਣਗੇ।

## ਡਾਲਟਨ ਸਿਖਿਆ-ਢੰਗ

ਡਾਲਟਨ ਸਿਖਿਆ-ਢੰਗ ਦਾ ਨਿਸ਼ਾਨਾ ਬੱਚੇ ਨੂੰ ਆਪਣੀ ਪੜ੍ਹਾਈ ਵਿਚ ਆਪਣੇ ਆਸਰੇ ਤੇ ਕਰਨਾ ਹੈ। ਬੱਚੇ ਆਮ ਤੌਰ ਤੇ ਆਪਣੀ ਪੜ੍ਹਾਈ ਲਈ ਉਸਤਾਦ ਉਤੇ ਪੂਰੇ ਪੂਰੇ ਨਿਰਭਰ ਹੁੰਦੇ ਹਨ। ਉਨ੍ਹਾਂ ਦੀ ਉਸਤਾਦ ਉਤੇ ਨਿਰਭਰਤਾ ਇੰਨੀ ਹੁੰਦੀ ਹੈ ਕਿ ਉਨ੍ਹਾਂ ਨੂੰ ਆਮ ਕਰਕੇ ਇਹ ਵੀ ਪਤਾ ਨਹੀਂ ਹੁੰਦਾ ਜੁ ਕਲ੍ਹ ਕੀ ਪੜ੍ਹਨਾ ਹੈ। ਉਨ੍ਹਾਂ ਨੂੰ ਕਿਸੇ ਪਰੀਖਿਆ ਦੀ ਤਿਆਰੀ ਕਰਨੀ ਹੈ—ਅਜਿਹੀ ਜ਼ਿਮੇਵਾਰੀ ਵੀ ਬੜੇ ਥੋੜੇ ਬਚੇ ਪਰਤੀਤ ਕਰਦੇ ਹਨ। ਆਮ ਕਰਕੇ ਉਸਤਾਦ ਹੀ ਇਸ ਬਾਰੇ ਸਭ ਕੁਝ ਸੋਚਦੇ ਹਨ। ਫਿਰ ਕਿਸੇ ਗਲ ਨੂੰ ਜਾਣਨ ਲਈ ਪੁਸਤਕ ਨੂੰ ਚੁਕਕੇ ਪੜ੍ਹਨਾ ਜਾਂ ਕਿਸੇ ਔਖੇ ਸਵਾਲ ਨੂੰ ਹਲ ਕਰਨ ਦਾ ਯਤਨ ਕਰਨਾ ਤਾਂ ਗੱਲਾਂ ਹੀ ਵਖਰੀਆਂ ਹੋਈਆਂ। ਜਿਹੜੀ ਕਿਤਾਬ ਦਾ ਉਸਤਾਦ ਨਾਂ ਲੈ ਦੇਵੇ ਜਾਂ ਕਿਸੇ ਗੱਲ ਨੂੰ ਪੜ੍ਹਨ ਲਈ ਕਹਿ ਦੇਵੇ, ਬਸ ਉਸ ਕਿਤਾਬ ਨੂੰ ਹੀ ਬਚੇ ਪੜ੍ਹਦੇ ਹਨ। ਇਹ ਪੜ੍ਹਨਾ ਵੀ ਕਿਹੋ ਜਿਹਾ ਹੁੰਦਾ ਹੈ! ਬਹੁਤਾ ਤਾਂ ਪੜ੍ਹੀ ਹੋਈ ਸੈਥਾਂ ਨੂੰ ਘਰ ਜਾ ਕੇ ਘੋਟਾ ਲਾਉਣਾ ਹੀ ਹੁੰਦਾ ਹੈ। ਕਈਆਂ ਬਚਿਆਂ ਕੋਲ ਪੁਛਣ ਲਈ ਆਪਣਾ ਕੋਈ ਸੁਆਲ ਹੀ ਨਹੀਂ ਹੁੰਦਾ। ਜਿਹੜੇ ਸੁਆਲ ਉਸਤਾਦ ਘਰ ਕਰਨ ਲਈ ਦਿੰਦਾ ਹੈ ਉਹ ਵੀ ਭਾਰ ਹੀ ਸਮਝਦੇ ਹਨ ਅਤੇ ਕਿਵੇਂ ਨਾ ਕਿਵੇਂ ਉਸਤਾਦ ਦੇ ਦੱਸੇ ਢੰਗ ਨਾਲ ਹੱਲ ਕਰਨ ਦਾ ਯਤਨ ਕਰਦੇ ਹਨ। ਆਪਣੀ ਕੋਈ ਨਵੀਂ ਖੋਜ ਕਰਨ ਦੀ ਲਗਨ ਨਹੀਂ ਹੁੰਦੀ।

ਜਮਾਤ ਵਿਚ ਜਿਹੜਾ ਪੜ੍ਹਨ-ਪੜ੍ਹਾਉਣ ਹੁੰਦਾ ਹੈ ਉਸ ਵਿਚ ਵਧੇਰੇ ਉਸਤਾਦ ਦਾ ਹਿੱਸਾ ਹੀ ਹੁੰਦਾ ਹੈ। ਉਸ ਨੂੰ ਇਹ ਸੋਚਣਾ ਪੈਂਦਾ ਹੈ ਕਿ ਬਚੇ ਨੂੰ ਫਲਾਣਾ ਪਾਠ ਕਿਸੇ ਨਾ

ਕਿਸੇ ਤਰ੍ਹਾਂ ਯਾਦ ਹੋ ਜਾਵੇ। ਉਸਦਾ ਵੱਡਾ ਨਿਸ਼ਾਨਾ ਪਾਠ ਨੂੰ ਬਚਿਆਂ ਕੋਲੋਂ ਯਾਦ ਕਰਵਾਉਣਾ ਹੁੰਦਾ ਹੈ। ਬੱਚੇ ਆਮ ਕਰਕੇ ਜਾਂ ਤਾਂ ਉਸਤਾਦ ਦੀ ਨਕਲ ਕਰਦੇ ਹਨ ਜਾਂ ਉਸ ਦੇ ਪੁੱਛੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਰਹਿੰਦੇ ਹਨ। ਜਮਾਤ ਵਿਚ ਜ਼ਬਤ ਦੀ ਪਰਧਾਨਤਾ ਹੁੰਦੀ ਹੈ। ਇਕਵਾਰੀ ਇਕ ਹੀ ਕੰਮ ਨੂੰ ਸਾਰੇ ਬਚੇ ਕਰਦੇ ਹਨ। ਕੰਮ ਨਿਸਚਿਤ ਸਮੇਂ ਤਕ ਟਾਈਮ-ਟੇਬਲ ਅਨੁਸਾਰ ਹੁੰਦਾ ਹੈ। ਘੰਟੀ ਵਜਣ ਨਾਲ ਇਕ ਦੱਮ ਕਿਸੇ ਖਾਸ ਤਰ੍ਹਾਂ ਦਾ ਕੰਮ ਮੁੱਕ ਜਾਂਦਾ ਹੈ ਅਤੇ ਦੂਜੀ ਕਿਸਮ ਦਾ ਕੰਮ ਅਰਥਾਤ ਦੂਜੇ ਵਿਸ਼ੇ ਦਾ ਅਧਿਐਨ ਸ਼ੁਰੂ ਹੋ ਜਾਂਦਾ ਹੈ।

ਡਾਲਟਨ ਸਿਖਿਆ-ਢੰਗ ਇਸ ਤਰ੍ਹਾਂ ਦੀ ਹਾਲਤ ਨੂੰ ਬਦਲ ਦੇਣਾ ਚਾਹੁੰਦਾ ਹੈ। ਇਸ ਢੰਗ ਵਿਚ ਉਸਤਾਦ ਦਾ ਨਿਸ਼ਾਨਾ ਬੱਚੇ ਨੂੰ ਪਾਠ ਯਾਦ ਕਰਾਉਣਾ ਨਹੀਂ, ਸਗੋਂ ਪਾਠ ਯਾਦ ਕਰਨ ਦੀ ਰੀਤੀ ਸਮਝਾਉਣਾ ਹੈ। ਜਿਸ ਬੱਚੇ ਨੂੰ ਕਿਸੇ ਵਿਸ਼ੇ ਦਾ ਗਿਆਨ ਪਰਾਪਤ ਕਰਨ ਦਾ ਢੰਗ ਆ ਜਾਏ ਉਸ ਨੂੰ ਪੈਰ ਪੈਰ ਉਤੇ ਉਸਤਾਦ ਦੀ ਸਹਾਇਤਾ ਦੀ ਲੋੜ ਨਹੀਂ ਰਹਿੰਦੀ। ਉਹ ਆਪਣੀ ਜ਼ਿੰਮੇਵਾਰੀ ਨੂੰ ਆਪ ਪਰਤੀਤ ਕਰਦਾ ਹੈ। ਉਸ ਦੇ ਮਨ ਵਿਚ ਅਨੇਕਾਂ ਪ੍ਰਸ਼ਨ ਆਪਣੇ ਆਪ ਉਠਦੇ ਹਨ ਅਤੇ ਉਹ ਇਨ੍ਹਾਂ ਪ੍ਰਸ਼ਨਾਂ ਨੂੰ ਹੱਲ ਕਰਨ ਦਾ ਰਾਹ ਲਭਣ ਦਾ ਯਤਨ ਵੀ ਕਰਦਾ ਹੈ। ਉਸਤਾਦ ਦੀ ਸਹਾਇਤਾ ਉਹ ਉੱਥੇ ਹੀ ਲੈਂਦਾ ਹੈ ਜਿਥੇ ਉਹ ਆਪਣੇ ਆਪ ਨੂੰ ਪ੍ਰਸ਼ਨ ਹੱਲ ਕਰਨ ਵਿਚ ਅਸਮੱਰਥ ਵੇਖਦਾ ਹੈ। ਸਕੂਲ ਵਿਚ ਜਾਕੇ ਉਹ ਆਪਣੇ ਵਿਅਕਤਿਤਵ ਅਤੇ ਸੋਵਅਧੀਨਤਾ ਨੂੰ ਨਹੀਂ ਗੁਆ ਲੈਂਦਾ। ਉਹ ਉੱਥੇ ਵੀ ਸੁਤੰਤਰ ਵਿਅਕਤੀ ਵਾਂਗ ਉਸਤਾਦ ਅਤੇ ਹੋਰ ਬਚਿਆਂ ਦੀ ਸਹਾਇਤਾ ਨਾਲ ਵਿਦਿਆ ਦਾ ਅਧਿਐਨ ਕਰਦਾ ਹੈ।

## ਡਾਲਟਨ ਸਿਖਿਆ-ਢੰਗ ਦੀਆਂ ਵਿਸ਼ੇਸ਼ਤਾਵਾਂ

ਡਾਲਟਨ ਸਿਖਿਆ-ਢੰਗ ਦੇ ਉਪਰ ਦਸੇ ਮੰਤਵ ਨੂੰ ਪਰਾਪਤ ਕਰਨ ਲਈ ਪਰਚਲਤ ਸਿਖਿਆ ਢੰਗ ਵਿਚ ਬੁਨਿਆਦੀ ਤਬਦੀਲੀਆਂ ਕਰਨੀਆਂ ਜ਼ਰੂਰੀ ਹਨ। ਡਾਲਟਨ ਸਿਖਿਆ ਢੰਗ ਸਾਡੇ ਪਰਚਲਤ ਸਿਖਿਆ ਢੰਗ ਨਾਲੋਂ ਇੰਨਾ ਵਖਰਾ ਹੈ ਕਿ ਕਿਸੇ ਵੀ ਸਕੂਲ ਵਿਚ ਉਸਨੂੰ ਇਕ ਦੱਮ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਸਿਖਿਆ ਢੰਗ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ।

੧. ਜਮਾਤ ਦੀ ਥਾਂ ਵਿਅਕਤੀ ਦੀ ਪਰਧਾਨਤਾ।

੨. ਉਸਤਾਦ ਦੇ ਪੜ੍ਹਾਈ ਕਰਾਉਣ ਦੀ ਥਾਂ ਸਵੈ-ਅਧਿਐਨ ਦੀ ਪਰਧਾਨਤਾ।

੩. ਬਝਵੇਂ ਟਾਈਮ ਟੇਬਲ ਦੀ ਥਾਂ ਸੁਤੰਤਰਤਾ ਨਾਲ ਕੰਮ ਕਰਨ ਦੀ ਪਰਧਾਨਤਾ।

੪. ਜਮਾਤ ਦੇ ਕਮਰੇ ਦੀ ਥਾਂ ਲੈਬਾਰੇਟਰੀ ਤੋਂ ਕੰਮ ਲਿਆ ਜਾਣਾ।

੫. ਜਮਾਤ ਦੀ ਪੜ੍ਹਾਈ ਦੀ ਥਾਂ 'ਅਸਾਂਈਨਮੈਂਟ' ਤੋਂ ਕੰਮ ਲਿਆ ਜਾਣਾ।

੬. ਕੰਮ ਨੂੰ ਇਕ ਚਾਲ ਨਾਲ ਕਰਨ ਦੀ ਥਾਂ ਵਖ ਵਖ ਚਾਲਾਂ ਨਾਲ ਕਰਨਾ।

੭. ਉਸਤਾਦ ਦੇ ਪਰਬੰਧਕ ਹੋਣ ਦੀ ਥਾਂ ਰਾਹ ਵਿਖਾਉਣ ਵਾਲਾ ਹੋਣਾ।

੮. ਸਧਾਰਨ ਪਰੀਖਿਆਵਾਂ ਦੀ ਥਾਂ ਹਰ ਰੋਜ਼ ਦਾ ਕੰਮ ਗ੍ਰਾਫ ਰਾਹੀਂ ਰੇਖਾ ਅੰਕਿਤ

ਕੀਤਾ ਜਾਣਾ।

ਡਾਲਟਨ ਅਮਰੀਕਾ ਦਾ ਇਕ ਥਾਂ ਹੈ। ਇਸ ਥਾਂ ਉਤੇ ਹੀ ਉਪਰਲੇ ਸਿਖਿਆ-ਢੰਗ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਇਸ ਨਾਂ ਨਾਲ ਇਹ ਢੰਗ ਪਰਸਿਧ ਹੋ ਗਿਆ ਹੈ। ਇਸ ਸਿਖਿਆ ਢੰਗ ਦੀ ਕਾਢ ਕਢਣ ਵਾਲੀ ਮਿਸ ਪਾਰਖੁਰਸਟ ਹੈ। ਇਹ ਮੈਡਮ ਮਾਂਟਸੋਰੀ ਦੇ ਪੈਂਤੜਿਆਂ ਤੇ ਹੀ ਚਲਦੀ ਹੈ। ਇਨ੍ਹਾਂ ਦੇ ਸਿਧਾਂਤ ਮਿਲਦੇ ਜੁਲਦੇ ਹਨ। ਪਰ ਮਾਂਟਸੋਰੀ ਸਿਖਿਆ-ਢੰਗ ਛੋਟੇ ਬਚਿਆਂ ਲਈ ਹੈ ਅਤੇ ਡਾਲਟਨ ਸਿਖਿਆ-ਢੰਗ ਵਡਿਆਂ ਲਈ। ਇਥੇ ਉਪਰ ਕਹੀਆਂ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰਨਾ ਜ਼ਰੂਰੀ ਹੈ।

**ਵਿਅਕਤੀ ਦੀ ਪਰਧਾਨਤਾ:**—ਇਸ ਸਿਧਾਂਤ ਬਾਰੇ ਅਸੀਂ ਬਹੁਤ ਕੁਝ ਪਿਛਲੇ ਪਰਕਰਨ ਵਿਚ ਕਹਿ ਆਏ ਹਾਂ। ਆਧੁਨਿਕ ਕਾਲ ਵਿਚ ਹਰ ਥਾਂ ਵਿਅਕਤੀਵਾਦ ਅਤੇ ਸਮਾਜਵਾਦ ਵਿਚ ਭਾਰੀ ਘੋਲ ਹੋ ਰਿਹਾ ਹੈ। ਡਾਲਟਨ-ਢੰਗ ਸਿਖਿਆ ਵਿਚ ਵਿਅਕਤੀਵਾਦ ਦੀ ਸ਼ਕਲ ਸੂਰਤ ਹੈ। ਇਸ ਸਿਖਿਆ ਢੰਗ ਦਾ ਪਰਚਾਰ ਇੰਗਲੈਂਡ ਅਤੇ ਅਮਰੀਕਾ ਦੇ ਕੁਝ ਵਿਦਿਵਾਨਾਂ ਨੇ ਕੀਤਾ ਹੈ ਪਰ ਰੂਸ ਵਿਚ ਇਸਦਾ ਵਿਰੋਧ ਕੀਤਾ ਜਾਂਦਾ ਹੈ।

**ਸ੍ਵੈ-ਅਧਿਐਨ ਦੀ ਪਰਧਾਨਤਾ :**—ਜਿਸ ਤਰ੍ਹਾਂ ਮਾਂਟਸੋਰੀ ਸਿਖਿਆ-ਢੰਗ ਵਿਚ ਸ੍ਵੈ-ਆਸਰੇ ਹੋਣ ਦੇ ਸਿਧਾਂਤ ਨੂੰ ਪਕਿਆਂ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਡਾਲਟਨ ਸਿਖਿਆ-ਢੰਗ ਵਿਚ ਵੀ ਸ੍ਵੈ-ਆਸਰੇ ਹੋਣ ਦੇ ਸਿਧਾਂਤ ਨੂੰ ਪੱਕਿਆਂ ਕੀਤਾ ਜਾਂਦਾ ਹੈ। ਬੱਚਿਆਂ ਨੂੰ ਹਰ ਵਿਸ਼ੇ ਦਾ ਇਕ ਹਫਤੇ ਦਾ ਕੰਮ ਦੇ ਦਿੱਤਾ ਜਾਂਦਾ ਹੈ। ਇਹ ਕੰਮ ਇਕ ਪਰਚੇ ਉਤੇ ਲਿਖਿਆ ਹੁੰਦਾ ਹੈ। ਇਸ ਨੂੰ 'ਅਸਾਈਨਮੇਂਟ' ਕਹਿੰਦੇ ਹਨ। ਇਸ ਪਰਚੇ ਅਨੁਸਾਰ ਬੱਚੇ ਨੂੰ ਕੰਮ ਕਰਨਾ ਪੈਂਦਾ ਹੈ। ਪਰ ਉਸ ਨੂੰ ਖੁਲ੍ਹ ਹੁੰਦੀ ਹੈ ਕਿ ਉਹ ਕਿਸੇ ਵਿਸ਼ੇ ਦਾ ਕੰਮ ਪਹਿਲੋਂ ਕਰੇ ਜਾਂ ਪਿਛੋਂ। ਉਹ ਜਿੰਨਾ ਚਿਰ ਚਾਹੇ ਇਕ ਕੰਮ ਨੂੰ ਕਰ ਸਕਦਾ ਹੈ। ਜਦੋਂ ਤਕ ਇਕ ਕੰਮ ਵਿਚ ਉਸ ਦਾ ਮਨ ਲੱਗਾ ਰਹਿੰਦਾ ਹੈ ਤਦ ਤਕ ਉਸਨੂੰ ਉਸ ਕੰਮ ਵਿਚ ਲੱਗਿਆਂ ਰਹਿਣ ਦਿਤਾ ਜਾਂਦਾ ਹੈ ਅਤੇ ਜਦ ਕਿਸੇ ਕੰਮ ਤੋਂ ਉਸਦਾ ਮਨ ਅੱਕ ਜਾਂਦਾ ਹੈ ਤਾਂ ਉਸ ਕੰਮ ਨੂੰ ਛੱਡ ਦੇਣ ਦੀ ਉਸਨੂੰ ਖੁਲ੍ਹ ਹੁੰਦੀ ਹੈ। ਉਸਤਾਦ ਅਸ਼ਾਈਨਮੇਂਟ ਬਣਾਉਂਦਾ ਹੈ ਅਤੇ ਉਨ੍ਹਾਂ ਦੀ ਜਾਚ ਕਰਦਾ ਹੈ, ਜਦ ਬੱਚਾ ਸਹਾਇਤਾ ਮੰਗਦਾ ਹੈ ਤਾਂ ਉਸਨੂੰ ਸਹਾਇਤਾ ਦਿੰਦਾ ਹੈ ਪਰ ਕਿਸੇ ਕੰਮ ਲਈ ਮਜਬੂਰ ਨਹੀਂ ਕਰਦਾ।

**ਸਮੇਂ ਦੀ ਵੰਡ ਦਾ ਅਭਾਵ :**—ਡਾਲਟਨ ਸਿਖਿਆ-ਢੰਗ ਵਿਚ ਸਮੇਂ ਦੀ ਵੰਡ ਨੂੰ ਕੋਈ ਮਹੱਤਾ ਨਹੀਂ ਦਿਤੀ ਜਾਂਦੀ। ਘੰਟੇ ਵਜਦੇ ਹਨ ਪਰ ਇਕ ਬੱਚਾ ਜਿੰਨਾ ਚਿਰ ਚਾਹੇ ਇਕ ਕੰਮ ਵਿਚ ਲੱਗਿਆ ਰਹਿ ਸਕਦਾ ਹੈ।

**ਲੈਬਾਰੇਟਰੀ ਦਾ ਪਰਬੰਧ :**—ਡਾਲਟਨ ਸਿਖਿਆ-ਢੰਗ ਵਿਚ ਜਮਾਤ ਦੀ ਥਾਂ ਲੈਬਾਰੇਟਰੀ ਦਾ ਪਰਬੰਧ ਹੁੰਦਾ ਹੈ। ਇਥੇ ਬੱਚਿਆਂ ਨੂੰ ਸਭ ਤਰ੍ਹਾਂ ਦੀ ਪੜ੍ਹਨ ਲਿਖਣ ਦੀਆਂ ਸਹੂਲਤਾਂ ਹੁੰਦੀਆਂ ਹਨ। ਹਰ ਵਿਸ਼ੇ ਦੀ ਵੱਖ ਵੱਖ ਲੈਬਾਰੇਟਰੀ ਹੁੰਦੀ ਹੈ। ਇਨ੍ਹਾਂ ਵਿਚ ਕਈ ਤਰ੍ਹਾਂ ਦੇ ਵਿਸ਼ਿਆਂ ਦੀਆਂ ਪੁਸਤਕਾਂ ਰਖੀਆਂ ਹੁੰਦੀਆਂ ਹਨ। ਉਥੇ ਇਕ ਉਸਤਾਦ ਹੁੰਦਾ ਹੈ। ਉਹ ਵੇਖਦਾ ਹੈ ਕਿ ਬੱਚਾ ਆਪਣਾ ਸਮਾਂ ਗੱਪਾਂ ਮਾਰਨ ਜਾਂ ਵਿਹਲਿਆਂ ਰਹਿਣ ਵਿਚ ਤਾਂ ਨਹੀਂ ਖਰਚ ਕਰਦਾ। ਇਹ ਉਸਤਾਦ ਬੱਚੇ ਨੂੰ ਜਿਥੇ ਲੋੜ ਪਵੇ, ਸਹਾਇਤਾ ਦਿੰਦਾ ਹੈ।

**ਅਸਾਈਨਮੈਂਟ ਦਾ ਪਰਬੰਧ :-** ਅਸਾਈਨਮੈਂਟ ਕੰਮ ਦੇ ਲੇਖੇ ਦਾ ਨਾਂ ਹੈ। ਬੱਚੇ ਨੂੰ ਪੂਰੇ ਸਾਤੇ ਲਈ ਅਸਾਈਨਮੈਂਟ ਦੇ ਰੂਪ ਵਿਚ ਕੰਮ ਦੇ ਦਿੱਤਾ ਜਾਂਦਾ ਹੈ। ਅਸਾਈਨਮੈਂਟ ਵਿਚ ਲਿਖਿਆ ਹੁੰਦਾ ਹੈ ਕਿ ਬੱਚਾ ਕਿਹੜਾ ਕੰਮ ਕਰੇ। ਆਪਣੇ ਕੰਮ ਨੂੰ ਪੂਰਾ ਕਰਨ ਲਈ ਯੋਗ ਪੁਸਤਕਾਂ ਸੁਝਾ ਦਿਤੀਆਂ ਜਾਂਦੀਆਂ ਹਨ। ਅਸਾਈਨਮੈਂਟ ਦਾ ਬਣਾਉਣਾ ਇਕ ਭਾਰੀ ਕੰਮ ਹੈ। ਇਸ ਨੂੰ ਸਿਆਣਾ ਉਸਤਾਦ ਹੀ ਬਣਾ ਸਕਦਾ ਹੈ। ਸਾਰੀ ਜਮਾਤ ਲਈ ਸਾਤੇ ਭਰ ਦੀ ਇਕ ਅਸਾਈਨਮੈਂਟ ਹੀ ਹੁੰਦੀ ਹੈ। ਇਹ ਨਾਂ ਤੇ ਬਹੁਤ ਔਖੀ ਹੋਣੀ ਚਾਹੀਦੀ ਹੈ ਅਤੇ ਨਾ ਬਹੁਤੀ ਸੌਖੀ। ਜੇ ਬਹੁਤ ਔਖੀ ਅਸਾਈਨਮੈਂਟ ਹੋਈ ਤਾਂ ਬੱਚੇ ਹੌਂਸਲਾ ਛਡ ਜਾਣਗੇ ਜਾਂ ਨਕਲ ਕਰਕੇ ਆਪਣਾ ਕੰਮ ਕਰਨਗੇ। ਜੇ ਅਸਾਈਨਮੈਂਟ ਸੌਖੀ ਹੋਈ ਤਾਂ ਬੱਚੇ ਛੇਤੀ ਕੰਮ ਪੂਰਾ ਕਰਕੇ ਵਾਧੂ ਵਕਤ ਵਿਅਰਥ ਗੁਆਉਣਗੇ। ਸੌਖੀ ਅਸਾਈਨਮੈਂਟ ਨਾਲ ਬਚਿਆਂ ਦੀ ਕਾਫ਼ੀ ਬੌਧਿਕ ਸਿਖਿਆ ਨਹੀਂ ਹੁੰਦੀ ਅਤੇ ਉਨ੍ਹਾਂ ਦੀ ਇੱਛਾ ਸ਼ਕਤੀ ਵਿਚ ਪਕਿਆਈ ਆਉਂਦੀ ਹੈ।

ਜਦ ਬੱਚਾ ਆਪਣ ਕੰਮ ਨੂੰ ਪੂਰਾ ਕਰ ਲੈਂਦਾ ਹੈ ਤਾਂ ਉਹ ਉਸਨੂੰ ਉਸ ਵਿਸ਼ੇ ਦੇ ਉਸਤਾਦ ਨੂੰ ਵਿਖਾਉਂਦਾ ਹੈ। ਉਸਤਾਦ ਉਸ ਵਿਚੋਂ ਕਈ ਗੱਲਾਂ ਪੁਛਕੇ ਇਹ ਜਾਣਨ ਦਾ ਯਤਨ ਕਰਦਾ ਹੈ ਕਿ ਕੰਮ ਬੱਚੇ ਆਪ ਹੀ ਕੀਤਾ ਹੋਇਆ ਹੈ। ਡਾਲਟਨ ਸਿਖਿਆ ਢੰਗ ਵਿਚ ਜਮਾਤ ਦੇ ਉਸਤਾਦਾਂ ਦੀ ਥਾਂ ਵਿਸ਼ੇ ਦੇ ਉਸਤਾਦ ਹੁੰਦੇ ਹਨ। ਹਰ ਉਸਤਾਦ ਆਪੋ ਆਪਣੇ ਵਿਸ਼ੇ ਲਈ ਜ਼ਿੰਮੇਵਾਰ ਹੁੰਦਾ ਅਤੇ ਉਹ ਆਪਣੇ ਵਿਸ਼ੇ ਵਿਚ ਕਿਸੇ ਬੱਚੇ ਨੂੰ ਪਿੱਛੇ ਨਹੀਂ ਰਹਿਣ ਦਿੰਦਾ। ਉਹ ਸਮੇਂ ਸਿਰ ਬੱਚੇ ਤੋਂ ਆਪਣੇ ਕੰਮ ਦਾ ਹਿਸਾਬ ਲੈਂਦਾ ਹੈ। ਹਰ ਉਸਤਾਦ ਕੋਲ ਆਪਣੇ ਵਿਸ਼ੇ ਦੇ ਬੱਚਿਆਂ ਦੀ ਉੱਨਤੀ ਦਰਸਾਉਣ ਵਾਲਾ ਗਰਾਫ ਦਾ ਕਾਗਜ਼ ਹੁੰਦਾ ਹੈ। ਇਸ ਰਾਹੀਂ ਇਕ ਪਾਸੇ ਤਾਂ ਬੱਚਾ ਆਪਣੀ ਉੱਨਤੀ ਜਾਣਦਾ ਰਹਿੰਦਾ ਹੈ ਦੂਜੇ ਪਾਸੇ ਉਸਤਾਦ ਵੀ ਬੱਚੇ ਦੀ ਵਿਸ਼ੇ ਦੀ ਪੜ੍ਹਾਈ ਦੀ ਉੱਨਤੀ ਤੋਂ ਜਾਣੂ ਰਹਿੰਦਾ ਹੈ।

ਉਸਤਾਦਾਂ ਦੀਆਂ ਆਪਸ ਵਿਚ ਬੈਠਕਾਂ ਵੀ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਬੈਠਕਾਂ ਵਿਚ ਉਸਤਾਦ ਬੱਚਿਆਂ ਦੀ ਉੱਨਤੀ ਉਤੇ ਵਿਚਾਰ ਕਰਦੇ ਹਨ। ਜੇ ਕੋਈ ਬੱਚਾ ਕਿਸੇ ਵਿਸ਼ੇਸ਼ ਵਿਸ਼ੇ ਵਿਚ ਪਿਛੇ ਰਹਿ ਰਿਹਾ ਹੋਵੇ ਤਾਂ ਦੂਜੇ ਵਿਸ਼ੇ ਦੇ ਉਸਤਾਦ ਉਸਨੂੰ ਘਟ ਕੰਮ ਦੇ ਕੇ ਪਿਛੇ ਰਹੇ ਵਿਸ਼ੇ ਵਿਚ ਅੱਗੇ ਵਧਾਉਣ ਦਾ ਯਤਨ ਕਰਦੇ ਹਨ।

ਕਦੇ ਕਦੇ ਬੱਚੇ ਜਮਾਤ ਦੇ ਰੂਪ ਵਿਚ ਵੀ ਇੱਕਠੇ ਹੁੰਦੇ ਹਨ। ਇਸ ਸਮੇਂ ਉਹ ਉਸਤਾਦ ਦੀ ਵਿਆਖਿਆ ਨੂੰ ਸੁਣਦੇ ਹਨ। ਪੜ੍ਹਾਈ ਦੇ ਕੁਝ ਵਿਸ਼ੇ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਜਮਾਤ ਵਿਚ ਪੜ੍ਹਾਇਆਂ ਹੀ ਬਚਿਆਂ ਨੂੰ ਲਾਭ ਹੁੰਦਾ ਹੈ। ਅਜਿਹੀਆਂ ਗਲਾਂ ਨੂੰ ਪੜ੍ਹਾਉਣ ਲਈ ਇਕ ਹੀ ਯੋਗਤਾ ਦੇ ਬੱਚੇ ਇਕ ਥਾਂ ਇੱਕਠੇ ਹੁੰਦੇ ਹਨ। ਇਸ ਮੌਕੇ ਤੇ ਉਹ ਆਪਸ ਵਿਚ ਵਿਚਾਰ ਵਟਾਉਂਦੇ ਅਤੇ ਉਸਤਾਦ ਤੋਂ ਵੀ ਆਪਣੀਆਂ ਔਕੜਾਂ ਬਾਰੇ ਪੁਛਦੇ ਹਨ।

**ਵੱਖ ਵੱਖ ਕਿਸਮ ਦੀ ਚਾਲ:-** ਬੱਚਿਆਂ ਦੀ ਰੁਚੀ ਕੁਝ ਵਿਸ਼ਿਆਂ ਵਿਚ ਵਧੇਰੇ ਹੁੰਦੀ ਹੈ ਤੇ ਕੁਝ ਵਿਸ਼ਿਆਂ ਵਿਚ ਘਟ। ਇਸ ਲਈ ਇਹ ਕੁਦਰਤੀ ਹੈ ਕਿ ਜੇ ਉਨ੍ਹਾਂ ਨੂੰ ਸ੍ਵੈ-ਅਧਿਐਨ ਕਰਨ ਦੀ ਖੁਲ੍ਹ ਦਿੱਤੀ ਜਾਵੇ ਤਾਂ ਉਹ ਸਾਰਿਆਂ ਵਿਸ਼ਿਆਂ ਵਿਚ ਇਕੋ ਜਿਹੀ ਉੱਨਤੀ ਦੱਸਣ ਦੀ ਥਾਂ ਕੁਝ ਵਿਸ਼ਿਆਂ ਨੂੰ ਵਧੇਰੇ ਪੜ੍ਹਨਗੇ ਅਤੇ ਕੁਝ ਕੁ ਨੂੰ ਘੱਟ। ਉਸਤਾਦ ਇਸ ਗੱਲ ਨੂੰ ਜਾਣ ਲੈਣ ਤੇ ਬਚਿਆਂ ਨੂੰ ਉਚਿਤ ਕਾਰ ਵਿਹਾਰ ਵਿਚ ਲਾ ਸਕਦਾ ਹੈ।

ਬਾਲਕਾਂ ਦੀ ਰੁਚੀ ਨੂੰ ਜਾਣਨ ਦਾ ਅਵਸਰ ਜਿੰਨਾ ਡਾਲਟਨ ਸਿਖਿਆ-ਢੰਗ ਵਿਚ ਹੈ ਉੱਨਾ ਕਿਸੇ ਹੋਰ ਸਿਖਿਆ-ਢੰਗ ਵਿਚ ਨਹੀਂ।

**ਉਸਤਾਦ ਦਾ ਰਾਹ ਵਿਖਾਉਣ ਵਾਲਾ ਹੋਣਾ:**— ਡਾਲਟਨ ਸਿਖਿਆ-ਢੰਗ ਵਿਚ ਉਸਤਾਦ ਹਾਕਮ ਹੋਣ ਦੀ ਥਾਂ ਮਿਤਰ ਅਤੇ ਰਾਹ ਵਿਖਾਉਣ ਵਾਲੇ ਦੇ ਰੂਪ ਵਿਚ ਹੁੰਦਾ ਹੈ। ਇਹ ਸਿਖਿਆ ਢੰਗ ਇਕ ਤਰ੍ਹਾਂ ਨਾਲ ਬੰਧਨ ਰਹਿਤ ਜ਼ਬਤ ਦੇ ਸਿਧਾਂਤ ਨੂੰ ਵਰਤੋਂ ਵਿਚ ਲਿਆਉਂਦਾ ਹੈ! ਉਸਦਾਤ ਦੀ ਮੱਹਤਾ ਘਟ ਹੋਣ ਕਰਕੇ ਬੱਚੇ ਦੇ ਵਿਅਕਤੀਤਵ ਦੇ ਵਿਕਾਸ ਲਈ ਕਾਫੀ ਅਵਸਰ ਮਿਲਦਾ ਹੈ। ਉਸਤਾਦ ਦੇ ਵਿਅਕਤੀਤਵ ਦਾ ਪਰਭਾਵ ਜੇ ਬਚਿਆਂ ਤੇ ਵਧੇਰੇ ਪਵੇ ਤਾਂ ਉਹ ਬਚਿਆਂ ਦੇ ਵਿਅਕਤੀਤਵ ਦੇ ਵਿਕਾਸ ਵਿਚ ਰੋਕ ਬਣਦਾ ਹੈ। ਜਦ ਬੱਚਾ ਉਸਤਾਦ ਦੀ ਸਹਾਇਤਾ ਉੱਥੇ ਹੀ ਮੰਗਦਾ ਹੈ ਜਿਥੇ ਉਸ ਨੂੰ ਲੋੜ ਹੁੰਦੀ ਹੈ ਤਾਂ ਉਸ ਵਿਚ ਸਵੈ ਆਸਰੇ ਹੋਣ ਦੀ ਆਦਤ ਪੈਂਦੀ ਹੈ। ਇਸ ਤਰ੍ਹਾਂ ਬੱਚੇ ਵਿਚ ਸਵੈ—ਵਿਸ਼ਵਾਸ਼ ਦਾ ਵਾਧਾ ਹੁੰਦਾ ਹੈ।

**ਨਿਤ ਦਿਨ ਦੀ ਪਰੀਖਿਆ:**—ਡਾਲਟਨ ਸਿਖਿਆ ਢੰਗ ਵਿਚ ਪਰੀਖਿਆਵਾਂ ਦਾ ਭੂਤ ਬੱਚੇ ਦੇ ਸਿਰ ਤੇ ਸਵਾਰ ਨਹੀਂ ਹੁੰਦਾ। ਉਸਦਾ ਨਿਤ ਦਿਨ ਦਾ ਕੰਮ ਹੀ ਉਸਦੀ ਪਰੀਖਿਆ ਮੰਨ ਲਿਆ ਜਾਂਦਾ ਹੈ। ਜਿਹੜਾ ਬੱਚਾ ਨਿਸ਼ਚਿਤ ਕੰਮ ਨੂੰ ਪੂਰਾ ਕਰ ਲੈਂਦਾ ਹੈ, ਉਸ ਨੂੰ ਸਾਲ ਦੇ ਅੰਤ ਵਿਚ ਸੁਭਾਵਕ ਹੀ ਅਗਲੀ ਜਮਾਤ ਵਿਚ ਵਿਚ ਚੜ੍ਹਾ ਦਿੱਤਾ ਜਾਂਦਾ ਹੈ। ਆਪਣੇ ਕੰਮ ਨੂੰ ਪੂਰਾ ਕਰਨਾ ਉਸਦੇ ਆਪਣੇ ਵੱਸ ਦੀ ਗਲ ਹੁੰਦੀ ਹੈ। ਬੱਚੇ ਦੇ ਕੰਮ ਦਾ ਲੇਖਾ ਠੀਕ ਠੀਕ ਰਖਿਆ ਜਾਂਦਾ ਹੈ ਅਤੇ ਇਸੇ ਅਨੁਸਾਰ ਬੱਚੇ ਨੂੰ ਅਗਲੀ ਜਮਾਤ ਵਿਚ ਚੜ੍ਹਾਇਆ ਜਾਂਦਾ ਹੈ। ਇਸ ਤਰ੍ਹਾਂ ਬੱਚਾ ਸਾਲ ਭਰ ਇਕਸਾਰ ਕੰਮ ਕਰਦਾ ਰਹਿੰਦਾ ਹੈ। ਸਾਡੀਆਂ ਸਧਾਰਨ ਪਰੀਖਿਆਵਾਂ ਵਿਚ ਬੱਚਾ ਪਰੀਖਿਆ ਸਿਰ ਤੇ ਆ ਜਾਣ ਤੇ ਤਾਂ ਬਹੁਤਾ ਕੰਮ ਕਰਦਾ ਹੈ ਪਰ ਅੱਗੇ ਪਿਛੇ ਉੱਨੀ ਮਿਹਨਤ ਨਹੀਂ ਕਰਦਾ। ਇਸ ਕਰਕੇ ਉਸਦੀ ਬੁਧੀ ਦਾ ਸਮੁਚਾ ਵਿਕਾਸ ਨਹੀਂ ਹੁੰਦਾ। ਡਾਲਟਨ ਸਿਖਿਆ ਢੰਗ ਇਸ ਦੋਸ਼ ਤੋਂ ਬਚਿਆ ਹੋਇਆ ਹੈ।

## ਡਾਲਟਨ ਸਿਖਿਆ-ਢੰਗ ਦੀ ਪੜਚੋਲ

ਅਸਾਂ ਉਪਰ ਡਾਲਟਨ ਸਿਖਿਆ-ਢੰਗ ਦੀਆਂ ਵਿਸ਼ੇਸ਼ਤਾਈਆਂ ਦਰਸਾਈਆਂ ਹਨ। ਹੁਣ ਅਸੀਂ ਵੇਖਣਾ ਹੈ ਕਿ ਇਹ ਸਿਖਿਆ-ਢੰਗ ਵਰਤਮਾਨ ਸਿਖਿਆ-ਢੰਗ ਨਾਲੋਂ ਅਸਲ ਵਿਚ ਕਿਥੋਂ ਕੁ ਤਕ ਵਧੀਆ ਹੈ ਅਤੇ ਅਸੀਂ ਆਪਣੇ ਸਕੂਲਾਂ ਵਿਚ ਕਿਥੋਂ ਕੁ ਤਕ ਇਸ ਸਿਖਿਆ-ਢੰਗ ਦੀ ਵਰਤੋਂ ਕਰਦੇ ਹਾਂ।

ਇਸ ਸਿਖਿਆ-ਢੰਗ ਨਾਲ ਬਚਿਆਂ ਵਿਚ ਵਿਅਕਤੀਤਵ ਦਾ ਭਾਵ ਵਧਦਾ ਹੈ। ਇਹ ਭਾਵ ਵਧੇਰੇ ਵਧ ਜਾਣ ਨਾਲ ਬੱਚੇ ਵਿਚ ਸਵਾਰਥੀਪਣ ਆ ਜਾਣ ਦਾ ਡਰ ਹੁੰਦਾ ਹੈ। ਵਿਅਕਤੀਤਵ ਤੇ ਜ਼ੋਰ ਦੇਣ ਨਾਲ ਬੱਚੇ ਵਿਚ ਅਭਿਮਾਨ ਦਾ ਹੋ ਜਾਣਾ ਵੀ ਕੁਦਰਤੀ ਹੈ। ਇਸ ਨਾਲ ਬੱਚੇ ਦੇ ਸਮਾਜਿਕ ਭਾਵਾਂ ਦੇ ਵਿਚ ਰੋਕ ਪੈ ਜਾਣ ਦਾ ਡਰ ਹੋ ਜਾਂਦਾ ਹੈ। ਸਾਡੇ ਵਰਤਮਾਨ ਜਮਾਤ-ਢੰਗ ਵਿਚ ਬਚਿਆਂ ਦੇ ਇਕੱਠਿਆਂ ਰਹਿਣ ਨਾਲ, ਇਕ ਗਲ ਨੂੰ ਇਕੱਠਿਆਂ ਪੜ੍ਹਨ ਨਾਲ ਇਕ ਹੀ ਉਸਤਾਦ ਦੇ ਜ਼ਬਤ ਵਿਚ ਰਹਿਣ ਸਮਾਜਿਕ ਭਾਵਾਂ ਦਾ ਜਿੰਨਾ ਚੰਗਾ ਵਿਕਾਸ ਹੁੰਦਾ ਹੈ, ਦੂਜੇ ਕਿਸੇ ਢੰਗ ਨਾਲ ਨਹੀਂ ਹੁੰਦਾ। ਇਸ ਲਈ ਜੇ ਅਸੀਂ ਬੱਚਿਆਂ ਵਿਚ ਸਮਾਜਿਕ

ਭਾਵਾਂ ਦਾ ਵਾਧਾ ਚਾਹੁੰਦੇ ਹਾਂ ਤਾਂ ਜਮਾਤ-ਪੜ੍ਹਾਈ ਢੰਗ ਦਾ ਭਾਵੇਂ ਇਸ ਵਿਚ ਕਿੰਨੇ ਹੀ ਦੋਸ਼ ਕਿਉਂ ਨਾ ਹੋਣ, ਤਿਆਗ ਨਹੀਂ ਕਰਨਾ ਚਾਹੀਦਾ।

ਜਮਾਤ ਪੜ੍ਹਾਈ-ਢੰਗ ਵਿਚ ਕਈ ਬੱਚੇ, ਇਕੱਠਿਆਂ, ਉਸਤਾਦ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਤੋਂ ਲਾਭ ਉਠਾਉਂਦੇ ਹਨ। ਡਾਲਟਨ ਸਿਖਿਆ-ਢੰਗ ਵਿਚ ਇਕੱਲੇ ਇਕੱਲੇ ਬੱਚੇ ਨੂੰ ਵੱਖ ਵੱਖ ਸਮਾਂ ਦੇਣਾ ਪੈਂਦਾ ਹੈ। ਇਸ ਕਰਕੇ ਹਰ ਉਸਤਾਦ ਥੋੜ੍ਹੇ ਹੀ ਬੱਚਿਆਂ ਨੂੰ ਸੰਭਾਲ ਸਕਦਾ ਹੈ। ਅਸਲ ਵਿਚ ਜਿੰਨੇ ਬੱਚੇ ਜਮਾਤ ਪੜ੍ਹਾਈ-ਢੰਗ ਰਾਹੀਂ ਇਕ ਉਸਤਾਦ ਤੋਂ ਪੜ੍ਹਾਏ ਜਾ ਸਕਦੇ ਹਨ ਉਸ ਤੋਂ ਅੱਧੇ ਹੀ ਡਾਲਟਨ ਸਿਖਿਆ-ਢੰਗ ਰਾਹੀਂ ਪੜ੍ਹਾਏ ਜਾ ਸਕਦੇ ਹਨ। ਇਸ ਤਰ੍ਹਾਂ ਡਾਲਟਨ ਸਿਖਿਆ-ਢੰਗ ਵਿਚ ਵਧੇਰੇ ਉਸਤਾਦਾਂ ਦੀ ਲੋੜ ਹੁੰਦੀ ਹੈ। ਇਸ ਲਈ ਅਮੀਰ ਦੇਸਾਂ ਵਿਚ ਹੀ ਇਸ ਢੰਗ ਨੂੰ ਸਮੁਚੇ ਦੇਸ ਵਿਚ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਅਮਰੀਕਾ ਵਿਚ ਇਸ ਦੇ ਵਧੇਰੇ ਤਜਰਬੇ ਹੋਏ ਹਨ। ਹੋਰ ਦੂਸਰੇ ਦੇਸਾਂ ਵਿਚ ਇਸ ਢੰਗ ਦਾ ਪਸਾਰ ਨਹੀਂ ਹੋਇਆ। ਹਾਲੀ ਤਕ ਇਹ ਸਿਖਿਆ-ਢੰਗ ਤਜਰਬੇ ਦੀ ਅਵਸਥਾ ਵਿਚ ਹੀ ਹੈ। ਰੂਸ ਦੇ ਸਿਖਿਆ-ਵਿਗਿਆਨਿਕ ਇਸ ਢੰਗ ਨੂੰ ਪੂੰਜੀ-ਪਤੀਆਂ ਦਾ ਸਿਖਿਆ ਢੰਗ ਮੰਨਦੇ ਹਨ। ਰੂਸ ਨੇ ਇਸ ਨੂੰ ਛਡਣ ਯੋਗ ਸਮਝਿਆ ਹੈ। ਭਾਰਤ ਵਰਸ਼ ਵਿਚ ਧਨ ਦੀ ਘਾਟ ਹੈ। ਇਸ ਕਰਕੇ ਇਸ ਸਿਖਿਆ-ਢੰਗ ਦੇ ਗਿਆਨ ਦਾ ਇਸ ਦੇਸ ਵਿਚ ਪਰਚਾਰ ਹੋਣਾ ਸੰਭਵ ਨਹੀਂ।

ਇਸ ਗੱਲ ਵਿਚ ਭਾਰੀ ਸ਼ੱਕ ਹੈ ਕਿ ਡਾਲਟਨ ਸਿਖਿਆ-ਢੰਗ ਰਾਹੀਂ ਸਾਰੇ ਬੱਚਿਆਂ ਦੀ ਸਮੁੱਚੀ ਸਿਖਿਆ ਹੋ ਸਕਦੀ ਹੈ। ਕਈ ਬੱਚੇ ਦੂਜਿਆਂ ਦੀ ਸਹਾਇਤਾ ਨਾਲ ਆਪਣੇ ਕੰਮ ਕਰ ਲੈਂਦੇ ਹਨ। ਉਹ ਕਦੇ ਕਦੇ ਦੂਜਿਆਂ ਦੀ ਨਕਲ ਮਾਰ ਲੈਂਦੇ ਹਨ। ਉਸਤਾਦ ਨੂੰ ਇਸ ਬਾਰੇ ਸਦਾ ਹੁਸ਼ਿਆਰ ਰਹਿਣਾ ਪੈਂਦਾ ਹੈ। ਉਸਤਾਦ ਲਈ ਸਾਰੇ ਬਚਿਆਂ ਦੀ ਉੱਨਤੀ ਵਿਚ ਇਕੋ ਜਿਹੀ ਰੁਚੀ ਰਖਣਾ ਵੀ ਔਖਾ ਹੈ। ਜਿਨ੍ਹਾਂ ਬੱਚਿਆਂ ਦੀ ਉਨਤੀ ਵਿਚ ਉਸਦੀ ਰੁਚੀ ਨਹੀਂ ਹੁੰਦੀ ਉਨ੍ਹਾਂ ਦੇ ਸੁਆਲਾਂ ਨੂੰ ਟਾਲ ਦਿੰਦਾ ਹੈ। ਬੱਚਾ ਵੀ ਜਿਸ ਉਸਤਾਦ ਨੂੰ ਚਾਹੁੰਦਾ ਹੈ ਉਸ ਦਾ ਕੰਮ ਠੀਕ ਤਰ੍ਹਾਂ ਕਰਦਾ ਹੈ ਅਤੇ ਜਿਨ੍ਹਾਂ ਦੀ ਉਨਤੀ ਵਿਚ ਉਸਦੀ ਰੁਚੀ ਨਹੀਂ ਹੁੰਦੀ ਉਨ੍ਹਾਂ ਦੇ ਸੁਆਲਾਂ ਨੂੰ ਟਾਲ ਦਿੰਦਾ ਹੈ। ਬੱਚਾ ਵੀ ਜਿਸ ਉਸਤਾਦ ਨੂੰ ਚਾਹੁੰਦਾ ਹੈ ਉਸਦਾ ਕੰਮ ਠੀਕ ਤਰ੍ਹਾਂ ਕਰਦਾ ਹੈ ਅਤੇ ਜਿਸ ਉਸਤਾਦ ਲਈ ਕੋਈ ਵਿਸ਼ੇਸ਼ ਬੱਚਾ ਪਿਆਰ ਜਾਂ ਆਦਰ ਦੀ ਭਾਵਨਾ ਨਹੀਂ ਰਖਦਾ, ਉਹ ਉਸਦੇ ਨੇੜੇ ਜਾਣ ਤੋਂ ਵੀ ਝਿਜਕਦਾ ਹੈ। ਇਸ ਤਰ੍ਹਾਂ ਉਸ ਦੀ ਪਾਠ ਵਿਚ ਉਨਤੀ ਨਹੀਂ ਹੁੰਦੀ।

ਡਾਲਟਨ ਸਿਖਿਆ ਢੰਗ ਵਿਚ ਵਧੇਰੇ ਕੰਮ ਲਿਖ ਕੇ ਹੁੰਦਾ ਹੈ। ਜਿੰਨਾ ਇਸ ਸਿਖਿਆ-ਢੰਗ ਵਿਚ ਕਾਗਜ ਦਾ ਖਰਚ ਹੁੰਦਾ ਹੈ ਉੱਨਾ ਕਿਸੇ ਹੋਰ ਸਿਖਿਆ-ਢੰਗ ਵਿਚ ਨਹੀਂ, ਪਰ ਬੱਚਾ ਜਿੰਨਾ ਬੋਲ ਕੇ ਆਪਣੇ ਵਿਚਾਰਾਂ ਨੂੰ ਪਰਗਟ ਕਰ ਸਕਦਾ ਹੈ ਉੱਨਾ ਉਹ ਲਿਖਕੇ ਨਹੀਂ ਕਰ ਸਕਦਾ। ਦੂਜੇ ਜਿੰਨਾ ਉਸਨੂੰ ਜਮਾਤ ਵਿਚ ਉਸਤਾਦ ਦੀਆਂ ਗੱਲਾਂ ਸੁਣਕੇ ਲਾਭ

ਹੁੰਦਾ ਹੈ, ਪੁਸਤਕ ਨੂੰ ਪੜ੍ਹਕੇ ਉਨ੍ਹਾ ਲਾਭ ਹੋਣਾ ਸੰਭਵ ਨਹੀਂ । ਕਿੱਨੇ ਹੀ ਬਚਿਆਂ ਵਿ
ਪੁਸਤਕਾਂ ਪੜ੍ਹਨ ਦੀ ਰੁਚੀ ਨਹੀਂ ਹੁੰਦੀ । ਅਜਿਹੇ ਬੱਚੇ ਉਸਤਾਦ ਦੀ ਵਿਆਖਿਆ ਤੋਂ ਲਾਭ
ਉਠਾਉਂਦੇ ਹਨ । ਡਾਲਟਨ ਸਿਖਿਆ-ਢੰਗ ਵਿਚ ਇਸ ਤਰ੍ਹਾਂ ਦੇ ਲਾਭ
ਦੀ ਸੰਭਾਵਨਾ ਨਹੀਂ । ਇਹ ਸਿਖਿਆ ਢੰਗ ਬਚਿਆਂ ਨੂੰ ਉਸਤਾਦ ਦੇ ਆਸਰੇ ਤੋਂ ਹਟਾਕੇ
ਪੁਸਤਕਾਂ ਦੇ ਆਸਰੇ ਦਾ ਅਭਿਆਸ ਕਰਾਉਂਦਾ ਹੈ ।

ਉਪਰ ਕਹੀਆਂ ਤ੍ਰੁਟੀਆਂ ਕਰਕੇ ਭਾਰਤ ਵਰਸ਼ ਦੇ ਸਕੂਲਾਂ ਲਈ ਅਸੀਂ ਇਸ
ਸਿਖਿਆ ਢੰਗ ਨੂੰ ਯੋਗ ਨਹੀਂ ਸਮਝਦੇ ।

★★

# ਗਿਆਰੂਵਾਂ ਪਰਕਰਨ

## ਬੇਸਿਕ ਸਿਖਿਆ-ਪਰਨਾਲੀ

### ਬੇਸਿਕ ਸਿਖਿਆ ਪਰਨਾਲੀ ਦਾ ਆਰੰਭ

ਭਾਰਤ ਵਰਸ਼ ਵਿਚ ਵਰਤਮਾਨ ਕਾਲ ਵਿਚ ਜਿਨ੍ਹਾਂ ਸਿਖਿਆ-ਪਰਨਾਲੀਆਂ ਦਾ ਪਰਚਾਰ ਹੋ ਰਿਹਾ ਹੈ ਉਨ੍ਹਾਂ ਵਿਚੋਂ ਬੇਸਿਕ ਸਿਖਿਆ-ਪਰਨਾਲੀ ਸਭ ਤੋਂ ਵਧੇਰੇ ਪਰਚਲਤ ਤੇ ਰਾਸ਼ਟਰ ਦੇ ਜੀਵਨ ਉਤੇ ਸਭ ਤੋਂ ਵਧੇਰੇ ਪਰਭਾਵ ਪਾਉਣ ਵਾਲੀ ਹੈ।

ਪੂਰੀ ਸਿਖਿਆ-ਪਰਨਾਲੀ ਦੀ ਕਾਢ ਭਾਰਤ ਵਰਸ਼ ਦੀ ਵਰਤਮਾਨ ਰਾਜਨੀਤਕ, ਸਮਾਜਿਕ ਅਤੇ ਆਰਥਿਕ ਹਾਲਤਾਂ ਦੇ ਕਰਕੇ ਹੋਈ। ਭਾਰਤ ਵਰਸ਼ ਦੇ ਰਾਜਨੀਤਕ ਸਮਾਜਿਕ ਆਗੂ ਮਹਾਤਮਾਂ ਗਾਂਧੀ ਹਨ। ਬੇਸਿਕ ਸਿਖਿਆ-ਪਰਨਾਲੀ ਉਨ੍ਹਾਂ ਦੇ ਵਿਚਾਰਾਂ ਨੂੰ ਸਿਖਿਆ ਦੇ ਖੇਤਰ ਵਿਚ ਅਮਲੀ ਰੂਪ ਦੇਣ ਦਾ ਯਤਨ ਕਰਦੀ ਹੈ।

ਜਦ ਪਹਿਲੋਂ ਪਹਿਲ ਪਾਂਤਿਕ ਰਾਜਾਂ ਦੀ ਵਾਗ ਡੋਰ ਭਾਰਤ ਵਰਸ਼ ਦੇ ਲੋਕਾਂ ਦੇ ਹੱਥ ਆਈ ਤਾਂ ਸਿਖਿਆ ਦੇ ਪਰਸ਼ਨ ਨੇ ਉਨ੍ਹਾਂ ਦੇ ਮਨ ਵਿਚ ਸਭ ਤੋਂ ਵਧ ਸੋਚ ਪੈਦਾ ਕੀਤੀ। ਸਭ ਤਰ੍ਹਾਂ ਦੇ ਸੁਧਾਰਾਂ ਦਾ ਅਧਾਰ ਸਿਖਿਆ ਦਾ ਸੁਧਾਰ ਹੁੰਦਾ ਹੈ। ਕਿਸੇ ਤਰ੍ਹਾਂ ਦੀ ਸਮਾਜਿਕ ਤਬਦੀਲੀ ਪੈਦਾ ਕਰਨ ਲਈ ਜਨਤਾ ਦਾ ਸੁਸਿਖਿਅਤ ਹੋਣਾ ਬੜਾ ਜ਼ਰੂਰੀ ਹੈ। ਇਸ ਦੀ ਅਣਹੋਂਦ ਵਿਚ ਜਿਹੜੇ ਸੁਧਾਰ ਕੀਤੇ ਜਾਂਦੇ ਹਨ, ਉਨ੍ਹਾਂ ਵਿਚ ਜਨਤਾ ਦੀ ਸ਼ੁਭ-ਇੱਛਾ ਨ ਹੋਣ ਕਰਕੇ, ਵਿਅਰਥ ਹੋ ਜਾਂਦੇ ਹਨ ਅਤੇ ਲੋਕ ਉਨ੍ਹਾਂ ਦੇ ਵਿਰੋਧ ਵਿਚ ਡਟ ਜਾਂਦੇ ਹਨ, ਫਿਰ ਪਰਜਾ-ਤੰਤਰ ਰਾਜ ਵਿਚ ਤਾਂ ਜਨਤਾ ਦੇ ਪੜ੍ਹੇ ਲਿਖੇ ਹੋਣ ਦੀ ਵਧੇਰੇ ਲੋੜ ਹੈ। ਪਰਜਾ-ਤੰਤਰ ਰਾਜ ਜਨਤਾ ਦੀ ਰਾਏ ਉੱਤੇ ਪੱਕੇ ਪੈਰਾਂ ਤੇ ਖੜੋ ਸਕਦਾ ਹੈ। ਪਰ ਜਦ ਜਨਤਾ ਵਿਚ ਸਿਖਿਆ ਦੀ ਅਣਹੋਂਦ ਹੋਵੇ ਤਾਂ ਸਮਾਜ ਦੇ ਕੁਝ ਚਤਰ ਲੋਕ ਇਕ ਵਾਰ ਅਧਿਕਾਰ ਪਰਾਪਤ ਕਰਕੇ ਉਨ੍ਹਾਂ ਨੂੰ ਜੱਫਾ ਹੀ ਮਾਰ ਲੈਂਦੇ ਹਨ ਅਤੇ ਜਨਤਾ ਦਾ ਮਨਚਾਹਿਆ ਅਯੋਗ ਲਾਭ ਉਠਾਉਂਦੇ ਹਨ ਅਤੇ ਝੂਠੇ ਪਰਚਾਰ ਨਾਲ ਜਨਤਾ ਨੂੰ ਭੁਲੇਖੇ ਵਿਚ ਰਖੀ ਰਖਦੇ ਹਨ। ਥੋੜ੍ਹਾ ਸਮਾਂ ਅਜਿਹੀ ਹਾਲਤ ਰਹਿਣ ਨਾਲ ਤਾਨਾ-ਸ਼ਾਹੀ ਰਾਜ ਬੱਝ ਜਾਂਦਾ ਹੈ। ਇਸ ਲਈ ਪਰਜਾ ਤੰਤਰ ਵਾਦ ਨੂੰ ਪਕਿਆਂ ਕਰਨ ਲਈ ਜਨਤਾ ਦਾ ਸੁਸਿਖਿਅਤ ਹੋਣਾ ਬੜਾ ਜ਼ਰੂਰੀ ਹੈ। ਜਨਤਾ ਦੇ ਸੁਸ਼ਿਖਿਅਤ ਹੋਣ ਨਾਲ ਰਾਜ ਵਿਚ ਤਬਦੀਲੀ ਲਿਆਉਣ ਲਈ ਵਡੀਆਂ ਵਡੀਆਂ ਬਗਾਵਤਾਂ ਕਰਨ ਦੀ ਲੋੜ ਨਹੀਂ ਹੁੰਦੀ। ਰਾਜ ਦੇ ਅਧਿਕਾਰੀ ਸੌਖੀ ਤਰ੍ਹਾਂ ਹੀ ਪਰਜਾ ਦੀ ਰਾਏ ਅਨੁਸਾਰ ਬਦਲ ਜਾਂਦੇ ਹਨ ਅਤੇ ਇਸ ਤਰ੍ਹਾਂ ਬਿਨਾਂ ਹਿੰਸਾ ਦੇ ਰਾਜ ਵਿਚ ਪਰਿਵਰਤਨ ਹੋ ਜਾਂਦਾ ਹੈ।

ਬੇਸਿਕ ਸਿਖਿਆ-ਪਰਨਾਲੀ ਦਾ ਅਧਾਰ ਮਹਾਤਮਾ ਗਾਂਧੀ ਦੇ ਵਿਚਾਰ ਹਨ।

ਮਹਾਤਮਾ ਗਾਂਧੀ ਨੇ ਸੰਨ ੧੯੩੯ ਵਿਚ ਸਿਖਿਆ ਸਬੰਧੀ ਕੁਝ ਲੇਖ ਹਰੀਜਨ ਵਿਚ ਪਰਕਾਸ਼ਤ ਕੀਤੇ ਸਨ। ਉਨ੍ਹਾਂ ਤੇ ਵਿਚਾਰ ਕਰਨ ਲਈ ੧੯੩੯ ਵਿਚ ਵਰਧਾ ਵਿਚ ਵਿਦਿਅਕ ਸਭਾ ਸਦੀ ਗਈ, ਜਿਸ ਵਿਚ ਸਾਰੇ ਸੂਬਿਆਂ ਦੇ ਸਿਖਿਆ ਮੰਤਰੀਆਂ ਨੂੰ ਆਉਣ ਦਾ ਸੱਦਾ-ਪੱਤਰ ਘਲਿਆ ਗਿਆ ਅਤੇ ਨਾਲ ਹੀ ਕਈ ਸਿਖਿਆ ਵਿਦਿਵਾਨਾਂ ਨੂੰ ਵੀ ਸਦਿਆ ਗਿਆਂ। ਇਸ ਸਭਾ ਦੇ ਪਰਧਾਨ ਦਿੱਲੀ ਦੀ ਜਾਮਿਆ ਮਿਲਿਆ ਦੇ ਸੰਚਾਲਕ ਸ੍ਰੀ ਜ਼ਾਕਰ ਹਸਨ ਸਨ। ਕੁਝ ਦਿਨਾਂ ਪਿਛੋਂ ਇਸ ਪਰਿਸ਼ਟ ਦੇ ਸਿਖਿਆ ਸਬੰਧੀ ਵਿਚਾਰ ਅਤੇ ਸੁਝਾਓ ਇਕ ਰਿਪੋਰਟ ਦੇ ਰੂਪ ਵਿਚ ਨਿਕਲੇ। ਬੇਸਿਕ ਯੋਜਨਾ ਇਨ੍ਹਾਂ ਸੁਝਾਵਾਂ ਦਾ ਸਿੱਟਾ ਹੈ। ਆਪਣੀਆਂ ਵਿਸ਼ੇਸ਼ ਹਾਲਤਾਂ ਅਨੁਸਾਰ ਵਖ ਵਖ ਪ੍ਰਾਂਤਾਂ ਵਿਚ ਕੁਝ ਅਦਲ ਬਦਲ ਕਰਕੇ ਇਸ ਯੋਜਨਾ ਨੂੰ ਅਮਲ ਵਿਚ ਲਿਆਂਦਾ ਜਾਣ ਦਾ ਉਸ ਵੇਲੇ ਯਤਨ ਕੀਤਾ ਗਿਆ। ਇਸ ਵੇਲੇ ਵੀ ਇਸ ਯੋਜਨਾ ਨੂੰ ਅਮਲ ਵਿਚ ਲਿਆਂਦਾ ਜਾ ਰਿਹਾ ਹੈ।

## ਬੇਸਿਕ ਸਿਖਿਆ-ਯੋਜਨਾ ਦੇ ਮੌਲਿਕ ਸਿਧਾਂਤ

ਬੇਸਿਕ ਸਿਖਿਆ-ਪਰਨਾਲੀ ਦੇ ਹੇਠ ਲਿਖੇ ਮੌਲਿਕ ਸਿਧਾਂਤ ਹਨ :—

(੧) ਰਾਸ਼ਟਰ ਦੇ ਸਾਰੇ ਬਾਲਕਾਂ ਨੂੰ ੭ ਤੋਂ ੧੪ ਸਾਲ ਦੀ ਉਮਰ ਤਕ ਲਾਜ਼ਮੀ ਸਿਖਿਆ ਦਿਤੀ ਜਾਣੀ ਚਾਹੀਦੀ ਹੈ।

(੨) ਸਿਖਿਆ ਨੂੰ, ਆਰਥਿਕ ਦ੍ਰਿਸ਼ਟੀ ਤੋਂ, ਆਪਣੇ ਸਹਾਰੇ ਹੋਣਾ ਚਾਹੀਦਾ ਹੈ।

(੩) ਇਹ ਸਿਖਿਆ ਕਿਸੇ ਅਜਿਹੇ ਕੰਮ ਰਾਹੀਂ ਦਿਤੀ ਜਾਣੀ ਚਾਹੀਦੀ ਹੈ ਜਿਸਦਾ ਉਸਦੇ ਆਉਣ ਵਾਲੇ ਜੀਵਨ ਨਾਲ ਡੂੰਘਾ ਸਬੰਧ ਹੋਵੇ।

(੪) ਇਸ ਸਿਖਿਆ ਦਾ ਅਧਾਰ ਰਾਸ਼ਟਰ-ਭਾਸ਼ਾ ਹੋਣੀ ਚਾਹੀਦੀ ਹੈ।

(੫) ਸਿਖਿਆ ਰਾਹੀਂ ਬਚਿਆਂ ਦੇ ਕੌਮੀ ਭਾਵਾਂ ਵਿਚ ਵਾਧਾ ਹੋਣਾ ਚਾਹੀਦਾ ਹੈ।

(੬) ਸਿਖਿਆ ਵਿਚੋਂ ਵਿਗਿਆਨਿਕ ਅਤੇ ਸਮਾਜਿਕ ਵਿਸ਼ਿਆਂ ਦਾ ਕਾਫੀ ਗਿਆਨ ਹੋ ਜਾਣਾ ਚਾਹੀਦਾ ਹੈ।

(੭) ਸਿਖਿਆ ਦਾ ਨਿਸ਼ਾਨਾ ਸੰਸਾਰ ਵਿਚੋਂ ਦ੍ਵੈਸ਼-ਭਾਵ ਨੂੰ ਖਤਮ ਕਰਨਾ ਅਤੇ ਪ੍ਰੇਮ-ਭਾਵ ਵਿਚ ਵਾਧਾ ਕਰਨਾ ਹੋਣਾ ਚਾਹੀਦਾ ਹੈ।

## ਸਯੋਗ ਸਿਖਿਆ-ਪਰਨਾਲੀ ਦਾ ਮਾਪ

ਉਪਰ ਦੱਸੇ ਸਿਧਾਂਤਾਂ ਦੀ ਪੜਚੋਲ ਕਰਨ ਅਤੇ ਉਨ੍ਹਾਂ ਦੀ ਰਾਸ਼ਟਰੀ ਜੀਵਨ ਵਿਚ ਪਰਚਾਰ ਦੀ ਲੋੜ ਜਾਣਨ ਲਈ ਸਾਨੂੰ ਸਿਖਿਆ ਦੇ ਆਦਰਸ਼ਾਂ ਨੂੰ ਧਿਆਨ ਵਿਚ ਰਖਣਾ ਅਤੇ ਵਰਤਮਾਨ ਸਿਖਿਆ-ਪਰਨਾਲੀ ਦੇ ਦੋਸ਼ਾਂ ਨੂੰ ਸਮਝਣਾ ਜ਼ਰੂਰੀ ਹੈ। ਆਦਰਸ਼ ਸਿਖਿਆ ਪਰਨਾਲੀ ਵਿਚ ਹੇਠ ਲਿਖੀਆਂ ਤਿੰਨ ਗਲਾਂ ਪਾਈਆਂ ਜਾਂਦੀਆਂ ਹਨ।

(੧) ਇਹ ਸਿਖਿਆ ਪਰਨਾਲੀ ਦੇਸ਼-ਵਿਆਪਕ ਹੁੰਦੀ ਹੈ, ਅਰਥਾਤ ਇਸ ਦਾ ਲਾਭ ਦੇਸ਼ ਦੇ ਸਾਰੇ ਅਮੀਰ ਗਰੀਬ ਬੱਚਿਆਂ ਨੂੰ ਹੁੰਦਾ ਹੈ।

(੨) ਇਸ ਵਿਚ ਬੱਚਿਆਂ ਦੀ ਸੰਪੂਰਨ ਸਿਖਿਆ ਦਾ ਧਿਆਨ ਰੱਖਿਆ ਜਾਂਦਾ ਹੈ; ਅਰਥਾਤ ਇਸ ਰਾਹੀਂ ਬੱਚੇ ਦੀ ਨਿਰੀ ਦਿਮਾਂਗੀ ਸਿਖਿਆ ਹੀ ਨਹੀਂ ਹੁੰਦੀ ਸਗੋਂ ਹੱਥ ਅ

ਮਨ ਦੀ ਸ਼ਿਖਿਆ ਵੀ ਹੁੰਦੀ ਹੈ।

(ਤ) ਇਸ ਸਿਖਿਆ-ਪਰਨਾਲੀ ਰਾਹੀਂ ਬੱਚੇ ਵਿਚ ਸਮਾਜਿਕਤਾ ਅਤੇ ਕੌਮੀ ਭਾਵਾਂ ਦਾ ਵਿਕਾਸ ਹੁੰਦਾ ਹੈ।

## ਵਰਤਮਾਨ ਸਿਖਿਆ-ਪਰਨਾਲੀ ਦੇ ਦੋਸ਼

ਉਪਰ ਦੱਸਿਆ ਗਿਆ ਹੈ ਕਿ ਵਿਆਪਕਤਾ ਸੰਪੂਰਨਤਾ ਅਤੇ ਕੌਮੀਅਤ ਇਹ ਤਿੰਨ ਮਾਪਾਂ ਰਾਹੀਂ ਕਿਸੇ ਵੀ ਸਿਖਿਆ-ਪਰਨਾਲੀ ਦਾ ਕੌਮ ਲਈ ਲਾਭਦਾਇਕ ਹੋਣ ਦਾ ਪਤਾ ਲਾਇਆ ਜਾਣਾ ਚਾਹੀਦਾ ਹੈ। ਸਾਡੀ ਵਰਤਮਾਨ ਸਿਖਿਆ-ਪਰਨਾਲੀ ਵਿਚ ਇਨ੍ਹਾਂ ਤਿੰਨਾਂ ਹੀ ਗਲਾਂ ਦੀ ਘਾਟ ਹੈ। ਵਿਆਪਕਤਾ ਦੀ ਦ੍ਰਿਸ਼ਟੀ ਤੋਂ ਜੇ ਅਸੀਂ ਵੇਖੀਏ ਤਾਂ ਅਸੀਂ ਕੌਮ ਦੇ ਬੜੇ ਘਟ ਬਚਿਆਂ ਨੂੰ ਇਸ ਤੋਂ ਲਾਭ ਉਠਾਉਂਦੇ ਵੇਖਾਂਗੇ। ਅੰਗਰੇਜ਼ਾਂ ਦੇ ਭਾਰਤ ਉਤੇ ੧੫੦ ਸਾਲ ਰਾਜ ਕਰਨ ਨਾਲ ਵੀ ਇਸ ਦੇਸ ਵਿਚ ੧੦ ਪ੍ਰਤੀ ਸੈਂਕੜਾ ਲੋਕ ਸੁਸਿਖਿਅਤ ਹੋਏ ਹਨ। ਇਨ੍ਹਾਂ ਵਿਚੋਂ ਵੀ ਬਹੁਤੇ ਆਪਣਾ ਨਾਂ ਲਿਖ ਸਕਣ ਤੋਂ ਵਧ ਕੁਝ ਨਹੀਂ ਜਾਣਦੇ। ਲਾਜ਼ਮੀ ਸਿਖਿਆ ਲਈ ਕਈ ਵਾਰ ਸਰਕਾਰ ਤੋਂ ਮੰਗ ਕੀਤੀ ਗਈ ਪਰ ਸਰਕਾਰ ਨੇ ਇਸ ਨੂੰ ਵਰਤੋਂ ਵਿਚ ਨਾ ਲਿਆਈ ਜਾ ਸਕਣ ਵਾਲੀ ਕਹਿਕੇ ਟਾਲ ਦਿੱਤਾ। ਰੁਪੇ ਦੀ ਘਾਟ ਸਿਖਿਆ ਦੇ ਪਸਾਰੇ ਵਿਚ ਸਭ ਤੋਂ ਵੱਡੀ ਰੋਕ ਦੱਸੀ ਜਾਂਦੀ ਸੀ। ਦੇਸ਼ ਦੇ ਪੁਰਾਣੇ ਚਲੇ ਆ ਰਹੇ ਰਸਮ ਰਿਵਾਜ ਵੀ ਸਿਖਿਆ ਦੇ ਪਸਾਰੇ ਵਿਚ ਰੋਕ ਦੱਸੇ ਜਾਂਦੇ ਸੀ। ਪਰ ਅਸਲ ਵਿਚ ਸਭ ਤੋਂ ਵੱਡੀ ਰੋਕ ਸਰਕਾਰ ਦੀ ਆਪਣੀ ਮਰਜ਼ੀ ਦਾ ਨਾ ਹੋਣਾ ਸੀ। ਵਿਦੇਸੀ ਸਰਕਾਰ ਕਦੇ ਵੀ ਉਸ ਲਗਣ ਨਾਲ ਅਧੀਨ ਦੇਸ਼ ਵਿਚ ਸਿਖਿਆ ਦਾ ਪਸਾਰਾ ਨਹੀਂ ਕਰ ਸਕਦੀ ਜਿਸ ਲਗਣ ਨਾਲ ਆਪਣੀ ਸ੍ਵਦੇਸੀ ਸਰਕਾਰ ਕਰ ਸਕਦੀ ਹੈ। ਸਿਖਿਆ ਦ ਪਸਾਰ ਵਿਦੇਸੀ ਸਰਕਾਰ ਦੇ ਹਿੱਤ ਦੇ ਅਨੁਕੂਲ ਨਹੀਂ ਹੁੰਦਾ; ਕਿਉਂਜੁ ਜਦ ਜਨਤਾ ਸੁਸਿਖਿਅਤ ਹੋ ਜਾਂਦੀ ਹੈ ਤਾਂ ਵਿਦੇਸੀ ਸਰਕਾਰ ਵਧੇਰੇ ਚਿਰ ਤਕ ਠਹਿਰ ਹੀ ਨਹੀਂ ਸਕਦੀ। ਇਸ ਦੇ ਉਲਟ ਸਵਦੇਸੀ ਸਰਕਾਰ ਦਾ ਇਸ ਵਿਚ ਹਿਤ ਹੈ। ਜਨਤਾ ਜਿੰਨੀ ਸੁਸਿਖਿਅਤ ਹੋਵੇਗੀ ਉੱਨੀ ਹੀ ਦੇਸ਼ ਦੀ ਸੁਤੰਤਰਤਾ ਪੱਕੀ ਹੋਵੇਗੀ ਅਤੇ ਸੁਦੇਸ਼ੀ ਸਰਕਾਰ ਬਾਹਰਲੇ ਹੱਲਿਆਂ ਦਾ ਟਾਕਰਾ ਕਰਨ ਦੇ ਸਮਰੱਥ ਹੋਵੇਗੀ। ਇਸ ਲਈ ਇਹ ਕਹਿਣਾ ਅਤਕਥਨੀ ਨਹੀਂ ਹੋਵੇਗਾ ਕਿ ਅੰਗਰੇਜ਼ੀ ਸਰਕਾਰ ਨੇ ਜਾਨ ਬੁਝਕੇ ਇਸ ਦੇਸ ਵਿਚ ਸਿਖਿਆ ਦਾ ਪਸਾਰਾ ਨਾ ਹੋਣ ਦਿੱਤਾ। ਮੁਢਲੀ ਸਿਖਿਆ ਦੇ ਪਸਾਰ ਨੂੰ ਉਹ ਕਿਵੇਂ ਨਾ ਕਿਵੇਂ ਟਾਲਦੀ ਰਹੀ ਅਤੇ ਜਿਹੜੀ ਉੱਚ ਸਿਖਿਆ ਪਰਚਲਤ ਕੀਤੀ ਗਈ ਉਹ ਇਸ ਤਰ੍ਹਾਂ ਦੀ ਸੀ ਕਿ ਉਸ ਤੋਂ ਥੋੜ੍ਹੇ ਲੋਕ ਹੀ ਲਾਭ ਉਠਾ ਸਕੇ।

ਸਾਡੀ ਵਰਤਮਾਨ ਸਿਖਿਆ ਬਾਲਕ ਨੂੰ ਇਕ ਪੱਖੀ ਸਿਖਿਆ ਦਿੰਦੀ ਹੈ ਅਤੇ ਉਹ ਵੀ ਅਧੂਰੀ ਹੀ ਹੈ। ਬਿਦੇਸ਼ੀ ਹਾਕਮਾਂ ਨੂੰ ਆਪਣਾ ਰਾਜ ਚਲਾਉਣ ਲਈ ਕੁਝ ਅਧੂਰੇ ਪੜ੍ਹੇ ਲਿਖੇ ਲੋਕਾਂ ਦੀ ਲੋੜ ਸੀ। ਇਸ ਲਈ ਉਨ੍ਹਾਂ ਭਾਰਤ ਵਰਸ਼ ਦੇ ਬਚਿਆਂ ਨੂੰ ਅਜਿਹੀ ਸਿਖਿਆ ਦੇਣ ਦੀ ਯੋਜਨਾਂ ਬਣਾਈ ਜਿਸ ਨਾਲ ਉਹ ਸਦਾ ਸਰਕਾਰੀ ਨੌਕਰੀਆਂ ਪਿੱਛੇ ਲਲਚਾਏ ਫਿਰਨ ਅਤੇ ਆਪਣੇ ਆਪ ਪੈਰਾਂ ਤੇ ਖੜਾ ਹੋਣਾ ਨਾ ਸਿਖ ਲੈਣ। ਵਰਤਮਾਨ ਸਿਖਿਆ ਪਰਨਾਲੀ ਨਾਲ ਬੱਚੇ ਦਾ ਕੁਝ ਬੌਧਿਕ ਵਿਕਾਸ ਹੁੰਦਾ ਹੈ ਪਰ ਉਹ ਇਸ ਯੋਗ ਨਹੀਂ ਹੁੰਦਾ ਕਿ ਆਪਣੀ ਰੋਜ਼ੀ ਕਮਾ ਸਕੇ। ਉਸ ਵਿਚ ਕਿਸੇ ਕੰਮ ਨੂੰ ਆਪਣੀ ਸੋਚ ਨਾਲ ਕਰ ਸਕਣ ਦੀ ਸ਼ਕਤੀ ਨਹੀਂ ਆਉਂਦੀ। ਜਿਹੜੀ ਬੌਧਿਕ ਸਿਖਿਆ ਕਿਸੇ ਕੰਮ ਰਾਹੀਂ ਦਿਤੀ ਜਾਂਦੀ ਹੈ, ਜਿਸ ਵਿਚ ਬੌਧਿਕ ਕੰਮ ਦੇ ਨਾਲ

ਨਾਲ ਹੱਥੀਂ ਕੰਮ ਵੀ ਕਰਾਏ ਜਾਂਦੇ ਹਨ ਅਤੇ ਵਿਚ ਬੱਚਿਆਂ ਨੂੰ ਸੁਤੰਤਰ ਸੋਚਣ ਦਾ ਉਤਸ਼ਾਹ ਦਿਤਾ ਜਾਂਦਾ ਹੈ, ਉਹ ਬੱਚੇ ਨੂੰ ਆਪਣੇ ਪੈਰਾਂ ਤੇ ਖੜਾ ਕਰ ਦਿੰਦੀ ਹੈ। ਤਜਰਬੇ ਦੇ ਅਧਾਰ ਤੇ ਜਿਹੜੇ ਸਿਧਾਂਤ ਬੱਚੇ ਸਿਖਦੇ ਹਨ ਉਹ ਉਨ੍ਹਾਂ ਦੇ ਕੰਮ ਆਉਂਦੇ ਹਨ। ਇਸ ਦੇ ਉਲਟ ਨਿਰੇ ਪੁਸਤਕਾਂ ਵਿਚੋਂ ਪੜ੍ਹੇ ਸਿਧਾਂਤ ਜੀਵਨ ਦੀਆਂ ਸਮੱਸਿਆਵਾਂ ਹਲ ਕਰਨ ਵਿਚ ਬਿਅਰਥ ਸਾਬਤ ਹੁੰਦੇ ਹਨ। ਸਾਡੀ ਵਰਤਮਾਨ ਸਿਖਿਆ-ਪਰਨਾਲੀ ਦਾ ਨਿਸ਼ਾਨਾ ਦੇਸ਼ ਵਿਚ ਨਿਰਾ ਪੋਥੀ ਪੰਡਤਾਂ ਦਾ ਵਾਧਾ ਕਰਨਾ ਹੈ। ਅਜਿਹੇ ਲੋਕ ਵਿਆਖਿਆ ਕਰਨ ਵਿਚ ਬੜੇ ਚਤਰ ਪਰ ਅਸਲ ਵਿਚ ਨਿਕੱਮੇ ਹੁੰਦੇ ਹਨ। ਉਨ੍ਹਾਂ ਵਿਚ ਸ੍ਵੈ-ਵਿਸ਼ਵਾਸ ਦੀ ਘਾਟ ਹੁੰਦੀ ਹੈ। ਤਜਰਬੇ ਦੇ ਅਧਾਰ ਤੇ ਪਰਾਪਤ ਕੀਤਾ ਗਿਆਨ ਹੀ ਸ੍ਵੈ-ਵਿਸ਼ਵਾਸ਼ ਵਿਚ ਵਾਧਾ ਕਰਦਾ ਹੈ। ਇਹ ਗਿਆਨ ਬੌਧਿਕ ਤੇ ਅਮਲੀ ਦੋਹਾਂ ਤਰ੍ਹਾਂ ਦਾ ਹੋਣਾ ਚਾਹੀਦਾ ਹੈ।

ਵਰਤਮਾਨ ਸਿਖਿਆ-ਪਰਨਾਲੀ ਜਿਵੇਂ ਵਿਆਪਕਤਾ ਅਤੇ ਸੰਪੂਰਨਤਾ ਦੀ ਦ੍ਰਿਸ਼ਟੀ ਤੋਂ ਤਰੁਟੀਆਂ ਵਾਲੀ ਹੈ, ਇਸੇ ਤਰ੍ਹਾਂ ਇਹ ਸਮਾਜਿਕਤਾ ਅਤੇ ਕੌਮੀਅਤ ਦੀ ਦ੍ਰਿਸ਼ਟੀ ਤੋਂ ਤਰੁਟੀਆਂ ਵਾਲੀ ਹੈ। ਸਮਾਜਿਕਤਾ ਦੇ ਭਾਵਾਂ ਦਾ ਵਾਧਾ ਸਮਾਜ ਦੀਆਂ ਸਮੱਸਿਆਵਾਂ ਬਾਰੇ ਸੋਚਣ ਅਤੇ ਸਮਾਜ ਦੀ ਸੇਵਾ ਕਰਨ ਨਾਲ ਹੁੰਦਾ ਹੈ। ਇਸਦੇ ਲਈ ਆਪਣੇ ਵਰਤਮਾਨ ਸਮਾਜ ਅਤੇ ਉਸਦੀ ਸੰਸਕ੍ਰਿਤੀ ਦਾ ਸਮੁੱਚਾ ਗਿਆਨ ਹੋਣਾ ਜ਼ਰੂਰੀ ਹੈ। ਸਾਡੀ ਵਰਤਮਾਨ ਸਿਖਿਆ-ਪਰਨਾਲੀ ਵਿਚ ਅਜਿਹੇ ਗਿਆਨ ਦੇ ਵਾਧੇ ਦੀ ਕੋਈ ਯੋਜਨਾ ਨਹੀਂ। ਪੁਰਾਣੀ ਸਿਖਿਆ-ਪਰਨਾਲੀ ਸਾਨੂੰ ਖੂਹ ਤੇ ਡੱਡੂ ਬਣਾਉਂਦੀ ਸੀ, ਵਰਤਮਾਨ ਸਿਖਿਆ-ਪਰਨਾਲੀ ਸਾਨੂੰ ਆਪਣੇ ਆਪ ਨੂੰ ਭੁਲਾਉਣ ਵਾਲੇ ਪਾਸੇ ਲ ਜਾਂਦੀ ਹੈ। ਪਰ ਬੱਚੇ ਦੇ ਸਮੁਚੇ ਵਿਕਾਸ ਲਈ ਅਤੇ ਉਸ ਨੂੰ ਜੀਵਨ ਵਿਚ ਸਫਲ ਬਣਾਉਣ ਲਈ ਆਪਣੀ ਸੰਸਕ੍ਰਿਤੀ ਅਤੇ ਸਮਾਜ-ਪਰਬੰਧ ਦਾ ਗਿਆਨ ਉੱਨਾ ਹੀ ਜ਼ਰੂਰੀ ਹੈ ਜਿੰਨਾ ਦੂਸਰੇ ਦੇਸ਼ ਦੇ ਵਿਚਾਰਾਂ ਅਤੇ ਸਮਾਜ-ਪਰਬੰਧ ਦਾ ਗਿਆਨ। ਸਮਾਜ ਸੇਵਕ ਉਹੀ ਵਿਅਕਤੀ ਹੋ ਸਕਦਾ ਹੈ ਜਿਹੜਾ ਸਮਾਜ ਨਾਲ ਪ੍ਰੇਮ ਕਰਦਾ ਹੋਵੇ ਅਤੇ ਜਿਹੜਾ ਆਪਣੇ ਸਮਾਜ ਦੇ ਦੋਸ਼ਾਂ ਅਤੇ ਗੁਣਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇ। ਬਚਿਆਂ ਵਿਚ ਸਮਾਜ ਦੇ ਪਿਆਰ ਦੇ ਵਾਧੇ ਲਈ ਆਪਣੀ ਸੰਸਕ੍ਰਿਤੀ ਦਾ ਇਸ ਤਰ੍ਹਾਂ ਗਿਆਨ ਕਰਾਉਣਾ ਜ਼ਰੂਰੀ ਹੈ ਜਿਸ ਨਾਲ ਉਹ ਆਪਣੇ ਸਮਾਜ ਨੂੰ ਘਿਰਣਾ ਦੀ ਦ੍ਰਿਸ਼ਟੀ ਨਾਲ ਨਾ ਵੇਖਣ ਤੇ ਉਨ੍ਹਾਂ ਨੂੰ ਉਹ ਘਟੀਅਲ ਪਰਤੀਤ ਨਾ ਹੋਵੇ।

ਕੌਮੀਅਤ ਸਮਾਜਿਕਤਾ ਦਾ ਇਕ ਖਾਸ ਰੂਪ ਹੈ। ਸਾਡੀ ਵਰਤਮਾਨ ਸਿਖਿਆ-ਪਰਨਾਲੀ ਰਾਹੀਂ ਕੌਮੀਅਤ ਦੇ ਭਾਵਾਂ ਦਾ ਵਾਧਾ ਕਰਨ ਦੀ ਥਾਂ ਉਨ੍ਹਾਂ ਨੂੰ ਰੋਕਿਆ ਜਾਂਦਾ ਹੈ। ਵਰਤਮਾਨ ਸਿਖਿਆ ਦਾ ਮਾਧਿਅਮ ਅੰਗਰੇਜ਼ੀ ਹੈ। ਹੁਣ ਹੌਲੀ ਹੌਲੀ ਇਸਨੂੰ ਹਟਾਇਆ ਜਾ ਰਿਹਾ ਹੈ। ਅੰਗਰੇਜ਼ਾਂ ਨੂੰ ਆਪਣੇ ਰਾਜ ਲਈ ਮਦਦ ਕਰਨ ਵਾਲੇ ਲੋਕਾਂ ਦੀ ਲੋੜ ਸੀ। ਜਿਹੜੇ ਇਕ ਤਾਂ ਅੰਗਰੇਜ਼ੀ ਸਰਕਾਰ ਤੇ ਆਸਰੇ ਉਤੇ ਹੋਣ ਅਤੇ ਦੂਜੇ ਆਮ ਜਨਤਾ ਨੂੰ ਸਰਕਾਰ ਦੀਆਂ ਗੱਲਾਂ ਸਮਝਾਉਣ ਤੇ ਸਰਕਾਰ ਬਾਰੇ ਸ਼ੁਭ-ਭਾਵਨਾਂ ਲੋਕਾਂ ਵਿਚ ਪੈਦਾ ਕਰਨ। ਇਸ ਤੋਂ ਬਿਨਾਂ ਸਰਕਾਰੀ ਕੰਮ ਚਲਾਉਣ ਲਈ ਕਲਰਕਾਂ ਤੇ ਕੁਝ ਛੋਟੇ ਅਫ਼ਸਰਾਂ ਦੀ ਲੋੜ ਸੀ। ਅੰਗਰੇਜ਼ ਆਪ ਇੰਨੀ ਗਿਣਤੀ ਵਿਚ ਭਾਰਤ ਵਿਚ ਨਹੀਂ ਆ ਸਕਦੇ ਸਨ ਕਿ ਉਹ ਰਾਜ ਦੇ ਸਾਰੇ ਛੋਟੇ ਵੱਡੇ ਕੰਮ ਆਪ ਕਰ ਸਕਣ। ਫਿਰ ਉਨ੍ਹਾਂ ਨੂੰ ਵੀ ਇਸ ਦੇਸ਼ ਦੀ ਬੋਲੀ ਸਿਖਣੀ ਜ਼ਰੂਰੀ ਹੁੰਦੀ ਸੀ। ਇਹ ਅੰਗਰੇਜ਼ ਲੋਕ ਨਹੀਂ ਸੀ ਕਰਨਾ ਚਾਹੁੰਦੇ। ਇਸ ਲਈ ਉਨ੍ਹਾਂ ਨੂੰ ਇਸ ਦੇਸ਼ ਦੇ ਲੋਕਾਂ ਨੂੰ ਅੰਗਰੇਜ਼ੀ ਪੜ੍ਹਾਉਣਾ ਜ਼ਰੂਰੀ ਹੋ ਗਿਆ। ਉਚੀ ਸਿਖਿਆ ਦਾ ਮਾਧਿਅਮ

ਅੰਗਰੇਜ਼ੀ ਬਣਾਉਣ ਦਾ ਇਕ ਮੰਤਵ ਪੱਛਮੀ ਵਿਚਾਰਾਂ ਦਾ ਇਸ ਦੇਸ਼ ਵਿਚ ਪਰਚਾਰ ਕਰਨਾ ਵੀ ਸੀ। ਸੰਸਕ੍ਰਿਤ ਦੇ ਵਿਦਿਵਾਨ ਅੰਗਰੇਜ਼ਾਂ ਨੂੰ ਮਲੇਛ ਅਤੇ ਅਰਬੀ ਫਾਰਸੀ ਦੇ ਵਿਦਿਵਾਨ ਉਨ੍ਹਾਂ ਨੂੰ ਕਾਫਿਰ ਕਹਿੰਦੇ ਹਨ, ਇਸ ਲਈ ਇਨ੍ਹਾਂ ਬੋਲੀਆਂ ਵਿਚ ਦਸੇ ਵਿਚਾਰ ਅੰਗਰੇਜ਼ੀ ਦੀ ਨੀਂਹ ਨੂੰ ਬੋਦਿਆਂ ਕਰਨ ਵਾਲੇ ਹਨ। ਇਨ੍ਹਾਂ ਦੇ ਪਰਚਾਰ ਨੂੰ ਰੋਕਣਾ ਅਤੇ ਉਨ੍ਹਾਂ ਦੀ ਥਾਂ ਅੰਗਰੇਜ਼ੀ ਸੰਸਕ੍ਰਿਤੀ ਵਿਚ ਸ਼ਰਧਾ ਪੈਦਾ ਕਰਨਾ ਅੰਗਰੇਜ਼ੀ ਸਿਖਿਆ-ਪਰਨਾਲੀ ਦਾ ਵਿਸ਼ੇਸ਼ ਨਿਸ਼ਾਨਾ ਸੀ। ਇਸ ਤਰ੍ਹਾਂ ਇਹ ਸਿਖਿਆ-ਪਰਨਾਲੀ ਸਭ ਤਰ੍ਹਾਂ ਨਾਲ ਕੌਮੀਅਤ ਵਿਰੋਧੀ ਸੀ। ਇਸ ਰਾਹੀਂ ਪਰਾਪਤ ਕੀਤੇ ਗਿਆਨ ਦਾ ਲਾਭ ਵੀ ਥੋੜ੍ਹੇ ਲੋਕ ਹੀ ਉਠਾਉਂਦੇ ਰਹੇ।

## ਬੇਸਿਕ ਸਿਖਿਆ-ਪਰਨਾਲੀ ਦੀ ਉਪਯੋਗਤਾ

ਬੇਸਿਕ ਸਿਖਿਆ-ਪਰਨਾਲੀ ਦਾ ਨਿਸ਼ਾਨਾ ਵਰਤਮਾਨ ਸਿਖਿਆ ਪਰਨਾਲੀ ਦੇ ਦੋਸ਼ਾਂ ਨੂੰ ਦੂਰ ਕਰਨਾ ਅਤੇ ਸੁਯੋਗ ਸਿਖਿਆ ਦਾ ਦੇਸ਼ ਵਿਚ ਪਰਚਾਰ ਕਰਨਾ ਹੈ। ਬੇਸਿਕ ਸਿਖਿਆ ਪਰਨਾਲੀ ਦੇ ਸਿਧਾਂਤਾਂ ਉਤੇ ਇਕ ਇਕ ਕਰਕੇ ਵਿਚਾਰ ਕਰਨ ਨਾਲ ਸਾਨੂੰ ਸਪਸ਼ਟ ਹੋ ਜਾਵੇਗਾ ਕਿ ਕਿਥੋਂ ਤਕ ਅਸੀਂ ਆਪਣੇ ਨਿਸ਼ਾਨੇ ਨੂੰ ਪਰਾਪਤ ਕਰਨ ਦੇ ਸਮਰੱਥ ਹੋਵਾਂਗੇ, ਅਰਥਾਤ ਕਿਥੋਂ ਤਕ ਇਸ ਦੇਸ਼ ਦੀ ਸਿਖਿਆ ਨੂੰ ਵਿਆਪਕ ਸੰਪੂਰਨ ਅਤੇ ਕੌਮੀ ਬਣਾਉਣ ਵਿਚ ਸਫਲ ਹੋ ਸਕਾਂਗੇ। ਇਥੇ ਬੇਸਿਕ ਸਿਖਿਆ ਪਰਨਾਲੀ ਦੇ ਉਪਰ ਦੱਸੇ ਸੱਤ ਸਿਧਾਂਤਾਂ ਦੀ ਉਪਯੋਗਤਾ ਉਤੇ ਵਿਚਾਰ ਕੀਤਾ ਜਾਵੇਗਾ।

**ਲਾਜ਼ਮੀ ਸਿਖਿਆ:**—ਬੇਸਿਕ ਸਿਖਿਆ-ਪਰਨਾਲੀ ਦਾ ਇਕ ਮੁਖ ਨਿਸ਼ਾਨਾ ਰਾਸ਼ਟਰ ਦੇ ਹਰ ਇਕ ਬੱਚੇ ਨੂੰ ਲਾਜ਼ਮੀ ਸਿਖਿਆ ਦੇਣਾ ਹੈ। ਇਹ ਸਿਖਿਆ ੭ ਤੋਂ ੧੪ ਸਾਲ ਦੀ ਉਮਰ ਵਿਚ ਹੋਵੇਗੀ। ਸੱਤ ਸਾਲ ਦੀ ਉਮਰ ਤੋਂ ਅਰੰਭ ਕਰਨ ਦਾ ਕਾਰਨ ਪੇਂਡੂ ਬੱਚਿਆਂ ਦੀ ਇਸ ਤੋਂ ਪਹਿਲਾਂ ਸਕੂਲ ਵਿਚ ਆਉਣ ਦੀ ਔਖ ਹੈ। ਸਧਾਰਨ ਤੌਰ ਤੇ ਪੇਂਡੂ ਬੱਚੇ ਸੱਤ ਸਾਲ ਦੀ ਉਮਰ ਵਿਚ ਹੀ ਸਕੂਲ ਆ ਸਕਦੇ ਹਨ। ਫਿਰ ਜਿਹੜੇ ਬੱਚੇ ਇਸ ਤੋਂ ਪਹਿਲਾਂ ਸਕੂਲ ਵਿਚ ਆ ਜਾਂਦੇ ਹਨ ਉਹ ਸਿਖਿਆ ਤੋਂ ਉੱਨਾ ਲਾਭ ਵੀ ਨਹੀਂ ਉਠਾਉਂਦੇ ਜਿੰਨਾ ਸੱਤ ਸਾਲ ਦੇ ਬੱਚੇ ਉਠਾਉਂਦੇ ਹਨ। ਇਸ ਤੋਂ ਬਿਨਾਂ ਸੱਤ ਸਾਲ ਦੀ ਉਮਰ ਤੋਂ ਪਹਿਲਾਂ ਬੱਚਿਆਂ ਵਿਚ ਲਾਭਵੰਦੇ ਹੱਥ ਦੇ ਕੰਮ ਸਿਖਣ ਦੀ ਯੋਗਤਾ ਵੀ ਨਹੀਂ ਹੁੰਦੀ। ਬੇਸਿਕ ਸਿਖਿਆ ਪਰਨਾਲੀ ਵਿਚ ਲਾਭਵੰਦੇ ਹੱਥ ਦੇ ਕੰਮ ਨੂੰ ਬੜੀ ਮੱਹਤਾ ਵਾਲਾ ਥਾਂ ਦਿਤਾ ਗਿਆ ਹੈ ਅਤੇ ਇਸੇ ਰਾਹੀ ਬਚਿਆ ਦੀ ਬੌਧਿਕ ਸਿਖਿਆ ਦੀ ਯੋਜਨਾ ਬਣਾਈ ਗਈ ਹੈ। ਇਸ ਲਈ ਜਦੋਂ ਤਕ ਬਚਿਆਂ ਵਿਚ ਅਜਿਹੇ ਕੰਮ ਕਰਨ ਦੀ ਯੋਗਤਾ ਨਹੀਂ ਆ ਜਾਂਦੀ, ਉਨ੍ਹਾਂ ਦਾ ਸਕੂਲੇ ਆਉਣਾ ਕੋਈ ਵਧੇਰੇ ਲਾਭਦਾਇਕ ਨਹੀਂ। ਜੇ ਇਸ ਤੋਂ ਪਹਿਲਾਂ ਬਚਿਆਂ ਨੂੰ ਸਿਖਿਆ ਦੇਣੀ ਹੈ ਤਾਂ ਉਨ੍ਹਾਂ ਨੂੰ ਮਾਂਟਸੋਰੀ ਜਾਂ ਕਿੰਡਰਗਾਰਟਨ ਸਕੂਲਾਂ ਜਾਂ ਨਰਸਰੀ ਸਕੂਲਾਂ ਵਿਚ ਸਿਖਿਆ ਦੇਣੀ ਚਾਹੀਦੀ ਹੈ।

ਬੱਚੇ ਨੂੰ ਚੌਦਾਂ ਸਾਲ ਦੀ ਉਮਰ ਤਕ ਸਕੂਲ ਵਿਚ ਰਖਣ ਨਾਲ ਉਸ ਨੂੰ ਸਭ ਤਰ੍ਹਾਂ ਦੀ ਲਾਭਵੰਦੀ ਸਿਖਿਆ ਦਿੱਤੀ ਜਾ ਸਕਦੀ ਹੈ। ਬਾਰਾਂ ਸਾਲ ਪਿਛੋਂ ਬੱਚੇ ਦੀ ਕਿਸ਼ੋਰ ਅਵਸਥਾ ਅਰੰਭ ਹੁੰਦੀ ਹੈ। ਇਹ ਸਮਾਂ ਬੱਚੇ ਦੇ ਜੀਵਨ ਵਿਚ ਬੜੀ ਮੱਹਤਾ ਵਾਲਾ ਸਮਾਂ ਹੈ। ਬੱਚੇ ਦੇ ਮਨ ਵਿਚ ਜਿਹੜੇ ਸੰਸਕਾਰ ਇਸ ਸਮੇਂ ਪੈ ਜਾਂਦੇ ਹਨ, ਉਹ ਆਉਣ ਵਾਲੇ ਜੀਵਨ ਦੀ ਉਸਾਰੀ ਵਿਚ ਬੜੀ ਮਹੱਤਾ ਵਾਲੇ ਹੁੰਦੇ ਹਨ। ਜੇ ਅਸੀਂ ਬੱਚੇ ਦੀ ਜੀਵਨ ਧਾਰਾ ਨੂੰ ਕਿਸੇ ਵਿਸ਼ੇਸ਼ ਪਾਸੇ ਵਲ ਮੋੜਨਾ ਚਾਹੁੰਦੇ ਹਾਂ ਤਾਂ ਉਸਦੀ ਕਿਸ਼ੋਰ ਅਵਸਥਾ ਵਿਚ ਹੀ ਅਸੀਂ ਇਹ ਕੰਮ ਕਰ ਸਕਦੇ

ਹੱਥ ਦੇ ਕੰਮ ਨੂੰ ਸਿਖਿਆ ਵਿਚ ਮਹੱਤਾ ਦੇਣੋ ਦਾ ਇਕ ਅਰਥ ਬੱਚੇ ਵਿਚ ਸਮਾਜਿਕ ਭਾਵਾਂ ਦਾ ਵਿਕਾਸ ਕਰਨਾ ਵੀ ਹੈ। ਦਿਮਾਗੀ ਕੰਮ ਕਰਨ ਵਾਲੇ ਲੋਕ ਆਮ ਕਰਕੇ ਮਿਹਨਤ ਕਰਨ ਵਾਲਿਆਂ ਨੂੰ ਘਟੀਆ ਸ਼੍ਰੇਣੀ ਦੇ ਸਮਝਦੇ ਹਨ। ਇਸ ਸਦਕਾ ਸਮਾਜ ਵਿਚ ਭਾਰੀ ਭੇਦ-ਭਾਵ ਅਤੇ ਅਸ਼ਾਂਤੀ ਹੁੰਦੀ ਹੈ। ਸਮਾਜ ਘੋਲ ਇਸੇ ਲਈ ਪੈਦਾ ਹੁੰਦੇ ਹਨ। ਜੇ ਅਮੀਰ ਗਰੀਬ ਸਾਰੇ ਘਰਾਂ ਦੇ ਬੱਚੇ ਇਕੱਠੇ ਹੱਥੀਂ ਕੰਮ ਕਰਨ ਤਾਂ ਊਚ ਨੀਚ ਦਾ ਭਾਵ ਬਹੁਤ ਕਰਕੇ ਮਿਟ ਜਾਵੇ। ਬੇਸਿਕ ਸਿਖਿਆ-ਪਰਨਾਲੀ ਦਾ ਨਿਸ਼ਾਨਾ ਊਚ ਨੀਚ ਦੇ ਭੇਦ-ਭਾਵ ਨੂੰ ਮਿਟਾਉਣਾ ਅਤੇ ਬੱਚੇ ਵਿਚ ਸਮਾਜਿਕਤਾ ਦੇ ਭਾਵਾਂ ਦਾ ਵਿਕਾਸ ਕਰਨਾ ਹੈ।

ਇਹ ਸਿਧਾਂਤ ਇਕ ਹੋਰ ਦ੍ਰਿਸ਼ਟੀ ਤੋਂ ਭੀ ਲਾਭਦਾਇਕ ਹੈ। ਬੱਚਾ ਜਦ ਹੱਥ ਦਾ ਕੰਮ ਕਰਦਾ ਹੈ ਤਾਂ ਉਸ ਨੂੰ ਆਪਣੀ ਯੋਗਤਾ ਵਿਚ ਸ੍ਵੈ-ਭਰੋਸਾ ਹੁੰਦਾ ਹੈ। ਸਿਖਿਆ ਵਿਚ ਹੱਥ ਦੇ ਕੰਮ ਬੱਚੇ ਦੇ ਖੁਸ਼ੀ ਦੇ ਵਾਧੇ ਲਈ ਵੀ ਰੱਖੇ ਜਾਂਦੇ ਹਨ। ਇਸ ਨਾਲ ਉਸ ਦੀ ਸਰੀਰਕ ਕਸਰਤ ਹੁੰਦੀ ਹੈ ਜਿਸ ਕਰਕੇ ਉਸਦੀ ਸਿਹਤ ਵੀ ਠੀਕ ਰਹਿੰਦੀ ਹੈ। ਹੱਥ ਦਾ ਕੰਮ ਕਰਦੇ ਰਹਿਣ ਨਾਲ ਮਾਨਸਿਕ ਵਿਚਾਰਾਂ ਦਾ ਵਾਧਾ ਵੀ ਨਹੀਂ ਹੁੰਦਾ।

ਸਿਖਿਆ ਦੇ ਇਸ ਸਿਧਾਂਤ ਦੀ ਵਰਤੋਂ ਕਰਦਿਆਂ ਦੋ ਗੱਲਾਂ ਦਾ ਧਿਆਨ ਰਖਣਾ ਜ਼ਰੂਰੀ ਹੈ। ਜਿਨ੍ਹਾਂ ਉਪਯੋਗੀ ਕੰਮਾਂ ਨੂੰ ਬਚਿਆਂ ਦੀ ਸਿਖਿਆ ਲਈ ਚੁਣਿਆ ਜਾਵੇ ਉਹ ਅਜਿਹੇ ਹੋਣ ਜਿਹੜੇ ਵਰਤਮਾਨ ਵਿਗਿਆਨ ਦੇ ਯੁਗ ਵਿਚ ਉਸਦੇ ਕੰਮ ਆਉਣ। ਬੇਸਿਕ ਸਿਖਿਆ ਪਰਨਾਲੀ ਵਿਚ ਵਧੇਰੇ ਤਕਲੀ ਕੱਤਣ ਉਤੇ ਹੀ ਜ਼ੋਰ ਦਿਤਾ ਗਿਆ ਹੈ। ਤਕਲੀ ਦੀ ਸਿਖਾਈ ਦੀ ਉਪਯੋਗਤਾ ਬੜੀ ਹੀ ਥੋੜੀ ਹੈ। ਦੂਜੇ ਬਚਿਆਂ ਦਾ ਮਨ ਵੀ ਤਕਲੀ ਕੱਤਣ ਤੋਂ ਥੋੜੇ ਚਿਰ ਵਿਚ ਅੱਕ ਜਾਏਗਾ ਫਿਰ ਉਨ੍ਹਾਂ ਨੂੰ ਮਜਬੂਰ ਹੋ ਕੇ ਹੀ ਇਹ ਕੰਮ ਕਰਨਾ ਪਵੇਗਾ। ਇਸ ਤੋਂ ਉਨ੍ਹਾਂ ਦੀ ਭਾਰੀ ਮਾਨਸਿਕ ਹਾਨੀ ਹੋਣ ਦਾ ਡਰ ਹੈ। ਰੁੱਖੇ ਕੰਮ ਨੂੰ ਕਰਦੇ ਰਹਿਣ ਨਾਲ ਬੱਚੇ ਦੀ ਬੁਧੀ ਦੀ ਹਾਨੀ ਹੁੰਦੀ ਹੈ ਅਤੇ ਉਸਦੇ ਵਿਅਕਤਿਤਵ ਦੀ ਉਸਾਰੀ ਵਿਚ ਰੋਕ ਪੈਂਦੀ ਹੈ। ਬੱਚਾ ਉਸੇ ਕੰਮ ਨੂੰ ਕਰਨਾ ਚਾਹੁੰਦਾ ਹੈ ਜਿਸਨੂੰ ਬਾਲਗ ਲੋਕ ਆਦਰ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ ਅਤੇ ਜਿਸ ਨੂੰ ਉਹ ਆਪ ਕਰਦੇ ਹੋਣ। ਮਹਾਤਮਾਂ ਗਾਂਧੀ ਆਪ ਨੇਮ ਨਾਲ ਰੋਜ਼ ਚਰਖਾ ਕਤਦੇ ਸਨ; ਇਸ ਲਈ ਬਚਿਆਂ ਤੋਂ ਵੀ ਮਨ ਮਰਜ਼ੀ ਨਾਲ ਚਰਖਾ ਕੱਤਣ ਦੀ ਆਸ ਰਖਣਾ ਉਨ੍ਹਾਂ ਲਈ ਗਲਤ ਨਹੀਂ ਹੈ, ਪਰ ਜਿਹੜੇ ਲੋਕ ਆਪ ਚਰਖਾ ਜਾਂ ਤਕਲੀ ਨਹੀਂ ਕੱਤਦੇ; ਉਹ ਕਿਵੇਂ ਆਸ ਰਖ ਸਕਦੇ ਹਨ ਕਿ ਬੱਚੇ ਰੁਚੀ ਨਾਲ ਤਕਲੀ ਤੇ ਚਰਖਾ ਕੱਤਣਗੇ? ਚੰਗਾ ਤਾਂ ਇਹ ਹੈ ਕਿ ਬੱਚਿਆਂ ਨੂੰ ਅਜਿਹੇ ਧੰਧੇ ਸਿਖਾਏ ਜਾਣ ਜਿਨ੍ਹਾਂ ਨੂੰ ਕਰਨਾ ਆਮ ਬੁਧੀ ਦੇ ਲੋਕਾਂ ਲਈ ਔਖਾ ਹੈ ਅਤੇ ਜਿਨ੍ਹਾਂ ਨੂੰ ਸਿਖਣ ਨਾਲ ਉਨ੍ਹਾਂ ਦੇ ਵਿਗਿਆਨਿਕ ਗਿਆਨ ਵਿਚ ਵਾਧਾ ਹੋਵੇ।

ਹੱਥ ਦੇ ਲਾਭਵੰਦੇ ਕੰਮ ਰਾਹੀਂ ਸਿਖਿਆ ਬਾਰੇ ਦੂਜੀ ਗਲ ਧਿਆਨ ਵਿਚ ਇਹ ਰਖਣੀ ਹੈ ਕਿ ਕਿਸੇ ਵੀ ਇਕ ਕੰਮ ਨੂੰ ਕੇਂਦਰ ਬਣਾਕੇ ਬੱਚੇ ਨੂੰ ਉਸਦੇ ਜੀਵਨ ਵਿਚ ਕੰਮ ਆਉਣ ਵਾਲੇ ਸਾਰੇ ਵਿਸ਼ੇ ਨਹੀਂ ਪੜ੍ਹਾਏ ਜਾ ਸਕਦੇ। ਅਸੀਂ ਪਹਿਲਾਂ ਕਹਿ ਆਏ ਹਾਂ ਕਿ ਪਾਠ-ਵਿਸ਼ਿਆਂ ਦਾ ਆਪਸ ਵਿਚ ਸਬੰਧ ਬਣਾਕੇ ਪੜ੍ਹਾਉਣਾ ਠੀਕ ਹੈ ਪਰ ਕਿਸੇ ਵੀ ਵਿਸ਼ੇ ਨੂੰ ਕੇਂਦਰ ਬਣਾਕੇ ਬਾਕੀ ਸਾਰੇ ਵਿਸ਼ਿਆਂ ਨੂੰ ਉਸ ਨਾਲ ਸਬੰਧਤ ਕਰਕੇ ਪੜ੍ਹਾਉਣਾ ਸਿਖਿਆ ਦਾ ਮੰਨੇ ਪਰਮੰਨੇ ਸਿਧਾਤਾਂ ਦੇ ਉਲਟ ਹੈ। ਫਿਰ ਜਿਸ ਵਿਸ਼ੇ ਨੂੰ ਸਿਖਿਆ ਦਾ ਕੇਂਦਰ ਬਣਾਇਆ ਜਾਂਦਾ ਹੈ ਉਹ ਵਿਆਪਕ ਹੁੰਦਾ ਹੈ। ਕਿਸੇ ਸੰਨਤੀ ਵਿਸ਼ੇ ਨੂੰ ਬੱਚੇ ਦੀ ਸਮੁੱਚੀ ਸਿਖਿਆ ਦਾ

ਕੇਂਦਰ ਬਣਾ ਲੈਣਾ ਉਸਦੀ ਸਿਖਿਆ ਨੂੰ ਤੰਗ ਅਤੇ ਅਧੂਰੀ ਬਣਾ ਦਿੰਦਾ ਹੈ। ਸਿਖਿਆ ਵਿਚ ਆਪਸ ਦਾ ਸਬੰਧ ਚੰਗਾ ਹੈ, ਪਰ ਕੇਂਦਰੀ ਕਰਣ ਮੰਦਾ ਹੈ।

**ਰਾਸ਼ਟਰ ਭਾਸ਼ਾ ਰਾਹੀਂ ਸਿਖਿਆ :–** ਬੇਸਿਕ ਸਿਖਿਆ ਪਰਨਾਲੀ ਦਾ ਇਕ ਸਿਧਾਂਤ ਰਾਸ਼ਟਰ ਭਾਸ਼ਾ ਅਥਵਾ ਮਾਤ-ਬੋਲੀ ਰਾਹੀਂ ਸਿਖਿਆ ਹੈ। ਜਿਥੇ ਰਾਸ਼ਟਰ ਭਾਸ਼ਾ ਅਤੇ ਮਾਤ-ਬੋਲੀ ਇਕ ਹੈ ਉੱਥੇ ਸਾਰੀ ਸਿਖਿਆ ਰਾਸ਼ਟਰ ਭਾਸ਼ਾ ਰਾਹੀਂ ਹੋਵੇਗੀ, ਪਰ ਜਿਥੇ ਮਾਤ-ਬੋਲੀ ਰਾਸ਼ਟਰ-ਭਾਸ਼ਾ ਤੋਂ ਵਖਰੀ ਹੈ ਉਥੇ ਬੇਸਿਕ ਸਿਖਿਆ ਦਾ ਮਾਧਿਅਮ ਮਾਤ-ਬੋਲੀ ਹੋਵੇਗੀ, ਪਰ ਹਰ ਇਕ ਬੱਚੇ ਨੂੰ ਲਾਜ਼ਮੀ ਰੂਪ ਵਿਚ ਰਾਸ਼ਟਰ ਭਾਸ਼ਾ ਵੀ ਸਿਖਾਈ ਜਾਵੇਗੀ। ਭਾਰਤ ਦੇ ਸੁਤੰਤਰ ਹੋਣ ਉੱਤੇ ਅੰਗਰੇਜ਼ੀ ਰਾਜ-ਭਾਸ਼ਾ ਰਹਿ ਨਹੀਂ ਸਕਦੀ। ਇਸ ਦੀ ਥਾਂ ਲੈਣ ਲਈ ਦੂਸਰੀ ਰਾਸ਼ਟਰ-ਭਾਸ਼ਾ ਦਾ ਹੋਣਾ ਹਰ ਤਰ੍ਹਾਂ ਜ਼ਰੂਰੀ ਹੈ। ਰਾਸ਼ਟਰ-ਭਾਸ਼ਾ ਦੇ ਪਰਚਾਰ ਦਾ ਵੱਡਾ ਸਾਧਨ ਬਚਿਆਂ ਦੀ ਮੁਢਲੀ ਪਾਠਸ਼ਾਲਾ ਵਿਚ ਹੀ ਹੋ ਸਕਦਾ ਹੈ।

ਹੁਣ ਸੁਆਲ ਇਹ ਹੈ ਕਿ ਰਾਸ਼ਟਰ-ਭਾਸ਼ਾ ਕਿਹੜੀ ਭਾਸ਼ਾ ਹੋਵੇ। ਬੇਸਿਕ ਸਿਖਿਆ ਦੀ ਵਿਉਂਤ ਕਰਨ ਵਾਲਿਆਂ ਅਨੁਸਾਰ ਇਹ ਭਾਸ਼ਾ ਹਿੰਦੁਸਤਾਨੀ ਹੋਣੀ ਚਾਹੀਦੀ ਹੈ ਜਿਹੜੀ ਭਾਵੇਂ ਨਾਗਰੀ ਅੱਖਰਾਂ ਵਿਚ ਲਿਖੀ ਜਾਵੇ ਤੇ ਭਾਵੇਂ ਅਰਬੀ ਅੱਖਰਾਂ ਵਿਚ। ਜਿਥੇ ਬੋਲਚਾਲ ਦੀ ਬੋਲੀ ਹਿੰਦੁਸਤਾਨੀ ਹੀ ਹੋਵੇ ਉੱਥੇ ਹਰ ਬੱਚੇ ਨੂੰ ਦੋਹਾਂ ਲਿਪੀਆਂ ਦਾ ਗਿਆਨ ਹੋਣਾ ਚਾਹੀਦਾ ਹੈ। ਇਸ ਮੱਤ ਦੀ ਪੁਸ਼ਟੀ ਭਾਰਤ ਵਰਸ਼ ਦੀ ਵਧੇਰੇ ਜਨਤਾ ਨੇ ਨਹੀਂ ਕੀਤੀ। ਵਰਤਮਾਨ ਫਿਰਕੂ ਭਾਵਾਂ ਕਰਕੇ ਨਾ ਮੁਸਲਮਾਨ ਅਤੇ ਨਾ ਹਿੰਦੂ ਇਕ ਭਾਸ਼ਾ ਦੀ ਵਰਤੋਂ ਕਰਨ ਲਈ ਤਿਆਰ ਹਨ। ਮੁਸਲਮਾਨ ਉਰਦੂ ਵਿਚ ਅਰਬੀ ਫਾਰਸੀ ਤੇ ਜ਼ੋਰ ਦਿੰਦੇ ਹਨ ਅਤੇ ਹਿੰਦੂ ਸੰਸਕ੍ਰਿਤ ਉੱਤੇ। ਉਰਦੂ ਅਤੇ ਹਿੰਦੀ ਨੂੰ ਮਿਲਾਕੇ ਹਿੰਦੁਸਤਾਨੀ ਬਣਾਉਣ ਦੀ ਜਿਹੜੀ ਯੋਜਨਾ ਸੀ ਉਹ ਨਿਸਫਲ ਹੁੰਦੀ ਹੀ ਵਿਖਾਈ ਦਿੰਦੀ ਹੈ।

**ਕੌਮੀਅਤ ਦਾ ਵਾਧਾ :–** ਬੇਸਿਕ ਸਿਖਿਆ ਯੋਜਨਾ ਦਾ ਇਕ ਪਰਧਾਨ ਨਿਸ਼ਾਨਾ ਕੌਮੀ ਭਾਵਾਂ ਦਾ ਵਾਧਾ ਕਰਨਾ ਹੈ। ਇਸ ਦੇ ਲਈ ਇਤਿਹਾਸ ਦੀਆਂ ਉਨ੍ਹਾਂ ਗੱਲਾਂ ਤੇ ਜ਼ੋਰ ਦੇਣਾ ਬੇਲੋੜਾ ਹੈ ਜਿਨ੍ਹਾਂ ਨਾਲ ਦੇਸ਼ ਦੇ ਵਖ ਵਖ ਫਿਰਕਿਆਂ ਵਿਚ ਫੁਟ ਵਧੇ ਅਤੇ ਉਨ੍ਹਾਂ ਉਤੇ ਜ਼ੋਰ ਦੇਣਾ ਚਾਹੀਦਾ ਹੈ ਜਿਨ੍ਹਾਂ ਨਾਲ ਮੇਲ ਵਧੇ। ਇਸ ਦੇ ਲਈ ਭਾਰਤ ਵਰਸ਼ ਦਾ ਇਤਿਹਾਸ ਫਿਰ ਤੋਂ ਲਿਖਣਾ ਹੋਵੇਗਾ। ਇਸ ਤੋਂ ਬਿਨਾਂ ਬਚਿਆਂ ਨੂੰ ਸਮਾਜੀ ਹਾਲਤ ਦਾ ਗਿਆਨ ਵਧਾਕੇ ਅਤੇ ਉਨ੍ਹਾਂ ਤੋਂ ਉਚਿਤ ਸੇਵਾ ਕਰਾਕੇ ਉਨ੍ਹਾਂ ਵਿਚ ਕੌਮੀ ਭਾਵਾਂ ਦਾ ਵਾਧਾ ਕੀਤਾ ਜਾਵੇਗਾ। ਕੌਮੀ ਭਾਵਾਂ ਦੇ ਵਾਧੇ ਲਈ ਫਿਰਕੂ ਸਿਖਿਆ-ਸੰਸਥਾਵਾਂ ਨੂੰ ਖਤਮ ਕਰਨਾ ਜ਼ਰੂਰੀ ਹੈ। ਬੇਸਿਕ ਯੋਜਨਾ ਅਨੁਸਾਰ ਸਭ ਜਾਤਾਂ ਤੇ ਫਿਰਕਿਆਂ ਦੇ ਬਚਿਆਂ ਨੂੰ ਇਕ ਹੀ ਸਕੂਲ ਵਿਚ ਇਕੱਠਿਆਂ ਪੜ੍ਹਨਾ ਹੋਵੇਗਾ। ਮੁਸਲਿਮ ਅਤੇ ਹਿੰਦੂ ਸਕੂਲਾਂ ਦਾ ਇਸ ਤਰ੍ਹਾਂ ਖਾਤਮਾ ਕਰ ਦਿੱਤਾ ਜਾਏਗਾ।

**ਵਿਗਿਆਨਿਕ ਅਤੇ ਸਮਾਜਿਕ ਵਿਸ਼ਿਆਂ ਦਾ ਗਿਆਨ :–** ਵਰਤਮਾਨ ਸਿਖਿਆ ਪਰਨਾਲੀ ਵਿਚ ਅੰਗਰੇਜ਼ੀ ਦੀ ਵਧੇਰੇ ਮਹੱਤਾ ਹੋਣ ਕਰਕੇ ਬੱਚੇ ਨੂੰ ਨਾ ਤੇ ਕਾਫੀ ਗਿਆਨ ਵਿਗਿਆਨਿਕ ਵਿਸ਼ਿਆਂ ਦਾ ਹੋਣਾ ਮਿਲਦਾ ਹੈ ਅਤੇ ਨਾ ਸਮਾਜਿਕ ਵਿਸ਼ਿਆਂ ਦਾ। ਬੇਸਿਕ ਸਿਖਿਆ ਦੀਆਂ ਛੋਟੀਆਂ ਸ਼ਰੇਣੀਆਂ ਵਿਚ ਅੰਗਰੇਜ਼ੀ ਨੂੰ ਕੋਈ ਥਾਂ ਨਹੀਂ। ਉਚੀਆਂ ਜਮਾਤਾਂ ਵਿਚ ਵੀ ਉਹ ਇੱਛਕ ਵਿਸ਼ਾ ਰਖ ਦਿਤਾ ਗਿਆ ਹੈ। ਅੰਗਰੇਜ਼ੀ

ਪੜ੍ਹਨ ਵਿਚ ਜਿਹੜਾ ਸਮਾਂ ਲਗਦਾ ਸੀ ਉਹ ਹੁਣ ਵਿਗਿਆਨ ਅਤੇ ਸਮਾਜ ਸਬੰਧੀ ਵਿਸ਼ਿਆਂ ਦਾ ਗਿਆਨ ਵਧਾਉਣ ਵਿਚ ਲਾਇਆ ਜਾਵੇਗਾ। ਬੇਸਿਕ ਸਿਖਿਆ ਰਾਹੀਂ ਸੱਤ ਸਾਲ ਵਿਚ ਬਚਿਆਂ ਨੂੰ ਉੱਨਾ ਗਿਆਨ ਦੇਣ ਦੀ ਹੀ ਆਸ ਕੀਤੀ ਜਾਂਦੀ ਹੈ ਜਿੱਨਾ ਕਿ ਉਹ ਹੁਣ ਦਸ ਸਾਲ ਵਿਚ ਪਰਾਪਤ ਕਰਦੇ ਹਨ।

**ਸਿਖਿਆ ਰਾਹੀਂ ਪਿਆਰ-ਭਾਵ ਵਿਚ ਵਾਧਾ :–** ਮਹਾਤਮਾ ਗਾਂਧੀ ਨੇ ਇਸ ਸਿਖਿਆ ਯੋਜਨਾ ਨਾਲ ਬਚਿਆਂ ਵਿਚ ਅਹਿੰਸਾ ਦੇ ਵਿਚਾਰਾਂ ਦੇ ਫੈਲਣ ਦੀ ਆਸ ਕੀਤੀ ਹੈ। ਸਾਡੀ ਵਰਤਮਾਨ ਸਿਖਿਆ-ਪਰਨਾਲੀ ਮਨੁਖ ਨੂੰ ਧਨ ਵਧਾਉਣ ਲਈ ਉਤਸ਼ਾਹ ਦਿੰਦੀ ਹੈ। ਇਸ ਨਾਲ ਸੰਸਾਰ ਵਿਚ ਸ਼ਰੇਣੀ ਘੋਲ ਪੈਦਾ ਹੁੰਦਾ ਹੈ ਅਤੇ ਵੱਡੇ ਵਡੇ ਜੁਧ ਹੁੰਦੇ ਹਨ। ਧਨ ਦੇ ਵਾਧੇ ਲਈ ਵੱਡੇ ਵੱਡੇ ਸਾਮਰਾਜ ਸਥਾਪਤ ਹੁੰਦੇ ਹਨ ਅਤੇ ਸੰਸਾਰ ਦੇ ਬਹੁਤ ਸਾਰੇ ਲੋਕ ਇਸ ਤਰ੍ਹਾਂ ਗੁਲਾਮ ਬਣਾਏ ਜਾਂਦੇ ਹਨ ਅਤੇ ਲਤੇੜੇ ਜਾਂਦੇ ਹਨ। ਜੇ ਸਿਖਿਆ ਰਾਹੀਂ ਮਨੁਖ-ਸਮਾਜ ਵਿਚ ਪਿਆਰ ਦਾ ਵਾਧਾ ਹੋਵੇ ਅਤੇ ਧਨ ਦੀ ਪਿਆਸ ਮਿਟੇ ਤਾਂ ਮਨੁਖ-ਸਮਾਜ ਸੁਖੀ ਅਤੇ ਸ਼ਾਂਤ ਰਹੇ। ਇਸ ਲਈ ਮਹਾਤਮਾ ਗਾਂਧੀ ਨੇ ਵਿਗਿਆਨਿਕ ਕਾਢਾਂ ਦੇ ਵਾਧੇ ਨੂੰ ਉਤਸ਼ਾਹ ਨਹੀਂ ਦਿਤਾ ਅਤੇ ਬੇਸਿਕ ਸਿਖਿਆ ਦੇ ਬੱਚਿਆਂ ਨੂੰ ਇਨ੍ਹਾਂ ਕਾਢਾਂ ਤੋਂ ਲਾਭ ਉਠਾਉਣ ਲਈ ਤਿਆਰ ਨਹੀਂ ਕੀਤਾ।

ਮਹਾਤਮਾ ਗਾਂਧੀ ਦਾ ਉੱਚਾ ਆਦਰਸ਼ ਹੈ। ਪਰ ਇਹ ਕਹਿਣਾ ਔਖਾ ਹੈ ਕਿ ਵਰਤਮਾਨ ਵਿਗਿਆਨ ਦੀ ਪਰਾਪਤੀ ਤੋਂ ਅਣਗਹਿਲੀ ਕਰਕੇ ਕੋਈ ਵੀ ਰਾਸ਼ਟਰ ਸੁਤੰਤਰ ਰਹਿ ਸਕਦਾ ਹੈ। ਸਾਡੀ ਸਮਝ ਵਿਚ ਬਚਿਆਂ ਨੂੰ ਅਜਿਹੀ ਸਿਖਿਆ ਦੇਣੀ ਚਾਹੀਦੀ ਹੈ ਜਿਸ ਨਾਲ ਇਕ ਤਾਂ ਉਹ ਆਪਣੇ ਆਪ ਵਿਚ ਅਧਿਆਤਮਕਿਤਾ ਦਾ ਵਾਧਾ ਕਰਨ ਅਤੇ ਦੂਜੇ ਸੰਸਾਰ-ਜੁਧ ਵਿਚ ਵੀ ਤਾਕਤਵਰ ਅਤੇ ਸਫਲ ਹੋਣ।

★★

# ਬਾਰ੍ਹਵਾਂ ਪਰਕਰਨ

## ਸਿਖਿਆ ਵਿਚ ਪਰੀਖਿਆ

### ਪਰੀਖਿਆਵਾਂ ਦੀ ਲੋੜ

ਸਿਖਿਆ ਅਤੇ ਪਰੀਖਿਆ ਦਾ ਇਕ ਦੂਜੇ ਨਾਲ ਲਾਜ਼ਮੀ ਸਬੰਧ ਹੈ। ਕਿਸੇ ਬੱਚੇ ਦੀ ਸਿਖਿਆ ਦਾ ਕੰਮ ਚੰਗੀ ਤਰ੍ਹਾਂ ਹੋਇਆ ਹੈ ਕਿ ਨਹੀਂ, ਇਹ ਪਰੀਖਿਆ ਤੋਂ ਹੀ ਜਾਣਿਆ ਜਾ ਸਕਦਾ ਹੈ। ਬੱਚਿਆਂ ਦੀ ਪਰੀਖਿਆ ਤੋਂ ਇਕ ਤਾਂ ਬੱਚਿਆਂ ਦੀ ਯੋਗਤਾ ਦਾ ਪਤਾ ਚਲਦਾ ਹੈ, ਦੂਜੇ ਉਸਤਾਦ ਨੂੰ ਵੀ ਆਪਣੇ ਪੜ੍ਹਾਉਣ-ਢੰਗ ਦੇ ਲਾਭਕਾਰੀ ਹੋਣ ਬਾਰੇ ਪਤਾ ਚਲ ਜਾਂਦਾ ਹੈ ਅਤੇ ਸਿਖਿਆ ਦੇ ਕੰਮ ਵਿਚ ਹੁਸ਼ਿਆਰ ਹੋਣ ਦਾ ਗਿਆਨ ਹੋ ਜਾਂਦਾ ਹੈ। ਇਸ ਲਈ ਸਮੇਂ ਸਮੇਂ ਬੱਚਿਆਂ ਦੀ ਪਰੀਖਿਆ ਹੁੰਦੇ ਰਹਿਣਾ ਸਿਖਿਆ ਦੇ ਕੰਮ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਸਾਡੇ ਸਧਾਰਨ ਸਕੂਲਾਂ ਵਿਚ ਸਲਾਨਾ ਪਰੀਖਿਆਵਾਂ ਹੁੰਦੀਆਂ ਹਨ; ਇਨ੍ਹਾਂ ਤੋਂ ਬਿਨਾਂ ਤ੍ਰਿਮਾਸਿਕ ਅਤੇ ਮਾਸਿਕ ਪਰੀਖਿਆਵਾਂ ਵੀ ਹੁੰਦੀਆਂ ਹਨ। ਪਰੀਖਿਆਵਾਂ ਦੇ ਫਿਕਰ ਕਰਕੇ ਕਈ ਬੱਚੇ ਜਿਹੜੇ ਉਂਜ ਪੜ੍ਹਾਈ ਵਿਚ ਮਨ ਨਹੀਂ ਲਾਉਂਦੇ, ਮਨ ਲਾਕੇ ਸੰਥਾ ਯਾਦ ਕਰਦੇ ਹਨ। ਪਰੀਖਿਆ ਦੇਣ ਨਾਲ ਬੱਚੇ ਦਾ ਸ੍ਵੈ-ਭਰੋਸਾ ਵਧਦਾ ਹੈ। ਬੱਚਾ ਜਦ ਪਰੀਖਿਆ ਵਿਚ ਪਾਸ ਹੋ ਜਾਂਦਾ ਹੈ ਤਾਂ ਉਹ ਆਪਣੀ ਯੋਗਤਾ ਨੂੰ ਸਮਝ ਜਾਂਦਾ ਹੈ। ਵੇਖਿਆ ਗਿਆ ਹੈ ਕਿ ਜਿਹੜਾ ਬੱਚਾ ਪਹਿਲੇ ਦਰਜੇ ਵਿਚ ਪਾਸ ਹੁੰਦਾ ਹੈ ਉਹ ਸਦਾ ਆਪਣਾ ਦਰਜਾ ਬਣਾਈ ਰਖਣ ਦਾ ਯਤਨ ਕਰਦਾ ਹੈ। ਜਿਨ੍ਹਾਂ ਬਚਿਆਂ ਦੀ ਪਰੀਖਿਆ ਨਹੀਂ ਹੁੰਦੀ ਉਨ੍ਹਾਂ ਨੂੰ ਆਪਣੀ ਯੋਗਤਾ ਦਾ ਗਿਆਨ ਵੀ ਨਹੀਂ ਹੁੰਦਾ। ਉਨ੍ਹਾਂ ਵਿਚ ਸ੍ਵੈ-ਵਿਸ਼ਵਾਸ ਦੀ ਘਾਟ ਵੀ ਪਾਈ ਜਾਂਦੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪਰੀਖਿਆ ਦਾ ਹੋਣਾ ਆਪ ਕਰਕੇ ਬੱਚੇ ਲਈ ਲਾਭਕਾਰੀ ਹੈ।

### ਵਰਤਮਾਨ ਪਰੀਖਿਆਵਾਂ ਦੇ ਦੋਸ਼

**ਸਿਖਿਆ ਵਿਚ ਰੋਕ ਬਣਨਾ:**—ਜਦ ਅਸੀਂ ਸਿਖਿਆ ਵਿਚ ਪਰੀਖਿਆ ਦੀ ਲੋੜ ਦਰਸਾਉਂਦੇ ਹਾਂ ਤਾਂ ਸਾਨੂੰ ਵਰਤਮਾਨ ਪਰੀਖਿਆ-ਵਿਧੀ ਦੇ ਦੋਸ਼ਾਂ ਨੂੰ ਅਖਾਂ ਤੋਂ ਉਹਲੇ ਨਹੀਂ ਕਰ ਦੇਣਾ ਚਾਹੀਦਾ। ਵਰਤਮਾਨ ਪਰੀਖਿਆ-ਢੰਗ ਬੱਚਿਆਂ ਦੀ ਸਮੁਚੀ ਸਿਖਿਆ ਵਿਚ ਸਹਾਇਕ ਹੋਣ ਦੀ ਥਾਂ ਰੋਕ ਬਣ ਰਿਹਾ ਹੈ। ਪਰੀਖਿਆਵਾਂ ਦੀ ਹੁਣ ਇੰਨੀ ਮਹਾਨਤਾ ਹੋ ਗਈ ਹੈ ਕਿ ਉਸਤਾਦ ਬੱਚਿਆਂ ਨੂੰ ਪਰੀਖਿਆ ਲਈ ਹੀ ਪੜ੍ਹਾਉਣ ਲੱਗ ਪਏ ਹਨ। ਕਿੰਨੇ ਹੀ ਬੱਚੇ ਨਿਰਾ ਪਾਸ ਹੋਣ ਲਈ ਲੋੜੀਦਾ ਹੀ ਪੜ੍ਹ ਲੈਂਦੇ ਹਨ। ਉਹ ਕਿਸੇ ਵਿਸ਼ੇ ਦਾ ਪੂਰਾ ਗਿਆਨ ਲੈਣ ਦੀ ਥਾਂ ਪਰੀਖਿਆ ਵਿਚ ਆਉਣ ਵਾਲੇ ਸੁਆਲਾਂ ਨੂੰ ਹੀ ਹਲ ਕਰਨ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਦੇ ਯਤਨਾਂ ਕਰਕੇ ਬੱਚਿਆਂ ਨੂੰ ਪਰੀਖਿਆ ਵਿਚ ਕਾਫੀ

ਸਫਲਤਾ ਮਿਲ ਜਾਂਦੀ ਹੈ । ਕਿੱਨੇ ਹੀ ਪਹਿਲੇ ਦਰਜੇ ਵਿਚ ਪਾਸ ਹੋਣ ਵਾਲੇ ਬਚਿਆਂ ਨੂੰ ਪੜ੍ਹੇ ਵਿਸ਼ੇ ਦਾ ਕਾਫੀ ਗਿਆਨ ਨਹੀਂ ਹੁੰਦਾ। ਪਰੀਖਿਆਵਾਂ ਵਿਚ ਪਾਸ ਹੋਣਾ ਇਕ ਤਰ੍ਹਾਂ ਦੀ ਕਲਾ ਹੋ ਗਈ ਹੈ। ਜਿਹੜੇ ਬਚੇ ਇਸ ਕਲਾ ਨੂੰ ਚੰਗੀ ਤਰ੍ਹਾਂ ਜਾਣ ਗਏ ਉਹ ਵਿਸ਼ੇ ਦਾ ਘਟ ਗਿਆਨ ਹੁੰਦਿਆਂ ਵੀ ਵਧੇਰੇ ਗਿਆਨ ਰਖਣ ਵਾਲੇ ਬੱਚਿਆਂ ਤੋਂ ਪਰੀਖਿਆ ਵਿਚ ਵਧ ਨੰਬਰ ਲੈ ਜਾਂਦੇ ਹਨ।

**ਘੋਟੇ ਦੀ ਮਹੱਤਾ ਵਧਾਉਣਾ:**—ਪਰੀਖਿਆ ਵਿਚ ਪਾਸ ਹੋਣਾ ਅਭਿਆਸ ਉਤੇ ਨਿਰਭਰ ਹੈ। ਵਿਸ਼ੇ ਨੂੰ ਯਾਦ ਕਰਨ ਲਈ ਇਕ ਕਿਸਮ ਦੇ ਅਭਿਆਸ ਦੀ ਲੋੜ ਹੁੰਦੀ ਹੈ ਅਤੇ ਪਰੀਖਿਆ ਵੇਲੇ ਪੜ੍ਹੇ ਵਿਸ਼ੇ ਦੀਆਂ ਗੱਲਾਂ ਨੂੰ ਲਿਖਕੇ ਪਰਗਟ ਕਰਨ ਲਈ ਦੂਜੀ ਕਿਸਮ ਦੇ ਅਭਿਆਸ ਦੀ ਲੋੜ ਹੁੰਦੀ ਹੈ। ਜਿਸ ਬੱਚੇ ਨੂੰ ਪਹਿਲੀ ਕਿਸਮ ਦਾ ਹੀ ਅਭਿਆਸ ਹੈ ਉਹ ਵਿਸ਼ੇ ਦਾ ਵਧੇਰੇ ਗਿਆਨ ਰਖਦਿਆਂ ਵੀ ਪਰੀਖਿਆ ਵਿਚ ਵਧੇਰੇ ਨੰਬਰ ਨਹੀਂ ਲੈਂਦਾ। ਸਾਡੀਆਂ ਅਧੁਨਿਕ ਪਰੀਖਿਆਵਾਂ ਬੱਚਿਆਂ ਦੀ ਸੰਪੂਰਨ ਯੋਗਤਾ ਦੀ ਜਾਚ ਕਰਨ ਦੀ ਥਾਂ ਉਨ੍ਹਾਂ ਦੀ ਪਾਠ ਨੂੰ ਯਾਦ ਕਰਨ ਅਤੇ ਪੜ੍ਹੇ ਪਾਠ ਦੀਆਂ ਗੱਲਾਂ ਨੂੰ ਦੱਸ ਸਕਣ ਦੀ ਯੋਗਤਾ ਦੀ ਜਾਂਚ ਕਰਦੀਆਂ ਹਨ। ਇਕ ਬੱਚਾ ਜਿੰਨਾ ਆਪਣੀ ਸੰਥਾ ਨੂੰ ਘੋਟਾ ਲਾ ਸਕਦਾ ਹੈ ਉੱਨ ਹੀ ਉਹ ਪਰੀਖਿਆ ਵਿਚ ਵਧ ਸਫਲਤਾ ਪਰਾਪਤ ਕਰ ਸਕਦਾ ਹੈ। ਇਸ ਤਰ੍ਹਾਂ ਸਾਡੀਆਂ ਪਰੀਖਿਆਵਾਂ ਵਿਚ ਬੱਚਿਆਂ ਦੇ ਗਿਆਨ, ਉਨ੍ਹਾਂ ਦੀ ਯੋਗਤਾ ਅਥਵਾ ਸਮਝ ਦੀ ਪਰੀਖਿਆ ਦੀ ਥਾਂ ਉਨ੍ਹਾਂ ਦੀ ਨਿਰੀ ਯਾਦ ਸ਼ਕਤੀ ਦੀ ਪਰੀਖਿਆ ਹੁੰਦੀ ਹੈ। ਕਿੱਨੇ ਹੀ ਬੱਚਿਆਂ ਦੀ ਸਮਝ ਚੰਗੀ ਹੁੰਦੀ ਹੈ, ਉਹ ਸੰਥਾ ਨੂੰ ਚੰਗੀ ਤਰ੍ਹਾਂ ਸਮਝ ਗਏ ਹੁੰਦੇ, ਹਨ, ਪਰ ਉਨ੍ਹਾਂ ਵਿਚ ਲਿਖਕੇ ਸੰਥਾ ਦੀਆਂ ਗੱਲਾਂ ਨੂੰ ਪਰਗਟ ਕਰਨ ਦੀ ਉੱਨੀ ਚੰਗੀ ਯੋਗਤਾ ਨਹੀਂ ਹੁੰਦੀ। ਇਸ ਲਈ ਅਜਿਹੇ ਬੱਚੇ ਸਲਾਨਾ ਪਰੀਖਿਆਵਾਂ ਵਿਚ ਚੰਗੇ ਨੰਬਰ ਨਹੀਂ ਲੈਂਦੇ। ਕਿੱਨੇ ਹੀ ਬੱਚੇ ਹੌਲੀ ਹੌਲੀ ਲਿਖਦੇ ਹਨ। ਕਦੇ ਕਦੇ ਇਹ ਦੋਸ਼ ਉਨ੍ਹਾਂ ਦੀ ਗਿਆਨ ਸ਼ਕਤੀ ਦਾ ਨਹੀਂ ਹੁੰਦਾ, ਹੱਥ ਦਾ ਹੀ ਦੋਸ਼ ਹੁੰਦਾ ਹੈ। ਪਰ ਹੱਥ ਦੇ ਜਲਦੀ ਜਲਦੀ ਨਾ ਚਲਣ ਕਰਕੇ ਬੱਚੇ ਨੂੰ ਘਟ ਨੰਬਰ ਮਿਲਦੇ ਹਨ।

ਕਿੱਨੇ ਹੀ ਬੱਚੇ ਬਿਨਾਂ ਸਮਝਣ ਤੋਂ ਹੀ ਸੰਥਾ ਦੀਆਂ ਗੱਲਾਂ ਯਾਦ ਕਰ ਲੈਂਦੇ ਹਨ। ਇਹ ਬੱਚੇ ਆਪਣੇ ਗਿਆਨ ਦੀ, ਪਰੀਖਿਆ ਵਿਚ ਉਸ ਨੂੰ ਲਿਖਣ ਤੋਂ ਬਿਨਾਂ, ਕੋਈ ਵਰਤੋਂ ਨਹੀਂ ਕਰ ਸਕਦੇ, ਇਸ ਉੱਤੇ ਵੀ ਅਜਿਹੇ ਬੱਚੇ ਪਰੀਖਿਆ ਵਿਚ ਵਧੇਰੇ ਨੰਬਰ ਲੈ ਜਾਣ ਕਰਕੇ ਦੂਜੇ ਬੱਚਿਆਂ ਨਾਲੋਂ ਵਧੇਰੇ ਯੋਗ ਸਮਝੇ ਜਾਂਦੇ ਹਨ। ਕਿੱਨੇ ਹੀ ਬੱਚਿਆਂ ਨੂੰ ਇਕ ਵਿਸ਼ੇ ਦਾ ਗਿਆਨ ਹੁੰਦਾ ਹੈ ਪਰ ਉਨ੍ਹਾਂ ਵਿਚ ਉਸ ਗਿਆਨ ਨੂੰ ਕੰਮ ਵਿਚ ਲਿਆਉਣ ਦੀ ਯੋਗਤਾ ਨਹੀਂ ਹੁੰਦੀ। ਅਜਿਹੇ ਬੱਚੇ ਪੜ੍ਹੇ ਲਿਖੇ ਮੂਰਖਾਂ ਦੀ ਗਿਣਤੀ ਵਧਾਉਂਦੇ ਹਨ। ਸਾਡੀ ਵਰਤਮਾਨ ਪ੍ਰੀਖਿਆ ਪਰਨਾਲੀ ਪੜ੍ਹੇ ਲਿਖੇ ਮੂਰਖਾਂ ਦੀ ਗਿਣਤੀ ਘਟਾਉਣ ਦੀ ਥਾਂ ਉਸ ਨੂੰ ਵਧਾਉਂਦੀ ਹੀ ਹੈ।

## ਕੰਮ ਕਰਨ ਦਾ ਠੁਕ ਨਾ ਹੋਣਾ

ਵਰਤਮਾਨ ਪਰੀਖਿਆ—ਢੰਗ ਦਾ ਵੱਡਾ ਦੋਸ਼ ਇਹ ਹੈ ਕਿ ਇਸ ਦੇ ਕਾਰਨ ਬੱਚਾ ਆਪਣੀ ਪੜ੍ਹਾਈ ਦਾ ਕੰਮ ਸਾਰਾ ਸਾਲ ਇਕ ਟੱਕ ਕਰਨ ਦੀ ਥਾਂ ਪਰੀਖਿਆ ਸਿਰ ਤੇ ਆਉਣ ਸਮੇਂ ਹੀ ਮਿਹਨਤ ਨਾਲ ਕਰਦਾ ਹੈ। ਇਸ ਤਰ੍ਹਾਂ ਦੀ ਮਿਹਨਤ ਕਰਨ ਨਾਲ ਉਨ੍ਹਾਂ ਦੀ ਬੁਧੀ ਦਾ ਸਮੁੱਚਾ ਵਿਕਾਸ ਨਹੀਂ ਹੁੰਦਾ। ਨਿਤ ਦਿਨ ਦੇ ਅਭਿਆਸ ਨਾਲ

ਜਿਹੜਾ ਲਾਭ ਵਿਅਕਤੀ ਨੂੰ ਹੁੰਦਾ ਹੈ, ਉਹ ਲਾਭ ਇਕ ਦਿਨ ਦੇ ਅਭਿਆਸ ਨਾਲ ਨਹੀਂ ਹੋ ਸਕਦਾ। ਉਨ੍ਹਾਂ ਬੱਚਿਆਂ ਨੂੰ ਹੀ ਕਿਸੇ ਵਿਸ਼ੇ ਦਾ ਕਾਫੀ ਗਿਆਨ ਹੁੰਦਾ ਹੈ ਜਿਹੜੇ ਸਾਲ ਭਰ ਇਕ ਚਾਲ ਨਾਲ ਪੜ੍ਹਦੇ ਰਹਿੰਦੇ ਹਨ। ਇਸ ਤਰ੍ਹਾਂ ਕੰਮ ਕਰਨ ਨਾਲ ਵਿਸ਼ੇ ਦੀਆਂ ਬਹੁਤ ਸਾਰੀਆਂ ਗੱਲਾਂ ਹੌਲੀ ਹੌਲੀ ਮਨ ਵਿਚ ਬੈਠ ਜਾਂਦੀਆਂ ਹਨ। ਇਕੋ ਵਕਤ ਤੇ ਬਹੁਤ ਜ਼ਿਆਦਾ ਮਿਹਨਤ ਕਰਨ ਨਾਲ ਪੜ੍ਹੇ ਵਿਸ਼ੇ ਦੀਆਂ ਗੱਲਾਂ ਯਾਦ ਭਾਵੇਂ ਹੋ ਜਾਣ ਪਰ ਉਹ ਬੱਚੇ ਦੇ ਮਨ ਵਿਚ ਠੀਕ ਤਰ੍ਹਾਂ ਨਾਲ ਬੈਠ ਨਹੀਂ ਸਕਦੀਆਂ। ਕਿੰਨੇ ਹੀ ਬੱਚੇ ਸੰਥਾ ਨੂੰ ਪਰੀਖਿਆ ਤਕ ਲਈ ਘੋਟ ਲੈਂਦੇ ਹਨ। ਪਰੀਖਿਆ ਦੇ ਦੋ ਚਾਰ ਦਿਨਾਂ ਪਿਛੋਂ ਜੇ ਇਨ੍ਹਾਂ ਬੱਚਿਆਂ ਤੋਂ ਪਰੀਖਿਆ ਲਈ ਯਾਦ ਕੀਤੀਆਂ ਗੱਲਾਂ ਪੁੱਛੀਆਂ ਜਾਣ ਤਾਂ ਪਤਾ ਚਲੇਗਾ ਕਿ ਉਨ੍ਹਾਂ ਨੂੰ ਕੁਝ ਵੀ ਯਾਦ ਨਹੀਂ ਹੈ। ਇਸ ਤਰ੍ਹਾਂ ਦਾ ਗਿਆਨ ਭਲਾ ਬੱਚੇ ਦੀ ਬੁੱਧੀ ਨੂੰ ਕਿਸ ਤਰ੍ਹਾਂ ਵਿਕਸਤ ਕਰ ਸਕਦਾ ਹੈ ਅਤੇ ਉਸ ਦੇ ਜੀਵਨ ਵਿਚ ਉਹ ਕਿਸ ਤਰ੍ਹਾਂ ਉਪਯੋਗੀ ਸਿੱਧ ਹੋ ਸਕਦਾ ਹੈ।

**ਸਿਹਤ ਖਰਾਬ ਕਰਨ ਵਾਲਾ ਹੋਣਾ:**—ਇਕ ਸਮੇਂ ਵਧੇਰੇ ਮਿਹਨਤ ਕਰਨ ਕਰਕੇ ਬਹੁਤ ਸਾਰੇ ਬੱਚੇ ਆਪਣੀ ਸਿਹਤ ਵਿਗਾੜ ਲੈਂਦੇ ਹਨ। ਬਹੁਤ ਸਾਰੇ ਬੱਚੇ ਪਰੀਖਿਆ ਦੇ ਦਿਨਾਂ ਵਿਚ ਚੌਦਾਂ ਪੰਦਰ੍ਹਾਂ ਘੰਟੇ ਪੜ੍ਹਦੇ ਹਨ। ਇਸ ਕਰਕੇ ਉਨ੍ਹਾਂ ਦੀਆਂ ਅੱਖਾਂ ਖਰਾਬ ਹੋ ਜਾਂਦੀਆਂ ਹਨ ਅਤੇ ਹੋਰ ਤਰ੍ਹਾਂ ਵੀ ਉਨ੍ਹਾਂ ਦੀ ਸਿਹਤ ਨੂੰ ਹਾਨੀ ਪਹੁੰਚਦੀ ਹੈ। ਇਸ ਤਰ੍ਹਾਂ ਦੀ ਪੜ੍ਹਾਈ ਨਾਲ ਬੱਚਿਆਂ ਵਿਚ ਇਕ ਪਾਸੇ ਨਿਕੰਮੇ ਰਹਿਣ ਅਤੇ ਦੂਜੇ ਪਾਸੇ ਬਹੁਤੀ ਮਿਹਨਤ ਕਰਨ ਦਾ ਅਭਿਆਸ ਹੋ ਜਾਂਦਾ ਹੈ। ਇਸ ਨਾਲ ਲਗਾਤਾਰ ਮਿਹਨਤ ਕਰਨ ਦੀ ਆਦਤ ਨਹੀਂ ਪੈਂਦੀ। ਕਿੰਨੇ ਹੀ ਬੱਚੇ ਜਿਹੜੇ ਪਰੀਖਿਆ ਦੇ ਦਿਨਾਂ ਵਿਚ ਬਾਰ੍ਹਾਂ ਤੋਂ ਚੌਦਾਂ ਘੰਟੇ ਹਰ ਰੋਜ਼ ਪੜ੍ਹਦੇ ਹਨ ਪਰੀਖਿਆ ਤੋਂ ਪਿਛੋਂ ਆਪਣੀ ਕਿਤਾਬ ਖੋਲ੍ਹਕੇ ਵੀ ਨਹੀਂ ਵੇਖਦੇ। ਉਹ ਆਪਣਾ ਸਮਾਂ ਬਿਅਰਥ ਗੁਆਉਣ ਲੱਗ ਪੈਂਦੇ ਹਨ। ਪਰੀਖਿਆ ਦਾ ਭੂਤ ਬੱਚੇ ਨੂੰ ਪੁਸਤਕ ਪੜ੍ਹਨ ਦਾ ਕੰਮ ਨਿਰਾ ਭਾਰ ਬਣਾ ਦਿੰਦਾ ਹੈ। ਪਰ ਜਿਹੜਾ ਕੰਮ ਕੋਈ ਵਿਅਕਤੀ ਭਾਰ ਸਮਝ ਕੇ ਕਰਦਾ ਹੈ ਉਸ ਵਿਚ ਉਸ ਦੀ ਪੱਕੀ ਰੁਚੀ ਨਹੀਂ ਰਹਿੰਦੀ। ਭਾਰ ਦੇ ਰੂਪ ਵਿਚ ਕੀਤਾ ਕੰਮ ਦੁਖ ਦੇਣ ਵਾਲਾ ਹੁੰਦਾ ਹੈ। ਇਸ ਨਾਲ ਬੱਚੇ ਵਿਚ ਉਸ ਕੰਮ ਦੀ ਖਿੱਚ ਹੋਣ ਦੀ ਥਾਂ ਉਸ ਤੋਂ ਪਰੇ ਪਰੇ ਰਹਿਣ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਕਿੰਨੇ ਹੀ ਬੱਚੇ ਪਰੀਖਿਆ ਹੋ ਜਾਣ ਪਿਛੋਂ ਪੁਸਤਕ ਦੀ ਕਿਸੇ ਗਲ ਦੀ ਚਰਚਾ ਹੀ ਨਹੀਂ ਕਰਨਾ ਚਾਹੁੰਦੇ। ਜੇ ਕੋਈ ਅਜਿਹੀ ਚਰਚਾ ਕਰਦਾ ਹੈ ਤਾਂ ਉਹ ਉਸ ਨੂੰ ਘਿਰਣਾ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਇਸ ਪਰਕਾਰ ਪਰੀਖਿਆਵਾਂ ਪੜ੍ਹੇ ਗਿਆਨ ਵਿਚ ਰੁਚੀ ਪੈਦਾ ਕਰਨ ਦੀ ਥਾਂ ਉਸ ਬਾਰੇ ਘਿਰਣਾ ਅਥਵਾ ਲਾਪਰਵਾਹੀ ਦੀ ਭਾਵਨਾ ਪੈਦਾ ਕਰਦੀਆਂ ਹਨ।

**ਪੱਖਪਾਤ ਲਈ ਥਾਂ:**—ਸਾਡੀਆਂ ਬਹੁਤੀਆਂ ਸਰਕਾਰੀ ਪਰੀਖਿਆਵਾਂ ਬੱਚਿਆਂ ਦੀ ਅਸਲ ਯੋਗਤਾ ਦੀ ਜਾਂਚ ਨਹੀਂ ਕਰਦੀਆਂ। ਇਨ੍ਹਾਂ ਪਰੀਖਿਆਵਾਂ ਵਿਚ ਸ਼ਖਸ਼ੀ ਰੁਚੀ ਨੂੰ ਬੜਾ ਦਖਲ ਹੁੰਦਾ ਹੈ। ਪਰੀਖਿਆ ਦੇਣ ਵਾਲਾ ਆਮ ਤੌਰ ਤੇ ਲੇਖ ਦੇ ਰੂਪ ਵਿਚ ਆਪਣਾ ਉੱਤਰ ਲਿਖਦਾ ਹੈ। ਇਸ ਲੇਖ ਵਿਚ ਪਰੀਖਿਆ ਦੇਣ ਵਾਲੇ ਦਾ ਵਿਅਕਤਿਤਵ ਪਰਗਟ ਹੁੰਦਾ ਹੈ। ਜੇ ਪਰੀਖਿਆ ਲੈਣ ਵਾਲੇ ਦਾ ਵਿਅਕਤਿਤਵ ਵੀ ਉਸੇ ਤਰ੍ਹਾਂ ਦਾ ਹੋਇਆ ਜਿਸ ਤਰ੍ਹਾਂ ਦਾ ਵਿਅਕਤਿਤਵ ਪਰੀਖਿਆ ਦੇਣ ਵਾਲੇ ਦਾ ਹੈ ਤਾਂ ਪਰੀਖਿਆ ਦੇਣ ਵਾਲਾ ਵਧੇਰੇ ਨੰਬਰ ਲੈ ਜਾਂਦਾ ਹੈ ਨਹੀਂ ਤਾਂ ਉਸ ਦੇ ਨੰਬਰ ਘਟ ਆਉਂਦੇ। ਸਧਾਰਨ ਛੋਠ

ਪਰੀਖਿਆਵਾਂ ਵਿਚ ਇਕ ਇਕ ਪਰੀਖਿਅਕ ਨੂੰ ਬਹੁਤ ਸਾਰੀਆਂ ਉਤਰ-ਕਾਪੀਆਂ ਵੇਖਣੀਆਂ ਪੈਂਦੀਆਂ ਹਨ। ਜਦ ਉਸ ਦਾ ਮਨ ਪਰਸੰਨ ਹੁੰਦਾ ਹੈ ਤਾਂ ਪਰੀਖਿਆ ਦੇਣ ਵਾਲਿਆਂ ਨੂੰ ਇਕ ਕਿਸਮ ਦੇ ਨੰਬਰ ਮਿਲਦੇ ਹਨ ਤੇ ਜਦ ਉਹ ਦੁਖੀ ਜਾਂ ਘਾਬਰ ਵਿਚ ਹੋਵੇ ਤਾਂ ਹੋਰ ਕਿਸਮ ਦੇ ਨੰਬਰ ਮਿਲਦੇ ਹਨ। ਇਕ ਹੀ ਉਤਰ-ਕਾਪੀ ਨੂੰ ਇਕ ਹੀ ਪਰੀਖਿਅਕ ਦੇ ਵਖ ਵਖ ਸਮਿਆਂ ਤੇ ਵੇਖੇ ਤਾਂ ਉਸ ਨੂੰ ਆਪਣੇ ਦਿੱਤੇ ਨੰਬਰਾਂ ਦੇ ਫਰਕ ਉਤੇ ਬੜਾ ਅਸਚਰਜ ਹੋਵੇ। ਸਵੇਰੇ ਉਹ ਇਕ ਤਰ੍ਹਾਂ ਦੇ ਨੰਬਰ ਦੇਵੇਗਾ ਅਤੇ ਸ਼ਾਮ ਨੂੰ ਦੂਜੀ ਕਿਸਮ ਦੇ, ਹੁਣ ਜੇ ਇੱਕ ਹੀ ਉਤਰ-ਕਾਪੀ ਨੂੰ ਦੋ ਜਾਂ ਤਿੰਨ ਪਰੀਖਿਅਕਾਂ ਨੇ ਵੇਖਣਾ ਹੋਵੇ ਤਾਂ ਨੰਬਰਾਂ ਦਾ ਫਰਕ ਹੋਰ ਵੀ ਸਪਸ਼ਟ ਰੂਪ ਵਿਚ ਵਿਖਾਈ ਦੇਵੇਗਾ। ਇਸ ਬਾਰੇ ਅਧੁਨਿਕ ਮਨੋ-ਵਿਗਿਆਨੀਆਂ ਨੇ ਕੁਝ ਮਹੱਤਾ ਭਰੇ ਤਜਰਬੇ ਕੀਤੇ ਹਨ। ਉਨ੍ਹਾਂ ਨੇ ਕੁਝ ਵਿਦਿਆਰਥੀਆਂ ਦੇ ਉੱਤਰ-ਪੱਤਰ ਦੱਸ ਬਾਰਾਂ ਵਖ ਵਖ ਪਰੀਖਿਅਕਾਂ ਕੋਲ ਭੇਜੇ। ਇਨ੍ਹਾਂ ਦੇ ਨੰਬਰ ਜਦੋਂ ਮੇਲੇ ਗਏ ਤਾਂ ਬੜਾ ਫਰਕ ਦਿੱਸ ਆਇਆ। ਜਿਨ੍ਹਾਂ ਵਿਦਿਆਰਥੀਆਂ ਨੂੰ ਇਕ ਪਰੀਖਿਅਕ ਨੇ ਸਭ ਤੋਂ ਵਧ ਨੰਬਰ ਦਿੱਤੇ ਉਨ੍ਹਾਂ ਨੂੰ ਕਿਸੇ ਹੋਰ ਨੇ ਸਭ ਤੋਂ ਘਟ ਨੰਬਰ ਦਿੱਤੇ। ਕਦੇ ਕਦੇ ਇਕ ਹੀ ਵਿਦਿਆਰਥੀ ਨੂੰ ਇਕ ਨੇ ਪਹਿਲੇ ਦਰਜੇ ਵਿਚ ਰਖਿਆ, ਦੂਜੇ ਨੇ ਦੂਜੇ ਦਰਜੇ ਵਿਚ ਤੇ ਤੀਜੇ ਨੇ ਤੀਜੇ ਦਰਜੇ ਵਿਚ ਰਖਿਆ। ਇਥੇ ਇਕ ਸੁਆਦਲੀ ਘਟਨਾ ਲਿਖਣ ਯੋਗ ਹੈ। ਇਸ ਦਾ ਵਰਨਣ ਬੇਲਾਰਡ ਦੀ ਪੁਸਤਕ "ਨਿਊ ਐਗਜ਼ਾਮੀਨਰ" ਵਿਚ ਪਾਇਆ ਜਾਂਦਾ ਹੈ। ਫਰਾਂਸ ਦੀ ਇਕ ਸਰਕਾਰੀ ਪਰੀਖਿਆ ਵਿਚ ਛੇ ਪਰੀਖਿਅਕ ਮੁਕੱਰਰ ਹੋਏ। ਇਨ੍ਹਾਂ ਪਰੀਖਿਅਕਾਂ ਨੂੰ ਹਰ ਵਿਦਿਆਰਥੀ ਦੀ ਉਤਰ-ਕਾਪੀ ਵੇਖਣੀ ਹੁੰਦੀ ਸੀ। ਪਰੀਖਿਆ ਦੇਣ ਵਾਲੇ ਦਾ ਦਰਜਾ ਪਰੀਖਿਅਕਾਂ ਦੇ ਔਸਤ ਨੰਬਰਾਂ ਦੇ ਅਧਾਰ ਤੇ ਮੁਕੱਰਰ ਕੀਤਾ ਜਾਂਦਾ ਸੀ। ਇਨ੍ਹਾਂ ਛੇ ਪਰੀਖਿਅਕਾਂ ਵਿਚੋਂ ਇਕ ਨੇ ਆਪਣਾ ਕੰਮ ਸਚਾਈ ਨਾਲ ਕਰਨ ਲਈ ਇਕ ਆਦਰਸ਼ ਉੱਤਰ-ਕਾਪੀ ਲਿਖ ਦਿੱਤੀ। ਇਹ ਉੱਤਰ-ਕਾਪੀ ਗਲਤੀ ਨਾਲ ਦੂਜੀਆਂ ਉੱਤਰ-ਕਾਪੀਆਂ ਨਾਲ ਦੂਜੇ ਪਰੀਖਿਅਕਾਂ ਕੋਲ ਪਹੁੰਚ ਗਈ। ਇਨ੍ਹਾਂ ਪਰੀਖਿਅਕਾਂ ਨੇ ਇਸ ਦੇ ਵੀ ਪਰੀਖਿਆ ਦੇਣ ਵਾਲਿਆਂ ਦੀ ਕਾਪੀ ਸਮਝ ਨੰਬਰ ਲਾਏ। ਪਿਛੋਂ ਜਦ ਇਹ ਕਾਪੀ ਪਰੀਖਿਆ ਸੰਚਾਲਕ ਕੋਲ ਪਹੁੰਚੀ ਤਾਂ ਵੇਖਿਆ ਗਿਆ ਕਿ ਉਸ ਉਤੇ ਸੌ ਵਿਚੋਂ ਚਾਲੀ ਤੋਂ ਲੈ ਅੱਸੀ ਤਕ ਨੰਬਰ ਦਿੱਤੇ ਗਏ ਸਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪਰੀਖਿਅਕ ਵੀ ਆਪਣੀ ਆਦਰਸ਼ਕ ਉਤਰ-ਕਾਪੀ ਉਤੇ ਸਾਰੇ ਪਰੀਖਿਅਕ ਕੋਲੋਂ ਪਹਿਲੇ ਦਰਜੇ ਦੇ ਨੰਬਰ ਨਾ ਲੈ ਸਕਿਆ। ਫਿਰ ਅਸੀਂ ਕਿਵੇਂ ਆਸ ਰਖ ਸਕਦੇ ਹਾਂ ਕਿ ਇਕ ਸਾਧਾਰਨ ਪਰੀਖਿਆ ਦੇਣ ਵਾਲਾ ਹਰ ਪਰੀਖਿਅਕ ਤੋਂ ਠੀਕ ਨੰਬਰ ਲੈ ਸਕੇਗਾ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਾਡੀਆਂ ਸਧਾਰਨ ਪਰੀਖਿਆਵਾਂ ਵਿਚ ਬੱਚੇ ਦੀ ਅਸਲ ਯੋਗਤਾ ਦੀ ਜਾਂਚ ਕਰਨਾ ਸੰਭਵ ਹੀ ਨਹੀਂ। ਪਰੀਖਿਅਕਾਂ ਦੇ ਵਿਅਕਤਿਤਵ ਦੀ ਵਿਲੱਖਣਤਾ ਇਸ ਪਰਕਾਰ ਦੀ ਜਾਂਚ ਵਿਚ ਖਾਸ ਕਰਕੇ ਰੋਕ ਬਣਦੀ ਹੈ।

## ਬੁਧੀ--ਮਾਪਕ ਪਰੀਖਿਆ

ਵਰਤਮਾਨ ਪਰੀਖਿਆ-ਢੰਗ ਦੇ ਦੋਸ਼ਾਂ ਤੋਂ ਸੁਚੇਤ ਹੋਕੇ ਸੰਸਾਰ ਦੇ ਅਗਾਂਹ ਵਧੂ ਸਿਖਿਆ-ਵਿਗਿਆਨੀਆਂ ਨੇ ਬਾਲਕ ਦੀ ਬੁਧੀ-ਮਾਪਕ ਪਰੀਖਿਆ ਲੈਣ ਦੀ ਸਲਾਹ ਦਿੱਤੀ ਹੈ। ਇਨ੍ਹਾਂ ਬੁਧੀ-ਮਾਪਕ ਪਰੀਖਿਆਵਾਂ ਦੀ ਕਾਢ ਫਰਾਂਸ ਦੇ ਇਕ ਮਨੋ-ਵਿਗਿਆਨੀ

ਅਲਫਰੇਡ ਬਿਨੇ ਨੇ ਕੀਤੀ ਹੈ। ਅਧੁਨਿਕ ਕਾਲ ਵਿਚ ਇਸ ਕਿਸਮ ਦੀਆਂ ਪਰੀਖਿਆਵਾਂ ਦੀ ਵਰਤੋਂ ਸੰਸਾਰ ਦੇ ਸਾਰੇ ਅਗਾਂਹ ਵਧੂ ਦੇਸਾਂ ਵਿਚ ਹੋਣ ਲੱਗ ਪਈ ਹੈ। ਬੁਧੀ-ਮਾਪਕ ਪਰੀਖਿਆ ਦਾ ਨਿਸ਼ਾਨਾ ਬੱਚੇ ਦੀ ਜਨਮ-ਜਾਤ ਦੀ ਬੁਧੀ ਅਰਥਾਤ ਆਪਣੇ ਅਨੁਭਵ ਤੋਂ ਲਾਭ ਉਠਾ ਸਕਣ ਦੀ ਸ਼ਕਤੀ ਦੀ ਜਾਂਚ ਕਰਨਾ ਹੈ। ਬੁਧੀ-ਮਾਪਕ ਪਰੀਖਿਆਵਾਂ ਵਿਚ ਉਹ ਬੱਚੇ ਹੀ ਵਧੇਰੇ ਨੰਬਰ ਲੈਂਦੇ ਹਨ ਜਿਹੜੇ ਦੂਜਿਆਂ ਬੱਚਿਆਂ ਨਾਲੋਂ ਬੁਧੀ ਵਿਚ ਵਧੇਰੇ ਤੇਜ਼ ਹੁੰਦੇ ਹਨ। ਘੋਟਾ ਲਾਕੇ ਸੰਥਾ ਯਾਦ ਕਰਨ ਵਾਲੇ ਬੱਚੇ ਬੁਧੀ—ਮਾਪਕ ਪਰੀਖਿਆਵਾਂ ਵਿਚ ਵਧੇਰੇ ਨੰਬਰ ਨਹੀਂ ਲੈ ਸਕਦੇ। ਕਿੰਨੇ ਹੀ ਬਚਿਆਂ ਵਿਚ ਜਨਮ—ਜਾਤ ਦੀ ਬੁਧੀ ਘਟ ਹੁੰਦੀ ਹੈ, ਪਰ ਮਿਹਨਤ ਕਰਕੇ ਉਹ ਪਰੀਖਿਆਵਾਂ ਵਿਚ ਵਧੇਰੇ ਨੰਬਰ ਲੈ ਜਾਂਦੇ ਹਨ। ਬੁਧੀ—ਮਾਪਕ ਪਰੀਖਿਆਵਾਂ ਰਾਹੀਂ ਅਜਿਹੇ ਬੱਚਿਆਂ ਦੀ ਠੀਕ ਠੀਕ ਪਰਖ ਹੋ ਜਾਂਦੀ ਹੈ। ਕਿਨੇ ਹੀ ਤਿੱਖੀ ਬੁਧੀ ਵਾਲੇ ਬੱਚੇ ਮਿਹਨਤ ਨਾ ਕਰਨ ਕਰਕੇ ਸਧਾਰਨ ਪਰੀਖਿਆਵਾਂ ਵਿਚ ਘਟ ਨੰਬਰ ਲੈਂਦੇ ਹਨ। ਅਜਿਹੇ ਬਚਿਆਂ ਦਾ ਪਤਾ ਕਰਨਾ ਬੁਧੀ—ਮਾਪਕ ਪਰੀਖਿਆਵਾਂ ਦਾ ਨਿਸ਼ਾਨਾ ਹੈ। ਜਿਹੜੇ ਤੇਜ਼ ਬੁਧੀ ਵਾਲੇ ਬੱਚੇ ਕੰਮ ਤੋਂ ਜੀਅ ਚਰਾਉਂਦੇ ਹਨ ਉਨ੍ਹਾਂ ਤੇ ਉਸਤਾਦ ਖਾਸ ਨਜ਼ਰ ਰਖਣ ਲੱਗ ਜਾਂਦਾ ਹੈ ਉਹ ਉਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਕੰਮ ਦਿੰਦਾ ਹੈ ਅਤੇ ਵੇਖਦਾ ਹੈ ਕਿ ਉਹ ਆਪਣੇ ਕੰਮ ਨੂੰ ਪੂਰਾ ਕਰਨ।

ਬੁਧੀ-ਮਾਪਕ ਪਰੀਖਿਆਵਾਂ ਸ਼ਖਸੀ ਅਥਵਾ ਸਮੂਹਕ ਹੁੰਦੀਆਂ ਹਨ। ਸ਼ਕਸ਼ੀ ਬੁਧੀ-ਮਾਪਕ ਪਰੀਖਿਆਵਾਂ ਵਿਚ ਇੱਕਲੇ ਇੱਕਲੇ ਬੱਚੇ ਦੀ ਪਰੀਖਿਆ ਵਖ ਵਖ ਕੀਤੀ ਜਾਂਦੀ ਹੈ ਅਤੇ ਸਮੂਹਕ ਬੁਧੀ—ਮਾਪਕ ਪਰੀਖਿਆਵਾਂ ਵਿਚ ਬਹੁਤ ਸਾਰੇ ਬੱਚਿਆਂ ਦੀ ਪਰੀਖਿਆ ਇੱਕਠੀ ਹੋ ਜਾਂਦੀ ਹੈ। ਸਮੂਹਕ ਬੁਧੀ-ਮਾਪਕ ਪਰੀਖਿਆ ਉਸੇ ਢੰਗ ਨਾਲ ਹੁੰਦੀ ਹੈ ਜਿਸ ਢੰਗ ਨਾਲ ਸਾਡੀਆਂ ਸਧਾਰਨ ਪਰੀਖਿਆਵਾਂ ਹੁੰਦੀਆਂ ਹਨ, ਪਰ ਉਸਦੇ ਪਰੀਖਿਆ-ਪੱਤਰ ਸਧਾਰਨ ਪਰੀਖਿਆ-ਪੱਤਰਾਂ ਨਾਲੋਂ ਵਖਰੇ ਹੁੰਦੇ ਹਨ।

## ਬੁਧੀ-ਮਾਪਕ ਪਰੀਖਿਆਵਾਂ ਦੀਆਂ ਵਿਸ਼ੇਸ਼ਤਾਵਾਂ

ਬੁਧੀ-ਮਾਪਕ ਪਰੀਖਿਆਵਾਂ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ:—

**ਸਮਝ ਦੀ ਜਾਂਚ:**—ਇਨ੍ਹਾਂ ਪਰੀਖਿਆਵਾਂ ਰਾਹੀਂ ਬੱਚੇ ਦੀ ਨਿਰੀ ਯਾਦ-ਸ਼ਕਤੀ ਦੀ ਜਾਂਚ ਦੀ ਥਾਂ ਉਸਦੀ ਸਮਝ ਦੀ ਜਾਂਚ ਹੁੰਦੀ ਹੈ। ਸਮਝ ਦੀ ਬਹੁਲਤਾ ਯਾਦ-ਸ਼ਕਤੀ ਦੀ ਯੋਗਤਾ ਤੇ ਜ਼ਰੂਰ ਨਿਰਭਰ ਕਰਦੀ ਹੈ, ਪਰ ਯਾਦ-ਸ਼ਕਤੀ ਅਤੇ ਸਮਝ ਦੋ ਅੱਡ ਅੱਡ ਵਸਤਾਂ ਹਨ। ਕਿੰਨਿਆਂ ਹੀ ਬੱਚਿਆਂ ਦੀ ਯਾਦ-ਸ਼ਕਤੀ ਬੜੀ ਚੰਗੀ ਹੁੰਦੀ ਹੈ ਪਰ ਸਮਝ ਚੰਗੀ ਨਹੀਂ ਹੁੰਦੀ। ਅਜਿਹੇ ਬੱਚੇ ਸਧਾਰਨ ਪਰੀਖਿਆਵਾਂ ਵਿਚ ਤਾਂ ਚੰਗੇ ਨੰਬਰ ਲੈ ਜਾਂਦੇ ਹਨ ਪਰ ਬੁਧੀ-ਮਾਪਕ ਪਰੀਖਿਆਵਾਂ ਵਿਚ ਚੰਗੇ ਨੰਬਰ ਨਹੀਂ ਲੈਂਦੇ।

**ਉਤਰ ਦਾ ਛੋਟਾ ਹੋਣਾ:**—ਇਨ੍ਹਾਂ ਪਰੀਖਿਆਵਾਂ ਦੇ ਉਤਰ ਬੜੇ ਛੋਟੇ ਹੁੰਦੀ ਹਨ। ਕਦੇ ਕਦੇ 'ਹਾਂ ਜਾਂ 'ਨਾ' ਥੱਲੇ ਨਿਰੀ ਲਕੀਰ ਹੀ ਮਾਰਨੀ ਹੁੰਦੀ ਹੈ। ਜੇ ਕਦੇ ਸ਼ਬਦ ਜਾਂ ਅੰਕ ਲਿਖੇ ਜਾਂਦੇ ਹਨ ਤਾਂ ਉਹ ਇਕ ਜਾਂ ਦੋ ਹੁੰਦੇ ਹਨ।

ਇਸ ਤਰ੍ਹਾਂ ਦੀ ਪਰੀਖਿਆ ਵਿਚ ਜਿਨ੍ਹਾਂ ਬਚਿਆਂ ਵਿਚ ਲੇਖ ਲਿਖਣ ਦੀ ਯੋਗਤਾ ਨਹੀਂ ਹੁੰਦੀ ਪਰ ਸਮਝ ਚੰਗੀ ਹੁੰਦੀ ਹੈ ਉਹ ਚੰਗੇ ਨੰਬਰ ਲੈ ਜਾਂਦੇ ਹਨ। ਇਨ੍ਹਾਂ ਪਰੀਖਿਆਵਾਂ ਵਿਚ ਨਾ ਬੱਚੇ ਦੀ ਅਤੇ ਨਾ ਉਸਤਾਦ ਦੀ ਰੁਚੀ ਜਾਂ ਝੁਕਾ ਨੂੰ ਕੋਈ ਥਾਂ ਹੁੰਦਾ ਹੈ। ਇਕ ਪਸ਼

ਦਾ ਇਕ ਹੀ ਉੱਤਰ ਹੁੰਦਾ ਹੈ। ਇਹ ਉਤਰ ਪਰੀਖਿਆ-ਪੱਤਰ ਦੀ ਕੁੰਜੀ ਵਿਚ ਲਿਖਿਆ ਹੁੰਦਾ ਹੈ। ਇਸ ਉੱਤਰ ਨੂੰ ਵੇਖਕੇ ਸਧਾਰਨ ਕਲਰਕ ਵੀ ਬਾਲਕ ਦੇ ਪਰੀਖਿਆ-ਪੱਤਰ ਨੂੰ ਜਾਂਚ ਸਕਦਾ ਹੈ।

**ਉਮਰ ਦੀ ਮਹੱਤਾ:**—ਬੁਧੀ-ਮਾਪਕ ਪਰੀਖਿਆਵਾਂ ਵਿਚ ਬੱਚੇ ਦੀ ਉਮਰ ਦੀ ਖਾਸ ਮੱਹਤਾ ਹੁੰਦੀ ਹੈ। ਦੋ ਵਖ ਵਖ ਉਮਰ ਦੇ ਇਕੋ ਜਿੰਨੇ ਨੰਬਰ ਲੈ ਜਾਣ ਵਾਲੇ ਬਚਿਆਂ ਦੀ ਬੁਧੀ ਵੱਖ ਵੱਖ ਸਮਝੀ ਜਾਂਦੀ ਹੈ। ਜੇ ਕੋਈ ੧੨ ਸਾਲ ਦਾ ਬੱਚਾ ਬੁਧੀ-ਮਾਪਕ ਪਰੀਖਿਆ ਵਿਚ ਉੱਨੇ ਨੰਬਰ ਹੀ ਲੈ ਜਾਂਦਾ ਹੈ ਜਿੰਨੇ ਇਕ ਪੰਦਰਾਂ ਸਾਲ ਦਾ ਬੱਚਾ ਤਾਂ ੧੨ ਸਾਲ ਦਾ ਬੱਚਾ ਵਧੇਰੇ ਬੁਧਮਾਨ ਸਮਝਿਆ ਜਾਂਦਾ ਹੈ। ਬੁਧੀ-ਮਾਪਕ ਪਰੀਖਿਆਵਾਂ ਵਿਚ ਬੱਚੇ ਦੇ ਨੰਬਰਾਂ ਉੱਤੇ ਉੱਨਾ ਧਿਆਨ ਨਹੀਂ ਦਿੱਤਾ ਜਾਂਦਾ ਜਿੰਨਾਂ ਉਸਦੀ ਬੌਧਿਕ ਪੱਧਰ ਤੇ।

ਕਿਸੇ ਵੀ ਬੁਧੀ-ਮਾਪਕ ਪਰੀਖਿਆ ਵਿਚ ਹਰ ਇਕ ਉਮਰ ਦੇ ਬੱਚੇ ਦੇ ਨੰਬਰ ਪਹਿਲਾਂ ਤੋਂ ਹੀ ਨਿਸ਼ਚਿਤ ਕਰ ਲਏ ਜਾਂਦੇ ਹਨ। ਇਸਦੇ ਲਈ ਹਜ਼ਾਰਾਂ ਬੱਚਿਆਂ ਨੂੰ ਬੁਧੀ-ਮਾਪਕ ਪ੍ਰਸ਼ਨ-ਪੱਤਰ ਦਿਤਾ ਜਾਂਦਾ ਹੈ ਅਤੇ ਜਿਹੜੇ ਨੰਬਰ ਕਿਸੇ ਉਮਰ ਦੇ ਔਸਤ ਬੱਚੇ ਦੇ ਆਉਂਦੇ ਹਨ ਉਨ੍ਹਾਂ ਨੂੰ ਉਸ ਉਮਰ ਦੇ ਨੰਬਰ ਮੰਨ ਲਿਆ ਜਾਂਦਾ ਹੈ। ਮੰਨ ਲੌ ੧੫ ਸਾਲ ਦੀ ਉਮਰ ਦੇ ਬਚਿਆਂ ਦੇ ਔਸਤ ਨੰਬਰ ੯੦ ਹਨ ਤਾਂ ੯੦ ਨੰਬਰ ੧੫ ਸਾਲ ਦੀ ਬੁਧੀ ਦਾ ਸੰਕੇਤ ਮੰਨ ਲਿਆ ਜਾਵੇਗਾ। ਹੁਣ ਜੇ ਕੋਈ ੧੫ ਸਾਲ ਦਾ ਬਾਲਕ ੯੦ ਤੋਂ ਵਧੇਰੇ ਨੰਬਰ ਉਸ ਪਰੀਖਿਆ ਵਿਚ ਲੈ ਜਾਂਦਾ ਹੈ ਤਾਂ ਉਸ ਨੂੰ ਤੇਜ਼ ਬੁਧੀ ਵਾਲਾ ਮੰਨਿਆ ਜਾਵੇਗਾ ਅਤੇ ਜੇ ੯੦ ਤੋਂ ਘਟ ਨੰਬਰ ਲੈਂਦਾ ਹੈ ਤਾਂ ਉਸ ਨੂੰ ਘਟੀਆ ਬੁਧੀ ਦਾ। ਇਸੇ ਤਰ੍ਹਾਂ ਜੇ ੧੩ ਸਾਲ ਦੀ ਉਮਰ ਦਾ ਬੱਚਾ ੯੦ ਨੰਬਰ ਲੈ ਜਾਂਦਾ ਹੈ ਤਾਂ ਉਸਨੂੰ ਤਿੱਖੀ ਬੁਧੀ ਵਾਲਾ ਸਮਝਿਆ ਜਾਵੇਗਾ ਅਤੇ ਜੇ ੧੬ ਸਾਲ ਦਾ ਬਾਲਕ ੯੦ ਨੰਬਰ ਲਵੇ ਤਾਂ ਉਹ ਘਟੀਆ ਬੁਧੀ ਦਾ ਸਮਝਿਆ ਜਾਵੇਗਾ।

**ਪੱਖਪਾਤ ਤੋਂ ਸੁਤੰਤਰਤਾ :**— ਬੁਧੀ-ਮਾਪਕ ਪਰੀਖਿਆਵਾਂ ਵਿਚ ਪਰੀਖਿਅਕ ਦੀ ਰੁਚੀ ਦੀ ਵਿਸ਼ੇਸ਼ਤਾ ਨੂੰ ਕੋਈ ਥਾਂ ਨਹੀਂ ਹੁੰਦਾ। ਇਸ ਲਈ ਜਿਸ ਸਿਧਾਂਤ ਦੇ ਅਧਾਰ ਉਤੇ ਬੁਧੀ-ਮਾਪਕ ਪਰੀਖਿਆਵਾਂ ਬਣੀਆਂ ਹੁੰਦੀਆਂ ਹਨ ਉਸੇ ਸਿਧਾਂਤ ਦੇ ਅਧਾਰ ਉਤੇ ਬਚਿਆਂ ਦੀ ਮਿਹਨਤ ਮਾਪਣ ਦੀਆਂ ਪਰੀਖਿਆਵਾਂ ਬਣਾਈਆਂ ਗਈਆਂ ਹਨ। ਹਰ ਜਮਾਤ ਦੇ ਬੱਚੇ ਲਈ ਵਖ ਵਖ ਵਿਸ਼ਿਆਂ ਦੇ ਪਰੀਖਿਆ-ਪੱਤਰ ਬਣਾਏ ਜਾਂਦੇ ਹਨ। ਇਨ੍ਹਾਂ ਪਰੀਖਿਆ-ਪੱਤਰਾਂ ਨੂੰ ਕਿਸੇ ਦੂਜੀ ਥਾਂ ਦੇ ਵਿਦਿਆਰਥੀਆਂ ਨੂੰ ਦੇਕੇ ਮਾਪ ਲਿਆ ਜਾਂਦਾ ਹੈ। ਮੰਨ ਲੌ ਇਕ ਪਰੀਖਿਅ-ਪੱਤਰ ਬੋਲੀ ਦੀ ਜਾਂਚ ਲਈ ਅਠਵੀਂ ਜਮਾਤ ਵਾਸਤੇ ਬਣਾਇਆ ਗਿਆ ਹੈ। ਇਸ ਪਰੀਖਿਆ-ਪੱਤਰ ਨੂੰ ਜੇ ਕਿਸੇ ਖਾਸ ਬੱਚੇ ਨੂੰ ਦਿੱਤਾ ਜਾਵੇ ਅਤੇ ਉਹ ਉਸ ਵਿਚ ਉੱਨੇ ਨੰਬਰ ਲੈ ਜਾਂਦਾ ਹੈ ਜਿੰਨੇ ਇਕ ਔਸਤ ਅਠਵੀਂ ਜਮਾਤ ਦਾ ਬੱਚਾ ਲੈਂਦਾ ਹੈ ਤਾਂ ਉਸ ਬਾਲਕ ਨੂੰ ਅਸੀਂ ਅਠਵੀਂ ਜਮਾਤ ਦੇ ਯੋਗ ਮੰਨਾਂਗੇ। ਇਹ ਪਰੀਖਿਆ-ਪੱਤਰ ਆਮ ਪਰੀਖਿਆ-ਪੱਤਰਾਂ ਵਰਗੇ ਹੀ ਹੁੰਦੇ ਹਨ; ਪਰ ਇਨ੍ਹਾਂ ਵਿਚ ਬੱਚਿਆਂ ਨੂੰ ਲਿਖਣਾ ਬੜਾ ਘਟ ਪੈਂਦਾ ਹੈ। ਇਸ ਤਰ੍ਹਾਂ ਦੀਆਂ ਪਰੀਖਿਆਵਾਂ ਲੈਣ ਨਾਲ ਵਕਤ ਵੀ ਥੋੜ੍ਹਾ ਖਰਚ ਹੁੰਦਾ ਹੈ। ਕਈ ਬੱਚੇ ਜਿਹੜੇ ਆਮ ਪਰੀਖਿਆਵਾਂ ਵਿਚ ਘਟ ਨੰਬਰ ਲੈਂਦੇ ਹਨ, ਇਨ੍ਹਾਂ ਪਰੀਖਿਆਵਾਂ ਵਿਚ ਵਧੇਰੇ ਨੰਬਰ ਲੈ ਜਾਂਦੇ ਹਨ। ਇਨ੍ਹਾਂ ਪਰੀਖਿਆਵਾਂ ਰਾਹੀਂ ਅਸੀਂ ਇਹ ਪਤਾ ਲੈ ਸਕਦੇ ਹਾਂ ਕਿ ਕੋਈ ਖ਼ਾਸ ਬੱਚਾ ਆਪਣੀ ਸ਼ਕਤੀ ਦੀ ਪੂਰੀ ਵਰਤੋਂ

ਕਰ ਰਿਹਾ ਹੈ ਕਿ ਨਹੀਂ। ਪਹਿਲਾਂ ਅਜਿਹੇ ਬੱਚੇ ਦੀ ਬੁਧੀ-ਮਾਪਕ ਪਰੀਖਿਆ ਕੀਤੀ ਜਾਂਦੀ ਹੈ। ਜੇ ਉਹ ਤਿੱਖੀ ਬੁਧੀ ਦਾ ਹੋਵੇ ਤੇ ਉਹ ਆਪਣੀ ਸ਼ਕਤੀ ਨੂੰ ਪੂਰੀ ਤਰ੍ਹਾਂ ਕੰਮ ਵਿਚ ਲਿਆ ਰਿਹਾ ਹੋਵੇ ਤਾਂ ਉਹ ਸਧਾਰਨ ਬਚਿਆਂ ਦੇ ਟਾਕਰੇ ਮਿਹਨਤ-ਮਾਪਕ ਪਰੀਖਿਆਵਾਂ ਵਿਚ ਜ਼ਰੂਰ ਵੱਧ ਨੰਬਰ ਲਵੇਗਾ।

## ਉਸਤਾਦ ਦੀ ਰਾਏ ਦੀ ਮਹੱਤਾ

ਬੱਚਿਆਂ ਦੀ ਯੋਗਤਾ ਦਾ ਪਤਾ ਲਾਉਣ ਲਈ ਕਿਸੇ ਤਰ੍ਹਾਂ ਦੀ ਪਰੀਖਿਆ ਵੀ ਕਾਫੀ ਨਹੀਂ। ਇਸ ਦੇ ਲਈ ਬੱਚੇ ਦੇ ਨਿਤ ਦਿਨ ਦੇ ਕੰਮ ਨੂੰ ਵੇਖਣਾ ਵੀ ਜ਼ਰੂਰੀ ਹੈ। ਕਿੰਨੇ ਹੀ ਬੱਚੇ ਬੁਧੀ-ਮਾਪਕ ਪਰੀਖਿਆ-ਪੱਤਰਾਂ ਦੇ ਪ੍ਰਸ਼ਨ ਹੱਲ ਕਰਨ ਵਿਚ ਚਤੁਰਤਾ ਪਰਾਪਤ ਕਰ ਲੈਂਦੇ ਹਨ। ਅਜਿਹੇ ਬੱਚੇ ਅਸਲ ਵਿਚ ਘਟ ਯੋਗਤਾ ਰਖਦਿਆਂ ਵੀ ਪਰੀਖਿਆਵਾਂ ਵਿਚ ਵਧ ਨੰਬਰ ਲੈ ਜਾਂਦੇ ਹਨ। ਫਿਰ ਕਿੰਨੇ ਹੀ ਬੱਚੇ ਇਕ ਕਿਸਮ ਦੀ ਪਰੀਖਿਆ ਵਿਚ ਇਸ ਲਈ ਘਟ ਨੰਬਰ ਨਹੀਂ ਲੈਂਦੇ ਕਿ ਉਹ ਬੁਧੀ ਵਿਚ ਘਟੀਆ ਹਨ ਸਗੋਂ ਇਸ ਲਈ ਘਟ ਨੰਬਰ ਲੈਂਦੇ ਹਨ ਕਿ ਉਨ੍ਹਾਂ ਵਿਚ ਛੇਤੀ ਕੰਮ ਕਰਨ ਦੀ ਯੋਗਤਾ ਨਹੀਂ ਹੈ। ਬੁਧੀ-ਮਾਪਕ ਪਰੀਖਿਆਵਾਂ ਵਿਚ ਸਮੇਂ ਦੀ ਬੰਦਸ਼ ਉਸੇ ਤਰ੍ਹਾਂ ਹੁੰਦੀ ਹੈ ਜਿਸ ਤਰ੍ਹਾਂ ਦੀ ਸਾਧਾਰਨ ਪਰੀਖਿਆਵਾਂ ਵਿਚ। ਜਿਹੜਾ ਬਾਲਕ ਥੋੜ੍ਹੇ ਸਮੇਂ ਵਿਚ ਵਧੇਰੇ ਪ੍ਰਸ਼ਨ ਹਲ ਕਰ ਲੈਂਦਾ ਹੈ ਉਸ ਨੂੰ ਤੇਜ਼ ਬੁਧੀ ਦਾ ਮੰਨ ਲਿਆ ਜਾਂਦਾ ਹੈ ਅਤੇ ਜਿਹੜੇ ਉਸ ਸਮੇਂ ਵਿਚ ਥੋੜ੍ਹੇ ਪ੍ਰਸ਼ਨ ਹਲ ਕਰਦਾ ਹੈ ਉਸ ਨੂੰ ਘਟੀਆ ਬੁਧੀ ਦਾ। ਪਰ ਇਸ ਤਰ੍ਹਾਂ ਬਚਿਆਂ ਦੀ ਯੋਗਤਾ ਬਾਰੇ ਧਾਰਨਾ ਬਣਾਉਣਾ ਠੀਕ ਨਹੀਂ। ਇਹ ਗੱਲ ਸੱਚ ਹੈ ਕਿ ਆਮ ਤੌਰ ਤੇ ਤੇਜ਼ ਬੁਧੀ ਵਾਲਾ ਬੱਚਾ ਦੂਜੇ ਬੱਚਿਆਂ ਨਾਲੋਂ ਆਪਣੇ ਕੰਮ ਨੂੰ ਛੇਤੀ ਨਾਲ ਖਤਮ ਕਰ ਲੈਂਦਾ ਹੈ, ਪਰ ਕਿੰਨੇ ਹੀ ਬਚਿਆਂ ਵਿਚ ਕੰਮ ਨੂੰ ਖਤਮ ਕਰਨ ਦੀ ਯੋਗਤਾ ਤਾਂ ਹੁੰਦੀ ਹੈ ਪਰ ਉਹ ਸੋਚ ਸਮਝ ਕੇ ਸਭ ਕੰਮ ਕਰਦੇ ਹਨ। ਇਸ ਤਰ੍ਹਾਂ ਦੇ ਬੱਚੇ ਪੱਕੀ ਹੋਈ ਬੁਧੀ ਦੇ ਹੁੰਦੇ ਹਨ। ਇਹ ਸਮੱਸਿਆ ਨੂੰ ਹਲ ਕਰਨ ਵਿਚ ਦੇਰ ਜ਼ਰੂਰ ਲਾਉਂਦੇ ਹਨ, ਪਰ ਉਨ੍ਹਾਂ ਦੇ ਉੱਤਰ ਸਹੀ ਹੁੰਦੇ ਹਨ। ਉਹ ਭੁਲਾਂ ਬੜੀਆਂ ਘਟ ਕਰਦੇ ਹਨ। ਇਸ ਕਿਸਮ ਦੇ ਬੱਚਿਆਂ ਦੀ ਬੁਧੀ ਦਾ ਪਤਾ ਨਾ ਸਧਾਰਨ ਪਰੀਖਿਆਵਾਂ ਰਾਹੀਂ ਚਲਦਾ ਹੈ ਅਤੇ ਨਾ ਬੁਧੀ-ਮਾਪਕ ਪਰੀਖਿਆਵਾਂ ਰਾਹੀਂ। ਉਨ੍ਹਾਂ ਦੀ ਯੋਗਤਾ ਨੂੰ ਠੀਕ ਤਰ੍ਹਾਂ ਮਾਪਣ ਲਈ ਉਸਤਾਦ ਦੀ ਰਾਏ ਦੀ ਲੋੜ ਪੈਂਦੀ ਹੈ। ਇਹ ਰਾਏ ਉਸਤਾਦ ਉਨ੍ਹਾਂ ਦੇ ਨਿਤ ਦਿਨ ਦੇ ਕੰਮ ਦੇ ਅਧਾਰ ਤੇ ਬਣਾਉਂਦਾ ਹੈ।

ਅਧੁਨਿਕ ਸਿਖਿਆ-ਵਿਦਿਵਾਨ ਬੱਚਿਆਂ ਦੀ ਸਿਖਿਆ ਵਿਚ ਉਨ੍ਹਾਂ ਦੀ ਪਰੀਖਿਆ ਨੂੰ ਮਹੱਤਾ ਦਾ ਥਾਂ ਨਹੀਂ ਦਿੰਦੇ। ਉਹ ਬੱਚੇ ਦੇ ਨਿਤ ਦਿਨ ਦੇ ਕੰਮ ਨੂੰ ਮਹੱਤਾ ਦਾ ਥਾਂ ਦਿੰਦੇ ਹਨ। ਹਰ ਉਸਤਾਦ ਨੂੰ ਬੱਚੇ ਦੀ ਉੱਨਤੀ ਦਾ ਲੇਖਾ ਰਖਣਾ ਜ਼ਰੂਰੀ ਹੈ। ਬਾਲਕ ਜੋ ਕੁਝ ਕੰਮ ਕਰਦਾ ਹੈ ਉਸ ਦੀ ਰੀਪੋਰਟ ਉਸਤਾਦ ਕੋਲ ਰਹਿਣੀ ਚਾਹੀਦੀ ਹੈ। ਇਸ ਰੀਪੋਰਟ ਦੇ ਅਧਾਰ ਉਤੇ ਹੀ ਬਾਲਕ ਦੀ ਯੋਗਤਾ ਦਾ ਨਿਰਣਾ ਕਰਨਾ ਚਾਹੀਦਾ ਹੈ। ਜੇ ਕੋਈ ਬੱਚਾ ਸਲਾਨਾ ਪਰੀਖਿਆ ਵਿਚ ਕਿਸੇ ਕਾਰਨ ਕਰਕੇ ਫੇਲ ਹੋ ਜਾਂਦਾ ਹੈ, ਪਰ ਉਸਦਾ ਨਿਤ ਦਿਨ ਦਾ ਕੰਮ ਚੰਗਾ ਹੈ ਤਾਂ ਉਸਨੂੰ ਅਗਲੀ ਜਮਾਤ ਵਿਚ ਜਾਣ ਤੋਂ ਕਦੇ ਵੀ ਨਹੀਂ ਰੋਕਣਾ ਚਾਹੀਦਾ।

## ਬੁਧੀ-ਮਾਪਕ ਪਰੀਖਿਆਵਾਂ ਦੀ ਠੀਕ ਵਰਤੋਂ

ਜਿਨ੍ਹਾਂ ਬੱਚਿਆਂ ਦੀ ਯੋਗਤਾ ਬਾਰੇ ਸ਼ੱਕ ਹੋਵੇ ਉਨ੍ਹਾਂ ਦੀ ਬੁਧੀ-ਮਾਪਕ ਪਰੀਖਿਆ ਲੈ ਕੇ ਇਹ ਨਿਸਚਿਤ ਕੀਤਾ ਜਾ ਸਕਦਾ ਹੈ ਕਿ ਉਹ ਅਗਲੀ ਜਮਾਤ ਵਿਚ ਚਲ ਸਕਣਗੇ ਕਿ ਨਹੀਂ। ਜਿਨ੍ਹਾਂ ਬਚਿਆਂ ਦੀ ਬੁਧੀ ਚੰਗੀ ਹੈ ਉਹ ਜੇ ਕਿਸੇ ਕਾਰਨ ਕਰਕੇ ਸਲਾਨਾ ਪਰੀਖਿਆ ਵਿਚ ਫੇਲ ਵੀ ਹੋ ਜਾਣ ਤਾਂ ਆਪਣੀ ਜਮਾਤ ਦੇ ਬੱਚਿਆਂ ਨਾਲ ਜ਼ਰਾ ਵਧ ਮਿਹਨਤ ਕਰਕੇ ਚਲ ਸਕਦੇ ਹਨ। ਇਸ ਤਰ੍ਹਾਂ ਬੁਧੀ-ਮਾਪਕ ਪਰੀਖਿਆ ਅਤੇ ਸਕੂਲ ਵਿਚ ਕੀਤੇ ਕੰਮ ਦੇ ਲੇਖੇ ਦੇ ਅਧਾਰ ਉਤੇ ਬੱਚੇ ਦੀ ਅਸਲ ਯੋਗਤਾ ਜਾਚੀ ਜਾ ਸਕਦੀ ਹੈ।

ਬੁਧੀ ਮਾਪਕ ਪਰੀਖਿਆਵਾਂ ਕਿਸੇ ਵਿਸ਼ੇਸ਼ ਕੰਮ ਲਈ ਬੱਚਿਆਂ ਨੂੰ ਚੁਣਨ ਲਈ ਵੀ ਕੰਮ ਆਉਂਦੀਆਂ ਹਨ। ਵਿਸ਼ਵ-ਵਿਦਿਆਲੇ ਦੀ ਸਿਖਿਆ ਲਈ ਉਨ੍ਹਾਂ ਬਾਲਕਾਂ ਨੂੰ ਭੇਜਣਾ ਹੀ ਉਚਿਤ ਹੈ ਜਿਹੜੇ ਸਧਾਰਨ ਬੁੱਧੀ ਦੇ ਬਾਲਕਾਂ ਨਾਲੋਂ ਚੰਗੇ ਹਨ। ਇਸ ਦੇ ਲਈ ਬੱਚਿਆਂ ਦੀ ਸਧਾਰਨ ਪਰੀਖਿਆ ਤੋਂ ਬਿਨਾਂ ਬੁਧੀ-ਮਾਪਕ ਪਰੀਖਿਆ ਵੀ ਹੋਣੀ ਚਾਹੀਦੀ ਹੈ। ਜਿਹੜੇ ਬੱਚੇ ਦੋਹਾਂ ਤਰ੍ਹਾਂ ਦੀਆਂ ਪਰੀਖਿਆਵਾਂ ਵਿਚ ਉੱਚੇ ਦਰਜੇ ਵਿਚ ਆਉਂਦੇ ਹਨ, ਉਨ੍ਹਾਂ ਨੂੰ ਵਿਸ਼ਵ-ਵਿਦਿਆਲੇ ਦੀ ਸਿਖਿਆ ਦਾ ਮੌਕਾ ਦੇਣਾ ਚਾਹੀਦਾ ਹੈ, ਅਤੇ ਜਿਹੜੇ ਬੁੱਧੀ ਅਤੇ ਕੰਮ ਕਰਨ ਵਿਚ ਸਰੇਸ਼ਠ ਹਨ ਉਨ੍ਹਾਂ ਨੂੰ ਸਰਕਾਰੀ ਖਰਚ ਤੇ ਪੜ੍ਹਾਇਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕੋਈ ਵੀ ਯੋਗ ਬੱਚਾ ਉਚਿਤ ਸਿਖਿਆ ਤੋਂ ਵੰਚਿਤ ਨਹੀਂ ਰਹੇਗਾ ਅਤੇ ਕੌਮ ਵੀ ਅਜਿਹੇ ਬੱਚਿਆਂ ਤੋਂ ਵਧ ਤੋਂ ਵਧ ਲਾਭ ਉਠਾ ਸਕੇਗੀ।

———

## ਅੰਤਕਾ-(ੳ)

## ਬੋਲੀ ਦਾ ਪਾਠ

### ਪਾਠ ਦੀ ਕਵਿਤਾ-ਗਰੀਬ ਕਿਸਾਨ

੧.

ਕੱਕਰੀ ਰਾਤ ਸਿਆਲ ਦੀ, ਵਰਤੀ ਸੁੰਞ ਮਸਾਣ।
ਖਲਕਤ ਸੁੱਤੀ ਅੰਦਰੀਂ, ਨਿੱਘੀਆਂ ਬੁਕਲਾਂ ਤਾਣ।
ਪਿਛਲੇ ਪਹਿਰ ਤਰੇਲ ਦੇ, ਮੋਤੀ ਜੰਮਦੇ ਜਾਣ,
ਬੁਕਲੋਂ ਮੂੰਹ ਜੇ ਕਢੀਏ, ਪਾਲਾ ਪੈਂਦਾ ਖਾਣ।
ਇਸ ਵੇਲੇ ਜਾਂ ਜਾਗਦੇ, ਤਾਰੇ ਵਿਚ ਅਸਮਾਨ,
ਜਾਂ ਕੋਈ ਕਰਦਾ ਭਗਤ ਜਨ ਖੂਹੇ ਤੇ ਇਸ਼ਨਾਨ।
ਜਾਂ ਇਕ ਕਿਸਮਤ ਦਾ ਬਲੀ, ਜਾਗ ਰਿਹਾ ਕਿਰਸਾਣ।
ਪਾਣੀ ਲਾਉਂਦਿਆਂ ਪੈਰ ਹੱਥ ਨੀਲੇ ਹੁੰਦੇ ਜਾਣ।

੨.

ਸਿਖਰ ਦੁਪਹਿਰੇ ਜੇਠ ਦੀ, ਵਰ੍ਹਨ ਪਏ ਅੰਗਿਆਰ,
ਲੋਆਂ ਵਾਉ-ਵਿਰੋਲਿਆਂ, ਰਾਹੀ ਲਏ ਖਲ੍ਹਾਰ।
ਲੋਹ ਤਪੇ ਜਿਉਂ ਪ੍ਰਿਥਵੀ, ਭੱਖ ਲਵਣ ਅਸਮਾਨ,
ਪਸ਼ੂਆਂ ਜੀਭਾਂ ਸੁੱਟੀਆਂ, ਪੰਛੀ ਭੁਜਦੇ ਜਾਣ।
ਲੁਕੀ ਲੁਕਾਈ ਅੰਦਰੀਂ, ਨਿਕਲੇ ਬਾਹਰ ਨਾ ਸਾਹ,
ਪਰ ਪਿੜ ਵਿਚ ਕਿਰਸਾਣ ਇਕ, ਫਲ੍ਹਾ ਰਿਹਾ ਹੈ ਵਾਹ।
ਸਿਰ ਪੈਰਾਂ ਤਕ ਨੁਚੜੇ, ਮੁੜ੍ਹਕਾਂ ਵਾਹੋ ਦਾਹ,
ਪਰ ਸ਼ਾਬਾਸ਼ੇ ਦੂਲਿਆ ਰਤਾ ਨਹੀਂ ਪਰਵਾਹ।

੩.

ਪੱਕੀ, ਵੱਢੀ, ਢੰਨ੍ਹ ਲਈ, ਆਣ ਧਰੀ ਖਲਵਾਰ,
ਤਦ ਵੀ ਧੜਕੇ ਕਾਲਜਾ, ਦੁਸ਼ਮਨ ਕਰੇ ਨਾ ਵਾਰ।
ਬਤੀਓਂ ਦੰਦੋਂ ਜੀਭ ਨੂੰ, ਜੋ ਰੱਬ ਲਏ ਬਚਾਇ,
ਚਾਈਂ ਚਾਈਂ ਗਾਹਕੇ, ਧੜ ਦੇਵੇਂ ਤਦ ਲਾਇ।
ਅਜੇ ਵਸਾਏ ਨਾ ਚੁੱਕਿਓਂ ਲਾਗੂ ਬੈਠੇ ਆਇ।
ਲਾਗੀ, ਚੋਗੀ, ਸੇਪੀਆਂ, ਝੁਰਮਟ ਦਿੱਤਾ ਪਾਇ।
ਰਹਿੰਦਾ ਬੋਹਲ ਹੂੰਝ ਲਿਆ, ਆਕੇ ਲਹਿਣੇਦਾਰ
ਤੇਰੇ ਪੱਲੇ ਰਹਿ ਗਈ, ਤੂੜੀ ਪੰਡਾਂ ਚਾਰ।

# ਪੰਜਾਬੀ ਪਾਠ-ਸੂਤਰ

ਤਾਰੀਖ.........  ਜਮਾਤ—੬

ਵਿਸ਼ਾ—ਪੰਜਾਬੀ ਕਵਿਤਾ  ਘੰਟੀ—੨

ਹਥਲਾ ਪਾਠ—ਗਰੀਬ ਕਿਸਾਨ  ਸਮਾਂ—੪੦ ਮਿੰਟ

ਉਦੇਸ਼-ਸਾਧਾਰਨ—(੧) ਵਿਦਿਆਰਥੀਆਂ ਵਿਚ ਕਵਿਤਾ ਲਈ ਰੁਚੀ ਪੈਦਾ ਕਰਨਾ, ਜਿਸ ਨਾਲ ਉਨ੍ਹਾਂ ਦੀ ਕਲਪਣਾ ਅਤੇ ਭਾਵਨਾ ਸ਼ਕਤੀ ਵਿਚ ਵਾਧਾ ਹੋ ਸਕੇ।

(੨) ਉਨ੍ਹਾਂ ਦੇ ਸ਼ਬਦ ਭੰਡਾਰ ਅਤੇ ਮੁਹਾਵਰੇ ਵਿਚ ਵਾਧਾ ਕਰਕੇ ਬੋਲੀ ਦਾ ਵਿਕਾਸ ਕਰਨਾ।

ਵਿਸ਼ੇਸ਼—ਕਿਸਾਨ-ਜੀਵਨ ਦੀ ਮਹੱਤਾ, ਕਿਸਾਨ ਦੀਆਂ ਕਸ਼ਟਾਂ, ਔਖਿਆਈਆਂ ਬਾਰੇ ਸਹਿਣ ਸ਼ਕਤੀ ਉਸਦੀ ਗਰੀਬੀ, ਤੇ ਬੇਬਸੀ ਦਾ ਗਿਆਨ ਕਰਵਾਕੇ ਉਸਦੀ ਵਰਤਮਾਨ ਦੁਰਦਸ਼ਾ ਦਾ ਇਲਾਜ ਲਭਣ ਦਾ ਉਪਰਾਲਾ।

ਪਰਸਤਾਵਨਾ—ਬੱਚਿਆਂ ਨੂੰ ਕਿਸਾਨ ਦੀ ਤਸਵੀਰ ਵਿਖਾਕੇ ਹੇਠਲੇ ਪ੍ਰਸ਼ਨ ਕੀਤੇ ਜਾਣਗੇ।

(੧) ਤੁਸੀਂ ਇਸ ਚਿਤਰ ਵਿਚ ਕੀ ਵੇਖਦੇ ਹੋ ?
(ਦੋ ਕਿਸਾਨ ਨੰਗੇ ਪਿੰਡੇ ਕਣਕ ਦੀਆਂ ਭਰੀਆਂ ਦਾ ਭਰਿਆ ਗੱਡਾ ਆਪਣੇ ਖੇਤ ਵਿਚੋਂ ਲਿਆ ਰਹੇ ਹਨ।)

(੨) ਇਹ ਅਨਾਜ ਕਿਸਾਨ ਨੇ ਕਿਵੇਂ ਪੈਦਾ ਕੀਤਾ ?
(ਅਨੇਕ ਕਸ਼ਟਾਂ ਨੂੰ ਝਾਗ ਕੇ ਉਹ ਇਹ ਅਨਾਜ ਪੈਦਾ ਕਰ ਸਕਿਆ।)

ਉਦੇਸ਼ ਕਥਨ—ਅਜ ਅਸੀਂ ਕਿਸਾਨ ਦੇ ਕਸ਼ਟਾਂ ਭਰੇ ਜੀਵਨ ਉਤੇ ਝਾਤ ਪੁਆਉਂਦੀ 'ਗਰੀਬ ਕਿਸਾਨ' ਨਾਮੀ ਕਵਿਤਾ ਪੜ੍ਹਾਂਗੇ।

ਪਾਠ-ਕਰਮ—(੧) ਪਾਠਕ ਰਾਹੀਂ ਆਦਰਸ਼ ਪਾਠ।

(੨) ਵਿਦਿਆਰਥੀਆਂ ਕੋਲੋਂ ਸੁਰੀਲੀ ਅਵਾਜ਼ ਵਿਚ ਪਾਠ (ਸੱਦ ਦੀ ਤਰਜ਼ ਤੇ)।

(੩) ਖੋਲ੍ਹਕੇ ਵਿਆਖਿਆ।

(੪) ਦੁਹਰਾਈ।

(੫) ਅਭਿਆਸ।

## ਖੋਲ੍ਹਕੇ ਵਿਆਖਿਆ--ਪਹਿਲਾ ਭਾਗ

| ਵਸਤੂ | ਉਪਾਓ |
|---|---|
| ਸੁੰਵ ਮਸਾਣ=ਮਸਾਣਾਂ ਦੀ ਸੁੰਵ= ਬਿਲਕੁਲ ਚੁਪ ਚਾਂ ਜਾਂ ਡਰਾਉਣੀ ਚੁਪ ਚਾਂ | ਸਮਾਸੀ ਅਰਥਾਂ ਵਿਚ |
| ਕੱਕਰੀ=ਕੱਕਰ ਵਾਲੀ, ਕੱਕਰ ਵਰਗੀ ਠੰਡੀ, ਠੰਡੀ ਠਾਰ | ਕੱਕਰ ਦਾ ਵਿਸ਼ੇਸ਼ਣ ਬਣਾਕੇ ਉਦਾਹਰਨ ਰਾਹੀਂ ਊਠ ਤੋਂ ਊਠੀ, ਪੱਥਰ ਤੋਂ ਪੱਥਰੀ (ਕੋਲਾ) ਜੰਗਲ ਤੋਂ ਜੰਗਲੀ |
| ਬੁੱਕਲਾਂ ਤਾਣ=ਬੁਕਲਾਂ ਮਾਰਕੇ=ਸਭ ਪਾਸਿਓਂ ਕਪੜਾ ਲਪੇਟਕੇ | |
| ਖਾਣ ਪੈਣਾ—ਜ਼ਰਾ ਜਿੰਨੀ ਨਰਮੀ ਨਾ ਦਸਣਾ, ਘੂਰਨਾ, ਦੁਖੀ ਕਰਨਾ | ਮੁਹਾਵਰੇ ਦੀ ਵਰਤੋਂ |
| ਜਾਗਣ ਤਾਰੇ—ਤਾਰੇ ਟਿਮਟਮਾਉਂਦੇ ਹਨ। | ਇਹੋ ਜਿਹਾ ਕਹਿਣ ਦਾ ਢੰਗ ਕਵਿਤਾ ਵਿਚ ਆਮ ਹੁੰਦਾ ਹੈ। |
| ਕਿਸਮਤ ਦਾ ਬਲੀ—ਅਸਲ ਅਰਥ ਚੰਗੀ ਕਿਸਮਤ ਵਾਲਾ ਪਰ ਇਥੇ ਇਕ ਤਰ੍ਹਾਂ ਦੀ ਟੋਕ ਹੈ—ਕਿਸਾਨ ਸਾਰਿਆਂ ਲਈ ਤਾਂ ਪੈਦਾ ਕਰਦਾ ਹੈ ਪਰ ਉਸਦੀ ਆਪਣੀ ਕਿਸਮਤ ਵਿਚ ਭੁਖ ਤੇ ਗਰੀਬੀ ਹੀ ਰਹਿੰਦੀ ਹੈ | ਮੁਹਾਵਰੇ ਦੀ ਵਰਤੋਂ, ਟੋਕ ਲਾਉਣ ਦੇ ਅਰਥਾਂ ਵਿਚ |
| ਹੱਥ ਪੈਰ ਨੀਲੇ ਹੋਣੇ--ਪਾਲੇ ਨਾਲ ਖ਼ੂਨ ਜੰਮਕੇ ਨਾੜਾਂ ਵਿਚੋਂ ਨੀਲੀ ਭਾਹ ਮਾਰਦਾ ਹੈ ਅਰਥਾਤ ਪਾਲੇ ਨਾਲ ਖ਼ੂਨ ਜੰਮਦਾ ਜਾਂਦਾ ਹੈ। | ਮੁਹਾਵਰੇ—ਦੇ ਅਰਥਾਂ ਵਿਚ |

ਵਿਚਾਰ ਵਿਸ਼ਲੇਸ਼ਨ—(੧) ਕਿਸਾਨ ਲਈ ਕਿਹੜਾ ਵਿਸ਼ੇਸ਼ਣ ਵਰਤਿਆ ਗਿਆ ਹੈ ?

(੨) ਤੜਕਸਾਰ ਕਿਸਾਨ ਤੋਂ ਬਿਨਾਂ ਹੋਰ ਕੌਣ ਕੌਣ ਜਾਗਦਾ ਹੈ ?

(੩) ਕਵੀ ਦੇ ਹਿਰਦੇ ਦੀ ਹਾਲਤ ਕੀ ਪਰਤੀਤ ਹੁੰਦੀ ਹੈ ?

## ਦੂਸਰਾ ਭਾਗ

| ਵਸਤੂ | ਉਪਾਓ |
|---|---|
| ਸਿਖਰ=ਉੱਤਲਾ ਸਿਰਾ, ਟੀਸੀ. ਸਿਰ ਉੱਤੇ। ਸਿਖਰ ਦੁਪਹਿਰੇ=ਦੁਪਹਿਰਾਂ ਨੂੰ ਜਦ ਸੂਰਜ ਐਨ ਸਿਰ ਤੇ ਹੁੰਦਾ ਹੈ। | ਦੁਪਹਿਰਾਂ ਨੂੰ ਸੂਰਜ ਐਨ ਸਿਰੇ ਤੇ ਹੋਣ ਕਰਕੇ ਸਿੱਧੀਆਂ ਖੜੀਆਂ ਕਿਰਨਾ ਸਿਟਦਾ ਹੈ। ਇਹ ਕਿਰਨਾਂ ਵਧੇਰੇ ਗਰਮੀ ਕਰਦੀਆਂ ਹਨ। (ਭੂਗੋਲ ਦੀ ਸੰਥਾ ਵਲ ਧਿਆਨ ਦੁਆਕੇ) |
| ਵਰ੍ਹਣ ਪਏ ਅੰਗਿਆਰ ਅੰਗਿਆਰਾਂ ਦਾ ਮੀਂਹ ਪੈਂਦਾ ਹੈ, ਸਖਤ ਗਰਮੀ ਪੈ ਰਹੀ ਹੈ। ਲੋਆਂ--ਗਰਮ ਹਵਾਵਾਂ ਰਾਹੀ ਲਦੇ ਖਲ੍ਹਾਰ--ਕੋਈ ਅਜੇਹਾਂ ਗਰਮੀ ਵਿਚ ਪੈਂਡੇ ਨਹੀਂ ਤੁਰਦਾ | ਗਰਮੀ ਵਿਚ ਵਖ ਵਖ ਚੀਜ਼ਾਂ ਦੀ ਹੋ ਰਹੀ ਹਾਲਤ ਵਲ ਧਿਆਨ ਦੁਆਕੇ<br><br>ਵਿਆਖਿਆ ਰਾਹੀਂ |
| ਲੋਹ--ਪ੍ਰਿਥਵੀ--ਧਰਤੀ ਇਨੀ ਗਰਮ ਹੋ ਗਈ ਹੈ ਮਾਨੋਂ ਲੋਹ ਤਪੀ ਹੋਈ ਹੈ। ਜੀਭਾਂ ਸੁਟੀਆਂ-- ਜੀਭਾਂ ਕਢੀਆਂ ਹੋਈਆਂ ਹਨ, ਹੌਂਕਦੇ ਹਨ। ਨਿਕਲੇ ਬਾਹਰ ਨਾ ਸਾਹ--ਸਾਹ ਵੀ ਗਰਮੀ ਤੋਂ ਡਰਦਾ ਬਾਹਰ ਨਹੀਂ ਨਿਕਲਦਾ ਢੂਲਿਆ--ਬਹਾਦਰਾ। | ਅਤਿਕਥਨੀ ਦੀ ਵਰਤੋਂ ਰਾਹੀਂ |

ਵਿਚਾਰ ਵਿਸ਼ਲੇਸ਼ਨ-- (੧) ਜੇਠ ਵਿਚ ਦੁਪਹਿਰਾਂ ਵੇਲੇ ਕੀ ਹਾਲਤ ਹੁੰਦੀ ਹੈ ?

(੨) ਅਜਿਹੀ ਧੁਪ ਵਿਚ ਕਿਸਾਨ ਕਿਉਂ ਬਾਹਰ ਫਿਰਦਾ ਹੈ ?

(੩) ਉਹ ਧੁਪ ਵਿਚ ਫਲ੍ਹਾ ਨਾ ਚਲਾਵੇ ਤਾਂ ਕੀ ਹੋ ਜਾਵੇ ?

(੪) ਤਪ ਰਹੀ ਧਰਤੀ ਨੂੰ ਕਿਸ ਚੀਜ਼ ਨਾਲ ਉਪਮਾਂ ਦਿੱਤੀ ਗਈ ਹੈ ?

## ਤੀਸਰਾ ਭਾਗ

| ਵਸਤੂ | ਉਪਾਓ |
|---|---|
| ਖਲਵਾਰ=ਵੱਢੀ ਹੋਈ ਕਣਕ ਦਾ ਪਿੜ ਦੁਆਲੇ ਢੇਰ ਲਾਉਣਾ। | ਵਰਤੋਂ ਰਾਹੀਂ। |
| ਧੜਕੇ ਕਾਲਜਾ=ਡਰ ਲਗਦਾ ਹੈ। | ਡਰ ਵੇਲੇ ਕਾਲਜਾ ਛੇਤੀ ਛੇਤੀ ਧੜਕਣ ਲਗ ਜਾਂਦਾ ਹੈ। |
| ਵਾਰ=ਹੱਲਾ। | 'ਵਾਰ' ਦੀ ਵਖੋ ਵੱਖ ਅਰਥਾਂ ਵਿਚ ਵਰਤੋ। |
| ਬਤੀਉਂ ਦੰਦੋ ਜੀਭ ਨੂੰ=ਸਾਰੇ ਵੈਰੀਆਂ ਤੋਂ ਬੱਚ ਜਾਣ ਤੇ, ਸਭ ਔਕੜਾਂ ਪਾਰ ਕਰਕੇ। | |
| ਧੜ=ਗਾਹੀ ਹੋਈ ਕਣਕ ਦਾ ਢੇਰ। | ਵਖੋ ਵੱਖ ਅਰਥਾਂ ਵਿਚ ਵਰਤੋਂ ਕਰਕੇ ਫਰਕ ਸਮਝਾਇਆ ਜਾਵੇ। |
| ਲਾਗ, ਚੋਗੀ ਸੇਪੀਆਂ | ਕਿਸਾਨ ਨਾਲ ਕੰਮ ਕਰਨ ਵਾਲਿਆਂ ਦੇ ਵੱਖ ਵੱਖ ਕੰਮ ਸਮਝਾਕੇ। |
| ਲਹਿਣੇਦਾਰ=ਕਰਜ਼ਾ ਲੈਣ ਵਾਲੇ ਨੇ। | ਕਿਸਾਨ ਅਤੇ ਕਰਜ਼ਾ ਲੈਣ ਵਾਲੇ ਦੇ ਸਬੰਧ ਦੱਸ ਕੇ। |
| ਹੂੰਝਾ ਲਿਆ=ਸਾਰੇ ਦਾ ਸਾਰਾ ਤੁਲਵਾ ਲਿਆ। | |

ਵਿਚਾਰ ਵਿਸ਼ਲੇਸ਼ਨ— ਕਿਸਾਨ ਨਾਲ ਹਿੱਸਾ ਵੰਡਾਉਣ ਵਾਲੇ ਕਿਹੜੇ ਕਿਹੜੇ ਹੁੰਦੇ ਹਨ?
ਕਿਸਾਨ ਨੂੰ ਆਪਣੇ ਅਨਾਜ ਦੇ ਨੁਕਸਾਨ ਦਾ ਡਰ ਕਿਉਂ ਲਗਾ ਰਹਿੰਦਾ ਹੈ?
ਲਹਿਣੇਦਾਰ ਕਿਵੇਂ ਕਿਸਾਨ ਨੂੰ ਲੁਟਦਾ ਹੈ?

ਦੁਹਰਾਈ— ਵਿਦਿਆਰਥੀਆਂ ਤੋਂ ਸਾਰੀ ਕਵਿਤਾ ਫਿਰ ਪੜ੍ਹਵਾਕੇ ਯਾਦ ਤਾਜ਼ਾ ਕਰਾਉਣ ਲਈ ਪ੍ਰਸ਼ਨ ਪੁਛੇ ਜਾਣਗੇ:—

(੧) ਕਿਸਾਨ ਦੀ ਤੁਲਣਾ ਕਿਸ ਤਰ੍ਹਾਂ ਭਗਤ ਜਨ ਨਾਲ ਕੀਤੀ ਗਈ ਹੈ?
(੨) ਕਿਸਾਨ ਦੀ ਮਿਹਨਤ ਦੀ ਵਿਆਖਿਆ ਕਰੋ।
(੩) ਕਿਸਾਨ ਨੂੰ ਕਿਹੜੀਆਂ ਕਿਹੜੀਆਂ ਔਕੜਾਂ ਤੋਂ ਆਪਣਾ ਅੰਨ ਦਾਣਾ ਸੰਭਾਲਕੇ ਘਰ ਲਿਆਉਣਾ ਮਿਲਦਾ ਹੈ?
(੪) ਕਿਸਾਨ ਦੀ ਉਪਜ ਵਿਚ ਕਿਹੜੇ ਕਿਹੜੇ ਹਿੱਸੇਦਾਰ ਆ ਬਣਦੇ ਹਨ?

ਅਭਿਆਸ ਲਈ— ਇਸ ਕਵਿਤਾ ਦੀਆਂ ਸਭ ਤੋਂ ਚੰਗੀਆਂ ਲੱਗੀਆਂ ਪੰਗਤੀਆਂ ਕੰਠ ਕਰੋ।
ਸਾਰੀ ਕਵਿਤਾ ਦਾ ਸੌਖੀ ਬੋਲੀ ਵਿਚ ਅਰਥ ਲਿਖੋ।

# ਅੰਕਤਾ (ਅ)

## ਇਤਿਹਾਸ ਦਾ ਪਾਠ-ਸੂਤਰ

ਤਾਰੀਖ.......... ਸਕੂਲ...........

ਘੰਟੀ—੪ ਜਮਾਤ ੯ (ਅ)

ਵਿਸ਼ਾ—ਭਾਰਤ ਦਾ ਇਤਿਹਾਸ ਸਮਾਂ—੪੦ ਮਿੰਟ

ਪਰਕਰਨ—ਸਮੁਦਰ ਗੁਪਤ (੩੩੫ ਈ: ਤੋਂ ੩੭੫ ਈ:), ਤਖਤ ਤੇ ਬੈਠਣਾ, ਜਿੱਤਾਂ ਅਤੇ ਆਚਰਨ ।

ਮਾਧਿਅਮ—ਪੰਜਾਬੀ ।

ਸਿਖਿਆ-ਵਿਧੀ-ਸਵਾਲਾਂ ਜਵਾਬਾਂ ਵਿਚ ਵਖਿਆਣ ।

ਸਮਗਰੀ— ਭਾਰਤ ਦਾ ੩੫੦ ਈ: ਦੀ ਹਾਲਤ ਦਰਸਾਉਣ ਵਾਲਾ ਕੰਧ ਤੇ ਟੰਗਿਆ ਜਾਣ ਵਾਲਾ ਨਕਸ਼ਾ, ਭਾਰਤ ਦਾ ਖਾਲੀ ਖਾਕਾ, ਸਮੁੰਦਰ ਗੁਪਤ ਦੇ ਸਿੱਕਿਆਂ ਦੀ ਤਸਵੀਰ, ਨਪੋਲੀਅਨ ਦੇ ਸਮੇਂ ਦਾ ਯੂਰਪ ਦਾ ਨਕਸ਼ਾ, ਨਪੋਲੀਅਨ ਅਤੇ ਸਰਸਵਤੀ ਦੇਵੀ ਦੀਆਂ ਮੂਰਤਾਂ ਆਦਿ ।

ਉਦੇਸ਼—ਬੱਚਿਆਂ ਨੂੰ ਸਮੁੰਦਰ ਗੁਪਤ ਦੇ ਰਾਜ ਸਿੰਘਾਸਨ ਤੇ ਬੈਠਣ, ਜਿੱਤ ਪਰਾਪਤ ਕਰਨ ਅਤੇ ਉਸਦਾ ਆਚਰਨ ਦਸਦਿਆਂ ਤੁਲਨਾਤਮਕ ਪੜ੍ਹਨ ਲਈ ਉਤਸ਼ਾਹ ਦੇਣਾ ।

ਪਹਿਲੀ ਵਾਕਫੀ— ਮੁੰਡੇ ਭਾਰਤ ਦਾ ਇਤਿਹਾਸ ਹੇਠਲੀਆਂ ਜਮਾਤਾਂ ਵਿਚ ਪੜ੍ਹ ਆਏ ਹਨ ਅਤੇ ਚੰਦਰ ਗੁਪਤ ਪਹਿਲੇ ਦੇ ਸਮੇਂ ਤਕ ਦਾ ਹਾਲ ਜਮਾਤ ਵਿਚ ਪੜ੍ਹ ਚੁਕੇ ਹਨ ।

ਪਰਸਤਾਵਨਾ— ਤੁਸੀਂ ਇਹ ਪੜ੍ਹ ਚੁਕੇ ਹੋ ਕਿ ਕਨਿਸ਼ਕ ਦੇ ਮਰਨ ਪਿਛੋਂ ਕੁਸ਼ਾਨ ਬੰਸ ਅਤੇ ਆਂਧਰ ਬੰਸ ਦੀ ਗਿਰਾਵਟ ਇਕੋ ਸਮੇਂ ਸ਼ੁਰੂ ਹੋਈ। ਭਾਰਤ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਗਿਆ । ਗੁਪਤ ਸਾਮਰਾਜ ਦਾ ਅਜਿਹੇ ਸਮੇਂ ਜਨਮ ਹੋਇਆ ਅਤੇ ਚੰਦਰ ਗੁਪਤ ਪਹਿਲੇ ਨੇ ੩੧੯ ਈ: ਵਿਚ ਇਸ ਸਾਮਰਾਜ ਦੀ ਨੀਂਹ ਰਖੀ ।

ਪਹਿਲੇ ਗਿਆਨ ਨੂੰ ਦੁਹਰਾਉਣਾ—(੧) ਗੁਪਤ ਬੰਸ ਦੇ ਰਾਜ ਦੀ ਨੀਂਹ ਕਿਸ ਰੱਖੀ ?

(੨) ਇਹ ਨੀਂਹ ਕਦੋਂ ਰਖੀ ਗਈ ?

(੩) ੩੩੦ ਈ: ਤੋਂ ੩੩੫ ਈ: ਵਿਚ ਭਾਰਤ ਦੀ ਹਾਲਤ ਕਿਹੋ ਜਿਹੀ ਸੀ ?

(੪) ਚੰਦਰ ਗੁਪਤ ਪਹਿਲੇ ਪਿਛੋਂ ਗੱਦੀ ਤੇ ਕੌਣ ਬੈਠਾ ?

ਉਦੇਸ਼ ਕਥਨ—ਅਜ ਤੁਸੀਂ ਸਮੁੰਦਰ ਗੁਪਤ ਕੀ ਜਿੱਤ ਅਤੇ ਆਚਰਨ ਤੁਲਨਾਤਮਕ ਰੂਪ ਵਿਚ ਪੜ੍ਹੋਗੇ ।

ਪਾਠ-ਕਰਮ—ਸੰਥਾ ਨੂੰ ਭਿੰਨ ਹਿੱਸਿਆਂ ਵਿਚ ਵੰਡਣਾ । ਹਰ ਇਕ ਹਿੱਸੇ ਦੀ ਪੜ੍ਹਾਈ ਪਿਛੋਂ ਮੁੰਡਿਆਂ ਤੋਂ ਪ੍ਰਸ਼ਨ ਪੁਛਣਾ ਅਤੇ ਬਲੈਕ ਬੋਰਡ ਤੇ ਨਿਚੋੜ ਲਿਖਣਾ ।

## ਪਹਿਲਾ ਹਿੱਸਾ—ਗੱਦੀ ਤੇ ਬੈਠਣਾ ਅਤੇ ਉੱਤਰ ਦੀ ਜਿੱਤ

| ਸਮੱਗਰੀ | ਸਿਖਿਆ—ਵਿਧੀ |
| --- | --- |
| ੧. ਸਮੁਦਰ ਗੁਪਤ ਦਾ ਰਾਜ ਸਿੰਘਾਸਣ ਤੇ ਬੈਠਣਾ—੩੩੫ ਈ: (ਈਸ਼ਵਰੀ ਪਰਸਾਦ—੩੩੫ ਈ:— ਸਮਿਥ ਅਤੇ ਮੁਖਰਜੀ ੩੩੦ ਈ:— ਆਇੰਗਰ—੩੨੬ ਈ: ਅਸ਼ੋਕ ਦਾ ਇਲਾਹਬਾਦ ਵਾਲਾ ਮੀਨਾਰ ਅਤੇ ਕਵੀ ਹਰੀ ਸੇਨ ਦੀਆਂ ਕਵਿ-ਤਾਵਾਂ—੩੩੫ ਈ) | ੧. ਸਮੁਦਰ ਗੁਪਤ ਕੌਣ ਸੀ ? ਉਹ ਕਦੋਂ ਰਾਜਾ ਬਣਿਆ ? (ਅਧਿਆਪਕ ਮੁੰਡਿਆਂ ਤੋਂ ਵਖ ਵਖ ਉੱਤਰ ਸੁਣ ਕੇ, ਪਹੁੰਚੇ ਮਿੱਟੇ ਨੂੰ ਸਮਝਾਇਗਾ) ਚੰਦਰ ਗੁਪਤ ਪਹਿਲੇ ਦੇ ਰਾਜ ਦਾ ਪਸਾਰਾ ਦੱਸੋ । |
| ੨. ਉਸਦੀ ਉਤਰੀ ਭਾਰਤ ਦੀ ਜਿੱਤ:— (ੳ) ਸਾਰਾ ਉਤਰੀ ਭਾਰਤ, ਕਸ਼ਮੀਰ ਤੋਂ ਬਿਨਾਂ । (ਅ) ਉਸਦਾ ਰਾਜ— ਪਛੱਮ—ਜਮਨਾ ਅਤੇ ਚੰਬਲ । ਪੂਰਬ—ਬ੍ਰਹਮ ਪੁੱਤਰ ਉੱਤਰ—ਹਿਮਾਲੀਆ ਦੱਖਣ—ਨਰਬਦਾ (ੲ) ਕੁਦਰਤੀ ਹੱਦ ਦੀ ਵਿਸ਼ੇਸ਼ਤਾ— | ੨. ਸਮੁਦਰ ਗੁਪਤ ਨੇ ਉੱਤਰੀ ਭਾਰਤ ਕਿਥੋਂ ਲੈਕੇ ਕਿੱਥੇ ਤਕ ਜਿੱਤਿਆ (ਅਧਿਆਪਕ ਭਾਰਤ ਦੇ ਨਕਸ਼ੇ ਦੀ ਸਹਾਇਤਾ ਨਾਲ ਉੱਤਰੀ ਭਾਰਤ ਦੀ ਇਸ ਜਿੱਤ ਨੂੰ ਟਾਈਮ ਚਾਰਟ ਦੀ ਸਹਾਤਿਾ ਲੈਂਦਿਆਂ ਸਮਝਾਏਗਾ) |
| ੩. ਅਧੀਨ ਕਰ ਵਾਲੀਆਂ ਰਿਆਸਤਾਂ ਮਾਲਵਾ, ਸਾਰਾ ਰਾਜਪੂਤਾਨਾ, ਪੰਜਾਬ, ਨੇਪਾਲ, ਆਸਾਮ, ਦੇਵਾਕਾ, ਸਮਤਾਤਾ ਕਾਰਤੀ ਪੁਰਾ । | ੩. ਸਮੁਦਰ ਗੁਪਤ ਦੀ ਅਧੀਨਤਾ ਵਿਚ ਨਿਰਾ ਕਰ ਭਰਨ ਵਾਲੀਆਂ ਕਿਹੜੀਆਂ ਕਿਹੜੀਆਂ ਰਿਆਸਤਾਂ ਸਨ ? |
| ੪. ਵਖ ਵਖ ਉੱਤਰਾਂ ਤੇ ਵਿਚਾਰ | ੪. ਸਮੁਦਰ ਗੁਪਤ ਨੇ ਇਨ੍ਹਾਂ ਰਿਆਸਤਾਂ ਨੂੰ ਆਪਣੇ ਰਾਜ ਵਿਚ ਕਿਉਂ ਸ਼ਾਮਲ ਨਾ ਕੀਤਾ ? |

ਬਲੈਕ ਬੋਰਡ ਤੇ ਵਿਚਾਰ—ਵਿਸ਼ਲੇਸ਼ਨ:—

੧. ਪਾਟਲੀ ਪੁੱਤਰ ਦੇ ਸਿੰਘਾਸਨ ਉਤੇ ਸਮੁਦਰ ਗੁਪਤ ਕਦੋਂ ਬੈਠਾ ?

੨. ਸਮੁਦਰ ਗੁਪਤ ਦੀ ਉੱਤਰੀ ਜਿੱਤ ਦਾ ਹਾਲ ਦੱਸੋ।

੩. ਸਮੁਦਰ ਗੁਪਤ ਦੇ ਰਾਜ—ਪਸਾਰੇ ਨੂੰ ਨਕਸ਼ੇ ਵਿਚ ਭਰੋ ।

(ਭਾਰਤ ਦਾ ਖਾਲੀ ਨਕਸ਼ਾ ਮੁੰਡਿਆ ਰਾਹੀਂ ਭਰਿਆ ਜਾਵੇਗਾ)

## ਦੂਜਾ ਹਿੱਸਾ—ਦੱਖਣ ਦੀ ਜਿੱਤ

| ਪਾਠ—ਵਿਆਖਿਆ | ਪੜ੍ਹਾਈ ਦੀ ਵਿਧੀ |
|---|---|
| ੧. ਦਖਣ ਦੀ ਜਿੱਤ ਅਤੇ ਜਾਣ ਦਾ ਰਸਤਾ—ਪਾਟਲੀ ਪੁਤਰ, ਉੜੀਸਾ ਤੋਂ ਸਮੁੰਦਰੀ ਕੰਢਾ—ਭੀਲਾਪੁਰ ਅਤੇ ਵਿਜੈ ਪਟਮ ਦੇ ਜੰਗਲ—ਕ੍ਰਿਸ਼ਨਾ ਨਦੀ ਤਕ । | ੧. ਸਮੁਦਰ ਗੁਪਤ ਦੀ ਦੱਖਣ ਦੀ ਜਿੱਤ ਬਾਰੇ ਤੁਸੀਂ ਕੀ ਜਾਣਦੇ ਹੋ ? |
| ੨. ਵਾਪਸੀ ਦਾ ਰਸਤਾ—ਖਾਨ ਦੇਸ਼—ਅਸੀਰ ਗੜ੍ਹ—ਨਰਬਦਾ ਦੇ ਦਖਣ ਵਿਚ ਹੋ ਕੇ (ਕੁਲ ੧੨ ਰਾਜਿਆਂ ਨੇ ਅਧੀਨਤਾ ਮੰਨੀ ।) | ੨. ਉਸਦੀ ਵਾਪਸੀ ਦਾ ਰਸਤਾ ਦਸੋ। (ਅਧਿਆਪਕ ਉਪਰਲੇ ਪ੍ਰਸ਼ਨ ਲੜਕਿਆਂ ਕੋਲੋਂ ਪੁੱਛ ਕੇ ਵੱਖ ਵੱਖ ਉਤਰ ਲੈ ਕੇ ਨਕਸ਼ੇ ਦੀ ਸਹਾਇਤਾ ਨਾਲ ਸਮੁੰਦਰ ਗੁਪਤ ਦੇ ਜਾਣ ਅਤੇ ਆਉਣ ਦਾ ਰਸਤਾ ਸਮਝਾਏਗਾ ।) |
| ੩. ਦੇਸਾਂ ਨੂੰ ਜਿਤਕੇ ਉਨ੍ਹਾਂ ਦੇ ਰਾਜਿਆਂ ਕੋਲੋਂ ਕਰ ਦੇਣ ਦਾ ਇਕਰਾਰ ਲੈ ਕੇ ਵਾਪਸ ਕਰ ਦਿਤੇ । ਇਸਦੀ ਵਿਸ਼ੇਸ਼ਤਾ। | ੩. ਸਮੁਦਰ ਗੁਪਤ ਨੇ ਦਖਣ ਦੀ ਜਿੱਤ ਪਰਾਪਤ ਕਰਕੇ ਉਸਨੂੰ ਆਪਣੇਂ ਰਾਜ ਵਿਚ ਕਿਉਂ ਨਾ ਮਿਲਾਇਆ ? |
| ੪. ਅਸ਼ਵਮੇਧ ਯੁਗ ਅਤੇ ਉਸਦੀ ਵਿਸ਼ੇਸ਼ਤਾ । | ੪. ਅਸਵਮੇਧ ਯੁਗ ਕਰਨ ਤੋਂ ਉਸਦਾ ਕੀ ਮੰਤਵ ਸੀ ? |

ਬਲੈਕ ਬੋਰਡ ਤੇ ਵਿਚਾਰ—ਵਿਸ਼ਲੇਸ਼ਨ—

(੧) ਸਮੁਦਰ ਗੁਪਤ ਦੀ ਦੱਖਣ ਦੀ ਜਿੱਤ ਦਾ ਹਾਲ ਦੱਸੋ। ਉਹ ਦੱਖਣ ਦੀ ਜਿੱਤ ਲਈ ਕਿਧਰ ਦੀ ਗਿਆ ਤੇ ਕਿਧਰੋਂ ਦੀ ਵਾਪਸ ਪਰਤਿਆ ?

(ਭਾਰਤ ਦਾ ਖਾਲੀ ਨਕਸ਼ਾ ਮੁੰਡਿਆਂ ਰਾਹੀਂ ਭਰਿਆ ਜਾਵੇਗਾ)

(੨) ਦੱਖਣ ਦੀ ਜਿੱਤ ਪਿਛੋਂ ਸਮੁਦਰ ਗੁਪਤ ਨੇ ਕੀ ਕੀਤਾ ?

## ਤੀਜਾ ਹਿੱਸਾ—ਆਚਰਣ (ਸੁਭਾਉ)

| ਸਮੱਗਰੀ | ਸਿਖਾਈ-ਵਿਧੀ |
|---|---|
| ੧. ਸਮੁਦਰ ਗੁਪਤ ਦੇ ਆਚਰਨ ਦੀਆਂ ਮੋਟੀਆਂ ਮੋਟਿਆਂ ਗੱਲਾਂ:—<br>(ੳ) ਪਰਸਿਧ ਜੋਧਾ ਅਤੇ ਕੌਮ ਦਾ ਲੀਡਰ।<br>(ਅ) ਕਵੀ, ਸੰਗੀਤ ਵਿਦਿਆ ਦਾ ਪ੍ਰੇਮੀ ।<br>(ੲ) ਵਿਦਵਾਨ<br>(ਸ) ਰਾਜਨੀਤੀ ਨੂੰ ਸਮਝਣ ਵਾਲਾ<br>(ਹ) ਕਲਾ ਅਤੇ, ਸਾਹਿੱਤ ਦੀ ਪਾਲਣਾ ਕਰਨ ਵਾਲਾ | ੧. ਸਮੁਦਰ ਗੁਪਤ ਦੇ ਆਚਰਨ ਦੀਆਂ ਮੋਟੀਆਂ ਮੋਟੀਆਂ ਗੱਲਾਂ ਦੱਸੋ। ਅਧਿਆਪਕ ਸਮੁਦਰ ਗੁਪਤ ਦੇ ਆਚਰਨ ਦੀਆਂ ਮੋਟੀਆਂ ਮੋਟੀਆਂ ਗੱਲਾਂ ਦੱਸੇਗਾ ਅਤੇ ਮੁੰਡਿਆਂ ਕੋਲੋਂ ਹਰ ਇਕ ਦੇ ਪਰਮਾਣ ਪੁਛੇਗਾ । |

| | |
|---|---|
| ੨. ਸਮੁੰਦਰ ਗੁਪਤ ਦੀ ਜਿੱਤ ਤੋਂ ਲਾਭ:—<br>(ੳ) ਭਾਰਤ ਵਿਚ ਰਾਜਸੀ ਏਕਤਾ ਹੋਈ।<br>(ਅ) ਆਰੀਆ ਸੰਸਕ੍ਰਿਤੀ ਦਾ ਸਾਰੇ ਦੇਸ਼ ਵਿਚ ਪਸਾਰਾ ਹੋਇਆ<br>(ੲ) ਦੇਸ਼ ਵਿਚ ਹਰ ਤਰ੍ਹਾਂ ਖੁਸ਼ਹਾਲੀ ਆਈ। | ੨. ਸਮੁੰਦਰ ਗੁਪਤ ਦੀ ਜਿੱਤ ਦਾ ਭਾਰਤ ਉਤੇ ਕੀ ਪਰਭਾਵ ਪਿਆ ? |

ਬਲੈਕ ਬੋਰਡ ਉਪਰ੍ਰੇ ਵਿਚਾਰ ਵਿਸ਼ਲੇਸ਼ਨ—

੧. ਸਮੁੰਦਰ ਗੁਪਤ ਦੇ ਆਚਰਨ ਬਾਰੇ ਤੁਸੀਂ ਕੀ ਜਾਣਦੇ ਹੋ ?

ਦੁਹਰਾਈ—

(੧) ਸਮੁੰਦਰ ਗੁਪਤ ਗੱਦੀ ਤੇ ਕਦੋਂ ਬੈਠਾ ?

(੨) ਉਸਦੇ ਰਾਜ ਦੀਆਂ ਹੱਦਾਂ ਦੱਸੋ।

(੩) ਨਕਸ਼ੇ ਵਿਚ ਸਮੁੰਦਰ ਗੁਪਤ ਦਾ ਦੱਖਣ ਜਿੱਤ ਲਈ ਜਾਣ ਅਤੇ ਆਉਣ ਦਾ ਰਸਤਾ ਦਸੋ।

(੪) ਸਮੁੰਦਰ ਗੁਪਤ ਦੇ ਆਚਰਨ ਨੂੰ ਉਘਾੜੋ। ਪੜ੍ਹਨ ਲਈ ਪ੍ਰਸ਼ਨ—

(੧) ਚੰਦਰ ਗੁਪਤ ਵਿਕਰਮਾ ਦਿੱਤ ਬਾਰੇ ਤੁਸੀਂ ਕੀ ਜਾਣਦੇ ਹੋ ?

(੨) ਉਸਦੇ ਸਮੇਂ ਕਿਹੜਾ ਰਾਜ ਦੂਤ ਆਇਆ ? ਕਿਥੋਂ ਆਇਆ ? ਉਸਨੇ ਗੁਪਤ ਕਾਲ ਬਾਰੇ ਕੀ ਲਿਖਿਆ ਹੈ ?

(੩) ਗੁਪਤ-ਕਾਲ ਭਾਰਤ ਦਾ ਸੁਨਹਿਰੀ ਯੁਗ ਕਿਉਂ ਅਖਵਾਉਂਦਾ ਹੈ ?

# ਅੰਤਕਾ (ਓ)

## ਰੇਖਾ ਗਣਿਤ ਦਾ ਪਾਠ-ਸੂਤਰ

ਜਮਾਤ ੮ ਏ ਤਾਰੀਖ—

ਸਕੂਲ— ਘੰਟੀ—ਤੀਜੀ

ਵਿਸ਼ਾ—ਰੇਖਾ ਗਣਿਤ ਸਮਾਂ—੪੫ ਮਿੰਟ

ਪਾਠ—ਸਿਧਾਂਤ ੨੨ ਬਲੈਕ ਬੋਰਡ—

ਮਾਧਿਅਮ—ਪੰਜਾਬੀ ਦਾ ਕੰਮ ਪੰਜਾਬੀ ਵਿਚ

ਸਧਾਰਨ ਉਪਦੇਸ਼—੧—ਵਿਦਿਆਰਥੀਆਂ ਦੀ ਵਿਚਾਰ-ਸ਼ਕਤੀ ਨੂੰ ਵਿਕਸਿਤ ਕਰਨਾ ।

੨—ਇਕਾਗਰ-ਮਨ ਹੋ ਕੇ ਕਿਸੇ ਸਮੱਸਿਆ ਦੇ ਹਲ ਦੀ ਖੋਜ ਕਰਨ ਦਾ ਅਭਿਆਸ ਕਰਨਾ ।

੩—ਉਨ੍ਹਾਂ ਨੂੰ ਉਨ੍ਹਾਂ ਦੇ ਵਿਚਾਰਾਂ ਅਤੇ ਅਨੁਭਵਾਂ ਨੂੰ ਪਰਗਟ ਕਰਨ ਦਾ ਅਵਸਰ ਦੇਣਾ ।

੪—ਖੋਜ ਵਲ ਵਿਦਿਆਰਥੀਆਂ ਦਾ ਝੁਕਾਓ ਕਰਨਾਂ ।

ਵਿਸ਼ੇਸ਼ ਉਦੇਸ਼—ਵਿਦਿਆਰਥੀਆਂ ਨੂੰ ਹੇਠ ਲਿਖਿਆ ਨਿਯਮ ਸਿਖਾਉਣਾ:—

"ਕਿਸੇ △ ਵਿਚ ਇਕ ਭੁਜਾ ਦੇ ਮਧ ਬਿੰਦੂ ਤੋਂ ਅਧਾਰ ਦੇ ਸਮਾਨੰਤਰ ਖਿੱਚੀ ਹੋਈ ਸਿੱਧੀ ਰੇਖਾ ਦੂਜੀ ਭੁਜਾ ਨੂੰ ਵੀ ਸਮ ਦੋ ਭਾਗ ਕਰਦੀ ਹੈ ।"

ਪਹਿਲਾ ਗਿਆਨ—ਵਿਦਿਆਰਥੀ ਜਾਣਦੇ ਹਨ ਕਿ :—

੧—ਤ੍ਰੈ-ਭੁਜ ਕਦੋਂ ਕਦੋਂ ਆਪਸ ਵਿਚ ਹਰ ਪੱਖ ਤੋਂ ਬਰਾਬਰ ਹੁੰਦੇ ਹਨ ।

੨—ਦੋ ਸਮਾਨੰਤਰ ਰੇਖਾਵਾਂ ਨੂੰ ਜਦ ਇਕ ਹੋਰ ਸਿੱਧੀ ਰੇਖਾ ਕਟਦੀ ਹੈ ਤਾਂ (੧) ਇਕਾਂਤਰ ਕੋਣ ਆਪਸ ਵਿਚ ਬਰਾਬਰ ਹੁੰਦੇ ਹਨ (੨) ਸੰਗਤ ਕੋਣ ਆਪਸ ਵਿਚ ਬਰਾਬਰ ਹੁੰਦੇ ਹਨ ।


੩—ਸਮਾਨੰਤਰ ਚਤੁਰ-ਭੁਜ ਦੇ ਕੀ ਗੁਣ ਹਨ ।

ਪ੍ਰਸਤਾਵਨਾ :—


| ਪਾਠ–ਵਸਤੂ | ਪੜ੍ਹਾਈ ਦੀ ਵਿਧੀ |
|---|---|
| (੧) ਉਹ ਦੋਵੇਂ △ ਆਪਸ ਵਿਚ ਸਮਰੂਪ ਹੁੰਦੇ ਹਨ । | ੧—ਦੋ ਤ੍ਰੈ-ਭੁਜਾਂ ਵਿਚ ਇਕ ਤ੍ਰੈ-ਭੁਜ ਦੇ ਦੋ ∠ ਦੂਜੀ △ ਦੇ ਦੋ ∠ ਦੇ ਵਖ ਵਖ ਬਰਾਬਰ ਹਨ ਅਤੇ ਉਨ੍ਹਾਂ ਦੀਆਂ ਸੰਗਤ ਭੁਜਾਂ ਵੀ ਬਰਾਬਰ ਹਨ ਤਾਂ ਉਨ੍ਹਾਂ ਦੋਹਾਂ △ ਦਾ ਆਪਸ ਵਿਚ ਕੀ ਸਬੰਧ ਹੈ ? |
| ੨. ਏਕਾਂਤਰ ∠ ਆਪਸ ਵਿਚ ਬਾਬਰ ਹੁੰਦੇ ਹਨ । | ੨. ਜਦ ਦੋ ‖ ਰੇਖਾਵਾਂ ਨੂੰ ਇਕ ਸਿੱਧੀ ਰੇਖਾ ਕਟਦੀ ਹੈ ਤਾਂ ਇਸ ਤੋਂ ਕੀ ਸਿੱਟਾ ਨਿਕਲਦਾ ਹੈ ? |
| ੩. ਸਮਾਨੰਤਰ ਚਤੁਰਭੁਜ ਦੀਆਂ ਆਹਮਣੇ ਸਾਹਮਣੇ ਦੀਆਂ ਭੁਜਾਵਾਂ ਸਮਾਨੰਤਰ ਤੇ ਬਰਾਬਰ ਹੁੰਦੀਆਂ ਹਨ । | ੩. ਸਮਾਨੰਤਰ ਚਤੁਰਭੁਜ ਤੋਂ ਕੀ ਭਾਵ ਲੈਂਦੇ ਹੋ ? |
| ੪. ਉਹ ਦੋਵੇਂ ਵੀ ਆਪਸ ਵਿਚ ਬਰਾਬਰ ਹੁੰਦੀਆਂ ਹਨ । | ੪. ਦੋ ਰੇਖਾਵਾਂ ਜਦ ਇਕ ਹੀ ਸਿੱਧੀ ਰੇਖਾ ਦੇ ਵਖ ਵਖ ਬਰਾਬਰ ਹੋਣ ਤਾਂ ਉਨ੍ਹਾਂ ਦਾ ਆਪਸ ਵਿਚ ਕੀ ਸਬੰਧ ਹੁੰਦਾ ? |
| ੫. ਘਟੋ ਘਟ ਤਿੰਨ ਚੀਜ਼ਾਂ । | ੫. ਦੋ △ ਨੂੰ ਸਮਰੂਪ ਕਰਨ ਲਈ ਕਿੰਨੀਆ ਚੀਜ਼ਾਂ ਬਰਾਬਰ ਕਰਨਾ ਜ਼ਰੂਰੀ ਹੈ ? |

ਉਦੇਸ਼–ਕਥਨ– ਅਜ ਅਸੀਂ ਇਹ ਸਿੱਧ ਕਰਾਂਗੇ ਕਿ ਕਿਸੇ △ ਵਿਚ ਜੇ ਇਕ ਭੁਜਾ ਦੇ ਮਧ ਬਿੰਦੂ ਤੋਂ ਅਧਾਰ ਦੇ ‖ ਰੇਖਾ ਖਿੱਚੀ ਜਾਵੇ ਤਾਂ ਉਹ ਦੂਸਰੀ ਭੁਜਾ ਨੂੰ ਵੀ ਸਮ ਦੋ ਭਾਗ ਕਰੇਗੀ ।

ਖੋਲ੍ਹਕੇ ਵਿਆਖਿਆ—ਭਾਵ ਵਿਸ਼ਲੇਸ਼ ਨੰ: ੧

| ਪਾਠ–ਵਿਆਖਿਆ | ਪੜ੍ਹਾਈ ਦੀ ਵਿਧੀ |
|---|---|
| ਉਸਤਾਦ ਅ ਬ ਸ △ ਖਿੱਚ ਕੇ ਭੁਜਾ ਅ ਬ ਦੇ ਮਧ ਬਿੰਦੂ ਦ ਢ ਯ ।। ਬ ਸ ਖਿੱਚੇਗਾ ਜਿਹੜੀ ਅ ਸ ਨੂੰ ਯ ਬਿੰਦੂ ਤੇ ਮਿਲਦੀ ਹੈ । |   |

| | |
|---|---|
| ੧. ਅ ਬ ਸ ਇਕ △ ਹੈ, ਦ ਭੁਜਾ ਅ ਯ ਦਾ ਮਧ ਬਿੰਦੂ ਹੈ। ਦ ਯ ॥ ਬ ਸ ਖਿੱਚੀ ਗਈ ਹੈ ਜਿਹੜੀ ਅ ਸ ਨੂੰ ਯ ਬਿੰਦੂ ਤੇ ਮਿਲਦੀ ਹੈ। ਤੇ ਸਿੱਧ ਕਰਨਾ ਹੈ ਕਿ :— | ੧. ਹਾਂ, ਤਾਂ ਸਾਨੂੰ ਕੀ ਦਿੱਤਾ ਹੋਇਆ ਹੈ ? |
| ੨. ਦ ਯ ਭੁਜਾ ਅ ਸ ਨੂੰ ਸਮ ਦੋ ਭਾਗ ਕਰਦੀ ਹੈ। ਅਰਥਾਤ ਅ ਯ = ਯ ਸ | ੨. ਸਿੱਧ ਕੀ ਕਰਨਾ ਹੈ ? ਹੁਣ ਤਕ ਜੋ ਸਿੱਖੇ ਹੋ ਉਸ ਦੇ ਅਧਾਰ ਉੱਤੇ ਇਸ ਨੂੰ ਸਿੱਧ ਕਰਨ ਦਾ ਯਤਨ ਕਰੋ। ਆਪੇ ਆਪਣੀ ਕਾਪੀ ਉੱਤੇ ਇਸ ਚਿਤਰ ਨੂੰ ਖਿਚੋ ਅਤੇ ਸੋਚਕੇ ਹਲ ਕਢੋ। |
| ੩. ਜੇ ਦੋਵੇਂ ਨਾਪ ਵਿਚ = ਹੋਣ। ਜੇ ਉਹ ਦੋਵੇਂ ਕਿਸੇ ਸਮਾਨੰਤਰ ਚਤੁਰ-ਭੁਜ ਦੀਆਂ ਆਹਮਣੇ ਸਾਹਮਣੇ ਦੀਆਂ ਭੁਜਾਂ ਹੋਣ। ਜਾਂ ਉਹ ਉਨ੍ਹਾਂ ਦੋ ਤ੍ਰੈ-ਭੁਜਾਂ ਦੀਆਂ ਸੰਗਤ ਭੁਜਾਂ ਹੋਣ ਜਿਹੜੀਆਂ ਆਪਸ ਵਿਚ = ਹੋਣ। | ੩. ਅੱਛਾ ਦੋ ਸਿੱਧੀਆਂ ਰੇਖਾਵਾਂ ਕਦੋਂ ਇਕ ਦੂਸਰੇ ਦੇ = ਕਹੀਆਂ ਜਾ ਸਕਦੀਆਂ ਹਨ ? |
| ੪. ਭੁਜਾਂ ਅ ਯ ਅਤੇ ਭੁਜਾ ਅ ਸ ਉੱਤੇ ਦੋ △ ਬਣਾਏ ਜਾ ਸਕਦੇ ਹਨ। | ੪. ਇੱਥੇ ਕੀ ਕੀਤਾ ਜਾ ਸਕਦਾ ਹੈ ? ਕੀ ਕੋਈ ਬਨਾਵਟ ਕਰਨੀ ਪਵੇਗੀ ? |
| ੫. ਦ ਯ ਨੂੰ ਵਧਾਇਆ ਅਤੇ ਦ ਯ = ਯ ਫ ਬਣਾਇਆ ਫ ਸ ਮਿਲਾਇਆ। | ੫. ਤਾਂ ਕੀ ਬਨਾਵਟ ਕੀਤੀ ਜਾ ਸਕਦੀ ਹੈ ? |




| | |
|---|---|
| ੬. ਅ ਦ ਯ ਅਤੇ ਯ ਫ ਸ ਦੋ ਤ੍ਰੈ-ਭੁਜਾਂ ਵਿਚ :— ਦ ਯ = ਯ ਫ (ਬਨਾਵਟ ਕਰਕੇ) ∠ ਅ ਯ ਦ = ∠ ਫ ਯ ਸ (ਸਮੁੱਖ ∠ ਹਨ) ਇਸ ਤਰ੍ਹਾਂ ਨਾਲ △ ਆਪਸ ਵਿਚ ≡ ਸਿੱਧ ਨਹੀਂ ਕੀਤੀਆਂ ਜਾ ਸਕਦੀਆਂ। | ੬. △ ਅ ਦ ਯ ਅਤੇ △ ਯ ਸ ਫ ਨੂੰ ≡ ਕਿਸ ਤਰ੍ਹਾਂ ਸਿੱਧ ਕਰਾਂਗੇ ? |
| ੭. ਦ ਯ ਉਸ ਦੀ ਸੇਧ ਵਿਚ ਵਧਾਇਆ ਦ ਫ = ਬ ਸ ਬਣਾਇਆ। ਫ ਸ ਨੂੰ ਮਿਲਾਇਆ। | ੭. ਤਾਂ ਦੂਜੀ ਬਨਾਵਟ ਕੀ ਹੋ ਸਕਦੀ ਹੈ ? (ਉਪਰ ਵਾਲੇ ਚਿਤਰ ਨੂੰ ਵੇਖੋ) |
| ੮. ∴ ਚਤੁਰਭੁਜ ਦ ਬ ਸ ਫ ਦੀਆਂ ਆਹਮਣੇ ਸਾਹਮਣੇ ਦੀਆਂ ਭੁਜਾਂ ਦ ਫ | ੮. ਇਸ ਤੋਂ ਕੀ ਸਹਾਇਤਾ ਮਿਲੀ ? |

ਅਤੇ ਬ ਸ ਇਕ ਦੂਜੇ ਦੇ = ਅਤੇ || ਹੁਨ।

∴ ਦ ਬ ਸ ਫ ਇਕ ਸਮਾਨੰਤਰ ਚਤੁਰ ਭੁਜ ਹੈ।

∴ ਦ ਬ = ਅਤੇਂ || ਅ ਦ ਦੇ ਹੈ।

੯. ਹੁਣ △ ਅ ਦ ਯ ਅਤੇ ਯ ਸ ਫ ਵਿਚ:~–

∴ { ∠ਅਯਦ=∠ਫਯਸ (ਸਮੁੱਖ∠ ਹਨ)
∠ਦਅਯ=∠ਯਸਫ (ਏਕਾਂਤਰ∠ਹਨ
∠ਅ ਦ=ਫ ਸ

∴ △ ਅ ਦ ਯ= △ਯ ਸ ਫ

∴ ਅ ਯ=ਯਸ

ਅਰਥਾਤ ਯ ਬਿੰਦੂ ਭੁਜਾ ਅ ਸ ਦਾ ਮਧ ਬਿੰਦੂ ਹੈ।

੧੦. ਭੁਜਾ ਬ ਸ ਦਾ ਮਧ ਬਿੰਦੂ ਫ ਲਿਆ ਅਤੇ ਫ ਯ ਨੂੰ ਮਿਲਾਇਆ।

੧੧. △ ਅ ਦ ਯ ਅਤੇ △ ਯ ਫ ਸ ਵਿਚ:— ਦੋਵੇਂ △ ਆਪਸ ਵਿਚ ≡ ਬਰਾਬਰ ਨਹੀਂ ਸਿੱਧ ਕੀਤੇ ਜਾ ਸਕਦੇ।

੧੨. ਯ ਫ ||| ਅ ਬ ਖਿੱਚੋ ਜਿਹੜੀ ਬ ਸ ਭੁਜਾ ਨੂੰ ਫ ਬਿੰਦੂ ਤੇ ਮਿਲਦੀ ਹੈ।

∴ ਦ ਬ ਫ ਬ ਇਕ ਸਮਾਨੰਤਰ ਚਤੁਰ ਭੁਜ ਬਣ ਗਿਆ।

∴ ਯ ਫ=ਦ ਬ

ਪਰ ਦ ਬ=ਅ ਦ ਅਤੇ ਉਸਦੀ ਸੇਧ ਵਿਚ ਹੈ।

੧੩. ∴ ਯ ਫ || ਅਤੇ = ਅ ਦ


੧੪. △ ਅ ਦ ਯ ਅਤੇ △ ਯ ਫ ਸ ਵਿਚ

ਅ ਦ = ਯ ਫ

{ ∠ਅ ਯ ਦ=∠ਯ ਸ ਫ (ਸੰਗਤ ∠ ਹਨ
∠ਦ ਅ ਯ=∠ਫ ਯ ਸ (ਸੰਗਤ ∠ ਹਨ

੯. ਇਸ ਤੋਂ ਕੀ ਲਾਭ ਹੋਇਆ ?

੧੦. ਹੋਰ ਕਿਹੜੀ ਬਨਾਵਟ ਹੋ ਸਕਦੀ ਹੈ ?




੧੧. △ ਅ ਦ ਯ ਅਤੇ △ ਯ ਫ ਸ ਨੂੰ ≡ ਕਿਵੇਂ ਸਿੱਧ ਕਰ ਸਕਦੇ ਹਾਂ ?

੧੨. ਤਾਂ ਫਿਰ ਇਸ ਤੋਂ ਬਿਨਾਂ ਹੋਰ ਬਨਾਵਟ ਕਿਹੜੀ ਹੋ ਸਕਦੀ ਹੈ ? ਉਤਪਲੇ ਚਿੱਤਰ ਨੂੰ ਵੇਖੋ

੧੩. ਇਸ ਤੋਂ ਤੁਹਾਡੇ ਨਿਸ਼ਾਨੇ ਦੀ ਪਰਾਪਤੀ ਵਿਚ ਕੀ ਸਹਾਇਤਾ ਮਿਲਦੀ ਹੈ ?

੧੪. △ ਅ ਦ ਯ ਅਤੇ △ ਯ ਫ ਸ ਨੂੰ ਆਪਸ ਵਿਚ ≡ ਕਿਵੇਂ ਸਿੱਧ ਕਰ ਸਕਦੇ ਹਾਂ ?

| | |
|---|---|
| ∴ △ ਅਦਜ ≡ △ ਜਫਸ।<br>∴ ਅਜ = ਜਸ<br>੧੫. ਅਰਥਾਤ ਜ ਭੁਜਾ ਅਸ ਦਾ ਮਨ ਬਿੰਦੂ ਹੈ। | ੧੫. ਇਸ ਤੋਂ ਕੀ ਨਤੀਜਾ ਨਿਕਲਿਆ ? |

ਦੁਹਰਾਈ—

| ਪਾਠ–ਵਸਤੂ | ਪੜ੍ਹਾਈ ਦੀ ਵਿਧੀ |
|---|---|
| ੧. ਅਬਸ ਵਿਚ ਭੁਜਾ ਅਬ ਦੇ ਮਧ ਬਿੰਦੂ ਦ ਤੋਂ ਦਜ ∥ ਬਸ ਖਿੱਚੀ ਗਈ ਹੈ ਜਿਹੜੀ ਅਸ ਨੂੰ ਜ ਬਿੰਦੂ ਤੇ ਮਿਲਦੀ ਹੈ। ਤਾਂ ਸਿੱਧ ਕਰਨਾ ਹੈ ਕਿ :— | ੧. ਇੱਥੇ ਸਾਨੂੰ ਕੀ ਕੀ ਦਿੱਤਾ ਹੈ ? |
| ੨. ਜ ਬਿੰਦੂ ਭੁਜਾ ਅਸ ਦਾ ਮਧ ਬਿੰਦੂ ਹੈ ਅਰਥਾਤ ਅਜ = ਜਸ | ੨. ਕੀ ਸਿੱਧ ਕਰਨਾ ਹੈ ? |
| ੩. ਜਫ ∥ ਅਬ ਖਿੱਚੀਆਂ | ੩. ਕਿਵੇਂ ਹੋਵੇਗਾ ? ਕੀ ਬਣਾਵਟ ਕੀਤੀ ਜਾਵੇਗੀ ? |
| ੪. ∴ ਦਜਫਬ ਇਕ ਸਮਾਨੰਤਰ ਚਤੁਰ ਭੁਜ ਬਣ ਗਿਆ।<br>∴ ਜਫ = ਦਬ (ਆਹਮਣੇ ਸਾਹਮਣੇ ਦੀਆਂ ਭੁਜਾਂ)<br>ਪਰ ਦਬ = ਦਅ ਅਤੇ ਇਕ ਹੀ ਸੇਧ ਵਿਚ ਹਨ।<br>∴ ਅਦ ∥ ਅਤੇ = ਜਫ | ੪. ਇਸ ਤੋਂ ਕੀ ਸਹਾਇਤਾ ਮਿਲੀ ? |
| ੫. ਹੁਣ △ ਅਦਜ ਅਤੇ ਜਫਸ ਵਿਚ:–<br>∴ { ਅਦ = ਜਫ<br>∠ਅਜਦ = ∠ਜਸਫ (ਸੰਗਤ ∠ ਹਨ)<br>∠ਦਅਜ = ∠ਫਜਸ ” ” }<br>∴ △ ਅਦਜ ≡ △ ਜਫਸ | ੫. ਇਸ ਤੋਂ ਕੀ ਹੋਇਆ ? |
| ੬. ∴ ਅਜ = ਜਸ<br>ਅਰਥਾਤ ਜ ਭੁਜਾ ਅਸ ਦਾ ਮਧ ਬਿੰਦੂ ਹੈ। | ੬. ਇਸ ਤੋਂ ਕੀ ਨਤੀਜਾ ਨਿਕਲਿਆ ? |
| ੭. ਇਹੋ ਸਿੱਧ ਕਰਨਾ ਸੀ। | ੭. ਕੀ ਸਿੱਧ ਕਰਨਾ ਸੀ ? |

ਅਭਿਆਸ = ਇਸ ਸਿਧਾਂਤ ਨੂੰ ਆਪਣੀ ਕਾਪੀ ਵਿਚ ਲਿਖੋ।

# ਸ਼ਬਦਾਵਲੀ

(ੳ)

ਉਦਾਹਰਨ ਤੋਂ ਸਿਧਾਂਤ ਵਲ From example to rule

ਉਪਦੇਸ਼ ਦਾਤਾ Preceptor

(ਅ)

ਅਖਲਾਕ Moral

ਅਖਲਾਕੀ ਸੋਝੀ moral sense

ਅਖਲਾਖੀ ਵਤੀਰਾ Moral conduct

ਅਖਲਾਕੀ ਦ੍ਰਿਸ਼ਟੀ ਕੋਣ moral view-point

ਅਸਮਾਜਿਕ anti-social

ਆਚਰਨ conduct

ਅਣਗਹਿਲੀ disregard

ਅਣ-ਲੁੜੀਂਦਾ undesirable

ਅਣਮੋੜ, ਅੜਾ Indisciplined

ਆਦਰਸ਼ ਪਰਾਪਤੀ Realization of the ideal

ਆਦਰਸ਼ ਵਾਦੀ ਸਿਖਿਆ Idealistic Education

ਅਧਿਆਤਮਕਤਾ spirituality

ਅੰਧ ਵਿਸ਼ਵਾਸ਼ credulity

ਅਨੁਮਾਨ Inference

ਅਨਿਸਚਿਤ ਤੋਂ ਨਿਸਚਿਤ ਵਲ Indefinite to definite

ਆਪਸ ਦਾ ਸਬੰਧ correlation

ਅਮਲੀ Practical

ਅਮਲੀ ਪਾਠ-ਕਰਮ pragmatic curriculum

ਅਮਲੀ ਪਣ Practicality

ਅਮਲੀ ਕੰਮ Practical activities

ਆਮੁਹਾਰਾਪਣ Spontaniety

ਅਰਧ ਮੌਲਿਕ Of quassi-intrinsic value

(ੲ)

ਇੱਛਾ-ਸ਼ਕਤੀ will

ਇਕਸੱਤਾ ਵਾਦ Facism

ਇਸ਼ਾਰਾ, ਸੰਕੇਤ } Suggestion

ਈਰਖਾ Envy, jealousy

ਸੰਸਕਾਰ Disposition

ਸੰਚਾਲਕ Director

ਸਥੂਲ ਤੋਂ ਸੂਖਸ਼ਮ ਵਲ From concrete to abstract

ਸਮਾਜ-ਉਪਯੋਗੀ Social valuable

ਸਮਾਜਿਕ ਪਰਬੀਨਤਾ Social efficiency

ਸਮਾਜਿਕ ਲਹਿਰ Social movement

ਸਮਾਜਿਕ ਜ਼ਬਤ Social discipline

ਸਮਕਾਲੀ contemporary

ਸ਼ਰਧਾ ਭਾਵ Reverence

ਸਰਲ ਤੋਂ ਜਟਿਲ ਵਲ From simple to complex

ਸਿੱਖਿਆ-ਤੰਤਰ Education system

ਸ੍ਵੈ-ਪ੍ਰਗਟਾਵਾ Self-expression

ਸ੍ਵੈ-ਉੱਨਤੀ Self-improvement

ਸ੍ਵੈ-ਭਰੋਸਾ Self-confidence

ਸ੍ਵੈ-ਪਰਾਪਤੀ Self-realization

(ਹ)

ਹਾਲਤ ਅਨੁਸਾਰ ਢਾਲਣਾ Adjustment to environment

(ਕ)

ਕਮਾਏ ਗੁਣ Acquired Traits

ਕਲਪਣਾ Imagination

ਕੁਦਰਤੀ Natural

ਕੁਦਰਤ ਦੀ ਨਕਲ To follow nature

ਕੌਮ Nation

(ਖ)

ਖੋਜ Research

(ਗ)

ਗਲਤ-ਫਹਿਮੀ Misconception

ਗੈਰ ਰਸਮੀ Informal

(ਘ)

ਘੋਲ Conflict

(ਚ)

ਚਿਰ ਸਥਾਈ<br>ਚਿਰ ਰਹਿਣਾ } Lasting

ਚਰਿੱਤਰ<br>ਚਲਣ } Character

(ਜ)

ਜੜ੍ਹ ਵਾਦੀ<br>ਪਦਾਰਥਵਾਦੀ } materialist

ਜਟਿਲ ਸਮਾਜਿਕ ਗੁੰਝਲਾਂ Social complexes

ਜਨਮ-ਜਾਤ ਸੁਭਾ Inborn nature

ਜਜ਼ਬਾਤੀ ਤਜਰਬਾ affective experience

ਜਾਂਚ ਪੜਤਾਲ Observation

ਜਾਤ Caste

ਜੀਵਨ ਉਪਯੋਗੀ ਸਿਖਿਆ Utilitarian education

ਜ਼ਬਤ Discipline

(ਡ)

ਡਰ-ਪਾਊ ਜ਼ਬਤ Repressive discipline

(ਤ)

ਤਿੱਖੀ ਬੁੱਧੀ Sharp intelligence

ਤਾਨਾ ਸ਼ਾਹੀ Dictatorship

(ਦ)

ਦੰਡ Punishment

ਦਲੀਲ ਬਾਜ਼ੀ Reasoning

ਦਮਾਗ Brain

ਦ੍ਰਿੜ੍ਹ ਇੱਛਾ-ਸ਼ਕਤੀ Strong will

ਦੁਹਰਾਈ Revision, recapitulation

(ਨ)

ਨਿਖੇਧਵਾਚੀ ਉਪਦੇਸ਼ Negative precept

(ਪ)

ਪੜਚੋਲ Criticism

ਪਸ਼ੂ ਬਿਰਤੀਆਂ animal urges

ਪਦਾਰਥ ਵਿਗਿਆਨ Science

ਪਰੰਪਰਾਵਾਦੀ Traditional

ਪਰਦਰਸ਼ਨ ਸਮੱਗਰੀ Illustrations

ਪਰਪੱਕਤਾ Maturity

ਪਰੀਵਰਤਨ<br>ਤਬਦੀਲੀ } Change

ਪ੍ਰਤਿਭਾ Genius

ਪੂਰਨ ਗਿਆਨ complete knowledge

(ਫ)

ਫਿਰਕੂ ਪੁਣਾ Communalism

(ਬ)

ਬੰਧਨ-ਰਹਿਤ ਜ਼ਬਤ Free discipline

ਬਹੁਲਤਾ Excess

ਬਾਲ ਮਨੋ-ਵਿਗਿਆਨ Child psychology

ਬਿਪਤ ਸਮਾਂ Calamity

ਬਿਬੇਕਹੀਨ Indiscreet

ਬੌਧਿਕ ਵਿਸ਼ੇ Intellectual subjects

(ਮ)

ਮਜ਼ਦੂਰ / ਮਿਹਨਤੀ } Labourers

ਮਨ ਬਿਰਤੀ Mental state

ਮਾਨਸਿਕ ਸ਼ਕਤੀਆਂ Mental powers

ਮਾਨਸਿਕ ਸਵਾਸਥ Mental health

ਮਾਨਸਿਕ ਇਲਾਜ Psycho-therapeutics

ਮਾਨਸਿਕ ਗੁੰਝਲਾਂ Complexes

ਮਾਨਸਿਕ ਸੁਤੰਤਰਤਾ Mental Freedom

ਮੁਖ ਨਿਸ਼ਾਨਾ Main object

ਮੁਢਲੀਆਂ ਬਿਰਤੀਆਂ Instincts

ਮੌਲਿਕ ਸਿਧਾਂਤ Basic principles

ਮੌਲਿਕ ਗਿਆਨ Basic knowledge

(ਯ)

ਯਤਨ Effort

ਯਾਦਗੀਰੀ Memorable

(ਰ)

ਰਸਮੀ Formal

ਰਾਜਸੀ Political

ਰੁਚੀਆਂ ਦਾ ਵਿਕਾਸ Evolution of Interest

ਰੋਜ਼ੀ Livelihood

(ਲ)

ਲਾਇਕ Brilliant

(ਵ)

ਵਰਜਣ ਯੋਗ Prohibitive

ਵਿਲੱਖਣ ਸ਼ਕਤੀਆਂ Supernormal powers

ਵਿਕਸਿਤ Evolved

ਵਿਸ਼ੇਸ਼ ਵਿਅਕਤਿਤਵ ਦੀ ਉਸਾਰੀ Development of individuality

ਵਿਰਸਾ Heredity

ਵਿਅਕਤੀਵਾਦ Individualism

ਵਿਆਖਿਆ Explanation

ਵਿਦਰੋਹ Retaliation

ਵਿਚਾਰਾਤਮਕ ਪ੍ਰਸ਼ਨ Thought provoking questions

ਜੂਨੀਅਰ ਬੇਸਿਕ, ਬੀ. ਐਡ, ਬੀ. ਟੀ. ਤੇ ਓ. ਟੀ. ਦੇ

ਵਿਦਿਆਰਥੀਆਂ ਲਈ ਪੁਸਤਕਾਂ


| | | |
|---|---|---|
| ੧. ਸਕੂਲ ਪ੍ਰਬੰਧ | ਸਤਵੰਤ ਕੋਛੜ | ੩–੧੨—੦ |
| ੨. ਮਾਤ ਭਾਸ਼ਾ ਪੰਜਾਬੀ ਦੀ ਸਿਖਸ਼ਾ | ਸਤਵੰਤ ਕੋਛੜ ਤੇ ਸੰਤ ਸਿੰਘ ਭਾਟੀਆ | ੫—੦—੦ |
| ੩. ਮਨੋਵਿਗਿਆਨ | ਟੀ. ਆਰ. ਸ਼ਰਮਾ | ੩–੧੨—੦ |
| ੪. ਖੇਤੀ ਬਾੜੀ ਦੀ ਪਾਠ ਪੁਸਤਕ | ਪ੍ਰੋ: ਇੰਦਰ ਸਿੰਘ | ੩–੧੨—੦ |
| ੫. ਬਾਲ-ਮਨੋਵਿਗਿਆਨ | ਜੀ. ਐਸ. ਸੋਖੀ | ੨—੮ ੦ |

ਪ੍ਰਕਾਸ਼ਕ–

ਲਾਹੌਰ ਬੁਕ ਸ਼ਾਪ, ਲੁਧਿਆਣਾ